ੴ

# ਗੁਰਮੱਤਿ ਦੇ ਮੂਲਿਕ ਸਿਧਾਂਤ

**(Fundamentals of Sikhism)**

ਲੇਖਕ
ਡਾ. ਕਰਤਾਰ ਸਿੰਘ
(ਸੋਲਨ)

# ਗੁਰਮੱਤਿ ਦੇ ਮੂਲਿਕ ਸਿਧਾਂਤ
**(Fundamentals of Sikhism)**

ਲੇਖਕ
ਡਾਕਟਰ ਕਰਤਾਰ ਸਿੰਘ
ਸੋਲਨ

ਪ੍ਰਕਾਸ਼ਕ
ਗੁਰਿ ਸੰਗਤਿ
ਰਾਹੀਂ ਬਲਜੀਤ ਸਿੰਘ
ੴ ਸਤਿਸੰਗ
1119, ਫੇਜ਼-1, ਅਰਬਨ ਅਸਟੇਟ, ਜਲੰਧਰ-144022
ਫੋਨ : 98152-79600

*ਪ੍ਰਕਾਸ਼ਕ :-*

**ਗੁਰਿ ਸੰਗਤਿ**

ਰਾਹੀਂ ਬਲਜੀਤ ਸਿੰਘ

ੴ ਸਤਿਸੰਗ

1119, ਫੇਜ਼-1, ਅਰਬਨ ਅਸਟੇਟ, ਜਲੰਧਰ-144033
E-mail : ikoankarsatsang@rediffmail.com
Website : www.ikoankarsatsang.com

| | | |
|---|---|---|
| ਪਹਿਲੀ ਵਾਰ ਸੰਤਬਰ, | 1978-11,000 | ਕਾਪੀਆਂ |
| ਦੂਜੀ ਵਾਰ ਦਸੰਬਰ, | 1983-2000 | ਕਾਪੀਆਂ |
| ਤੀਸਰੀ ਵਾਰ, | 1991-6000 | ਕਾਪੀਆਂ |
| ਚੌਥੀ ਵਾਰ, | 2002-2000 | ਕਾਪੀਆਂ |

**ਮੁੱਲ – "ਵੀਚਾਰ"**

**ਮੰਤਵ – "ਪ੍ਰਚਾਰ"**

# ਦੋ ਸ਼ਬਦ

ਸਿੱਖ ਧਰਮ ਵਿਗਿਆਨਕ ਅਤੇ ਨਵੀਨਤਮ ਧਰਮ ਹੈ। ਇਹ ਧਰਮ ਸੱਚ, ਅਸੀਮ ਤੇ ਅਨੰਤ ਵਾਹਿਗੁਰੂ ਤੀਕ ਅਪੜਨ ਦਾ ਸੱਚਾ ਮਾਰਗ ਹੈ। ਇਸ ਮਾਨਵੀ ਤੇ ਸਾਂਝੀ ਵਾਲਤਾ ਵਾਲੇ ਧਰਮ ਨੇ ਮਨੁੱਖ ਨੂੰ ਸਚਿਆਰਾ ਬਣਾ ਕੇ ਸੱਚ ਸਰੂਪ ਬਣਾਉਣਾ ਹੈ। ਇਸ ਵਿਚ ਸਿਧਾਂਤ ਨਾਲੋਂ ਅਮਲੀ ਜੀਵਨ ਦੀ ਵਧੇਰੇ ਪ੍ਰੇਰਨਾ ਮਿਲਦੀ ਹੈ। ਗੁਰਮਤਿ ਵਿਗਿਆਨਕ, ਮਨੋਵਿਗਿਆਨਕ, ਦਾਰਸ਼ਨਿਕ, ਬੋਧਿਕ, ਸਦਾਚਾਰਕ ਤੇ ਵਿਵਹਾਰਕ ਪਹਿਲੂਆਂ ਤੋਂ ਪੂਰਾ ਉਤਰਨ ਵਾਲਾ ਯਥਾਰਥਵਾਦੀ ਧਰਮ ਹੈ, ਜੋ ਮਨੁੱਖਤਾ ਨੂੰ ਏਕੀਸ਼ਰਵਾਦ ਦਾ ਸੰਦੇਸ਼ ਦੇ ਕੇ ਸਾਂਝੀ ਵਾਲਤਾ ਦੀ ਲੜੀ ਵਿੱਚ ਸੂਤਰ ਬੱਧ ਕਰਦਾ ਹੈ। ਇਹ ਪ੍ਰਭੂ ਪ੍ਰਾਪਤੀ ਦਾ ਗਾਡੀ ਰਾਹ ਹੈ, ਜਿਸ ਉੱਤੇ ਤੁਰਿਆਂ ਪਰਮ-ਆਨੰਦ ਦੀ ਪਰਾਪਤੀ ਸਹਿਜੇ ਹੀ ਹੋ ਜਾਂਦੀ ਹੈ। ਇਹ ਪ੍ਰੇਮਾ-ਭਗਤੀ ਵਾਲਾ ਮੱਤ ਹੈ ਤੇ ਇਸ ਨਾਲ ''ਹਸੰਦਿਆਂ, ਖੇਡੰਦਿਆਂ, ਪਹਿੰਨਦਿਆਂ, ਖਾਵੰਦਿਆਂ ਵਿੱਚੇ ਹੋਵੇ ਮੁਕਤਿ'' ਵਾਲੇ ਲਕਸ਼ ਦੀ ਪੂਰਤੀ ਹੁੰਦੀ ਹੈ। ਇਸ ਮਾਰਗ ਤੇ ਤੁਰਨ ਲਈ ਗ੍ਰਹਿਸਤ ਜੀਵਨ ਦੇ ਤਿਆਗ ਦੀ ਲੋੜ ਨਹੀਂ, ਸਗੋਂ ਨਾਮ ਜਪਣਾ, ਕਿਰਤ ਕਰਨੀ ਤੇ ਵੰਡ ਛਕਣ ਦੇ ਸਿਧਾਂਤ ਨੂੰ ਅਮਲੀ ਰੂਪ ਵਿੱਚ ਧਾਰਨ ਕਰਨਾ ਹੀ ਗੁਰਮਤਿ ਦਾ ਅਸਲ ਮਨੋਰਥ ਹੈ। ਇਸ ਸੱਚੇ ਮਾਰਗ ਤੇ ਤੁਰਦਿਆਂ ਹੱਠ, ਜੱਪ, ਤੱਪ, ਪੁੰਨ, ਦਾਨ ਤੇ ਹੋਰ ਫੋਕਟ ਕਰਮ-ਕਾਂਡਾਂ ਦੀ ਉਕਾ ਹੀ ਕੋਈ ਲੋੜ ਨਹੀਂ, ਸਗੋਂ ਮਨੁੱਖ ਨੇ ਕੰਵਲ ਅਤੇ ਮੁਰਗਾਬੀ (ਜਿਵੇ ਪਾਣੀ ਵਿਚ ਰਹਿੰਦੇ ਹੋਏ ਵੀ ਡੁੱਬਦੇ ਨਹੀਂ) ਦੀ ਨਿਆਈ ਜੀਵਨ ਬਿਤਾਉਣਾ ਹੈ।

ਗੁਰਮਤਿ ਜਿਥੇ ਮਨੁੱਖ ਨੂੰ ਪਰਮਾਤਮਾ ਦਾ ਮਿਲਾਪ ਤੇ ਹਉਮੈ ਦੀ ਪਾਲ (ਕੰਧ) ਨੂੰ ਤੋੜਨ ਲਈ, ਬੱਲ ਉਤਸਾਹ ਪਰਦਾਨ ਕਰਦੀ ਹੈ, ਉਥੇ ਵਿਵਹਾਰਕ ਤੇ ਸੰਸਾਰਕ ਜੀਵਨ ਨੂੰ ਸੁਨਹਿਰਾ ਤੇ ਉਜਲਾ ਬਣਾਉਣ ਵਿਚ ਅਗਵਾਈ ਕਰਦੀ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਦਾ ਧਰਮ ਸਮੁੱਚੇ ਵਿਸ਼ਵ ਲਈ ਕਲਿਆਣਕਾਰੀ ਹੈ। ਇਹ ਸਮਾਜਵਾਦੀ ਧਰਮ ਹੈ ਜਿਸ ਵਿਚ ਹਰ ਮਨੁੱਖ ਨੇ ਬਿਨਾ ਕਿਸੇ ਜਾਤ, ਨਸਲ, ਰੰਗ, ਉਚ ਨੀਚ ਦੇ ਭੇਦ ਭਾਵ ਤੋਂ, ਇਕ ਪਿਤਾ ਦੀ ਸੰਤਾਨ ਵਾਂਗ ਰਹਿਣ ਦਾ ਉਪਦੇਸ਼ ਦ੍ਰਿੜ ਕਰਨਾ ਹੈ। ''ਸਭਨਾ ਜੀਆ ਕਾ ਇਕ ਦਾਤਾ'' ਤੇ ''ਏਕ ਪਿਤਾ, ਏਕਸ ਕੇ ਹਮ ਬਾਰਿਕ''।

ਗੁਰੂ ਨਾਨਕ ਦੇਵ ਜੀ ਤੋਂ ਲੈ ਕੇ ਤੇ ਦਸਵੀ ਪਾਤਸ਼ਾਹੀ ਤੱਕ, ਸਾਰੇ ਗੁਰੂ ਸਾਹਿਬਾਨ ਜੀ ਨੇ ਗੁਰਬਾਣੀ (ਰੱਬੀ ਬਾਣੀ) ਨੂੰ ਹੀ ਆਪਣਾ ਗੁਰੂ ਬਣਾਇਆ ਹੈ ਤੇ ਅੱਗੋਂ ਮਨੁੱਖ ਜਾਤੀ ਨੂੰ ਵੀ ਇਸ ਬਾਣੀ ਦੇ ਲੜ ਲਾਇਆ ਤਾਂ ਜੋ ਭੇਖੀ ਤੇ ਦੰਭੀ ਗੁਰੂ, ਸੰਤ, ਮਹੰਤ, ਡੇਰੇਦਾਰ ਲੋਕਾਂ ਨੂੰ ਭਰਮ ਭਰਾਂਤੀਆਂ ਵਿਚ ਨਾ ਫਸਾ ਸਕਣ। ਇਸ ਆਸ਼ੇ ਨੂੰ ਪੂਰਾ ਕਰਨ ਲਈ ਅਸਲੀ ਗੁਰਮੁਖਿ, ਸੰਤ, ਗੁਰਸਿੱਖ, ਸਤਿਗੁਰੂ, ਸਾਧੂ-ਜੋ ਇਕੋ ਅਰਥ-ਭਾਵ ਰੱਖਣ ਵਾਲੇ ਪੱਦ ਹਨ-ਦੇ ਲੱਛਣ ਤੇ ਨਿਤ ਦੀ ਰਹਿਣੀ ਬਾਰੇ ਗੁਰਮਤਿ ਵਿਸਥਾਰ ਸਹਿਤ ਚਾਣਨਾ ਪਾਉਂਦੀ ਹੈ ਤਾਂ ਜੋ ਦੰਭੀ ਤੇ ਪਾਖੰਡੀ ਆਦਮੀ ਜਗਿਆਸੂ ਨੂੰ ਕੁਰਾਹੇ ਨਾ ਪਾ ਸਕਣ। ਗੁਰੂ ਸਾਹਿਬਾਨ ਨੇ ਭਾਰਤੀ ਸਮਾਜ ਵਿਚ ਪ੍ਰਚਲਤ ਰੀਤੀ, ਰਿਵਾਜ, ਭਰਮ, ਵਹਿਮ, ਕਰਮ ਕਾਂਡ ਤੇ ਅੰਧ ਵਿਸ਼ਵਾਸ ਦੇ ਖਾਤਮੇ ਲਈ ਪਰਉਪਕਾਰੀ ਕੰਮ ਕੀਤੇ। ਬਹੁ ਦੇਵ-ਵਾਦ ਤੇ ਮੂਰਤੀ ਪੂਜਾ ਦੀ ਥਾਂ ਇਕ ਨਿਰੰਕਾਰ ਦੀ ਅਰਾਧਨਾ ਕਰਨ ਤੇ ਬਲ ਦਿੱਤਾ। ਗੁਰੂ ਜੀ ਨੇ ਸੱਚ ਦੇ ਪ੍ਰਕਾਸ਼ ਨਾਲ ਕੂੜ ਦੀ ਅਮਾਵਸ ਨੂੰ ਰੁਸ਼ਨਾਇਆ ਤੇ ਧੁਰ ਦੀ ਬਾਣੀ ਦੇ ਚਾਨਣ ਮੁਨਾਰੇ (ਲਾਈਟ ਹਾਊਸ) ਨਾਲ ਅਗਿਆਨਤਾ ਦੇ ਹਨੇਰੇ ਦਾ ਵਿਨਾਸ਼ ਕੀਤਾ।

ਅੱਜ ਅਸੀਂ ਆਪਣੇ ਵੱਡਮੁਲੇ ਤੇ ਗੌਰਵਮਈ ਵਿਰਸੇ ਤੋਂ ਅਵੇਸਲੇ ਹੋ ਰਹੇ ਹਾਂ। ਗੁਰੂ ਸਾਹਿਬ ਨੇ ਜਿਨ੍ਹਾਂ ਭਰਮ ਭਰਾਤੀਆਂ, ਫੋਕਟ ਕਰਮ ਕਾਂਡਾ, ਵਹਿਮਾਂ ਭਰਮਾਂ, ਰਸਮ ਰਿਵਾਜਾ, ਤੇ ਅੰਧ ਵਿਸ਼ਵਾਸਾਂ ਵਿਚੋਂ ਸਾਨੂੰ ਕੱਢਿਆ ਸੀ, ਅੱਜ ਅਸੀਂ ਫਿਰ ਉਹਨਾਂ ਦੀ ਦਲਦਲ ਵਿੱਚ ਫਸ ਚੁੱਕੇ ਹਾਂ। ਅਸਲੀਅਤ ਨੂੰ ਛੱਡ ਕੇ ਪਾਖੰਡੀ, ਭੇਖੀ ਤੇ ਦੰਭੀ ਗੁਰੂਆਂ, ਸੰਤਾਂ, ਮਹੰਤਾਂ ਤੇ ਡੇਰੇਦਾਰਾ ਦੇ ਭਰਮ ਜਾਲ ਵਿੱਚ ਦੁਖੀ ਹੋ ਰਹੇ ਹਾਂ। ਇਸ ਲਈ ਅਜੋਕੇ ਸਮੇਂ ਵਿਚ ਗੁਰਮਤਿ ਦੇ ਸਹੀ ਪਰਚਾਰ ਦੀ ਭਾਢੀ ਆਵੱਸ਼ਕਤਾ ਹੈ।

ਹੱਥਲੀ ਪੁਸਤਕ ਦੇ ਲੇਖਕ ਡਾਕਟਰ ਕਰਤਾਰ ਸਿੰਘ ਜੀ ਗੁਰਮਤਿ ਦੇ ਖੋਜੀ, ਅਨੁਭਵੀ, ਵਿਦਵਾਨ ਤੇ ਨਾਮ ਬਾਣੀ ਦੇ ਰਸੀਏ-ਇਕ ਪ੍ਰਤਿਭਾਸ਼ਾਲੀ ਵਿਅੱਕਤਿਤਵ ਦੇ ਮਾਲਕ ਹਨ। ਇਨ੍ਹਾਂ ਨੇ ਆਪਣਾ ਜੀਵਨ ਪੰਥ ਤੇ ਕੌਮ ਲਈ ਅਰਪਣ ਕੀਤਾ ਹੋਇਆ ਹੈ। ਡਾਕਟਰ ਸਾਹਿਬ ਇਸ ਵਡੇਰੀ ਉਮਰੇ (78 ਸਾਲ) ਗੁਰਮਤਿ ਪ੍ਰਚਾਰ ਹਿੱਤ, ਆਪਣੇ ਕੋਲੋਂ ਆਵਾਜਾਈ ਦਾ ਖਰਚਾ ਕਰਕੇ, ਬਿਨਾਂ ਕੋਈ ਭੇਟਾ

ਲਈ, ਥਾਂ ਪਰ ਥਾਂ ਜਾ ਕੇ ਸੰਗਤ ਨੂੰ ਗੁਰਮਤਿ ਦ੍ਰਿੜ ਕਰਾਉਂਦੇ ਤੇ ਨਾਮ ਜਪਾਉਂਦੇ ਹਨ। ਇਸ ਪੁਸਤਕ ਵਿਚ ਅੰਕਿਤ ਲੇਖ ਅਸਲ ਵਿਚ ਉਹਨਾਂ ਦੇ ਵਖਿਆਨ ਹੀ ਹਨ।

''ਜੀਵਨ ਮਨੋਰਥ'' ਵਿਚ ਜੀਵਨ ਦੇ ਅਸਲ ਮਨੋਰਥ ਨੂੰ ਰੂਪਮਾਨ ਕੀਤਾ ਹੈ ਤੇ ਇਸ ਉਦੇਸ਼ ਦੀ ਪੂਰਤੀ ਦੇ ਸਾਧਨਾਂ ਨੂੰ ਵੀ ਵਿਸ਼ਾ ਗੋਚਰ ਕੀਤਾ ਗਿਆ ਹੈ। ''ਨਾਮ ਕੀ ਹੈ'' ਵਿਚ ਨਾਮ ਦੇ ਸਰੂਪ ਨੂੰ ਚਿਤਰਿਆ ਹੈ ਤੇ ਉਸ ਮਹਾਨ ਹਸਤੀ ਦੇ ਲੱਛਣ ਵਰਨਣ ਕੀਤੇ ਹਨ। ਜਦੋਂ ਨਾਮ ਪ੍ਰਗਟ ਹੋ ਜਾਂਦਾ ਹੈ ਤਾਂ ਮਨੁੱਖ ਦੀ ਹਉਮੈ ਮੁਕ ਜਾਂਦੀ ਹੈ। ਉਸ ਨੂੰ ਨਾਮ ਦਾ ਰਸ ਆਉਣ ਲੱਗ ਪੈਂਦਾ ਹੈ ਤੇ ਇਸ ਰਸ ਵਿਚ ਮੁਗਧ ਹੋ ਕੇ ਸੰਜਮ ਮਈ, ਸੰਤੋਖ ਮਈ ਤੇ ਖੇੜੇ ਭਰਪੂਰ ਜੀਵਨ ਜਿਉਂਦਾ ਹੈ। ਅੱਗੇ ਚਲ ਕੇ ਨਾਮ ਅਭਿਆਸ ਦਾ ਅਸਲ ਢੰਗ ਦਰਸਾਇਆ ਹੈ ਕਿ ਨਾਮ ਅਭਿਆਸ ਤੇ ਸਿਮਰਨ ਸਮੇਂ ਸੁਰਤ ਜੋੜਣੀ ਹੈ। ''ਗੁਰਬਾਣੀ ਪੂਰਨ ਗੁਰੂ ਕਿਵੇਂ ਹੈ ਤੇ ਗੁਰੂ ਨਾਨਕ ਸਾਹਿਬ ਨੇ ਆਪਣਾ ਗੁਰੂ ਕਿਸ ਨੂੰ ਬਣਾਇਆ ਹੈ ਤੇ ਸਿੱਖ ਨੂੰ ਕਿਹੜੇ ਗੁਰੂ ਦੇ ਲੱੜ ਲਾਇਆ'', ਵਿਸ਼ੇ ਨੂੰ ਬੜੇ ਹੀ ਖੋਜਮਈ ਤਰੀਕੇ ਨਾਲ ਪੇਸ਼ ਕੀਤਾ ਹੈ। ਇਸੇ ਤਰ੍ਹਾਂ ਫੋਕਟ ਕਰਮਾਂ ਦਾ, ਗੁਰਮਤਿ ਅਨੁਸਾਰ, ਖੰਡਨ ਕੀਤਾ ਹੈ ਤੇ ਅਨਡਿੱਠ ਦੁਨੀਆਂ ਦੇ ਦਰਸ਼ਨ ਕਰਵਾਏ ਹਨ ਤੇ ਪਾਪੀਆਂ ਨੂੰ ਮਿਲ ਰਹੀਆਂ ਸਜਾਵਾਂ ਦਾ ਉਲੇਖ ਵੀ ਕੀਤਾ ਹੈ। ''ਹੁਕਮ ਰਜ਼ਾਈ'' ਵਿਚ ਸਰਵ ਸ਼ਕਤੀਮਾਨ ਪਰਮਾਤਮਾ ਦੇ ਹੁਕਮ ਦੀ ਪਾਲਣਾ ਤੇ ਰਜ਼ਾ ਵਿੱਚ ਰਹਿਣ ਉੱਤੇ ਬੱਲ ਦਿਤਾ ਹੈ। ''ਤੀਰਥ ਇਸ਼ਨਾਨ'' ਵਾਲੇ ਨਿਬੰਧ ਵਿਚ ਤੀਰਥ ਯਾਤਰਾ ਤੇ ਇਸ਼ਨਾਨ ਦੀ ਨਿਸਫਲਤਾ ਬਾਰੇ ਜਾਣਕਾਰੀ ਦਿੱਤੀ ਗਈ ਹੈ। ਗੁਰਮਤਿ ਅਨੁਸਾਰ ਤੀਰਥ ਯਾਤਰਾ ਤੇ ਇਸ਼ਨਾਨ ਦਾ ਕੋਈ ਲਾਭ ਨਹੀਂ। ਅਗਲੇ ਵਿਸ਼ੇ ਵਿਚ ''ਅੰਮ੍ਰਿਤਸਰ'' ਦੇ ਸਹੀ ਸਰੂਪ ਨੂੰ ਸਾਕਾਰ ਕਰਨ ਦਾ ਸਫਲ ਯਤਨ ਹੈ। ''ਮਨ ਵਸ ਕਰਨ ਤੇ ਮਨ ਤੋਂ ਹਉਮੈ ਦਾ ਖੋਖਾ ਲਾਹੁਣ ਦੇ ਸਾਧਨ'' ਨੂੰ ਬੜੇ ਸੁਚੱਜੇ ਤੇ ਖੋਜ ਭਰਪੂਰ ਢੰਗ ਨਾਲ ਪ੍ਰਗਟਾਇਆ ਹੈ। ਅਗਲੇ ਵਿਸ਼ੇ ਵਿਚ ਨਾਮ ਬਾਣੀ ਦੇ ਅਭਿਆਸ ਦੀ ਲੋੜ ਉੱਤੇ ਜ਼ੋਰ ਦਿੱਤਾ ਗਿਆ ਹੈ। ਫਿਰ ਸਿੱਖੀ ਦੀ ਅਸਲ ਤਸਵੀਰ ਪੇਸ਼ ਕਰਕੇ, ਇਕ ਦੀ ਟੇਕ, ਜਾਤਪਾਤ, ਛੂਤਛਾਤ, ਥਿਤੀ ਵਾਰ ਤੇ ਵਰਤ ਆਦਿ ਸਹਾਇਕ ਵਿਸ਼ਿਆਂ ਨੂੰ ਬੜੀ ਪ੍ਰਬੀਨਤਾ ਨਾਲ ਯਥਾਰਥ ਮਈ ਰੂਪ ਚ ਪੇਸ਼ ਕੀਤਾ ਹੈ। ਇਸੇ ਤਰ੍ਹਾਂ ਬਿਨਾਂ ਸੋਚੇ ਸਮਝੇ, ਪਾਠ, ਪੂਜਾ, ਸਿਮਰਨ ਤੇ ਮਾਲਾ ਆਦਿ ਫੇਰਨ ਨੂੰ ਵਿਅਰਥ ਮੰਨਿਆ ਹੈ ਕਿਉਂਕਿ ਗੁਰਮੱਤਿ ਇਨ੍ਹਾਂ ਨੂੰ ਖੰਡਨ ਕਰਦੀ ਹੈ। ਗੁਰਮਤਿ ਵਿੱਚ ''ਸੁਰਤਿ ਸਬਦਿ ਭਵ ਸਾਗਰੁ ਤਰੀਐ'' ਦਾ ਸਿਧਾਂਤ ਨਿਰੂਪਣ ਹੈ।

ਡਾਕਟਰ ਕਰਤਾਰ ਸਿੰਘ ਜੀ ਨੇ ਗੁਰਮਤਿ ਦੇ ਵੱਡਮੁਲੇ, ਮਹੱਤਵਪੂਰਨ ਤੇ ਅਨੁਪਮ ਵਿਸ਼ਿਆਂ ਨੂੰ ਇਸ ਪੁਸਤਕ ਵਿਚ ਸੰਗ੍ਰਹਿਤ ਕਰਕੇ ਪੰਥ, ਕੌਮ ਤੇ ਸਾਹਿਤ ਦੀ ਨਿੱਗਰ ਤੇ ਪ੍ਰਸ਼ੰਸਾ ਯੋਗ ਸੇਵਾ ਕੀਤੀ ਹੈ। ਇਸ ਪੁਸਤਕ ਨਾਲ ਸਿੱਖ ਜਗਤ ਨੂੰ ਚੋਖਾ ਲਾਭ ਪੁੱਜੇਗਾ ਤੇ ਗੁਰਮਤਿ ਦੀ ਅਸਲ, ਸਹੀ ਤੇ ਠੀਕ ਸੋਧ ਮਿਲੇਗੀ। ਹਰ ਸਿਧਾਂਤ ਜੁਗੋ-ਜੁਗ ਅੱਟਲ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿੱਚੋਂ ਪ੍ਰਮਾਣ ਦੇ ਕੇ ਦਰਸਾਇਆ ਗਿਆ ਹੈ ਤੇ ਪ੍ਰਮਾਣ ਵੀ ਕਈ ਕਈ ਦਿੱਤੇ ਗਏ ਹਨ ਤਾਂ ਜੋ ਪੜਨ ਵਾਲੇ ਦੇ ਮਨ ਵਿੱਚ ਕੋਈ ਸ਼ੰਕਾ ਬਾਕੀ ਨਾ ਰਹੇ। ਗੁਰਬਾਣੀ ਦੀਆਂ ਤੁਕਾਂ ਨਾਲ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪੰਨੇ ਦਰਜ ਕੀਤੇ ਹਨ ਤੇ ਇਸ ਕਾਰਨ ਕੀਤੇ ਨਿਰਣਿਆਂ ਬਾਰੇ ਸ਼ੱਕ ਦੀ ਕੋਈ ਗੁੰਜਾਇਸ਼ ਨਹੀਂ ਹੈ। ਗੁਰਬਾਣੀ ਸੱਚੀ ਹੈ, ਰੱਬ ਜੀ ਦਾ ਫੁਰਮਾਣ ਹੈ, ਇਸ ਕਰਕੇ ਕੀਤੇ ਨਿਰਣੇ ਸੱਚੇ ਤੇ ਅੱਟਲ ਹਨ। ਮੈਂ ਡਾਕਟਰ ਸਾਹਿਬ ਤੇ ਸਾਰੇ ਸੱਜਨਾਂ ਦਾ ਦਿਲੋਂ ਰਿਣੀ ਹਾਂ, ਜਿਨ੍ਹਾਂ ਨੇ ਇਸ ਪੁਸਤਕ ਨੂੰ ਛਪਾਉਣ ਵਿਚ ਯੋਗਦਾਨ ਦਿੱਤਾ ਹੈ।

ਜਸਪਾਲ ਸਿੰਘ

ਪੰਜਾਬੀ ਵਿਭਾਗ,

**10.9.78** ਗੌਰਮਿੰਟ ਕਾਲਜ, ਲੁਧਿਆਣਾ

# ਦੂਜੀ ਐਡੀਸ਼ਨ

ਵੱਡੇ ਉਤਸਾਹ, ਪਿਆਰ ਤੇ ਚੜਦੀ ਕਲਾ ਵਿਚ 11000 ਪੁਸਤਕਾਂ ਸਭਾ ਨੇ ਪ੍ਰਮਾਰਥ ਪਾਂਧੀਆਂ ਤਕ ਪਹੁੰਚਾਈਆਂ। ਇੱਛਾ ਇਹ ਸੀ ਕਿ ਮਨਮਤਿ ਦੇ ਘੁਪ ਹਨੇਰੇ ਵਿਚ ਰੁਲਦੇ ਭਟਕਦੇ ਇਹ ਪਾਂਧੀ ਗੁਰਮਤਿ ਦੇ ਗਾਡੀ ਰਾਹ ਤੇ ਪੈ ਕੇ ਜਨਮ ਸਫਲ ਕਰ ਸਕਣ। ਗੁਰਮੁਖ ਪਿਆਰੇ ਡਾ. ਕਰਤਾਰ ਸਿੰਘ ਜੀ ਦੀ ਘਾਲਣਾ ਦੀ ਇਹ ਲੋਅ ਉਹਨਾਂ ਸਭ ਦੇ ਹਨੇਰੇ ਰਾਹਾਂ ਨੂੰ ਰੁਸ਼ਨਾ ਦੇਵੇ ਤੇ ਉਹ ਗੁਰਬਾਣੀ ਅਨੁਸਾਰ ਜੀਵਨ ਮਨੋਰਥ ਪ੍ਰਾਪਤ ਕਰਨ ਵਿਚ ਸਫਲ ਹੋਣ।

ਅਣਗਿਣਤ ਬੁਧੀਜੀਵੀਆਂ ਨੇ ਆਪਣੇ-ਆਪਣੇ ਵਿਚਾਰ ਲਿਖੇ, ਜਿਨ੍ਹਾਂ ਚੋ ਕੁਝ ਕੁ ਇੱਜ ਨੇ :-

(1) ''ਇਹ ਪੁਸਤਕ ਗੁਰਮਤਿ ਦੇ ਖੋਜੀਆਂ ਅਤੇ ਗੁਰੂ ਸ਼ਬਦ ਦੀ ਵਿਚਾਰ ਕਰਨ ਵਾਲਿਆ ਲਈ ਇਕ ਬਹੁਤ ਹੀ ਵੱਡਮੁਲੀ ਸੁਗਾਤ ਹੈ। ਸਤਿਗੁਰੂ ਅੱਗੇ ਅਰਦਾਸ ਹੈ ਕਿ ਡਾ. ਕਰਤਾਰ ਸਿੰਘ ਜੀ ਅਤੇ ਗੁਰੂ ਨਾਨਕ ਪ੍ਰਚਾਰ ਸਭਾ ਨੂੰ ਗੁਰਸਿਖੀ ਦੀ ਸੇਵਾ ਲਈ ਆਪਣੀ ਬਰਕਤ ਭਰੀ ਬਖਸ਼ਿਸ਼ ਨਾਲ ਭਰਪੂਰ ਕਰਦੇ ਰਹਿਣ।''

(ਭਾਨ ਸਿੰਘ, ਮੈਬਰ ਸਿੱਖ ਗੁਰਦਵਾਰਾਜ਼
ਟ੍ਰਿਬਿਊਨਲ, ਚੰਡੀਗੜ੍ਹ)

(2) ''...................... ਅਧਿਐਨ ਕੀਤਾ। ਕਪਾਟ ਖੁਲ ਗਏ।'' ............ ਮੈਨੂੰ ਪਿਛਲੀ ਉਮਰ ਵਿਚ ਇਹ ਪੁਸਤਕ ਮਿਲੀ। ਪਹਿਲੀ ਉਮਰ ਐਵੇ ਗਵਾਈ ਦਾ ਮਨ ਨੂੰ ਸ਼ੋਕ ਪੁਜਦਾ ਹੈ ਪਰ ਜੋ ਉਸ ਦਾ ਹੁਕਮ ਹੈ ਉਹੋ ਹੀ ਹੋ ਰਿਹਾ ਹੈ। ................. ਪੁਸਤਕ ਮੁਕਣ ਵਾਲੀ ਨਹੀਂ। ਜਿਉਂ ਜਿਉਂ ਪੜ੍ਹੋ ਗਿਆਨ ਵਧਦਾ ਹੈ ਤੇ ਮਨ ਪ੍ਰਫੁਲਤ ਹੁੰਦਾ ਹੈ।

(ਤ੍ਰਲੋਕ ਸਿੰਘ ਗਿਆਨੀ, ਫਰੀਦਕੋਟ)

(3) ''................. ਬਹੁਤ ਪ੍ਰਭਾਵਿਤ ਹੋਇਆ ਹਾਂ ਤੇ ਮੇਰੇ ਕਈ ਸ਼ੰਕੇ ਦੂਰ ਹੋ ਗਏ ਹਨ। ਮੈਂ ਕਾਫੀ ਸਮੇਂ ਤੋਂ ਐਸੀ ਪੁਸਤਕ ਦੀ ਭਾਲ ਵਿਚ ਸਾਂ। ਸਿੱਖੀ ਨੂੰ ਲੱਗ ਰਹੀਆਂ ਢਾਹਾਂ ਨੂੰ ਰੋਕਣ ਲਈ ਤੇ ਸਿੱਖੀ ਤੋਂ ਬੇਖਬਰ ਲੋਕਾਂ ਨੂੰ ਸੁਚੇਤ ਕਰਨ ਲਈ ਪ੍ਰਚਾਰ ਲਈ ਐਸੀ ਪੁਸਤਕ ਦੀ ਡਾਢੀ ਲੋੜ ਹੈ।''

(ਦਲੀਪ ਸਿੰਘ, ਰੀਟਾਇਰਡ, ਬੀ. ਡੀ. ਓ)

(4) ''ਇਸ ਪੁਸਤਕ ਵਿਚ ਗੁਰਮਤਿ ਵਿਚਾਰ ਐਸੇ ਅਨੋਖੇ ਤੇ ਸੁਚੱਜੇ ਢੰਗ ਨਾਲ ਪੇਸ਼ ਕੀਤੇ ਹਨ ਕਿ ਦਾਸ ਇਸ ਪੁਸਤਕ ਨੂੰ ਹਮੇਸ਼ਾ ਆਪਣੇ ਸੰਗ ਰੱਖਣਾ ਚਾਹੁੰਦਾ ਹੈ।''

(ਲੈਫ. ਐਚ. ਐਸ. ਨਾਗਰਾ (ਆਈ. ਐਨ) ਬੰਬਈ)

(5) ''ਬੜਾ ਹੀ ਅਨੰਦ ਆਇਆ ਅਤੇ ਅਗਿਆਨਤਾ ਦੀਆਂ ਗੱਲਾਂ ਦਾ ਨਿਰਣਾ ਹੋ ਗਿਆ।''

(ਸੰਤ ਪਿਆਰਾ ਸਿੰਘ ਕੋਟ ਖਾਲਸਾ, ਅੰਮ੍ਰਿਤਸਰ)

(6) ''ਇਹ ਕਿਤਾਬ ਆਪਣੀ ਮਿਸਾਲ ਆਪ ਹੀ ਹੈ। ਇਸ ਦੀ ਸ਼ਲਾਘਾ ਵਾਸਤੇ ਮੇਰੇ ਕੋਲ ਕੋਈ ਸ਼ਬਦ ਨਹੀ ਜਿਹੜੇ ਮੈਂ ਲਿਖ ਸਕਾਂ।''

(ਸੁਰਿੰਦਰ ਸਿੰਘ ਆਫੀਸਰ, ਪੰਜਾਬ ਐਡ ਸਿੰਧ ਬੈਕਦਿੱਲੀ)

(7) ''ਗੁਰਮਤਿ ਦੇ ਇਸ ਵਿਸ਼ੇ ਦੇ ਲੇਖਕ ਨੇ ਸੁੰਦਰ ਖੋਜ, ਸਹੀ ਤੱਥਾਂ, ਸਮੇਤ ਪ੍ਰਭਾਵਸ਼ਾਲੀ ਵਿਆਖਿਆਂ ਕੀਤੀ, ਮਨ ਬਹੁਤ ਪ੍ਰਸੰਨ ਹੋਇਆ ...................।''

(8) ''................ਬਹੁਤ ਹੀ ਪ੍ਰਭਾਵਤ ਹੋਇਆ ਹਾਂ। ਇਹੋ ਜਿਹੀਆਂ ਪੁਸਤਕਾਂ ਤਾਂ ਬਾਰ-ਬਾਰ ਪੜ੍ਹਨ ਯੋਗ ਹਨ ਤਾਂ ਕਿ ਗੁਰਮਤਿ ਦੇ ਢਾਂਚੇ ਵਿਚ ਇਨਸਾਨ ਆਪਣੇ ਜੀਵਨ ਨੂੰ ਢਾਲ ਸਕੇ।''

(ਅਰਵਿੰਦਰ ਸਿੰਘ, ਅਫੀਸਰ, ਪੰਜਾਬ ਐਡ ਸਿੰਧ ਬੈਕ, ਜਲੰਧਰ)

(9) "This book is like a nector to the Sikh Jagat as well as to the humanity."

(10) ''ਸਚਮੁੱਚ ਹੀ ਪੁਸਤਕ ਗੁਰਮਤਿ ਦੇ ਮੂਲ ਸਿਧਾਂਤਾਂ ਦੀ ਬੜੇ ਸਰਲ ਤੇ ਗੁਰਬਾਣੀ ਦੇ ਪ੍ਰਮਾਣਾਂ ਸਹਿਤ ਵਿਆਖਿਆ ਕਰਦੀ ਹੈ। ਇਹ ਪੁਸਤਕ ਹਰ ਗੁਰਬਾਣੀ ਦੇ ਪ੍ਰੇਮੀ ਤੇ ਖੋਜੀ ਲਈ ਪੜ੍ਹਨੀ ਜਰੂਰੀ ਹੈ।''

(ਦੁਰਯੋਧਨ ਲਾਲ, ਬੀ. ਐਸ. ਸੀ. ਬੀ. ਐਡ. ਘੁਮਾਣ, ਲੁਧਿਆਣਾ)

(11) "This book is very good publication which presents in a nut shell the fundamental principles of gurmat."

(Air Com. Mohinder Singh (Retd.) Sunder Nagar, H.P.)

(12) ''ਇਹ ਪੁਸਤਕ ਬੜੀ ਖੋਜ ਤੇ ਮਿਹਨਤ ਦਾ ਸਿੱਟਾ ਹੈ।''

(ਏ. ਐਸ. ਪਾਂਡੇ, ਜੰਮੂ)

(13) ''ਮਹਿਸੂਸ ਕੀਤਾ ਹੈ ਕਿ ਇਹੋ ਜਿਹੀ ਦੁਰਲਭ ਤੇ ਅਮੋਲਕ ਪੁਸਤਕ ਨੂੰ ਪੂਰਾ ਪੜ੍ਹਿਆ ਤੇ ਬਾਰ-ਬਾਰ ਪੜ੍ਹਿਆ ਜਾਣਾ ਜਰੂਰੀ ਹੈ।''

(ਹਰਚਰਨ ਸਿੰਘ ਕੇਅਰ ਆਫ 99 ਏ. ਪੀ. ਉ.)

(14) ''ਸਚਮੁੱਚ ਹੀ ਇਹ ਪੁਸਤਕ ਮਨਮੁਖਤਾ ਦੇ ਹਨੇਰੇ ਵਿਚੋਂ ਕੱਢ ਕੇ ਗੁਰਮਤਿ ਦਾ ਠੀਕ ਰਸਤਾ ਦਿਖਾਉਣ ਲਈ ਠੀਕ ਸੇਧ ਹੁੰਦੀ ਹੈ। ਮੇਰੀ ਇਹ ਲਾਲਸਾ ਹੈ ਇਕ ਅਤੋਲਵੇਂ ਮਾਣਕਾਂ ਨਾਲ ਭਰਪੂਰ ਪੁਸਤਕ ਮੇਰੇ ਕੋਲ ਹੋਵੇ ਤੇ ਬਾਰ-ਬਾਰ ਇਸ ਦਾ ਅਧਿਐਨ ਕਰਕੇ ਮਨ ਤ੍ਰਿਪਤਾ ਸਕਾਂ।''

(ਸਵਰਨ ਸਿੰਘ (ਬੀ. ਏ. ਬੀ. ਟੀ.) ਸ੍ਰੀ ਹਰਿਗੋਬਿੰਦਪੁਰ)।

(15) ''ਪੁਸਤਕ ਬਹੁਤ ਬਹੁਮੁਲੀ ਤੇ ਪ੍ਰਸੰਸਾ ਯੋਗ ਹੈ। ਆਪ ਜੀ ਨੇ ਐਸਾ ਉਦਮ ਕਰਕੇ ਗੁਰਮਤਿ ਦੇ ਪ੍ਰਚਾਰ ਵਿਚ ਇਕ ਨਿਗਰ ਹਿੱਸਾ ਪਾਇਆ ਹੈ।''

(ਹਰਭਜਨ ਸਿੰਘ, ਗੁਰਮਤਿ ਸਿਮਸ਼ਨਰੀ ਕਾਲਿਜ, ਲੁਧਿਆਣਾ)

(16) ''ਪੁਸਤਕ ਬਹੁਤ ਪ੍ਰਸ਼ੰਸਾ ਯੋਗ ਹੈ। ਸਿੱਖੀ ਪਰਚਾਰ ਵਾਸਤੇ ਇਕ ਬਹੁਤ ਲਾਹੇਵੰਦ ਚੀਜ਼ ਹੈ। ਇਸ ਦਾ ਕੋਈ ਮੁੱਲ ਨਹੀਂ ਪਾ ਸਕਦਾ।''

(ਸੁਰਿੰਦਰ ਸਿੰਘ, ਦਿੱਲੀ)

*HHHHH*

# ਤਤਕਰਾ


| ਨੰ: | ਵਿਸ਼ਾ | ਪੰਨਾ |
|---|---|---|
| 1. | ਜੀਵਨ ਮਨੋਰਥ। | 10 |
| 2. | ਨਾਮ ਕੀ ਹੈ ? ਉਸਦਾ ਸਰੂਪ ਕੀ ਹੈ ਤੇ ਕਿਥੇ ਹੈ ? ਨਾਮ ਪ੍ਰਗਟ ਹੋਣ ਦੀਆਂ ਨਿਸ਼ਾਨੀਆਂ ਕੀ ਹਨ ਤੇ ਕੀਕੂੰ ਪ੍ਰਗਟ ਹੁੰਦਾ ਹੈ ? | 20 |
| 3. | ਹਉਮੈ ਕੀ ਹੈ ? | 28 |
| 4. | ਨਾਮ ਰਸ-ਨਾਮੀ ਦੀ ਨਿਤ ਦੀ ਰਹਿਣੀ। | 33 |
| 5. | ਨਾਮ ਅਭਿਆਸ ਕਮਾਈ ਦੀ ਗੁਰਮਤਿ ਵਿਧੀ। | 51 |
| 6. | ਸਿਮਰਨ ਵੇਲੇ ਧਿਆਨ ਕਿਸ ਉੱਤੇ ਜੋੜਨਾ ਚਾਹੀਦਾ ਹੈ ? | 65 |
| 7. | ਗੁਰਬਾਣੀ ਗੁਰੂ ਕਿਵੇਂ ਹੈ ? ਗੁਰੂ ਨਾਨਕ ਦੇਵ ਜੀ ਦਾ ਗੁਰੂ ਕੌਣ ਸੀ ? ਗੁਰੂ ਪਾਤਸ਼ਾਹ ਨੇ ਸਾਨੂੰ ਕਿਹੜੇ ਗੁਰੂ ਦੇ ਲੜ ਲਾਇਆ ਹੈ ? ਕਿ ਗੁਰਬਾਣੀ ਦੀ ਹੋਂਦ ਵਿਚ ਕਿਸੇ ਦੇਹਧਾਰੀ ਗੁਰੂ ਦੀ ਲੋੜ ਹੈ ? | 77 |
| 8. | ਸਤਿਗੁਰੂ-ਨਿਸ਼ਾਨੀਆਂ ਤੇ ਮਿਲਾਪ ਦਾ ਲਾਭ। | 95 |
| 9. | ਨਾਮ ਬਿਨਾ ਫੋਕਟ ਸਭ ਕਰਮਾਂ। | 109 |
| 10. | ਅਣਡਿੱਠ ਦੁਨੀਆਂ-ਕੀ ਇਸ ਧਰਤੀ ਤੇ ਕੀਤੇ ਕਰਮਾਂ ਦਾ ਅੱਗੇ ਲੇਖਾ ਦੇਣਾ ਪੈਂਦਾ ਹੈ ਤੇ ਉਥੇ ਕਿਹੜੇ ਢੰਡ ਮਿਲਦੇ ਹਨ ? | 116 |
| 11. | ਹੁਕਮ ਰਜ਼ਾਈ ਕੀ ਹੈ ? | 131 |
| 12. | ਤੀਰਥ ਇਸ਼ਨਾਨਕ ਨਿਸ਼ਫਲ ਹਨ। | 137 |
| 13. | ਅੰਮ੍ਰਿਤਸਰ ਕੀ ਹੈ ਤੇ ਕਿਥੇ ਹੈ ? | 142 |
| 14. | ਇਹੁ ਮਨੂਆ ਕਿਉਂ ਕਰ ਵਸਿ ਆਵੈ ? ਮਨ ਵਸ ਕਰਨ ਦੇ ਸਾਧਨ। | 150 |
| 15. | ਮਨ ਤੋ ਹਉਮੈ (ਮਾਇਆ) ਦਾ ਧੋਖਾ ਦੂਰ ਕਿਵੇਂ ਹੁੰਦਾ ਹੈ ? | 161 |
| 16. | ਬਾਰੰਬਰ ਨਾਮ ਬਾਣੀ ਦਾ ਅਭਿਆਸ ਕਿਉਂ ਜ਼ਰੂਰੀ ਹੈ ? | 164 |
| 17. | ਕੀ ਇਹ ਸਿੱਖੀ ਹੈ ? | 169 |
| 18. | ਬਿਨਾਂ ਸੋਚੇ ਸਮਝੇ ਸਿਮਰਨ ਪਾਠ ਤੇ ਮਾਲਾ ਫੇਰਨੀਆਂ ਕੀ ਲਾਭਦਾਇਕ ਹੋ ਸਕਦੀਆਂ ਹਨ ? | 183 |



## ਸਚਖੰਵ ਵਾਸੀ ਡਾ: ਕਰਤਾਰ ਸਿੰਘ
**(15-6-1903 ਤੋਂ 30-3-1980)**

ਗੁਰਦੇਵ ਪਿਤਾ ਦਾ ਬਖਸ਼ਿਆ ਉਹ ਸਰੀਰਕ ਜਾਮਾ ਜਿਸ ਵਿਚ ਆਪ ਸ਼ਬਦ ਗੁਰੂ ਦਾ ਰਸ ਮਾਣਦੇ ਤੇ ਸੰਗਤਾਂ ਨੂੰ ਬਾਣੀ ਗੁਰੂ ਨਾਲ ਜੋੜ ਨਿਹਾਲ ਕਰਦੇ ਰਹੇ।

# (1)

# ਜੀਵਨ ਮਨੋਰਥ

ਮਨੁੱਖਾ ਦੇਹ ਧਾਰਨ ਦਾ ਪ੍ਰਯੋਜਨ ਭਿੰਨ ਭਿੰਨ ਮੱਤਾਂ ਦਾ ਵੱਖਰਾ ਵੱਖਰਾ ਹੈ। ਐਵੋਲਿਊਸ਼ਨ (Evolution) ਭਾਵ ਵਿਕਾਸ ਵਾਲੇ ਆਖਦੇ ਹਨ ਕਿ ਮਨੁੱਖ ਜਾਤੀ ਲਈ ਨਵੀਆਂ-ਨਵੀਆਂ ਸੁੱਖ ਦੇਣ ਵਾਲੀਆਂ ਕਾਢਾਂ ਕੱਢਣੀਆਂ ਹੀ ਇਸ ਜ਼ਿੰਦਗੀ ਦਾ ਮਨੋਰਥ ਹੈ। ਨਾਸਤਕ ਇਹ ਆਖਦੇ ਹਨ ਕਿ ਖਾਉ, ਪੀਉ ਤੇ ਮੌਜਾਂ ਮਾਣੋ (Eat, drink and be merry)। ਸਾਮਵਾਦੀ ਇਹ ਆਖਦੇ ਹਨ ਕਿ ਕੁੱਲੀ, ਜੁੱਲੀ ਤੇ ਗੁੱਲੀ ਭਾਵ ਰਹਿਣ ਲਈ ਮਕਾਨ, ਖਾਣ ਲਈ ਰੋਟੀ ਤੇ ਸਰੀਰ ਤੇ ਪਹਿਨਣ ਲਈ ਕਪੜੇ ਚਾਹੀਦੇ ਹਨ। ਅਮੀਰ ਤੇ ਗਰੀਬ ਦੇ ਰਹਿਣ-ਸਹਿਣ ਦਾ ਪੱਧਰ ਇਕ ਹੋਣਾ ਚਾਹੀਦਾ ਹੈ। ਅਮੀਰ ਆਦਮੀ, ਗਰੀਬਾਂ ਦਾ ਖੂਨ ਨਾ ਚੂਸਣ। ਲਹੂ ਪਸੀਨੇ ਦੀ ਕਮਾਈ ਕਰਨ ਵਾਲਾ ਬੰਦਾ, ਇਨ੍ਹਾਂ ਅਮੀਰਾਂ ਦਾ ਸ਼ਿਕਾਰ ਨਾ ਬਣੇ। ਵਿਦਵਾਨ ਖੋਜੀਆਂ ਦਾ ਜੀਵਨ ਮਨੋਰਥ, ਵਿਦਿਆ ਪੜ੍ਹਨ, ਪਣਾਉਣ ਦਾ ਹੈ। ਛੇ ਸ਼ਾਸਤ੍ਰਾਂ ਦਾ ਜੀਵਨ ਮਨੋਰਥ ਵੀ ਅੱਡਰਾ ਅੱਡਰਾ ਹੈ। ਮਹਾਤਮਾ ਬੁੱਧ ਦਾ ਜੀਵਨ ਮਨੋਰਥ ਨਿਰਬਾਣ ਪਦ ਹੈ। ਵਿਗਿਆਨ ਵਾਲਿਆਂ ਦਾ ਆਪਣਾ ਹੀ ਮੱਤ ਹੈ। ਸਿੱਖਾਂ ਨੂੰ ਇਨ੍ਹਾਂ ਮੱਤਾਂ ਨਾਲ ਕੋਈ ਵਾਸਤਾ ਨਹੀਂ ਰੱਖਣਾ ਚਾਹੀਦਾ। ਸਿੱਖ ਦਾ ਧਰਮ ਹੈ ਕਿ ਗੁਰੂ ਸਾਹਿਬ ਜੀ ਨੇ ਜੋ ਜੀਵਨ ਮਨੋਰਥ ਫਰਮਾਇਆ ਹੈ, ਉਸ ਨੂੰ ਗ੍ਰਹਿਣ ਕਰੇ। ਆਉ, ਹੁਣ ਵਿਚਾਰੀਏ ਕਿ ਗੁਰਮਤਿ ਦਾ ਇਸ ਪਰਥਾਇ ਕੀ ਸਿਧਾਂਤ ਹੈ ?

ਗੁਰਮਤਿ ਫਰਮਾਉਂਦੀ ਏ :-

**"ਆਤਮਾ ਪਰਾਤਮਾ ਏਕੋ ਕਰੈ ॥**

**ਅੰਤਰ ਕੀ ਦੁਬਿਧਾ ਅੰਤਰਿ ਮਰੈ ॥" ਪੰਨਾ 661**

**ਭਾਵ ਅਰਥ :-** ਆਤਮਾ ਤੇ ਪਰਮਾਤਮਾ ਨੂੰ ਇਕ ਕਰੇ। (ਇੰਜ) ਅੰਦਰ ਦੀ ਹਉਮੈ ਮਨ ਅੰਦਰ ਹੀ ਮਰ ਜਾਂਦੀ ਏ ਤੇ ਆਤਮਾ, ਪਰਮਾਤਮਾ ਵਿਚ ਪ੍ਰਵੇਸ਼ ਕਰ ਜਾਂਦੀ ਹੈ।

**ਜਿਨੀ ਆਤਮੁ ਚੀਨਿਆ ਪਰਮਾਤਮੁ ਸੋਈ ॥" ਪੰਨਾ 421**

**ਭਾਵ ਅਰਥ :-** ਜਿਨ੍ਹਾਂ ਨੇ ਆਪਣੀ ਆਤਮਾ ਦੀ ਖੋਜ ਕਰਕੇ, ਆਪਣੀ ਜੀਵ ਆਤਮਾ ਨੂੰ ਪਰਮਾਤਮਾ ਵਿਚ ਲੀਨ ਕੀਤਾ ਏ, ਉਹ ਪਰਮਾਤਮਾ ਹੋ ਜਾਂਦੇ ਨੇ, ਕੋਈ ਭਿੰਨ ਭੇਦ ਨਹੀਂ ਰਹਿੰਦਾ।

**"ਮਨ ਤੂੰ ਜੋਤਿ ਸਰੂਪ ਹੈ ਅਪਣਾ ਮੂਲੁ ਪਛਾਣੁ ॥" ਪੰਨਾ 441**

**ਭਾਵ ਅਰਥ :-** ਹੇ ਮਨ, ਤੂੰ ਤਾਂ ਜੋਤਿ ਸਰੂਪ ਹੈ, ਆਪਣਾ ਅਸਲਾ ਪਛਾਣ ਕਿ ਤੂੰ ਕੀ ਹੈ? ਸ਼ੇਰ ਬੱਬਰ ਹੋ ਕੇ ਵੀ ਗਿੱਦੜ ਬਣੀ ਬੈਠਾ ਹੈ।

**"ਭਈ ਪਰਾਪਤਿ ਮਾਨੁਖ ਦੇਹੁਰੀਆ ॥ ਗੋਬਿੰਦ ਮਿਲਣ ਕੀ ਇਹ ਤੇਰੀ ਬਰੀਆ ॥**

**ਅਵਰਿ ਕਾਜ ਤੇਰੈ ਕਿਤੈ ਨ ਕਾਮ ॥ ਮਿਲੁ ਸਾਧਸੰਗਤਿ ਭਜੁ ਕੇਵਲ ਨਾਮ ॥**

**ਸਰੰਜਾਮਿ ਲਾਗੁ ਭਵਜਲ ਤਰਨ ਕੈ ॥ ਜਨਮੁ ਬ੍ਰਿਥਾ ਜਾਤ ਰੰਗਿ ਮਾਇਆ ਕੈ ॥"**

**ਪੰਨਾ 12**

**ਭਾਵ ਅਰਥ :-** ਮਨੁੱਖਾ ਦੇਹੀ, ਇਸ ਲਈ ਮਿਲੀ ਏ ਕਿ ਤੂੰ ਉਸ ਪ੍ਰਭੂ ਨੂੰ ਮਿਲ ਤੇ ਸੁਖੀ ਹੋ। ਹੋਰ ਕੰਮ, ਤੇਰੇ ਕਿਤੇ ਕਾਰ ਨਹੀਂ ਆਉਣੇ। ਸਾਧ-ਸੰਗਤਿ ਵਿਚ ਮਿਲ ਕੇ, ਕੇਵਲ ਨਾਮ ਨੂੰ ਸਿਮਰ। ਸੰਸਾਰ ਸਮੁੰਦਰ ਤੋ ਪਾਰ ਲੰਘਣ ਦੇ ਆਹਰੇ ਲਗ ਜਾ। ਜਨਮ, ਮਾਇਆ ਦੇ ਪਿਆਰ ਵਿਚ, ਬੇ-ਅਰਥ ਜਾ ਰਿਹਾ ਹੈ।

**"ਪ੍ਰਾਣੀ ਤੂੰ ਆਇਆ ਲਾਹਾ ਲੈਣਿ ॥**

**ਲਗਾ ਕਿਤੁ ਕੁਫਕੜੇ ਸਭ ਮੁਕਦੀ ਚਲੀ ਰੈਣਿ ॥" ਪੰਨਾ 43**

**ਭਾਵ ਅਰਥ :-** ਹੇ ਪ੍ਰਾਣੀ, ਤੂੰ ਤਾ ਨਾਮ ਦਾ ਲਾਹਾ ਲੈਣ ਆਇਆ ਸੀ। ਕਿਹੜੇ ਧੰਦਿਆਂ ਪਿਟਣਿਆਂ ਵਿਚ ਲਗ ਗਿਆ ਏ। ਉਮਰ ਰੂਪੀ ਰਾਤ ਐਵੇਂ ਮੁਕਦੀ ਜਾ ਰਹੀ ਹੈ।

**"ਆਇਓ ਸੁਨਨ ਪੜਨ ਕਉ ਬਾਣੀ ॥**

**ਨਾਮੁ ਵਿਸਾਰਿ ਲਗਹਿ ਅਨ ਲਾਲਚਿ ਬਿਰਥਾ ਜਨਮੁ ਪਰਾਣੀ ॥" ਪੰਨਾ 1219**

**ਭਾਵ ਅਰਥ :-** ਹੇ ਪ੍ਰਾਣੀ ! ਤੂੰ ਤਾਂ ਬਾਣੀ ਸੁਣਨ ਪੜ੍ਹਨ ਲਈ ਆਇਆ ਸੀ। ਨਾਮ ਨੂੰ ਵਿਸਾਰ ਕੇ, ਹੋਰ ਲਾਲਚਾਂ ਵਿਚ, ਜਨਮ ਬੇਕਾਰ ਗਵਾ ਰਿਹਾ ਹੈ।

**"ਰੈਣਿ ਗਵਾਈ ਸੋਇ ਕੈ ਦਿਵਸੁ ਗਵਾਇਆ ਖਾਇ ॥**

**ਹੀਰੇ ਜੈਸਾ ਜਨਮੁ ਹੈ ਕਉਡੀ ਬਦਲੇ ਜਾਇ ॥" ਪੰਨਾ 156**

**ਭਾਵ ਅਰਥ :-** ਰਾਤ ਸੌ ਕੇ ਤੇ ਦਿਨ ਖਾ ਕੇ ਗਵਾ ਰਿਹਾ ਹੈ। ਹੀਰੇ ਵਰਗਾ ਜਨਮ ਕਉਡੀ ਬਦਲੇ ਜਾ ਰਿਹਾ ਹੈ।

**"ਤਿਸਹਿ ਤਿਆਗਿ ਆਨ ਕਉ ਜਾਚਹਿ ਮੁਖ ਦੰਤ ਰਸਨ ਸਗਲ ਘਸਿ ਜਾਵਤ ॥**

**ਰੇ ਮਨ ਮੂੜ ਸਿਮਰਿ ਸੁਖਦਾਤਾ ਨਾਨਕ ਦਾਸ ਤੁਝਹਿ ਸਮਝਾਵਤ ॥" ਪੰਨਾ 1388**

**ਭਾਵ ਅਰਥ :-** ਉਸ ਮਾਲਕ ਨੂੰ ਛੱਡ ਕੇ, ਹੋਰਨਾ ਪਦਾਰਥਾਂ ਦੀ ਮੰਗ ਕਰਦਾ ਹੈ। ਇੰਜ ਕਰਦੇ ਕਰਦੇ ਤੇਰੇ ਮੂੰਹ ਦੇ ਦੰਦ, ਜੀਭ ਤੇ ਹੋਰ ਸਭ ਅੰਗ ਰਹਿ ਗਏ ਹਨ। ਕਾਲੇ ਵਾਲ ਚਿੱਟੇ ਹੋ ਗਏ ਹਨ। ਅੱਖਾਂ ਵਿੱਚ ਜੋਤ ਨਹੀਂ ਰਹੀ। ਹਰ ਵੇਲੇ ਅੱਖਾਂ ਵਿਚੋਂ ਪਾਣੀ ਵਗਦਾ ਹੈ। ਕੰਨ ਬੋਲੇ ਹੋ ਗਏ ਹਨ। ਹੱਥ ਪੈਰ ਸਾਰੇ ਕੰਬਦੇ ਹਨ। ਗਲੇ ਵਿਚੋਂ ਆਵਾਜ ਨਹੀਂ ਨਿਕਲਦੀ। ਜੀਭ ਥਿੜਕਦੀ ਹੈ। ਯਾਦ ਉਕਾ ਹੀ ਮੁੱਕ ਗਈ ਏ। ਮੂੰਹ ਵਿਚੋਂ ਥੁੱਕ ਵਗਦਾ ਰਹਿੰਦਾ ਏ। ਓ ਮੂਰਖ ਮਨ ! ਕਿਉਂ ਨਹੀਂ ਸੁਖਾਂ ਦੇ ਦਾਤੇ ਨੂੰ ਸਿਮਰਦਾ ? ਦਾਸ ਨਾਨਕ ਤੈਨੂੰ ਇਹ ਸਮਝਾਂਦਾ ਏ।

**"ਫਿਰਤ ਫਿਰਤ ਬਹੁਤੇ ਜੁਗ ਹਾਰਿਓ ਮਾਨਸ ਦੇਹ ਲਹੀ ॥**

**ਨਾਨਕ ਕਹਤ ਮਿਲਨ ਕੀ ਬਰੀਆ ਸਿਮਰਤ ਕਹਾ ਨਹੀ ॥" ਪੰਨਾ 631**

**ਭਾਵ ਅਰਥ :-** ਆਵਾਗਵਨ ਦੇ ਚੱਕਰ ਵਿਚ ਫਿਰਦਿਆਂ, ਬਹੁਤ ਜੁਗਾਂ ਪਿਛੋਂ, ਇਹ ਮਨੁੱਖਾ ਦੇਹੀ ਮਿਲੀ ਏ। ਨਾਨਕ ਆਖਦਾ ਏ ਕਿ ਕਿਉਂ ਨਹੀ ਤੂੰ, ਉਸ ਪ੍ਰਭੂ ਨੂੰ ਸਿਮਰਦਾ ?

**"ਲਖ ਚਉਰਾਸੀਹ ਭ੍ਰਮਤਿਆ ਦੁਲਭ ਜਨਮੁ ਪਾਇਓਇ ॥**

**ਨਾਨਕ ਨਾਮੁ ਸਮਾਲਿ ਤੂੰ ਸੋ ਦਿਨੁ ਨੇੜਾ ਆਇਓਇ ॥" ਪੰਨਾ 50**

**ਭਾਵ ਅਰਥ :-** ਚੋਰਾਸੀ ਲਖ ਜੂਨਾਂ ਵਿਚੋਂ ਗੇੜੇ ਖਾ ਕੇ, ਇਹ ਅਮੋਲਕ ਜਨਮ ਮਿਲਿਆ ਏ। ਹੇ ਨਾਨਕ ! ਨਾਮ ਨੂੰ ਚੇਤੇ ਕਰ, ਮੌਤ ਦਾ ਦਿਨ ਨੇੜੇ ਆ ਰਿਹਾ ਹੈ।

**"ਕਈ ਜਨਮ ਭਏ ਕੀਟ ਪਤੰਗਾ ॥ ਕਈ ਜਨਮ ਗਜ ਮੀਨ ਕੁਰੰਗਾ ॥**

**ਕਈ ਜਨਮ ਪੰਖੀ ਸਰਪ ਹੋਇਓ ॥ ਕਈ ਜਨਮ ਹੈਵਰ ਬ੍ਰਿਖ ਜੋਇਓ ॥**

**ਕਈ ਜਨਮ ਸੈਲ ਗਿਰਿ ਕਰਿਆ ॥ ਕਈ ਜਨਮ ਗਰਭ ਹਿਰਿ ਖਰਿਆ ॥**

**ਕਈ ਜਨਮ ਸਾਖ ਕਰਿ ਉਪਾਇਆ ॥ ਲਖ ਚਉਰਾਸੀਹ ਜੋਨਿ ਭ੍ਰਮਾਇਆ ॥**

**ਮਿਲੁ ਜਗਦੀਸ ਮਿਲਨ ਕੀ ਬਰੀਆ ॥ ਚਿਰੰਕਾਲ ਇਹ ਦੇਹ ਸੰਜਰੀਆ ॥ਰਹਾਉ॥"**

**ਪੰਨਾ 176**

**ਭਾਵ ਅਰਥ :-** ਕਈ ਜਨਮ ਕੀੜੇ ਤੇ ਪਤੰਗਿਆਂ ਵਿਚੋਂ, ਕਈ ਜਨਮ ਹਾਥੀ, ਮੱਛੀ, ਹਿਰਨਾ ਚੋਂ, ਕਈ ਜਨਮ ਪੰਖੀ, ਸਰਪਾਂ ਚੋ, ਕਈ ਜਨਮ ਘੋੜੇ, ਬਲਦਾ ਚੋਂ, ਕਈ ਜਨਮ ਚਟਾਨਾਂ ਤੇ ਪਹਾੜਾਂ

ਚੋਂ, ਕਈ ਜਨਮ ਗਰਭ ਵਿਚ ਛੀਨ ਹੁੰਦਿਆਂ ਚੋਂ, ਕਈ ਜਨਮ ਬਨਾਸਪਤੀ ਚੋਂ, ਚੌਰਾਸੀ ਲਖ ਜੂਨਾ ਚੋਂ, ਭਵਾਟੀਆਂ ਖਾ ਕੇ ਇਹ ਦੇਹ ਮਿਲੀ ਏ। ਤਾਂ ਤੇ ਉਸ ਜਗਤ ਦੇ ਮਾਲਕ ਨੂੰ ਮਿਲ।

**"ਦੁਲਭ ਦੇਹ ਪਾਈ ਵਡਭਾਗੀ ॥ ਨਾਮੁ ਨ ਜਪਹਿ ਤੇ ਆਤਮ ਘਾਤੀ ॥**

**ਮਰਿ ਨ ਜਾਹੀ ਜਿਨਾ ਬਿਸਰਤ ਰਾਮ ॥ ਨਾਮ ਬਿਹੂਨ ਜੀਵਨ ਕਉਨ ਕਾਮ ॥ਰਹਾਉ॥**

**ਖਾਤ ਪੀਤ ਖੇਲਤ ਹਸਤ ਬਿਸਥਾਰ ॥ ਕਵਨ ਅਰਥ ਮਿਰਤਕ ਸੀਗਾਰ ॥**

**ਜੋ ਨ ਸੁਨਹਿ ਜਸੁ ਪਰਮਾਨੰਦਾ ॥ ਪਸੁ ਪੰਖੀ ਤ੍ਰਿਗਦ ਜੋਨਿ ਤੇ ਮੰਦਾ ॥      ਪੰਨਾ 188**

**ਭਾਵ ਅਰਥ :-** ਵੱਡੇ ਭਾਗਾਂ ਨਾਲ ਇਹ ਦੁੱਲਭ ਦੇਹ ਮਿਲੀ ਹੈ। ਨਾਮ ਨਾ ਜਪਣ ਵਾਲੇ ਆਤਮ-ਘਾਤੀ ਹਨ। ਨਾਮ ਨੂੰ ਵਿਸਾਰਨ ਵਾਲੇ ਕਿਉਂ ਨਹੀਂ ਮਰ ਜਾਂਦੇ ? ਨਾਮ ਤੋਂ ਬਿਨਾਂ ਜੀਵਨ ਕਿਸ ਕੰਮ ? ਖਾਣ, ਪੀਣਾ, ਖੇਡਣਾ, ਹਸਣਾ-ਮ੍ਰਿਤਕ ਦੇ ਸ਼ਿੰਗਾਰ ਵਾਂਗ ਹੈ। ਜੋ ਰੱਬ ਦਾ ਨਾਮ ਨਹੀਂ ਸੁਣਦੇ, ਉਹ ਪਸ਼ੂ, ਪੰਛੀ, ਤ੍ਰਿਗਦ ਜੂਨ ਤੋਂ ਵੀ ਭੈੜੇ ਹਨ।

**"ਭਜਹੁ ਗੋੁਬਿੰਦ ਭੂਲਿ ਮਤ ਜਾਹੁ ॥ ਮਾਨਸ ਜਨਮ ਕਾ ਏਹੀ ਲਾਹੁ ॥    ॥ ਰਹਾਉ ॥**

**ਜਬ ਲਗੁ ਜਰਾ ਰੋਗੁ ਨਹੀ ਆਇਆ ॥ ਜਬ ਲਗੁ ਕਾਲਿ ਗ੍ਰਸੀ ਨਹੀ ਕਾਇਆ ॥**

**ਜਬ ਲਗੁ ਬਿਕਲ ਭਈ ਨਹੀ ਬਾਨੀ ॥ ਭਜਿ ਲੇਹਿ ਰੇ ਮਨ ਸਾਰਿਗਪਾਨੀ ॥**

**ਜੋ ਕਿਛੁ ਕਰਹਿ ਸੋਈ ਅਬ ਸਾਰੁ ॥ ਫਿਰਿ ਪਛੁਤਾਹੁ ਨ ਪਾਵਹੁ ਪਾਰੁ ॥**

**ਇਹੀ ਤੇਰਾ ਅਉਸਰੁ ਇਹ ਤੇਰੀ ਬਾਰ ॥ ਘਟ ਭੀਤਰਿ ਤੂ ਦੇਖੁ ਬਿਚਾਰਿ ॥"  ਪੰਨਾ 1159**

**"ਕਹਤ ਕਬੀਰੁ ਜੀਤਿ ਕੈ ਹਾਰਿ ॥**

**ਬਹੁ ਬਿਧਿ ਕਹਿਓ ਪੁਕਾਰਿ ਪੁਕਾਰਿ ॥"      ਪੰਨਾ 1159**

**ਭਾਵ ਅਰਥ :-** ਉਸ ਦੁਨੀਆਂ ਬਣਾਉਣ ਵਾਲੇ ਦਾ ਭਜਨ ਕਰ। ਮਾਨਸ ਜਨਮ ਦਾ ਏਹੀ ਲਾਭ ਹੈ। ਜਦ ਤਾਈ ਬੁਢਾਪਾ ਨਹੀਂ ਆਇਆ, ਜਦ ਤਾਈ ਤੇਰੀ ਦੇਹ ਮੌਤ ਨੇ ਨਹੀਂ ਹੜੱਪੀ ਜਦ ਤਾਂਈ ਤੇਰੀ ਆਵਾਜ਼  ਕਮਜ਼ੋਰ ਨਹੀਂ ਹੋਈ, ਰੇ ਮਨ ! ਉਸ ਮਾਲਕ ਨੂੰ ਭਜ। ਜੇ ਹੁਣ ਨਹੀਂ ਭਗਤੀ ਕਰਦਾ ਤਾਂ ਕਦ ਕਰੇਗਾ ? ਮਰਨ ਵੇਲੇ ਭਗਤੀ ਨਹੀਂ ਹੋ ਸਕੇਗੀ। ਜੋ ਕਿਛ ਕਰਨਾ ਏ, ਹੁਣੇ ਕਰ ਲੈ। ਪਿਛੋ ਪਛਤਾਉਣਾ ਪਏਗਾ ਤੇ ਮਾਇਆ ਤੋਂ ਪਾਰ ਨਹੀਂ ਹੋ ਸਕੇਗਾਂ। ਇਹੋ ਤੇਰਾ ਮੋਕਾ ਹੈ ਤੇ ਇਹੀ ਤੇਰੀ ਵਾਰੀ ਏ। ਇਸ ਗੱਲ ਨੂੰ ਤੂੰ ਮਨ ਵਿਚ ਵਿਚਾਰ ਕੇ ਵੇਖ ਲੈ।

ਕਬੀਰ ਬਹੁ ਬਿਧੀ ਪੁਕਾਰ ਪੁਕਾਰ ਕੇ ਆਖ ਰਿਹਾ ਹੈ, ਭਾਵੇ ਜੀਵਨ ਜਿਤ ਕੇ ਜਾ ਯਾ ਹਾਰ ਕੇ ਜਾ। ਇਹ ਤੇਰੀ ਮਰਜ਼ੀ ਏ।

**"ਮਨਮੁਖ ਨਾਮ ਵਿਹੂਣਿਆ ਰੰਗੁ ਕਸੁੰਭਾ ਦੇਖਿ ਨ ਭੁਲੁ ॥**

**ਇਸ ਕਾ ਰੰਗੁ ਦਿਨ ਥੋੜਿਆ ਛੋਛਾ ਇਸ ਦਾ ਮੁਲੁ ॥**

**ਦੂਜੈ ਲਗੇ ਪਚਿ ਮੁਏ ਮੂਰਖ ਅੰਧ ਗਵਾਰ ॥**

**ਬਿਸਟਾ ਅੰਦਰਿ ਕੀਟ ਸੇ ਪਇ ਪਚਹਿ ਵਾਰੋ ਵਾਰ ॥"         ਪੰਨਾ 85**

**ਭਾਵ ਅਰਥ :-** ਨਾਮ ਤੋਂ ਖਾਲੀ ਮਨਮੁਖ ! ਕੁਸੰਭ ਦਾ ਰੰਗ ਦੇਖ ਕੇ, ਉਸ ਮਾਲਕ ਨੂੰ ਨਾ ਭੁਲ। ਕੁਸੰਭ ਦਾ ਰੰਗ ਕੱਚਾ ਹੁੰਦਾ ਏ, ਮੁਲ ਵੀ ਛੋਛਾ ਹੁੰਦਾ ਏ। ਚਾਰ ਦਿਨਾਂ ਦੇ ਅੰਦਰ ਹੀ ਲਹਿ ਜਾਂਦਾ ਹੈ। ਇਵੇਂ ਹੀ ਮਾਇਆ ਨਾਲ ਪਿਆਰ, ਚਾਰ ਦਿਨ ਦੀ ਖੇਡ ਹੈ। ਉਹ ਮੂਰਖ ਹਨ, ਅੰਨ੍ਹੇ ਹਨ, ਗਵਾਰ ਹਨ, ਜੋ ਉਸ ਪ੍ਰਭੂ ਨੂੰ ਛੱਡ ਕੇ, ਪ੍ਰਭੂ ਦੀ ਕੀਤੀ ਨਾਲ ਪਿਆਰ ਪਾ ਬੈਠੇ ਹਨ। ਉਹ ਤ੍ਰਿਸ਼ਨਾ ਰੂਪੀ ਅੱਗ ਵਿਚ ਸੜ ਰਹੇ ਹਨ। ਉਹ ਗੰਦਗੀ ਦੇ ਕੀੜੇ ਹਨ। ਮੁੜ ਮੁੜ ਕੇ ਜਨਮ ਮਰਨ ਦੀਆਂ ਭਵਾਟੀਆਂ ਖਾ ਰਹੇ ਹਨ। ਉਨ੍ਹਾਂ ਨੂੰ ਕੋਈ ਆਤਮਕ ਸੁਖ ਨਹੀਂ ਮਿਲਦਾ।

"ਏਹ ਭੂਪਤਿ ਰਾਣੇ ਰੰਗ ਦਿਨ ਚਾਰਿ ਸੁਹਾਵਣਾ ॥
ਏਹੁ ਮਾਇਆ ਰੰਗੁ ਕਸੁੰਭ ਖਿਨ ਮਹਿ ਲਹਿ ਜਾਵਣਾ ॥
ਚਲਦਿਆ ਨਾਲਿ ਨ ਚਲੈ ਸਿਰਿ ਪਾਪ ਲੈ ਜਾਵਣਾ ॥
ਜਾਂ ਪਕੜਿ ਚਲਾਇਆ ਕਾਲਿ ਤਾਂ ਖਰਾ ਡਰਾਵਣਾ ॥
ਓਹ ਵੇਲਾ ਹਥਿ ਨ ਆਵੈ ਫਿਰਿ ਪਛੁਤਾਵਣਾ ॥ ਪੰਨਾ 645

**ਭਾਵ ਅਰਥ :–** ਇਹ ਸਾਰੇ ਰਾਜੇ ਰਾਣੇ ਚਾਰ ਦਿਹਾੜੇ ਹੀ ਸੋਹਣੇ ਲਗਦੇ ਨੇ। ਇਹ ਮਾਇਆ ਦਾ ਪਿਆਰ, ਕੱਚੇ ਰੰਗ ਕੁਸੰਭ ਵਾਂਗੂੰ ਹੈ। ਝਟ ਹੀ ਉਠ ਜਾਣ ਵਾਲਾ ਹੈ। ਇਹ ਮਾਇਆ ਦਾ ਪਿਆਰ, ਮਰਨ ਵੇਲੇ ਨਾਲ ਨਹੀਂ ਜਾਂਦਾ। ਬੰਦਾ ਆਪਣੇ ਨਾਲ ਕੀਤੇ ਪਾਪ ਲੈ ਜਾਂਦਾ ਹੈ। ਜਦ ਬੰਦਾ ਮਰਦਾ ਹੈ ਤਾਂ ਬੜਾ ਡਰਾਉਣਾ ਲਗਦਾ ਏ। ਮੁੜ ਇਹ ਮਨੁਖਾ ਜਨਮ ਨਹੀਂ ਮਿਲਣਾ। ਬੰਦਾ ਫਿਰ ਪਛਤਾਉਂਦਾ ਹੈ।

"ਕਿਆ ਖਾਧੈ ਕਿਆ ਪੈਧੈ ਹੋਇ ॥ ਜਾ ਮਨਿ ਨਾਹੀ ਸਚਾ ਸੋਇ ॥
ਕਿਆ ਮੇਵਾ ਕਿਆ ਘਿਉ ਗੁੜੁ ਮਿਠਾ ਕਿਆ ਮੈਦਾ ਕਿਆ ਮਾਸੁ ॥
ਕਆ ਕਪੜੁ ਕਿਆ ਸੇਜ ਸੁਖਾਲੀ ਕੀਜਹਿ ਭੋਗ ਬਿਲਾਸ ॥
ਕਿਆ ਲਸਕਰ ਕਿਆ ਨੇਬ ਖਵਾਸੀ ਆਵੈ ਮਹਲੀ ਵਾਸੁ ॥
ਨਾਨਕ ਸਚੇ ਨਾਮ ਵਿਣੁ ਸਭੇ ਟੋਲ ਵਿਣਾਸੁ ॥"

ਪੰਨਾ 142

**ਭਾਵ ਅਰਥ :–** ਜਿਸ ਦੇ ਮਨ ਵਿਚ ਉਹ ਸਚਾ ਮਾਲਕ ਨਹੀਂ, ਉਸ ਦਾ ਖਾਣਾ ਪੀਣਾ ਕਿਸੇ ਅਰਥ ਨਹੀਂ। ਕਿਆ ਮੇਵੇ, ਕਿਆ ਘਿਉ, ਗੁੜ, ਮੈਦੇ ਦੇ ਪਕਵਾਨ ਤੇ ਕਿਆ ਮਾਸ ਖਾਣਾ ਅਰਥ ਰਖਣੇ ਹਨ ? ਭਾਵ ਨਿਸਫਲ ਹਨ। ਉਸ ਦੇ ਕਪੜੇ ਪਾਣੇ ਤੇ ਸੁਖੀ ਸੇਜ ਤੇ ਰੰਗ ਰਲੀਆਂ ਮਾਣਨੀਆਂ ਕਿਸ ਕੰਮ ? ਉਸ ਦੀਆਂ ਫੌਜਾਂ, ਨੌਕਰ, ਵਜ਼ੀਰ ਤੇ ਮਹਿਲਾਂ ਵਿਚ ਰਹਿਣਾ ਬੇ-ਅਰਥ ਹੈ। ਹੇ ਨਾਨਕ ! ਸਚੇ ਮਾਲਕ ਦੇ ਨਾਮ ਬਿਨਾਂ ਇਹ ਸਾਰੇ ਅਡੰਬਰ ਨਾਸ਼ਵੰਤ ਹਨ।

"ਜਿਨੀ ਨ ਪਾਇਓ ਪ੍ਰੇਮ ਰਸੁ ਕੰਤ ਨ ਪਾਇਓ ਸਾਉ ॥
ਸੁੰਞੇ ਘਰ ਕਾ ਪਾਹੁਣਾ ਜਿਉ ਆਇਆ ਤਿਉ ਜਾਉ ॥ ॥ ਮਃ ॥
ਸਉ ਓਲਾਮ੍ਹੇ ਦਿਨੈ ਕੇ ਰਾਤੀ ਮਿਲਨ੍ਹਿ ਸਹੰਸ ॥
ਸਿਫਤਿ ਸਲਾਹਣੁ ਛਡਿ ਕੈ ਕਰੰਗੀ ਲਗਾ ਹੰਸੁ ॥
ਫਿਟੁ ਇਵੇਹਾ ਜੀਵਿਆ ਜਿਤੁ ਖਾਇ ਵਧਾਇਆ ਪੇਟੁ ॥
ਨਾਨਕ ਸਚੇ ਨਾਮ ਵਿਣੁ ਸਭੋ ਦੁਸਮਨੁ ਹੇਤੁ ॥"

ਪੰਨਾ 790

**ਭਾਵ ਅਰਥ :–** ਜਿਨ੍ਹਾਂ ਨੇ, ਪ੍ਰਭੂ ਦੇ ਪ੍ਰੇਮ ਦਾ ਸੁਆਦ ਨਹੀਂ ਪਾਇਆ, ਉਹ ਖਾਲੀ ਘਰ ਦੇ ਪਰਾਹੁਣੇ ਦੀ ਨਿਆਈ ਹਨ। ਸੁੰਞੇ ਘਰ ਦਾ ਪਰਾਹੁਣਾ, ਖਾਲੀ ਮੁੜ ਜਾਂਦਾ ਹੈ, ਘਰ ਵਿਚ ਜੋ ਕੋਈ ਨਾ ਹੋਇਆ। ਪਾਪੀ ਬੰਦਾ ਸੈਕੜੇ ਉਲ੍ਹਾਮੇ ਕਰਨ ਵਾਲੇ ਕੰਮ ਦਿਨ ਨੂੰ ਕਰਦਾ ਹੈ, ਤੇ ਹਜ਼ਾਰ ਉਲ੍ਹਾਮੇ ਲੈਣ ਵਾਲੇ ਕੰਮ ਰਾਤ ਨੂੰ ਕਰਦਾ ਏ। ਪ੍ਰਭੂ ਦੀ ਸਿਫਤ ਸਲਾਹ ਛੱਡ ਕੇ, ਹੰਸ ਵਰਗਾ ਮੋਤੀ ਚੁਗਣ ਵਾਲਾ ਬੰਦਾ, ਹੱਡੀਆਂ ਦੇ ਪਿੰਜਰ ਨੂੰ ਕੁੱਤੇ ਵਾਂਗੂੰ ਚੂਸਣ ਲਗ ਪਿਆ ਹੈ। ਫਿਟਕਾਰ ਹੈ, ਐਸੇ ਜੀਵਨ ਨੂੰ, ਜੋ ਬੰਦਾ ਪ੍ਰਭੂ ਦਾ ਨਾਮ ਵਿਸਾਰ ਕੇ, ਖਾ ਖਾ ਕੇ ਪੇਟ ਵਧਾ ਲੈਂਦਾ ਹੈ। ਹੇ ਨਾਨਕ ! ਸਚੇ ਮਾਲਕ ਦੇ ਨਾਮ ਬਿਨਾਂ, ਸਾਰੇ ਪਿਆਰ, ਦੁਸ਼ਮਣ ਬਣ ਕੇ ਬੰਦੇ ਦਾ ਸਤਿਆਨਾਸ ਕਰ ਰਹੇ ਹਨ। ਬੰਦਾ ਦੁਖੀ ਹੋ ਰਿਹਾ ਹੈ ਤੇ ਜੰਮਣ ਮਰਨ ਦੇ ਗੇੜ ਵਿਚ ਹੈ।

ਕਈ ਸੱਜਣ ਇਹ ਆਖਦੇ ਹਨ, ਤੇ ਉਨ੍ਹਾਂ ਵਿਦਵਾਨਾਂ ਦੀ ਲੇਖਕ ਨਾਲ ਵੀ, ਕਈ ਵਾਰ ਪਰਸਪਰ ਵੀਚਾਰ ਹੋਈ ਹੈ, ''ਕਿ ਨਾਮ ਤਾਂ ਇਹ ਹੀ ਹੈ- ਸੱਚ ਬੋਲੋ, ਚੋਰੀ ਨਾ ਕਰੋ, ਧੋਖਾ ਨਾ ਦਿਓ, ਸਦਾਚਾਰੀ ਰਹੋ, ਹੱਕ ਪਰਾਇਆ ਨਾ ਖੋਵ੍ਹੋ, ਮਿਠ ਬੋਲੜੇ ਬਣੋ ਅਦਿਕ।'' ਪਰ ਇਹ ਵੀਰ ਬੜੇ ਭੁਲੇਖੇ ਵਿਚ ਹਨ ਕਿਉਂਕਿ ਇਹ ਆਚਾਰ-ਨਾਮ ਦੀ ਨੀਂਹ ਤੋਂ ਬਿਨਾਂ-ਪਕੇ ਨਹੀਂ ਰਹਿੰਦੇ। ਦ੍ਰਿਸ਼ਟਾਂਤ ਵਜੋਂ, ਇਕ ਬੰਦਾ ਕਹਿੰਦਾ ਏ ਕਿ ਮੈ ਵੱਢੀ ਨਹੀਂ ਲੈਣੀ, ਇਹ ਪਾਪ ਕਰਮ ਹੈ। ਪਰ ਐਸਾ ਬੰਦਾ ਆਪਣੇ ਟੀਚੇ ਤੋਂ ਡਿਗ ਪੈਂਦਾ ਏ, ਜਦ ਕਿ ਉਸ ਨੂੰ ਐਨੀ ਵੱਡੀ ਰਕਮ ਰਿਸ਼ਵਤ ਵਜੋਂ ਪੇਸ਼ ਕੀਤੀ ਜਾਏ ਕਿ ਉਹ ਡੋਲਾਇਮਾਨ ਹੋ ਜਾਏ ਤਾਂ ਝਟ ਹੀ ਜਿਤਿਆ ਜਾਂਦਾ ਹੈ। ਵੱਡੀਆ-ਵੱਡੀਆਂ ਪਦਵੀਆਂ ਤੇ ਕੰਮ ਕਰਨ ਵਾਲੇ ਸੱਜਣ, ਆਪਣੇ ਬਣਾਏ ਅਚਾਰ ਤੋਂ ਡਿਗਦੇ ਵੇਖੇ ਹਨ। ਜੇ ਨੀਹ, ਨਾਮ ਦੀ ਹੋਵੇ ਤਾਂ ਉਹ ਨਾਮੀ ਨਾਲ ਅਭੇਦ ਪੁਰਸ਼, ਕਿਸੇ ਤਰ੍ਹਾਂ ਵੀ ਆਪਣੇ ਆਚਾਰ ਤੋਂ ਨਹੀਂ ਡਿਗਦਾ।

ਗੁਰਮਤਿ ਫਰਮਾਉਂਦੀ ਏ ਕਿ ਨਾਮ ਤੋਂ ਬਿਨਾਂ ਆਚਾਰ ਕਿਸੇ ਨੇ ਨਹੀਂ ਪਾਇਆ। ਵਾਕ ਇੰਜ ਹੈ :-

**"ਨਾਮ ਬਿਨਾ ਕੈਸੇ ਆਚਾਰ ॥"**

**ਪੰਨਾ 1330**

**ਭਾਵ ਅਰਥ :-** ਨਾਮ ਤੋਂ ਬਿਨਾਂ ਆਚਾਰ ਕਿਵੇਂ ਬਣ ਸਕਦਾ ਏ ? ਭਾਵ, ਨਹੀਂ ਬਣ ਸਕਦਾ।

**"ਬਿਨੁ ਸਬਦੈ ਆਚਾਰੁ ਨ ਕਿਨ ਹੀ ਪਾਇਆ ॥"** **ਪੰਨਾ 1285**

**ਭਾਵ ਅਰਥ :-** ਬਿਨਾਂ ਨਾਮ ਦੇ ਆਚਾਰ ਕਿਸੇ ਨੇ ਨਹੀਂ ਪਾਇਆ। ਗੁਰਮਤਿ ਸਪਸ਼ਟ ਨਿਰਣੈ ਦੇ ਰਹੀ ਹੈ, ਕਿ ਨਾਮ ਤੋਂ ਬਿਨਾਂ ਕਿਸੇ ਨੇ ਆਚਾਰ ਨਹੀਂ ਪਾਇਆ। ਇਮਤਿਹਾਨ ਵੇਲੇ ਜਦ ਪਰਚਾ ਪੈਂਦਾ ਹੈ, ਫੇਲ ਹੋ ਜਾਂਦੇ ਹਨ। ਐਵੇਂ ਆਚਾਰ ਆਚਾਰ ਕੂਕਦੇ ਪਏ ਹਨ। ਇਹ ਆਖਣਾ ਕਿ ਨਾਮ ਦੀ ਕਮਾਈ ਕਰਨ ਦੀ ਲੋੜ ਨਹੀਂ। ਕੇਵਲ ਆਚਾਰ ਹੀ ਬਣਾਉਣਾ ਚਾਹੀਦਾ ਏ, ਗੁਰਮਤਿ ਦੇ ਆਧਾਰਤ ਨਹੀਂ। ਗੁਰਮਤਿ ਫਰਮਾਉਂਦੀ ਏ ਕਿ ਨਾਮ ਤੋਂ ਬਿਨਾਂ ਜੋ ਬੰਦਾ ਖਾਂਦਾ ਪੀਂਦਾ ਏ, ਉਹ ਕੁੱਤੇ ਦੀ ਨਿਆਈ ਹੈ, ਉਹ ਮੁਰਦੇ ਦੀ ਨਿਆਈ ਹੈ। ਉਸ ਨੂੰ ਸੁਪਨੇ ਵਿਚ ਵੀ ਸੁਖ ਨਹੀਂ ਮਿਲ ਸਕਦਾ, ਸਰੀਰਕ ਰੋਗ ਲਗ ਪੈਂਦੇ ਨੇ। ਨਾਮ ਨੂੰ ਤਿਆਗ, ਜੋ ਹੋਰ ਕਰਮ ਕਰਦੇ ਨੇ, ਉਹ ਸਭ ਝੂਠੇ ਦਿਖਾਵੇ ਹਨ। ਜਿਹੜਾ ਬੰਦਾ ਨਾਮ ਨਾਲ ਪ੍ਰੀਤੀ ਨਹੀਂ ਪਾਂਦਾ, ਓਹ ਨਰਕਾਂ ਵਿਚ ਜਾਂਦਾ ਏ। ਜਿਸ ਬੰਦੇ ਨੇ ਹਰੀ ਦਾ ਨਾਮ, ਮਨ ਵਿਚ ਨਹੀਂ ਅਰਾਧਿਆ, ਉਹ ਚੋਰ ਦੀ ਨਿਆਈ, ਜਮਪੁਰੀ ਵਿਚ ਬੱਧਾ ਜਾਏਗਾ। ਨਾਮ ਤੋਂ ਬਿਨਾਂ, ਸਭ ਦਿਖਾਵਾ, ਝੂਠ ਹੈ। ਸ਼ਬਦ ਇੰਜ ਹੈ :-

**"ਨਾਮ ਬਿਨਾ ਜੋ ਪਹਿਰੈ ਖਾਇ ॥ ਜਿਉ ਕੂਕਰ ਜੂਠਨ ਮਹਿ ਪਾਇ ॥**
**ਨਾਮ ਬਿਨਾ ਜੇਤਾ ਬਿਉਹਾਰੁ ॥ ਜਿਉ ਮਿਰਤਕ ਮਿਥਿਆ ਸੀਗਾਰੁ ॥**
**ਨਾਮੁ ਬਿਸਾਰਿ ਕਰੇ ਰਸ ਭੋਗ ॥ ਸੁਖੁ ਸੁਪਨੈ ਨਹੀ ਤਨ ਮਹਿ ਰੋਗ ॥**
**ਨਾਮੁ ਤਿਆਗਿ ਕਰੇ ਅਨ ਕਾਜ ॥ ਬਿਨਸਿ ਜਾਇ ਝੂਠੇ ਸਭਿ ਪਾਜ ॥**
**ਨਾਮ ਸੰਗਿ ਮਨਿ ਪ੍ਰੀਤਿ ਨ ਲਾਵੈ ॥ ਕੋਟਿ ਕਰਮ ਕਰਤੋ ਨਰਕਿ ਜਾਵੈ ॥**
**ਹਰਿ ਕਾ ਨਾਮੁ ਜਿਨਿ ਮਨਿ ਨ ਆਰਾਧਾ ॥ ਚੋਰ ਕੀ ਨਿਆਈ ਜਮ ਪੁਰਿ ਬਾਧਾ ॥**
**ਲਾਖ ਅਡੰਬਰ ਬਹੁਤੁ ਬਿਸਥਾਰਾ ॥ ਨਾਮ ਬਿਨਾ ਝੂਠੇ ਪਾਸਾਰਾ ॥"** **ਪੰਨਾ 240**

**ਭਾਵ ਅਰਥ :-** ਨਾਮ ਤੋਂ ਬਿਨਾਂ ਜੋ ਖਾਂਦਾ ਪਹਿਨਦਾ ਏ, ਉਹ ਉਸ ਕੁੱਤੇ ਦੀ ਨਿਆਈ ਹੈ, ਜੋ ਗੰਦਗੀ ਵਿਚ ਮੂੰਹ ਪਾਂਦਾ ਹੈ। ਨਾਮ ਤੋਂ ਬਿਨਾਂ, ਜਿੰਨਾ ਵੀ ਬਿਉਹਾਰ ਹੈ, ਉਹ ਮੁਰਦੇ ਦੇ ਸ਼ਿੰਗਾਰ ਵਰਗਾ ਹੈ। ਨਾਮ ਨੂੰ ਵਿਸਾਰ ਕੇ ਜੋ ਰੰਗ ਰਸ ਮਾਣਦਾ ਹੈ, ਉਸ ਨੂੰ ਸੁਪਨੇ ਵਿਚ ਵੀ ਸੁਖ ਨਹੀਂ ਮਿਲਦਾ। ਐਸਾ ਬੰਦਾ ਰੋਗੀ ਹੋ ਜਾਂਦਾ ਏ। ਨਾਮ ਨੂੰ ਛੱਡ ਕੇ, ਜਿਹੜਾ ਹੋਰ ਕਰਮ ਕਰਦਾ ਏ, ਉਹਦੇ ਉਹ ਕਰਮ ਝੂਠੇ ਹਨ, ਉਹਦੇ ਸਭ ਦਿਖਾਵੇ ਵੀ ਝੂਠੇ ਹਨ। ਜਿਹੜਾ ਬੰਦਾ ਨਾਮ ਨਾਲ ਮਨ ਦੀ ਪ੍ਰੀਤੀ

ਨਹੀਂ ਲਾਉਂਦਾ ਤੇ ਹੋਰ ਕਰਮ ਕਾਂਡ ਕਰਦਾ ਹੈ, ਜੋ ਕਰੋੜਾਂ ਦੀ ਗਿਣਤੀ ਵਿਚ ਵੀ ਹੋਣ, ਉਹ ਨਰਕ ਵਿਚ ਜਾਂਦਾ ਹੈ। ਹਰੀ ਦੇ ਨਾਮ ਨੂੰ ਜਿਸ ਨੇ, ਮਨ ਵਿਚ ਨਹੀਂ ਸਿਮਰਿਆ, ਏਹੋ ਜਹਿਆਂ ਨੂੰ ਜਮਪੁਰੀ ਵਿਚ ਚੋਰ ਵਾਂਗ ਬੰਨ੍ਹਿਆਂ ਜਾਏਗਾ। ਨਾਮ ਤੋਂ ਬਿਨਾਂ ਲਖਾਂ ਹੀ ਦਿਖਾਵੇ ਤੇ ਪਸਾਰੇ ਸਭ ਝੂਠੇ ਹਨ।

ਇਥੇ ਹੀ ਬਸ ਨਹੀਂ। ਗੁਰਮਤਿ ਫਰਮਾਉਂਦੀ ਹੈ ਕਿ ਹਰੀ ਸਿਮਰਨ ਤੋ ਬਿਨਾਂ-ਹੋਰ ਕਰਮ ਕਾਂਡ ਧ੍ਰਿਕਾਰ ਯੋਗ ਹਨ। ਜਿਵੇਂ ਕਾਂ ਆਪਨੀ ਚੁੰਜ ਗੰਦਗੀ ਵਿਚ ਪਾਂਦਾ ਫਿਰਦਾ ਏ, ਇਵੇਂ ਹੀ ਉਹ ਬੰਦੇ ਹਨ। ਬਿਨਾਂ ਸਿਮਰਨ ਦੇ, ਕੁਤਿਆਂ ਵਰਗੇ ਕਰਮ ਕਰਨ ਵਾਲੇ ਹਨ। ਉਨ੍ਹਾਂ ਮਾਇਆ ਧਾਰੀਆਂ ਨੂੰ, ਗੁਰਮਤਿ ਵੇਸਵਾ ਦੇ ਪੁੱਤ੍ਰ ਆਖਦੀ ਏ, ਜਿਸ ਦੇ ਪਿਤਾ ਦਾ ਨਾਮ ਨਹੀਂ ਹੁੰਦਾ। ਬਿਨਾ ਸਿਮਰਨ ਦੇ ਬੰਦਾਂ ਸਿੰਗਾਂ ਵਾਲੇ ਭੇਡੂ ਦੀ ਨਿਆਈ ਹੈ। ਸਿਮਰਨ ਤੋਂ ਖਾਲੀ ਬੰਦੇ, ਸਦਾ ਝੂਠ ਬੋਲਦੇ ਹਨ, ਤੇ ਉਹ ਉਨ੍ਹਾਂ ਦੇ ਮੂੰਹ ਕਾਲੇ ਹਨ। ਉਹ ਸਿਮਰਨ ਤੋਂ ਬਿਨਾਂ ਖੋਤੇ ਦੇ ਵਾਂਗ ਹਨ, ਜੋ ਖੋਤਾ ਰੂੜੀਆਂ ਤੇ ਚੁਗਦਾ ਤੇ ਲੇਟਦਾ ਹੈ। ਬਿਨਾਂ ਸਿਮਰਨ ਦੇ, ਬੰਦਾ ਹਲਕੇ ਕੁੱਤੇ ਵਾਂਗੂ ਹੈ, ਜੋ ਸਭ ਨੂੰ ਵੱਢਦਾ ਹੈ। ਇਵੇਂ ਹੀ ਮਾਇਆਧਾਰੀ ਹੁੰਦਾ ਏ, ਉਸ ਨੂੰ ਕੋਈ ਠੱਲ ਨਹੀਂ ਪੈਂਦੀ। ਬਿਨਾਂ ਸਿਮਰਨ, ਬੰਦਾ, ਆਤਮਘਾਤੀ ਹੈ। ਐਸਾ ਸਾਕਤ ਭਾਵ ਮਾਇਆ ਧਾਰੀ ਨੀਚ ਹੈ, ਉਸ ਦੀ ਕੋਈ ਕੁਲ ਨਹੀਂ ਤੇ ਜਾਤ ਨਹੀਂ। ਗੁਰਵਾਕ ਇਹ ਹੈ :-

**"ਬਿਨੁ ਸਿਮਰਨ ਧ੍ਰਿਗੁ ਕਰਮ ਕਰਾਸ ॥ ਕਾਗ ਬਤਨ ਬਿਸਟਾ ਮਹਿ ਵਾਸ ॥**
**ਬਿਨੁ ਸਿਮਰਨ ਭਏ ਕੂਕਰ ਕਾਮ ॥ ਸਾਕਤ ਬੇਸੁਆ ਪੂਤ ਨਿਨਾਮ ॥**
**ਬਿਨੁ ਸਿਮਰਨ ਜੈਸੇ ਸੀਙ ਛਤਾਰਾ ॥ ਬੋਲਹਿ ਕੂਰੁ ਸਾਕਤ ਮੁਖੁ ਕਾਰਾ ॥**
**ਬਿਨੁ ਸਿਮਰਨ ਗਰਧਭ ਕੀ ਨਿਆਈ ॥ ਸਾਕਤ ਥਾਨ ਭਰਿਸਟ ਫਿਰਾਹੀ ॥**
**ਬਿਨੁ ਸਿਮਰਨ ਕੂਕਰ ਹਰਕਾਇਆ ॥ ਸਾਕਤ ਲੋਭੀ ਬੰਧੁ ਨ ਪਾਇਆ ॥**
**ਬਿਨੁ ਸਿਮਰਨ ਹੈ ਆਤਮ ਘਾਤੀ ॥ ਸਾਕਤ ਨੀਚ ਤਿਸੁ ਕੁਲੁ ਨਹੀ ਜਾਤੀ ॥"**

**ਪੰਨਾ 239**

**ਭਾਵ ਅਰਥ :-** ਜਿਹੜੇ ਸੱਜਨ ਨਾਮ ਨੂੰ ਛੱਡ ਕੇ, ਹੋਰ ਕਰਮ ਕਾਂਡ ਤੇ ਆਚਾਰ ਦੇ ਪਰਚਾਰਕ ਹਨ, ਉਨ੍ਹਾਂ ਪਰਥਾਏ, ਗੁਰਮਤਿ ਫੁਰਮਾਉਂਦੀ ਏ ਕਿ ਉਨ੍ਹਾ ਦੇ ਸਰੀਰ, ਸੂਰ ਤੇ ਕੁੱਤੇ ਵਾਂਗ ਹਨ। ਤੁਕ ਇਹ ਹੈ :-

**"ਏਕ ਭਗਤਿ ਭਗਵਾਨ ਜਿਹ ਪ੍ਰਾਨੀ ਕੈ ਨਾਹਿ ਮਨਿ ॥**
**ਜੈਸੇ ਸੂਕਰ ਸੁਆਨ ਨਾਨਕ ਮਾਨੋ ਤਾਹਿ ਤਨੁ ॥"** **ਪੰਨਾ 1428**

**ਭਾਵ ਅਰਥ :-** ਹੇ ਨਾਨਕ ! ਜਿਨ੍ਹਾਂ ਦੇ ਮਨ ਵਿਚ ਏਕ ਭਗਵਾਨ ਦੀ ਭਗਤੀ ਨਹੀਂ ਹੈ, ਉਨ੍ਹਾ ਦੇ ਸਰੀਰ, ਸੂਰ ਤੇ ਕੁੱਤੇ ਜਾਣੋ। ਸੂਕਰ ਦਾ ਅਰਥ ਸੂਰ ਹੈ, ਤੇ ਸੁਆਨ ਦਾ ਅਰਥ ਕੁੱਤਾ ਹੈ।

ਹਰੀ ਦੇ ਨਾਮ ਤੋਂ ਬਿਨਾਂ ਕਿੰਨੀ ਹੀ ਸੁੰਦਰ ਦੇਹ ਹੋਵੇ, ਉਹ ਨੱਕ-ਕੱਟੀ ਹੈ। ਜਿਵੇ ਵੇਸਵਾ ਦੇ ਘਰ ਪੁਤ੍ਰ ਜੰਮੇ, ਤਾਂ ਉਸ ਦਾ ਨਾਮ ਧ੍ਰਕਟੀ (ਹਰਾਮੀ) ਪੈਂਦਾ ਏ। ਤੁਕ ਇਹ ਹੈ :-

**"ਹਰਿ ਕੇ ਨਾਮ ਬਿਨਾ ਸੁੰਦਰਿ ਹੈ ਨਕਟੀ ॥**
**ਜਿਉ ਬੇਸੁਆ ਕੇ ਘਰਿ ਪੂਤੁ ਜਮਤੁ ਹੈ ਤਿਸੁ ਨਾਮੁ ਪਰਿਓ ਹੈ ਧ੍ਰਕਟੀ ॥"** **ਪੰਨਾ 528**

**ਭਾਵ ਅਰਥ :-** ਹਰੀ ਦੇ ਨਾਮ ਤੋਂ ਬਿਨਾਂ, ਸੁੰਦਰ ਦੇਹ, ਨੱਕ ਕਟੀ ਹੈ। ਜਿਵੇਂ ਵੇਸਵਾ ਦੇ ਘਰ ਪੁੱਤ੍ਰ ਜੰਮ ਪਏ ਤਾਂ ਉਸ ਦਾ ਨਾਮ ਹਰਾਮੀ ਪੈਂਦਾ ਹੈ, ਇਵੇਂ ਹੀ, ਨਾਮ ਤੋਂ ਬਿਨਾਂ ਸਰੀਰ ਧ੍ਰਕਟੀ ਹੈ। ਧ੍ਰਕਟੀ, ਸੰਸਕ੍ਰਿਤ ਭਾਸ਼ਾ ਦਾ ਪਦ ਹੈ। ਅਰਥ ਹਰਾਮੀ (Bastard)। ਵੇਸਵਾ ਦਾ ਅਰਥ : ਰੰਡੀ, ਵਿਭਚਾਰਨ।

ਇਥੇ ਇਕ ਸੁਆਦਲੀ ਜੀਵਨ ਘਟਨਾ ਦੀ ਝਾਕੀ ਦਰਸਾਉਣੀ ਅਵਸ਼ ਜਾਪਦੀ ਏ। ਇਕੇਰਾ, ਕੁਝ ਵਿਦਵਾਨ (Ph. D)-ਜੋ ਨਾਮ ਵਿਚ ਵਿਸ਼ਵਾਸ ਨਹੀਂ ਕਰਦੇ ਸਨ ਤੇ ਜੋ ਸਿੱਖ ਬਾਣੇ ਵਿਚ ਸਨ-ਲੇਖਕ ਨਾਲ ਝਗੜ ਪਏ, ਆਖਣ, ''ਨਾਮ ਸ਼ਾਮ ਕੁਝ ਨਹੀਂ, ਕੇਵਲ ਆਚਾਰ ਬਣਾਉ।'' ਲੇਖਕ ਨੇ, ਉਤਲੇ ਦੋ ਪ੍ਰਮਾਣ-ਕੁੱਤੇ, ਸੂਰ ਤੇ ਹਰਾਮੀ ਅਰਥਾਂ ਵਾਲੇ ਦਿਤੇ ਤੇ ਪ੍ਰਮਾਣ ਸੁਣ ਕੇ ਧੌਣਾਂ ਹੇਠਾਂ ਕਰਕੇ,

ਨਸ ਗਏ। ਐਸੀਆਂ ਘਟਨਾਵਾਂ, ਹੋਰ ਕਈਆਂ ਥਾਵਾਂ ਤੇ ਵੀ ਹੋਈਆਂ ਹਨ ਤੇ ਹੁੰਦੀਆਂ ਰਹਿਣਗੀਆਂ। ਜਦ ਵੀ ਐਸੇ ਮਨਮਤੀਆਂ ਨਾਲ ਵਾਹ ਪੈ ਜਾਏ ਤਾਂ ਉਤਲੇ ਦਿੱਤੇ ਦੋ ਪ੍ਰਮਾਣ, ਪਾਠਕਜਨ ਚੇਤੇ ਕਰ ਲੈਣ, ਤੇ ਉਨ੍ਹਾ ਨੂੰ ਸੁਣਾ ਦਿਆ ਕਰਨ। ਨਸ ਜਾਣਗੇ। ਹੋਰ ਪ੍ਰਮਾਣ ਇਸ ਪਰਥਾਏ ਹੇਠਾਂ ਲਿਖੇ ਜਾਂਦੇ ਨੇ :-

**"ਜਿਨ ਹਰਿ ਹਿਰਦੈ ਨਾਮੁ ਨ ਬਸਿਓ ਤਿਨ ਮਾਤ ਕੀਜੈ ਹਰਿ ਬਾਂਝਾ ॥**

**ਤਿਨ ਸੁੰਞੀ ਦੇਹ ਫਿਰਹਿ ਬਿਨੁ ਨਾਵੈ ਓਇ ਖਪਿ ਖਪਿ ਮੁਏ ਕਰਾਂਝਾ ॥" ਪੰਨਾ 697**

**ਭਾਵ ਅਰਥ :-** ਜਿਨ੍ਹਾਂ ਦੇ ਮਨ ਵਿਚ ਨਾਮ ਨਹੀਂ ਵਸਿਆ, ਉਨ੍ਹਾ ਦੀ ਮਾਂ-ਹੇ ਹਰੀ-ਬਾਂਝ ਕਰੋ। ਭਾਵ ਅਗੋਂ ਨੂੰ ਇਹੋ ਜਿਹੇ ਪੁਤ੍ਰ ਨਾ ਜੰਮੇ। ਐਵੇ ਨਾਮ ਬਿਨਾਂ ਬੰਦੇ, ਖੱਪ ਖੱਪ ਤੇ ਕ੍ਰਿਝ ਕ੍ਰਿਝ ਕੇ ਮਰ ਰਹੇ ਹਨ। ਇਹ ਸ਼ੁਭ ਵਿਚਾਰ ਹੈ। ਇਹ ਗਾਲ੍ਹਾਂ, ਪ੍ਰੇਮ ਭਰੀਆਂ ਹਨ। ਨਾਮ ਤੋਂ ਬਿਨਾਂ, ਬੰਦਾ ਵਿਭਚਾਰੀ ਬਣ ਕੇ, ਸਮਾਜ ਤੇ ਭਾਰੂ ਹੋ ਕਰ, ਸਮਾਜ ਨੂੰ ਦੁਖੀ ਕਰਦਾ ਏ, ਤਾਂ ਤੇ ਇਹੋ ਜਿਹੇ ਬੰਦੇ ਨਾ ਜੰਮਣ, ਤਾਂ ਸਮਾਜ ਸੁਖ ਦਾ ਸਾਹ ਲੈਂਦਾ ਰਹੇਗਾ।

**"ਜਿਤੁ ਮੁਖਿ ਨਾਮੁ ਨ ਊਚਰਹਿ ਬਿਨੁ ਨਾਵੈ ਰਸ ਖਾਹਿ ॥**

**ਨਾਨਕ ਏਵੈ ਜਾਣੀਐ ਤਿਤੁ ਮੁਖਿ ਥੁਕਾ ਪਾਹਿ ॥" ਪੰਨਾ 473**

**ਭਾਵ ਅਰਥ :-** ਜਿਹੜਾ ਮੂੰਹ ਨਾਮ ਨਹੀਂ ਜਪਦਾ ਤੇ ਨਾਮ ਤੋਂ ਬਿਨਾਂ ਰਸ ਭੋਗਦਾ ਏ। ਹੇ ਨਾਨਕ ! ਉਸਦੇ ਮੁਖ ਤੇ ਥੁਕਾਂ ਪੈਂਦੀਆਂ ਹਨ।

**"ਜਿਨੀ ਗੁਰਮੁਖਿ ਹਰਿ ਨਾਮ ਧਨੁ ਨ ਖਟਿਓ ਸੇ ਦੇਵਾਲੀਏ ਜੁਗ ਮਾਹਿ ॥**

**ਓਇ ਮੰਗਦੇ ਫਿਰਹਿ ਸਭ ਜਗਤ ਮਹਿ ਕੋਈ ਮੁਹਿ ਥੁਕ ਨ ਤਿਨ ਕਉ ਪਾਹਿ ॥" ਪੰਨਾ 852**

**ਭਾਵ ਅਰਥ :-** ਜਿਨ੍ਹਾਂ ਨੇ ਗੁਰਮੁਖ ਬਣ ਕੇ, ਹਰੀ ਨਾਮ ਦਾ ਧਨ ਨਹੀਂ ਖਟਿਆ, ਉਹ ਜਗਤ ਵਿਚ ਦਿਵਾਲੀਏ ਦੀ ਨਿਆਈ ਹਨ। ਉਹ ਸਾਰੇ ਜਗ ਵਿਚ ਮੰਗਦੇ ਫਿਰਦੇ ਹਨ। ਕੋਈ, ਉਨ੍ਹਾਂ ਦੇ ਮੂੰਹ ਤੇ ਥੁੱਕ ਵੀ ਨਹੀਂ ਪਾਉਂਦਾ।

**"ਜਿਨੀ ਨਾਮੁ ਵਿਸਾਰਿਆ ਬਹੁ ਕਰਮ ਕਮਾਵਹਿ ਹੋਰਿ ॥**

**ਨਾਨਕ ਜਮ ਪੁਰਿ ਬਧੇ ਮਾਰੀਅਹਿ ਜਿਉ ਸੰਨ੍ਹੀ ਉਪਰਿ ਚੋਰ ॥" ਪੰਨਾ 1247**

**ਭਾਵ ਅਰਥ :-** ਜਿਨ੍ਹਾਂ ਨੇ ਨਾਮ ਵਿਸਾਰ ਦਿਤਾ ਏ, ਤੇ ਹੋਰ ਕਰਮ ਕਰਦੇ ਨੇ। ਹੇ ਨਾਨਕ ! ਇਹੋ ਜਿਹੇ, ਜਮਪੁਰੀ ਵਿਚ ਬਧੇ ਹੋਏ ਮਾਰਾਂ ਖਾਂ ਰਹੇ ਹਨ। ਜਿਵੇਂ ਸੰਨ੍ਹ ਲਾਂਦਾ ਚੋਰ, ਮੌਕੇ ਤੇ ਫੜਿਆ ਕੁਟ ਖਾਂਦਾ ਏ।

**"ਜਿਨੀ ਨਾਮੁ ਵਿਸਾਰਿਆ ਸੇ ਕਿਤੁ ਆਏ ਸੰਸਾਰਿ ॥**

**ਆਗੈ ਪਾਛੈ ਸੁਖੁ ਨਹੀ ਗਾਡੇ ਲਾਦੇ ਛਾਰੁ ॥" ਪੰਨਾ 1010**

**ਭਾਵ ਅਰਥ :-** ਜਿਨ੍ਹਾਂ ਨਾਮ ਵਿਸਾਰ ਦਿਤਾ ਏ, ਉਨ੍ਹਾਂ ਦਾ ਸੰਸਾਰ ਵਿਚ ਆਣਾ, ਐਵੇਂ ਬੇ-ਅਰਥ ਗਿਆ। ਉਨ੍ਹਾਂ ਨੂੰ ਕਿਤੇ ਵੀ ਸੁੱਖ ਨਹੀਂ ਲਭਦਾ। ਸੁਆਹ ਦੇ ਗੱਡੇ ਲੱਦ ਕਰ ਜਾ ਰਹੇ ਹਨ।

**"ਜਿਨ ਹਰਿ ਹਰਿ ਨਾਮੁ ਨ ਚੇਤਿਓ ਸੇ ਭਾਗਹੀਣ ਮਰਿ ਜਾਇ ॥**

**ਓਇ ਫਿਰਿ ਫਿਰਿ ਜੋਨਿ ਭਵਾਈਅਹਿ ਮਰਿ ਜੰਮਹਿ ਆਵੈ ਜਾਇ ॥**

**ਓਇ ਜਮ ਦਰਿ ਬਧੇ ਮਾਰੀਅਹਿ ਹਰਿ ਦਰਗਹ ਮਿਲੈ ਸਜਾਇ ॥ ਪੰਨਾ 996**

**ਭਾਵ ਅਰਥ :-** ਜਿਨ੍ਹਾ ਨੇ ਹਰੀ ਦਾ ਨਾਮ ਨਹੀ ਚੇਤਿਆ, ਉਹ ਬਦ-ਕਿਸਮਤ ਹਨ, ਐਵੇਂ ਮਰ ਕੇ ਜਾ ਰਹੇ ਹਨ। ਉਨ੍ਹਾ ਨੂੰ ਮੁੜ ਮੁੜ ਜੂਨੀਆਂ ਵਿਚ ਭਵਾਟੀਆਂ ਦਿਤੀਆਂ ਜਾਂਦੀਆਂ ਨੇ। ਉਹ ਆਵਾਗਉਣ ਦੇ ਚਕਰ ਵਿਚ ਪਏ, ਮਰਦੇ ਜੰਮਦੇ ਰਹਿੰਦੇ ਹਨ। ਉਨ੍ਹਾਂ ਨੂੰ ਹਰੀ ਦੇ ਦਰਬਾਰ ਵਿਚ ਸਜ਼ਾਵਾਂ ਮਿਲਦੀਆਂ ਹਨ। ਉਹ ਜਮਾਂ ਦੇ ਦਰ ਤੇ ਬੱਧੇ ਮਾਰਾਂ ਖਾ ਰਹੇ ਹਨ।

" ਧ੍ਰਿਗੁ ਧ੍ਰਿਗੁ ਖਾਇਆ ਧ੍ਰਿਗੁ ਧ੍ਰਿਗੁ ਸੋਇਆ
ਧ੍ਰਿਗੁ ਧ੍ਰਿਗੁ ਕਾਪੜੁ ਅੰਗਿ ਚੜਾਇਆ ॥
ਧ੍ਰਿਗੁ ਸਰੀਰੁ ਕੁਟੰਬ ਸਹਿਤ ਸਿਉ ਜਿਤੁ ਹੁਣਿ ਖਸਮੁ ਨ ਪਾਇਆ ॥
ਪਉੜੀ ਛੁੜਕੀ ਫਿਰਿ ਹਾਥਿ ਨ ਆਵੈ ਅਹਿਲਾ ਜਨਮੁ ਗਵਾਇਆ ॥" ਪੰਨਾ 796

**ਭਾਵ ਅਰਥ :-** 'ਧ੍ਰਿਗ' ਪਦ, ਹਿੰਦੀ ਭਾਸ਼ਾ ਦਾ ਪਦ ਹੈ। ਇਸ ਦੇ ਅਰਥ ਹਨ ਕਿ ਜੇ ਕਿਸੇ ਨੂੰ ਹਜ਼ਾਰ ਵਾਰੀ ਫਿਟਕਾਰ ਪਾਉਣੀ ਹੋਵੇ ਤਾਂ ਇਸ ਪਦ ਨੂੰ ਵਰਤੋ। ਹਜ਼ਾਰ ਫਿਟਕਾਰ ਹੈ ਉਨ੍ਹਾਂ ਨੂੰ ਜੋ ਨਾਮ ਤੋਂ ਬਿਨਾਂ ਖਾਂਦੇ, ਪਹਿਨਦੇ, ਮੌਜਾਂ ਮਾਣ ਰਹੇ ਹਨ। ਹਜ਼ਾਰ ਫਿਟਕਾਰ ਹੈ ਉਨ੍ਹਾਂ ਨੂੰ ਜੋ ਖਸਮ ਵਿਸਾਰ ਕੇ, ਸਰੀਰ ਦੀ ਪਾਲ ਪੋਸ ਤੇ ਕੁਟੰਬ ਨਾਲ ਜਕੜੇ ਪਏ ਹਨ। ਇਹ ਮਨੁੱਖਾਂ ਜਨਮ ਦੀ ਪੌੜੀ ਛੁਟੀ ਹੋਈ ਫਿਰ ਹੱਥ ਨਹੀਂ ਆਉਣੀ। ਇਹੋ ਜਿਹੇ ਬੰਦੇ ਆਪਣਾ ਅਮੁਲਾ ਜਨਮ ਬੇ-ਅਰਥ ਗਵਾ ਰਹੇ ਹਨ। ਮੁੜ ਕੇ ਇਹ ਮਨੁੱਖਾ ਦੇਹ ਨਹੀਂ ਮਿਲਣੀ। ਲੱਖ ਚੌਰਾਸੀ ਦੇ ਗੇੜ ਵਿਚ ਪੈ ਜਾਣਗੇ।

"ਖਾਂਦਿਆ ਖਾਂਦਿਆ ਮੁਹੁ ਘਠਾ ਪੈਨੰਦਿਆ ਸਭੁ ਅੰਗੁ ॥
ਨਾਨਕ ਧ੍ਰਿਗੁ ਤਿਨਾ ਦਾ ਜੀਵਿਆ ਜਿਨ ਸਚਿ ਨ ਲਗੋ ਰੰਗੁ ॥" ਪੰਨਾ 523

**ਭਾਵ ਅਰਥ :-** ਖਾਂਦਿਆਂ ਖਾਂਦਿਆਂ ਮੂੰਹ ਘਸ ਗਿਆ, ਤੇ ਪੈਨ੍ਹਦਿਆਂ ਸਾਰੇ ਅੰਗ ਰਹਿ ਗਏ। ਹੇ ਨਾਨਕ ! ਤਿੰਨਾਂ ਦਾ ਜੀਵਨ ਧ੍ਰਿਕਾਰ ਯੋਗ ਹੈ, ਜਿਨ੍ਹਾ ਦਾ ਸੱਚ ਨਾਲ ਪਿਆਰ ਨਹੀਂ ਲਗਾ।

"ਹਰਿ ਨਾਮੁ ਨ ਸਿਮਰਹਿ ਸਾਧਸੰਗਿ ਤੈ ਤਨਿ ਉਡੈ ਖੇਹ ॥
ਜਿਨਿ ਕੀਤੀ ਤਿਸੈ ਨ ਜਾਣਈ ਨਾਨਕ ਫਿਟੁ ਅਲੂਣੀ ਦੇਹ ॥" ਪੰਨਾ 553

**ਭਾਵ ਅਰਥ :-** ਜਿਹੜੇ ਹਰੀ ਦੇ ਨਾਮ ਨੂੰ ਸਾਧਸੰਗਿ ਵਿਚ ਨਹੀਂ ਸਿਮਰਦੇ, ਉਨ੍ਹਾ ਦੇ ਸਰੀਰ ਤੇ ਸੁਆਹ ਉਡਦੀ ਏ। ਜਿਸ ਪ੍ਰਭੂ ਨੇ ਇਹ ਦੇਹ ਦਿਤੀ ਏ, ਜੋ ਉਸ ਨੂੰ ਨਹੀਂ ਜਪਦਾ, ਹੇ ਨਾਨਕ ! ਉਸਦੀ ਦੇਹ ਅਲੂਣੀ ਹੈ, ਫਿਟਕਾਰ ਯੋਗ ਹੈ ਭਾਵ, ਬੇ-ਸੁਆਦੀ ਤੇ ਲਾਨ੍ਹਤ ਯੋਗ ਹੈ।

"ਧ੍ਰਿਗੁ ਖਾਣਾ ਧ੍ਰਿਗੁ ਪੈਨ੍ਣਾ ਜਿਨ੍ਾ ਦੂਜੈ ਭਾਇ ਪਿਆਰੁ ॥
ਬਿਸਟਾ ਕੇ ਕੀੜੇ ਬਿਸਟਾ ਰਾਤੇ ਮਰਿ ਜੰਮਹਿ ਹੋਹਿ ਖੁਆਰੁ ॥" ਪੰਨਾ 1347

**ਭਾਵ ਅਰਥ :-** ਹਜ਼ਾਰ ਫਿਟਕਾਰ ਹੈ ਉਨ੍ਹਾ ਦੇ ਖਾਣ ਪੀਣ ਤੇ, ਜਿਨ੍ਹਾਂ ਦਾ ਪਿਆਰ ਉਸ ਮਾਲਕ ਤੋ ਬਿਨਾਂ-ਉਸ ਦੀ ਦਿਤੀ ਚੀਜ਼ ਨਾਲ ਪੈ ਗਿਆ ਏ। ਉਹ ਗੰਦਗੀ ਦੇ ਕੀੜੇ ਹਨ ਤੇ ਖਜਲ ਖੁਆਰ ਹੋ ਕਰ, ਜੰਮ ਤੇ ਮਰ ਰਹੇ ਹਨ ਭਾਵ, ਜਨਮ ਮਰਨ ਦੇ ਗੇੜ ਵਿਚ ਪਏ ਹੋਏ ਹਨ।

"ਸਤਿਗੁਰੂ ਨ ਸੇਵਿਓ ਸਬਦੁ ਨ ਰਖਿਓ ਉਰ ਧਾਰਿ ॥
ਧਿਗੁ ਤਿਨਾ ਕਾ ਜੀਵਿਆ ਕਿਤੁ ਆਏ ਸੰਸਾਰਿ ॥" ਪੰਨਾ 1414

**ਭਾਵ ਅਰਥ :-** ਜਿਨ੍ਹਾਂ ਨੇ ਸਤਿਗੁਰੂ ਨਹੀਂ ਸੇਵਿਆ ਤੇ ਉਸ ਦੇ ਹੁਕਮ ਨੂੰ ਹਿਰਦੇ ਵਿਚ ਨਹੀਂ ਧਾਰਿਆ, ਉਨ੍ਹਾ ਦਾ ਜੀਵਨ ਫਿਟਕਾਰ ਯੋਗ ਹੈ। ਉਹ ਸੰਸਾਰ ਵਿਚ ਐਵੇ ਆਏ।

"ਜਿਨ ਹਰਿ ਹਰਿ ਹਰਿ ਰਸੁ ਨਾਮੁ ਨ ਪਾਇਆ ਤੇ ਭਾਗਹੀਣ ਜਮ ਪਾਸਿ ॥
ਜੋ ਸਤਿਗੁਰ ਸਰਣਿ ਸੰਗਤਿ ਨਹੀ ਆਏ ਧ੍ਰਿਗੁ ਜੀਵੇ ਧ੍ਰਿਗੁ ਜੀਵਾਸਿ ॥" ਪੰਨਾ 10

**ਭਾਵ ਅਰਥ :-** ਜਿਨ੍ਹਾਂ ਨੇ ਹਰੀ ਦੇ ਨਾਮ ਦਾ ਰਸ ਨਹੀਂ ਚਖਿਆ, ਉਨ੍ਹਾਂ ਮੰਦ ਭਾਗੀਆਂ ਦਾ ਵਾਸਾ ਜਮਪੁਰੀ ਵਿਚ ਹੋਸੀ। ਜੋ ਸਤਿਗੁਰੂ ਦੀ ਸੰਗਤਿ ਨਹੀਂ ਆਏ, ਉਨ੍ਹਾ ਦੇ ਬੀਤੇ ਜੀਵਨ ਤੇ ਹਜ਼ਾਰ ਫਿਟਕਾਰ ਹੈ ਤੇ ਅਗਲੇ ਜੀਵਨ ਤੇ ਵੀ ਧ੍ਰਿਕਾਰ ਹੈ।

"ਖਸਮੁ ਵਿਸਾਰਹਿ ਤੇ ਕਮਜਾਤਿ ॥ ਨਾਨਕ ਨਾਵੈ ਬਾਝੁ ਸਨਾਤਿ ॥" ਪੰਨਾ 10

**ਭਾਵ ਅਰਥ :–** ਜਿਹੜੇ ਉਸ ਪ੍ਰਭੂ ਦੇ ਨਾਮ ਨੂੰ ਵਿਸਾਰ ਦਿੰਦੇ ਹਨ, ਉਹ ਕੁ–ਨਸਲ ਹਨ। ਆਪਣੇ ਪਿਤਾ ਦੇ ਨਹੀਂ। ਹੇ ਨਾਨਕ ! ਨਾਮ ਤੋਂ ਬਿਨਾਂ ਐਸਾ ਬੰਦਾ, ਨੀਵੀ ਤੋਂ ਨੀਵੀ ਜਾਤ ਸੈਹਸੀ ਹੈ। 'ਸਨਾਤਿ' ਪਦ ਦਾ ਅਰਥ ਹੈ, ਕੁੱਤੇ ਖਾਣ ਵਾਲੀ ਜ਼ਾਤ।

**"ਖਾਣਾ ਪੀਣਾ ਹਸਣਾ ਸਉਣਾ ਵਿਸਰਿ ਗਇਆ ਹੈ ਮਰਣਾ ॥**

**ਖਸਮੁ ਵਿਸਾਰਿ ਖੁਆਰੀ ਕੀਨੀ ਧ੍ਰਿਗੁ ਜੀਵਣੁ ਨਹੀ ਰਹਣਾ ॥" ਪੰਨਾ 1254**

**ਭਾਵ ਅਰਥ :–** ਜਿਸਨੂੰ ਮੌਤ ਵਿਸਰ ਗਈ ਹੈ ਤੇ ਉਸਨੇ ਆਪਣੇ ਜੀਵਨ ਦਾ ਉਦੇਸ਼, ਕੇਵਲ ਖਾਣਾ, ਪੀਣਾ, ਸੌਣਾ ਤੇ ਹਸਣਾ ਬਣਾ ਲਿਆ ਹੈ। ਐਸੇ ਖਸਮ ਨੂੰ ਵਿਸਾਰਨ ਵਾਲੇ ਦਾ ਜੀਵਨ ਧ੍ਰਿਕਾਰ ਹੈ, ਤੇ ਉਹ ਖਜੱਲ ਖੁਆਰ ਹੋ ਰਿਹਾ ਹੈ। ਉਸਨੂੰ ਇਹ ਗੱਲ ਵਿਸਰ ਗਈ ਹੈ ਕਿ ਇਹ ਜੀਵਨ ਸਦਾ ਨਹੀਂ ਰਹਿਣਾ।

**"ਖਾਣਾ ਪੀਣਾ ਹਸਣਾ ਬਾਦਿ ॥ ਜਬ ਲਗੁ ਰਿਦੈ ਨ ਆਵਹਿ ਯਾਦਿ ॥" ਪੰਨਾ 351**

**ਭਾਵ ਅਰਥ :–** ਖਾਣਾ, ਪੀਣਾ ਤੇ ਹਸਣਾ ਬੇ-ਅਰਥ ਹੈ, ਜੇ ਉਸ ਪ੍ਰਭੂ ਦੀ ਯਾਦ ਮਨ ਵਿਚ ਨਹੀਂ ਹੈ।

**"ਨਾਨਕ ਨਾਵਹੁ ਘੁਥਿਆ ਹਲਤੁ ਪਲਤੁ ਸਭੁ ਜਾਇ ॥**

**ਜਪੁ ਤਪੁ ਸੰਜਮੁ ਸਭੁ ਹਿਰਿ ਲਇਆ ਮੁਠੀ ਦੂਜੈ ਭਾਇ ॥**

**ਜਮ ਦਰਿ ਬਧੇ ਮਾਰੀਅਹਿ ਬਹੁਤੀ ਮਿਲੈ ਸਜਾਇ ॥ ॥ ਮ: ॥**

**ਸੰਤਾ ਨਾਲਿ ਵੈਰੁ ਕਮਾਵਦੇ ਦੁਸਟਾ ਨਾਲਿ ਮੋਹੁ ਪਿਆਰੁ ॥**

**ਅਗੈ ਪਿਛੈ ਸੁਖੁ ਨਹੀ ਮਰਿ ਜੰਮਹਿ ਵਾਰੋ ਵਾਰ ॥**

**ਤ੍ਰਿਸਨਾ ਕਦੇ ਨ ਬੁਝਈ ਦੁਬਿਧਾ ਹੋਇ ਖੁਆਰੁ ॥**

**ਮੁਹ ਕਾਲੇ ਤਿਨਾ ਨਿੰਦਕਾ ਤਿਤੁ ਸਚੈ ਦਰਬਾਰਿ ॥**

**ਨਾਨਕ ਨਾਮ ਵਿਹੂਣਿਆ ਨਾ ਉਰਵਾਰਿ ਨ ਪਾਰਿ ॥" ਪੰਨਾ 648**

**ਭਾਵ ਅਰਥ :–** ਹੇ ਨਾਨਕ ! ਨਾਮ ਤੋਂ ਖੁੰਝੇ ਬੰਦੇ ਦਾ ਲੋਕ ਤੇ ਪਰਲੋਕ ਨਸ਼ਟ ਹੋ ਜਾਂਦਾ ਏ। ਉਹਦਾ ਜਪ, ਤਪ ਤੇ ਸੰਜਮ ਸਭ ਮਾਇਆ ਠਗ ਲੈਂਦੀ ਏ। ਉਹ ਬੰਦਾਂ ਦ੍ਵੈਸ਼ ਵਿਚ ਠਗਿਆ ਜਾ ਰਿਹਾ ਹੈ। ਉਸਨੂੰ, ਜਮਾਂ ਦੇ ਦਰ ਬੱਧੇ ਹੋਏ ਨੂੰ, ਬੜੀਆਂ ਸਜ਼ਾਵਾਂ ਮਿਲ ਰਹੀਆਂ ਹਨ। ਇਹੋ ਜਿਹੇ ਮਨਮੁਖਾਂ ਦਾ ਸੰਤਾਂ ਨਾਲ ਵੈਰ ਰਹਿੰਦਾ ਏ ਤੇ ਦੁਸ਼ਟਾਂ ਨਾਲ ਮੋਹ ਤੇ ਪਿਆਰ ਰਹਿੰਦਾ ਏ। ਇਹੋ ਜਿਹਿਆਂ ਨੂੰ, ਅਗੇ ਪਿਛੇ ਸੁਖ ਨਹੀਂ ਮਿਲਦਾ। ਮੁੜ ਮੁੜ ਜਨਮ ਮਰਨ ਦੇ ਗੇੜ ਵਿਚ ਪਏ ਰਹਿੰਦੇ ਹਨ। ਇਹੋ ਜਿਹਿਆਂ ਦੀ ਤ੍ਰਿਸ਼ਨਾ ਕਦੇ ਨਹੀਂ ਬੁਝੱਦੀ ਤੇ ਦੁਚਿੱਤੇਪਨ ਵਿਚ ਖੱਜਲ ਖੁਆਰ ਹੋ ਰਹੇ ਹਨ। ਐਸੇ ਨਿੰਦਕਾਂ ਦੇ ਉਸ ਪ੍ਰਭੂ ਦੇ ਸੱਚੇ ਦਰਬਾਰ ਵਿਚ, ਮੂੰਹ ਕਾਲੇ ਹੋ ਰਹੇ ਹਨ। ਹੇ ਨਾਨਕ ! ਨਾਮ ਤੋਂ ਬਿਨਾਂ ਬੰਦਾ, ਅੱਧ ਵਿਚਕਾਰ ਡੋਬੇ ਖਾ ਰਿਹਾ ਹੈ। ਨਾ ਦਰਿਆ ਦੇ ਉਰਲੇ ਕੰਢੇ ਤੇ ਹੈ ਨਾ ਪਰਲੇ ਕੰਢੇ ਤੇ।

ਹੁਣ ਪ੍ਰਸ਼ੰਨ ਇਹ ਉਠਦਾ ਹੈ ਕਿ ਫਿਰ ਕੀ ਬੰਦਾ ਕੰਮ ਕਾਰ ਨਾ ਕਰੇ? ਕੀ ਗ੍ਰਿਹਸਤ ਤਿਆਗ ਕੇ ਜੰਗਲਾਂ ਵਿਚ ਜਾ ਵਸੇ ? ਕੀ ਪਹਾੜਾ ਤੇ ਚੜ੍ਹ ਜਾਏ ? ਜਾਂ ਲੰਮੀਆਂ ਗੁਫਾਵਾਂ ਵਿਚ ਜਾ ਬੈਠੇ ? ਗੁਰਮਤਿ ਇਹ ਨਹੀਂ ਫੁਰਮਾਉਂਦੀ। ਗੁਰਮਤਿ ਇਹ ਆਖਦੀ ਏ ਕਿ :–

**"ਘਾਲਿ ਖਾਇ ਕਿਛੁ ਹਥਹੁ ਦੇਇ ॥**

**ਨਾਨਕ ਰਾਹੁ ਪਛਾਣਹਿ ਸੇਇ ॥" ਪੰਨਾ 1245**

ਭਾਵ, ਕਿ ਜਿਹੜਾ ਬੰਦਾ ਮਿਹਨਤ ਕਰਕੇ ਖਾਂਦਾ ਹੈ ਤੇ ਫਿਰ ਹੱਥੋਂ ਕੁਝ ਦਿੰਦਾ ਵੀ ਹੈ, ਉਹੀ ਬੰਦਾਂ ਰਬ ਦਾ ਰਾਹ ਪਛਾਣੇਗਾ। ਗੁਰਮਤਿ ਵਿਹਲੇ ਆਦਮੀ ਨੂੰ ਦੁਰਕਾਰਦੀ ਏ, ਤੇ ਉਦਮ ਕਰਨ ਲਈ ਪ੍ਰੇਰਦੀ ਏ। ਵਿਹਲਾ ਬੰਦਾ, ਸਮਾਜ ਤੇ ਭਾਰੂ ਹੁੰਦਾ ਹੈ। ਗੁਰਮਤਿ ਸਪਸ਼ਟਤਾ ਦੇ ਨਾਲ ਉਪਦੇਸ਼ ਕਰਦੀ ਏ ਕਿ ਹਸੰਦਿਆਂ, ਖੇਡੰਦਿਆਂ, ਪੈਨ੍ਹੰਦਿਆਂ, ਖਾਵੰਦਿਆਂ ਹੀ ਬੰਦਾ, ਮਾਇਆ ਦੇ ਪ੍ਰਭਾਵ ਤੋਂ ਨਿਕਲ ਸਕਦਾ ਹੈ। ਪਰ ਇਹ ਗੱਲ ਤਦ ਹੀ ਹੁੰਦੀ ਏ, ਜਦ ਕਿ ਪੂਰੇ ਸਤਿਗੁਰੂ ਦਾ ਮਿਲਾਪ ਹੋਵੇ। ਤਾਂ ਫਿਰ ਪੂਰਾ ਸਤਿਗੁਰੂ-ਮਾਇਆ ਵਿਚ ਰਹਿੰਦੇ ਹੋਏ ਬੰਦੇ ਲਈ ਪੂਰੀ ਜੁਗਤੀ ਦਸਦਾ ਹੈ। ਜਿਸ ਨਾਲ ਬੰਦਾ ਸਾਰੇ ਕੰਮ ਕਾਜ ਕਰਦਾ ਹੋਇਆ ਵੀ ਮੁਕਤ ਹੋ ਜਾਂਦਾ ਏ। ਉਹ ਇਸ ਗੁਰਵਾਕ ਅਨੁਸਾਰ ''ਸਗਲ ਸੰਗਿ ਆਤਮਿ ਉਦਾਸ'' ਵਾਲਾ ਜੀਵਨ ਬਤੀਤ ਕਰਦਾ ਏ। ਧ੍ਰਿਕਾਰਾਂ ਤੇ ਫਿਟਕਾਰਾਂ ਉਨ੍ਹਾਂ ਨੂੰ ਗੁਰਮਤਿ ਪਾਂਦੀ ਏ, ਜੋ ਨਾਮ ਨਹੀਂ ਜਪਦੇ। ਪਰ ਜਿਸ ਮਨ ਵਿਚ, ਉਸ ਪਭੂ ਦੀ ਯਾਦ ਹੈ, ਉਸ ਲਈ ਹੁਕਮ ਇਹ ਹੈ ਕਿ :-

**"ਘਟਿ ਵਸਹਿ ਚਰਣਾਰਬਿੰਦ ਰਸਨਾ ਜਪੈ ਗੁਪਾਲ ॥**

**ਨਾਨਕ ਸੋ ਪ੍ਰਭੁ ਸਿਮਰੀਐ ਤਿਸੁ ਦੇਹੀ ਕਉ ਪਾਲਿ ॥" ਪੰਨਾ 554**

**ਅਰਥ :-** ਜਿਸ ਹਿਰਦੇ ਵਿਚ ਪ੍ਰਭੂ ਦੇ ਚਰਨ ਕਮਲ ਵਸਦੇ ਹਨ ਤੇ ਜਿਸ ਦੀ ਰਸਨਾ, ਉਸ ਪਾਲਣਹਾਰ ਨੂੰ ਜਪਦੀ ਏ। ਹੇ ਨਾਨਕ ! ਇਹ ਦੇਹ ਨੂੰ ਪਾਲ ਪੋਸ ਤੇ ਸਦਾ ਸਿਮਰਨ ਕਰਦਾ ਰਹਿ। ਤਾਂ ਤੇ ਸਿਧ ਹੋਇਆ ਕਿ ਫਿਟਕਾਰਾਂ, ਨਾਮ ਵਿਹੂਣਿਆਂ ਲਈ ਹਨ, ਗੁਰਮੁਖਾਂ ਲਈ ਨਹੀਂ।

**"ਸਤਿਗੁਰ ਕੀ ਐਸੀ ਵਡਿਆਈ ॥**

**ਪੁਤ੍ਰ ਕਲਤ੍ਰ ਵਿਚੇ ਗਤਿ ਪਾਈ ॥" ਪੰਨਾ 661**

**ਅਰਥ :-** ਸਤਿਗੁਰੂ ਦੀ ਐਸੀ ਮਹਿਮਾ ਹੈ ਕਿ (ਉਸ ਸਚੇ ਸਤਿਗੁਰੂ ਦੇ ਉਪਦੇਸ਼ ਨਾਲ) ਬੰਦਾ, ਪੁਤ੍ਰਾਂ, ਧੀਆਂ ਤੇ ਇਸਤ੍ਰੀ ਵਿਚ ਰਹਿੰਦਾ ਹੋਇਆ ਹੀ ਪਰਮਪਦ ਦੀ ਪ੍ਰਾਪਤੀ ਕਰ ਲੈਂਦਾ ਏ। (ਸੰਨਿਆਸ ਧਾਰਨ ਦੀ ਲੋੜ ਨਹੀਂ)।

**ਨਾਨਕ ਸਤਿਗੁਰਿ ਭੇਟਿਐ ਪੂਰੀ ਹੋਵੈ ਜੁਗਤਿ ॥**

**ਹਸੰਦਿਆ ਖੇਲੰਦਿਆ ਪੈਨੰਦਿਆ ਖਾਵੰਦਿਆ ਵਿਚੇ ਹੋਵੈ ਮੁਕਤਿ ॥"**

**ਪੰਨਾ 522**

**ਅਰਥ :-** ਹੇ ਨਾਨਕ ! ਸਤਿਗੁਰ ਦੇ ਮਿਲਾਪ ਨਾਲ ਪੂਰੀ ਜੁਗਤ (ਪ੍ਰਭੂ ਮਿਲਾਪ ਦੀ) ਮਿਲ ਜਾਂਦੀ ਏ। (ਫਿਰ) ਹੱਸਦਿਆਂ, ਖੇਡਦਿਆਂ, ਪੈਨ੍ਹਦਿਆਂ ਤੇ ਖਾਵੰਦਿਆਂ ਵਿਚੇ ਹੀ ਮੁਕਤੀ ਹੋ ਜਾਂਦੀ ਹੈ।

# (2)

# ਨਾਮ ਕੀ ਹੈ? ਉਸ ਦਾ ਸਰੂਪ ਕੀ? ਤੇ ਕਿਥੇ ਹੈ?

ਗੁਰਮਤਿ ਵਿਚ 'ਨਾਮ' ਦਾ ਅਰਥ, ਕੇਵਲ ਸੰਗਿਆ (Noun) ਨਹੀਂ ਹੈ। ਇਹ ਪਦ ਗੁਰਮਤਿ ਵਿਚ ਉਸ ਸਿਰਜਨਹਾਰ, ਪਾਲਨਹਾਰ, ਸਰਬ ਸਮਰੱਥ, ਸਰਬ ਵਿਆਪਕ, ਸਦਾ ਸਥਿਰ, ਡਰ ਰਹਿਤ, ਵੈਰ ਰਹਿਤ, ਅਮਰ ਹੋਂਦ, ਜੂਨ ਰਹਿਤ, ਸੁਤੇ ਪਰਕਾਸ਼ ਹੋਂਦ ਲਈ ਵਰਤਿਆ ਹੈ।

'ਨਾਮ' ਪਦ ਦੀ ਵਿਆਖਿਆ (Definition) ਗੁਰਬਾਣੀ ਵਿਚ ਇਹ ਹੈ :-

**"ਨਾਮ ਕੇ ਧਾਰੇ ਸਗਲੇ ਜੰਤ ॥ ਨਾਮ ਕੇ ਧਾਰੇ ਖੰਡ ਬ੍ਰਹਮੰਡ ॥**

**ਨਾਮ ਕੇ ਧਾਰੇ ਸਿਮ੍ਰਿਤਿ ਬੇਦ ਪੁਰਾਨ ॥ ਨਾਮ ਕੇ ਧਾਰੇ ਸੁਨਨ ਗਿਆਨ ਧਿਆਨ ॥**

**ਨਾਮ ਕੇ ਧਾਰੇ ਆਗਾਸ ਪਾਤਾਲ ॥ ਨਾਮ ਕੇ ਧਾਰੇ ਸਗਲ ਆਕਾਰ ॥**

**ਨਾਮ ਕੇ ਧਾਰੇ ਪੁਰੀਆ ਸਭ ਭਵਨ ॥...........................॥" ਪੰਨਾ 284**

**ਭਾਵ ਅਰਥ :-** 'ਧਾਰੇ' ਪਦ ਦੇ ਇਹ ਅਰਥ ਹਨ, ਕਿ ਕਿਸੇ ਸ਼ੈ ਨੂੰ ਰਚ ਕੇ, ਉਸ ਵਿਚ ਆਸਣ ਲਾ ਕੇ ਬੈਠ ਜਾਣਾ। ਨਾਮ ਨੇ ਹੀ ਸਾਰੀ ਰਚਨਾ ਰਚੀ ਹੈ। ਨਾਮ ਨੇ ਹੀ ਖੰਡ, ਬ੍ਰਹਿਮੰਡ, ਆਕਾਸ਼ ਤੇ ਪਾਤਾਲ ਰਚੇ ਹਨ। ਨਾਮ ਨੇ ਹੇ ਸਾਰੀ ਦ੍ਰਿਸ਼ਟ ਤੇ ਅਦ੍ਰਿਸ਼ਟ ਰਚਨਾ ਰਚੀ ਹੈ। ਨਾਮ ਨੇ ਹੀ ਸਾਰੀਆਂ ਪੁਰੀਆਂ ਤੇ ਸਾਰੇ ਭਵਨ ਰਚੇ ਹਨ ਤੇ ਰਚਨਾ ਕਰਕੇ, ਆਪਣੀ ਰਚਨਾ ਵਿਚ, ਆਸਣ ਲਾ ਕੇ ਬੈਠਾ ਹੋਇਆ ਹੈ ਤੇ ਸਾਰੀ ਰਚਨਾ ਨੂੰ ਪਾਲ ਪੋਸ ਰਿਹਾ ਹੈ।

ਯਥਾ :

**"ਆਪੀਨੈ੍ ਆਪੁ ਸਾਜਿਓ ਆਪੀਨੈ੍ ਰਚਿਓ ਨਾਉ ॥**

**ਦੁਯੀ ਕੁਦਰਤਿ ਸਾਜੀਐ ਕਰਿ ਆਸਣੁ ਡਿਠੋ ਚਾਉ ॥" ਪੰਨਾ 463**

ਨਾਮ ਨਿਰ-ਅਕਾਰ ਹੈ। ਨਾਮ ਸਰਬ ਸਮ੍ਰਥ ਸ਼ਕਤੀ ਹੈ। ਇਸ ਸ਼ਕਤੀ ਨੂੰ ਹੀ ਦਸਮ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ 'ਭਗਉਤੀ' ਸਿਖ ਪੰਥ ਦੀ ਅਰਦਾਸ ਵਿਚ ਆਖਿਆ ਹੈ। ਇਹ ਸ਼ਕਤੀ ਕਿੰਨੀ ਵੱਡੀ ਏ ? ਇਸ ਵੇਲੇ ਤਾਈ ਵਿਗਿਆਨਕਾਂ (Scientists) ਨੇ ਗਿਣੀ ਹੋਈ ਰਚਨਾ ਪਰਥਾਏ ਇੰਜ ਆਖਿਆ ਹੈ, ਕਿ ਦਸ ਕ੍ਰੋੜ ਆਂਕੜਿਆਂ ਨੂੰ ਦਸ ਕ੍ਰੋੜ ਨਾਲ ਜ਼ਰਬ ਦਿਉ ਤੇ ਉਤਰ ਨੂੰ, ਮੁੜ ਦਸ ਕ੍ਰੋੜ ਨਾਲ ਜ਼ਰਬ ਦਿੱਤੀ ਜਾਏ, ਐਨੇ ਬ੍ਰਹਿਮੰਡ (ਦੁਨੀਆਂ) ਗਿਣ ਲਏ ਹਨ। ਇਕ ਬ੍ਰਹਿਮੰਡ ਵਿਚ, ਇਕ ਧਰਤੀ, ਇਕ ਚੰਦ੍ਰਮਾਂ ਤੇ ਇਕ ਸੂਰਜ ਹੁੰਦੇ ਹਨ। ਇਹ ਤਾਂ ਅਮਰੀਕਾ ਦੇ ਟੈਲੀਸਕੋਪ (Telescope) ਨੇ ਦੁਨੀਆਂ ਗਿਣੀਆਂ ਹਨ। ਰੂਸ ਇਸ ਤੋਂ ਵਡਾ ਟੈਲੀਸਕੋਪ ਬਣਾ ਰਿਹਾ ਹੈ। ਉਸ ਵਿਚ ਇਨ੍ਹਾਂ ਤੋ ਵਧੇਰੇ ਬ੍ਰਹਿਮੰਡ ਗਿਣੇ ਜਾ ਸਕਣਗੇ। ਜਦ ਲੇਖਕ ਨੂੰ ਇਹ ਗੱਲ, ਇਕ ਪ੍ਰਸਿੱਧ ਸਾਇੰਸਦਾਨ ਨੇ ਦਸੀ ਤਾਂ ਲੇਖਕ ਮੁਸਕਰਾ ਪਿਆ। ਸਾਇੰਸਦਾਨ ਨੇ ਬੁਰਾ ਮੰਨਿਆ। ਝਟ ਲੇਖਕ ਨੇ, ਉਸ ਨੂੰ ਆਖਿਆ ਕਿ ਗੁਰੂ ਨਾਨਕ ਪਾਤਸ਼ਾਹ ਜੀ ਨੇ ਜਪੁਜੀ ਸਾਹਿਬ ਵਿਚ ਫੁਰਮਾਇਆ ਹੈ ਕਿ **"ਪਾਤਾਲਾ ਪਾਤਾਲ ਲਖ ਆਗਾਸਾ ਆਗਾਸ॥ ਓੜਕ ਓੜਕ ਭਾਲਿ ਥਕੇ ......॥"** ਉਸ ਨੇ ਇਸ ਤੁਕ ਦਾ ਅਰਥ ਪੁਛਿਆ। ਲੇਖਕ ਨੇ ਆਖਿਆ ਕਿ ਗੁਰੂ ਨਾਨਕ ਪਾਤਸ਼ਾਹ ਜੀ ਫੁਰਮਾਂਦੇ ਹਨ, ਕਿ ਲੱਖਾਂ ਹੀ ਆਕਾਸ਼ ਤੇ ਲੱਖਾਂ ਪਾਤਾਲ ਹਨ। ਉਨ੍ਹਾਂ ਦੀ ਗਿਣਤੀ ਕਰਨ ਵਾਲੇ ਹਾਰ ਗਏ, ਪਰ ਗਿਣਤੀ ਨਹੀਂ ਕਰ ਸਕੇ, ਕਿ ਕਿੰਨੇ ਬ੍ਰਹਿਮੰਡ ਹਨ। ਜਦ ਇਹ ਅਰਥ ਸੁਣੇ, ਤਾਂ ਉਹ ਗੁਰੂ ਨਾਨਕ ਪਾਤਸ਼ਾਹ ਜੀ ਦਾ ਸਿੱਖ ਬਣ ਗਿਆ। ਉਹ ਸਾਇੰਸਦਾਨ, ਸਿੱਖ ਰੂਪ ਵਿਚ ਹੀ ਸੀ ਤੇ ਕੇਸਾਧਾਰੀ ਸੀ, ਪਰ ਗੁਰਬਾਣੀ ਕਦੇ

ਨਹੀਂ ਪੜ੍ਹਦਾ ਸੀ। ਅਜ ਉਹ ਸਾਇੰਸਦਾਨ, ਲੰਗਰ ਦੇ ਜੂਠੇ ਭਾਂਡੇ ਮਾਂਜਦਾ ਹੈ ਤੇ ਪੱਕਾ ਸਿੱਖ ਬਣ ਗਿਆ ਹੈ। ਸਿਦਕ ਭਰੋਸੇ ਦੀ ਜਾਗਦੀ ਮੂਰਤੀ ਏ। ਜਪੁਜੀ ਸਾਹਿਬ ਦੇ ਗਿਆਨ ਖੰਡ ਵਿਚ ਫੁਰਮਾਣ ਹੈ ਕਿ :-

**"ਕੇਤੇ ਪਵਣ ਪਾਣੀ ਵੈਸੰਤਰ ਕੇਤੇ ਕਾਨ ਮਹੇਸ ॥**

**ਕੇਤੇ ਬਰਮੇ ਘਾੜਤਿ ਘੜੀਅਹਿ ਰੂਪ ਰੰਗ ਕੇ ਵੇਸ ॥**

**ਕੇਤੀਆ ਕਰਮ ਭੂਮੀ ਮੇਰ ਕੇਤੇ ਕੇਤੇ ਧੂ ਉਪਦੇਸ ॥**

**ਕੇਤੇ ਇੰਦ ਚੰਦ ਸੂਰ ਕੇਤੇ ਕੇਤੇ ਮੰਡਲ ਦੇਸ ॥**

**ਕੇਤੇ ਸਿਧ ਬੁਧ ਨਾਥ ਕੇਤੇ ਕੇਤੇ ਦੇਵੀ ਵੇਸ ॥**

**ਕੇਤੇ ਦੇਵ ਦਾਨਵ ਮੁਨਿ ਕੇਤੇ ਕੇਤੇ ਰਤਨ ਸਮੁੰਦ ॥**

**ਕੇਤੀਆ ਖਾਣੀ ਕੇਤੀਆ ਬਾਣੀ ਕੇਤੇ ਪਾਤ ਨਰਿੰਦ ॥**

**ਕੇਤੀਆ ਸੁਰਤੀ ਸੇਵਕ ਕੇਤੇ ਨਾਨਕ ਅੰਤੁ ਨ ਅੰਤੁ ॥" ਪੰਨਾ 7**

**ਇਸ ਦਾ ਅਰਥ :-** ਅਨਗਿਣਤ ਧਰਤੀਆਂ ਤੇ ਸੂਰਜ ਚੰਦਰਮੇ ਹਨ। ਅਨਗਿਣਤ ਮੰਡਲ ਤੇ ਦੇਸ ਹਨ। ਅਨਗਿਣਤ ਪਵਣ, ਪਾਣੀ ਤੇ ਅਗਨੀਆਂ ਹਨ। ਅਨਗਿਣਤ ਬ੍ਰਹਮੇ ਹਨ ਤੇ ਅਨਗਿਣਤ ਕ੍ਰਿਸ਼ਨ ਤੇ ਸ਼ਿਵਜੀ ਹਨ। ਬੇਅੰਤ ਰੂਪ ਤੇ ਰੰਗ ਵਾਲੇ ਵੇਸ ਹਨ। ਅਣਗਿਣਤ ਧ੍ਰ ਹਨ ਤੇ ਉਪਦੇਸ਼ ਦੇਣ ਵਾਲੇ ਹਨ। ਬੇਅੰਤ ਸਿਧ, ਬੁਧ, ਨਾਥ, ਦੇਵ, ਦਾਨਵ ਤੇ ਮੁਨੀ ਹਨ। ਬੇਅੰਤ ਰਤਨਾਂ ਨਾਲ ਭਰੇ ਸਮੁੰਦਰ ਹਨ। ਬੇਅੰਤ ਖਾਣੀਆਂ ਤੇ ਬਾਣੀਆਂ ਹਨ। ਅਣਗਿਣਤ ਰਾਜੇ ਤੇ ਮਹਰਾਜੇ ਹਨ। ਬੇਅੰਤ ਧਿਆਨੀ ਹਨ ਤੇ ਸੇਵਕ ਹਨ। ਹੇ ਨਾਨਕ ! ਕੋਈ ਇਨ੍ਹਾਂ ਦਾ ਅੰਤ ਨਹੀਂ ਪਾ ਸਕਦਾ (ਭਾਵ ਅਣਗਿਣਤ ਹਨ)। ਸਚਖੰਡ ਵਿਚ ਫੁਰਮਾਣ ਹੈ :-

**"ਸਚ ਖੰਡਿ ਵਸੈ ਨਿਰੰਕਾਰੁ ॥**

**ਕਰਿ ਕਰਿ ਵੇਖੈ ਨਦਰਿ ਨਿਹਾਲ ॥**

**ਤਿਥੈ ਖੰਡ ਮੰਡਲ ਵਰਭੰਡ ॥**

**ਜੇ ਕੋ ਕਥੈ ਤ ਅੰਤ ਨ ਅੰਤ ॥**

**ਤਿਥੈ ਲੋਅ ਲੋਅ ਆਕਾਰ ॥**

**ਜਿਵ ਜਿਵ ਹੁਕਮੁ ਤਿਵੈ ਤਿਵ ਕਾਰ ॥**

**ਵੇਖੈ ਵਿਗਸੈ ਕਰਿ ਵੀਚਾਰੁ ॥ ਨਾਨਕ ਕਥਨਾ ਕਰੜਾ ਸਾਰੁ ॥" ਪੰਨਾ 8**

**ਅਰਥ :-** ਨਿਰੰਕਾਰ ਵਿਚ ਬੇਸ਼ੁਮਾਰ ਖੰਡ ਹਨ, ਬ੍ਰਹਿਮੰਡ ਹਨ ਤੇ ਮੰਡਲ ਹਨ। ਉਨ੍ਹਾ ਦੀ ਗਿਣਤੀ ਨਹੀਂ ਹੋ ਸਕਦੀ। ਬੇਅੰਤ ਲੋਕ ਹਨ, ਬੇਅੰਤ ਆਕਾਰ ਹਨ। ਜਿਵੇਂ ਜਿਵੇਂ ਨਿਰੰਕਾਰ ਜੀ ਹੁਕਮ ਕਰਦੇ ਹਨ, ਤਿਵੇਂ ਤਿਵੇਂ ਸਾਰੀ ਰਚਨਾ, ਕਾਰ ਕਰ ਰਹੀ ਹੈ। ਪ੍ਰਭੂ ਜੀ ਆਪ ਸਭ ਦੀ ਸੰਭਾਲ ਕਰ ਰਹੇ ਹਨ ਤੇ ਖਿੜ ਰਹੇ ਹਨ। ਹੇ ਨਾਨਕ ! ਪ੍ਰਭੂ ਦੀ ਰਚਨਾ ਦਾ ਕੋਈ ਅੰਤ ਨਹੀਂ। ਅੰਤ ਨੂੰ ਵਰਣਨ ਕਰਨਾ ਬੜਾ ਕਠਨ ਹੈ। ਇਹ ਤਾਂ ਲੋਹਾ ਚਬਣਾ ਹੈ ਭਾਵ ਕੋਈ ਅੰਤ ਨਹੀਂ ਲੈ ਸਕਦਾ।

ਇਹ ਉਤਲੇ ਗੁਣਾਂ ਵਾਲੀ ਹਸਤੀ, ਸਭ ਦੀ ਮੂਲ ਤੇ ਅਨਾਦਿ ਹੈ। ਇਹ ਹਸਤੀ ਜੂਨ ਰਹਿਤ, ਸਰਬ ਸਮਰਥ ਤੇ ਅਪਾਰ ਹੈ। ਸਭ ਤੋਂ ਵਡਾਈ ਜੋਗ, ਤਿੰਨਾ ਕਾਲਾਂ ਵਿਚ ਵਡਾਈ ਭਰਪੂਰ, ਪਰਕਾਸ਼ ਰੂਪ, ਭੇਦ ਤੋਂ ਰਹਿਤ ਹੈ। ਇਹ ਮਹਾਨ ਹਸਤੀ ਸਭ ਦਾ ਮੂਲ ਤੇ ਦਾਤਾ ਹੈ। ਇਹ ਹਸਤੀ ਸਭ ਨੂੰ ਪਾਲਣ ਵਾਲੀ, ਸਭ ਨੂੰ ਮਾਰਨ ਵਾਲੀ ਤੇ ਸਭ ਦੀ ਫੇਰ ਮੌਤ ਹੈ।

ਇਹ ਹਸਤੀ ਹਰ ਥਾਂ ਬਿਰਾਜਮਾਨ ਹੈ, ਅਤੀਤ ਰੂਪ ਹੈ ਤੇ ਰਸ ਭਰਪੂਰ ਹੈ। ਇਸ ਹਸਤੀ ਦਾ ਨਾਮ, ਥਾਂ, ਜਾਤ, ਰੂਪ, ਰੰਗ ਤੇ ਨਿਸ਼ਾਨ ਨਹੀਂ ਹੈ। ਇਹ ਹਸਤੀ ਸਭ ਤੋਂ ਪਹਿਲਾਂ ਤੇ ਸਰਬ ਸਮਰਥ ਹੈ। ਉਦਾਰ ਸਰੂਪ ਹੈ, ਜੋ ਜਨਮ ਮਰਨ ਤੋਂ ਰਹਿਤ ਹੈ। ਇਹ ਹੀ ਸਭ ਦਾ ਮੁੱਢ ਕਾਰਨ ਹੈ ਤੇ ਪਰੀਪੂਰਨ ਹੈ। ਇਸ ਹਸਤੀ ਦਾ ਕੋਈ ਦੇਸ ਤੇ ਭੇਸ ਨਹੀਂ ਹੈ। ਨਾ ਹੀ ਇਸ ਦਾ ਕੋਈ ਰੂਪ ਰੇਖ ਹੈ। ਇਸ ਨੂੰ ਕੋਈ ਕਾਮਨਾ ਨਹੀਂ ਹੈ। ਜਿਥੇ ਕਿਤੇ, ਲਾਂਭਾਂ, ਸਾਂਭਾਂ ਵਿਚ ਪ੍ਰੇਮ ਰੂਪ ਹੋ ਕਰ ਪਸਰ ਰਹੀ ਹੈ। ਇਸ ਨੂੰ ਨਾਮ ਤੇ ਕਾਮਨਾ ਤੋਂ ਬਿਨਾਂ, ਦੇਖੀਦਾ ਹੈ। ਇਸ ਦਾ ਇਕ ਥਾਂ ਘਰ ਨਹੀਂ ਹੈ। ਇਹ ਸਾਰੇ ਥਾਂ ਤੇ ਸਾਰੇ ਭਵਨਾਂ ਵਿਚ ਮਾਨਨੀਕ ਹੈ। ਇਸਦਾ ਸਰੂਪ ਭਾਵ ਹੋਂਦ ਇਕ ਹੈ, ਪਰ ਦਰਸ਼ਨ ਅਨੇਕ ਹਨ, ਜੋ ਇਸ ਹਸਤੀ ਨੇ ਧਾਰਨ ਕੀਤੇ ਹੋਏ ਹਨ। ਅਨੇਕਾਂ ਖੇਡ ਖੇਡਦੀ ਹੋਈ ਤੇ ਖੇਡ ਦੀ ਸਮਾਪਤੀ ਕਰਦੀ ਹੋਈ, ਫਿਰ ਇਹ ਇਕ ਦੀ ਇਕ ਹੈ। ਇਸ ਹਸਤੀ ਦਾ ਭੇਦ ਵੇਦ, ਕਤੇਬ, ਤੇ ਦੇਵਤੇ ਨਹੀਂ ਜਾਣਦੇ। ਜਾਣਨ ਵੀ ਕਿਵੇਂ ? ਜਦ ਕਿ ਇਹ ਜਾਤ ਪਾਤ ਤੋਂ ਰਹਿਤ ਹੈ। ਇਹ ਜਨਮ ਮਰਨ ਤੋਂ ਰਹਿਤ ਹੈ। ਇਸ ਜਨਮ ਮਰਨ ਤੋਂ ਰਹਿਤ ਹਸਤੀ ਦਾ ਮਾਤਾ ਪਿਤਾ ਤੇ ਗੋਤ ਨਹੀਂ ਹੈ। ਇਸਦਾ ਅੱਟਲ ਹੁਕਮ ਚਹੁੰ ਚੱਕਾਂ ਵਿਚ ਵਰਤ ਰਿਹਾ ਹੈ, ਜਿਸ ਨੂੰ ਕਿ ਤਿੰਨੇ ਲੋਕ ਮੰਨਦੇ ਹਨ। ਸਾਰੇ ਸੰਸਾਰ ਵਿਚ ਸਾਰੀ ਸ੍ਰਿਸ਼ਟੀ ਜਪਦੀ ਹੈ-ਜਿਸਦਾ ਜਾਪ। ਇਸ ਸਭ ਤੋਂ ਮੁੱਢਲੀ ਹਸਤੀ ਦਾ ਵਜੂਦ ਆਦਿ ਤੋਂ ਰਹਿਤ ਹੈ। ਇਸੀ ਨੇ ਹੀ ਸਾਰੀ ਰਚਨਾ ਰਚੀ ਹੈ। ਇਹ ਪਰੀਪੂਰਨ ਅਪਾਰ ਤੇ ਸਮਰਥ ਹਸਤੀ ਪਵਿਤ੍ਰ ਤੇ ਭਰਪੂਰ ਹੈ। ਇਸੀ ਨੇ ਹੀ ਸਾਰੀ ਸ੍ਰਿਸ਼ਟੀ ਰਚੀ ਹੈ, ਪਰ ਇਹ ਆਪ ਸੁਤੇ ਪਰਕਾਸ਼ ਹੈ ਤੇ ਬਣਾਉਣ ਤੇ ਭੰਨਣ ਨੂੰ ਸਮਰਥ ਹੈ। ਇਹ ਸੰਪੂਰਨ ਅਕਾਲ ਪੁਰਖ ਹਸਤੀ, ਮੌਤ ਤੋਂ ਰਹਿਤ ਹੈ ਤੇ ਭੇਦ ਤੋਂ ਰਹਿਤ ਹੈ। ਇਹ ਭਰਮ ਤੋਂ ਰਹਿਤ ਹਸਤੀ ਧਰਮ ਦਾ ਘਰ ਹੈ, ਸਰੀਰ ਤੋਂ ਰਹਿਤ ਹੈ। ਇਹ ਅਭੇਖ, ਸਮਝ ਤੋਂ ਪਰੈ ਹੈ। ਇਸ ਹਸਤੀ ਦੇ ਸਰੀਰ, ਗੁਣ ਤੇ ਰੰਗ ਨਹੀਂ ਹਨ। ਇਹ ਜ਼ਾਤ ਪਾਤ ਵਾਲੀ ਤੇ ਹੋਰ ਨਾਮਾਂ ਵਾਂਗੂ ਨਹੀਂ ਹੈ। ਇਹ ਹਸਤੀ ਹੰਕਾਰ ਨੂੰ ਭੰਨਣ ਵਾਲੀ, ਪਾਪੀਆਂ ਨੂੰ ਨਾਸ਼ ਕਰਨ ਵਾਲੀ ਤੇ ਕਲਿਆਨ ਦਾਤਾ ਹੈ। ਆਪਣੇ ਆਪ ਤੋਂ ਹੈ, ਗੰਭੀਰ ਹੈ, ਉਪਮਾ ਤੋਂ ਰਹਿਤ ਹੈ। ਇਕ ਹੈ, ਵਿਆਪਕ ਹੈ ਤੇ ਨਿਰਲੇਪ ਹੈ। ਇਹ ਹਸਤੀ ਹਉਮੈ ਦੀ ਨਾਸ਼ਕ ਹੈ। ਸਭ ਨੂੰ ਲੈਅ ਕਰਨੇ ਵਾਲੀ ਹੈ। ਮੂਲ ਰੂਪ ਹੈ ਪਰ ਆਪ ਜਨਮ ਤੋਂ ਰਹਿਤ ਹੈ। ਇਸ ਹਸਤੀ ਦਾ ਕੋਈ ਸਰੀਰ ਨਹੀਂ। ਇਹ ਅਬਿਨਾਸ਼ੀ ਹੈ। ਇਹ ਨਿਰੰਕਾਰ ਹੈ। ਇਕ ਹੈ। ਵਿਆਪਕ ਤੇ ਬੇਅੰਤ ਹੈ। ਸਭ ਨੂੰ ਜੀਵਨ ਦੇਣ ਵਾਲੀ ਹੈ। ਸਭ ਨੂੰ ਨਾਸ਼ ਕਰਨ ਵਾਲੀ ਹੈ। ਸਭ ਦੀ ਪਾਲਣਾ ਕਰਨ ਵਾਲੀ ਹੈ। ਸਭ ਵਿਚ ਗੰਮਤਾ ਰਖਣ ਵਾਲੀ ਹੈ। ਸਭ ਦੇ ਮਾਰਨ ਵਾਲੀ ਹੈ। ਸਭ ਤੋਂ ਵਖਰੀ ਹੈ-ਹੋਂਦ। ਸਾਰੇ ਧਰਮ ਗ੍ਰੰਥ ਨਹੀਂ ਜਾਣਦੇ ਜਿਸਦੀ ਸ਼ਕਲ, ਰੰਗ ਤੇ ਚਿੰਨ੍ਹ। ਸੰਪੂਰਨ ਵੇਦ ਤੇ ਪੁਰਾਨ ਜਿਸ ਨੂੰ ''ਇਹ ਨਹੀਂ'' ''ਇਹ ਨਹੀਂ'' ਕਹਿੰਦੇ ਹਨ। ਕ੍ਰੋੜਾ ਸਿਮ੍ਰਿਤੀਆਂ, ਪੁਰਾਣ ਤੇ ਸ਼ਾਸਤ੍ਰਾਂ ਕਰਕੇ ਉਹ ਮਨ ਵਿਚ ਨਹੀਂ ਆਉਂਦੀ। ਇਹ ਉਤਲੇ ਲਿਖੇ ਗੁਣ, ਉਸ ਮਹਾਨ ਹਸਤੀ ਦੇ, ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਜਾਪੁ ਸਾਹਿਬ ਵਿਚ ਰੂਆਲ ਛੰਦ **86** ਵਿਚ ਅੰਕਤ ਕੀਤੇ ਹਨ। ਜੋ ਇਸ ਤਰ੍ਹਾ ਹੈ :-

**"ਆਦਿ ਰੂਪ ਅਨਾਦਿ ਮੂਰਤਿ, ਅਜੋਨਿ ਪੁਰਖ ਅਪਾਰ॥**
**ਸਰਬ ਮਾਨ ਤ੍ਰਿਮਾਨ ਦੇਵ, ਅਭੇਵ ਆਦਿ ਉਦਾਰ॥**
**ਸਰਬ ਪਾਲਕ ਸਰਬ ਘਾਲਕ, ਸਰਬ ਕੋ ਪੁਨਿ ਕਾਲ॥**
**ਜੱਤ੍ਰ ਤੱਤ੍ਰ ਬਿਰਾਜਹੀ, ਅਵਧੂਤ ਰੂਪ ਰਸਾਲ॥**
**ਨਾਮ ਠਾਮ ਨ ਜਾਤਿ ਜਾਕਰ, ਰੂਪ ਰੰਗ ਨ ਰੇਖ॥**
**ਆਦਿ ਪੁਰਖ ਉਦਾਰ ਮੂਰਤਿ, ਅਜੋਨਿ ਆਦਿ ਅਸੇਖ॥**
**ਦੇਸ ਔਰ ਨ ਭੇਸ ਜਾਕਰ ਰੂਪ ਰੇਖ ਨ ਰਾਗ ॥**

ਜੱਤ੍ਰ ਤੱਤ੍ਰ ਦਿਸਾ ਵਿਸਾ ਹੁਇ ਫੈਲਿਓ ਅਨੁਰਾਗ ॥
ਨਾਮ ਕਾਮ ਬਿਹੀਨ ਪੇਖਤ ਧਾਮ ਹੂੰ ਨਹਿ ਜਾਹਿ ॥
ਸਰਬ ਮਾਨ ਸਰਬੱਤ੍ਰ ਮਾਨ ਸਦੈਵ ਮਾਨਤ ਤਾਹਿ ॥
ਏਕ ਮੂਰਤਿ ਅਨੇਕ ਦਰਸਨ ਕੀਨ ਰੂਪ ਅਨੇਕ ॥
ਖੇਲ ਖੇਲ ਅਖੇਲ ਖੇਲਨ ਅੰਤ ਕੋ ਫਿਰ ਏਕ ॥
ਦੇਵ ਭੇਵ ਨ ਜਾਨਹੀ ਜਿਹ ਬੇਦ ਅਉਰ ਕਤੇਬ ॥
ਰੂਪ ਰੰਗ ਨ ਜਾਤਿ ਪਾਤਿ ਸੁ ਜਾਨਈ ਕਿਹ ਜੇਬ ॥
ਤਾਤ ਮਾਤ ਨ ਜਾਤ ਜਾਕਰ ਜਨਮ ਮਰਨ ਬਿਹੀਨ ॥
ਚੱਕ੍ਰ ਬੱਕ੍ਰ ਫਿਰੈ ਚਤੁਰ ਚੱਕ ਮਾਨਹੀ ਪੁਰ ਤੀਨ ॥
ਲੋਕ ਚਉਦਹ ਕੇ ਬਿਖੈ ਜਗ ਜਾਪਹੀ ਜਿਹ ਜਾਪ ॥
ਆਦਿ ਦੇਵ ਅਨਾਦਿ ਮੂਰਤਿ ਥਾਪਿਓ ਸਬੈ ਜਿਹ ਥਾਪ ॥
ਪਰਮ ਰੂਪ ਪੁਨੀਤ ਮੂਰਤਿ ਪੂਰਨ ਪੁਰਖ ਅਪਾਰ ॥
ਸਰਬ ਬਿਸ੍ਵ ਰਚਿਓ ਸੁਯੰਭਵ ਗੜਨ ਭੰਜਨਹਾਰ ॥
ਕਾਲ ਹੀਨ ਕਲਾ ਸੰਜੁਗਤਿ ਅਕਾਲ ਪੁਰਖ ਅਦੇਸ ॥
ਧਰਮ ਧਾਮ ਸੁ ਭਰਮ ਰਹਿਤ ਅਭੂਤ ਅਲਖ ਅਭੇਸ ॥
ਅੰਗ ਰਾਗ ਨ ਰੰਗ ਜਾਕਹਿ ਜਾਤਿ ਪਾਤਿ ਨ ਨਾਮ ॥
ਗਰਬ ਗੰਜਨ ਦੁਸਟ ਭੰਜਨ ਮੁਕਤਿ ਦਾਇਕ ਕਾਮ ॥
ਆਪ ਰੂਪ ਅਮੀਕ ਅਨ ਉਸਤਤਿ ਏਕ ਪੁਰਖ ਅਵਧੂਤ ॥
ਗਰਬ ਗੰਜਨ ਸਰਬ ਭੰਜਨ ਆਦਿ ਰੂਪ ਅਸੂਤ ॥
ਅੰਗ ਹੀਨ ਅਭੰਗ ਅਨਾਤਮ ਏਕ ਪੁਰਖ ਅਪਾਰ ॥
ਸਰਬ ਲਾਇਕ ਸਰਬ ਘਾਇਕ ਸਰਬ ਕੋ ਪ੍ਰਤਿਪਾਰ ॥
ਸਰਬ ਗੰਤਾ ਸਰਬ ਹੰਤਾ ਸਰਬ ਤੇ ਅਨਭੇਖ
ਸਰਬ ਸਾਸਤ੍ਰ ਨ ਜਾਨਹੀ ਜਿਹ ਰੂਪ ਰੰਗ ਅਰੁ ਰੇਖ ॥
ਪਰਮ ਬੇਦ ਪੁਰਾਣ ਜਾਕਹਿ ਨੇਤ ਭਾਖਤ ਨਿੱਤ ॥
ਕੋਟਿ ਸਿੰਮ੍ਰਿਤਿ ਪੁਰਾਨ ਸਾਸਤ੍ਰ ਨ ਆਵਈ ਵਹੁ ਚਿੱਤ ॥"

ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਜਿਸ ਨੂੰ ਨਮਸਕਾਰ ਕੀਤੀ ਹੈ, ਉਸ ਦੇ ਗੁਣ ਸ੍ਰੀ ਹਜ਼ੂਰ ਫੁਰਮਾਉਂਦੇ ਹਨ :-

"ਪ੍ਰਣਵੋ ਆਦਿ ਏਕੰਕਾਰਾ ॥
ਜਲਿ ਥਲਿ ਮਹੀਅਲ ਕੀਓ ਪਸਾਰਾ ॥
ਅਦਿ ਪੁਰਖ ਅਬਿਗਤ ਅਬਿਨਾਸੀ ॥
ਲੋਕ ਚਤ੍ਰ ਦਸ ਜੋਤਿ ਪ੍ਰਕਾਸੀ ॥

ਹਸਤ ਕੀਟ ਕੇ ਬੀਚ ਸਮਾਨਾ ॥
ਰਵ ਰੰਕ ਜਿਹ ਇਕਸਰ ਜਾਨਾ ॥
ਅਦ੍ਵੈ ਅਲਖ ਪੁਰਖ ਅਬਿਗਾਮੀ ॥
ਸਭ ਘਟ ਘਟ ਕੇ ਅੰਤਰਜਾਮੀ ॥
ਅਲਖ ਰੂਪ ਅਛੈ ਅਨਭੇਖਾ ॥
ਰਾਗ ਰੰਗ ਜਿਹ ਰੂਪ ਨ ਰੇਖਾ ॥
ਬਰਨ ਚਿਨਹ ਸਭਹੂੰ ਤੇ ਨਿਆਰਾ ॥
ਆਦਿ ਪੁਰਖ ਅਦ੍ਵੈ ਅਬਿਕਾਰਾ ॥
ਬਰਨ ਚਿਹਨ ਜਿਹ ਤਾਤ ਨ ਮਾਤਾ ॥
ਸਤ੍ਰ ਮਿਤ੍ਰ ਜਿਹ ਤਾਤ ਨ ਮਾਤਾ ॥
ਸਭ ਤੇ ਦੂਰਿ ਸਭਨ ਤੇ ਨੇਰਾ ॥
ਜਲਿ ਥਲਿ ਮਹੀਅਲ ਜਾਹਿ ਬਸੇਰਾ ॥
ਅਨਹਦ ਰੂਪ ਅਨਾਹਦ ਬਾਨੀ ॥
ਚਰਨ ਸਰਨਿ ਜਿਹ ਬਸਤ ਭਵਾਨੀ ॥
ਬ੍ਰਹਮਾ ਬਿਸਨੁ ਅੰਤੁ ਨਹੀ ਪਾਇਓ ॥
ਨੇਤਿ ਨੇਤਿ ਮੁਖ ਚਾਰ ਬਤਾਇਓ ॥
ਕੋਟਿ ਇੰਦ੍ਰ ਉਪਇੰਦ੍ਰ ਬਣਾਏ ॥
ਬ੍ਰਹਮਾ ਰੁਦ੍ਰ ਉਪਾਇ ਖਪਾਏ ॥
ਲੋਕ ਚੱਤ੍ਰ ਦਸ ਖੇਲੁ ਰਚਾਇਓ ॥
ਬਹੁਰੁ ਆਪਹੀ ਬੀਚ ਮਿਲਾਇਓ॥
ਦਾਨਵ ਦੇਵ ਫਨਿੰਦ ਅਪਾਰਾ ॥
ਗੰਧ੍ਰਬ ਜੱਛ ਰਚੈ ਸੁਭਚਾਰਾ ॥
ਭੂਤ ਭਵਿਖ ਭਵਾਨ ਕਹਾਨੀ ॥
ਘਟ ਘਟ ਕੇ ਪਟ ਪਟ ਕੀ ਜਾਨੀ ॥
ਤਾਤ ਮਾਤ ਜਿਹ ਜਾਤ ਨ ਪਾਤਾ ॥
ਏਕ ਰੰਗ ਕਾਹੂ ਨਹੀ ਰਾਤਾ ॥
ਸਰਬ ਜੋਤਿ ਕੇ ਬੀਚ ਸਮਾਨਾ ॥
ਸਭਹੂੰ ਸਰਬ ਠੋਰ ਪਹਿਚਾਨਾ ॥
ਕਾਲ ਰਹਤ ਅਨਕਾਲ ਸਰੂਪਾ ॥
ਅਲਖ ਪੁਰਖ ਅਬਿਗਤ ਅਵਧੂਤਾ ॥
ਜਾਤ ਪਾਤ ਜਿਹ ਚਿਹਨ ਨ ਬਰਨਾ ॥
ਅਬਿਗਤ ਦੇਵ ਅਛੈ ਅਨਭਰਮਾ ॥

**ਸਭ ਕੋ ਕਾਲ ਸਭਨ ਕੋ ਕਰਤਾ ॥**
**ਰੋਗ ਸੋਗ ਦੋਖਨ ਕੋ ਹਰਤਾ ॥**
**ਏਕ ਚਿਤ ਜਿਹ ਇਕ ਛਿਨ ਧਿਆਇਓ ॥**
**ਕਾਲ ਫਾਸ ਕੇ ਬੀਚ ਨ ਆਇਓ ॥"**

(ਚੌਪਈ ਪਾਤਸ਼ਾਹੀ 10-ਅਕਾਲ ਉਸਤਿ)

**ਭਾਵ ਅਰਥ :-** ਸਭ ਤੋਂ ਪਹਿਲਾਂ ਮੈਂ ਇਕ ਓਅੰਕਾਰ ਨੂੰ ਨਮਸ਼ਕਾਰ ਕਰਦਾ ਹਾਂ ਜਿਸ ਨੇ ਜਲ, ਥਲ (ਖੁਸ਼ਕੀ ਤੇ ਸਮੁੰਦਰਾਂ ਵਿਚ) ਅਤੇ ਧਰਤੀ ਤੇ ਅਕਾਸ਼ ਵਿਚਕਾਰ ਪਾਸਾਰਾ ਕੀਤਾ ਹੋਇਆ ਹੈ। ਉਹ ਸਭ ਦੇ ਆਦਿ ਦੀ ਹਸਤੀ ਹੈ। ਜਿਸ ਦੀ ਗਤੀ ਨਹੀਂ ਜਾਣੀ ਜਾ ਸਕਦੀ, ਤੇ ਜੋ ਕਦੇ ਨਾਸ਼ ਨਹੀਂ ਹੁੰਦੀ। ਉਸ ਦੀ ਜੋਤ ਚੌਦਾਂ ਲੋਕਾਂ ਵਿਚ ਪ੍ਰਕਾਸ਼ ਰਹੀ ਹੈ। ਵਡੇ ਤੋਂ ਵਡੇ ਹਾਥੀ ਤੇ ਨਿਕੀ ਤੋਂ ਨਿਕੀ ਕੀੜੀ ਵਿਚ, ਉਹ ਸਮਾਇਆ ਹੋਇਆ ਹੈ। ਰਾਜੇ ਤੇ ਕੰਗਾਲ ਉਸ ਲਈ ਇਕੋ ਜਿਹੇ ਹਨ। ਉਸਦੇ ਬਰਾਬਰ ਕੋਈ ਨਹੀਂ। ਉਹ ਲਖਿਆ ਨਹੀਂ ਜਾ ਸਕਦਾ। ਉਹ ਯਥਾਰਥ ਗਿਆਨ ਦੀ ਹਸਤੀ ਹੈ। ਉਹ ਸਾਰੇ ਹਿਰਦਿਆਂ ਅੰਦਰ ਬੈਠਾ ਹੋਇਆ ਹੈ। ਉਸ ਦਾ ਰੂਪ ਲਿਖਿਆ ਨਹੀਂ ਜਾ ਸਕਦਾ। ਨਾ ਉਹ ਨਾਸ਼ ਹੋ ਸਕਦਾ ਹੈ ਤੇ ਨਾ ਹੀ ਉਸ ਦਾ ਕੋਈ ਭੇਖ ਹੈ। ਨਾ ਹੀ ਉਸ ਦੇ ਕੋਈ ਵੈਰੀ ਮਿਤਰ ਹਨ ਤੇ ਰਾਗ ਰੰਗ, ਰੂਪ ਰੇਖ ਵਾਲਾ ਭੀ ਉਹ ਨਹੀਂ ਹੈ। ਉਸ ਦਾ ਵਰਨ ਚਿਹਨ ਸਾਰਿਆਂ ਤੋਂ ਵਖਰਾ ਹੈ। ਉਹ ਮੁੱਢ ਤੋਂ ਹੈ। ਅਦੁਤੀ ਤੇ ਵਿਕਾਰ ਰਹਿਤ ਹੈ। ਜਿਸਦਾ ਰੰਗ ਰੂਪ ਤੇ ਜਾਤ ਪਾਤ ਕੋਈ ਨਹੀਂ। ਨਾ ਹੀ ਉਸ ਦਾ ਕੋਈ ਪਿਤਾ ਮਾਤਾ ਹੈ। ਉਹ ਇਸ ਕਰਕੇ ਸਰੂਪ ਵਿਚ ਸਭਨਾ ਤੋਂ ਦੂਰ ਹੈ ਪਰ ਵਸਦਾ ਹੈ ਸਭਨਾਂ ਦੇ ਨੇੜੇ। ਜਲ ਥਲ ਤੇ ਆਕਾਸ਼, ਧਰਤੀ ਦੇ ਵਿਚਕਾਰ, ਹਰ ਥਾਂ ਉਸਦਾ ਵਾਸਾ ਹੈ। ਰੂਪ ਉਸ ਦਾ ਅੱਟਲ ਹੈ ਤੇ ਬਾਣੀ ਉਸਦੀ ਆਪਣੇ ਆਪ ਹੋ ਰਿਹਾ ਬ੍ਰਹਮੰਡ ਦਾ ਸ਼ਬਦ ਹੈ। ਉਸ ਦੇ ਚਰਨਾਂ ਦੀ ਸ਼ਰਨ ਵਿਚ ਦੁਰਗਾ ਵੱਸਦੀ ਹੈ। ਉਸਦਾ ਅੰਤ ਨਾ ਬ੍ਰਹਮੇ ਨੇ ਪਾਇਆ ਤੇ ਨਾ ਵਿਸ਼ਨੂੰ ਨੇ। ਚਾਰ ਮੁੱਖਾਂ ਵਾਲੇ ਬ੍ਰਹਮੇ ਨੇ ਤਾਂ ਉਸ ਨੂੰ 'ਨੇਤਿ' 'ਨੇਤਿ' ਹੀ ਦਸਿਆ ਹੈ ਭਾਵ ਬੇਅੰਤ ਦਸਿਆ ਹੈ। ਜਿਸ ਨੇ ਕਰੋੜਾਂ ਇੰਦਰ ਤੇ ਬਾਮਨ ਆਦਿ ਮੰਨੇ ਜਾਂਦੇ ਅਵਤਾਰ ਬਣਾਏ। ਬ੍ਰਹਮਾ ਤੇ ਸ਼ਿਵਜੀ ਵਰਗੇ ਅਨੇਕਾਂ ਬਣਾ ਕੇ ਖਪਾ ਛਡੇ। ਚੌਦਾਂ ਲੋਕਾਂ ਵਿਚ ਵੀ ਐਸਾ ਅਨੋਖਾ ਖੇਲ ਰਚਾ ਛਡਿਆ ਹੈ ਤੇ ਫਿਰ ਆਪ ਵੀ ਅਲਗ ਨਹੀਂ ਬੈਠਾ, ਵਿਚੇ ਹੀ ਮਿਲ ਰਿਹਾ ਹੈ। ਰਾਖਸ਼, ਦੇਵਤੇ ਤੇ ਸ਼ੇਸ਼ ਨਾਗ ਵਰਗੇ ਅਣ-ਗਿਣਤ ਸ਼ੁਭ ਆਚਾਰ ਵਾਲੇ ਗੰਧ੍ਰਭ ਤੇ ਜੱਛ ਜਿਸ ਨੇ ਰਚੇ ਹਨ। ਜਿਸ ਦੀ ਕਹਾਣੀ ਬੀਤ ਗਏ ਸਮੇਂ ਵਿਚ ਹੁੰਦੀ ਰਹੀ, ਵਰਤਮਾਨ ਵਿਚ ਹੋ ਰਹੀ ਹੈ ਤੇ ਆਉਣ ਵਾਲੇ ਸਮੇਂ ਵਿਚ ਸਦਾ ਹੁੰਦੀ ਰਹੇਗੀ। ਉਹ ਹਰ ਹਿਰਦੇ ਦੇ ਪੜਦੇ ਪੜਦੇ ਦੀ ਜਾਣਦਾ ਹੈ। ਜਿਸ ਦਾ ਨਾ ਪਿਤਾ ਹੈ, ਨਾ ਮਾਤਾ, ਨਾ ਜਾਤ ਤੇ ਨਾ ਹੀ ਗੋਤ। ਖਾਸ ਕਿਸੇ ਇਕ ਵਿਚ ਵੀ, ਉਹ ਨਹੀਂ ਰੰਗਿਆ ਹੋਇਆ। ਸਾਰੇ ਪ੍ਰਕਾਸ਼ ਦੇ ਵਿਚ, ਉਹ ਸਮਾਇਆ ਹੋਇਆ ਹੈ। ਸਾਰੇ ਹੀ ਉਸ ਨੂੰ ਸਾਰੀਆਂ ਥਾਵਾਂ ਵਿਚ ਪਹਿਚਾਣ ਸਕਦੇ ਹਨ। ਉਹ ਕਾਲ ਤੋਂ ਰਹਿਤ ਅਕਾਲ ਸਰੂਪ ਹੈ। ਉਹ ਨਾ ਲਖੇ ਜਾਣ ਵਾਲਾ ਪੁਰਖ ਹੈ। ਸਰੀਰ ਰਹਿਤ ਤੇ ਸ਼ੁਧ ਸਰੂਪ ਹੈ। ਉਸਦੀ ਨਾ ਜਾਤ ਹੈ ਤੇ ਨਾ ਹੀ ਗੋਤ, ਨਾ ਕੋਈ ਚਿੰਨ੍ਹ ਤੇ ਨਾ ਕੋਈ ਰੰਗ। ਐਸਾ ਨਿਰੰਕਾਰ ਸਰੂਪ ਹੈ, ਜੋ ਬਿਨਾਂ ਭਰਮ ਤੇ ਅਬਿਨਾਸ਼ੀ ਹੈ। ਉਹ ਸਭਨਾਂ ਦਾ ਨਾਸ਼ ਕਰਨ ਵਾਲਾ ਵੀ ਹੈ ਤੇ ਸਭਨਾਂ ਦਾ ਰਚਨਹਾਰ ਵੀ ਹੈ। ਰੋਗਾਂ, ਸੋਗਾਂ ਤੇ ਦੋਖਾਂ ਨੂੰ ਦੂਰ ਕਰਨ ਵਾਲਾ ਹੈ। ਜਿਸ ਨੇ ਇਕ ਚਿਤ ਤੇ ਇਕ ਛਿਨ ਦੀ ਅਵਸਥਾ ਨਾਲ, ਉਸ ਨੂੰ ਧਿਆਇਆ ਹੈ, ਉਹ ਫੇਰ ਕਾਲ ਦੀ ਫਾਹੀ ਵਿਚ ਨਹੀਂ ਆਇਆ।

ਉਤਲੇ ਪ੍ਰਮਾਣ ਤੋਂ ਸਿਧ ਹੋਇਆ ਕਿ ਸਿੱਖਾਂ ਨੇ, ਉਤਲੇ ਦਿਤੇ ਗੁਣਾਂ ਵਾਲੇ ਨਾਮ ਨੂੰ ਧਿਆਉਣਾ ਹੈ। ਇਹ ਵੀ ਗੱਲ ਸਪਸ਼ਟ ਹੋ ਗਈ ਹੈ ਕਿ ਇਹ ਨਾਮ ਸਰਬ ਵਿਆਪਕ ਹੈ। ਜੇ ਇਹ

ਸਰਬ ਹੈ ਤਾਂ ਅਨੁਭਵ ਕਿਉਂ ਨਹੀ ਹੁੰਦਾ ? ਇਸਦਾ ਉੱਤਰ, ਸ੍ਰੀ ਗੁਰੂ ਅਮਰ ਦਾਸ ਜੀ ਦਿੰਦੇ ਹਨ ਕਿ ਨਾਮ ਗੁਪਤ ਤੌਰ ਤੇ ਕਲਜੁਗ ਵਿਚ ਵਰਤ ਰਿਹਾ ਹੈ ਤੇ ਹਰ ਇਕ ਹਿਰਦੇ ਵਿਚ ਭਰਪੂਰ ਹੈ। ਪਰ ਇਹ ਨਾਮ ਰਤਨ, ਤਿਨ੍ਹਾਂ ਹਿਰਦਿਆਂ ਵਿਚ ਪ੍ਰਗਟ ਹੁੰਦਾ ਹੈ, ਜੋ ਹਿਰਦਾ ਗੁਰੂ ਦੀ ਸ਼ਰਨ ਵਿਚ ਭੱਜ ਕੇ ਪੈ ਜਾਂਦਾ ਹੈ। ਯਥਾ :-

**"ਗੁਪਤਾ ਨਾਮੁ ਵਰਤੈ ਵਿਚਿ ਕਲਜੁਗਿ ਘਟਿ ਘਟਿ ਹਰਿ ਭਰਪੂਰਿ ਰਹਿਆ ॥**
**ਨਾਮੁ ਰਤਨੁ ਤਿਨਾ ਹਿਰਦੈ ਪ੍ਰਗਟਿਆ ਜੋ ਗੁਰ ਸਰਣਾਈ ਭਜਿ ਪਇਆ ॥" ਪੰਨਾ 1334**

**ਪੁਨਾ :- "ਘਰ ਹੀ ਮਹਿ ਅੰਮ੍ਰਿਤੁ ਭਰਪੂਰੁ ਹੈ ਮਨਮੁਖਾ ਸਾਦੁ ਨ ਪਾਇਆ ॥**
**ਜਿਉ ਕਸਤੂਰੀ ਮਿਰਗੁ ਨ ਜਾਣੈ ਭ੍ਰਮਦਾ ਭਰਮਿ ਭੁਲਾਇਆ ॥"**

**ਪੰਨਾ 644**

**ਅਰਥ :-** ਅੰਮ੍ਰਿਤ ਰੂਪੀ ਨਾਮ ਹਰ ਇਕ ਜੀਵ ਦੇ ਅੰਦਰ ਹੀ ਹੈ, ਪਰ ਮਨਮੁੱਖਾਂ ਨੂੰ ਇਹ ਸੁਆਦੀ ਨਾਮ ਪ੍ਰਾਪਤ ਨਹੀਂ ਹੁੰਦਾ। ਜਿਵੇਂ ਕਸਤੂਰੀ ਹਿਰਨ ਦੀ ਨਾਭੀ ਵਿਚ ਹੁੰਦੀ ਹੈ, ਪਰ ਉਸਨੂੰ ਇਸ ਗੱਲ ਦੀ ਸੋਝੀ ਨਹੀਂ ਤੇ ਉਹ ਉਸ ਦੀ ਖੋਜ ਲਈ ਝਾੜੀ ਝਾੜੀ ਵਿਚ ਭਰਮਦਾ ਹੈ।

ਸ੍ਰੀ ਗੁਰੂ ਤੇਗ ਬਹਾਦਰ ਸਹਿਬ ਜੀ ਫੁਰਮਾਉਂਦੇ ਹਨ ਕਿ, ''ਹੇ ਭਾਈ ! ਤੂੰ ਕਾਹਨੂੰ ਪ੍ਰਭੂ ਦੀ ਖੋਜ ਲਈ ਵਣਾਂ ਵਿਚ ਜਾਂਦਾ ਹੈ ? ਜੋ ਸਰਬ ਨਿਵਾਸੀ ਨਿਰਲੇਪ ਹਸਤੀ ਹੈ, ਉਹ ਤਾਂ ਤੇਰੇ ਨਾਲ ਸਮਾ ਰਹੀ ਹੈ। ਜਿਵੇਂ ਫੁਲ ਵਿਚ ਸੁਗੰਧੀ ਤੇ ਸ਼ੀਸ਼ੇ ਵਿਚ ਪ੍ਰਤਿਬਿੰਬ ਸਮਾਇਆ ਹੋਇਆ ਹੈ। ਇਸੇ ਤਰ੍ਹਾਂ ਹੀ ਹਰੀ ਤੇਰੇ ਵਿਚ ਹੈ। ਤਾਂ ਭਾਈ ! ਆਪਣੇ ਹਿਰਦੇ ਵਿਚ ਹੀ ਉਸ ਨੂੰ ਖੋਜ। ਪ੍ਰਮਾਣ ਇਹ ਹੈ :-

**"ਕਾਹੇ ਰੇ ਬਨ ਖੋਜਨ ਜਾਈ ॥**
**ਸਰਬ ਨਿਵਾਸੀ ਸਦਾ ਅਲੇਪਾ ਤੋਹੀ ਸੰਗਿ ਸਮਾਈ ॥ ॥ ਰਹਾਉ ॥**
**ਪੁਹਪ ਮਧਿ ਜਿਉ ਬਾਸੁ ਬਸਤੁ ਹੈ ਮੁਕਰ ਮਾਹਿ ਜੈਸੇ ਛਾਈ ॥**
**ਤੈਸੇ ਹੀ ਹਰਿ ਬਸੇ ਨਿਰੰਤਰਿ ਘਟ ਹੀ ਖੋਜਹੁ ਭਾਈ ॥"**

**ਪੰਨਾ 684**

ਸ੍ਰੀ ਗੁਰੂ ਅਰਜਨ ਦੇਵ ਜੀ ਫਰਮਾਉਂਦੇ ਹਨ ਕਿ ਹੇ ਭਾਈ ! ਹਰੀ ਦਾ ਨਾਮ, ਜੋ ਪਾਪਾਂ ਨੂੰ ਨਾਸ਼ ਕਰਨ ਵਾਲਾ ਦਾਰੂ ਹੈ,ਸਾਰਿਆਂ ਹਿਰਦਿਆਂ ਵਿਚ ਵਿਆਪਕ ਹੈ। ਪਰ ਬਿਨਾਂ ਪੂਰੇ ਗੁਰੂ ਤੋ ਇਸ ਨੂੰ ਪਰਗਟ ਕਰਨ ਦੀ ਵਿਧੀ ਨਹੀਂ ਬਣਦੀ। ਪੂਰੇ ਗੁਰੂ ਦੇ ਮਿਲਾਪ ਤੋਂ ਇਹ ਬਿਧੀ, ਪ੍ਰਗਟਾਣ ਦੀ, ਮਿਲਦੀ ਹੈ। ਪੂਰਾ ਗੁਰੂ, ਸਾਧਨ ਦਸਦਾ ਹੈ, ਕਿ ਇਹ ਗੁਪਤ ਹਰੀ ਕਿਵੇਂ ਪ੍ਰਗਟ ਹੁੰਦਾ ਹੈ। ਹੇ ਨਾਨਕ ! ਜਦ ਨਾਮ ਪ੍ਰਗਟ ਹੋ ਜਾਂਦਾ ਤਾਂ ਫਿਰ ਕੋਈ ਦੁੱਖ, ਕਲੇਸ਼, ਕਾੜਾ, ਸਾੜਾ ਤੇ ਦਲਗੀਰੀ ਨਹੀਂ ਹੁੰਦੀ।

ਪ੍ਰਮਾਣ ਇਹ ਹੈ :-

**"ਹਰਿ ਅਉਖਧੁ ਸਭ ਘਟ ਹੈ ਭਾਈ ॥**
**ਗੁਰ ਪੂਰੇ ਬਿਨੁ ਬਿਧਿ ਨ ਬਨਾਈ ॥**
**ਗੁਰਿ ਪੂਰੈ ਸੰਜਮੁ ਕਰਿ ਦੀਆ ॥**
**ਨਾਨਕ ਤਉ ਫਿਰਿ ਦੂਖ ਨ ਥੀਆ ॥" ਪੰਨਾ 259**

ਹੁਣ ਸੁਤੇ ਹੀ ਪ੍ਰਸ਼ਨ ਉਠਦਾ ਹੈ ਕਿ ਉਹ ਕਿਹੜੀ ਸ਼ੈ ਹੈ, ਜੋ ਨਾਮ ਨੂੰ ਹਰ ਜੀਵ ਵਿਚ ਗੁਪਤ ਰੱਖ ਰਹੀ ਹੈ ਤੇ ਪ੍ਰਗਟ ਨਹੀਂ ਹੋਣ ਦਿੰਦੀ ? ਇਸ ਦਾ ਉੱਤਰ, ਸਾਹਿਬ ਸ੍ਰੀ ਗੁਰੂ ਅਰਜਨ ਦੇਵ ਜੀ ਫੁਰਮਾਉਂਦੇ ਹਨ ਕਿ ਹਉਂ ਰੂਪੀ ਕੰਧ ਨੇ ਨਾਮ ਨੂੰ ਢੱਕ ਰੱਖਿਆ ਹੈ। ਉਸ ਨਾਮ ਦਾ ਵਾਸਾ, ਹਿਰਦੇ ਵਿਚ ਬਿਲਕੁਲ ਨੇੜੇ ਹੈ। ਇੰਨੀ ਵਿਥ ਹੈ ਜਿੰਨੀ ਕਿ ਤਿਤਲੀ ਦੇ ਖੰਭ ਹੁੰਦੇ ਹਨ। ਪਰ ਬਿਨਾਂ ਪੇਖੇ ਉਹ ਦੂਰ ਜਾਪਦਾ ਹੈ। ਤੁਕ ਇਵੇਂ ਹੈ :-

**"ਹਉ ਹਉ ਭੀਤਿ ਭਇਓ ਹੈ ਬੀਚੋ ਸੁਨਤ ਦੇਸਿ ਨਿਕਟਾਇਓ ॥**
**ਭਾਂਭੀਰੀ ਕੇ ਪਾਤ ਪਰਦੋ ਬਿਨੁ ਪੇਖੇ ਦੂਰਾਇਓ ॥"** **ਪੰਨਾ 624**

ਸ੍ਰੀ ਗੁਰੂ ਰਾਮਦਾਸ ਜੀ ਵੀ ਫੁਰਮਾਉਂਦੇ ਹਨ ਕਿ ਜੀਵ ਰੂਪੀ ਇਸਤਰੀ ਤੇ ਪਰਮਾਤਮਾ ਰੂਪੀ ਪਤੀ ਦਾ, ਇਕ ਹੀ ਥਾਂ ਵਾਸਾ ਹੈ। ਪਰੰਤੂ ਵਿਚਕਾਰ ਹਉਮੈ ਰੂਪੀ ਕੰਧ ਕਰੜੀ ਪਈ ਹੋਈ ਹੈ। ਜਦ ਪੂਰੇ ਗੁਰੂ ਦਾ ਮਿਲਾਪ ਹੋ ਜਾਏ, ਤਾਂ ਪੂਰਾ ਗੁਰੂ ਇਸ ਦੇ ਤੋੜਨ ਦਾ ਸਾਧਨ ਦਸਦਾ ਹੈ, ਤਾਂ ਇਹ ਕੰਧ ਟੁੱਟ ਜਾਂਦੀ ਹੈ ਤੇ ਬਨਵਾਰੀ ਮਿਲ ਪੈਂਦਾ ਹੈ। ਤੁਕ ਇਹ ਹੈ।

**ਧਨ ਪਿਰ ਕਾ ਇਕ ਹੀ ਸੰਗਿ ਵਾਸਾ ਵਿਚਿ ਹਉਮੈ ਭੀਤਿ ਕਰਾਰੀ ॥**
**ਗੁਰਿ ਪੂਰੈ ਹਉਮੈ ਭੀਤਿ ਤੋਰੀ ਜਨ ਨਾਨਕ ਮਿਲੇ ਬਨਵਾਰੀ ॥"** **ਪੰਨਾ 1263**

ਪੂਰੇ ਗੁਰੂ ਦੀ ਖੋਜ ਲਈ, ਭਜ ਦੌੜ ਕਰਨ ਦੀ ਲੋੜ ਨਹੀਂ। ਇਸ ਗੱਲ ਨੂੰ ਸਾਹਿਬ ਸ੍ਰੀ ਗੁਰੂ ਰਾਮਦਾਸ ਜੀ ਸਪਸ਼ਟ ਕਰ ਦਿੰਦੇ ਹਨ ਕਿ :-

**"ਨਾਨਕ ਗੁਰੂ ਗੁਰੂ ਹੈ ਪੂਰਾ ਮਿਲਿ ਸਤਿਗੁਰ ਨਾਮੁ ਧਿਆਇਆ ॥"**

**ਪੰਨਾ 882**

ਤੇ ਫੇਰ ਦੂਜੀ ਥਾਂ ਇਸ ਗੱਲ ਨੂੰ ਮੁੜ ਦ੍ਰਿੜ੍ਹਾਉਂਦੇ ਹਨ ਕਿ ਕਿਤੇ ਹੋਰ ਭੁਲੇਖੇ ਵਿਚ ਸਿੱਖ ਨਾ ਪੈ ਜਾਏ ਤੇ ਇਨ੍ਹਾਂ ਦੀ ਆੜ ਲੈ ਕਰ ਕੇ, ਬਿਨਾਂ ਪੂਰੇ ਗੁਰੂ ਤੋਂ ਹਉਮੈ ਦੀ ਕੰਧ ਨਹੀਂ ਟੁੱਟਦੀ, ਕੋਈ ਕੁਰਾਹੇ ਨਾ ਪਾ ਦੇਵੇ। ਸ੍ਰੀ ਹਜ਼ੂਰ ਫਰਮਾਉਂਦੇ ਹਨ :-

**"ਨਾਨਕ ਗੁਰੂ ਗੁਰੂ ਹੈ ਸਤਿਗੁਰੁ ਮੈ ਸਤਿਗੁਰੁ ਸਰਨਿ ਮਿਲਾਵੈਗੋ ॥"**

**ਪੰਨਾ 1310**

ਇਨ੍ਹਾਂ ਉਤਲੇ ਦੋਵੇਂ ਪ੍ਰਾਮਣਾਂ ਦਾ ਭਾਵ ਅਰਥ ਇਹ ਹੈ ਕਿ ਗੁਰੂ ਨਾਨਕ ਹੀ ਪੂਰਾ ਗੁਰੂ ਹੈ। ਤਾਂ ਤੇ ਸਤਿਗੁਰੂ ਨਾਨਕ ਨੂੰ ਮਿਲ ਕਰ, ਸ੍ਰੀ ਗੁਰੂ ਰਾਮਦਾਸ ਜੀ ਫਰਮਾਉਂਦੇ ਹਨ ਕਿ ਉਨ੍ਹਾਂ ਨਾਮ ਧਿਆਇਆ ਹੈ।

ਤਾਂ ਤੇ ਸਾਨੂੰ ਇਨ੍ਹਾਂ ਤੁਕਾਂ ਨੂੰ ਸਦਾ ਚੇਤੇ ਰੱਖਣਾ ਚਾਹੀਦਾ ਹੈ ਤਾਂ ਕਿ ਪਾਖੰਡੀ ਗੁਰੂ ਕੁਰਾਹੇ ਨਾ ਪਾ ਦੇਣ।

ਹਾਂ ਜੀ, ਹੁਣ ਫੇਰ ਆਪਾਂ ਉਥੇ ਹੀ ਆ ਜਾਈਏ ਕਿ ਵਿਚਕਾਰਲੀ ਹਉਮੈ ਰੂਪੀ ਕੰਧ ਟੁੱਟੇ ਬਿਨਾਂ ਨਾਮ ਪ੍ਰਗਟ ਨਹੀਂ ਹੋ ਸਕਦਾ। ਹੁਣ ਫਿਰ ਸੁਤੇ ਪ੍ਰਸਨ ਹੁੰਦਾ ਹੈ ਕਿ ਹਉਮੈ ਕੀ ਹੈ ?

# (3)

# ਹਉਮੈ ਕੀ ਹੈ?

ਹਉਮੈ ਦੀ ਵਿਆਖਿਆ (Definition) ਗੁਰਮਤਿ ਵਿਚ ਇਹ ਹੈ :-

**"ਹਉਮੈ ਏਹਾ ਜਾਤਿ ਹੈ ਹਉਮੈ ਕਰਮ ਕਮਾਹਿ ॥**
**ਹਉਮੈ ਏਈ ਬੰਧਨਾ ਫਿਰਿ ਫਿਰਿ ਜੋਨੀ ਪਾਹਿ ॥**
**ਹਉਮੈ ਕਿਥਹੁ ਊਪਜੈ ਕਿਤੁ ਸੰਜਮਿ ਇਹ ਜਾਇ ॥**
**ਹਉਮੈ ਏਹੋ ਹੁਕਮੁ ਹੈ ਪਇਐ ਕਿਰਤਿ ਫਿਰਾਹਿ ॥**
**ਹਉਮੈ ਦੀਰਘ ਰੋਗੁ ਹੈ ਦਾਰੂ ਭੀ ਇਸੁ ਮਾਹਿ ॥**
**ਕਿਰਪਾ ਕਰੇ ਜੇ ਆਪਣੀ ਤਾ ਗੁਰ ਕਾ ਸਬਦੁ ਕਮਾਹਿ ॥**
**ਨਾਨਕੁ ਕਹੈ ਸੁਣਹੁ ਜਨਹੁ ਇਤੁ ਸੰਜਮਿ ਦੁਖ ਜਾਹਿ ॥" ਪੰਨਾ 466**

**ਭਾਵ ਅਰਥ :-** ਹਉਮੈ ਇਹ ਹੈ ਕਿ ਮਨੁੱਖ, ਇਕ ਆਪਣੀ ਵੱਖਰੀ ਹਸਤੀ ਮਿਥ ਕੇ, ਉਸ ਨੂੰ ਸਦਾ ਕਾਇਮ ਰੱਖਣ ਲਈ, ਉਪਰਾਲਾ ਆਰੰਭ ਦਿੰਦਾ ਹੈ। ਇਸ ਵੱਖਰੀ ਹੋਂਦ ਨੂੰ ਪੱਠੇ ਪਾ-ਪਾ ਕਰ ਤਕੜਾ ਕਰਦਾ ਰਹਿੰਦਾ ਹੈ। ਇਹ ਪੱਠੇ ਕਰਮ ਹੁੰਦੇ ਹਨ। ਜੋ ਜੋ ਕਰਮ, ਇਸ ਲਾਲਚ ਭਰੀ ਹਉਮੈ ਨੂੰ ਕਾਇਮ ਰੱਖਣ ਲਈ, ਉਹ ਕਰਦਾ ਹੈ, ਉਹ ਬੰਧਨ ਰੂਪ ਬਣ ਜਾਂਦੇ ਹਨ। ਯਥਾ :-

**ਜੋ ਜੋ ਕਰਮ ਕੀਓ ਲਾਲਚ ਲਗਿ ਤਿਹ ਤਿਹ ਆਪੁ ਬੰਧਾਇਓ ॥" ਪੰਨਾ 702**

ਇਹ ਕਰਮ ਬੰਧਨ ਰੂਪ ਹੋ ਕਰ, ਜੀਵ ਨੂੰ ਜਨਮ ਮਰਨ ਦੀਆਂ ਭਵਾਟੀਆਂ ਦਿਵਾਉਂਦੇ ਹਨ। ਸਿਧਾਂਤ ਇਹ ਹੈ ਕਿ ਜਦ ਤਾਂਈ ਜੀਵ, ਉਸ ਬ੍ਰਹਮ ਨਾਲ ਇਕਮਿਕ ਰਹਿੰਦਾ ਹੈ ਤਾਂ ਸੁਖੀ ਵਸਦਾ ਹੈ ਤੇ ਜਦ ਉਸ ਤੋ ਵੱਖਰੇ ਹੋ ਕਰ, ਆਪਣੀ ਵੱਖਰੀ ਹੋਂਦ ਬਣਾ ਲੈਂਦਾ ਹੈ, ਤੇ ਉਸ ਵੱਖਰੀ ਸ਼ਖਸੀਅਤ ਨੂੰ ਸਦਾ ਕਾਇਮ ਰੱਖਣ ਲਈ ਕਰਮ ਕਰਦਾ ਹੈ, ਤਾਂ ਉਹ ਕਰਮ ਬੰਧਨ ਰੂਪ ਹੋ ਕਰ ਟਕਰਦੇ ਹਨ ਤੇ ਆਵਾਗਵਨ ਦਾ ਚੱਕਰ ਟੁਰ ਪੈਂਦਾ ਹੈ। ਇਹ ਚੱਕਰ ਤਦ ਤਾਂਈ ਟੁਰਦਾ ਰਹਿੰਦਾ ਹੈ, ਜਦ ਤਾਂਈ ਕਿ ਇਹ ਭੁਲਿਆ ਜੀਵ, ਹਉਮੈ ਦੀ ਨਿਵਰਤੀ ਨਹੀਂ ਕਰਦਾ, ਤੇ ਮੁੜ ਉਸ ਬ੍ਰਹਮ ਵਿਚ ਨਹੀਂ ਸਮਾਉਂਦਾ।

ਹਉਮੈ ਦੇ ਪ੍ਰਭਾਵ ਹੇਠ ਆਇਆ ਜੀਵ, ਕੀ ਕੀ ਕਰਦਾ ਹੈ ? ਇਸ ਦਾ ਉੱਤਰ ਸ੍ਰੀ ਗੁਰੂ ਨਾਨਕ ਪਾਤਸ਼ਾਹੀ ਪਹਿਲੀ ਇਹ ਦਿੰਦੇ ਹਨ ਕਿ 'ਇਸ ਹਉਮੈ ਦੇ ਅਸਰ ਹੇਠ ਆਇਆ ਜੀਵ ਜੰਮਦਾ ਤੇ ਮਰਦਾ ਰਹਿੰਦਾ ਹੈ। ਇਸ ਅਧੀਨ ਜੀਵ, ਕਦੀ ਦਾਤਾਰ ਬਣ ਬਹਿੰਦਾ ਹੈ ਤੇ ਕਦੀ ਮੰਗਤਾ। ਕਦੀ ਖਟਦਾ ਹੈ ਤੇ ਕਦੀ ਗਵਾਉਂਦਾ ਹੈ। ਕਦੀ ਸਚਿਆਰ ਤੇ ਕਦੀ ਕੂੜਿਆਰ ਬਣਦਾ ਹੈ। ਕਦੇ ਪਾਪੀ ਤੇ ਕਦੇ ਪੁੰਨੀ ਹੋ ਜਾਂਦਾ ਏ। ਇਸ ਦਾ ਗੁਲਾਮ ਬਣਿਆ ਜੀਵ, ਕਦੇ ਨਰਕਾਂ ਵਿਚ ਤੇ ਕਦੇ ਸੁਰਗਾਂ ਵਿਚ ਆਉਂਦਾ ਜਾਂਦਾ ਰਹਿੰਦਾ ਹੈ। ਇਸ ਡਾਇਣ ਰੂਪੀ ਹਉਮੈ ਦੇ ਅਧੀਨ ਹੋਇਆ ਜੀਵ ਕਦੇ ਹੱਸਦਾ ਤੇ ਕਦੇ ਰੋਂਦਾ ਹੈ। ਕਦੇ ਇਹ ਪਾਪਾਂ ਨਾਲ ਭਰ ਜਾਂਦਾ ਹੈ ਤੇ ਕਦੀ ਸੋਚਦਾ ਹੈ ਕਿ ਇਨ੍ਹਾਂ ਤੋਂ ਛੁਟਕਾਰਾ ਪਾਵਾਂ। ਹਉਂ ਵਿਚ ਫਸਿਆ ਜੀਵ, ਮਨੁੱਖ ਜਾਤੀ ਦੀ ਜੂਨ ਨੂੰ ਖੋਹ ਬਹਿੰਦਾ ਹੈ ਤੇ ਹੋਰ ਜੂਨੀਆਂ ਵਿੱਚ ਸੁਟਿਆ ਜਾਂਦਾ ਹੈ। ਇਸ ਦੇ ਪ੍ਰਭਾਵ ਹੇਠਾਂ, ਕਦੀ ਮੂਰਖ ਤੇ ਕਦੀ ਸਿਆਣਾ ਬਣ ਬਹਿੰਦਾ ਹੈ। ਮੁਕਦੀ ਦੀ ਸਾਰ ਨਹੀਂ ਜਾਣਦਾ। ਹਉਮੈ ਵਿਚ ਮਾਇਆ ਇਕਤ੍ਰ ਕਰਦਾ ਹੈ ਤੇ ਮੰਦਰ ਤੇ ਬਗੀਚੇ ਬਣਾਂਦਾ ਹੈ। ਹਉਮੈ ਉਪਾਇ ਕੇ, ਪ੍ਰਭੂ ਨੇ ਜੰਤ ਪੈਦਾ ਕਰ ਦਿੱਤੇ ਹਨ। ਜਿਹੜਾ ਇਸ ਹਉਮੈ ਨੂੰ ਬੁਝ ਲੈਂਦਾ ਹੈ, ਉਹ ਵਾਹਿਗੁਰੂ ਦੇ ਦਰ ਦਾ ਸੋਝੀਵਾਨ ਹੋ ਜਾਂਦਾ ਹੈ। ਪਰ ਗਿਆਨ ਤੋ ਖਾਲੀ ਜੀਵ ਕਥਾ ਵਾਰਤਾ ਕਰ

ਕੇ ਪਰਸਪਰ, ਲੜ ਰਹੇ ਹਨ। ਹੇ ਨਾਨਕ ! ਆਪਣੇ ਕੀਤੇ ਕਰਮਾਂ ਅਨੁਸਾਰ ਲੇਖ, ਹੁਕਮੀ ਵਲੋ ਲਿਖੇ ਜਾਂਦੇ ਹਨ। ਜੇਹੋ ਜਿਹਾ ਕੋਈ ਵੇਸ ਧਾਰਦਾ ਹੈ, ਉਹੋ ਜਿਹਾ ਉਹ ਬਣ ਜਾਂਦਾ ਹੈ। ਉਨ੍ਹਾਂ ਦਾ ਸਲੋਕ ਹੈ :-

"ਹਉ ਵਿਚਿ ਆਇਆ ਹਉ ਵਿਚਿ ਗਇਆ ॥
ਹਉ ਵਿਚਿ ਜੰਮਿਆ ਹਉ ਵਿਚਿ ਮੁਆ ॥
ਹਉ ਵਿਚਿ ਦਿਤਾ ਹਉ ਵਿਚਿ ਲਇਆ ॥
ਹਉ ਵਿਚਿ ਖਟਿਆ ਹਉ ਵਿਚਿ ਗਇਆ ॥
ਹਉ ਵਿਚਿ ਸਚਿਆਰੁ ਕੂੜਿਆਰੁ ॥
ਹਉ ਵਿਚਿ ਪਾਪ ਪੁੰਨ ਵੀਚਾਰੁ ॥
ਹਉ ਵਿਚਿ ਨਰਕਿ ਸੁਰਗਿ ਅਵਤਾਰੁ ॥
ਹਉ ਵਿਚਿ ਹਸੈ ਹਉ ਵਿਚਿ ਰੋਵੈ ॥
ਹਉ ਵਿਚਿ ਭਰੀਐ ਹਉ ਵਿਚਿ ਧੋਵੈ ॥
ਹਉ ਵਿਚਿ ਜਾਤੀ ਜਿਨਸੀ ਖੋਵੈ ॥
ਹਉ ਵਿਚਿ ਮੂਰਖੁ ਹਉ ਵਿਚਿ ਸਿਆਣਾ ॥
ਮੋਖ ਮੁਕਤਿ ਕੀ ਸਾਰ ਨ ਜਾਣਾ ॥
ਹਉ ਵਿਚਿ ਮਾਇਆ ਹਉ ਵਿਚਿ ਛਾਇਆ ॥
ਹਉਮੈ ਕਰਿ ਕਰਿ ਜੰਤ ਉਪਾਇਆ ॥
ਹਉਮੈ ਬੂਝੈ ਤਾ ਦਰੁ ਸੂਝੈ ॥
ਗਿਆਨ ਵਿਹੂਣਾ ਕਥਿ ਕਥਿ ਲੂਝੈ ॥
ਨਾਨਕ ਹੁਕਮੀ ਲਿਖੀਐ ਲੇਖੁ ॥
ਜੇਹਾ ਵੇਖਹਿ ਤੇਹਾ ਵੇਖੁ ॥" ਪੰਨਾ 466

ਜਦੋਂ ਦੂਜੀ ਪਾਤਸ਼ਾਹੀ ਸਾਹਿਬ ਸ੍ਰੀ ਗੁਰੂ ਅੰਗਦ ਦੇਵ ਜੀ ਨੂੰ ਇਹ ਪ੍ਰਸ਼ਨ ਕੀਤਾ ਕਿ "ਸ੍ਰੀ ਹਜ਼ੂਰ, ਇਹ ਹਉਮੈ ਕਿਥੋਂ ਉਪਜਦੀ ਹੈ ਤੇ ਕਿਹੜੇ ਤਰੀਕੇ ਨਾਲ ਜਾਂਦੀ ਹੈ ?" ਤਾਂ ਉੱਤਰ ਵਿਚ ਆਪ ਫੁਰਮਾਂਉਂਦੇ ਹਨ ਕਿ "ਭਾਈ ! ਹਉਮੈ ਹੁਕਮ ਨਾਲ ਬਣਾਈ ਗਈ ਹੈ। ਇਸਦੇ ਅਧੀਨ ਆਇਆ ਜੀਵ, ਆਪਣੇ ਕਰਮਾਂ ਅਨੁਸਾਰ, ਜਨਮ ਮਰਨ ਦੇ ਗੇੜੇ ਕਟਦਾ ਰਹਿੰਦਾ ਹੈ। ਹਉਮੈ ਵੱਡਾ ਰੋਗ ਹੈ। ਪਰ ਭਾਈ ! ਇਸ ਦਾ ਦਾਰੂ ਵੀ, ਸਿਰਜਨਹਾਰ ਨੇ, ਵਿਚ ਪਾ ਦਿੱਤਾ ਹੈ। ਉਹ ਇਹ ਹੈ ਜੋ ਉਸਦੀ ਕ੍ਰਿਪਾ ਹੋ ਜਾਏ ਤਾਂ ਹਉਮੈ ਵੇੜਿਆ ਜੀਵ, ਗੁਰੂ ਦਾ ਉਪਦੇਸ਼ ਕਮਾਉਣ ਲੱਗ ਪੈਂਦਾ ਹੈ। ਇਸ ਸਾਧਨ ਨੂੰ ਕਰਦਿਆਂ, ਜਨਮ ਮਰਨ ਦਾ ਦੁੱਖ ਦੂਰ ਹੋ ਜਾਂਦਾ ਹੈ। ਨਾਨਕ ਕਹਿੰਦਾ ਹੈ ਕਿ 'ਹੇ ਜਨੋ ! ਮੇਰੀ ਗੱਲ ਸੁਣੋ'।

ਸ੍ਰੀ ਗੁਰੂ ਨਾਨਕ ਪਾਤਸ਼ਾਹ ਜੀ ਫੁਰਮਾਉਂਦੇ ਨੇ ਕਿ ਜਿਸ ਨੇ ਵੀ ਆਪਣੀ ਵੱਖਰੀ ਹੋਂਦ ਬਣਾਈ ਹੈ, ਉਹ ਫੜਿਆ ਗਿਆ ਜਾਣੋ। ਫਿਰ ਸ੍ਰੀ ਹਜ਼ੂਰ ਫਰਮਾਉਂਦੇ ਹਨ :- "ਨਾ ਮੈਂ ਹਉਂ ਨੂੰ ਧਾਰਿਆ ਹੈ ਤੇ ਨਾਮ ਹੀ ਮੈਂ ਜੂਨੀਆਂ ਵਿਚ ਪਵਾਂਗਾ।" ਪ੍ਰਮਾਣ ਹੈ :-

"ਹੋਂਦਾ ਫੜੀਅਗੁ ਨਾਨਕ ਜਾਣੁ ॥
ਨਾ ਹਉ ਨਾ ਮੈ ਜੂਨੀ ਪਾਣੁ ॥" ਪੰਨਾ 1289

ਤਾਂ ਤੇ ਭੋਲਿਆ ! ਹਉਮੈ ਦੀ ਸੁਰਤੀ ਨੂੰ ਤਿਆਗ ਦੇ। ਹੇ ਮਨ ! ਹਉਮੈ ਨੂੰ ਵੀਚਾਰ ਦਵਾਰਾ ਮਾਰ। ਗੁਣਾਂ ਵਿਚੋਂ, ਇਹ ਸ੍ਰੇਸ਼ਟ ਗੁਣ ਧਾਰ। ਤੁਕ ਇਹ ਹੈ :-

"ਭੋਲਿਆ ਹਉਮੈ ਸੁਰਤਿ ਵਿਸਾਰਿ ॥
ਹਉਮੈ ਮਾਰਿ ਬੀਚਾਰਿ ਮਨ ਗੁਣ ਵਿਚਿ ਗੁਣੁ ਲੈ ਸਾਰਿ ॥" ਪੰਨਾ 1168

ਜਦ ਤਾਂਈ ਜੀਵ-ਇਸਤਰੀ ਵਿਚੋਂ, ਹਉਮੈ ਨਹੀਂ ਜਾਂਦੀ, ਤਦ ਤਾਂਈ ਉਹ ਪ੍ਰਭੂ-ਕੰਤ ਵਿਚ ਨਹੀਂ ਸਮਾ ਸਕਦੀ ਭਾਵ ਹਉਮੈ ਦੀ ਨਵਿਰਤੀ, ਕੰਤ ਵਿੱਚ ਮਿਲਾਉਂਦੀ ਹੈ ਤਾਂ ਜੀਵ-ਇਸਤਰੀ ਪਿਆਰੇ ਨਉਨਿਧਾਂ ਦੇ ਭੰਡਾਰੇ ਨੂੰ ਪਾ ਲੈਂਦੀ ਹੈ। ਯਥਾ :-

"ਹਉਮੈ ਜਾਈ ਤਾ ਕੰਤ ਸਮਾਈ ॥
ਤਉ ਕਾਮਣਿ ਪਿਆਰੇ ਨਵ ਨਿਧਿ ਪਾਈ ॥" ਪੰਨਾ 750

ਸ੍ਰੀ ਗੁਰੂ ਅਮਰਦਾਸ ਜੀ ਫੁਰਮਾਉਂਦੇ ਹਨ ਕਿ ਨਾਮ ਦਾ ਵਾਸਾ ਅੰਤਰ ਆਤਮੇ ਤਾਂ ਹੁੰਦਾ ਹੈ ਜਦ ਕਿ ਅੰਦਰਹੁ ਆਪਣੀ ਅਪਣੱਤ ਗਵਾਈ ਜਾਵੇ। ਤੁਕ ਇਹ ਹੈ :-

"ਨਾਨਕ ਨਾਮੁ ਵਸੈ ਮਨ ਅੰਤਰਿ ਵਿਚਹੁ ਆਪੁ ਗਵਾਈਐ ॥" ਪੰਨਾ 602

ਇਹ ਕਿਉਂ ? ਇਸਦਾ ਉੱਤਰ ਸ੍ਰੀ ਹਜ਼ੂਰ ਫਰਮਾਉਂਦੇ ਹਨ ਕਿ ਨਾਮ ਤੇ ਹਉਮੈ ਦਾ ਪਰਸਪਰ ਵਿਰੋਧ ਹੈ। ਦੋਵੇ ਇਕ ਥਾਂ ਨਹੀਂ ਵਸ ਸਕਦੇ। ਯਥਾ :-

"ਹਉਮੈ ਨਾਵੈ ਨਾਲਿ ਵਿਰੋਧੁ ਹੈ ਦੁਇ ਨ ਵਸਹਿ ਇਕ ਠਾਇ ॥" ਪੰਨਾ 560

ਚਤੁਰਾਈਆਂ ਤੇ ਸਿਆਣਪਾਂ ਨਾਲ, ਪ੍ਰਭੂ ਦਾ ਮਿਲਾਪ ਅਸੰਭਵ ਹੈ। ਜਿਹਾ ਕਿ ਹੇਠਲਾ ਪ੍ਰਮਾਣ ਸਿੱਧ ਕਰਦਾ ਹੈ :-

"ਆਪੁ ਗਵਾਈਐ ਤਾ ਸਹੁ ਪਾਈਐ ਅਉਰੁ ਕੈਸੀ ਚਤੁਰਾਈ ॥" ਪੰਨਾ 722

ਇਕੇਰਾਂ, ਸਾਹਿਬ ਸ੍ਰੀ ਗੁਰੂ ਅਰਜਨ ਦੇਵ ਜੀ ਨੂੰ ਜਗਿਆਸਾ ਭਾਵ ਵਾਲੇ ਸਿੱਖਾਂ ਨੇ ਪ੍ਰਸ਼ਨ ਕੀਤਾ ਕਿ ''ਪ੍ਰਭੂ ਮਿਲਾਪ ਦਾ ਰਾਹ ਦੱਸੋ?''। ਤਾਂ ਉੱਤਰ ਸ੍ਰੀ ਹਜ਼ੂਰ ਨੇ ਇੰਜ ਦਿੱਤਾ :-

"ਸੁਨਹੁ ਸਹੇਰੀ ਮਿਲਨ ਬਾਤ ਕਹਉ
ਸਗਰੋ ਅਹੰ ਮਿਟਾਵਹੁ ਤਉ ਘਰ ਹੀ ਲਾਲਨੁ ਪਾਵਹੁ ॥" ਪੰਨਾ 830

**ਭਾਵ ਅਰਥ :-** ਹੇ ਗੁਰਸਿੱਖ ਸਹੇਲੀਓ ! ਮੈਂ ਪ੍ਰਭੂ ਮਿਲਾਪ ਦੀ ਗਲ ਕਹਿੰਦਾ ਹਾਂ, ਉਹ ਇਹ ਹੈ ਕਿ ਸੰਪੂਰਨ ਹਉਮੈਂ ਨੂੰ ਮਿਟਾ ਦੇਵੋ, ਤਾਂ ਤੁਸੀ ਆਪਣੇ ਹਿਰਦੇ ਅੰਦਰ ਹੀ, ਪਿਆਰੇ ਪ੍ਰਭੂ ਨੂੰ ਪਾ ਲਵੋਗੀਆਂ।

ਇਕ ਵਾਰੀ, ਇਸੇ ਤਰ੍ਹਾਂ ਦੇ ਹੋਰ ਪ੍ਰਸ਼ਨ ਦੇ ਉੱਤਰ ਵਿੱਚ, ਸ੍ਰੀ ਗੁਰੂ ਅਰਜਨ ਦੇਵ ਜੀ ਨੇ ਫੁਰਮਾਇਆ, ਜਦ ਕਿ ਉਨ੍ਹਾਂ ਨੂੰ ਪੁੱਛ ਹੋਈ ਕਿ :-

"ਮੈ ਦਸਿਹੁ ਮਾਰਗੁ ਸੰਤਹੋ ਕਿਉ ਪ੍ਰਭੂ ਮਿਲਾਈਆ ॥
ਮਨੁ ਅਰਪਿਹੁ ਹਉਮੈ ਤਜਹੁ ਇਤੁ ਪੰਥਿ ਜੁਲਾਈਆ ॥" ਪੰਨਾ 1098

**ਭਾਵ ਅਰਥ :-** ਪ੍ਰਭੂ ਮਾਰਗ ਦਾ ਢੂੰਢਾਊ ਪੁਛਦਾ ਹੈ, ''ਕਿ ਸੰਤਹੁ! ! ਮੈਨੂੰ ਪ੍ਰਭੂ ਮਿਲਾਪ ਦਾ ਰਸਤਾ ਦੱਸੋ ?'' ਉੱਤਰ ਵਿਚ ਹੁਕਮ ਹੁੰਦਾ ਹੈ ਕਿ ''ਭਾਈ ! ਮਨ ਨੂੰ ਅਰਪ ਦੇ, ਤੇ ਹਉਮੈ ਨੂੰ ਤਿਆਗ ਦੇ। ਇਸ ਰਸਤੇ ਤੇ ਤੁਰਿਆਂ, ਪ੍ਰਭੂ ਦਾ ਮਿਲਾਪ ਹੋ ਜਾਂਦਾ ਹੈ।''

ਇਕ ਨਾਮ ਦੀ ਪ੍ਰਾਪਤੀ ਦੀ ਤੜਪ ਰੱਖਣ ਵਾਲੀ ਬ੍ਰਿਤੀ, ਅਨੁਭਵ ਦੇ ਦੇਸ਼ ਅੱਪੜੀ ਹੋਈ ਨੂੰ ਪੁੱਛਦੀ ਹੈ, ''ਮੈਂ ਸੋਹਾਗ ਮਾਣਨ ਵਾਲੀ ਸੋਹਾਗਣ ਨੂੰ ਪੁੱਛਦੀ ਹਾਂ ਕਿ ਤੁਸੀਂ ਕਿਵੇਂ ਮੇਰਾ ਪਿਆਰਾ ਪ੍ਰਭੂ ਪਾਇਆ ਹੈ ?'' ਉੱਤਰ ਵਿਚ ਨਾਮ ਰਸਾਇਣ ਬ੍ਰਿਤੀ ਆਖਦੀ ਹੈ, ''ਮੇਰੇ ਉਪਰਿ ਸਾਚੇ ਨੇ ਮਿਹਰ ਕੀਤੀ ਹੈ, ਜਦ ਕਿ ਮੈਂ ਆਪਣੀ ਮੇਰ-ਤੇਰ ਛੱਡ ਦਿੱਤੀ। ਹੇ ਭੈਣ ਜੀ ! ਤੁਸੀਂ ਸਾਰਾ ਤਨ, ਮਨ ਤੇ ਜੀਉ ਹਰੀ ਨੂੰ ਸਮਰਪਣ ਕਰ ਦੇਵੋ। ਇਸ ਮਾਰਗ ਤੇ ਟੁਰਿਆਂ, ਆਪਣਾ ਪ੍ਰਭੂ, ਮਿਹਰ ਦੀ ਨਜ਼ਰ ਕਰਕੇ ਵੇਖੇਗਾ ਤਾਂ ਤੁਹਾਡੀ ਜੋਤਿ, ਪ੍ਰਭੂ ਜੋਤਿ ਨਾਲ ਮਿਲ ਜਾਏਗੀ।'' ਪ੍ਰਮਾਣ ਇਹ ਹੈ :

"ਹਉ ਜਾਇ ਪੁਛਾ ਸੋਹਾਗ ਸੁਹਾਗਣਿ ਤੁਸੀ ਕਿਉ ਪਿਰੁ ਪਾਇਅੜਾ ਪ੍ਰਭੁ ਮੇਰਾ ॥

**ਮੈ ਊਪਰਿ ਨਦਰਿ ਕਰੀ ਪਿਰਿ ਸਾਚੈ ਮੈ ਛੋਡਿਅੜਾ ਮੇਰਾ ਤੇਰਾ ॥**
**ਸਭੁ ਮਨੁ ਤਨੁ ਜੀਉ ਕਰਹੁ ਹਰਿ ਪ੍ਰਭ ਕਾ ਇਤੁ ਮਾਰਗਿ ਭੈਣੇ ਮਿਲੀਐ ॥**
**ਆਪਨੜਾ ਪ੍ਰਭੁ ਨਦਰਿ ਕਰਿ ਦੇਖੈ ਨਾਨਕ ਜੋਤਿ ਜੋਤੀ ਰਲੀਐ ॥"**

**ਪੰਨਾ 561**

ਇਸ ਪ੍ਰਮਾਣ ਤੋ ਇਹ ਭੁਲੇਖਾ ਦੂਰ ਹੁੰਦਾ ਹੈ ਕਿ ਨਦਰ, ਭਾਵ ਬਖਸ਼ਸ਼, ਐਵੇ ਨਹੀਂ ਹੁੰਦੀ। ਬਖਸ਼ਸ਼ ਲਈ ਪਾਤ੍ਰ ਬਣਨ ਵਾਸਤੇ ਉਪਰਾਲਾ ਕਰਨਾ ਪੈਂਦਾ ਹੈ। ਉਹ ਹੈ ਕਿ ਤਨ, ਮਨ ਤੇ ਜੀਉ ਹਰੀ ਨੂੰ ਅਰਪਨ ਕਰਨੇ ਪੈਂਦੇ ਹਨ, ਤਾਂ ਪ੍ਰਭੂ ਮਿਹਰ ਦੀ ਦ੍ਰਿਸ਼ਟੀ ਕਰਦਾ ਹੈ-ਐਵੇਂ ਨਹੀਂ। ਪਾਪਾਂ ਨਾਲ ਵੇਹੜੇ ਹੋਏ ਆਖ ਛੱਡਦੇ ਹਨ ਕਿ "ਮਿਹਰ ਹੋਈ ਤਾਂ ਨਾਮ ਦੀ ਪ੍ਰਾਪਤੀ ਹੋ ਜਾਊ। ਬਿਨਾਂ ਮਿਹਰ ਕੁਝ ਨਹੀਂ ਬਣਦਾ।" ਉਹ ਇਸ ਗੁਰੂ ਦਰਸਾਏ ਸਿਧਾਂਤ ਨੂੰ ਗਹੁ ਨਾਲ ਵੀਚਾਰਨ। ਨਿਰਸੰਦੇਹ, ਮਿਹਰ ਬਿਨਾਂ ਨਾਮ ਦੀ ਪ੍ਰਾਪਤੀ ਨਹੀਂ। ਪਰ ਮਿਹਰ ਲਈ, ਗੁਰ ਦਰਸਾਇਆ ਹੁਕਮ ਮੰਨਣਾ ਜ਼ਰੂਰੀ ਹੈ। ਹੁਣ ਇਹ ਤਾਂ ਸਪਸ਼ਟ ਹੋ ਗਿਆ ਹੈ, ਕਿ ਜਦ ਤਾਂਈ ਅਪਣੱਤ ਹੈ ਤਦ ਤਾਂਈ ਨਾਮ ਸਾਖਿਆਤ ਨਹੀਂ ਹੁੰਦਾ। ਹੁਣ ਨਾਮ ਪਰਗਟ ਕਰਨ ਲਈ, ਜੋ ਸਾਧਨ ਗੁਰਮਤਿ ਫੁਰਮਾਉਂਦੀ ਹੈ, ਦਿੱਤੇ ਜਾਂਦੇ ਹਨ :-

**"ਹਉਮੈ ਮਾਇਆ ਮੋਹਣੀ ਦੂਜੈ ਲਗੈ ਜਾਇ ॥**
**ਨਾ ਇਹ ਮਾਰੀ ਨ ਮਰੈ ਨਾ ਇਹ ਹਟਿ ਵਿਕਾਇ ॥**
**ਗੁਰ ਕੈ ਸਬਦਿ ਪਰਜਾਲੀਐ ਤਾ ਇਹ ਵਿਚਹੁ ਜਾਇ ॥**
**ਤਨੁ ਮਨੁ ਹੋਵੈ ਉਜਲਾ ਨਾਮੁ ਵਸੈ ਮਨਿ ਆਇ ॥**
**ਨਾਨਕ ਮਾਇਆ ਕਾ ਮਾਰਣੁ ਸਬਦੁ ਹੈ**
**ਗੁਰਮੁਖਿ ਪਾਇਆ ਜਾਇ ॥"**

**ਪੰਨਾ 853**

**ਭਾਵ ਅਰਥ :-** ਹਉਮੈ ਮਾਇਆ ਮੋਹਣੀ ਹੈ। ਇਸਦੇ ਪਭਾਵ ਹੇਠ ਆਇਆ ਜੀਵ, ਮਾਇਆ ਦੇ ਪਤੀ ਨੂੰ ਛੱਡ ਕੇ, ਦੂਜੇ ਪਾਸੇ ਲੱਗ ਜਾਂਦਾ ਹੈ। ਇਹ ਮਾਰੀ ਹੋਈ ਨਹੀਂ ਮਰਦੀ ਹੈ, ਤੇ ਨਾ ਹੀ ਕਿਸੇ ਹੱਟੀ ਤੇ ਵਿਕਦੀ ਹੈ ਕਿ ਵੇਚ ਦੇਈਏ। ਇਹ ਹਉਮੈ, ਗੁਰੂ ਦੇ ਸ਼ਬਦ ਦੇ ਦੁਆਰਾ ਸਾੜੀ ਜਾਂਦੀ ਹੈ। ਤਾਂ ਇਹ ਵਿਚਹੁ ਚਲੀ ਜਾਂਦੀ ਹੈ। ਇਸ ਦੇ ਜਾਣ ਦਾ ਸਿੱਟਾ ਇਹ ਹੁੰਦਾ ਹੈ, ਕਿ ਤਨ ਤੇ ਮਨ ਪਵਿਤ੍ਰ ਹੋ ਜਾਂਦੇ ਹਨ, ਤੇ ਨਾਮ ਦਾ ਵਾਸਾ ਮਨ ਵਿਚ ਹੋ ਜਾਂਦਾ ਹੈ। ਹੇ ਨਾਨਕ ! ਮਾਇਆ ਦਾ ਮਾਰਨ ਗੁਰ ਸ਼ਬਦ ਹੈ, ਪਰ ਇਹ ਸ਼ਬਦ, ਗੁਰਸਿਖ ਬਣ ਕਰ ਪਾਇਆ ਜਾਂਦਾ ਹੈ।

ਉਤਲੇ ਲਿਖੇ ਪ੍ਰਮਾਣ ਵਿਚ, ਹਉਮੈ ਦੇ ਮਾਰਨ ਦਾ ਸਾਧਨ, ਨਿਰੂਪਣ ਹੈ। ਸਾਧਨ ਇਹ ਹੈ ਕਿ ਜਦ ਗੁਰੂ ਦੇ ਸ਼ਬਦ ਨਾਲ, ਇਹ ਹਉਮੈ ਸੜ ਜਾਂਦੀ ਹੈ ਤੇ ਨਾਮ ਮਨ ਅੰਦਰ ਵਸ ਜਾਂਦਾ ਹੈ। ਹੁਣ ਪ੍ਰਸ਼ਨ ਉਠਦਾ ਹੈ ਕਿ ਗੁਰੂ ਦਾ ਸ਼ਬਦ ਕੀ ਹੈ ? ਇਹ ਪ੍ਰਸ਼ਨ ਜਦ ਸਾਹਿਬ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਪੇਸ਼ ਹੋਇਆ, ਤਾਂ ਜੋ ਉੱਤਰ ਸ੍ਰੀ ਹਜ਼ੂਰ ਨੇ ਦਿੱਤਾ, ਉਹ ਹੇਠਾਂ ਅੰਕਿਤ ਹੈ :-

**"ਬਿਨਸੈ ਮੋਹੁ ਮੇਰਾ ਅਰੁ ਤੇਰਾ ਬਿਨਸੈ ਅਪਨੀ ਧਾਰੀ ॥**
**ਸੰਤਹੁ ਇਹਾ ਬਤਾਵਹੁ ਕਾਰੀ ॥ ਜਿਤੁ ਹਉਮੈ ਗਰਬੁ ਨਿਵਾਰੀ ॥ ॥ ਰਹਾਉ ॥**
**ਸਰਬ ਭੂਤ ਪਾਰਬ੍ਰਹਮੁ ਕਰਿ ਮਾਨਿਆ ਹੋਵਾਂ ਸਗਲ ਰੇਨਾਰੀ ॥**
**ਪੇਖਿਓ ਪ੍ਰਭ ਜੀਉ ਅਪੁਨੈ ਸੰਗੇ ਚੂਕੈ ਭੀਤਿ ਭ੍ਰਮਾਰੀ ॥" ਪੰਨਾ 616**

**ਭਾਵ ਅਰਥ :-** ਹੇ ਸੰਤਹੁ ! ਮੇਰ ਤੇਰ ਤੇ ਮੋਹ ਕਿਵੇਂ ਦੂਰ ਹੋਵਣ ? ਆਪਣੀ ਧਾਰਨਾ (Self Willedness) ਕਿਵੇਂ ਬਿਨਸੈ ? ਕਿਰਪਾ ਕਰਕੇ ਇਹ ਵੀ ਦੱਸੋ ਕਿ ਉਹ ਕਿਹੜਾ ਕਰਮ ਹੈ,

ਜਿਸ ਨਾਲ ਹਉਮੈ ਤੇ ਗਰਬ ਨਾਲ ਭਰੇ ਹੋਏ ਮਨ ਦੀ, ਹਉਮੈ ਰੂਪੀ ਮੈਲ ਦੀ ਨਵਿਰਤੀ ਹੋ ਜਾਏ ? ਉੱਤਰ ਵਿਚ ਫੁਰਮਾਨ ਹੋਇਆ ਕਿ 'ਭਾਈ ! ਜੋ ਸਾਰਿਆਂ ਵਿਚ ਪ੍ਰਾਰਬ੍ਰਹਮ ਵਿਆਪਕ ਹੈ, ਉਸ ਉੱਤੇ 'ਹੈ' ਦੀ ਭਾਵਨਾ ਧਾਰ, ਸਿਦਕ ਤੇ ਭਰੋਸੇ ਦੇ ਘਰ ਆ, ਕਿ ਉਹ 'ਹੈ'। ਇਹ ਦ੍ਰਿੜ ਕਰ ਕਿ ਉਹ ਸਾਰਿਆਂ ਵਿਚ ਹੈ। ਸਾਰਿਆਂ ਵਿਚ ਉਸਦੀ ਹੋਂਦ ਦੀ ਪ੍ਰਤੀਤੀ ਧਾਰ ਕੇ ਸਾਰਿਆਂ ਦੀ ਧੂੜ ਹੋ ਜਾ। ਉਸਨੂੰ ਹਜ਼ੂਰੀ ਵਿਚ ਹਰ ਵੇਲੇ ਵੇਖ, ਤੇ ਇਹ ਸਦਾ ਜਾਣ, ਕਿ ਉਹ ਤੇਰੇ ਅੰਗ ਸੰਗ ਹੈ। ਇੰਜ ਕਰਨ ਨਾਲ, ਭਰਮ ਦੀ ਕੰਧ ਦੂਰ ਹੋ ਜਾਸੀ। ਇਸ ਗੱਲ ਨੂੰ ਸਦਾ ਚੇਤੇ ਰੱਖੀ, ਕਿ :-

**"ਗੁਨ ਗਾਵਤ ਤੇਰੀ ਉਤਰਸਿ ਮੈਲੁ ॥**

**ਬਿਨਸਿ ਜਾਇ ਹਉਮੈ ਬਿਖੁ ਫੈਲੁ ॥"**

**ਪੰਨਾ 289**

ਤਾਂ ਸਾਧਨ ਇਹ ਹੋਇਆ, ਕਿ ਪਾਰਬ੍ਰਹਮ ਪਰਮੇਸ਼ਰ ਨੂੰ ਵਿਆਪਕ ਮੰਨ ਕੇ, ਤੇ ਆਪਣੇ ਅੰਗ ਸੰਗ ਜਾਣ ਕੇ, ਉਸ ਦੇ ਗੁਣ ਗਾਇਨ ਕਰਨ ਨਾਲ, ਹਉਮੈ ਨਾਸ਼ ਹੋ ਜਾਂਦੀ ਹੈ ।

# (4)

# ਨਾਮ-ਰਸ

ਸ੍ਰੀ ਗੁਰੂ ਅਰਜਨ ਦੇਵ ਜੀ ਫੁਰਮਾਉਂਦੇ ਹਨ ਕਿ ਹੇ ਜੀਵ, ਜਿੰਨੇ ਰਸ ਵੀ ਤੂੰ ਹੁਣ ਤੱਕ ਚਖੇ ਹਨ ਯਾ ਅੱਗੋਂ ਚਖਦਾ ਰਹੇਗਾ, ਉਸ ਨਾਲ ਤੇਰੀ ਤ੍ਰਿਸ਼ਨਾ ਰੂਪੀ ਪਿਆਸ ਨਹੀ ਮੁਕੇਗੀ। ਪਰ ਜੇ ਕਦੇ ਹਰੀ ਰਸ ਦਾ ਤੂੰ ਸੁਆਦ ਚਖ ਲਏ, ਤਾਂ ਹੈਰਾਨ ਹੋ ਜਾਵੇ ਤੇ ਆਖੇ ਕਿ ਵਾਹ ! ਕੈਸਾ ਅਲੌਕਿਕ ਸੁਆਦ ਹੈ। ਸ਼ਬਦ, ਸ੍ਰੀ ਹਜ਼ੂਰ ਜੀ ਦਾ ਇਹ ਹੈ :-

**"ਆਨ ਰਸਾ ਜੇਤੇ ਤੈ ਚਾਖੇ ॥**

**ਨਿਮਖ ਨ ਤ੍ਰਿਸਨਾ ਤੇਰੀ ਲਾਥੇ ॥**

**ਹਰਿ ਰਸ ਕਾ ਤੂੰ ਚਾਖਹਿ ਸਾਦੁ ॥**

**ਚਾਖਤ ਹੋਇ ਰਹਹਿ ਬਿਸਮਾਦੁ ॥"** ਪੰਨਾ 180

ਗੁਰਬਾਣੀ ਵਿਚ, ਨਾਮ ਰਸ, ਤੇ ਅੰਮ੍ਰਿਤ ਰਸ ਪਦ ਵਰਤੇ ਹੋਏ ਹਨ। ਇਹ ਪਦ ਇਕ ਹੀ ਅਰਥ ਭਾਵ ਵਾਲੇ ਹਨ।

ਫਿਰ ਸ੍ਰੀ ਹਜ਼ੂਰ ਜੀ ਫੁਰਮਾਉਂਦੇ ਹਨ ਕਿ ਜਿਨ੍ਹਾਂ ਨੇ, ਉਸ ਸਿਰਜਨਹਾਰ ਪ੍ਰਭੂ ਨੂੰ ਅਨੁਭਵ ਕੀਤਾ ਹੈ, ਉਨ੍ਹਾਂ ਨੂੰ ਇਹ ਸੁਆਦ ਆਇਆ ਹੈ। ਉਹ ਇਹ ਅਲੌਕਿਕ ਸੁਆਦ ਚਖ ਕਰ, ਬਿਸਮਨਤਾ ਨਾਲ ਬਿਸਮਾਦ ਹੋ ਗਏ ਹਨ।

**ਯਥਾ :-**

**"ਬਿਸਮਨ ਬਿਸਮ ਭਏ ਬਿਸਮਾਦ ॥**

**ਜਿਨਿ ਬੂਝਿਆ ਤਿਸੁ ਆਇਆ ਸ੍ਵਾਦ ॥"** ਪੰਨਾ 285

**"ਜਿਨਿ ਚਾਖਿਆ ਤਿਸੁ ਆਇਆ ਸਾਦੁ ॥**

**ਜਿਉ ਗੂੰਗਾ ਮਨ ਮਹਿ ਬਿਸਮਾਦੁ ॥** ਪੰਨਾ 801

**ਭਾਵ ਅਰਥ :-** ਜਿਸ ਨੇ ਇਹ ਨਾਮ ਰਸ ਚਖਿਆ ਹੈ, ਉਸ ਨੂੰ ਸੁਆਦ ਆਇਆ ਹੈ। ਉਹ ਜੀਭ ਨਾਲ, ਇਸ ਸੁਆਦ ਨੂੰ, ਆਖ ਨਹੀਂ ਸਕਦਾ। ਜਿਵੇਂ ਗੂੰਗਾ ਮਠਿਆਈ ਖਾ ਕਰ ਆਨੰਦ ਮਾਣਦਾ ਹੈ ਤੇ ਬੋਲ ਨਹੀਂ ਸਕਦਾ, ਇਵੇਂ ਹੀ ਨਾਮ-ਰਸੀਆਂ, ਰਸ ਦੇ ਗਟਾਕ ਪੀ ਪੀ ਕਰ, ਖੀਵਾ ਹੁੰਦਾ ਹੈ ਤੇ ਵਰਣਨ ਨਹੀਂ ਕਰ ਸਕਦਾ।

**"ਜਿਸੁ ਰਸੁ ਆਇਆ ਸੋਈ ਜਾਨੈ ॥**

**ਪੇਖਿ ਪੇਖਿ ਮਨ ਮਹਿ ਹੈਰਾਨੈ ॥** ਪੰਨਾ 1338

**ਭਾਵ ਅਰਥ :-** ਜਿਸ ਨੂੰ ਨਾਮ ਰਸ ਆਇਆ ਹੈ, ਓਹੀ ਉਸ ਦੀ ਸਾਰ ਜਾਣਦਾ ਹੈ, ਅਤੇ ਉਸਨੂੰ ਵੇਖ ਵੇਖ ਕੇ ਮਨ ਵਿਚ ਹੈਰਾਨ ਹੁੰਦਾ ਹੈ ਕਿ ਇਹ ਰਸ ਕੈਸਾ ਸੁਆਦੀ ਹੈ।

**"ਹਰਿ ਰਸੁ ਪੀਵਤ ਸਦ ਹੀ ਰਾਤਾ ॥**

**ਆਨ ਰਸਾ ਖਿਨ ਮਹਿ ਲਹਿ ਜਾਤਾ ॥**
**ਹਰਿ ਰਸੁ ਕੇ ਮਾਤੇ ਮਨਿ ਸਦਾ ਅਨੰਦ ॥**
**ਆਨ ਰਸਾ ਮਹਿ ਵਿਆਪੈ ਚਿੰਦ ॥ ॥**
**ਹਰਿ ਰਸੁ ਪੀਵੈ ਅਲਮਸਤੁ ਮਤਵਾਰਾ ॥**

ਆਨ ਰਸਾ ਸਭਿ ਹੋਛੇ ਰੇ ॥ ॥ ਰਹਾਉ ॥
ਹਰਿ ਰਸ ਕੀ ਕੀਮਤਿ ਕਹੀ ਨ ਜਾਇ ॥
ਹਰਿ ਰਸੁ ਸਾਧੂ ਹਾਟਿ ਸਮਾਇ ॥
ਲਾਖ ਕਰੋਰੀ ਮਿਲੈ ਨ ਕੇਹ ॥
ਜਿਸਹਿ ਪਰਾਪਤਿ ਤਿਸ ਹੀ ਦੇਹਿ ॥ ॥
ਨਾਨਕ ਚਾਖਿ ਭਏ ਬਿਸਮਾਦੁ ॥
ਨਾਨਕ ਗੁਰ ਤੇ ਆਇਆ ਸਾਦੁ ॥
ਈਤ ਊਤ ਕਤ ਛੋਡਿ ਨ ਜਾਇ ॥
ਨਾਨਕ ਗੀਧਾ ਹਰਿ ਰਸ ਮਾਹਿ ॥ ॥" ਪੰਨਾ 377

**ਭਾਵ ਅਰਥ :-** ਇਸ ਸ਼ਬਦ ਵਿਚ ਸ੍ਰੀ ਗੁਰੂ ਅਰਜਨ ਦੇਵ ਜੀ, ਉਤਮ ਪੁਰਸ਼ ਦਵਾਰਾ, ਹਰਿ ਰਸ ਦਾ ਅਨੁਭਵ ਦਸ ਰਹੇ ਹਨ। ਨਾਨਕ ਪਦ ਦੀ ਇਸ ਸ਼ਬਦ ਵਿਚ ਤਿੰਨ ਵਾਰ ਵਰਤੋਂ ਕੀਤੀ ਗਈ ਹੈ। ਪਹਿਲੇ ਤਾਂ ਇਹ ਕਿ ਨਾਨਕ ਹਰਿ ਰਸ ਚਖ ਕੇ ਬਿਸਮਾਦ ਹੋ ਰਿਹਾ ਹੈ। ਦੂਜੇ ਇਹ ਸੁਆਦ ਨਾਨਕ ਗੁਰੂ ਤੋਂ ਆਇਆ ਹੈ। ਤੀਜੇ ਹੇ ਨਾਨਕ ! ਭਾਵ ਨਾਨਕ ਹਰੀ ਰਸ ਵਿਚ ਗੜੂੰਦ ਹੈ। ਰਹਾਉ ਦੀ ਤੁਕ ਤੋਂ ਅਰਥ ਵੀਚਾਰੀਏ। ਜਿਹੜਾ ਹਰਿ ਰਸ ਪੀਂਦਾ ਹੈ, ਉਹ ਅਲਮਸਤ ਮਤਵਾਰਾ ਬਣ ਜਾਂਦਾ ਹੈ। 'ਰੇ' ਪਦ ਸੰਬੋਧਨ ਹੋਣ ਕਰਕੇ, ਅਰਥ ਹੋਏ ਕਿ ਹੇ ਭਾਈ ! ਹੋਰ ਮਾਇਕ ਰਸ ਜਿੰਨੇ ਵੀ ਹਨ, ਉਹ ਸਭ ਹੋਛੇ ਹਨ ਭਾਵ ਹਰਿ ਰਸ ਨੂੰ ਨਹੀਂ ਪੁਜ ਸਕਦੇ। ਕਿਉਂ ? ਇਸ ਦਾ ਉੱਤਰ ਪਹਿਲੀ ਤੁਕ ਵਿਚ ਫੁਰਮਾਉਂਦੇ ਹਨ, ਕਿ ਹੋਰ ਰਸਾਂ ਦਾ ਸੁਆਦ, ਛਿਨ ਮਾਤਰ ਵਿਚ ਲਹਿ ਜਾਂਦਾ ਹੈ। ਪਰ ਹਰਿ ਰਸ ਪੀਣ ਵਾਲਾ, ਇਸ ਰਸ ਵਿਚ ਰਤਿਆ ਰਹਿੰਦਾ ਹੈ। ਉਸ ਦੇ ਮਨ ਵਿਚ ਸਦਾ ਦਾ ਅਨੰਦ ਤੇ ਖੇੜਾ ਬਣਿਆ ਰਹਿੰਦਾ ਹੈ। ਹੋਰ ਰਸਾਂ ਵਿਚ ਚਿੰਤਾ ਵਿਆਪਦੀ ਹੈ। ਪਰ ਹਰਿ ਰਸ ਵਿਚ ਸਹਜ ਅਵਸਥਾ ਬਣੀ ਰਹਿੰਦੀ ਹੈ। ਇਸ ਹਰਿ ਰਸ ਦੀ ਮਹਿਮਾ ਸੁਣ ਕਰ, ਹਰਿ ਰਸ ਦਾ ਅਭਿਲਾਖੀ ਪ੍ਰਸ਼ਨ ਕਰਦਾ ਹੈ। ''ਹਜ਼ੂਰ ! ਇਹੋ ਜਿਹਾ ਹਰੀ ਰਸ ਕਿਥੋਂ ਮਿਲਦਾ ਹੈ ? ਕੀ ਮੂਲ ਹੈ ? ਕਿਵੇਂ ਲਈਏ ?'' ਉੱਤਰ ਵਿਚ ਗੁਰਦੇਵ ਫੁਰਮਾਉਂਦੇ ਹਨ, ਕਿ ''ਇਸ ਹਰਿ ਰਸ ਦੀ ਕੀਮਤ ਕਹੀ ਨਹੀਂ ਜਾ ਸਕਦੀ। ਇਹ ਨਾਮ ਰਸ ਸਾਧੂ ਦੀ ਹੱਟੀ ਤੇ ਸਮਾਇਆ ਹੁੰਦਾ ਹੈ। ਲੱਖਾਂ ਤੇ ਕਰੋੜਾਂ ਰੁਪਏ ਨਾਲ ਖਰੀਦਿਆ ਨਹੀਂ ਜਾ ਸਕਦਾ। ਇਹ ਸਾਧੂ ਦੀ ਸੰਗਤਿ ਨਾਲ ਪ੍ਰਾਪਤ ਹੁੰਦਾ ਹੈ। ਭਾਵ ਸਾਧੂ ਨਾਮ ਦੇ ਲੜ ਲਾ ਦਿੰਦਾ ਹੈ, ਤੇ ਨਾਮ ਜਪਣ ਦੀ ਵਿਧੀ ਦਸ ਦਿੰਦਾ ਹੈ। ਉਸ ਨਾਲ ਨਾਮ ਪ੍ਰਗਟ ਹੋ ਜਾਂਦਾ ਹੈ।'' ਅੰਤਲੀ ਤੁਕ ਵਿਚ ਸ੍ਰੀ ਹਜ਼ੂਰ ਫੁਰਮਾਉਂਦੇ ਹਨ ਕਿ ਹੁਣ ਇਹ ਮਨ, ਇਸ ਹਰਿ ਨਾਮ ਰਸ ਨੂੰ ਛਡ ਕੇ, ਇਧਰ ਉਧਰ ਨਹੀਂ ਜਾਂਦਾ, ਤੇ ਹਰਿ ਰਸ ਵਿਚ ਗੜੂੰਦ ਰਹਿੰਦਾ ਹੈ।

"ਹਰਿ ਰਸ ਰਸਹਿ ਮਾਨਿ ਹਾਂ ॥
ਲਾਥੀ ਤਿਸ ਭੁਖਾਨਿ ਹਾਂ ॥
ਨਾਨਕ ਸਹਜਿ ਸਮਾਇਓ ਰੇ ਮਨਾ ॥" ਪੰਨਾ 409

**ਭਾਵ ਅਰਥ :-** ਮੈ ਹਰਿ ਰਸ ਨੂੰ ਸੁਆਦ ਨਾਲ ਮਾਣ ਰਿਹਾ ਹਾਂ, ਮੇਰੀ ਹਰ ਪ੍ਰਕਾਰ ਦੀ ਪਿਆਸ ਤੇ ਭੁਖ ਲਹਿ ਗਈ ਹੈ। ਹੇ ਭਾਈ ! ਮੇਰਾ ਮਨ ਸਹਜਿ ਵਿਚ ਸਮਾਇਆ ਰਹਿੰਦਾ ਹੈ। ਭਾਵ ਇਧਰ ਉਧਰ ਨਹੀਂ ਭੱਜਦਾ ਦੌੜਦਾ। ਫੇਰ ਸਾਨੂੰ ਪ੍ਰੇਰਨਾ ਦਿੰਦੇ ਹਨ ਕਿ ਹੇ ਭਾਈ ! ਜੇ ਤੁਸੀਂ ਹਰਿ ਰਸ ਜ਼ਰਾ ਜਿੰਨਾ ਵੀ ਚਖ ਲਉ ਤਾਂ ਤੁਹਾਡਾ ਮਨ ਹੋਰ ਮਾਇਕ ਸੁਆਦਾਂ ਵਿਚ ਲੁਭਾਇਮਾਨ ਨਹੀਂ ਹੋਸੀ। ਇਹ ਫੁਰਮਾਨ ਸਾਹਿਬ ਸ੍ਰੀ ਗੁਰੂ ਰਾਮ ਦਾਸ ਜੀ ਦਾਂ ਇੰਜ ਹੈ :-

"ਹਰਿ ਰਸੁ ਜਨ ਚਾਖਹੁ ਜੇ ਭਾਈ ॥
ਤਉ ਕਤ ਅਨਤ ਸਾਦਿ ਲੋਭਾਈ ॥" ਪੰਨਾ 733

ਸ੍ਰੀ ਗੁਰੂ ਅਰਜਨ ਦੇਵ ਜੀ ਫੁਰਮਾਉਂਦੇ ਹਨ ਕਿ ਜਿਨ੍ਹਾਂ ਜੀਵਾਂ ਨੇ ਹਰਿ ਰਸ ਚਖਿਆ ਹੈ, ਉਹਨਾਂ ਦੀ ਤ੍ਰਿਸ਼ਨਾ ਲਥ ਗਈ ਹੈ।

"ਹਰਿ ਰਸੁ ਜਿਨਿ ਜਨਿ ਚਾਖਿਆ ॥
ਤਾ ਕੀ ਤ੍ਰਿਸਨਾ ਲਾਥੀਆ ॥ ॥" ਪੰਨਾ 211

ਸੁਖਮਨੀ ਸਾਹਿਬ ਵਿਚ ਸ੍ਰੀ ਗੁਰੂ ਹਜ਼ੂਰ ਜੀ ਫੁਰਮਾਉਂਦੇ ਹਨ ਕਿ ਜਿਨ੍ਹਾਂ ਨੇ ਇਹ ਰਸ ਚਖਿਆ ਹੈ, ਉਹਨਾਂ ਦੀ ਤ੍ਰਿਪਤੀ ਹੋ ਗਈ ਹੈ। ਉਹ ਪੂਰਨ ਪੁਰਖ ਹੋ ਜਾਂਦੇ ਹਨ ਤੇ ਕਦੇ ਨਹੀਂ ਡੋਲਦੇ। ਉਹ ਪ੍ਰੇਮ ਰਸ ਦੇ ਰੰਗ ਵਿਚ, ਨਕੋ ਨਕ ਭਰੇ ਰਹਿੰਦੇ ਹਨ। ਉਨ੍ਹਾਂ ਦੀ ਸੰਗਤਿ ਨਾਲ ਨਾਮ ਰਸ ਪੀਣ ਦਾ ਚਾਉ, ਉਪਜ ਪੈਂਦਾ ਹੈ।

"ਜਿਨ ਚਾਖਿਆ ਸੇ ਜਨ ਤ੍ਰਿਪਤਾਨੇ ॥
ਪੂਰਨ ਪੁਰਖ ਨਹੀ ਡੋਲਾਨੇ ॥
ਸੁਭਰ ਭਰੇ ਪ੍ਰੇਮ ਰਸ ਰੰਗਿ ॥
ਉਪਜੈ ਚਾਉ ਸਾਧ ਕੈ ਸੰਗਿ ॥" ਪੰਨਾ 289

ਨਾਮ ਰਸ ਵਿਚ ਜਿਹੜੇ ਤ੍ਰਿਪਤ ਹੋ ਜਾਂਦੇ ਹਨ, ਉਹਨਾਂ ਬਾਰੇ ਸ੍ਰੀ ਹਜ਼ੂਰ ਜੀ ਫੁਰਮਾਉਂਦੇ ਹਨ ਕਿ, ਉਹ ਮਨ ਤਨ ਦਵਾਰਾ ਨਾਮ ਵਿਚ ਸਮਾਏ ਰਹਿੰਦੇ ਹਨ। ਉਹਨਾਂ ਦਾ ਕੰਮ ਸਦਾ ਹੀ ਉਠਦੇ ਬਹਿੰਦੇ ਤੇ ਸਉਂਦੇ, ਨਾਮ ਜਪਣਾ ਹੁੰਦਾ ਹੈ :-

ਯਥਾ :-
"ਨਾਮ ਰਸਿ ਜੋ ਜਨ ਤ੍ਰਿਪਤਾਨੇ ॥
ਮਨ ਤਨ ਨਾਮਹਿ ਨਾਮਿ ਸਮਾਨੇ ॥
ਊਠਤ ਬੈਠਤ ਸੋਵਤ ਨਾਮ ॥
ਕਹੁ ਨਾਨਕ ਜਨ ਕੈ ਸਦ ਕਾਮ ॥" ਪੰਨਾ 286

ਸ੍ਰੀ ਹਜ਼ੂਰ ਉਤਸ਼ਾਹ ਭਰਪੂਰ ਪ੍ਰੇਰਨਾ ਦਿੰਦੇ ਹਨ ਕਿ ਰੀ ਸਖੀਓ ! ਵਿਸ਼ੇ ਵਿਕਾਰਾਂ ਦਾ ਫਿੱਕਾ ਰਸ ਤਿਆਗੋ ਤੇ ਨਾਮ ਮਹਾਂ ਰਸ ਪੀਓ। ਇਸ ਨਾਮ ਮਹਾਂ ਰਸ ਨੂੰ ਚਖੇ ਬਿਨਾਂ, ਸਾਰੀ ਸ੍ਰਿਸ਼ਟੀ ਵਿਸ਼ੇ ਵਿਕਾਰਾਂ ਦੇ ਰਸਾਂ ਵਿਚ, ਡੁੱਬ ਰਹੀ ਹੈ ਤੇ ਉਹਨਾਂ ਦਾ ਮਨ ਸੁਖੀ ਨਹੀਂ ਹੁੰਦਾ। ਪ੍ਰੇਰਨਾ ਇੰਜ ਹੈ :-

"ਬਿਖੈ ਬਨੁ ਫੀਕਾ ਤਿਆਗਿ ਰੀ ਸਖੀਏ ਨਾਮੁ ਮਹਾ ਰਸੁ ਪੀਓ ॥
ਬਿਨੁ ਰਸ ਚਾਖੇ ਬੁਡਿ ਗਈ ਸਗਲੀ ਸੁਖੀ ਨ ਹੋਵਤ ਜੀਓ ॥" ਪੰਨਾ 802

ਸ੍ਰੀ ਸਤਿਗੁਰੂ ਮਹਾਰਾਜ, ਅਮਰਦਾਸ ਸਾਹਿਬ ਜੀ, ਅਨੰਦ ਸਾਹਿਬ ਵਿਚ ਫੁਰਮਾਉਂਦੇ ਹਨ ਕਿ ਹੇ ਰਸਨਾ ! ਤੂੰ ਹੋਰ ਰਸਾਂ ਵਿਚ ਰਚੀ ਹੋਈ ਹੈ। ਇਨ੍ਹਾਂ ਰਸਾਂ ਨਾਲ ਤੇਰੀ ਪਿਆਸ ਨਹੀਂ ਜਾਂਦੀ। ਜਦ ਤਾਂਈ ਹਰੀ ਰਸ ਪੱਲੇ ਨਹੀਂ ਪੈਂਦਾ, ਤਦ ਤਾਂਈ ਤੇਰੀ ਪਿਆਸ ਨਹੀਂ ਜਾਏਗੀ। ਜੇ ਹਰੀ ਰਸ ਪੱਲੇ ਪੈ ਜਾਏ ਤੇ ਉਸ ਨੂੰ ਤੂੰ ਪੀਵੇਂ, ਤਾਂ ਮੁੜ ਤ੍ਰਿਸ਼ਨਾ ਦੀ ਡਾਂਝ ਨਹੀਂ ਲਗੇਗੀ। ਇਹ ਹਰਿ ਰਸ ਬਖਸ਼ਸ਼ ਦੁਆਰਾ, ਸਤਿਗੁਰੂ ਦੇ ਮਿਲਾਪ ਤੋਂ ਮਿਲਦਾ ਹੈ। ਨਾਨਕ ਕਹਿੰਦਾ ਹੈ ਕਿ ਜੇ ਹਰਿ ਰਸ, ਮਨ ਵਿਚ ਆ ਜਾਏ, ਤਾਂ ਹੋਰ ਅਨ ਰਸ ਸਾਰੇ ਵਿਸਰ ਜਾਂਦੇ ਹਨ। ਪਉੜੀ ਇਹ ਹੈ :-

"ਏ ਰਸਨਾ ਤੂ ਅਨ ਰਸਿ ਰਾਚਿ ਰਹੀ ਤੇਰੀ ਪਿਆਸ ਨ ਜਾਇ ॥
ਪਿਆਸ ਨ ਜਾਇ ਹੋਰਤੁ ਕਿਤੈ ਜਿਚਰੁ ਹਰਿ ਰਸੁ ਪਲੈ ਨ ਪਾਇ ॥
ਹਰਿ ਰਸੁ ਪਾਇ ਪਲੈ ਪੀਐ ਹਰਿ ਰਸੁ ਬਹੁੜਿ ਨ ਤ੍ਰਿਸਨਾ ਲਾਗੈ ਆਇ ॥
ਏਹੁ ਹਰਿ ਰਸੁ ਕਰਮੀ ਪਾਈਐ ਸਤਿਗੁਰੁ ਮਿਲੈ ਜਿਸੁ ਆਇ ॥
ਕਹੈ ਨਾਨਕੁ ਹੋਰਿ ਅਨ ਰਸ ਸਭਿ ਵੀਸਰੇ ਜਾ ਹਰਿ ਵਸੈ ਮਨਿ ਆਇ ॥" ਪੰਨਾ 921

ਸ੍ਰੀ ਗੁਰੂ ਨਾਨਕ ਦੇਵ ਪਾਤਸ਼ਾਹ ਨੂੰ ਕਿਸੇ ਨੇ ਪ੍ਰਸ਼ਨ ਕੀਤਾ ਕਿ ਜੀਓ ਜੀ ! ਹਰਿ ਰਸ ਉਪਰ ਵੀ ਕੋਈ ਹੋਰ ਰਸ ਹੈ ? ਉੱਤਰ ਵਿਚ ਹਜ਼ੂਰ ਜੀ ਨੇ ਫੁਰਮਾਇਆ ਕਿ ਹਰਿ ਰਸ ਉਪਰ ਹੋਰ ਕਿਹੜੀ ਸ਼ੈ ਕਹੀ ਜਾ ਸਕਦੀ ਹੈ ? ਜਿਸ ਨੇ ਇਹ ਰਸ ਮਾਣਿਆ ਹੈ, ਉਹ ਤ੍ਰਿਪਤ ਹੋ ਗਿਆ ਹੈ। ਜਦ ਤ੍ਰਿਪਤੀ ਹੋ ਗਈ ਤਾਂ ਜੀਵ ਸਹਜ ਅਵੱਸਥਾ ਵਿਚ ਸਦਾ ਖੇਡਦਾ ਹੈ ਅਤੇ ਖੀਵਾ ਹੁੰਦਾ ਹੈ। ਉੱਤਰ ਸ੍ਰੀ ਹਜ਼ੂਰ ਜੀ ਦਾ ਇੰਜ ਹੈ :-

**"ਹਰਿ ਰਸ ਊਪਰਿ ਅਵਰੁ ਕਿਆ ਕਹੀਐ ਜਿਨਿ ਪੀਆ ਸੋ ਤ੍ਰਿਪਤਾਗਾ ॥" ਪੰਨਾ 598**

ਫੇਰ ਸ੍ਰੀ ਹਜ਼ੂਰ ਜੀ ਫੁਰਮਾਉਂਦੇ ਹਨ, ਕਿ ਗੱਲੀ ਬਾਤੀ ਸਮਝਣ ਨਾਲ ਕੁਝ ਨਹੀਂ ਬਣਦਾ ਤੇ ਉਸ ਮਹਾਂ ਰਸ ਦਾ ਕੁਝ ਵੀ ਅਨੁਭਵ ਨਹੀਂ ਹੋ ਸਕਦਾ। ਤਾਂ ਤੇ ਇਸ ਰਸ ਨੂੰ ਚਖੋ ਤੇ ਸੁਆਦ ਮਾਣੋ। ਜਿਨ੍ਹਾਂ ਨੇ ਇਹ ਸੁਆਦ ਚਖਿਆ, ਉਹੀ ਜਾਣਦੇ ਹਨ। ਕਿਵੇਂ ? ਜਿਵੇਂ ਗੂੰਗੇ ਨੇ ਮਠਿਆਈ ਖਾਈ ਹੁੰਦੀ ਹੈ, ਤੇ ਉਹ ਉਸ ਰਸ ਵਿਚ ਮਗਨ ਹੁੰਦਾ ਹੈ। ਕਥਨ ਨਹੀਂ ਕਰ ਸਕਦਾ। ਤੁਕ ਇਵੇਂ ਹੈ :-

**"ਜਿਨ ਚਾਖਿਆ ਸੇਈ ਸਾਦੁ ਜਾਣਨਿ ਜਿਉ ਗੁੰਗੇ ਮਿਠਿਆਈ ॥" ਪੰਨਾ 635**

ਮਾਇਕ ਰਸਾਂ ਵਿਚ ਸ੍ਰੇਸ਼ਟ ਰਸ, ਕਾਮ ਰਸ ਮੰਨਿਆ ਗਿਆ ਹੈ। ਪਰ ਇਸ ਰਸ ਦੇ ਭੁੰਚਨ ਮਗਰੋ, ਜੋ ਦਸ਼ਾ ਭੋਗੀ ਦੀ ਹੁੰਦੀ ਹੈ, ਉਹ ਸਭ ਜਾਣਦੇ ਹੀ ਹਨ। ਰਸ ਮਗਰੋਂ ਟੋਟ ਪੈ ਜਾਂਦੀ ਹੈ। ਮਨ ਵਿਚ ਹੁਲਾਸ ਤੇ ਚਾਉ ਨਹੀਂ ਰਹਿੰਦਾ। ਮਨ ਢਹਿੰਦੀਆਂ ਕਲਾਂ ਵਿਚ ਚਲਿਆ ਜਾਂਦਾ ਹੈ। ਪਰੰਤੂ ਨਾਮ ਰਸ ਵਿਚ ਕੋਈ ਟੋਟ, ਕਿਸੇ ਪ੍ਰਕਾਰ ਦੀ ਦਿਲਗੀਰੀ, ਕੋਈ ਢਹਿੰਦੀ ਕਲਾ, ਕਦੇ ਨਹੀਂ ਹੁੰਦੀ। ਇਸ ਗਲ ਨੂੰ ਨਾਮ ਰਸੀਏ ਜਾਣਦੇ ਹਨ।

ਮਾਇਕ ਰਸਾਂ ਵਿਚ ਲੀਨ ਹੋਇਆ ਮਨ, ਕੀ ਸਾਰ ਜਾਣੇ ਇਸ ਮਹਾਂ ਰਸ ਦੀ ? ਉਸ ਲਈ ਤਾਂ ਉਹੀ ਵਿਸ਼ੇ ਵਿਕਾਰਾਂ ਦੇ ਰਸ ਸ਼੍ਰੋਮਣੀ ਹਨ।

ਇਕ ਨਾਮ ਰਸ ਦੀ ਅਕਾਂਖਿਆ ਰਖਣ ਵਾਲੇ ਨੇ, ਸਾਹਿਬ ਸ੍ਰੀ ਗੁਰੂ ਰਾਮਦਾਸ ਜੀ ਦੇ ਦਰਬਾਰ ਵਿਖੇ ਬੇਨਤੀ ਕੀਤੀ ਕਿ ਸ੍ਰੀ ਹਜ਼ੂਰ ਜੀਓ ! ਇਹ ਦਾਸ ਦੀ ਦੋ ਹੱਥ ਜੋੜ ਕੇ ਬੇਨਤੀ ਹੈ ਕਿ ਜਿਸ ਨਾਮ ਰਸ ਦੀ ਮਹਿਮਾ ਐਨੀ ਹੈ ਕਿ ਉਸ ਦੀ ਪ੍ਰਾਪਤੀ ਹੋਣ ਨਾਲ ਹੋਰ ਰਸ, ਮਾਇਕ ਰਸ-ਦਗੱਧ ਹੋ ਜਾਂਦੇ ਹਨ ਤੇ ਮਨ ਵਿਚ ਸਦਾ ਅਨੰਦ ਬਣਿਆ ਰਹਿੰਦਾ ਹੈ, ਉਸ ਦੀ ਪ੍ਰਾਪਤੀ ਦੀ ਵਿਧੀ ਫੁਰਮਾਉ। ਦਾਸ ਨੇ ਇਹ ਪੱਕੀ ਤਰ੍ਹਾਂ ਦ੍ਰਿੜ ਕਰ ਲਿਆ ਹੈ ਕਿ ਇਹ ਅੰਮ੍ਰਿਤ ਨਾਮ ਰਸ, ਅਤੀ ਹੀ ਭਲਾ ਹੈ ਤੇ ਇਸ ਦੇ ਭੁੰਚੇ ਬਿਨਾ ਵਿਸ਼ੇ ਵਿਕਾਰਾਂ ਦੇ ਰਸਾਂ ਤੋਂ ਛੁਟਕਾਰਾ ਨਹੀਂ ਹੋ ਸਕਦਾ। ਉੱਤਰ ਵਿਚ ਸ੍ਰੀ ਹਜ਼ੂਰ ਜੀ ਨੇ ਫੁਰਮਾਇਆ, ਹੇ ਨਾਮ ਰਸ ਦੀ ਪ੍ਰਾਪਤੀ ਦੀ ਚਾਹ ਰਖਣੇ ਵਾਲੇ ਜੀਵ ! ਜਾ ਕੇ ਸੁਹਾਗਣਾਂ ਨੂੰ ਪੁੱਛ, ਕਿ ਤੁਸਾਂ ਨੂੰ ਕਿਵੇਂ ਪ੍ਰਭੂ ਦਾ ਮਿਲਾਪ ਹੋ ਗਿਆ ਹੈ ਤੇ ਰਸ ਭਰਪੂਰ ਹੋ ? ਆਖੋ ! ਧੰਨ ਗੁਰੂ ਰਾਮ ਦਾਸ ਸਾਹਿਬ ਜੀਓ, ਕਿੰਨੀ ਵਡਿਆਈ ਆਪਣੇ ਗੁਰ ਸਿੱਖਾਂ ਨੂੰ ਬਖਸ਼ਦੇ ਹਨ। ਆਪ ਜੀ ਨੇ ਉਸ ਜਗਿਆਸਾ ਭਾਵਨਾ ਵਾਲੇ ਨੂੰ ਪੁੱਜੀ ਹੋਈ ਨਰਦਾਂ ਪਾਸ, ਭਾਵ ਅਨੁਭਵੀ ਸੋਹਾਗ ਭਰੇ ਗੁਰ ਸਿਖਾਂ ਪਾਸ ਜਾਣ ਲਈ ਸੈਨਤ ਕਰ ਦਿਤੀ, ਕਿ ਉਥੇ ਜਾ ਕਰ ਕੇ ਪ੍ਰਾਪਤੀ ਦੇ ਸਾਧਨ ਪੁਛੋ। ਜਦ ਉਹ ਜਗਿਆਸੂ ਉਨ੍ਹਾਂ ਪਾਸ ਪੁਜਦਾ ਹੈ ਤਾਂ ਉਹ ਸਾਹਿਬ ਸ੍ਰੀ ਗੁਰੂ ਰਾਮਦਾਸ ਜੀ ਦੇ ਚਰਨ ਕੰਵਲਾਂ ਦੇ ਭੌਰੇ, ਆਪਣੇ ਸਾਹਿਬ ਜੀ ਨੂੰ ਵਡਿਆਉਂਦੇ ਹਨ, ਤੇ ਕੋਈ ਉੱਤਰ ਉਸ ਜਗਿਆਸੂ ਨੂੰ ਨਹੀਂ ਦਿੰਦੇ ਤੇ ਚੁਪ ਸਾਧ ਲੈਂਦੇ ਹਨ, ਇਹ ਜਾਣ ਕਰ ਕਿ ਗੁਰੂ ਸਾਹਿਬ ਦੀ ਖੇਡ ਹੈ। ''ਅਸੀਂ ਕੌਣ ਹੁੰਦੇ ਹਾਂ ਜੋ ਉਨ੍ਹਾਂ ਦੀ ਮੌਜੂਦਗੀ ਵਿਚ ਵਿਧੀ ਦੱਸ ਸਕੀਏ।'' ਵਿਚਾਰਾ ਨਾਮ ਰਸ ਦੀ ਭੁਖ ਰਖਣ ਵਾਲਾ ਮੁੜ, ਸ੍ਰੀ ਹਜ਼ੂਰ ਜੀ ਦੀ ਸੇਵਾ ਵਿਚ ਹਾਜ਼ਰ ਹੋ ਕਰ ਬੇਨਤੀ ਗੁਜਾਰਦਾ ਹੈ ਕਿ ''ਸ੍ਰੀ ਹਜ਼ੂਰ ਜੀਓ ! ਜਿਨ੍ਹਾਂ ਜਿਨ੍ਹਾਂ ਨਾਮ ਰਸੀਆਂ ਪਾਸ ਦਾਸ ਪੁਜਾ ਤੇ ਆਪਣੀ ਪ੍ਰਾਪਤੀ ਦੀ ਤਾਂਘ ਦਸੀ, ਉਨ੍ਹਾਂ ਕੋਈ ਉੱਤਰ ਨਹੀਂ ਦਿੱਤਾ ਤੇ ਬੋਲਦੇ ਹੀ ਨਹੀਂ।'' ਇਹ ਬੇਨਤੀ ਸੁਣ ਕੇ ਸ੍ਰੀ ਹਜ਼ੂਰ ਜੀ ਨੇ ਮੁੜ ਫੁਰਮਾਇਆ ਕਿ ''ਭਾਈ ਤੂੰ ਉਨ੍ਹਾਂ ਦੀ ਸੰਗਤਿ ਕਰ ਕੇ ਉਨ੍ਹਾਂ ਦੀ ਸੇਵਾ ਕਰ। ਇਹ ਹੁਕਮ ਸੁਣ ਕੇ ਉਹ ਜਗਿਆਸੂ, ਦਰਸਾਏ ਹੋਏ ਹੁਕਮ ਦੀ ਪਾਲਣਾ ਕਰਨ ਲਈ, ਨਾਮ ਰਸੀਆਂ ਦੀ ਸੰਗਤਿ ਕਰਦਾ ਹੈ, ਤੇ ਉਧਰ ਨਾਮ ਰਸੀਏ ਵੀ ਗੁਰੂ ਜੀ ਦਾ ਚੋਜ ਸਮਝਦੇ ਹੋਏ ਤੇ ਉਸ ਜਗਿਆਸੂ ਦੀ ਸੇਵਾ ਤੇ ਪ੍ਰਸੰਨ ਹੁੰਦੇ ਹੋਏ, ਦਇਆ ਦੇ ਘਰ ਆਉਂਦੇ ਹਨ ਤੇ ਆਖਦੇ ਹਨ ''ਹੇ ਨਾਮ ਰਸ ਦੀ ਪ੍ਰਾਪਤੀ ਦੀ ਤੜਪ ਰਖਣ ਵਾਲੇ ਜੀਓ ! ਪ੍ਰਾਪਤੀ ਦਾ ਸਾਧਨ ਇਹ ਹੈ ਕਿ ਸਤਿਗੁਰੂ ਦੇ ਬਚਨ, ਜੋ ਰਤਨ ਹਨ, ਇਨ੍ਹਾਂ ਨੂੰ ਮੰਨੋ। ਭਾਵ ਇਨ੍ਹਾਂ ਨੂੰ ਜੀਵਨ ਵਿਚ ਘਟਾਉ। ਜਿਹੜਾ ਵੀ ਇਨ੍ਹਾਂ ਬਚਨਾਂ ਨੂੰ ਮੰਨਦਾ ਹੈ, ਉਹ ਹਰੀ ਰਸ ਦਾ ਅਲੌਕਿਕ ਸੁਆਦ ਮਾਣਦਾ ਹੈ। ਬਸ ਇਹੋ ਹੀ ਵਿਧੀ ਹੈ।

ਉਤਲੇ ਪ੍ਰਸ਼ਨ ਦਾ ਜੋ ਸ਼ਬਦ ਹੈ, ਉਹ ਹੇਠਾਂ ਅੰਕਤ ਹੈ :-

**"ਰਸੁ ਅੰਮ੍ਰਿਤੁ ਨਾਮੁ ਰਸੁ ਅਤਿ ਭਲਾ**
**ਕਿਤੁ ਬਿਧਿ ਮਿਲੈ ਰਸੁ ਖਾਇ ॥**
**ਜਾਇ ਪੁਛਹੁ ਸੋਹਾਗਣੀ ਤੁਸਾ ਕਿਉ ਕਰਿ ਮਿਲਿਆ ਪ੍ਰਭੁ ਆਇ ॥**

ਓਇ ਵੇਪਰਵਾਹ ਨ ਬੋਲਨੀ ਹਉ ਮਲਿ ਮਲਿ ਧੋਵਾ ਤਿਨ ਪਾਇ ॥

............................

..................

ਗੁਰਮੁਖੀਆ ਸੋਹਾਗਣੀ ਤਿਨ ਦਇਆ ਪਈ ਮਨਿ ਆਇ ॥

ਸਤਿਗੁਰ ਵਚਨੁ ਰਤੰਨੁ ਹੈ ਜੋ ਮੰਨੇ ਸੁ ਹਰਿ ਰਸੁ ਖਾਇ ॥" ਪੰਨਾ 41

ਹੁਣ ਵਿਧੀ ਤਾਂ ਪਤਾ ਲਗ ਗਈ ਹੈ, ਕਿ ਸਤਿਗੁਰੂ ਦੇ ਬਚਨਾਂ ਦੀ ਕਮਾਈ ਨਾਲ ਨਾਮ ਰਸ ਦੀ ਪ੍ਰਾਪਤੀ ਹੁੰਦੀ ਹੈ। ਪਰ ਸੁਤੇ ਪ੍ਰਸ਼ਨ ਉਤਪੰਨ ਹੋ ਜਾਂਦਾ ਹੈ ਕਿ ਸਤਿਗੁਰੂ ਦਾ ਬਚਨ ਕੀ ਹੈ ? ਜਦ ਤਾਂਈ ਬਚਨਾ ਦੀ ਸੋਝੀ ਨਾ ਹੋਵੇ, ਤਦ ਤਾਂਈ ਕਮਾਈ ਨਹੀਂ ਹੋ ਸਕਦੀ। ਅੰਕ ਵਾਰ ਬਚਨ ਹੇਠਾਂ ਦਿਤੇ ਜਾਂਦੇ ਹਨ।

1. "ਗੁਰ ਸਤਿਗੁਰ ਕਾ ਜੋ ਸਿਖੁ ਅਖਾਏ
ਸੁ ਭਲਕੇ ਉਠਿ ਹਰਿ ਨਾਮੁ ਧਿਆਵੈ ॥
ਉਦਮੁ ਕਰੇ ਭਲਕੇ ਪਰਭਾਤੀ
ਇਸਨਾਨੁ ਕਰੇ ਅੰਮ੍ਰਿਤ ਸਰਿ ਨਾਵੈ ॥
ਉਪਦੇਸਿ ਗੁਰੂ ਹਰਿ ਹਰਿ ਜਪੁ ਜਾਪੈ
ਸਭਿ ਕਿਲਵਿਖ ਪਾਪ ਦੋਖ ਲਹਿ ਜਾਵੈ ॥
ਫਿਰਿ ਚੜੈ ਦਿਵਸੁ ਗੁਰਬਾਣੀ ਗਾਵੈ
ਬਹਦਿਆ ਉਠਦਿਆ ਹਰਿ ਨਾਮੁ ਧਿਆਵੈ ॥
ਜੋ ਸਾਸਿ ਗਿਰਾਸਿ ਧਿਆਏ ਮੇਰਾ ਹਰਿ ਹਰਿ
ਸੋ ਗੁਰਸਿਖੁ ਗੁਰੂ ਮਨਿ ਭਾਵੈ ॥
ਜਿਸ ਨੋ ਦਇਆਲੁ ਹੋਵੈ ਮੇਰਾ ਸੁਆਮੀ
ਤਿਸੁ ਗੁਰਸਿਖ ਗੁਰੂ ਉਪਦੇਸੁ ਸੁਣਾਵੈ ॥
ਜਨੁ ਨਾਨਕੁ ਧੂੜਿ ਮੰਗੈ ਤਿਸੁ ਗੁਰਸਿਖ ਕੀ
ਜੋ ਆਪਿ ਜਪੈ ਅਵਰਹ ਨਾਮੁ ਜਪਾਵੈ ॥" ਪੰਨਾ 305

2. "ਵਣਜੁ ਕਰਹੁ ਵਣਜਾਰਿਹੋ ਵਖਰੁ ਲੇਹੁ ਸਮਾਲਿ ॥
ਤੈਸੀ ਵਸਤੁ ਵਿਸਾਹੀਐ ਜੈਸੀ ਨਿਬਹੈ ਨਾਲਿ ॥
ਅਗੈ ਸਾਹੁ ਸੁਜਾਣੁ ਹੈ ਲੈਸੀ ਵਸਤੁ ਸਮਾਲਿ ॥ ॥
ਭਾਈ ਰੇ ਰਾਮੁ ਕਹਹੁ ਚਿਤੁ ਲਾਇ ॥
ਹਰਿ ਜਸੁ ਵਖਰੁ ਲੈ ਚਲਹੁ ਸਹੁ ਦੇਖੈ ਪਤੀਆਇ ॥ ॥ ਰਹਾਉ ॥
ਜਿਨਾ ਰਾਸਿ ਨ ਸਚੁ ਹੈ ਕਿਉ ਤਿਨਾ ਸੁਖੁ ਹੋਇ ॥
ਖੋਟੇ ਵਣਜਿ ਵਣੰਜਿਐ ਮਨੁ ਤਨੁ ਖੋਟਾ ਹੋਇ ॥
ਫਾਹੀ ਫਾਥੇ ਮਿਰਗ ਜਿਉ ਦੂਖੁ ਘਣੋ ਨਿਤ ਰੋਇ ॥ ॥
ਖੋਟੇ ਪੋਤੈ ਨਾ ਪਵਹਿ ਤਿਨ ਹਰਿ ਗੁਰ ਦਰਸੁ ਨ ਹੋਇ ॥
ਖੋਟੇ ਜਾਤਿ ਨ ਪਤਿ ਹੈ ਖੋਟਿ ਨ ਸੀਝਸਿ ਕੋਇ ॥
ਖੋਟੇ ਖੋਟੁ ਕਮਾਵਣਾ ਆਇ ਗਇਆ ਪਤਿ ਖੋਇ ॥ ॥

ਨਾਨਕ ਮਨੁ ਸਮਝਾਈਐ ਗੁਰ ਕੈ ਸਬਦਿ ਸਾਲਾਹ ॥

ਰਾਮ ਨਾਮ ਰੰਗਿ ਰਤਿਆ ਭਾਰੁ ਨ ਭਰਮੁ ਤਿਨਾਹ ॥

ਹਰਿ ਜਪਿ ਲਾਹਾ ਅਗਲਾ ਨਿਰਭਉ ਹਰਿ ਮਨ ਮਾਹ ॥" ਪੰਨਾ 22

**ਭਾਵ ਅਰਥ :-** ਰਹਾਉ ਦੀ ਤੁਕ ਤੋਂ ਅਰਥ ਹਨ ਕਿ ਹੇ ਭਾਈ ! ਰਾਮ ਨੂੰ ਚਿਤ ਲਾ ਕਰ ਆਖ। ਹਰੀ ਦੇ ਜਸ ਦਾ ਸੌਦਾ ਲੈ ਕਰ, ਜਗਤ ਤੋ ਚਲ ਤਾਂ ਕਿ ਹਰੀ ਪ੍ਰਸੰਨ ਹੋ ਕਰ ਵੇਖੋ। ਹੇ ਵਣਜਾਰਿਉ ! ਵਣਜ ਐਸੇ ਸੌਦੇ ਦਾ ਕਰੋ, ਤੇ ਸੰਭਾਲ ਕੇ ਰਖੋ, ਜੋ ਅੰਤ ਵੇਲੇ ਤੁਹਾਡੇ ਨਾਲ ਨਿਭੇ। ਅਗੇ ਪ੍ਰਭੂ ਸ਼ਾਹ ਬੜਾ ਸਿਆਣਾ ਹੈ। ਉਹ ਤੁਹਾਡੇ ਸੌਦੇ ਦੀ ਵਸਤੂ ਨੂੰ ਬੜੀ ਗਹੁ ਨਾਲ ਵੇਖਸੀ। ਜਿਨ੍ਹਾਂ ਦੀ ਰਾਸ ਮੂੜੀ ਸੱਚੀ ਨਹੀਂ ਹੈ, ਉਨ੍ਹਾਂ ਨੂੰ ਕਿਵੇਂ ਸੁਖ ਹੋ ਸਕਦਾ ਹੈ ? ਖੋਟੇ ਵਿਉਪਾਰ ਕਰਨ ਨਾਲ, ਮਨ ਤੇ ਤਨ, ਖੋਟੇ ਹੋ ਜਾਂਦੇ ਹਨ। ਖੋਟੇ ਵਿਉਪਾਰ ਕਰਨ ਵਾਲੇ, ਫਾਥੇ ਹੋਏ ਮਿਰਗ ਦੀ ਨਿਆਈ, ਬਹੁਤ ਦੁਖ ਉਠਾਂਦੇ ਹਨ ਤੇ ਸਦਾ ਰੋਂਦੇ ਰਹਿੰਦੇ ਹਨ। ਇਹੋ ਜਿਹੇ ਖੋਟੇ ਬੰਦੇ ਖਜ਼ਾਨੇ ਵਿਚ ਪ੍ਰਵਾਨ ਨਹੀਂ ਹੁੰਦੇ, ਤੇ ਨਾ ਹੀ ਉਨ੍ਹਾਂ ਨੂੰ ਹਰੀ ਦਰਸ਼ਨ ਹੁੰਦਾ ਹੈ। ਇਨ੍ਹਾਂ ਖੋਟਿਆਂ ਦੀ ਨਾ ਕੋਈ ਜ਼ਾਤ ਹੁੰਦੀ ਹੈ ਤੇ ਨਾ ਹੀ ਪਾਤ। ਖੋਟੇ ਕੰਮ ਕਰਨ ਨਾਲ ਕਿਸੇ ਨੂੰ ਸਫਲਤਾ-ਨਾਮ ਦੀ-ਨਹੀਂ ਹੁੰਦੀ। ਖੋਟੇ, ਖੋਟ ਕਮਾ ਕਰ, ਜਨਮ ਮਰਨ ਦੇ ਗੇੜ ਵਿਚ ਆਪਣੀ ਪਤਿ ਗਵਾ ਕਰ ਆਉਂਦੇ ਜਾਂਦੇ ਰਹਿੰਦੇ ਹਨ। ਹੇ ਨਾਨਕ ! ਮਨ ਨੂੰ ਗੁਰੂ ਦੇ ਸਲਾਹੁਤਾ ਯੋਗ ਸ਼ਬਦ ਨਾਲ ਸਮਝਾਣਾ ਚਾਹੀਦਾ ਹੈ। ਰਾਮ ਨਾਮ ਦੇ ਰੰਗਣ ਵਿਚ ਰਤਿਆਂ ਨੂੰ, ਡਰ ਤੇ ਭਰਮ ਨਹੀਂ ਰਹਿੰਦਾ। ਹਰੀ ਜਪਣ ਨਾਲ, ਉਹ ਬੜਾ ਲਾਹਾ ਖਟਦੇ ਹਨ, ਤੇ ਉਨ੍ਹਾਂ ਦੇ ਮਨ ਵਿਚ ਨਿਰਭਉ ਹਰੀ ਵਸਦਾ ਹੈ।

3. "ਜਿਸੁ ਜਲ ਨਿਧਿ ਕਾਰਣਿ ਤੁਮ ਜਗਿ ਆਏ

ਸੋ ਅੰਮ੍ਰਿਤੁ ਗੁਰ ਪਾਹੀ ਜੀਉ ॥

ਛੋਡਹੁ ਵੇਸੁ ਭੇਖ ਚਤੁਰਾਈ ਦੁਬਿਧਾ ਇਹੁ ਫਲੁ ਨਾਹੀ ਜੀਉ ॥ ॥

ਮਨ ਰੇ ਥਿਰੁ ਰਹੁ ਮਤੁ ਕਤ ਜਾਹੀ ਜੀਉ ॥

ਬਾਹਰਿ ਢੂਢਤ ਬਹੁਤੁ ਦੁਖੁ ਪਾਵਹਿ

ਘਰਿ ਅੰਮ੍ਰਿਤੁ ਘਟ ਮਾਹੀ ਜੀਉ ॥ ਰਹਾਉ ॥

ਅਵਗੁਣ ਛੋਡਿ ਗੁਣਾ ਕਉ ਧਾਵਹੁ

ਕਰਿ ਅਵਗੁਣ ਪਛੁਤਾਹੀ ਜੀਉ ॥

ਸਰ ਅਪਸਰ ਕੀ ਸਾਰ ਨ ਜਾਣਹਿ

ਫਿਰਿ ਫਿਰਿ ਕੀਚ ਬੁਡਾਹੀ ਜੀਉ ॥ ॥

ਅੰਤਰਿ ਮੈਲੁ ਲੋਭ ਬਹੁ ਝੂਠੇ ਬਾਹਰਿ ਨਾਵਹੁ ਕਾਹੀ ਜੀਉ ॥

ਨਿਰਮਲ ਨਾਮੁ ਜਪਹੁ ਸਦ ਗੁਰਮੁਖਿ

ਅੰਤਰ ਕੀ ਗਤਿ ਤਾਹੀ ਜੀਉ ॥ ॥

ਪਰਹਰਿ ਲੋਭੁ ਨਿੰਦਾ ਕੂੜੁ ਤਿਆਗਹੁ

ਸਚੁ ਗੁਰ ਬਚਨੀ ਫਲੁ ਪਾਹੀ ਜੀਉ ॥............ ਪੰਨਾ 598

**ਭਾਵ ਅਰਥ :-** ਜਿਸ ਅੰਮ੍ਰਿਤ ਲਈ ਤੁਸੀਂ ਜਗ ਵਿਚ ਆਏ ਹੋ, ਉਹ ਅੰਮ੍ਰਿਤ ਰਸ, ਗੁਰੂ ਪਾਸ ਹੈ। ਇਹ ਰਸ ਪ੍ਰਾਪਤ ਹੁੰਦਾ ਹੈ-ਵੇਸ, ਭੇਖ, ਚਤੁਰਾਈਆਂ ਅਤੇ ਦਵੈਸ਼ ਛੱਡਣ ਨਾਲ। ਤਾਂ ਤੇ ਇਨ੍ਹਾਂ ਨੂੰ ਛੱਡੋ, ਤੇ ਮਨ ਨੂੰ ਸਦਾ ਉਪਦੇਸ਼ੋ ਕਿ ਹੇ ਮਨ ! ਆਪਣੇ ਟਿਕਾਣੇ ਤੇ ਟਿਕਿਆ ਰਹੁ, ਤੇ ਹੋਰ ਕਿਤੇ ਨਾ ਦੌੜ। ਜਿਸ ਅੰਮ੍ਰਿਤ ਰਸ ਲਈ ਤੂੰ ਸੰਨਿਆਸੀ ਬਣ ਕਰ, ਘਰ ਛੱਡ ਕੇ, ਬਾਹਰ ਢੂੰਡਣ ਲਈ

ਜਾ ਕੇ ਦੁਖ ਪਾਉਂਦਾ ਹੈ, ਉਹ ਅੰਮ੍ਰਿਤ ਤੇਰੇ ਹਿਰਦੇ ਅੰਦਰ ਹੀ ਹੈ। ਔਗੁਣਾਂ ਨੂੰ ਛੱਡ ਕੇ ਗੁਣਾਂ ਨੂੰ ਧਾਰਨ ਕਰ। ਔਗੁਣ ਕਰਨ ਨਾਲ ਪਿਛੋ ਪਛੁਤਾਉਣਾ ਪੈਂਦਾ ਹੈ। ਜਿਹੜੇ ਜੀਵ ਮੰਦੇ ਚੰਗੇ ਕੰਮਾਂ ਦੀ ਪਛਾਣ ਨਹੀਂ ਕਰਦੇ, ਉਹ ਮੁੜ ਮੁੜ ਮੋਹ ਰੂਪੀ ਚਿਕੜ ਵਿਚ ਡੁਬ ਰਹੇ ਹਨ। ਤੇਰੇ ਅੰਦਰ ਤਾਂ ਲੋਭ ਰੂਪੀ ਮੈਲ ਭਰੀ ਪਈ ਹੈ। ਹੇ ਮਹਾਂ ਝੂਠੇ ! ਬਾਹਰ ਕਿਉਂ ਇਸ਼ਨਾਨਾਂ ਲਈ ਭਜਦਾ ਪਿਆ ਹੈ ? ਇਹ ਮੈਲ ਬਾਹਰ ਦੇ ਤੀਰਥਾਂ ਇਸ਼ਨਾਨਾਂ ਨਾਲ ਨਹੀਂ ਲੱਥਦੀ। ਗੁਰਮੁਖਿ ਬਣ ਕੇ ਪਵਿਤ੍ਰ ਨਾਮ ਜਪ। ਇੰਜ ਕਰਨ ਨਾਲ ਅੰਦਰ ਦੀ ਗਤੀ ਹੋ ਜਾਊ। ਦੂਰ ਕਰ ਲੋਭ, ਨਿੰਦਾ। ਤਿਆਗ ਕਰ ਝੂਠ ਦਾ। ਗੁਰੂ ਦੇ ਬਚਨਾਂ ਦੀ ਕਮਾਈ ਕਰਨ ਨਾਲ, ਅੰਮ੍ਰਿਤ ਫਲ ਦੀ ਪ੍ਰਾਪਤੀ ਹੋ ਜਾਂਦੀ ਹੈ।

**4. "ਛੋਡਿ ਛੋਡਿ ਰੇ ਬਿਖਿਆ ਕੇ ਰਸੂਆ ॥**
**ਉਰਝਿ ਰਹਿਓ ਰੇ ਬਾਵਰ ਗਾਵਰ**
**ਜਿਉ ਕਿਰਖੈ ਹਰਿਆਇਓ ਪਸੂਆ ॥ ॥ ਰਹਾਉ ॥**
**ਜੋ ਜਾਨਹਿ ਤੂੰ ਅਪੁਨੇ ਕਾਜੈ**
**ਸੋ ਸੰਗਿ ਨ ਚਾਲੈ ਤੇਰੈ ਤਸੂਆ ॥**
**ਨਾਗੋ ਆਇਓ ਨਾਗ ਸਿਧਾਸੀ**
**ਫੇਰਿ ਫਿਰਿਓ ਅਰੁ ਕਾਲਿ ਗਰਸੂਆ ॥ ॥**
**ਪੇਖਿ ਪੇਖਿ ਰੇ ਕਸੁੰਭ ਕੀ ਲੀਲਾ**
**ਰਾਚਿ ਮਾਚਿ ਤਿਨਹੂੰ ਲਉ ਹਸੂਆ ॥**
**ਛੀਜਤ ਡੋਰਿ ਦਿਨਸੁ ਅਰੁ ਰੈਨੀ**
**ਜੀਅ ਕੋ ਕਾਜੁ ਨ ਕੀਨੋ ਕਛੂਆ ॥ ॥**
**ਕਰਤ ਕਰਤ ਇਵ ਹੀ ਬਿਰਧਾਨੋ**
**ਹਾਰਿਓ ਉਕਤੇ ਤਨੁ ਖੀਨਸੂਆ ॥**
**ਜਿਉ ਮੋਹਿਓ ਉਨਿ ਮੋਹਨੀ ਬਾਲਾ**
**ਉਸ ਤੇ ਘਟੈ ਨਾਹੀ ਰੁਚ ਚਸੂਆ ॥ ॥..........." ਪੰਨਾ 206**

**ਭਾਵ ਅਰਥ :-** ਹੇ ਵਿਸ਼ਿਆਂ ਦੇ ਰਸੀਏ ! ਛਡ ਦੇ, ਛਡ ਦੇ, ਇਹ ਬਿਖਿਆ ਦੇ ਰਸ। ਓ ਗਵਾਰ ਤੇ ਸ਼ੁਦਾਈ ! ਕਿਉਂ ਇਨ੍ਹਾ ਵਿਚ, ਹਰਿਆਏ ਪਸ਼ੂ ਵਾਂਗ, ਉਲਝ ਰਿਹਾ ਹੈ ? ਜਿਨ੍ਹਾਂ ਪਦਾਰਥਾਂ ਨੂੰ ਤੂੰ ਆਪਣੇ ਕਾਜ ਲਈ ਸਮਝਦਾ ਹੈ, ਇਹ ਤੇਰੇ ਨਾਲ ਜ਼ਰਾ ਜਿੰਨੇ ਵੀ ਨਹੀਂ ਜਾਣਗੇ। ਤੂੰ ਜਨਮ ਵੇਲੇ ਨੰਗਾ ਆਇਆ ਸੀ, ਤੇ ਖਾਲੀ ਹੱਥ ਸੀ, ਤੇ ਮਰਨ ਵੇਲੇ ਵੀ ਖਾਲੀ ਹੱਥ ਤੁਰ ਜਾਣਾ ਹੈ। ਆਵਾਗਵਣ ਦੇ ਫੇਰਾਂ ਵਿਚ ਪੈ ਜਾਏਂਗਾ ਤੇ ਮੌਤ ਸਦਾ ਖਾਂਦੀ ਰਹੇਗੀ। ਤੂੰ ਕਚੇ ਕਸੁੰਭ ਦੇ ਫੁਲ ਵਾਂਗੂੰ, ਇਸ ਲੀਲਾ ਨੂੰ ਵੇਖ ਕਰ, ਇਨ੍ਹਾਂ ਵਿਚ ਰਚ ਕੇ ਮਸਤ ਹੋਇਆ ਹੈ, ਤੇ ਇਨ੍ਹਾਂ ਨੂੰ ਮਾਣ ਕਰ ਹਸਦਾ ਖੇਡਦਾ ਹੈ। ਪਰ ਚੇਤੇ ਰਖ, ਤੇਰੀ ਉਮਰ ਰੂਪੀ ਡੋਰ, ਰਾਤ ਦਿਨੇ ਛਿਜ ਰਹੀ ਹੈ। ਆਪਣੇ ਨਾਲ ਲੈ ਜਾਣ ਲਈ, ਨਾਮ ਕਿਉਂ ਨਹੀਂ ਜਪਦਾ ? ਇਨ੍ਹਾਂ ਵਿਸ਼ੇ ਵਿਕਾਰਾਂ ਦੇ ਵਿਚ ਪਕੜਿਆ ਹੋਇਆ ਤੂੰ ਬੁੱਢਾ ਹੋ ਗਿਆ ਹੈ। ਕੰਠ ਵਿਚੋਂ ਬੋਲ ਨਹੀਂ ਨਿਕਲਦਾ ਤੇ ਸਰੀਰ ਜਰਜਰਾ ਹੋ ਗਿਆ ਹੈ। ਪਰ ਜਿਵੇਂ ਤੈਨੂੰ ਜਵਾਨੀ ਵਿਚ ਮੋਹਣ ਹਾਰ ਮਾਇਆ ਸੀ, ਉਸ ਤੋ ਤੇਰੀ ਰੁਚੀ ਉਕਾ ਨਹੀਂ ਘਟੀ ਭਾਵ ਭੋਗਣ ਵਾਲੇ ਸਰੀਰ ਨੇ ਜਵਾਬ ਦੇ ਦਿਤਾ ਹੈ, ਪਰ ਤੇਰੇ ਵਿਸ਼ਿਆਂ ਵਿਚ ਖਚਤ ਹੋਏ ਮਨ ਨੇ ਜਵਾਬ ਨਹੀਂ ਦਿਤਾ। ਮਨ ਵਿਚ ਭੋਗਾਂ ਦੀ ਰੁਚੀ ਉਸੀ ਤਰ੍ਹਾਂ ਜਵਾਨੀ ਵੇਲੇ ਦੀ ਬਣੀ ਹੋਈ ਹੈ।

**5."ਛੋਡਹੁ ਕਾਮ ਕ੍ਰੋਧੁ ਬੁਰਿਆਈ ॥ ਹਉਮੈ ਧੰਧੁ ਛੋਡਹੁ ਲੰਪਟਾਈ ॥**
**ਸਤਿਗੁਰ ਸਰਣਿ ਪਰਹੁ ਤਾ ਉਬਰਹੁ ਇਉ ਤਰੀਐ ਭਵਜਲੁ ਭਾਈ ਹੇ ॥" ਪੰਨਾ 1026**

**ਭਾਵ ਅਰਥ :-** ਛਡ ਦੇਵੋ ਕਾਮ, ਕਰੋਧ, ਬੁਰਿਆਈ ਨੂੰ। ਛਡ ਦੇਵੋ ਹਉਮੈ ਤੇ ਧੰਧੇ ਤੇ ਲੰਪਟ ਬਾਜ਼ੀ। ਸਤਿਗੁਰੂ ਦੀ ਸ਼ਰਨ ਪਵੋ, ਤਾਂ ਉਧਰੋਗੇ। ਇਹ ਹੈ ਰਾਹ, ਸੰਸਾਰ ਰੂਪੀ ਸਮੁੰਦਰ ਤਰਨ ਦਾ, ਹੇ ਭਾਈ !

6. **"ਪਰ ਦਾਰਾ ਪਰ ਧਨੁ ਪਰ ਲੋਭਾ ਹਉਮੈ ਬਿਖੈ ਬਿਕਾਰ ॥**
**ਦੁਸਟ ਭਾਉ ਤਜਿ ਨਿੰਦ ਪਰਾਈ ਕਾਮੁ ਕ੍ਰੋਧੁ ਚੰਡਾਰ ॥"** ਪੰਨਾ 1255

**ਭਾਵ ਅਰਥ :-** ਤਿਆਗ ! ਪਰ ਇਸਤਰੀ ਗਮਨ, ਪਰਾਇਆ ਧਨ, ਪਰਾਈ ਵਸਤ ਲਈ ਲੋਭ, ਹਉਮੈ ਅਧੀਨ ਵਿਸ਼ੇ ਵਿਕਾਰ, ਦੁਸ਼ਟ ਭਾਵਨਾ, ਪਰਾਈ ਨਿੰਦਾ, ਕਾਮ ਤੇ ਕਰੋਧ, ਜੋ ਚੰਡਾਲ ਹਨ।

7. **"ਹਕੁ ਪਰਾਇਆ ਨਾਨਕਾ ਉਸੁ ਸੂਅਰ ਉਸੁ ਗਾਇ ॥**
**ਗੁਰੁ ਪੀਰੁ ਹਾਮਾ ਤਾ ਭਰੇ ਜਾ ਮੁਰਦਾਰੁ ਨ ਖਾਇ ॥"** ਪੰਨਾ 141

**ਭਾਵ ਅਰਥ :-** ਹੇ ਨਾਨਕ ! ਪਰਾਇਆ ਹਕ ਜਿਵੇਂ ਮੁਸਲਮਾਨ ਲਈ ਸੂਰ ਹੁੰਦਾ ਹੈ ਤੇ ਹਿੰਦੂ ਲਈ ਗਾਂ ਹੁੰਦੀ ਹੈ-ਇਵੇਂ ਹੀ ਗੁਰੂ ਦਾ ਸਿੱਖ, ਪਰਾਏ ਹੱਕ ਨੂੰ ਸਮਝੇ। ਗੁਰੂ ਪੀਰ ਹਾਮੀ ਤਾਂ ਭਰਦੇ ਹਨ, ਜੋ ਪਰਾਇਆ ਹੱਕ ਰੂਪੀ ਮੁਰਦਾਰ ਨਾ ਖਾਈਏ।

8. **"ਨਿੰਦਾ ਭਲੀ ਕਿਸੈ ਕੀ ਨਾਹੀ ਮਨਮੁਖ ਮੁਗਧ ਕਰੰਨਿ ॥**
**ਮੁਹ ਕਾਲੇ ਤਿਨ ਨਿੰਦਕਾ ਨਰਕੇ ਘੋਰਿ ਪਵੰਨਿ ॥"** ਪੰਨਾ 755

**ਭਾਵ ਅਰਥ :-** ਨਿੰਦਾ ਕਿਸੇ ਦੀ ਵੀ ਕਰਨੀ ਚੰਗੀ ਨਹੀਂ। ਨਿੰਦਾ, ਮੂੜ੍ਹ ਤੇ ਮਨਮੁਖ ਕਰਦੇ ਹਨ। ਇਨ੍ਹਾਂ ਨਿੰਦਾ ਕਰਨ ਵਾਲਿਆਂ ਦੇ ਮੂੰਹ ਕਾਲੇ ਹੁੰਦੇ ਹਨ। ਤੇ ਘੋਰ ਨਰਕਾਂ ਵਿਚ ਸੁਟੇ ਜਾਂਦੇ ਹਨ।

ਗੁਰਮਤਿ ਇਹ ਦਰਸਾਂਦੀ ਹੈ, ਕਿ ਵਿਕਾਰਾਂ ਵਿਚ ਪਰਵਿਰਤ ਹੋਣਾ ਤਾਂ ਬਹੁਤ ਅਗੇ ਹੈ। ਜਿਹੜੇ ਗੁਰਸਿੱਖ ਆਪਣੀ ਦ੍ਰਿਸ਼ਟੀ ਵਿਕਾਰਾਂ ਵਲ ਦੌੜਦੀ ਨੂੰ ਬੰਨ੍ਹ ਕੇ ਰਖਦੇ ਹਨ, ਉਨ੍ਹਾਂ ਤੇ ਗੁਰੂ ਨਾਨਕ ਪਾਤਸ਼ਾਹ, ਬਲਿਹਾਰ ਜਾਂਦੇ ਹਨ ਤੇ ਜਿਹੜੇ ਆਖਦੇ ਹਨ ਕਿ ''ਪੁੰਨ ਪਾਪ ਕਲਪਤ ਚੀਜ਼ ਹੈ-ਨਾ ਕੋਈ ਪੁੰਨ ਹੈ ਤੇ ਨਾ ਕੋਈ ਪਾਪ ਹੈ'', ਉਹ ਭੁਲੇ, ਘੁੱਥੇ ਫਿਰਦੇ ਪਏ ਹਨ। ਤੁਕ ਇਹ ਹੈ :-

**"ਦਿਸਟਿ ਬਿਕਾਰੀ ਬੰਧਨਿ ਬਾਂਧੈ ਹਉ ਤਿਸ ਕੈ ਬਲਿ ਜਾਈ ॥**
**ਪਾਪ ਪੁੰਨ ਕੀ ਸਾਰ ਨ ਜਾਣੈ ਭੂਲਾ ਫਿਰੈ ਅਜਾਈ ॥"** ਪੰਨਾ 1329

ਸ੍ਰੀ ਗੁਰੂ ਅਰਜਨ ਦੇਵ ਜੀ ਫੁਰਮਾਉਂਦੇ ਹਨ, ਕਿ ਗੁਰੂ ਦੇ ਸਿਖ ਨੂੰ ਇਹੋ ਜਿਹਾ ਅਪਰਸ ਹੋਣਾ ਚਾਹੀਦਾ ਹੈ ਕਿ ਰਸਨਾ ਕਦੀ ਕੂੜ ਨਾ ਬੋਲੇ। ਪਰ ਇਸਤਰੀ ਦੇ ਰੂਪ ਨੂੰ ਭੈੜੀ ਨਜ਼ਰ ਨਾਲ ਨਾ ਵੇਖੇ। ਕੰਨਾਂ ਨਾਲ ਕਿਸੇ ਦੀ ਨਿੰਦਾ ਨਾ ਸੁਣੇ। ਇੰਦਰੀ ਜਿਤ ਹੋਵੇ। ਕਾਮ, ਕਰੋਧ, ਲੋਭ, ਮੋਹ ਤੇ ਅਹੰਕਾਰ ਤੋਂ ਰਹਿਤ ਹੋਵੇ। ਮਨ ਵਿਚ ਪ੍ਰਭੂ ਨਿਰੰਜਨ ਦੇ ਦਰਸ ਦੀ ਪ੍ਰੀਤਿ ਭਰੀ ਤਾਂਘ ਹੋਵੇ। ਸਾਧ ਦੀ ਸੰਗਤਿ ਤੇ ਸਤਿ ਸੰਗਿ ਨਾਲ ਪਿਆਰ ਹੋਵੇ। ਆਪਣੇ ਆਪ ਨੂੰ ਸਭ ਤੋਂ ਮੰਦਾ ਜਾਣੇ। ਮਨ ਦੀ ਵਾਸ਼ਨਾ ਨੂੰ ਮਨ ਨਾਲ ਹੀ ਦੂਰ ਕਰੇ। ਭਾਵ ਵਾਸ਼ਨਾ ਅਨੁਸਾਰ ਕਰਮ ਨਾ ਕਰੇ ਤੇ ਮਨ ਨੂੰ ਗੁਰੂ ਦੇ ਸ਼ਬਦ ਦੁਆਰਾ ਸਮਝਾਵੇ ਕਿ ਇਹ ਵਾਸ਼ਨਾ ਜਾਂ ਖਿਆਲ ਮਾੜਾ ਹੈ ਤੇ ਇਸ ਅਨੁਸਾਰ ਕਰਮ ਨਹੀਂ ਕਰਨਾ।

9. **"ਮਿਥਿਆ ਨਾਹੀ ਰਸਨਾ ਪਰਸ ॥**
**ਮਨ ਮਹਿ ਪ੍ਰੀਤਿ ਨਿਰੰਜਨ ਦਰਸ ॥**
**ਪਰ ਤ੍ਰਿਅ ਰੂਪੁ ਨ ਪੇਖੈ ਨੇਤ੍ਰ ॥**
**ਸਾਧ ਕੀ ਟਹਲ ਸੰਤਸੰਗਿ ਹੇਤ ॥**
**ਕਰਨ ਨ ਸੁਨੈ ਕਾਹੂ ਕੀ ਨਿੰਦਾ ॥**
**ਸਭ ਤੇ ਜਾਨੈ ਆਪਸ ਕਉ ਮੰਦਾ ॥**

ਗੁਰ ਪ੍ਰਸਾਦਿ ਬਿਖਿਆ ਪਰਹਰੈ ॥
ਮਨ ਕੀ ਬਾਸਨਾ ਮਨ ਤੇ ਟਰੈ ॥
ਇੰਦ੍ਰੀ ਜਿਤ ਪੰਚ ਦੋਖ ਤੇ ਰਹਤ ॥
ਨਾਨਕ ਕੋਟਿ ਮਧੇ ਕੋ ਐਸਾ ਅਪਰਸ ॥" ਪੰਨਾ 274

ਸਾਹਿਬ ਸ੍ਰੀ ਗੁਰੂ ਤੇਗ ਬਹਾਦੁਰ ਜੀ ਫੁਰਮਾਉਂਦੇ ਹਨ ਕਿ ਹੇ ਸਾਧੋ ! ਮਨ ਦਾ ਮਾਨ ਤਿਆਗੋ। ਕਾਮ, ਕ੍ਰੋਧ ਤੇ ਭੈੜੇ ਬੰਦੇ ਦੀ ਸੰਗਤਿ ਤੋ ਸਦਾ ਦੂਰ ਨਸਦੇ ਰਹੋ।

10. "ਸਾਧੋ ਮਨ ਕਾ ਮਾਨੁ ਤਿਆਗਉ ॥
ਕਾਮੁ ਕ੍ਰੋਧੁ ਸੰਗਤਿ ਦੁਰਜਨ ਕੀ ਤਾ ਤੇ ਅਹਿਨਿਸਿ ਭਾਗਉ ॥ ਪੰਨਾ 219

ਪਿਛੇ ਦਿਤੇ ਤੇ ਹੋਰ ਅਨੇਕ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਮਹਾਰਾਜ ਵਿਚ ਅੰਕਤ ਬਚਨਾਂ ਨੂੰ, ਜੀਵਨ ਵਿਚ ਘਟਾਉਣ ਨਾਲ ਹਰਿ ਰਸ ਦੀ ਪ੍ਰਾਪਤੀ ਹੁੰਦੀ ਹੈ-ਭਾਵ ਇਹ ਹੈ ਕਿ ਸਮੁਚੇ ਸਤਿਗੁਰੂ ਜੀ ਦੇ ਦਸੇ ਬਚਨ ਕਮਾਉਣ ਨਾਲ, ਨਿਰੰਤਰ ਰਸ ਪੈਦਾ ਹੈ ਤੇ ਮਨ, ਦਸਾ ਦਿਸ਼ਾ ਵਿਚ ਧਾਵਣ ਤੋਂ ਹਟ ਕੇ, ਸਹਜ ਅਵਸਥਾ ਵਿਚ ਰਹਿੰਦਾ ਹੈ। ਜਦ ਰਸ ਪੈਦਾ ਹੈ ਤੇ ਨਾਮ ਸਾਖਿਆਤ ਹੁੰਦਾ ਹੈ, ਉਸ ਦੀ ਕੀ ਨਿਸ਼ਾਨੀ ਹੈ ? ਆਓ ਜੀ, ਵੀਚਾਰ ਕਰੀਏ।

# ਨਾਮ ਪ੍ਰਾਪਤੀ ਦੀ ਨਿਸ਼ਾਨੀ

ਇਕੇਰਾਂ, ਸਾਹਿਬ ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ ਅਗੇ ਪੁਛ ਹੋਈ, ਕਿ ''ਸ੍ਰੀ ਜੀਓ ! ਪ੍ਰਭੂ ਪਤੀ ਦੇ ਮਿਲਾਪ ਦੀ ਨਿਸ਼ਾਨੀ ਦਸੋ। ਉੱਤਰ ਵਿਚ ਹਜ਼ੂਰ ਨੇ ਫੁਰਮਾਇਆ, ''ਮੈਂ ਪ੍ਰੇਮ ਰਸ ਵਿਚ ਭਰੀ ਪਈ ਹਾਂ। ਕੁਝ ਬੋਲ ਨਹੀਂ ਸਕਦੀ।''

ਪ੍ਰਸ਼ਨ ਤੇ ਉੱਤਰ ਇੰਜ ਹੈ :-

"ਮਿਲਿ ਸਖੀਆ ਪੁਛਹਿ ਕਹੁ ਕੰਤ ਨੀਸਾਣੀ ॥
ਰਸਿ ਪ੍ਰੇਮ ਭਰੀ ਕਛੁ ਬੋਲਿ ਨ ਜਾਣੀ ॥" ਪੰਨਾ 459

ਫਿਰ ਸ੍ਰੀ ਹਜ਼ੂਰ ਜੀ ਨੇ ਰਾਮਕਲੀ ਰਾਗ ਵਿਚ ਇਹ ਨਿਸ਼ਾਨੀ ਦਰਸਾਈ, ਕਿ ਸੰਤਾਂ ਦੀ ਕਿਰਪਾ ਨਾਲ, ਨਾਸ਼ ਰਹਿਤ ਪ੍ਰਭੂ ਨੂੰ ਜਪਿ ਕਰ, ਜਦ ਨਾਮ ਰਸ ਪ੍ਰਾਪਤ ਹੋ ਕਰ, ਨਾਮ ਪ੍ਰਗਟਿਆ ਤਾਂ ਸਾਰੀਆਂ ਤ੍ਰਿਸ਼ਨਾਵਾਂ ਤੇ ਭੁੱਖਾਂ ਨਸ ਗਈਆਂ ਹਨ। ਹੁਣ ਰਾਤ ਦਿਨ ਪ੍ਰਭੂ ਦੀ ਸੇਵਾ ਵਿਚ ਹਾਂ ਭਾਵ ਪ੍ਰਭੂ ਦੇ ਹੁਕਮਾਂ ਦੀ ਪਾਲਣਾ ਹੋ ਰਹੀ ਹੈ। ਇਹ ਹੈ, ਹਰੀ ਮਿਲਾਪ ਦੀ ਨਿਸ਼ਾਨੀ।

"ਤ੍ਰਿਸਨਾ ਭੂਖ ਸਭ ਨਾਸੀ ॥
ਸੰਤ ਪ੍ਰਸਾਦਿ ਜਪਿਆ ਅਬਿਨਾਸੀ ॥
ਰੈਨਿ ਦਿਨਸੁ ਪ੍ਰਭ ਸੇਵ ਕਮਾਨੀ ॥
ਹਰਿ ਮਿਲਣੈ ਕੀ ਏਹ ਨੀਸਾਨੀ ॥" ਪੰਨਾ 897

ਇਸ ਦੇ ਉਪ੍ਰੰਤ ਸ੍ਰੀ ਹਜ਼ੂਰ ਨੇ ਫੁਰਮਾਇਆ ਕਿ ਹੁਣ ਮਨ ਰੂਪੀ ਬਿੱਲੀ, ਸਾਹਮਣੇ ਪਏ ਮਾਸ ਨੂੰ ਨਹੀਂ ਖਾਂਦੀ ਭਾਵ ਮਨ ਦੀ ਵਿਸ਼ੇ ਵਿਕਾਰਾਂ ਦੇ ਭੋਗਣ ਦੀ ਰੁਚੀ ਮਿਟ ਜਾਂਦੀ ਹੈ। ਇਸ ਵਡੇ ਕਸਾਈ ਰੂਪੀ ਮਨ ਨੇ, ਛੁਰੀ ਹੀ ਸੁਟ ਦਿਤੀ ਹੈ। ਦੂਜੇ ਸ਼ਬਦਾਂ ਵਿਚ ਮਨ ਉਤੇ ਪੂਰਾ ਸਵੈਵਸੀਕਰਣ (Subjective Control) ਹੋ ਗਿਆ। ਤੁਕ ਇੰਜ ਹੈ :-

"ਦੀਸਤ ਮਾਸੁ ਨ ਖਾਇ ਬਿਲਾਈ ॥
ਮਹਾ ਕਸਾਬਿ ਛੁਰੀ ਸਟਿ ਪਾਈ ॥" ਪੰਨਾ 898

ਹੇਠਲੀ ਤੁਕ ਵਿਚ ਸ੍ਰੀ ਹਜ਼ੂਰ ਫੁਰਮਾਉਂਦੇ ਹਨ, ਕਿ ਹੁਣ ਸਾਰੀਆਂ ਇੰਦ੍ਰੀਆਂ, ਪ੍ਰਭੂ ਜੀ ਨੇ, ਪੂਰਨ ਵਸ ਵਿਚ ਕਰ ਦਿਤੀਆਂ ਹਨ ਤੇ ਜਿਧਰ ਲੈ ਜਾਈਏ, ਉਧਰ ਲਗਦੀਆਂ ਹਨ। ਖਿਚੋ-ਤਾਣ ਉੱਕਾ ਨਹੀ ਰਹੀ।

**ਸਭਿ ਇੰਦ੍ਰੀਆ ਵਸਿ ਕਰਿ ਦਿਤੀਓ ਸਤਵੰਤਾ ਸਾੜਾ ॥**
**ਜਿਤੁ ਲਾਈਅਨਿ ਤਿਤੈ ਲਗਦੀਆ ਨਹ ਖਿੰਜੋਤਾੜਾ ॥** **ਪੰਨਾ 1097**

ਇਕ ਹੋਰ ਥਾਂ, ਹਜ਼ੂਰ ਨੇ ਉਤਮ ਪੁਰਸ਼ ਦਵਾਰਾ, ਵਿਸਥਾਰ ਸਹਿਤ ਨਿਸ਼ਾਨੀਆਂ ਫੁਰਮਾਈਆਂ ਹਨ। ਫੁਰਮਾਉਂਦੇ ਹਨ ਕਿ ਹੁਣ ਮੇਰੀ ਮਾਇਆ ਰੂਪੀ ਛਲ ਨਾਗਨ ਨਾਲ, ਪ੍ਰੀਤੀ ਟੁੱਟ ਗਈ ਹੈ, ਇਸ ਲਈ ਕਿ ਗੁਰੂ ਜੀ ਨੇ ਇਹ ਗੱਲ ਦੱਸੀ ਹੈ ਕਿ ਇਹ ਝੂਠੀ ਧੋਖੇਬਾਜ਼ ਹੈ। ਲੋਭ ਮੋਹ ਨਾਲ ਵੀ ਨਿਖੁਟ ਗਈ ਹੈ। ਗੁਰੂ ਕ੍ਰਿਪਾਲ ਨੇ ਕਿਰਪਾ ਕਰਕੇ ਛੁਟਕਾਰਾ ਬਖਸ਼ ਦਿਤਾ ਹੈ। ਕਾਮ ਤੇ ਕ੍ਰੋਧ ਨਾਲ ਹੁਣ ਕੋਈ ਸਬੰਧ ਨਹੀਂ ਰਿਹਾ। ਇਹ ਗੁਰੂ ਉਪਦੇਸ਼ ਮੈ ਕੰਨਾਂ ਨਾਲ ਸੁਣਿਆ ਕਿ ਇਹ ਬੜੇ ਦੁਖਦਾਈ ਹਨ। ਮੈ ਦਸ ਨਾਰੀਆਂ ਨੂੰ ਵੀ ਛੁੱਟੜ ਕਰ ਦਿਤਾ ਹੈ। ਗੁਰੂ ਨੇ ਆਖਿਆ ਕਿ ਇਹ ਰਸ ਵਿਸ਼ਿਆਂ ਦੀ ਅੱਗ ਹਨ। ਅਹੰਕਾਰ ਨਾਲ ਸਲਾਹ ਮਸ਼ਵਰਾ ਕਰਨਾ ਵੀ ਛੱਡ ਦਿਤਾ ਹੈ। ਗੁਰੂ ਨੇ ਆਖਿਆ ਕਿ ਇਹ ਜ਼ਿੱਦੀ ਮੂਰਖ ਹੈ। ਮੈ ਪ੍ਰਭੂ ਪਾਸ, ਅੰਚਲ ਫੜ ਕੇ ਪੁਜ ਗਿਆ, ਮੈ ਬੇਨਤੀ ਕੀਤੀ ਕਿ ''ਹੇ ਪ੍ਰਭੂ, ਨਿਆਂ ਕਰੋ''। ਅਗੋਂ ਪ੍ਰਭੂ ਬੋਲੇ ਕਿ ''ਜਾਹ ਨਿਆਂ ਕਰ ਦਿਤਾ'' ਤੇ ਸਾਰੇ ਦੂਤ ਮੇਰੀ ਸੇਵਾ ਲਾ ਦਿਤੇ, ਤੇ ਨਾਲ ਹੀ ਪ੍ਰਭੂ ਨੇ ਫੁਰਮਾਇਆ ਕਿ ਅਗੋ ਤੋਂ ਤੂੰ ਇਨ੍ਹਾਂ ਦੂਤਾਂ ਦਾ ਮਾਲਕ ਹੈ, ਤੇ ਇਹ ਤੇਰੇ ਸੇਵਕ ਬਣ ਕੇ, ਤੇਰੇ ਘਰ ਰਹਿਣਗੇ। ਨਾਨਕ ਕਹਿੰਦਾ ਹੈ ਕਿ ਗੁਰੂ ਨੇ ਨਿਬੇੜਾ ਕਰ ਦਿਤਾ ਹੈ। ਸ਼ਬਦ ਇਸ ਪ੍ਰਕਾਰ ਹੈ :-

**"...........ਛਲ ਨਾਗਨਿ ਸਿਉ ਮੇਰੀ ਟੂਟਨਿ ਹੋਈ ॥**

**ਗੁਰਿ ਕਹਿਆ ਇਹ ਝੂਠੀ ਧੋਹੀ ॥**

**...........ਲੋਭ ਮੋਹ ਸਿਉ ਗਈ ਵਿਖੋਟਿ ॥**

**ਗੁਰਿ ਕ੍ਰਿਪਾਲਿ ਮੋਹਿ ਕੀਨੀ ਛੋਟਿ ॥**

**..............ਕਾਮ ਕ੍ਰੋਧ ਸਿਉ ਠਾਟੁ ਨ ਬਨਿਆ ॥**

**ਗੁਰ ਉਪਦੇਸੁ ਮੋਹਿ ਕਾਨੀ ਸੁਨਿਆ ॥**

**.....................................**

**ਦਸ ਨਾਰੀ ਮੈ ਕਰੀ ਦੁਹਾਗਨਿ ॥**

**ਗੁਰਿ ਕਹਿਆ ਏਹ ਰਸਹਿ ਬਿਖਾਗਨਿ ॥**

**ਅਹੰਮੇਵ ਸਿਉ ਮਸਲਤਿ ਛੋਡੀ ॥**

**ਗੁਰਿ ਕਹਿਆ ਇਹੁ ਮੂਰਖੁ ਹੋਡੀ ॥**

**..................................**

**ਆਏ ਪ੍ਰਭ ਪਹਿ ਅੰਚਰਿ ਲਾਗਿ ॥**

**ਕਰਹੁ ਤਪਾਵਸੁ ਪ੍ਰਭ ਸਰਬਾਗਿ ॥**

**ਪ੍ਰਭ ਹਸਿ ਬੋਲੇ ਕੀਏ ਨਿਆਂਏਂ ॥**

**ਸਗਲ ਦੂਤ ਮੇਰੀ ਸੇਵਾ ਲਾਏ ॥**

**ਤੂੰ ਠਾਕੁਰੁ ਇਹੁ ਗ੍ਰਿਹੁ ਸਭੁ ਤੇਰਾ ॥**

ਕਹੁ ਨਾਨਕ ਗੁਰਿ ਕੀਆ ਨਿਬੇਰਾ ॥" ਪੰਨਾ 1347

ਨਾਮ ਦੀ ਪ੍ਰਾਪਤੀ ਦੀ ਨਿਸ਼ਾਨੀ ਸਿਰੀ ਰਾਗ ਵਿਚ, ਪੰਚਮ ਪਾਤਸ਼ਾਹ ਜੀ ਫੁਰਮਾਉਂਦੇ ਹਨ,

ਹਉ ਗੋਸਾਈ ਦਾ ਪਹਿਲਵਾਨੜਾ ॥
ਮੈ ਗੁਰ ਮਿਲਿ ਉਚ ਦੁਮਾਲੜਾ ॥
ਸਭ ਹੋਈ ਛਿੰਝ ਇਕਠੀਆ ਦਯੁ ਬੈਠਾ ਵੇਖੈ ਆਪਿ ਜੀਉ ॥
ਵਾਤ ਵਜਨਿ ਟੰਮਕ ਭੇਰੀਆ ॥ ਮਲ ਲਥੇ ਲੈਦੇ ਫੇਰੀਆ ॥
ਨਿਹਤੇ ਪੰਜਿ ਜੁਆਨ ਮੈ ਗੁਰ ਥਾਪੀ ਦਿਤੀ ਕੰਡਿ ਜੀਉ ॥" ਪੰਨਾ 74
"ਹਉ ਗੁਰ ਮਿਲਿ ਇਕੁ ਪਛਾਣਦਾ ॥
ਦੁਯਾ ਕਾਗਲੁ ਚਿਤਿ ਨ ਜਾਣਦਾ ॥
...............................
ਹਉ ਹੋਆ ਮਾਹਰੁ ਪਿੰਡ ਦਾ ਬੰਨਿ ਆਦੇ ਪੰਜਿ ਸਰੀਕ ਜੀਉ ॥
ਹਉ ਆਇਆ ਸਾਮ੍ਹੈ ਤਿਹੰਡੀਆ ॥
ਪੰਜਿ ਕਿਰਸਾਣ ਮੁਜੇਰੇ ਮਿਹਡਿਆ ॥
ਕੰਨੁ ਕੋਈ ਕਢਿ ਨ ਹੰਘਈ ਨਾਨਕ ਵੁਠਾ ਘੁਘਿ ਗਿਰਾਉ ਜੀਉ ॥
ਹਉ ਵਾਰੀ ਘੁੰਮਾ ਜਾਵਦਾ ॥ ਇਕ ਸਾਹਾ ਤੁਧੁ ਧਿਆਇਦਾ ॥
ਉਜੜੁ ਥੇਹੁ ਵਸਾਇਓ ਹਉ ਤੁਧ ਵਿਟਹੁ ਕੁਰਬਾਣੁ ਜੀਉ ॥" ਪੰਨਾ 73

ਮੈ ਗੋਸਾਂਈ ਦਾ ਪਹਿਲਵਾਨ ਬਣ ਗਿਆ ਹਾਂ। ਮੈਨੂੰ ਉਚਾ ਦੁਮਾਲੜਾ, ਗੁਰੂ ਨੂੰ ਮਿਲ ਕੇ ਪ੍ਰਾਪਤ ਹੋਇਆ ਹੈ। ਅਖਾੜੇ ਵਿਚ ਦਰਸ਼ਕ ਇੱਕਠੇ ਹੋ ਗਏ। ਪ੍ਰਭੂ ਆਪ ਖੇਡ ਵੇਖ ਰਹਿਆ ਹੈ। ਭਿੰਨ ਭਿੰਨ ਤਰ੍ਹਾਂ ਦੇ ਵਾਜੇ, ਨਫੇਰੀਆਂ ਤੇ ਢੋਲ ਵਜ ਰਹੇ ਹਨ। ਅਖਾੜੇ ਦੇ ਅੰਦਰ ਪਹਿਲਵਾਨ ਉਤਰ ਕੇ ਫੇਰੀਆਂ ਲੈ ਰਹੇ ਹਨ। ਮੈ ਪੰਜ ਜਵਾਨ ਚਿਤ ਕਰ ਲਏ। ਪੰਜ ਜਵਾਨ ਹਨ, ਕਾਮ, ਕ੍ਰੋਧ, ਲੋਭ, ਮੋਹ ਤੇ ਅਭਿਮਾਨ। ਕੰਡ ਤੇ ਗੁਰੂ ਨੇ ਥਾਪੀ ਦਿਤੀ ਹੈ। ਮੈਂ ਗੁਰੂ ਨੂੰ ਮਿਲ ਕੇ, ਕੇਵਲ ਇਕ ਨਿਰੰਕਾਰ ਨੂੰ ਪਛਾਣਦਾ ਹਾਂ। ਦੂਜੀ ਕੋਈ ਗੱਲ ਨਹੀਂ ਜਾਣਦਾ। ਮੈਂ ਸਰੀਰ ਰੂਪੀ ਪਿੰਡ ਦਾ ਚੌਧਰੀ ਹੋ ਗਿਆ ਹਾਂ ਤੇ ਪੰਜ ਸ਼ਰੀਕ-ਕਾਮ, ਕੋਧ, ਲੋਭ, ਮੋਹ, ਅਭਿਮਾਨ ਬੰਨ੍ਹ ਲਿਆਂਦੇ ਹਨ। ਮੈਂ ਹੁਣ, ਪ੍ਰਭੂ ਜੀ, ਤੇਰੀ ਸ਼ਰਨ ਆਇਆ ਹਾਂ। ਪੰਜ ਕਿਰਸਾਨ ਹੁਣ ਮੇਰੇ ਕਾਸ਼ਤਕਾਰ ਹਨ। ਹੁਣ ਕੋਈ ਕੰਧ ਉਚਾ ਨਹੀਂ ਕੱਢਦਾ। ਹੇ ਨਾਨਕ ! ਬੜਾ ਸੰਘਣਾ ਪਿੰਡ ਵਸ ਪਿਆ ਹੈ। ਮੈ ਉਸ ਪ੍ਰਭੂ ਤੋਂ ਬਲਿਹਾਰ ਤੇ ਘੋਲੀ ਹਾਂ। ਹੇ ਸਿਰਜਨਹਾਰ! ਨਿਰੰਤਰ ਤੈਨੂੰ ਧਿਆਉਂਦਾ ਹਾਂ। ਮੇਰਾ ਉਜੜਿਆ ਥੇਹ ਵਸਾ ਦਿਤਾ ਹੈ। ਇਸ ਲਈ ਮੈਂ ਸ੍ਰੀ ਹਜ਼ੂਰ ਤੋ ਕੁਰਬਾਨ ਜਾਂਦਾ ਹਾਂ।

ਉਤਲੇ ਸ਼ਬਦ ਵਿਚ ਅਲੰਕਾਰ ਕੁਸ਼ਤੀ ਕਰਨ ਵਾਲੇ ਅਖਾੜੇ ਦਾ ਹੈ। ਇਹ ਸੰਸਾਰ ਇਕ ਅਖਾੜਾ ਹੈ। ਇਸ ਅਖਾੜੇ ਦੀ ਖੇਡ ਨੂੰ ਰਚਣਹਾਰ ਆਪ ਵੇਖ ਰਿਹਾ ਹੈ। ਇਸ ਅਖਾੜੇ ਵਿਚ ਭਾਂਤ ਭਾਂਤ ਦੇ ਵਾਜੇ, ਗਾਜੇ, ਢੋਲਕ ਤੇ ਭੇਰੀਆਂ ਵਜ ਰਹੇ ਹਨ। ਹਰ ਇਕ ਜੀਵ ਕੁਸ਼ਤੀ ਲੜ ਰਿਹਾ ਹੈ। ਕੁਸ਼ਤੀ ਕਾਮ, ਕ੍ਰੋਧ, ਲੋਭ, ਮੋਹ ਤੇ ਅਹੰਕਾਰ ਪਹਿਲਵਾਨਾਂ ਨਾਲ ਹੁੰਦੀ ਹੈ। ਜੋ ਇਸ ਘੋਲ ਵਿਚ ਡਿਗ ਪੈਂਦੇ ਹਨ, ਉਹ ਹਾਰ ਜਾਂਦੇ ਹਨ ਤੇ ਜੋ ਇਨ੍ਹਾਂ ਪੰਜਾਂ ਮਹਾਂ-ਬਲੀਆਂ ਨੂੰ, ਨਾਮ ਜਪ ਕਰ, ਚਿਤ ਕਰ ਦਿੰਦੇ ਹਨ, ਉਹ ਜੇਤੂ ਹੋ ਜਾਂਦੇ ਹਨ। ਜਦ ਘੋਲ ਵਿਚ ਕਿਸੇ ਨੂੰ ਜਿਤ ਪ੍ਰਾਪਤ ਹੁੰਦੀ ਹੈ ਤਾਂ ਉਸ ਨੂੰ ਇਕ ਦਸਤਾਰ ਦਿਤੀ ਜਾਂਦੀ ਹੈ ਤੇ ਉਸ ਦਾ ਦੁਮਾਲਾ ਕਢ ਕੇ ਉਸ ਨੂੰ ਸਨਮਾਨਿਆ ਜਾਂਦਾ ਹੈ। ਸ੍ਰੀ ਗੁਰੂ ਅਰਜਨ ਦੇਵ ਪਿਤਾ ਜੀ ਨੇ, ਇਨ੍ਹਾ ਪੰਜਾਂ ਜਵਾਨਾਂ-ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ ਨੂੰ ਚਿਤ ਕਰ ਦਿਤਾ ਤੇ ਗੁਰੂ ਸਾਹਿਬ ਤੋਂ ਥਾਪੜਾ ਲਿਆ ਹੈ ਤੇ ਫੁਰਮਾਇਆ ਕਿ "ਹੁਣ ਇਨ੍ਹਾਂ ਪੰਜਾਂ ਮਹਾਂ ਬਲੀਆਂ

ਤੇ ਮੇਰਾ ਪੂਰਾ ਅਧਿਕਾਰ ਹੈ। ਹੁਣ ਇਹ ਮੋਢਾ ਉਚਾ ਕਰ ਕੇ ਨਹੀ ਟੁਰ ਸਕਦੇ-ਮੇਰੇ ਕਾਸ਼ਤਕਾਰ ਕਾਮੇ ਬਣ ਗਏ ਹਨ।''

ਨੌਵੀ ਪਾਤਸ਼ਾਹੀ ਸਾਹਿਬ ਸ੍ਰੀ ਗੁਰੂ ਤੇਗ ਬਹਾਦਰ ਜੀ ਮਹਾਰਾਜ ਨੇ, ਨਾਮ ਪ੍ਰਾਪਤੀ ਦੀ ਨਿਸ਼ਾਨੀ ਇਸ ਪ੍ਰਕਾਰ ਫੁਰਮਾਈ ਹੈ :-

**"ਮਾਈ ਮੈ ਧਨੁ ਪਾਇਓ ਹਰਿ ਨਾਮੁ ॥**
**ਮਨੁ ਮੇਰੋ ਧਾਵਨ ਤੇ ਛੂਟਿਓ ਕਰਿ ਬੈਠੋ ਬਿਸਰਾਮੁ ॥ ॥ ਰਹਾਉ ॥**
**ਮਾਇਆ ਮਮਤਾ ਤਨ ਤੇ ਭਾਗੀ ਉਪਜਿਓ ਨਿਰਮਲ ਗਿਆਨੁ ॥**
**ਲੋਭ ਮੋਹ ਏਹ ਪਰਸਿ ਨ ਸਾਕੈ ਗਹੀ ਭਗਤਿ ਭਗਵਾਨ ॥ ॥**
**ਜਨਮ ਜਨਮ ਕਾ ਸੰਸਾ ਚੂਕਾ ਰਤਨੁ ਨਾਮੁ ਜਬ ਪਾਇਆ ॥**
**ਤ੍ਰਿਸਨਾ ਸਕਲ ਬਿਨਾਸੀ ਮਨ ਤੇ ਨਿਜ ਸੁਖ ਮਾਹਿ ਸਮਾਇਆ ॥" ਪੰਨਾ 1186**

**ਭਾਵ ਅਰਥ :-** ਹੇ ਮਾਈ ! ਮੈਂ ਨਾਮ ਧਨ ਪਾ ਲਿਆ ਹੈ। ਮੇਰਾ ਮਨ ਇਧਰ ਉਧਰ ਦੌੜਨ ਤੋਂ ਛੁੱਟ ਗਿਆ ਹੈ, ਬਿਸਰਾਮ ਕਰਕੇ ਬੈਠ ਗਿਆ ਹੈ। ਮਾਇਆ ਦੀ ਮਮਤਾ, ਤਨ ਤੋਂ ਨੱਠ ਗਈ ਹੈ ਤੇ ਨਿਰਮਲ ਗਿਆਨ ਉਪਜ ਪਿਆ ਹੈਂ ਲੋਭ ਤੇ ਮੋਹ ਹੁਣ ਨੇੜੇ ਨਹੀਂ ਢੁੱਕਦੇ। ਮੈਂ ਭਗਵਾਨ ਦੀ ਭਗਤੀ ਦ੍ਰਿੜ ਕਰ ਪਕੜ ਲਈ ਹੈ। ਮੇਰਾ ਜਨਮ ਜਨਮਾਂਤ੍ਰਾਂ ਦਾ ਸੰਸਾ ਦੂਰ ਹੋ ਗਿਆ ਹੈ, ਜਦੋਂ ਦਾ ਨਾਮ ਰਤਨ ਪਾਇਆ ਹੈ। ਤ੍ਰਿਸ਼ਨਾ ਸਾਰੀ, ਮਨ ਤੋਂ ਨਾਸ਼ ਹੋ ਗਈ ਹੈ ਤੇ ਹੁਣ ਮਨ ਨਿਜ ਘਰ ਵਿਚ ਸਮਾ ਗਿਆ ਹੈ।

ਭਗਤ ਸ੍ਰੀ ਰਵਿਦਾਸ ਜੀ ਆਪਣਾ ਨਿਜੀ ਅਨੁਭਵ, ਨਾਮ ਸਾਖਿਆਤ ਹੋਣ ਦਾ, ਇੰਜ ਦਰਸਾਂਦੇ ਹਨ :-

**"ਬੇਗਮ ਪੁਰਾ ਸਹਰ ਕੋ ਨਾਉ ॥**
**ਦੂਖੁ ਅੰਦੋਹੁ ਨਹੀ ਤਿਹਿ ਠਾਉ ॥**
**ਨਾਂ ਤਸਵੀਸ ਖਿਰਾਜੁ ਨ ਮਾਲੁ ॥**
**ਖਉਫੁ ਨ ਖਤਾ ਨ ਤਰਸੁ ਜਵਾਲੁ ॥ ॥**
**ਅਬ ਮੋਹਿ ਖੂਬ ਵਤਨ ਗਹ ਪਾਈ ॥**
**ਊਹਾਂ ਖੈਰਿ ਸਦਾ ਮੇਰੇ ਭਾਈ ॥ ॥ ਰਹਾਉ ॥**
**ਕਾਇਮੁ ਦਾਇਮੁ ਸਦਾ ਪਾਤਿਸਾਹੀ ॥**
**ਦੋਮ ਨ ਸੇਮ ਏਕ ਸੋ ਆਹੀ ॥**
**ਆਬਾਦਾਨੁ ਸਦਾ ਮਸਹੂਰ ॥**
**ਊਹਾਂ ਗਨੀ ਬਸਹਿ ਮਾਮੂਰ ॥ ॥**
**ਤਿਉ ਤਿਉ ਸੈਲ ਕਰਹਿ ਜਿਉ ਭਾਵੈ ॥**
**ਮਹਰਮ ਮਹਲ ਨ ਕੋ ਅਟਕਾਵੈ ॥**
**ਕਹਿ ਰਵਿਦਾਸ ਖਲਾਸ ਚਮਾਰਾ ॥**

**ਜੋ ਹਮ ਸਹਰੀ ਸੁ ਮੀਤੁ ਹਮਾਰਾ ॥ ॥** ਪੰਨਾ 345

**ਭਾਵ ਅਰਥ :–** ਜਿਥੇ ਮੈਂ ਵਸਦਾ ਹਾਂ, ਉਸ ਸ਼ਹਿਰ ਦਾ ਨਾਉਂ ਬੇਗਮ ਪੁਰਾ ਹੈ-ਭਾਵ ਕਿ ਹਰ ਪਰਕਾਰ ਦੇ ਗਮਾਂ ਤੋਂ ਰਹਿਤ ਹੈ। ਇਥੇ ਕੋਈ ਦੁਖ ਤੇ ਕੋਈ ਤੌਖਲਾ ਨਹੀਂ। ਨਾ ਕੋਈ ਫਿਕਰ ਤੇ ਨਾ ਹੀ ਕਿਸੇ ਕਿਸਮ ਦੀ ਮਾਲ ਤੇ ਕੋਈ ਚੁੰਗੀ ਹੈ। ਇਥੇ ਨਾ ਕੋਈ ਡਰ ਹੈ ਤੇ ਨਾ ਹੀ ਕੋਈ ਗਲਤੀ ਹੁੰਦੀ ਹੈ। ਇਥੋਂ ਡਿਗਣ ਦਾ ਵੀ ਕੋਈ ਡਰ ਨਹੀਂ ਹੈ। ਹੁਣ ਮੈਂ ਬੜਾ ਰਮਣੀਕ ਘਰ ਪਾ ਲਿਆ ਹੈ। ਹੇ ਮੇਰੇ ਭਾਈ ! ਇਸ ਘਰ ਵਿਚ ਸਦਾ ਕੁਸ਼ਲ ਰਹਿੰਦੀ ਹੈ। ਇਸ ਸ਼ਹਿਰ ਦੀ ਪਾਤਸ਼ਾਹੀ, ਸਦਾ ਕਾਇਮ ਰਹਿੰਦੀ ਹੈ। ਇਥੇ ਕੋਈ ਵਿਤਕਰਾ ਨਹੀਂ। ਇਕ, ਦੋ ਤੇ ਤਿੰਨ ਦੀ ਵੰਡ ਨਹੀਂ ਹੈ। ਸਭ ਇਕੋ ਜਿਹੇ ਹਨ। ਸ਼ਹਿਰ, ਖ਼ੂਬ ਆਬਾਦ ਹੈ ਤੇ ਪ੍ਰਸਿਧ ਹੈ। ਇਥੇ ਵਡੇ ਰਜੇ ਹੋਏ ਨਾਮ ਦੇ ਰਸੀਏ ਵਸਦੇ ਹਨ। ਜਿਵੇਂ ਉਹ ਚਾਹੁੰਦੇ ਹਨ, ਤਿਵੇਂ ਸੈਰ ਕਰਦੇ ਹਨ। ਇਸ ਸ਼ਹਿਰ ਦੇ ਮਹਲਾਂ ਦੇ ਜਾਣੂ ਹਨ। ਉਨ੍ਹਾਂ ਨੂੰ ਕੋਈ ਨਹੀਂ ਰੋਕਦਾ। ਮੁਕਤ ਹੋਇਆ ਚਮਾਰ ਰਵਿਦਾਸ ਆਖਦਾ ਹੈ ਕਿ ਜੋ ਇਸ ਸ਼ਹਿਰ ਦਾ ਵਾਸੀ ਹੈ, ਉਹ ਮੇਰਾ ਮਿੱਤਰ ਹੈ।

ਸ੍ਰੀ ਕਬੀਰ ਭਗਤ ਜੀ ਆਪਣਾ ਅਨੁਭਵ ਇਸ ਪ੍ਰਕਾਰ ਦਰਸਾਉਂਦੇ ਹਨ :-

**"ਇਹ ਰਸ ਛਾਡੇ ਉਹ ਰਸੁ ਆਵਾ ॥**
**ਉਹ ਰਸੁ ਪੀਆ ਇਹ ਰਸੁ ਨਹੀ ਭਾਵਾ ॥"** ਪੰਨਾ 342

**ਭਾਵ ਅਰਥ :–** ਮਾਇਕ ਰਸਾਂ ਦੇ ਛਡਣ ਨਾਲ, ਨਾਮ ਰਸ ਪ੍ਰਾਪਤ ਹੋ ਗਿਆ ਹੈ। ਜਦੋਂ ਦਾ ਨਾਮ ਰਸ ਪੀਤਾ ਹੈ, ਉਦੋਂ ਦਾ ਇਹ ਮਾਇਕੀ ਰਸ ਨਹੀਂ ਭਾਉਂਦਾ।

ਫਿਰ ਭਗਤ ਜੀ ਫੁਰਮਾਉਂਦੇ ਹਨ ਕਿ ਰਾਮ ਰਸ ਪੀਣ ਨਾਲ, ਹੋਰ ਸਾਰੇ ਸੰਸਾਰਕ ਰਸ ਭੁੱਲ ਗਏ ਹਨ।

**"ਰਾਮ ਰਸੁ ਪੀਆ ਰੇ ॥**
**ਜਿਹ ਰਸ ਬਿਸਰਿ ਗਏ ਰਸ ਅਉਰ ॥"** ਪੰਨਾ 337

ਪ੍ਰਭੂ ਮਿਲਾਪ ਦੀ ਨਿਸ਼ਾਨੀ ਬਾਰੇ ਫੁਰਮਾਇਆ ਹੈ ਕਿ ''ਹੁਣ ਤਾਂ ਸਿੰਘਾਸਨ ਤੇ ਚੜ੍ਹ ਗਿਆ ਹਾਂ ਤੇ ਮੇਰਾ, ਸ੍ਰਿਸ਼ਟੀ ਦੇ ਰਚਣਹਾਰ ਨਾਲ, ਮਿਲਾਪ ਹੋ ਗਿਆ ਹੈ। ਰਾਮ ਤੇ ਕਬੀਰ, ਇਕ ਹੋ ਗਏ ਹਨ। ਹੁਣ ਕੋਈ ਨਹੀਂ ਪਛਾਣ ਸਕਦਾ ਕਿ ਵਖਰਾ ਕੌਣ ਹੈ ?'' ਤੁਕ ਇਸ ਪ੍ਰਕਾਰ ਹੈ :-

**"ਅਬ ਤਉ ਜਾਇ ਚਢੇ ਸਿੰਘਾਸਨਿ ਮਿਲੇ ਹੈ ਸਾਰਿੰਗਪਾਨੀ ॥**
**ਰਾਮ ਕਬੀਰਾ ਏਕ ਭਏ ਹੈ ਕੋਇ ਨ ਸਕੈ ਪਛਾਨੀ ॥"** ਪੰਨਾ 969

ਹੁਣ ਹਰੀ ਮੇਰੀ ਸਾਰੀ ਦੇਖ ਭਾਲ ਆਪ ਕਰਦਾ ਹੈ ਤੇ ਕਬੀਰ, ਕਬੀਰ ਕਹਿੰਦਾ ਹੈ। ਵਾਕ ਇਹ ਹੈ। :-

**"ਕਬੀਰ ਮਨੁ ਨਿਰਮਲੁ ਭਇਆ ਜੈਸਾ ਗੰਗਾ ਨੀਰੁ ॥**
**ਪਾਛੈ ਲਾਗੋ ਹਰਿ ਫਿਰੈ ਕਹਤ ਕਬੀਰ ਕਬੀਰ ॥"** ਪੰਨਾ 1367

ਪਿਛੇ ਦਿਤੇ ਪ੍ਰਮਾਣ ਗੁਰੂ ਸਾਹਿਬ ਤੇ ਭਗਤ ਜਨਾਂ ਦੇ ਨਿਜੀ ਅਨੁਭਵਾਂ ਦੇ ਹਨ। ਜਿਨ੍ਹਾਂ ਗੁਰਮੁਖਿ ਪਿਆਰਿਆਂ ਨੇ ਸ਼ਬਦ ਦੀ ਕਮਾਈ ਕੀਤੀ ਹੈ ਤੇ ਨਾਮ ਰਸ ਦੀ ਦਾਤ ਪਾਈ ਹੈ, ਉਨ੍ਹਾ ਦੇ ਵੀ ਇਹ ਅਨੁਭਵ ਹਨ। ਨਾਮ ਰਸ ਪੀਣ ਨਾਲ ਤੇ ਨਾਮ ਸਾਖਿਆਤ ਹੋਣ ਨਾਲ ਮਨ ਉਤੇ ਪੂਰਾ ਪੂਰਾ ਸਵੈ ਵਸ਼ੀਕਰਨ (Subjective Control) ਹੋ ਜਾਂਦਾ ਹੈ।

ਨਾਮ ਰਸੀਆ ਆਪਣੀ ਕਿਰਤ ਵਿਰਤ ਛਡ ਕੇ, ਇਕਾਂਤ ਵਾਸੀ ਨਹੀਂ ਹੋ ਬਹਿੰਦਾ। ਉਹ ਭਾਈਚਾਰੇ ਨੂੰ ਛਡ ਕੇ ਜੰਗਲਾਂ ਤੇ ਗੁਫਾਵਾਂ ਵਿਚ ਨਹੀਂ ਬੈਠਦਾ। ਮੋਨ ਧਾਰ ਕੇ ਨਹੀਂ ਬੈਠਦਾ। ਉਹ ਦਸਾਂ ਨਹੁੰਆਂ ਦੀ ਕਿਰਤ ਕਰਦਾ ਰਹਿੰਦਾ ਹੈ। ਸਾਕ ਸਨਬੰਧੀਆਂ ਵਿਚ ਵਿਚਰਦਾ ਹੈ। ਹੋਰ ਲੋਕਾਂ ਨਾਲ ਵੀ ਠਾਠਾ ਬਾਗਾ ਰਖਦਾ ਹੈ। ਜੋ ਮਰਯਾਦਾ ਧਾਰਮਿਕ ਹਨ, ਉਸ ਨੂੰ ਪਾਲਦਾ ਹੈ। ਜੋ ਘਰੋਗੀ ਵਿਹਾਰਕ ਮਰਿਯਾਦਾ ਹਨ, ਉਸ ਨੂੰ ਵੀ ਪੂਰਾ ਕਰਦਾ ਹੈ। ਮੂੰਹ ਨਾਲ ਸਾਰਿਆਂ ਨਾਲ ਗੱਲਬਾਤ ਕਰਦਾ ਹੈ। ਆਪਣੀ ਹਰ ਪ੍ਰਕਾਰ ਦੀ ਡਿਊਟੀ ਤੇ ਪੂਰਾ ਪੂਰਾ ਪਹਿਰਾ ਦਿੰਦਾ ਹੈ। ਕਿਸੇ ਦਾ ਕਦੀ ਬੁਰਾ ਨਹੀਂ ਚਿਤਵਦਾ। ਕਿਸੇ ਨਾਲ ਕੋਈ ਵਲ ਛਲ ਨਹੀਂ ਕਰਦਾ। ਕਿਸੇ ਦੇ ਅਧਿਕਾਰ ਨੂੰ ਹੱੜਪ ਨਹੀਂ ਕਰਦਾ, ਕਿਸੇ ਨੂੰ ਦੁੱਖ ਨਹੀਂ ਦਿੰਦਾ ਅਤੇ ਇਸ ਪ੍ਰਕਾਰ ਮਾਇਆ ਇਕੱਠੀ ਨਹੀਂ ਕਰਦਾ। ਕਿਸੇ ਦੇ ਹੱਕ ਨੂੰ ਧਿੰਗੋ ਜ਼ੋਰੀ ਨਾਲ ਨਹੀਂ ਖੋਹਦਾ। ਕਿਸੇ ਦੀ ਨਿੰਦਾ ਨਹੀਂ ਕਰਦਾ, ਬਖੀਲੀ ਅਤੇ ਚੁਗਲੀ ਨਹੀਂ ਕਰਦਾ। ਕਿਸੇ ਲੋਭ ਲਹਿਰ ਦੇ ਹੇਠਾਂ ਆ ਕਰ, ਕਿਸੇ ਨਾਲ ਅਯੋਗ ਵਰਤਾਉ ਨਹੀਂ ਕਰਦਾ। ਕਿਸੇ ਪਰਾਈ ਇਸਤਰੀ ਵਲ ਭੈੜੀ ਦ੍ਰਿਸ਼ਟੀ ਨਾਲ ਨਹੀਂ ਤਕਦਾ। ਕਦੇ ਝੂਠ ਨਹੀਂ ਬੋਲਦਾ। ਸੱਚ ਲਈ ਆਪਾ ਨਿਵਾਰਨ ਨੂੰ ਤਿਆਰ ਹੋ ਜਾਂਦਾ ਹੈ। ਅਨਿਆਏ ਦੇ ਵਿੱਰੁਧ ਆਵਾਜ਼ ਉਠਾਉਂਦਾ ਹੈ। ਅਨਿਆਏ ਨੂੰ ਦੂਰ ਕਰਨ ਜਾਂ ਕਰਾਣ ਲਈ ਪੂਰਾ ਪੂਰਾ ਯਤਨ ਕਰਦਾ ਹੈ। ਦੁਖ-ਸੁਖ ਨੂੰ ਇਕ ਬਰਾਬਰ ਜਾਣਦਾ ਹੈ। ਡਰ ਉਸ ਦੇ ਨੇੜੇ ਨਹੀਂ ਹੁੰਦਾ। ਮਿਟੀ ਤੇ ਸੋਨੇ ਨੂੰ ਇਕ ਸਮ ਜਾਣਦਾ ਹੈ। ਉਸਤਤ ਅਤੇ ਨਿੰਦਾ ਨੂੰ ਤਿਆਗ ਦਿੰਦਾ ਹੈ। ਹਰਖ ਸੋਗ ਤੋ ਨਿਰਲੇਪ ਰਹਿੰਦਾ ਹੈ। ਕਾਮ, ਕ੍ਰੋਧ, ਲੋਭ, ਮੋਹ ਤੇ ਅਭਿਮਾਨ ਕਦੀ ਵੀ ਨਾਮ ਰਸੀਏ ਦੇ ਨੇੜੇ ਨਹੀਂ ਢੁਕਦੇ। ਸਦਾ ਇਕ ਰਸ ਬਿਰਤੀ ਵਿਚ ਖੇਡਦਾ ਹੈ। ਗੁਰੂ ਦੇ ਭਾਣੇ ਨੂੰ ਸਦਾ ਮਿੱਠਾ ਕਰ ਕੇ ਮੰਨਦਾ ਹੈ, ਭਾਣੇ ਅੰਦਰ ਕਦੀ ਆਪਣੀ ਇੱਛਾ ਨਹੀਂ ਵਰਤਦਾ। ਨਾਮ ਰਸੀਆ ਬਾਹਰੋ ਪੂਰੇ ਦਬਦਬੇ ਨਾਲ ਰਹਿੰਦਾ ਹੈ, ਪਰ ਅੰਦਰੋਂ ਸਾਰਿਆਂ ਦੇ ਚਰਨਾਂ ਦੀ ਧੂੜ ਹੁੰਦਾ ਹੈ।

ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ ਆਪਣੀ ਨਿਤ ਦਿਨ ਦੀ ਰਹਿਣੀ, ਇੰਜ ਫੁਰਮਾਉਂਦੇ ਹਨ :-

**"ਸਾਚਿ ਨਾਮਿ ਮੇਰਾ ਮਨੁ ਲਾਗਾ ॥**
**ਲੋਗਨ ਸਿਉ ਮੇਰਾ ਠਾਠਾ ਬਾਗਾ ॥ ॥**
**ਬਾਹਰਿ ਸੂਤੁ ਸਗਲ ਸਿਉ ਮਉਲਾ ॥**
**ਅਲਿਪਤੁ ਰਹਉ ਜੈਸੇ ਜਲ ਮਹਿ ਕਉਲਾ ॥ ॥ ਰਹਾਉ ॥**
**ਮੁਖ ਕੀ ਬਾਤ ਸਗਲ ਸਿਉ ਕਰਤਾ ॥**
**ਜੀਅ ਸੰਗਿ ਪ੍ਰਭੁ ਅਪੁਨਾ ਧਰਤਾ ॥ ॥**
**ਦੀਸਿ ਆਵਤ ਹੈ ਬਹੁਤੁ ਭੀਹਾਲਾ ॥**
**ਸਗਲ ਚਰਨ ਕੀ ਇਹੁ ਮਨੁ ਰਾਲਾ ॥ ॥**
**ਨਾਨਕ ਜਨਿ ਗੁਰੁ ਪੂਰਾ ਪਾਇਆ ॥**
**ਅੰਤਰਿ ਬਾਹਰਿ ਏਕੁ ਦਿਖਾਇਆ ॥ ॥" ਪੰਨਾ 384**

**ਭਾਵ ਅਰਥ :-** ਮੇਰਾ ਮਨ ਸਚੇ ਨਾਮ ਵਿਚ ਲਗ ਗਿਆ ਹੈ। ਲੋਕਾਂ ਨਾਲ ਮੇਰਾ ਠਾਠਾ ਬਾਗਾ ਰਹਿੰਦਾ ਹੈ। ਬਾਹਰੋ ਮੈਂ ਆਪਣੇ ਆਪ ਨੂੰ ਖੂਬ ਸੂਤ ਵਿਚਿ ਰਖਦਾ ਹਾਂ ਤੇ ਸਾਰਿਆਂ ਨਾਲ ਮਿਲਾਪ ਰਖਦਾ ਹਾਂ। ਪਰ ਅੰਦਰੋਂ ਮੈਂ ਨਿਰਲੇਪ ਰਹਿੰਦਾ ਹਾਂ, ਜਿਵੇਂ ਕਿ ਜਲ ਵਿਚ ਕਉਲ ਰਹਿੰਦਾ ਹੈ। ਮੁਖ ਦੀ ਬਾਤ ਸਾਰਿਆਂ ਨਾਲ ਕਰਦਾ ਹਾਂ, ਪਰ ਆਪਣੇ ਆਪ, ਅੰਤਰ ਆਤਮੇ, ਪ੍ਰਭੂ ਨੂੰ ਕਦੇ ਨਹੀਂ ਵਿਸਾਰਦਾ ਅਤੇ ਆਪਣੇ ਜੀਅ ਨਾਲ ਸਦਾ ਰਖਦਾ ਹਾਂ। ਬਾਹਰੋਂ ਤਾਂ ਦਿਸਦਾ ਹਾਂ ਕਿ ਮੈ ਬਹੁਤ ਦਬਦਬੇ

ਵਾਲਾ ਹਾਂ, ਪਰ ਅੰਦਰੋ ਮੇਰਾ ਮਨ ਸਾਰਿਆਂ ਦੇ ਚਰਨਾਂ ਦੀ ਧੂੜ ਹੈ। ਨਾਨਕ ਦਾਸ ਨੇ, ਪੂਰਾ ਗੁਰੂ ਪਾ ਲਿਆ ਹੈ, ਜਿਸ ਨੇ ਅੰਤਰ ਬਾਹਿਰ ਇਕ ਬ੍ਰਹਮ ਵਿਖਾ ਦਿਤਾ ਹੈ।

ਨਾਮ ਸਾਖਿਆਤ ਹੋਣ ਨਾਲ ਹੀ, ਪੰਚ ਸ਼ਬਦ ਵਜਦੇ ਹਨ, ਉਂਜ ਨਹੀਂ। ਅੰਮ੍ਰਿਤ ਰਸ ਆਣ ਨਾਲ ਹੀ, ਦਸਮ ਦੁਆਰਾ ਖੁਲ੍ਹਦਾ ਹੈ ਤੇ ਅਨਹਦ ਸ਼ਬਦਾਂ ਦੀ ਧੁਨੀ ਵਜ ਉਠਦੀ ਹੈ।

**"ਅੰਮ੍ਰਿਤ ਰਸੁ ਸਤਿਗੁਰੂ ਚੁਆਇਆ ॥**

**ਦਸਵੈ ਦੁਆਰਿ ਪ੍ਰਗਟੁ ਹੋਇ ਆਇਆ ॥**

**ਤਹ ਅਨਹਦ ਸਬਦ ਵਜਹਿ ਧੁਨਿ ਬਾਣੀ**

**ਸਹਜੇ ਸਹਜਿ ਸਮਾਈ ਹੇ ॥" ਪੰਨਾ 1069**

**ਭਾਵ ਅਰਥ :-** ਸਤਿਗੁਰੂ ਨੇ ਅੰਮ੍ਰਿਤ ਬਖਸ਼ਿਆ ਹੈ ਤੇ ਇਹ ਰਸ, ਦਸਵੇਂ ਦੁਆਰ ਵਿਚ ਪ੍ਰਗਟ ਹੋ ਗਿਆ ਹੈ। ਇਥੇ ਅਨਹਦ ਸ਼ਬਦਾਂ ਦੀ ਧੁਨੀ ਵਜ ਰਹੀ ਹੈ ਤੇ ਸਹਜੇ ਹੀ ਸਹਜ ਵਿਚ ਸਮਾਈ ਹੋ ਗਈ ਹੈ।

**"ਅਨਹਦ ਸਬਦੁ ਦਸਮ ਦੁਆਰਿ ਵਜਿਓ**

**ਤਹ ਅੰਮ੍ਰਿਤ ਨਾਮੁ ਚੁਆਇਆ ਥਾ ॥**

**ਤੋਟਿ ਨਾਹੀ ਮਨਿ ਤ੍ਰਿਸਨਾ ਬੂਝੀ**

**ਅਖੁਟ ਭੰਡਾਰ ਸਮਾਇਆ ਥਾ ॥" ਪੰਨਾ 1002**

**ਭਾਵ ਅਰਥ :-** ਅਨਹਦ ਸ਼ਬਦ, ਦਸਵੇਂ ਦੁਆਰ ਵਿਚ ਵਜ ਗਿਆ। ਉਥੇ ਅੰਮ੍ਰਿਤ ਨਾਮ ਚੋਂਦਾ ਪਿਆ ਹੈ। ਇਸ ਵਿਚ ਕਦੇ ਤੋਟ ਨਹੀਂ ਆਉਂਦੀ ਤੇ ਮਨ ਵਿਚੋਂ ਤ੍ਰਿਸ਼ਨਾ ਬੁਝ ਗਈ ਹੈ। ਇਸ ਅਖੁੱਟ ਭੰਡਾਰ ਵਿਚ ਸਮਾਈ ਹੋ ਗਈ ਹੈ।

**"ਤਪਤਿ ਬੁਝੀ ਪੂਰਨ ਸਭ ਆਸਾ ॥**

**ਮਿਟੇ ਅੰਧੇਰ ਭਏ ਪਰਗਾਸਾ ॥**

**ਅਨਹਦ ਸਬਦ ਅਚਰਜ ਬਿਸਮਾਦ ॥**

**ਗੁਰੁ ਪੂਰਾ ਪੂਰਾ ਪਰਸਾਦ ॥" ਪੰਨਾ 1143**

**ਭਾਵ ਅਰਥ :-** ਤ੍ਰਿਸ਼ਨਾ ਤਪਤ ਬੁਝ ਗਈ ਤੇ ਸਾਰੀਆਂ ਆਸਾਂ ਪੂਰਨ ਹੋ ਗਈਆਂ ਹਨ। ਅਗਿਆਨਤਾ ਤਾਂ ਹਨੇਰਾ ਮਿਟ ਗਿਆ ਹੈ। ਗੁਰੂ ਪੂਰਾ ਹੈ ਤੇ ਉਸ ਦੀ ਕ੍ਰਿਪਾ ਵੀ ਪੂਰੀ ਹੈ।

**"ਅਨਹਦ ਬਾਜਿਤ੍ਰਾ ਤਿਸੁ ਧੁਨਿ ਦਰਬਾਰਾ ਰਾਮ ॥**

**ਆਨੰਦ ਅਨਦਿਨੁ ਵਜਹਿ ਵਾਜੇ ਦਿਨਸੁ ਰੈਣਿ ਉਮਾਹਾ ॥**

**ਤਹ ਰੋਗ ਸੋਗ ਨ ਦੂਖੁ ਬਿਆਪੈ ਜਨਮ ਮਰਣੁ ਨ ਤਾਹਾ ॥" ਪੰਨਾ 846**

**ਭਾਵ ਅਰਥ :-** ਅਨਹਦ ਸ਼ਬਦ ਦੀ ਧੁਨੀ, ਉਸ ਦਰਬਾਰ ਵਿਚ ਹੋ ਰਹੀ ਹੈ। ਆਨੰਦ ਹੋ ਰਿਹਾ ਹੈ। ਰਾਤ ਦਿਨ ਇਕ ਰਸ ਵਾਜੇ ਵਜਦੇ ਹਨ ਤੇ ਹਰ ਸਮੇਂ ਮਨ ਵਿਚ ਚਾਓ ਬਣਿਆ ਰਹਿੰਦਾ ਹੈ। ਉਥੇ ਨਾ ਕੋਈ ਰੋਗ, ਚਿੰਤਾ ਅਤੇ ਨਾ ਹੀ ਦੁਖ ਵਿਆਪਦਾ ਹੈ। ਜਨਮ ਮਰਨ ਮੁਕ ਗਿਆ ਹੈ।

**"ਪੰਚ ਸਬਦ ਤਹ ਪੂਰਨ ਨਾਦ ॥**

**ਅਨਹਦ ਬਾਜੇ ਅਚਰਜ ਬਿਸਮਾਦ ॥" ਪੰਨਾ 888**

**ਭਾਵ ਅਰਥ :–** ਪੰਚ ਸ਼ਬਦ ਤੇ ਪੂਰਨ ਨਾਦ ਹੋ ਰਿਹਾ ਹੈ ਉਥੇ, ਭਾਵ ਨਾਮ ਸਾਖਿਆਤ ਹੋਣ ਤੇ ਜੋ ਅਨਹਦ ਵਾਜੇ ਵਜ ਰਹੇ ਹਨ, ਉਨ੍ਹਾ ਨਾਲ ਅਚਰਜ ਬਿਸਮਾਦ ਮਨ ਵਿਚ ਹੈ। ਕਥਨ ਨਹੀਂ ਕੀਤਾ ਜਾ ਸਕਦਾ।

**"ਜਨ ਨਾਨਕ ਮਨਿ ਅਨਦੁ ਭਇਆ ਹੈ ਮੇਰੀ ਜਿੰਦੁੜੀਏ**
**ਅਨਹਤ ਸਬਦ ਵਜਾਏ ਰਾਮ ॥"** **ਪੰਨਾ 538**

**ਭਾਵ ਅਰਥ :–** ਦਾਸ ਨਾਨਕ ਦੇ ਮਨ ਵਿਚ ਅਨੰਦ ਭਇਆ ਹੈ, ਹੇ ਮੇਰੀ ਜਿੰਦੜੀਏ। ਕਿਵੇਂ ? ਉੱਤਰ ਵਿਚ ਫੁਰਮਾਉਂਦੇ ਹਨ, ਕਿ ਅਨਹਦ ਸ਼ਬਦ ਪ੍ਰਭੂ ਨੇ ਵਜਾ ਦਿਤੇ ਹਨ ਭਾਵ ਨਾਮ ਸਾਖਿਆਤ ਹੋ ਗਿਆ ਤੇ ਅਨਹਦ ਸ਼ਬਦ ਵੱਜ ਪਏ ਹਨ।

ਉਤਲੇ ਪ੍ਰਮਾਣਾਂ ਵਿਚ ਦਰਸਾਏ ਅਨਹਦ ਸ਼ਬਦ, ਕੰਨਾ ਦੀ ਘੂੰ ਘੂੰ ਨਹੀਂ, ਤੇ ਨਾ ਹੀ ਦਿਲ ਤੇ ਫੇਫੜਿਆਂ ਦੀਆਂ ਅਵਾਜ਼ਾਂ ਹਨ। ਇਨ੍ਹਾਂ ਦਾ ਅਨੁਭਵ ਨਾਮ-ਰਸੀਆਂ ਨੂੰ ਹੀ ਹੈ। ਨਾਮ ਰਸੀਏ ਦੀ ਦ੍ਰਿਸ਼ਟੀ, ਬ੍ਰਹਮ ਦ੍ਰਿਸ਼ਟੀ ਹੋ ਜਾਂਦੀ ਹੈ। ਉਹ ਪਰਗਟ ਪਹਾਰੇ ਹਰ ਇਕ ਜੀਵ ਵਿਚ ਬ੍ਰਹਮ ਵੇਖਦਾ ਹੈ, ਬ੍ਰਹਮ ਸੁਣਦਾ ਹੈ। ਦਵੈਸ ਉੱਕਾ ਹੀ ਮਿਟ ਜਾਂਦੀ ਹੈ। ਇਹ ਬ੍ਰਹਮ ਦ੍ਰਿਸ਼ਟੀ, ਦਿਮਾਗੀ ਪੱਧਰ ਤੇ ਸੀਮਿਤ ਨਹੀਂ ਹੁੰਦੀ। ਵਾਸਤਵ ਵਿਚ ਜੋ ਨਾਮ ਹਿਰਦੇ ਵਿਚ ਸਾਖਿਆਤ ਹੁੰਦਾ ਹੈ, ਨਾਮ-ਰਸੀਆ, ਉਸ ਨੂੰ ਹਰ ਥਾਂ ਅਨੁਭਵ ਕਰਦਾ ਹੈ ਤੇ ਵੇਖ ਵੇਖ ਖੀਵਾ ਵੀ ਹੁੰਦਾ ਹੈ। ਆਖਦਾ ਹੈ :-

**"ਸਭੁ ਅੰਤਰਜਾਮੀ ਬ੍ਰਹਮੁ ਹੈ, ਵਸੈ ਸਭ ਥਾਇ ॥**
**ਮੰਦਾ ਕਿਸ ਕੋ ਆਖੀਐ, ਸਬਦਿ ਵੇਖਹੁ ਲਿਵ ਲਾਇ ॥**
**ਬੁਰਾ ਭਲਾ ਤਿਚਰੁ ਆਖਦਾ, ਜਿਚਰੁ ਹੈ ਦੁਹੁ ਮਾਹਿ ॥**
**ਗੁਰਮੁਖਿ ਏਕੈ ਬੁਝਿਆ, ਏਕਸ ਮਾਹਿ ਸਮਾਇ ॥"**

**ਪੰਨਾ 757**

**ਭਾਵ ਅਰਥ :–** ਅੰਦਰ ਦੀ ਜਾਣਨ ਵਾਲਾ, ਬ੍ਰਹਮ ਸਭ ਥਾਂ ਪਸਰਿਆ ਹੋਇਆ ਹੈ ਤੇ ਸਭ ਥਾਵਾਂ ਵਿਚ ਵਸ ਰਿਹਾ ਹੈ। ਹੁਣ ਮੰਦਾ ਕਿਸ ਨੂੰ ਆਖੀਏ ? ਹਰ ਕੋਈ ਸ਼ਬਦ ਨਾਲ, ਇਸ ਤਰ੍ਹਾਂ ਲਿਵ ਜੋੜ ਕਰ, ਇਹ ਗਲ ਪਰਖ ਸਕਦਾ ਹੈ। ਇਹ ਜੀਵ ਬੁਰਾ ਭਲਾ ਤਿਚਰ ਹੀ ਆਖਦਾ ਰਹਿੰਦਾ ਹੈ ਜਦ ਤਾਈ ਕਿ ਦਵੈਸ਼ ਵਿਚ ਹੈ। ਪਰ ਗੁਰਮੁਖਾਂ ਨੇ ਏਕੋ ਹੀ ਅੰਦਰ ਬਾਹਰ ਬੁੱਝ ਲਿਆ ਹੈ ਤੇ ਉਹ ਇਸੇ ਵਿਚ ਸਮਾਏ ਰਹਿੰਦੇ ਹਨ।

ਨਾਮ ਰਸੀਏ ਗੁਰਮੁਖਿ ਪਿਆਰੇ ਇਹ ਸਦਾ ਆਖਦੇ ਹਨ :-

**"ਜੋ ਦੀਸੈ ਸੋ ਸਗਲ ਤੂੰਹੈ ਪਸਰਿਆ ਪਾਸਾਰੁ ॥**
**ਕਹੁ ਨਾਨਕ ਗੁਰਿ ਭਰਮੁ ਕਾਟਿਆ ਸਗਲ ਬ੍ਰਹਮ ਬੀਚਾਰੁ ॥"**

**ਪੰਨਾ 51**

**ਭਾਵ ਅਰਥ :–** ਜੋ ਵੀ ਦਿਸ ਰਿਹਾ ਹੈ, ਇਹ ਸਭ ਤੂੰ ਹੈ ਤੇ ਤੇਰਾ ਹੀ ਪਸਰਿਆ ਪਸਾਰਾ ਹੈ। ਨਾਨਕ ਆਖਦਾ ਹੈ ਕਿ ਗੁਰੂ ਨੇ ਅਗਿਆਨਤਾ ਦਾ ਭਰਮ ਕਟ ਦਿੱਤਾ ਹੈ ਤੇ ਸਗਲ ਬ੍ਰਹਮ ਦੀ ਅਨੁਭਵਤਾ ਬਖਸ਼ ਦਿਤੀ ਹੈ, ਭਾਵ ਹੋਰ ਦੂਜਾ ਕੋਈ ਨਹੀਂ। ਨਾਮ-ਰਸੀਆ, ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ ਦੀ ਇਹ ਤੁਕ ਬਾਰ ਬਾਰ ਪੜ੍ਹਦਾ ਹੈ ਤੇ ਮਸਤੀ ਵਿਚ ਝੂਮਦਾ ਹੈ :-

**"ਸਭ ਮਹਿ ਰਵਿ ਰਹਿਆ ਪ੍ਰਭੁ ਏਕੈ ਪੇਖਿ ਪੇਖਿ ਨਾਨਕ ਬਿਗਸਾਈ ॥"**

**ਪੰਨਾ 1299**

**ਭਾਵ ਅਰਥ :–** ਸਾਰਿਆਂ ਵਿਚ ਏਕੋ ਪ੍ਰਭੂ ਵਿਆਪਕ ਹੈ। ਨਾਨਕ ਵੇਖ ਵੇਖ ਕੇ ਖਿੜ ਰਿਹਾ ਹੈ।

ਪੁਨਾ :–

**"ਆਪੇ ਪਟੀ ਕਲਮ ਆਪਿ ਉਪਰਿ ਲੇਖੁ ਭਿ ਤੂੰ ॥**
**ਏਕੋ ਕਹੀਐ ਨਾਨਕਾ ਦੂਜਾ ਕਾਹੇ ਕੂ ॥"**

**ਪੰਨਾ 1291**

**ਭਾਵ ਅਰਥ :–** ਬ੍ਰਹਮ, ਆਪ ਹੀ ਪਟੀ ਹੈ, ਆਪ ਹੀ ਕਲਮ ਹੈ ਤੇ ਉਪਰਿ ਲੇਖ ਵੀ ਆਪ ਹੀ ਹੈ। ਹੇ ਨਾਨਕਾ ! ਸਭ ਏਕੋ ਹੀ ਕਹਿਣਾ ਚਾਹੀਦਾ ਹੈ। ਦੂਜਾ ਕਾਹਨੂੰ ਕੋਈ ਹੈ ? ਭਾਵ ਸਾਰੇ ਉਹ ਬ੍ਰਹਮ ਹੀ ਖੇਡ ਕਰ ਰਿਹਾ ਹੈ।

ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ ਵਾਲਾ ਹੇਠਲਾ ਦਿਤਾ ਅਨੁਭਵ, ਨਾਮ ਰਸੀਆਂ ਨੂੰ ਵੀ ਹੋ ਆਉਂਦਾ ਹੈ। ਅਨੁਪਵ ਇਸ ਪ੍ਰਕਾਰ ਹੈ :–

**"ਆਪੇ ਰਾਜਨੁ ਆਪੇ ਲੋਗਾ ॥**
**ਆਪਿ ਨਿਰਬਾਣੀ ਆਪੇ ਭੋਗਾ ॥**
**ਆਪੇ ਤਖਤਿ ਬਹੈ ਸਚੁ ਨਿਆਈ**
**ਸਭ ਚੂਕੀ ਕੂਕ ਪੁਕਾਰਿਆ ਜੀਉ ॥**
**ਜੇਹਾ ਡਿਠਾ ਮੈ ਤੇਹੋ ਕਹਿਆ ॥**
**ਤਿਸੁ ਰਸੁ ਆਇਆ ਜਿਨਿ ਭੇਦੁ ਲਹਿਆ ॥**
**ਜੋਤੀ ਜੋਤਿ ਮਿਲੀ ਸੁਖੁ ਪਾਇਆ**
**ਜਨ ਨਾਨਕ ਇਕੁ ਪਸਾਰਿਆ ਜੀਉ ॥"** **ਪੰਨਾ 97**

**ਭਾਵ ਅਰਥ :–** ਬ੍ਰਹਮ, ਆਪ ਹੀ ਰਾਜਾ ਹੈ, ਆਪ ਹੀ ਰਈਅਤ ਹੈ। ਆਪ ਹੀ ਨਿਰਲੇਪ ਹੈ ਤੇ ਆਪ ਹੀ ਭੋਗਦਾ ਹੈ। ਆਪ ਹੀ ਤਖਤ ਤੇ ਬੈਠਾ ਸਚਾ ਨਿਆਉਂ ਕਰ ਰਿਹਾ ਹੈ। ਮੇਰੀ ਸਾਰੀ ਕੂਕ ਪੁਕਾਰ ਮੁਕ ਕੇ ਬੰਦ ਹੋ ਗਈ ਹੈ। ਜੇਹਾ ਮੈ ਉਸ ਨੂੰ ਵੇਖਿਆ ਹੈ, ਮੈਂ ਉਹੋ ਜਿਹਾ ਕਿਹਾ ਹੈ। ਜਿਸ ਨੂੰ ਨਾਮ ਰਸ ਆਇਆ ਹੈ, ਉਸ ਨੇ ਇਹ ਭੇਦ ਲੱਭ ਲਿਆ ਹੈ। ਮੇਰੀ ਜੋਤਿ, ਜੋਤੀ ਸਰੂਪ ਨਾਲ ਮਿਲ ਗਈ ਹੈ ਤੇ ਮੈਂ ਸੁਖ ਪਾ ਲਿਆ ਹੈ। ਦਾਸ ਨਾਨਕ ਆਖਦਾ ਹੈ, ਕਿ ਇਕੋ ਉਹੀ ਸਾਰੇ ਪਸਰਿਆ ਹੋਇਆ ਹੈ। ਨਾਮ-ਰਸੀਆਂ ਨੂੰ ਸ੍ਰੀ ਗੁਰੂ ਨਾਨਕ ਪਾਤਸ਼ਾਹ ਜੀ ਦੇ ਇਸ ਸ਼ਬਦ ਦਾ ਭਾਵ ਤਦ ਹੀ ਖੁਲ੍ਹਦਾ ਹੈ, ਜਦ ਉਨ੍ਹਾਂ ਵਿਚ ਨਾਮ ਸਾਖਿਆਤ ਹੁੰਦਾ ਹੈ :–

**"ਜੇਤਾ ਸਬਦੁ ਸੁਰਤਿ ਧੁਨਿ ਤੇਤੀ ਜੇਤਾ ਰੂਪੁ ਕਾਇਆ ਤੇਰੀ ॥**
**ਤੂੰ ਆਪੇ ਰਸਨਾ ਆਪੇ ਬਸਨਾ ਅਵਰੁ ਨ ਦੂਜਾ ਕਹਉ ਮਾਈ ॥**
**ਸਾਹਿਬੁ ਮੇਰਾ ਏਕੋ ਹੈ ॥ ਏਕੋ ਹੈ ਭਾਈ ਏਕੋ ਹੈ ॥ ॥ ਰਹਾਉ ॥**
**ਆਪੇ ਮਾਰੇ ਆਪੇ ਛੋਡੈ ਆਪੇ ਲੇਵੈ ਦੇਇ ॥**
**ਆਪੇ ਵੇਖੈ ਆਪੇ ਵਿਗਸੈ ਆਪੇ ਨਦਰਿ ਕਰੇਇ ॥**
**ਆਪੇ ਰੂਪ ਕਰੇ ਬਹੁ ਭਾਂਤੀਂ ਨਾਨਕੁ ਬਪੁੜਾ ਏਵ ਕਹੈ ॥"** **ਪੰਨਾ 350**

**ਭਾਵ ਅਰਥ :–** ਜਿੰਨ੍ਹਾਂ ਵੀ ਸ਼ਬਦ ਹੋ ਰਿਹਾ ਹੈ, ਇਹ ਤੇਰੀ ਹੀ ਆਵਾਜ਼ ਦੀ ਧੁਨੀ ਸੁਣਦੇ ਹਾਂ। ਜਿੰਨ੍ਹਾਂ ਰੂਪ ਵੇਖ ਰਹੇ ਹਾਂ, ਇਹ ਤੇਰਾ ਹੀ ਸਰੀਰ ਹੈ, ਤੂੰ ਆਪੇ ਬੋਲ ਰਿਹਾ ਹੈ ਤੇ ਆਪੇ ਉਸ

ਬੋਲ ਨੂੰ ਅੰਦਰ ਵਸਾ ਰਿਹਾ ਹੈ। ਹੇ ਮਾਈ ! ਦੂਜਾ ਹੋਰ ਕੋਈ ਨ ਕਹੋ। ਮੇਰਾ ਮਾਲਕ ਇਕੋ ਹੈ। ਹੇ ਭਾਈ ! ਏਕੋ ਹੈ। ਏਕੋ ਹੈ। ਉਹ ਮਾਲਕ ਆਪੇ ਹੀ ਮਾਰ ਰਿਹਾ ਹੈ ਤੇ ਆਪੇ ਹੀ ਛੱਡ ਰਿਹਾ ਹੈ, ਆਪੇ ਲੈ ਰਿਹਾ ਹੈ ਤੇ ਆਪੇ ਹੀ ਦੇ ਰਿਹਾ ਹੈ। ਆਪੇ ਵੇਖ ਰਿਹਾ ਹੈ ਤੇ ਆਪੇ ਪ੍ਰਸੰਨ ਹੋ ਰਿਹਾ ਹੈ। ਆਪੇ ਮਿਹਰ ਦੀ ਨਜ਼ਰ ਕਰ ਰਿਹਾ ਹੈ। ਆਪੇ ਕਈ ਭਾਂਤਾਂ ਦੇ ਰੂਪ ਰਚ ਰਿਹਾ ਹੈ। ਨਾਨਕ ਵਿਚਾਰਾ ਇਹ ਕਹਿ ਰਿਹਾ ਹੈ। ਭਾਵ, ਸਭ ਥਾਂ ਬ੍ਰਹਮ ਆਪ ਹੀ ਹੈ, ਹੋਰ ਕੋਈ ਨਹੀਂ। ਦਵੈਸ਼ ਜੜੋ ਪੁਟ ਦਿਤੀ ਜਾਂਦੀ ਹੈ ਤਾਂ ਗੁਰਸਿਖ ਨਾਮ-ਰਸੀਆ ਸਦਾ ਇਸ ਰੰਗਣ ਵਿਚ ਰਹਿੰਦਾ ਹੈ। :-

**"ਅਬਿਨਾਸੀ ਪ੍ਰਭਿ ਖੇਲੁ ਰਚਾਇਆ ਗੁਰਮੁਖਿ ਸੋਝੀ ਹੋਈ ॥**

**ਨਾਨਕ ਸਭਿ ਜੁਗ ਆਪੇ ਵਰਤੈ ਦੂਜਾ ਅਵਰੁ ਨ ਕੋਈ ॥"** **ਪੰਨਾ 946**

**ਭਾਵ ਅਰਥ :-** ਨਾਮ ਰਹਿਤ ਪ੍ਰਭੂ ਨੇ ਇਕ ਖੇਲ ਰਚਾਇਆ ਹੋਇਆ ਹੈ। ਗੁਰਸਿੱਖਾਂ ਨੂੰ ਇਹ ਸੋਝੀ ਹੋ ਜਾਂਦੀ ਹੈ। ਹੇ ਨਾਨਕ ! ਸਾਰੇ ਆਪ ਹੀ ਪ੍ਰਭੂ ਵਰਤ ਰਿਹਾ ਹੈ। ਹੋਰ ਦੂਜਾ ਕੋਈ ਨਹੀਂ।

ਫੋਕੇ ''ਅਹੰ ਬ੍ਰਹਮ ਅਸਮੀ'' (ਮੈਂ ਹਾਂ ਬ੍ਰਹਮ) ਆਖਣ ਨਾਲ, ਇਹ ਅਵਸਥਾ ਨਹੀਂ ਮਿਲ ਜਾਂਦੀ, ਜਦੋਂ ਤਕ ਕਿ, ਨਾਮ ਜਪ ਕੇ ਤੇ ਗੁਰੂ ਦੇ ਸ਼ਬਦ ਦੀ ਕਮਾਈ ਕਰ ਕੇ, ਨਾਮ ਸਾਖਿਆਤ ਨਹੀਂ ਹੁੰਦਾ, ਤੇ ਰਸ ਨਹੀਂ ਪੈਦਾ।

# (5)

# ਨਾਮ ਅਭਿਆਸ ਕਮਾਈ ਦੀ ਗੁਰਮਤਿ ਵਿੱਧੀ

ਗੁਰਮਤਿ ਵਿਚ ਸ਼ਬਦ-ਸੁਰਤ ਦਾ ਮੇਲ ਹੀ ਇਸ ਸੰਸਾਰ ਸਾਗਰ ਤੋਂ ਤਰਨ ਦਾ ਸਿਧਾਂਤ, ਸ੍ਰੀ ਗੁਰੂ ਨਾਨਕ ਦੇਵ ਪਾਤਸ਼ਾਹ ਜੀ ਨੇ ਕਾਇਮ ਕੀਤਾ ਹੈ। ਇਸੇ ਮੂਲਕ ਸਿਧਾਂਤ ਦਾ ਪਰਚਾਰ, ਹੋਰ ਪਾਤਸ਼ਾਹੀਆਂ ਨੇ ਦ੍ਰਿੜ੍ਹ ਕਰਾਇਆ ਹੈ। ਸਿਧ ਗੋਸ਼ਟ ਵਿਚ ਜਦ ਇਸ ਸਿਧਾਂਤ ਨੂੰ, ਬਾਬਾ ਗੁਰੂ ਜੀ ਨੇ, ਭਵ-ਸਾਗਰ ਪਾਰ ਉਤਾਰਨ ਲਈ ਦਰਸਾਇਆ, ਤਾਂ ਸਿੱਧ ਅਸਚਰਜ ਹੋ ਕਰ ਪੁਛਣ ਲਗੇ, ਕਿ ਇਸ ਦਾ ਵਿਸਥਾਰ ਕਰੋ ਤਾਂ ਕਿ ਸਾਡੀ ਸਮਝ ਗੋਚਰੇ ਗੱਲ ਪੈ ਜਾਏ। ਸਿਧ ਪ੍ਰਸ਼ਨ ਕਰਦੇ ਹਨ :-

**"ਏਸੁ ਕਥਾ ਕਾ ਦੇਇ ਬੀਚਾਰੁ ॥**

**ਭਵਜਲੁ ਸਬਦਿ ਲੰਘਾਵਣਹਾਰੁ ॥"** ਪੰਨਾ 943

**ਭਾਵ ਅਰਥ :–** ਇਸ ਸਿਧਾਂਤ ਵਾਲੀ ਕਥਾ ਦਾ ਸਾਨੂੰ ਵੀਚਾਰ, ਵੇਰਵੇ ਸਹਿਤ ਦਸੋ ਕਿ ਸ਼ਬਦ ਦਵਾਰਾ ਭਵਜਲ ਤੋਂ, ਕਿਵੇਂ ਪਾਰ ਲੰਘਾਵਣ ਹਾਰੇ ਬਣੇ ਹੋ ? ਇਹ ਪ੍ਰਸ਼ਨ ਚਰਪਟ ਨਾਮੇ ਜੋਗੀ ਵਲੋਂ ਇੰਜ ਹੈ :-

**"ਦੁਨੀਆ ਸਾਗਰੁ ਦੁਤਰੁ ਕਹੀਐ ਕਿਉ ਕਰਿ ਪਾਈਐ ਪਾਰੋ ॥**

**ਚਰਪਟੁ ਬੋਲੈ ਅਉਧੂ ਨਾਨਕ ਦੇਹੁ ਸਚਾ ਬੀਚਾਰੋ ॥"** ਪੰਨਾ 938

**ਭਾਵ ਅਰਥ :–** ਹੇ ਅਤੀਤ ! ਦੁਨੀਆਂ ਵਿਸ਼ਾਲ ਸਮੁੰਦਰ ਹੈ ਤੇ ਇਸ ਵਿਚੋਂ ਤਰਨਾ ਬੜਾ ਕਠਨ ਹੈ। ਕੀਕੂੰ ਇਸ ਤੋਂ ਪਾਰ ਹੋਈਏ ? ਚਰਪਟ, ਇਹ ਗੱਲ, ਆਪ ਜੀ ਤੋਂ ਪੁਛਦਾ ਹੈ। ਉੱਤਰ ਵਿਚ ਹਜ਼ੂਰ ਫੁਰਮਾਉਂਦੇ ਹਨ :-

**"ਜੈਸੇ ਜਲ ਮਹਿ ਕਮਲੁ ਨਿਰਾਲਮੁ ਮੁਰਗਾਈ ਨੈ ਸਾਣੇ ॥**

**ਸੁਰਤਿ ਸਬਦਿ ਭਵ ਸਾਗਰੁ ਤਰੀਐ ਨਾਨਕ ਨਾਮੁ ਵਖਾਣੇ ॥**

**ਰਹਹਿ ਇਕਾਂਤਿ ਏਕੋ ਮਨਿ ਵਸਿਆ ਆਸਾ ਮਾਹਿ ਨਿਰਾਸੋ ॥**

**ਅਗਮੁ ਅਗੋਚਰੁ ਦੇਖਿ ਦਿਖਾਏ ਨਾਨਕੁ ਤਾ ਕਾ ਦਾਸੋ ॥"** ਪੰਨਾ 938

**ਭਾਵ ਅਰਥ :–** ਜਿਵੇਂ ਪਾਣੀ ਵਿਚ ਕਉਲ ਫੁਲ ਰਹਿੰਦਾ ਹੈ, ਹਾਲਾਂਕਿ ਉਸ ਦੀ ਖੁਰਾਕ ਪਾਣੀ ਵਿਚ ਹੈ, ਪਰ ਪਾਣੀ ਦੀ ਸਤਹ ਤੋਂ ਸਦਾ ਉਚਾ ਰਹਿੰਦਾ ਹੈ ਤੇ ਪਾਣੀ ਵਿਚ ਨਹੀਂ ਡੁਬਦਾ। ਜੇ ਪਾਣੀ ਦੀ ਸਤਹ ਉਚੀ ਹੁੰਦੀ ਜਾਏ ਤਾਂ ਫੁਲ ਵੀ ਹੋਰ ਉਤਾਂਹ ਹੁੰਦਾ ਜਾਂਦਾ ਹੈ। ਦੂਜਾ ਦ੍ਰਿਸ਼ਟਾਂਤ ਮੁਰਗਾਬੀ ਦਾ ਹੈ। ਜਿਵੇਂ ਮੁਰਗਾਬੀ ਨਦੀ ਵਿੱਚ ਰਹਿੰਦੀ ਹੈ ਤੇ ਤਰਦੀ ਹੈ, ਪਰ ਆਪਣੇ ਖੰਭਾਂ ਨੂੰ ਭਿਜੱਣ ਨਹੀਂ ਦਿੰਦੀ। ਇਵੇਂ ਹੀ ਸੁਰਤ ਨੂੰ ਸ਼ਬਦ ਵਿਚ ਜੋੜ ਕਰ ਭਵ-ਸਾਗਰ ਤੋਂ ਤਰਿਆ ਜਾ ਸਕਦਾ ਹੈ। ਨਾਮ ਨੂੰ ਸੁਰਤ ਭਾਵ ਧਿਆਨ ਨਾਲ ਜਪੋ। ਸੰਸਾਰ ਨੂੰ ਤਿਆਗ ਕੇ ਜੰਗਲਾਂ ਵਿਚ ਜਾਣ ਦੀ ਲੋੜ ਨਹੀਂ। ਇਸਤਰੀ ਬੱਚੇ ਛੱਡਣ ਦੀ ਲੋੜ ਨਹੀਂ। ਮਹਲ ਮਾੜੀਆਂ ਨੂੰ ਤਿਲਾਂਜਲੀ ਦੇਣ ਦੀ ਲੋੜ ਨਹੀਂ। ਕਾਰ-ਵਿਹਾਰ ਛੱਡਣ ਦੀ ਲੋੜ ਨਹੀਂ। ਮਾਇਆ ਵਿਚ ਰਹਿੰਦਾ ਹੋਇਆ, ਮਨ ਵਿਚ ਸ਼ਬਦ ਨੂੰ ਵਸਾ ਕੇ ਰਖੇ ਤੇ ਆਸਾ ਵਿਚ ਨਿਰਾਸ ਹੋ ਕੇ ਵਰਤੇ। ਸਾਡੇ ਮਤ ਵਿਚ ਇਹ ਹੀ ਇਕਾਂਤ ਰਹਿਣਾ ਹੈ। ਇਸ ਤਰ੍ਹਾਂ ਅਭਿਆਸ ਕਰਨ ਲਈ ਕੋਈ ਸੰਸਾਰੀ ਵਸਤੂ ਤਿਆਗਣ ਦੀ ਲੋੜ ਨਹੀਂ। ਸੁਤੇ ਹੀ ਇੰਜ ਕਰਨ ਵਾਲਾ ਅਭਿਆਸੀ, ਜੋ ਨਿਰੰਕਾਰ ਗੰਮਤਾ ਤੋਂ ਪਰੇ ਤੇ ਇੰਦਰੀਆਂ ਦੀ ਛੂਹ ਤੋਂ ਪਰੇ ਹੈ, ਉਸ ਨੂੰ ਅਨੁਭਵ ਕਰ ਸਕਦਾ ਹੈ ਤੇ ਹੋਰਾਂ ਨੂੰ ਵੀ ਅਨੁਭਵ ਕਰਾ ਸਕਦਾ ਹੈ। ਐਸੇ ਪੁਰਖ ਦਾ ਨਾਨਕ ਦਾਸ ਹੈ।

ਜੋ ਸੰਸਾਰ ਤਿਆਗ ਕੇ ਕੰਦਰਾਂ, ਜੰਗਲਾਂ ਤੇ ਥਲਾਂ ਵਿਚ ਚਲਾ ਵੀ ਗਿਆ ਤੇ ਸੁਰਤ ਨੂੰ ਸ਼ਬਦ ਵਿਚ ਪੱਕਾ ਨਾ ਕੀਤਾ ਤਾਂ ਕੀ ਲਾਭ ? ਜਦ ਤਾਂਈ ਸੁਰਤ ਸ਼ਬਦ ਦਾ ਮੇਲ ਦ੍ਰਿੜ ਨਹੀਂ ਹੁੰਦਾ ਤਦ ਤਾਂਈ ਦਹਦਿਸਾ ਭਉਣ ਵਾਲਾ ਮਨ ਟਿਕ ਨਹੀਂ ਸਕਦਾ। ਤਾਂ ਤੇ ਗ੍ਰਹਿਸਤ ਵਿਚ ਹੀ ਰਹੇ ਤੇ ਸੁਰਤ ਨਾਲ ਅਭਿਆਸ ਵਿਚ ਹੀ ਰਹੇ ਤੇ ਸੁਰਤ ਨਾਲ ਅਭਿਆਸ ਕਰੇ। ਬਾਹਰ ਢੂੰਡਣ ਵਿਚ ਦੁਖ ਹੀ ਦੁਖ ਹੈ :-

**"ਬਾਹਰਿ ਢੂਢਤ ਬਹੁਤੁ ਦੁਖੁ ਪਾਵਹਿ**
**ਘਰਿ ਅੰਮ੍ਰਿਤੁ ਘਟ ਮਾਹੀ ਜੀਉ ॥"** **ਪੰਨਾ 598**

**ਭਾਵ ਅਰਥ :-** ਗ੍ਰਹਿਸਤ ਤਿਆਗ ਕੇ, ਬਾਹਰ ਢੂੰਡਣ ਵਿਚ, ਦੁਖ ਪੱਲੇ ਪੈਂਦਾ ਹੈ। ਤਾਂ ਤੇ ਜਿਹੜਾ ਅੰਮ੍ਰਿਤ ਤੇਰੇ ਘਰ ਵਿਚ ਹੀ ਹੈ, ਉਸ ਨੂੰ ਹਿਰਦੇ ਵਿਚ, ਸੁਰਤ ਦੇ ਅਭਿਆਸ ਨਾਲ ਪਰਗਟ ਕਰ।

ਹੁਣ ਆਓ, ਆਪਾਂ ਇਸ ਸਿਧਾਂਤ ਨੂੰ ਵਿਗਿਆਨ (Science) ਦੀ ਕਸਵੱਟੀ ਤੇ ਪਰਖੀਏ। ਅਜ ਕਲ੍ਹ ਜ਼ਮਾਨਾ ਸਾਇੰਸ ਦਾ ਹੈ। ਸਾਇੰਸ ਦਾ ਅਰਥ ਹੈ ਕਿ ਜਿਹੜੀ ਗੱਲ ਸਾਹਮਣੇ ਪ੍ਰਤੱਖ ਤਜਰਬੇ ਵਿਚ ਆਵੇ, ਉਹਨੂੰ ਗ੍ਰਹਿਣ ਕਰਨਾ ਚਾਹੀਦਾ ਹੈ। ਨਹੀਂ ਤਾਂ ਤੁਰੰਤ ਹੀ ਖੰਡਨ ਕਰਨ ਦੇਣੀ ਚਾਹੀਦੀ ਹੈ। ਰੋਜ਼ਾਨਾ ਜ਼ਿੰਦਗੀ ਵਿਚ ਇਹ ਗੱਲ ਹਰ ਇਕ ਨਾਲ ਵਾਪਰਦੀ ਹੈ ਕਿ ਜਦ ਦੋ ਸੱਜਣ ਕੋਈ ਪਰਸਪਰ ਡੂੰਘੀ ਵੀਚਾਰ ਕਰ ਰਹੇ ਹੋਣ ਤਾਂ ਇਕ ਛਿਨ ਲਈ ਵੀ ਜੇ ਇਕ ਦੀ ਸੁਰਤ, ਭਾਵ ਧਿਆਨ ਉਸ ਵੀਚਾਰ 'ਚੋ ਨਿਕਲ ਜਾਏ ਤਾਂ ਉਸ ਛਿਨ ਵਿਚ ਕਹੀ ਗੱਲ ਸੁਣਨ ਵਾਲੇ ਦੇ ਪੱਲੇ ਨਹੀਂ ਪੈਦੀ। ਕਿਉਂ ? ਉੱਤਰ ਸਪੱਸ਼ਟ ਹੈ। ਸੁਣਨ ਵੇਲੇ, ਸੁਣਨ ਵਾਲੇ ਦਾ ਧਿਆਨ, ਗੱਲ ਵਿਚੋਂ ਨਿਕਲ ਕੇ ਦੁਰਾਡੇ ਚਲਾ ਗਿਆ ਤਾਂ ਉਹ ਮੁੜ ਉਸ ਗੱਲ ਨੂੰ ਸਮਝਣ ਲਈ ਆਖਦਾ ਹੈ- ''ਸ੍ਰੀ ਮਾਨ ਜੀ, ਖਿਮਾ ਕਰਨਾ, ਮੇਰਾ ਧਿਆਨ ਹੋਰ ਪਾਸੇ ਚਲਾ ਗਿਆ ਸੀ। ਗੱਲ ਪੱਲੇ ਨਹੀਂ ਪਈ। ਮੁੜ ਕਹਿਣ ਦੀ ਕਿਰਪਾ ਕਰੋ ਜੀ।''

ਕਾਲਜ ਜਾਂ ਸਕੂਲ ਵਿਚ ਜਦ ਪ੍ਰੋਫੈਸਰ ਜਾਂ ਅਧਿਆਪਕ ਕਲਾਸ ਵਿਚ ਕੋਈ ਸੰਥਾ ਦੇ ਰਹਿਆ ਹੋਵੇ ਤੇ ਜੋ ਇਸ ਸੰਥਾ ਦੇਣ ਸਮੇ, ਕਿਸੇ ਵਿਦਿਆਰਥੀ ਦਾ ਧਿਆਨ ਵਿਚੋਂ ਨਿਕਲ ਜਾਏ ਤਾਂ ਉਸ ਦੀ ਸਮਝ ਵਿਚ ਇਹ ਗੱਲ ਨਹੀਂ ਪੈਦੀ। ਜੇ ਉਹ ਮੁੰਡਾ ਮੁੜ ਪ੍ਰੋਫੈਸਰ ਜਾਂ ਅਧਿਆਪਕ ਨੂੰ ਪੁਛੇ, ਤਾਂ ਅਗੋ ਉਹ ਕਹਿੰਦੇ ਹਨ :-

''ਧਿਆਨ ਕਿਧਰ ਚਲਿਆ ਗਿਆ ਸੀ ? ਪੂਰੀ ਸਾਵਧਾਨਤਾ ਨਾਲ ਸੰਥਾ ਸਮਝੋ।'' ਇਹ ਆਖ ਕੇ ਉਸ ਮੁੰਡੇ ਨੂੰ ਮੁੜ ਪਹਿਲੀ ਦਰਸਾਈ ਸੰਥਾ ਸਮਝਾਈ ਜਾਂਦੀ ਹੈ।

ਸਿਧ ਹੋਇਆ ਕਿ ਤਵੱਜੋ, ਸੁਰਤ, ਧਿਆਨ, ਖਿਆਲ ਜੇ ਕੋਈ ਦਿਮਾਗੀ ਕੰਮ ਕਰਦੇ ਹੋਏ ਕਿਧਰੇ ਚਲਾ ਜਾਏ ਤਾਂ ਉਹ ਕੰਮ ਸਿਰੇ ਨਹੀਂ ਚੜ੍ਹਦਾ।

ਇਸੇ ਤਰ੍ਹਾਂ ਹੀ ਨਾਮ ਅਭਿਆਸ ਕਮਾਈ ਕਰਨ ਵੇਲੇ ਜੇ ਸੁਰਤ, ਸਿਮਰਨ ਵਿਚ ਨਹੀਂ ਤਾਂ ਲਾਭ ਕੀ ਹੋਇਆ ? ਸੁਰਤ ਤਾਂ ਪੱਕੀ ਨਹੀਂ ਤੇ ਉੱਨ੍ਹਾ ਸਮਾਂ ਤੇ ਹੋਰ ਸਰੀਰਕ ਸ਼ਕਤੀ ਨਿਸਫਲ ਗਈ। ਜਿਹੜੇ ਸੱਜਣ ਇਸ ਗੱਲ ਦਾ ਪ੍ਰਚਾਰ ਕਰਦੇ ਹਨ, ਕਿ ਭਾਵੇਂ ਧਿਆਨ ਸ਼ਬਦ ਵਿਚ ਹੋਵੇ ਭਾਵੇ ਨਾ, ਨਾਮ ਜਪੀ ਚਲੇ ਜਾਣਾ ਚਾਹੀਦਾ ਹੈ ਤੇ ਜੋ ਉਸਦਾ ਅਸਰ ਹੁੰਦਾ ਹੈ, ਨਿਸਫਲ ਨਹੀਂ ਜਾਂਦਾ। ਉਹ ਵੀਰ ਜ਼ਰਾ ਵੀਚਾਰਨ ਕਿ ਜਿਸ ਆਸ਼ੇ ਨੂੰ ਮੁਖ ਰਖ ਕੇ ਨਾਮ ਜਪੀਦਾ ਹੈ, ਜਦ ਉਹ ਆਸ਼ਾ ਹੀ ਪੂਰਾ ਨਾ ਹੋਇਆ ਤੇ ਅਸਫਲਤਾ ਦਾ ਮੂੰਹ ਵੇਖਣਾ ਪਇਆ ਤਾਂ ਕੀ ਲਾਭ ? ਆਸ਼ਾ ਹੈ, ਆਪਣੀ ਸੁਰਤ ਨੂੰ ਸ਼ਬਦ ਵਿਚ ਜੋੜਨਾ, ਜਿਸ ਨਾਲ ਕਿ ਹਉਮੈ ਦੀ ਕੰਧ ਟੁਟੇ ਤੇ ਨਿਜ ਸਰੂਪ ਦੀ ਲਖਤਾ ਹੋਵੇ। ਮਨ ਵਿਚ ਸਦਾ ਦਾ ਖੇੜਾ ਹੋ ਜਾਏ ਸਹਿਜ ਅਵਸਥਾ ਵਿਚ ਬਿਰਤੀ ਖੇਡੇ। ਪੰਜ ਮਹਾਂਬਲੀ-ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ-ਦੂਰ ਹੋ ਜਾਣੇ ਤੇ ਮਨ ਉਤੇ (Subjectove Control) ਪੂਰਾ ਸ੍ਵੈ-ਵਸੀਕਰਣ ਹੋ ਜਾਏ।

ਜੇ ਇਹ ਗੱਲਾਂ ਨਾ ਵਾਪਰੀਆਂ ਤਾਂ ਫਿਰ ਅਭਿਆਸੀ ਦਾ ਮਨ ਟਾਟਰਾ ਹੋਕਰ ਕਿੰਤੂ ਵਲ ਹੋ ਜਾਂਦਾ ਹੈ। ਆਖਦਾ ਹੈ : ''ਮੈਂ ਸਿਮਰਨ ਕਰਦਾ ਹਾਂ, ਘੰਟੇ ਬਧੀ ਅਭਿਆਸ ਕਰਦਾ ਹਾਂ, ਮਨ ਨੂੰ ਸ਼ਾਂਤੀ ਕਿਉਂ ਨਾ ਹੋਈ ? ਇਹ ਐਵੇਂ ਹੀ ਹੈ''। ਪਰ ਭੁਲਿਆ ਹੋਇਆ ਇਹ ਨਹੀਂ ਵਿਚਾਰਦਾ ਕਿ ਸਿਮਰਨ ਵੇਲੇ, ਸੁਰਤ ਵਿਚੋਂ ਕਢ ਦਿੰਦਾ ਹੈ। ਉਸ ਵਿਚਾਰੇ ਦਾ ਵੀ ਕੋਈ ਦੋਸ਼ ਨਹੀਂ। ਉਸ ਨੂੰ ਦਸਿਆ ਇੰਜ ਹੀ ਗਇਆ ਹੈ, ਕਿ ਭਾਂਵੇ ਮਨ ਕਿਤੇ ਦੌੜੇ, ਸਿਮਰਨ ਕਰੀ ਜਾਣਾ ਹੈ। ਪਰ ਗੁਰੂ ਸਾਹਿਬ ਫੁਰਮਾਉਂਦੇ ਹਨ :-

**"ਪ੍ਰਭ ਕੀ ਉਸਤਤਿ ਕਰਹੁ ਸੰਤ ਮੀਤ ॥ ਸਾਵਧਾਨ ਏਕਾਗਰ ਚੀਤ ॥"** ਪੰਨਾ 295

**ਭਾਵ ਅਰਥ :-** ਹੇ ਮਿਤ੍ਰ ਸੰਤੋ ! ਪ੍ਰਭੂ ਦੀ ਉਸਤਤ, ਸਾਵਧਾਨ ਤੇ ਇਕਾਗਰ ਚਿਤ ਨਾਲ ਕਰੋ। ਜੇ ਇਕਾਗਰਤਾ ਤੇ ਸਾਵਧਾਨਤਾ ਦਾ ਅੰਸ਼, ਸਿਮਰਨ ਵਿਚ ਨਹੀਂ ਤਾਂ ਸਿਮਰਨ ਕਦੇ ਵੀ ਫਲੀਭੂਤ ਨਹੀਂ ਹੋ ਸਕਦਾ। ਹੁਣ ਆਪਾਂ ਇਸ ਪਰਥਾਏ ਗੁਰੂ ਵੀਚਾਰ ਨੂੰ ਵੀਚਾਰਨਾ ਹੈ ਕਿ ਸੁਰਤ ਤੋਂ ਬਿਨਾਂ ਸਿਮਰਨ, ਗੁਰਮਤਿ ਖੰਡਨ ਕਰ ਰਹੀ ਹੈ, ਕਿ ਨਹੀਂ।

**"ਰਾਮ ਰਾਮ ਸਭੁ ਕੋ ਕਹੈ ਕਹਿਐ ਰਾਮੁ ਨ ਹੋਇ ॥**

**ਗੁਰ ਪਰਸਾਦੀ ਰਾਮੁ ਮਨਿ ਵਸੈ ਤਾ ਫਲੁ ਪਾਵੈ ਕੋਇ ॥"** ਪੰਨਾ 491

**ਭਾਵ ਅਰਥ :-** ਰਸਨਾ ਨਾਲ ਸਾਰੇ ਰਾਮ ਰਾਮ ਕਹਿੰਦੇ ਹਨ, ਪਰ ਇਸ ਤਰ੍ਹਾਂ ਕਰਨ ਨਾਲ ਰਾਮ ਪ੍ਰਾਪਤ ਨਹੀਂ ਹੁੰਦਾ। ਗੁਰੂ ਦੀ ਕ੍ਰਿਪਾ ਦਵਾਰਾ ਰਾਮ ਮਨ ਵਿਚ ਵਸਦਾ ਹੈ ਤੇ ਫਲ, ਨਾਮ ਦਾ, ਪ੍ਰਾਪਤ ਹੁੰਦਾ ਹੈ। ਗੁਰੂ ਦੀ ਕ੍ਰਿਪਾ ਇਹ ਹੈ ਕਿ 'ਗੁਰੂ' ਨਾਮ ਜਪਣ ਦੀ ਪੂਰਨ ਜੁਗਤੀ ਦਰਸਾਂਦੇ ਹਨ ਤੇ ਜਗਿਆਸੂ, ਦਰਸਾਈ ਵਿੱਧੀ ਅਨੁਸਾਰ ਨਾਮ ਜਪਦਾ ਹੈ। ਇਸ ਦਾ ਫੱਲ ਇਹ ਕਿ ਨਾਮ ਮਨ ਦੇ ਵਿਚ ਵਸ ਜਾਂਦਾ ਹੈ ਤੇ ਮਨ ਸਦਾ ਖੇੜੇ ਵਿਚ ਰਹਿੰਦਾ ਹੈ।

**ਮੁਖਹੁ ਹਰਿ ਹਰਿ ਸਭੁ ਕੋ ਕਰੈ ਵਿਰਲੈ ਹਿਰਦੈ ਵਸਾਇਆ ॥**

**ਨਾਨਕ ਜਿਨ ਕੈ ਹਿਰਦੈ ਵਸਿਆ ਮੋਖ ਮੁਕਤਿ ਤਿਨ੍ ਪਾਇਆ ॥"** ਪੰਨਾ 565

**ਭਾਵ ਅਰਥ :-** ਮੂੰਹ ਨਾਲ ਤਾਂ ਹਰੀ ਹਰੀ ਸਭ ਕੋਈ ਕਰਦਾ ਹੈ, ਪਰ ਹਿਰਦੇ ਵਿਚ ਕੋਈ ਟਾਵਾਂ ਹੀ ਵਸਾਉਂਦਾ ਹੈ। ਹੇ ਨਾਨਕ ! ਜਿਨ੍ਹਾਂ ਦੇ ਹਿਰਦੇ ਵਿਚ ਨਾਮ ਵਸਿਆ ਹੈ, ਉਨ੍ਹਾਂ ਨੂੰ ਮਾਇਆ ਤੋਂ ਮੁਕਤੀ ਮਿਲਦੀ ਹੈ ਭਾਵ ਮਾਇਆ ਤੋਂ ਮਨ ਸੁਤੰਤ੍ਰ ਹੋ ਜਾਂਦਾ ਹੈ।

**"ਹਰਿ ਹਰਿ ਕਰਹਿ ਨਿਤ ਕਪਟੁ ਕਮਾਵਹਿ ਹਿਰਦਾ ਸੁਧੁ ਨ ਹੋਈ ॥**

**ਅਨਦਿਨੁ ਕਰਮ ਕਰਹਿ ਬਹੁਤੇਰੇ ਸੁਪਨੈ ਸੁਖੁ ਨ ਹੋਈ ॥"** ਪੰਨਾ 732

**ਭਾਵ ਅਰਥ :-** ਭਾਵੇਂ ਮੂੰਹ ਨਾਲ ਲਗਾਤਾਰ, ਹਰੀ ਹਰੀ ਕਰਦਾ ਰਹੇ। ਕਰਮ ਕਪਟ-ਭਰੇ ਕਰੇ ਤਾਂ ਇੰਜ ਕਰਨ ਨਾਲ ਹਿਰਦਾ ਕਦੇ ਸ਼ੁੱਧ ਨਹੀਂ ਹੋ ਸਕਦਾ। ਹੋਰ ਅਨੇਕ ਕਰਮ ਕਾਂਡ, ਹਿਰਦੇ ਦੀ ਸ਼ੁਧਤਾ ਲਈ, ਪਇਆ ਕਰੇ, ਪਰ ਇਹੋ ਜਿਹੇ ਨੂੰ ਜਾਗਤ੍ਰ ਅਵਸਥਾ ਵਿਚ ਤਾਂ ਕੀ ਸੁਖ ਹੋਣਾ ਹੈ, ਸੁਪਨੇ ਵਿਚ ਵੀ ਸੁਖ ਨਹੀਂ ਮਿਲ ਸਕਦਾ। ਇਸ ਤੁਕ ਵਿਚ ਗੁਰਮਤਿ ਨਿਰਣਾ ਦੇ ਰਹੀ ਹੈ, ਕਿੰਤੂ ਨਹੀਂ ਹੋ ਸਕਦਾ।

**"ਹਰਿ ਹਰਿ ਨਿਤ ਕਰਹਿ ਰਸਨਾ ਕਹਿਆ ਕਛੂ ਨ ਜਾਣੀ ॥**

**ਚਿਤੁ ਜਿਨ ਕਾ ਹਿਰਿ ਲਇਆ ਮਾਇਆ ਬੋਲਨਿ ਪਏ ਰਵਾਣੀ ॥"** ਪੰਨਾ 920

**ਭਾਵ ਅਰਥ :-** ਭਾਵੇਂ ਜੀਭ ਹਰੀ ਹਰੀ ਨਿਰੰਤਰ ਕਹਿੰਦੀ ਰਹੇ, ਤੇ ਸੁਰਤ ਕਿਤੇ ਹੋਰ ਫਿਰਦੀ ਰਹੇ। ਜੋ ਕੁਝ ਜੀਭ ਆਖ ਰਹੀ ਹੈ, ਉਸ ਨੂੰ ਸੁਰਤ ਨਾਲ ਜਾਣੇ ਨਾ, ਉਨ੍ਹਾਂ ਦਾ ਚਿਤ ਮਾਇਆ ਨੇ ਹਿਰ ਲਇਆ ਹੈ ਤੇ ਉਹ ਹਰੀ ਦਾ ਨਾਮ ਐਵੇ ਮੂੰਹ ਨਾਲ ਜ਼ਬਾਨੀ ਬੋਲ ਰਹੇ ਹਨ। ਇਸ ਤੁਕ ਵਿਚ ਉਤਲੇ ਪਰਮਾਣ ਦੀ ਪੁਸ਼ਟੀ ਕੀਤੀ ਹੈ ਕਿ ਕੇਵਲ ਰਸਨਾ ਨਾਲ ਨਾਮ ਜਪਣਾ ਬਿਫਲ ਹੈ, ਜਦ ਤਾਂਈ ਕਿ ਸੁਰਤ ਰਸਨਾ ਨਾਲ ਨਹੀਂ ਟੁਰ ਰਹੀ ਤੇ ਇਧਰ ਉਧਰ ਭਉਂਦੀ ਫਿਰਦੀ ਹੈ। ਸੁਰਤ

ਤਾਂ ਅਭਿਆਸ, ਮਾਇਆ ਦਾ ਕਰ ਰਹੀ ਹੈ ਤੇ ਰਸਨਾ ਅਭਿਆਸ ਨਾਮ ਦਾ ਕਰ ਰਹੀ ਹੈ। ਫੇਰ ਕੀਕੂੰ ਮਿਲੇ? ਦੋਵੇਂ ਅਜੋੜ ਗੱਲਾਂ ਹਨ।

**"ਨਵ ਛਿਅ ਖਟੁ ਬੋਲਹਿ ਮੁਖ ਆਗਰ ਮੇਰਾ ਹਰਿ ਪ੍ਰਭੁ ਇਵ ਨ ਪਤੀਨੇ ॥**

**ਜਨ ਨਾਨਕ ਹਰਿ ਹਿਰਦੈ ਸਦ ਧਿਆਵਹੁ ਇਉ ਹਰਿ ਪ੍ਰਭੁ ਮੇਰਾ ਭੀਨੇ ॥ ਪੰਨਾ 668**

**ਭਾਵ ਅਰਥ :–** ਨੌਂ ਵਿਆਰਕਣ, ਛੇ ਸ਼ਾਸਤ੍ਰ ਤੇ ਚਾਰ ਵੇਦ ਭਾਵੇਂ ਮੂੰਹ ਜ਼ਬਾਨੀ ਪਏ ਯਾਦ ਹੋਣ, ਮੇਰਾ ਹਰੀ ਪ੍ਰਭੂ ਇੰਜ ਨਹੀਂ ਪ੍ਰਸੰਨ ਹੁੰਦਾ। ਪ੍ਰਸ਼ਨ ਹੋਇਆ, ''ਜੀ ਕਿਵੇਂ ਪ੍ਰਸੰਨ ਹੁੰਦਾ ਹੈ?'' ਤਾਂ ਉੱਤਰ ਵਿਚ ਫੁਰਮਾਉਂਦੇ ਹਨ ਕਿ ਉਸ ਸਿਰਜਨਹਾਰ ਨੂੰ ਹਿਰਦੇ ਨਾਲ ਸਦਾ ਧਿਆਵੋ, ਤਾਂ ਉਹ ਪ੍ਰਭੂ ਪ੍ਰਸੰਨ ਹੋ ਜਾਸੀ, ਤੇ ਨਾਮ ਹਿਰਦੇ ਵਿਚ ਵਸ ਜਾਸੀ।

**"ਰਵਨੀ ਰਵੈ ਬੰਧਨ ਨਹੀ ਤੂਟਹਿ ਵਿਚਿ ਹਉਮੈ ਭਰਮੁ ਨ ਜਾਈ ॥**

**ਸਤਿਗੁਰੁ ਮਿਲੈ ਤ ਹਉਮੈ ਤੂਟੈ ਤਾ ਕੋ ਲੇਖੈ ਪਾਈ ॥" ਪੰਨਾ 353**

**ਭਾਵ ਅਰਥ :–** ਸੁਰਤ ਤੋਂ ਬਿਨਾਂ (Absent Mindedly) ਨਾਮ ਜਪਣ ਨਾਲ ਮਾਇਆ ਦੇ ਬੰਧਨ ਨਹੀਂ ਟੁਟ ਸਕਦੇ ਤੇ ਨਾ ਹੀ ਹਉਮੈ ਦੂਰ ਹੁੰਦੀ ਹੈ। ਪੂਰਨ ਸਤਿਗੁਰੂ ਦਾ ਮੇਲ ਹੋ ਜਾਏ, ਤਾਂ ਉਹੀ ਬਿਧੀ, ਨਾਮ ਸਿਮਰਨ ਦੀ, ਦਸਦੇ ਹਨ ਤੇ ਉਸ ਅਨੁਸਾਰ ਨਾਮ ਜਪਣ ਨਾਲ ਹਉਮੈ ਦੀ ਕੰਧ ਟੁਟ ਜਾਂਦੀ ਹੈ ਤੇ ਸਫਲਤਾ ਪ੍ਰਾਪਤ ਹੋ ਕੇ ਦਰਗਾਹੇ ਕਬੂਲ ਪੈਂਦਾ ਹੈ। ਇਸ ਪਰਮਾਣ ਵਿਚ ਵੀ ਕੇਵਲ ਰਸਨਾ ਦੇ ਸਿਮਰਨ ਨੂੰ, ਜਿਸ ਵਿਚ ਕਿ ਸੁਰਤ ਨਾ ਹੋਵੇ, ਖੰਡਨ ਕੀਤਾ ਹੈ।

**"ਕਥਨੈ ਕਹਣਿ ਨ ਛੁਟੀਐ ਨਾ ਪੜਿ ਪੁਸਤਕ ਭਾਰ ॥**

**ਕਾਇਆ ਸੋਚ ਨ ਪਾਈਐ ਬਿਨੁ ਹਰਿ ਭਗਤਿ ਪਿਆਰ ॥" ਪੰਨਾ 59**

**ਭਾਵ ਅਰਥ :–** ਕੇਵਲ ਕਥਾ ਵਾਰਤਾ ਕਰਨ ਨਾਲ, ਜਾਂ ਖਾਲੀ ਕਹਣ ਨਾਲ, ਜਾਂ ਢੇਰਾਂ ਦੇ ਢੇਰ ਪੁਸਤਕ ਵਾਚਣ ਨਾਲ, ਜਾਂ ਸਰੀਰ ਦੇ ਇਸ਼ਨਾਨ ਨਾਲ, ਮਾਇਆ ਦੇ ਜੱਫੇ ਵਿਚੋਂ ਛੁਟ ਨਹੀ ਸਕਦਾ। ਛੁਟਣ ਦਾ ਸਾਧਨ ਹਰੀ ਦੀ ਪ੍ਰੇਮਾ ਭਗਤੀ ਹੈ।

**" ਸੁਣਿ ਮਨ ਅੰਧੇ ਕੁਤੇ ਕੂੜਿਆਰ ॥**

**ਬਿਨੁ ਬੋਲੇ ਬੂਝੀਐ ਸਚਿਆਰ ॥" ਪੰਨਾ 662**

**ਭਾਵ ਅਰਥ :–** ਇਸ ਤੁਕ ਵਿਚ ਸ੍ਰੀ ਸਤਿਗੁਰੂ ਨਾਨਕ ਦੇਵ ਜੀ ਮਹਾਰਾਜ ਕਰੜੇ ਯਥਾਰਥ ਸ਼ਬਦਾਂ ਵਿਚ, ਮਾਇਆ ਵਿਚ ਸੋਏ ਮਨ ਨੂੰ ਜਗਾਣ ਲਈ, ਹਲੂਣਾ ਦੇ ਰਹੇ ਹਨ ਤੇ ਫੁਰਮਾਂਦੇ ਹਨ, ''ਓ ਅੰਨ੍ਹੇ, ਕੁੱਤੇ ਤੇ ਝੂਠੇ ਮਨ, ਮੇਰੀ ਗੱਲ ਸੁਣ। ਜੋ ਸੱਚਾ ਸਾਈ ਹੈ, ਉਹ ਬਿਨਾਂ ਬੋਲੇ ਹੀ ਬੁਝਿਆ ਜਾਂਦਾ ਹੈ। ਸੁਰਤ ਨਾਲ ਸਾਈ ਦਾ ਨਾਮ ਸਿਮਰਨ ਕਰ। ਜੇ ਸਿਮਰਨ ਵਿਚ ਸੁਰਤ ਨਹੀਂ ਤਾਂ ਲੇਖੇ ਵਿਚ ਕੋਈ ਗੱਲ ਨਹੀਂ ਪੈਣੀ। ਐਵੇ ਸੁਰਤ ਬਿਨਾਂ ਸਿਮਰਨ ਦਾ ਕੋਈ ਲਾਭ ਨਹੀਂ। ਸਿਮਰਨ ਤਦ ਹੀ ਫਲੀਭੂਤ ਹੋਸੀ, ਜਦ ਸੁਰਤ ਸਿਮਰਨ ਵਿਚ ਰਹੇਗੀ।''

**ਬਿਨੁ ਜਿਹਵਾ ਜੋ ਜਪੈ ਹਿਆਇ ॥ ਕੋਈ ਜਾਣੈ ਕੈਸਾ ਨਾਉ ॥**

**ਕਥਨੀ ਬਦਨੀ ਰਹੈ ਨਿਭਰਾਂਤਿ ॥ ਸੋ ਬੂਝੈ ਹੋਵੈ ਜਿਸੁ ਦਾਤਿ ॥" ਪੰਨਾ 1256**

**ਭਾਵ ਅਰਥ :–** ਜਿਹੜਾ ਨਾਮ, ਬਿਨਾ ਜੀਭ ਦੇ ਹਿਰਦੇ ਨਾਲ ਜਪਦਾ ਹੈ, ਉਹੀ ਸਹੀ ਹੈ। ਪਰ ਕੋਈ ਵਿਰਲਾ ਹੀ ਇਸ ਗੱਲ ਨੂੰ ਜਾਣਦਾ ਹੈ ਕਿ ਨਾਉ ਕੈਸਾ ਹੈ ? ਫਿਰ ਵਿਸਥਾਰ ਨਾਲ ਸ੍ਰੀ ਹਜ਼ੂਰ ਫੁਰਮਾਉਂਦੇ ਹਨ ਕਿ ਐਸੇ ਨਾਮ ਜਪਣ ਵਾਲੇ ਦੇ ਮੂੰਹ ਦੀ ਕਥਨੀ, ਨਿਰਸੰਦੇਹ ਹੀ ਰਹਿ ਜਾਂਦੀ

ਹੈ ਤੇ ਇਕ ਰਸ ਲਿਵ ਲਗੀ ਰਹਿੰਦੀ ਹੈ। ਪਰ ਇਸ ਅਵਸਥਾ ਦਾ ਪਾਤ੍ਰ ਉਹੀ ਹੁੰਦਾ ਹੈ, ਜਿਸ ਤੇ ਦਾਤੇ ਦੀ ਦਾਤ ਹੋਵੇ ਤੇ ਫਿਰ ਨਾਮ ਦੀ ਸੋਝੀ ਹੁੰਦੀ ਹੈ।

ਉਪਰੋਕਤ ਗੁਰ ਪ੍ਰਮਾਣਾਂ ਤੋ ਸਿਧ ਹੋਇਆ ਕਿ ਖਾਲੀ ਰਸਨਾ ਨਾਲ ਨਾਮ ਜਪਣ ਤੇ, ਮਾਇਆ ਦੀ ਪਕੜ 'ਚੋ ਜੀਵ ਛੁਟ ਨਹੀਂ ਸਕਦਾ, ਜਦ ਤਾਂਈ ਕਿ ਰਸਨਾ ਨਾਲ ਸੁਰਤ ਵੀ ਨਾਮ ਨਾ ਜਪੇ। ਭਾਵੇਂ ਨਾਮ ਰਸਨਾ ਨਾਲ ਉਚੀ ਜਪੀਏ, ਭਾਵੇਂ ਬੁਲ੍ਹਾਂ ਨਾਲ ਗੁਪਤ ਜਪੀਏ, ਭਾਵੇ ਘੰਡੀ ਨਾਲ ਤੇ ਭਾਵੇਂ ਸੁਆਸਾਂ ਨਾਲ ਜਪੀਏ, ਜਦ ਤਾਈਂ ਉਸ ਵਿਚ ਸੁਰਤ ਨਾ ਜੋੜੀਏ, ਨਾਮ ਦਾ ਨਿਵਾਸ ਮਨ ਵਿਚ ਨਹੀਂ ਹੋ ਸਕਦਾ। ਇਥੇ ਹੀ ਬਸ ਨਹੀਂ। ਜੇ ਨਾਮ ਜਪਣ ਨਾਲ ਹੋਰ ਗੁਰੂ ਦਰਸਾਏ ਅੰਗਾਂ ਤੇ ਪਹਿਰਾ ਨਾ ਦੇਈਏ ਤਾਂ ਵੀ ਸਫਲਤਾ ਨਹੀਂ ਹੁੰਦੀ। ਜਿਹਾ ਕਿ ਹੇਠਲਾ ਪ੍ਰਮਾਣ ਸਿੱਧ ਕਰਦਾ ਹੈ :-

**"ਰਸਨਾ ਨਾਮੁ ਸਭੁ ਕੋਈ ਕਹੈ ॥**
**ਸਤਿਗੁਰੁ ਸੇਵੇ ਤਾ ਨਾਮੁ ਲਹੈ ॥"** **ਪੰਨਾ 1262**

**ਭਾਵ ਅਰਥ :-** ਰਸਨਾ ਨਾਲ ਨਾਮ ਹਰ ਕੋਈ ਕਹਿੰਦਾ ਹੈ, ਪਰ ਨਾਮ ਤਦ ਪ੍ਰਾਪਤ ਹੁੰਦਾ ਹੈ, ਜਦ ਕਿ ਸਤਿਗੁਰੂ ਦੀ ਸੇਵਾ ਕਰੇ।

ਹੁਣ ਇਥੇ ਪ੍ਰਸ਼ਨ ਹੁੰਦਾ ਹੈ ਕਿ ਸਤਿਗੁਰੂ ਦੀ ਸੇਵਾ ਕੀ ਹੈ ? ਇਸ ਦਾ ਸਮਝ ਪੈਣਾ ਜ਼ਰੂਰੀ ਹੈ ਕਿਉਂਕਿ ਗੁਰੂ ਸਾਹਿਬ ਨੇ ਸ਼ਰਤ ਜੋੜ ਦਿੱਤੀ ਹੈ ਕਿ **''ਸਤਿਗੁਰੂ ਸੇਵੇ ਤਾ ਨਾਮੁ ਲਹੈ।।''** ਨਹੀਂ ਤਾਂ ਨਾਮ ਪ੍ਰਾਪਤ ਨਹੀਂ ਹੋਵੇਗਾ। ਅਸੀਂ ਸਾਰੇ ਸਤਿਗੁਰੂ ਦੀ ਸੇਵਾ ਕਰਦੇ ਹਾਂ, ਪਰ ਸੇਵਾ ਨੂੰ ਅਸੀਂ ਸੀਮਤ ਕਰ ਦਿਤਾ ਹੈ ਕਿ ਬਸ ਸੇਵਾ ਐਨੀ ਹੀ ਹੈ, ਜੋ ਕਰ ਰਹੇ ਹਾਂ। ਇਹ ਭੁਲੇਖਾ ਹੈ। ਸੇਵਾ ਵਿਚ ਇਹ ਗੱਲਾਂ ਕਰਦੇ ਹਾਂ ਤੇ ਕਰਨੀਆਂ ਵੀ ਚਾਹੀਦੀਆਂ ਹਨ :- ਲੰਗਰ ਦੀ ਸੇਵਾ, ਭਾਂਡੇ ਮਾਂਜਣ ਦੀ ਸੇਵਾ, ਲੰਗਰ ਵਰਤਾਉਣ ਦੀ ਸੇਵਾ, ਹਥ ਸੁੱਚੇ ਕਰਵਾਣ ਦੀ ਸੇਵਾ, ਗੁਰਦੁਆਰੇ ਵਿਚ ਝਾੜੂ ਦੇਣ ਦੀ ਸੇਵਾ, ਦਰੀਆਂ ਵਿਛਾਣ ਦੀ ਸੇਵਾ, ਦਰੀਆਂ ਯਾ ਗਲੀਚੇ ਸੰਗਤ ਦੇ ਬੈਠਣ ਲਈ ਦਾਨ ਦੀ ਸੇਵਾ, ਬਿਜਲੀ ਦੇ ਪੱਖੇ ਆਦਿਕ ਲਗਾਉਣ ਦੀ ਸੇਵਾ, ਗਰਮੀ ਤੋਂ ਬਚਣ ਲਈ ਗੁਰਦਵਾਰੇ ਵਿਚ Air Conditioner ਲਾਉਣ ਦੀ ਸੇਵਾ, ਤਖਤ ਦੇ ਮਾਲਕ ਸ੍ਰੀ ਗੁਰੂ ਗ੍ਰੰਥ ਸਾਹਿਬ ਲਈ ਵਧੀਆ ਤੋਂ ਵਧੀਆਂ ਰੁਮਾਲੇ ਭੇਟ ਕਰਨ ਦੀ ਸੇਵਾ, ਸ੍ਰੀ ਹਜ਼ੂਰ ਤਖਤ ਦੇ ਮਾਲਕ ਸ੍ਰੀ ਗੁਰੂ ਗ੍ਰੰਥ ਸਾਹਿਬ ਅਗੇ ਭਾਂਤ ਭਾਂਤ ਦੇ ਸੁਗੰਧੀ ਦਾਰ ਪੁਸ਼ਪ ਭੇਟ ਕਰਨ ਦੀ ਸੇਵਾ, ਸੰਗਤ ਦੇ ਜੋੜੇ ਝਾੜਨ ਤੇ ਰਖਣ ਦੀ ਸੇਵਾ, ਸੋਹਣੇ ਸੋਹਣੇ ਸੁੰਦਰ ਗੁਰਦੁਆਰੇ ਸੰਗਮਰਮਰ ਤੇ ਸਵਰਨ ਜੜਤ ਉਸਾਰਨ ਦੀ ਸੇਵਾ, ਗੁਰਬਾਣੀ ਤੇ ਹੋਰ ਧਾਰਮਕ ਵਿਦਿਆ ਲਈ ਸਕੂਲ ਕਾਲਜ ਖੋਲ੍ਹਣ ਦੀ ਸੇਵਾ ਤੇ ਹੋਰ ਅਨੇਕ ਪਰਕਾਰ ਦੀਆਂ ਸੇਵਾਵਾਂ। ਇਹਨਾਂ ਦਾ ਕਰਨਾ ਅਵੱਸ਼ ਹੈ। **ਪਰ ਸਰਬ ਸ੍ਰੇਸ਼ਟ ਤੇ ਸਰਬ ਉਤਮ ਸੇਵਾ ਹੋਰ ਹੈ, ਜਿਸ ਤੋਂ ਬਿਨਾਂ ਨਾ ਹਉਮੈ ਟੁਟਦੀ ਹੈ ਤੇ ਨਾ ਹੀ ਨਾਮ ਦੀ ਪ੍ਰਾਪਤੀ ਹੋ ਸਕਦੀ ਹੈ।** ਉਸ ਸੇਵਾ ਦੀ ਵਿਆਖਿਆ (Definition) ਗੁਰਮਤਿ ਦੀ ਹੇਠਲੀ ਤੁਕ ਦਰਸਾਉਂਦੀ ਹੈ।

**ਸਤਗੁਰ ਕਾ ਭਾਣਾ ਮੰਨਿ ਲਈ ਵਿਚਹੁ ਆਪੁ ਗਵਾਇ ॥**
**ਏਹਾ ਸੇਵਾ ਚਾਕਰੀ ਨਾਮੁ ਵਸੈ ਮਨਿ ਆਇ ॥"** **ਪੰਨਾ 34**

**ਭਾਵ ਅਰਥ :-** ਸਤਿਗੁਰੂ ਦਾ ਭਾਣਾ ਭਾਵ ਮਰਜ਼ੀ ਮੰਨਣੀ ਤੇ ਵਿਚਹੁ ਹਉਮੈ ਗਵਾਉਣੀ ਹੀ ਅਸਲ ਸੇਵਾ ਚਾਕਰੀ ਹੈ। ਇਹ ਸੇਵਾ ਚਾਕਰੀ ਕਰਨ ਨਾਲ ਨਾਮ ਮਨ ਵਿਚ ਵਸ ਜਾਂਦਾ ਹੈ।

**"ਸਤਿਗੁਰ ਕੀ ਸੇਵਾ ਚਾਕਰੀ ਜੇ ਚਲਹਿ ਸਤਿਗੁਰ ਭਾਇ ॥"** **ਪੰਨਾ 1246**

**ਭਾਵ ਅਰਥ :-** ਸਤਿਗੁਰੂ ਦੀ ਸੇਵਾ ਚਾਕਰੀ ਕੀ ਹੈ ? ਉੱਤਰ ਵਿਚ ਫੁਰਮਾਉਂਦੇ ਹਨ ਕਿ ਸਤਿਗੁਰੂ ਦੇ ਭਾਣੇ ਅੰਦਰ ਚਲੋ, ਇਹ ਹੀ ਸੇਵਾ ਚਾਕਰੀ ਹੈ।

**ਗੁਰ ਕੀ ਸੇਵਾ ਸਬਦੁ ਵੀਚਾਰੁ ॥ ਹਉਮੈ ਮਾਰੇ ਕਰਣੀ ਸਾਰੁ ॥" ਪੰਨਾ 223**

**ਭਾਵ ਅਰਥ :-** ਗੁਰੂ ਕੀ ਸੇਵਾ ਕੀ ਹੈ ? ਉੱਤਰ ਵਿਚ ਹੁਕਮ ਫੁਰਮਾਉਂਦੇ ਹਨ, ''ਸ਼ਬਦ ਦੀ ਵੀਚਾਰ ਹੈ। ਹਉਮੈ ਨੂੰ ਮਾਰੇ, ਇਹ ਹੀ ਕਰਨੀ ਸ੍ਰੇਸ਼ਟ ਹੈ।''

**"ਗੁਰਿ ਕਹਿਆ ਸਾ ਕਾਰ ਕਮਾਵਹੁ ॥**
**ਸਬਦੁ ਚੀਨ੍ਹਿ ਸਹਜ ਘਰਿ ਆਵਹੁ ॥" ਪੰਨਾ 832**

**ਭਾਵ ਅਰਥ :-** ਗੁਰੂ ਦੀ ਦੱਸੀ ਹੋਈ ਕਾਰ ਕਮਾਵੋ ਤੇ ਸ਼ਬਦ ਨੂੰ ਵੀਚਾਰੋ। ਇੰਜ ਕਰਨ ਨਾਲ ਸਹਜ ਦੇ ਘਰ ਪੁਜ ਜਾਵੋਗੇ।

**"ਗੁਰ ਕੀ ਕਾਰ ਕਮਾਇ ਲਾਹਾ ਘਰਿ ਆਣਿਆ ॥**
**ਗੁਰਬਾਣੀ ਨਿਰਬਾਣੁ ਸਬਦਿ ਪਛਾਣਿਆ ॥" ਪੰਨਾ 752**

**ਭਾਵ ਅਰਥ :-** ਸ੍ਰੀ ਹਜ਼ੂਰ ਉਤਮ ਪੁਰਸ਼ ਦੁਆਰਾ, ਜਗਿਆਸੂ ਵਲੋਂ ਦਸ ਰਹੇ ਹਨ ਕਿ ਗੁਰੂ ਦੀ ਦੱਸੀ ਹੋਈ ਕਾਰ ਕਮਾ ਕੇ, ਮੈਂ ਘਰ ਵਿਚ ਲਾਹਾ ਖੱਟ ਕੇ ਆਇਆ ਹਾਂ ਤੇ ਗੁਰਬਾਣੀ ਦੁਆਰਾ, ਨਿਰਲੇਪ ਬ੍ਰਹਮ ਨੂੰ ਪਛਾਣਿਆ ਹੈ।

**"ਸਤਿਗੁਰ ਬਚਨ ਕਮਾਵਣੇ ਸਚਾ ਏਹੁ ਵੀਚਾਰੁ ॥" ਪੰਨਾ 52**

**ਭਾਵ ਅਰਥ :-** ਸਤਿਗੁਰੂ ਦੇ ਦਰਸਾਏ ਬਚਨ ਕਮਾਵਣੇ ਹੀ ਸੇਵਾ ਹੈ ਤੇ ਏਹੋ ਹੀ ਸੱਚਾ ਵੀਚਾਰ ਹੈ।

**"ਗੁਰ ਕਾ ਬਚਨੁ ਜਪਿ ਮੰਤੁ ॥**
**ਏਹਾ ਭਗਤਿ ਸਾਰ ਤਤੁ ॥" ਪੰਨਾ 895**

**ਭਾਵ ਅਰਥ :-** ਗੁਰੂ ਦਾ ਬਚਨ ਜਪ। ਇਹ ਹੀ ਮੰਤਰ ਹੈ ਤੇ ਏਹੀ ਭਗਤੀ ਦਾ ਸਾਰ ਤੱਤ ਹੈ। ਹੋਰ ਮੰਤਰ ਕੋਈ ਨਹੀਂ।

**"ਏ ਮਨ ਗੁਰ ਕੀ ਸਿਖ ਸੁਣਿ ਹਰਿ ਪਾਵਹਿ ਗੁਣੀ ਨਿਧਾਨੁ ॥**
**ਹਰਿ ਸੁਖਦਾਤਾ ਮਨਿ ਵਸੈ ਹਉਮੈ ਜਾਇ ਗੁਮਾਨੁ ॥" ਪੰਨਾ 511**

**ਭਾਵ ਅਰਥ :-** ਓਇ ਮਨਾ ! ਗੁਰੂ ਦੀ ਸਿਖਿਆ ਸੁਣ। ਇਸ ਨਾਲ ਗੁਣਾਂ ਦਾ ਭੰਡਾਰ ਹਰੀ ਮਿਲੂ ਤੇ, ਗੁਰੂ ਦੀ ਸਿਖਿਆ ਨੂੰ ਜੀਵਨ ਵਿਚ ਘਟਾਉਣ ਨਾਲ, ਹਰੀ ਜੋ ਸੁਖਾਂ ਦਾ ਦਾਤਾ ਹੈ, ਮਨ ਵਿਚ ਵੱਸ ਪਊ ਤੇ ਹਉਮੈ ਦਾ ਗੁਮਾਨ ਵੀ ਚਲਾ ਜਾਊ।

**"ਮਨ ਮੇਰੇ ਸਤਿਗੁਰ ਕੈ ਭਾਣੈ ਚਲੁ ॥**
**ਨਿਜ ਘਰਿ ਵਸਹਿ ਅੰਮ੍ਰਿਤੁ ਪੀਵਹਿ ਤਾ ਸੁਖ ਲਹਹਿ ਮਹਲੁ ॥" ਪੰਨਾ 37**

**ਭਾਵ ਅਰਥ :-** ਹੇ ਮੇਰੇ ਮਨ ! ਸਤਿਗੁਰੂ ਦੇ ਭਾਣੇ ਅੰਦਰ ਚਲ। ਇਸ ਤਰ੍ਹਾਂ ਚਲਣ ਨਾਲ, ਤੇਰਾ ਨਿਜ ਘਰ ਵਿਚ ਵਾਸਾ ਹੋਸੀ ਤੇ ਅੰਮ੍ਰਿਤ ਰੂਪੀ ਨਾਮ ਪੀਵੇਗਾ ਤੇ ਸਦਾ ਸੁਖ ਦਾ ਮਹਲ ਪ੍ਰਾਪਤ ਹੋਊ।

ਉਪਰੋਕਤ ਪ੍ਰਮਾਣ 'ਸੇਵਾ' ਪਦ ਦੀ ਵਿਆਖਿਆ ਕਰਦੇ ਹਨ। ਸੇਵਾ ਕੀ ਹੈ ? ਸਤਿਗੁਰੂ ਸੱਚੇ ਪਾਤਸ਼ਾਹ ਜੀ ਦਾ ਸਮੁੱਚਾ ਭਾਣਾ ਮੰਨਣਾ, ਭਾਵ ਜੀਵਨ ਵਿਚ ਘਟਾਉਣਾ ਸੇਵਾ ਹੈ। ਇਸ ਤਰ੍ਹਾਂ ਦੀ ਸੇਵਾ ਕਰਨ ਨਾਲ ਕੀ ਲਾਭ ਹੁੰਦਾ ਹੈ ? ਜਗਿਆਸੂ ਦੀ ਹਉਮੈ ਦੂਰ ਹੋ ਜਾਂਦੀ ਹੈ ਤੇ ਨਾਮ ਦਾ ਨਿਵਾਸ ਹਿਰਦੇ ਵਿਚ ਹੋ ਜਾਂਦਾ ਹੈ।

ਨਾਮ ਦਾ ਸਿਮਰਨ ਤੇ ਨਾਮ ਦਾ ਨਿਵਾਸ, ਦੋਵੇਂ ਵਖਰੀਆਂ ਅਵਸਥਾ ਹਨ। ਗੁਰਮਤਿ, ਇਹ ਸਿਧਾਂਤ ਦ੍ਰਿੜ੍ਹ ਕਰਾਉਂਦੀ ਹੈ ਕਿ ਜਦ ਤਾਂਈ ਮਨ ਕਰਕੇ, ਬਚਨ ਕਰਕੇ ਤੇ ਕਰਮ ਕਰਕੇ ਨਾਮ ਨਾ ਜਪੀਏ, ਨਾਮ ਕਦੇ ਫਲੀਭੂਤ ਨਹੀਂ ਹੁੰਦਾ। ਜਿਹਾ ਕਿ ਹੇਠਾਂ ਪ੍ਰਮਾਣ ਸਿੱਧ ਕਰਦਾ ਹੈ :-

**"ਮਨ ਬਚ ਕ੍ਰਮ ਪ੍ਰਭੁ ਏਕੁ ਧਿਆਏ ॥**
**ਸਰਬ ਫਲਾ ਸੋਈ ਜਨੁ ਪਾਏ ॥"** **ਪੰਨਾ 760**

**ਭਾਵ ਅਰਥ :-** ਮਨ ਨਾਲ, ਰਸਨਾ ਨਾਲ, ਕਰਮਾਂ ਨਾਲ, ਉਸ ਇਕ ਪ੍ਰਭੂ ਨੂੰ ਧਿਆਏ ਤਾਂ ਸਾਰੇ ਫਲ, ਵਿਹਾਰਕ, ਪਰਮਾਰਥਕ, ਭਾਈਚਾਰਕ, ਰਾਜਨੀਤਕ, ਵਿਦਿਅਕ ਤੇ ਹੋਰ ਅਨੇਕ ਵੰਡਾਂ ਵਿਚ ਆਣ ਵਾਲੇ, ਉਸ ਨਾਮ ਸਿਮਰਨ ਵਾਲੇ ਨੂੰ ਪ੍ਰਾਪਤ ਹੁੰਦੇ ਹਨ। ਇਹ ਗਾਰੰਟੀ ਗੁਰਮਤ ਦੇ ਰਹੀ ਹੈ। ਨਾਮ ਸਿਮਰਨ ਲਈ ਤਿੰਨ ਅੰਗਾਂ ਉਤੇ ਪਹਿਰਾ ਦੇਣਾ ਤੇ ਅਭਿਆਸ ਕਰਨਾ, ਸਿਧੀ ਲਈ ਜ਼ਰੂਰੀ ਹੈ। ਪਹਿਲਾ ਅੰਗ ਰਸਨਾ ਨਾਲ ਸਿਮਰਨ ਕਰਨਾ। ਦੂਜਾ ਅੰਗ ਮਨ ਨਾਲ ਭਾਵ ਸੁਰਤ ਨਾਲ ਸਿਮਰਨ ਵਿਚ ਰਹਿਣਾ ਤੇ ਰਸਨਾ ਦੇ ਨਾਲ ਨਾਲ ਮਨ ਨੂੰ ਟੋਰਨਾ। ਤੀਜਾ ਅੰਗ ਕਰਮਾਂ ਨਾਲ ਸਿਮਰਨ ਕਰਨਾ। ਜੋ ਕਰਮ ਗੁਰਮਤ ਮੰਡਨ ਕਰਦੀ ਹੈ, ਉਨ੍ਹਾਂ ਨੂੰ ਜੀਵਨ ਵਿਚ ਲਿਆਣਾ, ਘਟਾਣਾ ਤੇ ਜਿਹੜੇ ਕਰਮ ਛਡਣ ਨੂੰ ਕਹਿੰਦੀ ਹੈ ਭਾਵ ਖੰਡਨ ਕਰਦੀ ਹੈ, ਉਨ੍ਹਾਂ ਨੂੰ ਤਿਆਗਣਾ। ਜੇ ਇਨ੍ਹਾਂ ਤਿੰਨਾਂ ਪਹਿਲੂਆਂ ਵਿਚੋਂ, ਇਕ ਅੰਗ ਨੂੰ ਛਡ ਦਿੱਤਾ ਜਾਏ ਤਾਂ ਸਫਲਤਾ ਕਦੇ ਨਾ ਹੋਊ। ਜੇ ਅਭਿਆਸੀ ਕੇਵਲ ਦੋ ਅੰਗਾਂ ਤੇ ਪੂਰਾ ਪਹਿਰਾ ਦੇ ਕਰ ਅਭਿਆਸ ਕਰਦਾ ਹੈ ਤੇ ਤੀਜਾ ਅੰਗ, ਕਰਮਾਂ ਨੂੰ, ਨਜ਼ਰੋਂ ਉਹਲੇ ਰਖਦਾ ਹੈ, ਤਦ ਵੀ ਸਿਧੀ ਨਹੀਂ ਹੋ ਸਕਦੀ। ਆਚਾਰ (Action) ਨੂੰ ਜਦ ਤਾਈਂ, ਗੁਰਮਤਿ ਅਨੁਸਾਰ ਨਹੀਂ ਢਾਲੇਗਾ, ਨਾਮ ਦੀ ਪ੍ਰਾਪਤੀ ਦੁਰਲੱਭ ਹੈ।

ਇਥੇ ਇਕ ਘਟਨਾ ਦਾ ਉਲੇਖ ਕਰਨਾ ਜ਼ਰੂਰੀ ਭਾਸਦਾ ਹੈ। ਲੇਖਕ ਨੂੰ ਇਕੇਰਾਂ, ਇਕ ਗੁਰੂ ਘਰ ਦੇ ਗੁਣੀਵਾਨ ਰਾਗੀ ਕੀਰਤਨੀਏ ਨਾਲ, ਨਾਮ ਸਿਮਰਨ ਸੰਬਧੀ, ਗਲਬਾਤ ਕਰਨ ਦਾ ਅਵਸਰ ਮਿਲਿਆ। ਗੁਰੂ ਘਰ ਦੇ ਕੀਰਤਨੀਏ, ਰਾਗ ਵਿਦਿਆ ਵਿਚ ਪ੍ਰਬੀਨ ਸਨ ਤੇ ਵਖਿਆਣ ਕਰਨ ਵਿਚ ਵੀ ਨਿਪੁੰਨ ਜਾਪਦੇ ਹਨ। ਗਲਬਾਤ ਇੰਜ ਸ਼ੁਰੂ ਹੋਈ :-

ਸ੍ਰੀ ਰਾਗੀ ਜੀ-''ਡਾਕਟਰ ਜੀ, ਆਪ ਜੋ ਆਖਦੇ ਹੋ ਕਿ ਨਾਮ ਸਿਮਰਨ ਨਾਲ ਸਾਰੇ ਫਲ ਪ੍ਰਾਪਤ ਹੁੰਦੇ ਹਨ-ਧਰਮ, ਅਰਥ, ਕਾਮ ਤੇ ਮੋਖਸ਼-ਦਾਸ ਇਸ ਨਾਲ ਸਹਿਮਤ ਨਹੀਂ। ਮੇਰਾ ਅਨੁਭਵ ਵਿਲੱਖਣ ਹੈ।''

ਲੇਖਕ-''ਸਤਿਕਾਰ ਯੋਗ ਜੀਓ ! ਮੈ ਨਹੀਂ ਆਖਦਾ ਕਿ ਹਰ ਪਰਕਾਰ ਦੇ ਫਲ ਨਾਮ ਸਿਮਰਨ ਨਾਲ ਲਭਦੇ ਹਨ। ਇਹ ਗੱਲ ਤਾਂ ਗੁਰਮਤਿ ਗਾਰੰਟੀ ਨਾਲ ਆਖ ਰਹੀ ਹੈ, ਜਿਹਾ ਕਿ ਇਹ ਤੁਕ ਦਰਸਾ ਰਹੀ ਹੈ :-

**"ਮਨ ਮੇਰੇ ਕਰਤੇ ਨੋ ਸਾਲਾਹਿ ॥**
**ਸਭੇ ਛਡਿ ਸਿਆਣਪਾ ਗੁਰ ਕੀ ਪੈਰੀ ਪਾਹਿ ॥**
**ਦੁਖ ਭੁਖ ਨਹ ਵਿਆਪਈ ਜੇ ਸੁਖਦਾਤਾ ਮਨਿ ਹੋਇ ॥**
**ਕਿਤ ਹੀ ਕੰਮਿ ਨ ਛਿਜੀਐ ਜਾ ਹਿਰਦੈ ਸਚਾ ਸੋਇ ॥"** **ਪੰਨਾ 43**

**ਭਾਵ ਅਰਥ :–** ਹੇ ਮੇਰੇ ਮਨ ! ਉਸ ਸਿਰਜਨਹਾਰ ਦੀ ਸਿਫਤ ਸਲਾਹ ਕਰ। ਹੋਰ ਸਾਰੀਆਂ ਸਿਆਣਪਾਂ ਛਡ ਦੇ ਤੇ ਗੁਰੂ ਦੇ ਪੈਰੀ ਪੈ ਜਾ। ਇੰਜ ਕਰਨ ਨਾਲ ਕੀ ਲਭੇਗਾ ? ਉੱਤਰ ਵਿੱਚ ਫੁਰਮਾਉਂਦੇ ਹਨ, ਹਰ ਇਕ ਦੁਖ, ਹਰ ਪ੍ਰਕਾਰ ਦੀ ਭੁਖ, ਜਿਹੜੀ ਹਰ ਇਕ ਨੂੰ ਦੁਖੀ ਕਰ ਰਹੀ ਹੈ, ਨਹੀਂ ਵਿਆਪੇਗੀ। ਹੋਰ ਦੁਨੀਆਂ ਦੇ ਕਿਸੇ ਕੰਮ ਵਿਚ ਤੈਨੂੰ, ਕਦੀ ਵਿਘਨ ਨਹੀਂ ਪਏਗਾ ਤੇ ਨਾ ਹੀ ਅਸਫਲਤਾਵਾਂ ਦਾ ਮੂੰਹ ਵੇਖਣਾ ਪੈਸੀ। ਪਰ ਸ੍ਰੀ ਗੁਰੂ ਅਰਜਨ ਦੇਵ ਪਾਤਸ਼ਾਹ ਫੁਰਮਾਉਂਦੇ ਹਨ ਕਿ ਇਹ ਫਲ ਤਦ ਤੈਨੂੰ ਮਿਲੇਗਾ, ਜੇ ਤੂੰ ਉਸ ਸਚੇ ਸੁਖਦਾਤੇ ਨੂੰ ਹਿਰਦੇ ਵਿਚ ਸਦਾ ਰਖੇਂ।

**"ਹਰਿ ਕੀ ਭਗਤਿ ਕਰਹੁ ਮਨੁ ਲਾਇ ॥**
**ਮਨਿ ਬੰਛਤ ਨਾਨਕ ਫਲ ਪਾਇ ॥"** ਪੰਨਾ 288

**ਭਾਵ ਅਰਥ :–** ਕੋਈ ਵੀ ਭਾਵੇਂ ਕਿਸੇ ਦੇਸ਼, ਕਿਸੇ ਜਾਤੀ, ਕਿਸੇ ਨਸਲ ਦਾ ਹੋਵੇ– ਜੇ ਹਰੀ ਦੀ ਭਗਤੀ ਮਨ ਲਾ ਕੇ ਕਰੇ ਤਾਂ ਉਸ ਨੂੰ ਮਨ ਕਲਪਤ ਫਲ ਪ੍ਰਾਪਤ ਹੋਵੇਗਾ। ਹੇ ਨਾਨਕ ! ਇਸ ਗੱਲ ਨੂੰ ਸਦਾ ਚੇਤੇ ਰਖੋ। ਮਨ ਲਾ ਕੇ ਭਗਤੀ ਕਰਨ ਵਿਚ, ਬਚਨ, ਕਰਮ ਤੇ ਮਨ ਆ ਜਾਂਦੇ ਹਨ। ਲੇਖਕ ਨੇ ਫਿਰ ਬੇਨਤੀ ਵੀ ਕੀਤੀ ਕਿ ਕਸਰ ਜਗਿਆਸੂ ਵਿਚ ਹੀ ਰਹਿ ਜਾਂਦੀ ਹੈ। ਕੋਈ ਨਾ ਕੋਈ, ਨਾਮ ਸਿਮਰਨ ਦੀ ਬਿਧੀ ਦਾ ਦਰਸਾਇਆ ਹੋਇਆ ਪਖ, ਰਹਿ ਜਾਂਦਾ ਹੈ, ਤੇ ਨਿਰਾਸਤਾ ਹੁੰਦੀ ਹੈ। ਮੇਰੀ ਇਹ ਗੱਲ ਸੁਣ ਕੇ ਉਹ ਬੋਲੇ :–

ਰਾਗੀ ਜੀ– ''ਨਹੀਂ ਜੀ। ਮੈਂ ਆਪ ਨੂੰ ਆਪਣਾ ਨਿਜੀ ਅਨੁਭਵ ਦਸਦਾ ਹਾਂ। ਜਪੁਜੀ ਸਾਹਿਬ ਜੀ ਦੀ ਪੰਜਵੀ ਪਉੜੀ ਵਿਚ, ਸ੍ਰੀ ਗੁਰੂ ਨਾਨਕ ਦੇਵ ਜੀ ਫੁਰਮਾਉਂਦੇ ਹਨ :–

**"ਥਾਪਿਆ ਨ ਜਾਇ ਕੀਤਾ ਨ ਹੋਇ ॥**
**ਆਪੇ ਆਪਿ ਨਿਰੰਜਨੁ ਸੋਇ ॥**
**ਜਿਨਿ ਸੇਵਿਆ ਤਿਨਿ ਪਾਇਆ ਮਾਨੁ ॥**
**ਨਾਨਕ ਗਾਵੀਐ ਗੁਣੀ ਨਿਧਾਨੁ ॥**
**ਗਾਵੀਐ ਸੁਣੀਐ ਮਨਿ ਰਖੀਐ ਭਾਉ ॥**
**ਦੁਖੁ ਪਰਹਰਿ ਸੁਖੁ ਘਰਿ ਲੈ ਜਾਇ ॥"** ਪੰਨਾ 2

ਇਸ ਵਿਚ ਇਹ ਗੱਲ ਸਪਸ਼ਟ ਫੁਰਮਾ ਰਹੇ ਹਨ ਕਿ ਜੋ ਹਸਤੀ, ਮੂਰਤੀ ਵਾਂਗ, ਥਾਪੀ ਨਹੀਂ ਜਾ ਸਕਦੀ ਤੇ ਨਾ ਕੀਤੀ ਜਾ ਸਕਦੀ ਹੈ। ਜੋ ਹਸਤੀ ਆਪਣੇ ਆਪ ਤੋਂ ਹੈ ਤੇ ਮਾਇਆ ਰਹਿਤ ਹੈ, ਐਸੀ ਹਸਤੀ ਨੂੰ, ਜਿਸ ਨੇ ਸੇਵਿਆ ਹੈ, ਉਸ ਨੂੰ ਸਨਮਾਨ ਮਿਲਿਆ ਹੈ। ਤਾਂ ਤੇ ਹੇ ਨਾਨਕ ! ਐਸੀ ਹਸਤੀ, ਜੋ ਗੁਣਾਂ ਦਾ ਭੰਡਾਰ ਹੈ, ਨੂੰ ਗਾਵੀਏ ਤੇ ਸੁਣੀਏ। ਮੇਰੀ ਆਯੂ ਇਸ ਵੇਲੇ ਸੱਠ ਵਰ੍ਹੇ ਦੇ ਲਗਭਗ ਹੈ। ਮੈ ਸਾਰੀ ਉਮਰ ਉਸ ਨੂੰ ਗਾਉਂਦੇ ਬਤੀਤ ਕਰ ਦਿਤੀ ਹੈ ਤੇ ਸੁਣਨ ਦਾ ਸ਼ੌਕ ਹੋਣ ਕਰਕੇ, ਸੁਣਦਾ ਵੀ ਹਾਂ। ਮੇਰੀ ਉਪਜੀਵਿਕਾ ਦਾ ਸਾਧਨ ਹੀ ਗਾਉਣਾ ਹੈ। ਪਰ ਡਾਕਟਰ ਜੀ ! ਭਾਵੇਂ ਤੁਸੀ ਕੁਝ ਪਏ ਆਖੋ, ਮੈਨੂੰ ਉਹ ਅਵਸਥਾ ਪ੍ਰਾਪਤ ਨਹੀਂ ਹੋਈ ਜਿਹੜੀ ਕਿ ਇਸ ਦੇ ਕਰਨ ਦੇ ਨਾਲ ਲਭਣੀ ਸੀ। **''ਦੁਖ ਪਰਹਰਿ ਸੁਖੁ ਘਰਿ ਲੈ ਜਾਇ।''** ਮੇਰੇ ਮਨ ਦਾ ਕਲੇਸ਼ ਦੂਰ ਨਹੀਂ ਹੋਇਆ ਤੇ ਨਾ ਹੀ ਸਦਾ ਦਾ ਸੁਖ ਹਿਰਦੇ ਵਿਚ ਆਇਆ ਹੈ। ਮੈਂ ਆਪ ਨੂੰ ਇਹ ਸਚ ਆਖ ਰਿਹਾ ਹਾਂ। ਮੈਨੂੰ ਕਦੀ ਕਦੀ ਕਿੰਤੂ ਫੁਰਦਾ ਹੈ ਕਿ ਇਹ ਗੱਲ ਸੰਭਵ ਵੀ ਹੈ ਜਾਂ ਐਵੇ ਲਿਖ ਦਿੱਤੀ ਹੈ।''

ਲੇਖਕ– ''ਵੀਰ ਜੀਓ ! ਦਾਸ ਆਪ ਦੀ ਦਿਆਨਤਦਾਰੀ ਦੀ ਕਦਰ ਕਰਦਾ ਹੈ। ਆਪ ਦੀ ਸੱਚੀ ਗਲ ਆਖਣ ਦੇ ਸਾਹਸ ਦੀ ਸ਼ਲਾਘਾ ਕਰਦਾ ਹੈ। ਪਰ ਇਸ ਵਿਚ ਆਪਦੀ, ਆਪਣੀ ਹੀ ਭੁੱਲ

ਹੈ। ਜੇ ਆਪ ਜੀ ਇਸ ਪਉੜੀ ਦੇ ਸਾਰੇ ਪੱਖ ਜੀਵਨ ਵਿਚ ਘਟਾਉਂਦੇ ਤਾਂ ਤੁਹਾਡਾ ਦੁਖ, ਅਵਸ਼ ਦੂਰ ਹੋ ਜਾਂਦਾ ਤੇ ਮਨ ਸੁਖੀ ਹੋ ਜਾਂਦਾ।'' ਮੇਰੀ ਇਹ ਗੱਲ ਸੁਣ ਕਰ, ਉਹ ਅਸਚਰਜ ਹੋ ਕਰ ਬੋਲੇ :

ਰਾਗੀ ਜੀ : ''ਉਹ ਕਿਹੜਾ ਪੱਖ ਹੈ, ਜਿਸ ਨੂੰ ਮੈਂ ਜੀਵਨ ਵਿਚ ਨਹੀਂ ਲਿਆਇਆ ?''

ਲੇਖਕ : ''ਸ੍ਰੀ ਮਾਨ ਜੀ ! ਆਪ ਜੀ ਨੇ ਬੇਸ਼ਕ ਗੁਰਬਾਣੀ ਦਾ ਕੀਰਤਨ, ਮਨ ਜੋੜ ਕੇ, ਕੀਤਾ ਹੋਊ। ਨਿਰਸੰਦੇਹ ਗੁਰਬਾਣੀ ਦਾ ਕੀਰਤਨ ਹੋਰਾਂ ਤੋਂ, ਚਿਤ ਲਾ ਕੇ, ਸੁਣਿਆ ਹੋਸੀ। ਪਰ ਇਸ ਦੇ ਨਾਲ ਜਿਹੜਾ ਤੀਜਾ ਅੰਗ ਹੈ, ਉਹ ਤੁਸਾਂ ਜੀਵਨ ਵਿਚ ਨਹੀਂ ਘਟਾਇਆ। ਉਹ ਹੈ ਮਨ ਵਿਚ ਜਿਸਨੂੰ ਗਾਉਂਦੇ ਹੋ, ਸੁਣਦੇ ਹੋ, ਉਸ ਨਾਲ ਪਿਆਰ ਕਰਨਾ। **''ਗਾਵੀਐ ਸੁਣੀਐ ਮਨਿ ਰਖੀਐ ਭਾਉ''**, ਉਸ ਹੋਂਦ ਦੇ ਗੁਣਵਾਦ ਗਾਣੇ ਹਨ ਤੇ ਸੁਣਨੇ ਹਨ, ਪਰ ਨਾਲ ਹੀ ਉਸ ਹੋਂਦ ਨਾਲ ਮਨ ਵਿਚ ਪਿਆਰ ਕਰਨਾ ਹੈ। ਕੀ ਕਦੀ ਆਪ ਜੀ ਨੇ, ਜਿਸ ਨੂੰ ਗਾਇਆ ਤੇ ਸੁਣਿਆ ਹੈ, ਉਸ ਨਾਲ ਪਿਆਰ ਕੀਤਾ ਜੇ ?''

ਉਤਲੀ ਗੱਲ ਸੁਣ ਕਰ, ਉਹ ਸੱਜਣ ਜੀ ਦੇ ਅਥਰੂ ਆ ਗਏ ਤੇ ਆਪ ਮੁਹਾਰੇ ਇਹ ਸ਼ਬਦ ਮੂੰਹ ਵਿਚੋਂ ਨਿਕਲੇ, ''ਸਾਰੀ ਉਮਰ ਐਵੇਂ ਹੀ ਗਈ।''

ਲੇਖਕ ਨੇ ਧੀਰਜ ਬੰਧਾਇਆ ਤੇ ਬੇਨਤੀ ਕੀਤੀ ਕਿ ਹੁਣ ਵੀ ਕੁਝ ਨਹੀਂ ਵਿਗੜਿਆ। ਇਸੀ ਸਮੇਂ ਤੋਂ ਇਸ ਅੰਗ ਦਾ ਅਭਿਆਸ ਵੀ ਸ਼ੁਰੂ ਕਰ ਦੇਵੋ। ਫਿਰ ਵੇਖਣਾ ਕਿ ਮਹਾਰਾਜ ਜੀ ਨੇ ਐਵੇਂ ਗੱਲ ਲਿਖੀ ਹੈ ਕਿ ਸਹੀ ਹੈ ?''

ਗੁਰਮੁਖਿ ਕੀਰਤਨੀਏ ਜੀ ਨੇ ਇਸ ਅੰਗ ਤੇ ਪਹਿਰਾ ਦਿਤਾ ਤੇ ਕੁਝ ਸਮੇਂ ਮਗਰੋਂ ਲੇਖਕ ਨੂੰ ਪਤ੍ਰਕਾ ਲਿਖੀ ਕਿ ''ਹੁਣ ਉਨ੍ਹਾਂ ਦਾ ਮਨ ਅਗੇ ਨਾਲੋਂ ਸੁਖੀ ਭਾਸਦਾ ਹੈ ਤੇ ਗੁਰੂ ਸਾਹਿਬ ਜੀ ਦੀ ਬਾਣੀ ਯਥਾਰਥ ਹੈ। ਭੁਲੇਖਾ ਮੇਰਾ ਹੀ ਸੀ, ਮੈਂ ਹੀ ਇਸ ਪਖ ਵਲ ਕਦੀ ਧਿਆਨ ਹੀ ਨਹੀਂ ਦਿਤਾ। ਆਸ ਹੈ ਛੇਤੀ ਹੀ ਸਮੁਚਾ ਦੁਖ ਦੂਰ ਹੋ ਜਾਊ ਤੇ ਸਦਾ ਦਾ ਸੁਖ ਮਿਲ ਪਊ।'' ਇਸ ਘਟਨਾ ਤੋਂ ਕੀ ਸਿਖਿਆ ਲੈਣੀ ਹੈ ਕਿ ਜਦ ਤਾਂਈ ਗੁਰਮਤਿ ਵਿਚ ਦਰਸਾਈ ਵਿਧੀ ਦੇ ਪੂਰੇ ਪੱਖਾਂ ਤੇ ਅਭਿਆਸ ਕਮਾਈ ਨਾ ਕਰੀਏ, ਸਿਧੀ ਨਹੀਂ ਹੁੰਦੀ। ਹਰ ਇਕ ਪਹਿਲੂ ਤੇ ਉਨੀ ਸ਼ਕਤੀ ਹੀ ਨਾਮ ਅਭਿਆਸ ਕਮਾਈ ਸਮੇਂ ਲਾਉਣੀ ਚਾਹੀਦੀ ਹੈ, ਜਿੰਨੀ ਕਿ ਜੀਭ ਨਾਲ ਨਾਮ ਸਿਮਰਨ ਤੇ ਲਾਉਂਦੇ ਹਾਂ। ਪਹਿਲੂ (Aspect) ਪਖ, ਅੰਗ ਤੇ ਸਾਧਨ ਇਕੋ ਅਰਥ ਰਖਣ ਵਾਲੇ ਪਦ ਹਨ। ਹੁਣ ਆਪਾਂ, ਉਨ੍ਹਾ ਪੱਖਾਂ ਨੂੰ ਵੀਚਾਰਨਾ ਹੈ, ਜੋ ਨਾਮ ਅਭਿਆਸ ਕਮਾਈ ਵੇਲੇ, ਸਾਹਮਣੇ ਰਖਣੇ ਹਨ। ਗੁਰਬਾਣੀ ਵਿਚੋਂ ਉਹ ਪਰਮਾਣ ਹੇਠਾਂ ਅੰਕਤ ਹਨ, ਜਿਨ੍ਹਾਂ ਵਿਚ ਪਦ 'ਵਿਧੀ' ਦਾ ਪਰਯੋਗ ਕੀਤਾ ਹੈ। ਨਾਲ ਨਾਲ ਹੀ ਸੁਝਾਵ ਦਿਤੇ ਹਨ ਕਿ ਇਨ੍ਹਾਂ ਵਿਧੀਆਂ ਦੁਆਰਾ ਸਿਮਰਨ ਕਰੋ।

"ਗੁਰ ਕੇ ਚਰਨ ਕਮਲ ਨਮਸਕਾਰਿ ॥
ਕਾਮੁ ਕ੍ਰੋਧੁ ਇਸੁ ਤਨ ਤੇ ਮਾਰਿ ॥
ਹੋਇ ਰਹੀਐ ਸਗਲ ਕੀ ਰੀਨਾ ॥
ਘਟਿ ਘਟਿ ਰਮਈਆ ਸਭ ਮਹਿ ਚੀਨਾ ॥
ਇਨ ਬਿਧਿ ਰਮਹੁ ਗੋਪਾਲ ਗੋੁਬਿੰਦੁ ॥
ਤਨੁ ਧਨੁ ਪ੍ਰਭ ਕਾ ਪ੍ਰਭ ਕੀ ਜਿੰਦੁ ॥" ਪੰਨਾ 866

**ਭਾਵ ਅਰਥ :–** 'ਚਰਨ' ਪਦ ਦਾ ਅਰਥ ਇਥੇ ਸ਼ਬਦ ਹੈ। ਜਿਹਾ ਕਿ ਇਹ ਪ੍ਰਮਾਣ ਸਪੱਸ਼ਟ ਕਰਦਾ ਹੈ। **''ਹਿਰਦੇ ਚਰਣ ਸ਼ਬਦ ਸਤਿਗੁਰੂ ਕੋ ਨਾਨਕ ਬਾਂਧਿਓ ਪਾਲਿ।। ਧਨਾਸਰੀ ਮ: 5 ਪੰਨਾ 680''** ਅਰਥ ਹਨ, ਹਿਰਦੇ ਵਿਚ ਚਰਣ, ਗੁਰੂ ਦਾ ਸ਼ਬਦ ਹੀ ਹੈ। ਨਾਨਕ ਨੇ ਇਹ ਗਲ ਪਲੇ ਬੰਨ

ਲਈ ਹੈ ਕਿ ਹਿਰਦੇ ਵਿਚ ਚਰਨਾ ਦਾ ਧਿਆਉਣਾ ਗੁਰੂ ਦਾ ਸ਼ਬਦ ਹੈ। ਹਾਡ, ਮਾਸ ਤੇ ਨਾੜੀ ਦੇ ਪਿੰਜਰ ਵਾਲੇ ਚਰਨ ਨਹੀਂ। ਤਾਂ ਤੇ ਉਤਲੀਆਂ ਤੁਕਾਂ ਦਾ ਅਰਥ ਹੋਇਆ ਕਿ ਗੁਰੂ ਦੇ ਸ਼ਬਦ ਨੂੰ ਨਮਸਕਾਰ ਕਰ। ਨਾਲ ਹੀ ਕਾਮ, ਕ੍ਰੋਧ ਨੂੰ, ਇਸ ਦੇਹੀ ਤੋਂ ਮਾਰ ਕੱਢ। ਹੋਰ ਸਾਰਿਆਂ ਵਿਚ ਬ੍ਰਹਮ ਨੂੰ ਵੇਖ ਤੇ ਅਭਿਮਾਨ ਤਿਆਗ ਕੇ ਉਨ੍ਹਾਂ ਦੀ ਰੇਣ ਹੋ ਜਾ। ਤਨ, ਧਨ ਤੇ ਜਿੰਦ ਨੂੰ ਪ੍ਰਭੂ ਨੂੰ ਅਰਪਨ ਕਰ। ਇਸ ਵਿਧੀ ਦ੍ਵਾਰਾ ਸ੍ਰਿਸ਼ਟੀ ਦੇ ਰਚਨਹਾਰ ਤੇ ਪਾਲਣਹਾਰ ਨੂੰ ਜਪੋ।

**"ਰੇ ਨਰ ਇਨ ਬਿਧਿ ਪਾਰਿ ਪਰਾਇ ॥**

**ਧਿਆਇ ਹਰਿ ਜੀਉ ਹੋਇ ਮਿਰਤਕੁ ਤਿਆਗਿ ਦੂਜਾ ਭਾਉ ॥"** ਪੰਨਾ 1002

**ਭਾਵ ਅਰਥ :-** ਹੇ ਮਾਨੁਖ ! ਇਸ ਵਿਧੀ ਦ੍ਵਾਰਾ, ਸੰਸਾਰ ਸਮੁੰਦ੍ਰ ਤੋਂ ਪਾਰ ਪਏਗਾ। ਹਰੀ ਨੂੰ ਧਿਆਨ 'ਚ ਪੱਕਾ ਕਰ ਤੇ ਉਸ ਨੂੰ ਸਰਬ ਵਿਆਪਕ ਜਾਣ ਕਰ ਸਾਰਿਆਂ ਦੀ ਖਾਕ ਹੋ ਜਾ ਤੇ ਦਵੈਸ਼ ਭਾਉ ਨੂੰ ਤਿਆਗ ਦੇ।

**"ਭਾਂਡਾ ਧੋਇ ਬੈਸਿ ਧੂਪੁ ਦੇਵਹੁ**

**ਤਉ ਦੂਧੈ ਕਉ ਜਾਵਹੁ ॥**

**ਦੂਧੁ ਕਰਮ ਫੁਨਿ ਸੁਰਤਿ ਸਮਾਇਣੁ**

**ਹੋਇ ਨਿਰਾਸ ਜਮਾਵਹੁ ॥**

**ਜਪਹੁ ਤ ਏਕੋ ਨਾਮਾ ॥**

**ਅਵਰਿ ਨਿਰਾਫਲ ਕਾਮਾ ॥ ॥ ਰਹਾਉ ॥**

**ਇਹੁ ਮਨੁ ਈਟੀ ਹਾਥਿ ਕਰਹੁ**

**ਫੁਨਿ ਨੇਤ੍ਰਉ ਨੀਦ ਨ ਆਵੈ ॥**

**ਰਸਨਾ ਨਾਮੁ ਜਪਹੁ ਤਬ ਮਥੀਐ**

**ਇਨ ਬਿਧਿ ਅੰਮ੍ਰਿਤੁ ਪਾਵਹੁ ॥**

**ਮਨੁ ਸੰਪਟੁ ਜਿਤੁ ਸਤ ਸਰਿ ਨਾਵਣੁ**

**ਭਾਵਨ ਪਾਤੀ ਤ੍ਰਿਪਤਿ ਕਰੇ ॥**

**ਪੂਜਾ ਪ੍ਰਾਣ ਸੇਵਕੁ ਜੇ ਸੇਵੇ**

**ਇਨ੍ਹ ਬਿਧਿ ਸਾਹਿਬੁ ਰਵਤੁ ਰਹੈ ॥"** ਪੰਨਾ 728

**ਭਾਵ ਅਰਥ :-** ਰਹਾਉ ਦੀ ਤੁਕ ਤੋਂ ਅਰਥ ਹੁੰਦਾ ਹੈ, ਕਿ ਕੇਵਲ ਇਕ ਨਿਰੰਕਾਰ ਦਾ ਨਾਮ ਜਪ। ਹੋਰ ਸਾਰੇ ਕੰਮ, ਭਾਵ ਕਰਮ ਕਾਂਡ ਨਿਸਫਲ ਹਨ। ਕਿਵੇਂ ਜਪੇ ? ਇਸ ਦੀ ਵਿੱਧੀ ਦਸਦੇ ਹਨ ਜਿਵੇਂ ਕਿ ਦੁਧ ਵਾਲੇ ਭਾਂਡੇ ਨੂੰ ਪਹਿਲਾਂ ਪਾਣੀ ਨਾਲ ਸਾਫ ਕਰੀਦਾ ਹੈ ਤੇ ਫਿਰ ਉਸ ਨੂੰ ਧੁਪ ਵਿਚ ਰਖੀਦਾ ਹੈ। ਜੇ ਧੁਪ ਨਾ ਹੋਵੇ ਤਾਂ ਉਸ ਨੂੰ ਅਗਨੀ ਉੱਤੇ ਧੂਪ ਪਾ ਕਰ ਰਖੀਦਾ ਹੈ ਤਾਂ ਜੋ ਨਿੱਕੇ ਜਰਾਸੀਮ ਹੋਣ, ਉਹ ਮਰ ਜਾਣ ਤੇ ਦੁਧ ਫਟੇ ਨਾ। ਗੰਦੇ ਭਾਂਡੇ ਵਿਚ ਦੁਧ ਪਾਈਏ ਤਾਂ ਫਟ ਜਾਂਦਾ ਹੈ। ਇਸ ਤੋਂ ਬਚਣ ਲਈ ਬੀਬੀਆਂ ਉਸ ਭਾਂਡੇ ਨੂੰ ਧੁੱਪ ਜਾਂ ਧੂਪ ਵਿਚ ਰਖਦੀਆਂ ਹਨ। ਇਸ ਦ੍ਰਿਸ਼ਟਾਂਤ ਅਨੁਸਾਰ ਜਗਿਆਸੂ ਨੂੰ ਵੀ ਪਹਿਲਾਂ ਮਨ ਰੂਪੀ ਭਾਂਡਾ ਸ੍ਵਛ ਕਰਨਾ ਚਾਹੀਦਾ ਹੈ, ਤਾਂ ਫਿਰ ਅੰਦਰ ਨਾਮ ਟਿਕਦਾ ਹੈ। ਮਨ ਸਾਫ ਕਰਨ ਲਈ ਇਹ ਕਰੋ ਕਿ ਦੁਧ ਵਰਗੇ ਚਿਟੇ ਕਰਮ ਕਰੋ ਤੇ ਜਾਗ ਸੁਰਤ ਦਾ ਲਗਾਉ। ਕਾਹਲੀ ਨਾ ਕਰੋ ਕਿ ਦੁਧ ਛੇਤੀ ਜੰਮ ਜਾਏ। ਇੰਜ ਕਰਨ ਨਾਲ ਆਪਨੀ ਮਰਜ਼ੀ ਪਰਧਾਨ ਹੋ ਜਾਂਦੀ ਹੈ, ਜਿਹੜੀ ਕਿ ਹਉਮੈ ਦੀ ਮੈਲ ਹੋਰ ਲਾਉਂਦੀ ਹੈ। ਤਾਂ ਤੇ ਨਿਰਾਸ ਹੋ ਕਰ ਭਾਵ ਆਸ਼ਾ ਤੋਂ

ਰਹਿਤ ਹੋ ਕਰ ਦੁੱਧ ਨੂੰ ਜੰਮਣ ਦਿਉ। ਜਦ ਦੁੱਧ ਜੰਮ ਜਾਏ ਤਾਂ ਫਿਰ ਉਸ ਨੂੰ ਰਿੜਕਨ ਦੀ ਜੁਗਤੀ ਦੱਸਦੇ ਹਨ ਕਿ ਇੰਜ ਰਿੜਕੋ। ਦੁੱਧ ਰਿੜਕਣ ਲਈ ਮਧਾਣੀ ਨੂੰ ਰੱਸੀ ਨਾਲ ਫੇਰਿਆ ਜਾਂਦਾ ਹੈ ਤੇ ਰੱਸੀ ਦੇ ਦੁਵੱਲੀ ਦੋ ਛੋਟੇ ਲਕੜ ਦੇ ਟੋਟੇ ਹੁੰਦੇ ਹਨ, ਜਿਸ ਨਾਲ ਕਿ ਰੱਸੀ ਨੂੰ ਬੰਨ੍ਹਿਆਂ ਹੁੰਦਾ ਹੈ ਤੇ ਇਹਨਾਂ ਲਕੜਾਂ ਦੀਆਂ ਗੱਟੀਆਂ ਨੂੰ ਈਟੀ ਕਹੀਦਾ ਹੈ। ਇਨ੍ਹਾਂ ਲੱਕੜ ਦੀਆਂ ਗੱਟੀਆਂ ਨੂੰ ਹੱਥ ਵਿਚ ਫੜ ਕੇ, ਬੀਬੀਆਂ ਦੁੱਧ ਰਿੜਕਦੀਆਂ ਹਨ। ਨਾਮ ਅਭਿਲਾਸ਼ੀ ਵੀ, ਮਨ ਨੂੰ ਈਟੀ ਬਣਾ ਕਰ ਅਪਨੇ ਹਥ ਵਿਚ ਫੜੇ ਤੇ ਨੇਤ੍ਰਾ, ਭਾਵ ਰਸੀ, ਇਹ ਬਣਾਵੇ ਕਿ ਕਦੇ ਵੀ ਅਗਿਆਨਤਾ ਦੀ ਨੀਦ੍ਰ ਵਿਚ ਨਾ ਸੰਵੇ। ਸਦਾ ਗੁਰੂ ਜੀ ਦਾ ਧਿਆਨ, ਜੋ ਗੁਰੂ ਜੀ ਦੀ ਬਾਣੀ ਹੈ, ਵਿਚ ਵਿਚਰਦਾ ਰਹੇ। ਇਸ ਦੀ ਗੋਦੀ ਵਿਚ ਖੇਡੇ। ਗੁਰਬਾਣੀ ਦੀ ਗੋਦੀ ਵਿਚੋਂ ਖਿਸਕਿਆਂ, ਹੇਠਾਂ ਡਿਗ ਕਰ ਸੱਟ ਵਜੂ ਤੇ ਮਾਇਆ, ਇਕੱਲਾ ਸ਼ਿਕਾਰ ਵੇਖ ਕਰ, ਉਸ ਤੇ ਝਪਟੇਗੀ ਤੇ ਕਾਬੂ ਪਾ ਲਏਗੀ। ਇਸ ਤਰ੍ਹਾ ਗੁਰਬਾਣੀ ਦੀ ਬੁੱਕਲ ਵਿਚ ਰਹਿੰਦਾ ਹੋਇਆ ਤੇ ਮਨ ਨੂੰ ਆਪਣੇ ਹੱਥ ਵਿਚ ਰਖਦਾ ਹੋਇਆ, ਰਸਨਾ ਨਾਲ ਨਾਮ ਜਪੋ। ਇੰਜ ਕਰਨ ਨਾਲ ਜੰਮਿਆ ਹੋਇਆ ਦੁੱਧ ਰਿੜਕਿਆ ਜਾਊ ਤੇ ਮਖਣ ਰੂਪੀ ਅੰਮ੍ਰਿਤ ਪ੍ਰਾਪਤ ਹੋਊ।

ਦੂਜਾ ਦ੍ਰਿਸ਼ਟਾਂਤ ਡਬੇ ਵਿਚ ਪੱਥਰ ਦੇ ਠਾਕਰਾਂ ਨੂੰ ਇਸ਼ਨਾਨ ਕਰਾਉਣ ਤੇ ਉਨ੍ਹਾਂ ਅਗੇ ਫੱਲ ਫੂਲ ਆਦਿਕ ਭੇਟ ਕਰਨ ਦਾ ਹੈ। ਪਥਰਾਂ ਦੇ ਠਾਕਰਾਂ ਨੂੰ ਪੂਜਣ ਵਾਲੇ ਇਸ ਤਰ੍ਹਾਂ ਕਰਦੇ ਹਨ, ਕਿ ਛੋਟੇ-ਛੋਟੇ ਪਥਰਾਂ ਨੂੰ, ਇਕ ਡਬੇ ਵਿਚ ਰਖਦੇ ਹਨ ਤੇ ਹਰ ਰੋਜ਼ ਸਵੇਰੇ ਇਨ੍ਹਾਂ ਨੂੰ ਡਬੇ ਵਿਚੋਂ ਕਢ ਕੇ, ਪਾਣੀ ਨਾਲ ਇਸ਼ਨਾਨ ਕਰਾਉਂਦੇ ਹਨ ਤੇ ਉਨ੍ਹਾ ਅਗੇ ਨਮਸਕਾਰ ਡੰਡਉਤ ਕਰਕੇ, ਫਲ ਫੂਲ ਭੇਟਾ ਕਰਦੇ ਹਨ। ਇਹ ਕਰਨ ਪਿਛੋਂ ਮੁੜ ਉਨ੍ਹਾਂ ਨੂੰ ਡੱਬੇ ਵਿਚ ਬੰਦ ਕਰ ਦਿੰਦੇ ਹਨ। ਇਹ ਠਾਕਰ ਪੁਜਾਰੀਆਂ ਦੀ, ਨਿਤ ਦੀ ਕ੍ਰਿਆ ਹੈ। ਸਤਿਗੁਰੂ ਜੀ ਫੁਰਮਾਉਂਦੇ ਹਨ ਕਿ ਇਹ ਫੋਕਟ ਕਰਮ ਕਰਨ ਦਾ ਕੀ ਲਾਭ ? ਜਗਿਆਸੂ ਨੂੰ ਚਾਹੀਦਾ ਹੈ ਕਿ ਆਪਣੇ ਮਨ ਨੂੰ ਹੀ ਡਬਾ ਬਣਾਵੇ ਤੇ ਨਿਤਾ ਪ੍ਰਤੀ ਇਸ ਨੂੰ ਸਤਸੰਗਿ ਰੂਪੀ ਸਰੋਵਰ ਵਿਚ ਇਸ਼ਨਾਨ ਕਰਾਏ ਤੇ ਸਿਦਕ, ਭਰੋਸਾ ਤੇ ਸ਼ਰਧਾ ਦੇ ਫਲ ਫੂਲ ਭੇਟ ਕਰੇ, ਜਿਸ ਨਾਲ ਕਿ ਪ੍ਰਭੂ ਨੂੰ ਪ੍ਰਸੰਨ ਕਰੇ। ਪੂਜਾ ਇਹ ਕਰੇ ਕਿ ਆਪਣੇ ਪ੍ਰਾਣ ਤਕ, ਪ੍ਰਭੂ ਦੀ ਅਮਾਨਤ ਸਮਝਕੇ, ਪ੍ਰਭੂ ਨੂੰ ਅਰਪਨ ਕਰੇ। ਇਹ ਹੈ 'ਵਿਧੀ' ਭਾਵ ਜੁਗਤੀ, ਪ੍ਰਭੂ ਦੇ ਸਿਮਰਨ ਕਰਨ ਦੀ। ਜਿਹੜਾ ਨਾਮ ਅਭਿਆਸੀ ਇਸ ਵਿੱਧੀ ਅਨੁਸਾਰ ਨਾਮ ਜਪੇਗਾ, ਉਸਨੂੰ ਅਵੱਸ਼ ਹੀ ਸਿਧੀ, ਭਾਵ ਸਫਲਤਾ ਹੋਵੇਗੀ। ਇਸ ਸ਼ਬਦ ਦੇ ਦੋਵੇ ਦ੍ਰਿਸ਼ਟਾਂਤਾਂ ਵਿਚ ਪਦ 'ਬਿਧਿ' ਦੀ ਵਰਤੋਂ ਹੋਈ ਹੈ ਤੇ 'ਬਿਧਿ' ਪਦ ਤੇ ਧੱਧੇ ਨੂੰ ਸਿਹਾਰੀ, ਸਬੰਧਕ ਵਾਚਕ ਹੋਣ ਕਰਕੇ, ਅਰਥ ਹੁੰਦੇ ਹਨ-ਵਿਧੀ ਦੁਾਰਾ।''

**"ਰਹੈ ਅਤੀਤੁ ਜਾਣੈ ਸਭੁ ਤਿਸ ਕਾ ॥**
**ਤਨੁ ਮਨੁ ਅਰਪੈ ਹੈ ਇਹੁ ਜਿਸ ਕਾ ॥**
**ਨਾ ਓਹੁ ਆਵੈ ਨਾ ਓਹੁ ਜਾਇ ॥**
**ਨਾਨਕ ਸਾਚੇ ਸਾਚਿ ਸਮਾਇ ॥"** **ਪੰਨਾ 832**

**ਭਾਵ ਅਰਥ :–** ਜਿਹੜਾ ਨਾਮ ਅਭਿਆਸੀ, ਜਿਸ ਨੇ ਇਹ ਤਨ, ਮਨ ਦਿੱਤਾ ਹੈ, ਉਸਦੀ ਵਸਤ ਸਮਝ ਕਰ ਉਸ ਦੇਣਹਾਰ ਨੂੰ ਅਰਪਦਾ ਹੈ ਤੇ ਨਿਰਲੇਪ ਰਹਿੰਦਾ ਹੈ ਤੇ ਇਹ ਸਮਝਦਾ ਹੈ ਕਿ ਮੇਰਾ ਕੁਝ ਨਹੀਂ, ਐਸਾ ਜਗਿਆਸੂ ਕਦੇ ਮੁੜ ਕੇ ਜਨਮ ਮਰਨ ਵਿਚ ਨਹੀਂ ਆਉਂਦਾ ਤੇ ਉਸਦੀ ਬ੍ਰਿਤੀ ਸਚੇ ਸ਼ਬਦ, ਭਾਵ ਗੁਰਬਾਣੀ ਦੁਾਰਾ, ਸਦਾ ਹੀ ਸਚ ਵਿਚ ਸਮਾਈ ਰਹਿੰਦੀ ਹੈ।

**"ਪੂਰੇ ਗੁਰ ਕਾ ਸੁਨਿ ਉਪਦੇਸੁ ॥**
**ਪਾਰਬ੍ਰਹਮੁ ਨਿਕਟਿ ਕਰਿ ਪੇਖੁ ॥**
**ਸਾਸਿ ਸਾਸਿ ਸਿਮਰਹੁ ਗੋਬਿੰਦ ॥**

**ਮਨ ਅੰਤਰ ਕੀ ਉਤਰੈ ਚਿੰਦ ॥**

**ਆਸ ਅਨਿਤ ਤਿਆਗਹੁ ਤਰੰਗ ॥**

**ਸੰਤ ਜਨਾ ਕੀ ਧੂਰਿ ਮਨ ਮੰਗ ॥**

**ਆਪੁ ਛੋਡਿ ਬੇਨਤੀ ਕਰਹੁ ॥**

**ਸਾਧਸੰਗਿ ਅਗਨਿ ਸਾਗਰੁ ਤਰਹੁ ॥**

**ਹਰਿ ਧਨ ਕੇ ਭਰਿ ਲੇਹੁ ਭੰਡਾਰ ॥**

**ਨਾਨਕ ਗੁਰ ਪੂਰੇ ਨਮਸਕਾਰ ॥"**

**ਪੰਨਾ 295**

**ਭਾਵ ਅਰਥ :–** ਇਹ ਸੁਖਮਨੀ ਸਾਹਿਬ ਦੀ ਅਖੀਰਲੀ 24 ਵੀ ਅਸ਼ਟਪਦੀ ਵਿਚ ਸਾਹਿਬ ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ ਨੇ, ਨਾਮ ਸਿਮਰਨ ਦੇ ਅੰਗ ਗਿਣ ਗਿਣ ਕਰ ਦਰਸਾਏ ਹਨ। ਜਿਹੜਾ ਵੀ ਇਨ੍ਹਾਂ ਨੂੰ ਮੁਖ ਰਖ ਕੇ ਨਾਮ ਅਭਿਆਸ ਕਮਾਈ ਕਰੇਗਾ, ਉਹ ਨਾਮ ਦਾ ਭੰਡਾਰ ਭਰ ਲਏਗਾ।

ਪਹਿਲਾਂ ਅੰਗ ਹੈ ਕਿ ਪੂਰੇ ਗੁਰੂ ਦਾ ਉਪਦੇਸ਼ ਸੁਣ। ਪ੍ਰਸ਼ਨ ਹੁੰਦਾ ਹੈ ਕਿ ਪੂਰਾ ਗੁਰੂ ਕੌਣ ਹੈ? ਇਸ ਦਾ ਉੱਤਰ ਸਾਹਿਬ ਸ੍ਰੀ ਗੁਰੂ ਰਾਮ ਦਾਸ ਜੀ ਫੁਰਮਾਉਂਦੇ ਹਨ ਕਿ :–

**"ਨਾਨਕ ਗੁਰੂ ਗੁਰੂ ਹੈ ਪੂਰਾ ਮਿਲਿ ਸਤਿਗੁਰ ਨਾਮੁ ਧਿਆਇਆ ॥"** **ਪੰਨਾ 882**

**ਭਾਵ ਅਰਥ :–** ਨਾਨਕ ਗੁਰੂ ਹੀ ਪੂਰਾ ਗੁਰੂ ਹੈ। ਮੈਂ ਉਨ੍ਹਾਂ ਨੂੰ ਮਿਲ ਕੇ ਨਾਮ ਧਿਆਇਆ ਹੈ।

ਦੂਜਾ ਅੰਗ ਹੈ ਕਿ ਪਾਰਬ੍ਰਹਮ ਪਰਮੇਸਰ ਨੂੰ ਹਰ ਵੇਲੇ ਆਪਨੇ ਨੇੜੇ ਜਾਣ। ਤੀਜਾ ਅੰਗ ਹੈ ਕਿ ਸ੍ਵਾਸ-ਸ੍ਵਾਸ ਉਸ ਪਰਮੇਸਰ ਨੂੰ ਸਿਮਰ। ਇੰਝ ਕਰਨ ਨਾਲ ਮਨ ਦੀ ਮੈਲ ਦੂਰ ਹੋ ਜਾਸੀ। ਚੌਥਾ ਅੰਗ ਹੈ ਕਿ ਜੋ ਆਸਾਂ, ਨਾ ਰਹਿਣ ਵਾਲੀਆਂ, ਭਾਵ ਨਾਸ਼ਵੰਤ, ਵਸਤੂਆਂ ਲਈ ਹਨ ਜਾਂ ਨਾਸ਼ਵੰਤ ਉਪਰ ਹਨ, ਉਨ੍ਹਾਂ ਨੂੰ ਤਿਆਗ। ਪੰਜਵਾਂ ਅੰਗ ਹੈ ਕਿ ਸੰਤ ਜਨਾਂ ਦੀ ਧੂਰ ਮੰਗ, ਭਾਵ ਪੂਰਨ ਸੰਤਾਂ ਦਾ ਸੰਗਿ ਕਰ। ਛੇਵਾਂ ਅੰਗ ਹੈ ਕਿ ਆਪਣੀ ਅਪਣੱਤ ਨੂੰ ਗਵਾ। ਸਤਵਾਂ ਅੰਗ ਹੈ ਕਿ ਬੇਨਤੀ ਕਰਿਆ ਕਰ। ਅਠਵਾਂ ਅੰਗ ਹੈ ਕਿ ਸਾਧ ਸੰਗਤਿ ਦਵਾਰਾ ਹੀ ਤ੍ਰਿਸ਼ਨਾ ਰੂਪੀ ਅਗਨ ਸਾਗਰ ਤਰਿਆ ਜਾਂਦਾ ਹੈ। ਇਸ ਗੱਲ ਨੂੰ ਸਦਾ ਚੇਤੇ ਰੱਖੀ। ਨੌਵਾਂ ਅੰਗ ਹੈ ਕਿ ਗੁਰੂ ਪੂਰੇ ਨੂੰ ਹੀ ਨਮਸਕਾਰ ਕਰਦੇ ਰਹਿਣਾ ਹੈ। ਪਾਖੰਡੀ, ਆਪਹੁੰ ਬਣ ਬੈਠੇ ਗੁਰੂ ਨੂੰ ਕਦੇ ਨਮਸਕਾਰ ਨਹੀਂ ਕਰਨੀ। ਇਹ ਉਤਲੇ ਦਰਸਾਏ ਨੌਂ ਅੰਗ ਪਾਲਣ ਨਾਲ, ਹਰਿ ਧਨ ਦੇ ਭੰਡਾਰ ਭਰੇ ਜਾਂਦੇ ਹਨ ਤੇ ਸਹਿਜ ਅਵਸਥਾ ਪ੍ਰਾਪਤ ਹੋ ਜਾਂਦੀ ਹੈ। ਸਿੱਟਾ ਇਹ ਨਿਕਲਿਆ ਹੈ ਕਿ ਜਦ ਤਾਂਈ ਗੁਰਬਾਣੀ ਵਿਚ ਦ੍ਰਿੜਾਏ ਸਾਰੇ ਅੰਗਾਂ ਤੇ ਪਹਿਰਾ ਦੇ ਕਰ ਨਾਮ ਨਹੀਂ ਜਪਿਆ ਜਾਂਦਾ, ਨਾਮ ਦੀ ਪ੍ਰਾਪਤੀ ਨਹੀਂ ਹੋ ਸਕਦੀ।

**"ਜਤੁ ਪਾਹਾਰਾ ਧੀਰਜੁ ਸੁਨਿਆਰੁ ॥**

**ਅਹਰਣਿ ਮਤਿ ਵੇਦੁ ਹਥੀਆਰੁ ॥**

**ਭਉ ਖਲਾ ਅਗਨਿ ਤਪ ਤਾਉ ॥**

**ਭਾਂਡਾ ਭਾਉ ਅੰਮ੍ਰਿਤੁ ਤਿਤੁ ਢਾਲਿ ॥**

**ਘੜੀਐ ਸਬਦੁ ਸਚੀ ਟਕਸਾਲ ॥**

**ਜਿਨ ਕਉ ਨਦਰਿ ਕਰਮੁ ਤਿਨ ਕਾਰ ॥**

ਨਾਨਕ ਨਦਰੀ ਨਦਰਿ ਨਿਹਾਲ ॥" ਪੰਨਾ 8

**ਭਾਵ ਅਰਥ :–** ਇਸ ਜਪੁਜੀ ਸਾਹਿਬ ਦੀ 38 ਵੀ ਪਉੜੀ ਵਿਚ, ਗੁਰੂ ਦੇ ਸ਼ਬਦ ਰੂਪੀ ਟਕਸਾਲ ਵਿਚ ਸੁਰਤ, ਮਤ, ਮਨ ਤੇ ਬੁਧੀ ਨੂੰ ਘੜਨ ਦੀ ਜਾਚ ਦਸੀ ਹੈ। ਵਿਧੀ ਭਾਵ ਤਰੀਕਾ ਇਹ ਹੈ ਕਿ ਸੁਨਿਆਰ ਦੀ ਭੱਠੀ ਤਾਂ ਇੰਦਰੀਆਂ ਤੇ ਕਾਬੂ ਰਖਣਾ ਹੈ। ਧੀਰਜ ਨੂੰ ਸੁਨਿਆਰ ਬਣਾਉਣਾ ਹੈ। ਵੇਦ, ਭਾਵ ਗਿਆਨ-ਜੋ ਗੁਰਬਾਣੀ ਹੈ, ਉਸਨੂੰ ਹਥੌੜਾ ਬਣਾਉਣਾ ਹੈ। ਅਹਰਣ ਜੋ ਲੋਹੇ ਦੀ ਹੁੰਦੀ ਹੈ ਤੇ ਜਿਸ ਉਤੇ ਸੁਨਿਆਰ ਹਥੌੜੇ ਨਾਲ ਗਹਿਣੇ ਘੜਦਾ ਹੈ, ਉਸਨੂੰ ਕਹਿੰਦੇ ਹਨ। ਉਹ ਅਹਰਣ ਮਤ ਦੀ ਬਣਾ। ਖਲਾਂ ਦੀ ਧੌਕਣੀ, ਡਰ ਨੂੰ ਬਣਾ। ਤਪ ਰੂਪ ਅਗਨੀ ਬਣਾ। ਢਾਲਣ ਵਾਲਾ ਭਾਂਡਾ ਪ੍ਰੇਮ ਨੂੰ ਬਣਾ। ਇਸ ਵਿਚ ਨਾਮ ਰੂਪੀ ਅੰਮ੍ਰਿਤ ਨੂੰ ਢਾਲ। ਇਸ ਤਰ੍ਹਾਂ ਗੁਰੂ ਦੇ ਸ਼ਬਦ ਰੂਪੀ ਟਕਸਾਲ ਵਿਚ, ਮਨ ਬੁਧੀ, ਸੁਰਤ ਤੇ ਮਨ ਨੂੰ ਘੜ। ਪਰ ਇਸ ਸੁਰਤ, ਮਤ, ਮਨ ਤੇ ਬੁਧੀ ਦਾ ਘੜਨਾ, ਉਨ੍ਹਾ ਨੂੰ ਪ੍ਰਾਪਤ ਹੁੰਦਾ ਹੈ, ਜਿਨ੍ਹਾਂ ਦੇ ਦਾਤੇ ਦੀ ਮਿਹਰ ਹੋਵੇ, ਉਨ੍ਹਾਂ ਨੂੰ ਇਹ ਕਾਰ ਲਭਦੀ ਹੈ। ਹੇ ਨਾਨਕ ! ਇਹੋ ਜਿਹੀ ਕਾਰ ਕਰਨ ਵਾਲਾ, ਪ੍ਰਮੇਸ਼ਰ ਨਦਰੀ ਦੀ ਨਦਰ ਨਾਲ ਨਿਹਾਲ ਹੋ ਜਾਂਦਾ ਹੈ।

ਉਪਰੋਕਤ ਦ੍ਰਿਸ਼ਟਾਂਤ, ਸੁਨਿਆਰ ਦੀ ਭੱਠੀ ਦਾ ਹੈ। ਇਸ ਪਉੜੀ ਵਿਚ ਪਦ 'ਤਪ' ਦੀ ਵਰਤੋਂ ਕੀਤੀ ਗਈ ਹੈ। ਗੁਰਮਤਿ ਵਿਚ ਹੋਰ ਸਾਰੇ ਹਠ, ਤਪ ਬਿਵਰਜਤ ਹਨ। 'ਤਪ' ਪਦ ਦੀ ਵਿਆਖਿਆ, (Definition) ਗੁਰਬਾਣੀ ਵਿਚ ਇਹ ਹੈ :-

"ਗੁਰ ਸੇਵਾ ਤਪਾਂ ਸਿਰਿ ਤਪੁ ਸਾਰੁ ॥" ਪੰਨਾ 423

**ਭਾਵ ਅਰਥ :–** ਗੁਰੂ ਦੀ ਸੇਵਾ ਹੀ ਤਪਾਂ ਵਿਚ ਸ਼੍ਰੋਮਣੀ ਤਪ ਹੈ ਤੇ ਸ੍ਰੇਸ਼ਟ ਹੈ। ਇਸ ਨੂੰ ਕਰ।

"ਸਤਿਗੁਰ ਕੀ ਸੇਵਾ ਇਹੁ ਤਪੁ ਪਰਵਾਣੁ ॥" ਪੰਨਾ 948

**ਭਾਵ ਅਰਥ :–** ਸਤਿਗੁਰੂ ਦੀ ਸੇਵਾ ਕਰਨੀ ਹੀ ਤਪ ਹੈ ਤੇ ਏਹ ਹੀ ਤਪ ਪਰਵਾਣ ਹੈ। ਸਾਰੇ ਉਪਰ ਲਿਖੇ ਲੇਖ ਦਾ ਨਿਚੋੜ ਇਹ ਹੈ ਕਿ ਨਾਮ ਸਿਮਰਨ ਫਲੀਭੂਤ ਤਦ ਹੁੰਦਾ ਹੈ, ਜੇ ਨਾਮ ਜਪਣ ਦੇ, ਗੁਰਬਾਣੀ ਵਿਚ ਦਰਸਾਏ ਹੋਏ, ਸਾਰੇ ਅੰਗਾਂ ਨੂੰ ਮੁਖ ਰਖ ਕੇ ਅਭਿਆਸ ਕਮਾਈ ਕਰੇ। ਇਹ ਅੰਗ ਦੁਹਰਾਏ ਜਾਂਦੇ ਹਨ।

ਮਨ ਬਚ ਕ੍ਰਮ ਪ੍ਰਭੁ ਏਕੁ ਧਿਆਏ ॥

ਸਰਬ ਫਲਾ ਸੋਈ ਜਨੁ ਪਾਏ ॥" ਪੰਨਾ 760

ਮਨ ਦੁਆਰਾ, ਬਚਨ ਦੁਆਰਾ, ਕਰਮ ਦੁਆਰਾ ਜਿਹੜਾ ਵੀ ਨਾਮ ਨੂੰ ਧਿਆਉਂਦਾ ਹੈ, ਉਸਨੂੰ ਹਰ ਪ੍ਰਕਾਰ ਦੇ ਫਲ-ਜਿਨ੍ਹਾਂ ਦਾ ਵੇਰਵਾ ਉਤੇ ਦਿੱਤਾ ਗਿਆ ਹੈ, ਪ੍ਰਾਪਤ ਹੁੰਦੇ ਹਨ।

ਅੰਤ ਵਿਚ ਸ੍ਰੀ ਗੁਰੂ ਅਰਜਨ ਦੇਵ ਪਾਤਸ਼ਾਹ ਜੀ ਦਾ ਆਪਣਾ ਨਿਜੀ ਅਨੁਭਵ ਲਿਖਿਆ ਜਾਂਦਾ ਹੈ :-

ਗੋਬਿੰਦ ਗੋਬਿੰਦ ਕਰਿ ਹਾਂ ॥

ਹਰਿ ਹਰਿ ਮਨਿ ਪਿਆਰਿ ਹਾਂ ॥

ਗੁਰਿ ਕਹਿਆ ਸੁ ਚਿਤਿ ਧਰਿ ਹਾਂ ॥

ਅਨ ਸਿਉ ਤੋਰਿ ਫੇਰਿ ਹਾਂ ॥

ਐਸੇ ਲਾਲਨੁ ਪਾਇਓ ਰੀ ਸਖੀ ॥" ਪੰਨਾ 409

**ਭਾਵ ਅਰਥ :–** ਸ੍ਰੀ ਹਜ਼ੂਰ ਚਾਰ ਅੰਗ, ਨਾਮ ਅਭਿਆਸ ਕਮਾਈ ਲਈ ਦਰਸਾਉਂਦੇ ਹਨ, ਤੇ ਹਾਮੀ ਭਰਦੇ ਹਨ ਕਿ ਸ੍ਰੀ ਹਜ਼ੂਰ ਨੇ, ਇਨ੍ਹਾਂ ਚਾਰ ਅੰਗਾਂ ਨੂੰ ਕਮਾਣ ਕਰਕੇ, ਪਿਆਰੇ ਪ੍ਰਭੂ ਨੂੰ ਪਾਇਆ ਹੈ। ਪਹਿਲਾ ਅੰਗ ਹੈ ਕਿ ਰਸਨਾ ਨਾਲ ਗੋਬਿੰਦ ਗੋਬਿੰਦ ਦਾ ਜਾਪ ਕਰਨਾ। ਗੋਬਿੰਦ ਦਾ ਅਰਥ ਹੈ, ਸ੍ਰਿਸ਼ਟੀ ਦਾ ਰਚਨਹਾਰ ਤੇ ਜਾਣਨਹਾਰ। ਦੂਜਾ ਅੰਗ ਹੈ ਕਿ ਉਸ ਹਰੀ ਨਾਲ ਮਨ ਵਿਚ ਪਿਆਰ

ਕਰਨਾ। ਤੀਜਾ ਅੰਗ ਹੈ ਕਿ ਜੋ ਗੁਰੂ ਕਹਿੰਦਾ ਹੈ, ਉਸ ਨੂੰ ਚਿਤ ਵਿਚ ਧਰਨਾ। ਭਾਵ ਜੀਵਨ ਵਿਚ ਘਟਾਉਣਾ। ਚੌਥਾ ਅੰਗ ਹੈ ਕਿ ਦੌੜਦੇ ਮਨ ਨੂੰ ਮਾਇਆ ਤੋਂ ਬਾਰ-ਬਾਰ ਹੋੜਨਾ। ਲਗਾਤਾਰ ਮਨ ਨਾਲ ਯੁੱਧ ਕਰਨਾ। ਇੰਜ ਕਰਨ ਨਾਲ ਮੈਂ ਆਪਣੇ ਪਿਆਰੇ ਪ੍ਰਭੂ ਨੂੰ ਪਾਇਆ ਹੈ।

ਤਾਂ ਤੇ ਨਾਮ ਅਭਿਆਸ ਕਮਾਈ ਵਾਲੇ ਨੂੰ ਉਤਲੇ ਗੁਰੂ ਸਾਹਿਬ ਦੇ ਅਨੁਭਵ ਤੋਂ ਲਾਭ ਉਠਾ ਕੇ, ਦਰਸਾਈ ਵਿਧੀ ਅਨੁਸਾਰ 'ਨਾਮ ਅਭਿਆਸ ਕਮਾਈ' ਕਰਨੀ ਚਾਹੀਦੀ ਹੈ। 'ਸਫਲਤਾ' ਅਵੱਸ਼ ਹੋਸੀ। ਮੋਟਰ ਕਾਰ ਦੇ ਚਾਰੇ ਪਹੀਆਂ ਵਿਚੋਂ, ਜੇ ਇਕ ਵਿਚੋਂ ਪੰਚਰ ਹੋ ਕੇ ਹਵਾ ਨਿਕਲ ਜਾਏ, ਤਾਂ ਕਾਰ ਟੁਰ ਨਹੀਂ ਸਕਦੀ। ਇਸੇ ਤਰ੍ਹਾਂ ਨਾਮ ਅਭਿਆਸ ਕਮਾਈ ਵੇਲੇ ਜੇ ਪੂਰੇ ਅੰਗਾਂ ਅਨੁਸਾਰ ਅਭਿਆਸ ਨਾ ਕੀਤਾ ਜਾਏ, ਸਫਲਤਾ ਨਹੀਂ ਹੁੰਦੀ। ਇਹ ਗੱਲ ਸਦਾ ਚੇਤੇ ਰਖਣੀ ਚਾਹੀਦੀ ਹੈ।

# (6)

# ਸਿਮਰਨ ਵੇਲੇ ਧਿਆਨ ਕਿਸ ਉਤੇ ਜੋੜਨਾ ਚਾਹੀਦਾ ਹੈ?

## (WHAT TO MEDITATE UPON ?)

ਗੁਰਮਤਿ ਵਿਚ, ਸਿਮਰਨ ਵੇਲੇ, ਧਿਆਨ ਕੇਵਲ ਇਕ ਨਿਰੰਕਾਰ ਉਤੇ ਹੀ ਰਖਣ ਦਾ ਹੁਕਮ ਹੈ। ਕਿਸੇ ਤਸਵੀਰ ਉਤੇ-ਭਾਵੇਂ ਉਹ ਗੁਰੂ ਸਾਹਿਬਾਨ ਦੀ ਹੀ ਕਿਉਂ ਨ ਹੋਵੇ-ਨਹੀਂ ਧਰਨਾ ਚਾਹੀਦਾ। ਕਿਸੇ ਜਿਉਂਦੇ ਜਾਗਦੇ ਵਿਅਕਤੀ ਤੇ ਵੀ ਧਿਆਨ ਜੋੜਨਾ ਬਿਵੱਰਜਿਤ ਹੈ। ਇਸ ਦੀ ਪੁਸ਼ਟੀ ਲਈ, ਲੜੀ ਵਾਰ ਪ੍ਰਮਾਣ, ਪਹਿਲੀ ਪਾਤਸ਼ਾਹੀ ਤੋਂ ਲੈ ਕੇ ਦਸਵੀ ਪਾਤਸ਼ਾਹੀ ਤਕ ਦਿਆਂਗੇ ਕਿ ਗੁਰੂ ਸਾਹਿਬਾਨ ਨੇ ਕਿਸ ਉਤੇ ਧਿਆਨ ਟਿਕਾਉਣ ਲਈ ਸਿਧਾਂਤ ਕਾਇਮ ਕੀਤਾ ?

**"ਪ੍ਰਾਣੀ ਏਕੋ ਨਾਮੁ ਧਿਆਵਹੁ ॥**

**ਅਪਨੀ ਪਤਿ ਸੇਤੀ ਘਰਿ ਜਾਵਹੁ ॥"** ਪੰਨਾ 1254

**ਭਾਵ ਅਰਥ :–** ਹੇ ਪ੍ਰਾਣੀ ! ਕੇਵਲ ਇਕੋ ਨਾਮ ਉਤੇ ਧਿਆਨ ਜੋੜੋ। ਲਾਭ ਕੀ ਹੋਸੀ ? ਆਪਣੀ ਇਜ਼ਤ ਨਾਲ ਨਿਰੰਕਾਰ ਵਿਚ ਲੀਨ ਹੋ ਜਾਉਗੇ।

**"ਰਚਨਾ ਰਾਚਿ ਜਿਨਿ ਰਚੀ ਜਿਨਿ ਸਿਰਿਆ ਆਕਾਰੁ ॥**

**ਗੁਰਮੁਖਿ ਬੇਅੰਤੁ ਧਿਆਈਐ ਅੰਤੁ ਨ ਪਾਰਾਵਾਰੁ ॥"** ਪੰਨਾ 936

**ਭਾਵ ਅਰਥ :–** ਜਿਸ ਮਹਾਨ ਸ਼ਕਤੀ ਨੇ ਇਹ ਸਾਰੀ ਰਚਨਾ ਰਚੀ ਹੈ ਤੇ ਜਿਸ ਨੇ ਇਹ ਆਕਾਰ ਵਾਲੀ ਸ੍ਰਿਸ਼ਟੀ ਬਣਾਈ ਹੈ। ਜਿਹੜਾ ਗਰੁਮੁਖ ਹੁੰਦਾ ਹੈ-ਉਹ ਐਸੇ ਬੇਅੰਤ ਦਾ, ਜਿਸ ਦਾ ਪਾਰਾਵਾਰ ਨਹੀਂ, ਧਿਆਨ ਧਰਦਾ ਹੈ। ਉਹ ਮਨਮੁਖ ਬਣ ਕੇ ਹੋਰ ਕਿਸੇ ਦਾ ਧਿਆਨ ਨਹੀਂ ਧਰਦਾ।

ਜੋਗੀਆਂ ਦੀ ਭਾਸ਼ਾ ਵਿਚ ਧਿਆਨ ਨੂੰ 'ਤਾੜੀ' ਆਖਦੇ ਹਨ। ਜੋਗੀਆਂ ਲਈ ਉਪਦੇਸ਼ ਦਿੰਦੇ ਹਨ :–

**"ਨਿਰਾਲੰਬੁ ਨਿਰਹਾਰੁ ਨਿਹਕੇਵਲੁ ਨਿਰਭਉ ਤਾੜੀ ਲਾਵੈ ॥"** ਪੰਨਾ 1332

**ਭਾਵ ਅਰਥ :–** ਜੋ ਪਾਰਬ੍ਰਹਮ ਪਰਮੇਸ਼ਰ ਨਿਰ-ਆਸਰਾ ਹੈ ਤੇ ਨਿਰ-ਆਕਾਰ ਹੋਣ ਕਰਕੇ ਨਿਰ-ਅਹਾਰ ਹੈ, ਸਤਿ ਚਿਤ ਆਨੰਦ ਹੈ ਤੇ ਡਰ ਰਹਿਤ ਹੈ, ਉਸ ਦੀ ਤਾੜੀ ਭਾਵ ਧਿਆਨ ਲਾਵੋ। ਹੋਰ ਕਿਸੇ ਉਤੇ ਤਾੜੀ ਨਹੀਂ ਲਾਉਣੀ ਚਾਹੀਦੀ ਕਿਉਂਕਿ ਸਭ ਬਿਨਸਨਹਾਰ ਹਨ। ਉਹ ਹੀ ਅਟੱਲ ਹੈ। ਸਿਧ-ਗੋਸ਼ਟਿ ਵਿਚ ਸਿਧਾਂ ਦੇ ਸਿਧੇ (Direct) ਪ੍ਰਸ਼ਨ ਤੇ ਕਿ :–

**ਇਤ ਉਤ ਕਿਸ ਕਉ ਜਾਣਿ ਸਮਾਵੈ ॥**

**ਕਵਨ ਧਿਆਨੁ ਮਨੁ ਮਨਹਿ ਸਮਾਵੈ ॥"** ਪੰਨਾ 943

ਦੇ ਉਤਰ ਵਿਚ ਸਾਹਿਬ ਫੁਰਮਾਉਂਦੇ ਹਨ :–

**ਅੰਤਰਿ ਬਾਹਰਿ ਏਕੋ ਜਾਣੈ ॥** ਪੰਨਾ 943

**ਭਾਵ ਅਰਥ :–** ਅੰਦਰ ਬਾਹਰ ਸਭ ਏਕੋ ਦਾ ਧਿਆਨ ਰਖੋ ਤੇ ਉਸ ਇਕੋ ਨੂੰ ਹੀ ਜਾਣੋ ਕਿ ਉਹੀ ਪਰੀਪੂਰਨ ਹੈ। ਇਸ ਤਰ੍ਹਾਂ ਕਰਨ ਲਈ ਫੁਰਮਾਉਂਦੇ ਹਨ :–

**ਨਾਨਕ ਅਗਨਿ ਮਰੈ ਸਤਿਗੁਰ ਕੈ ਭਾਣੈ ॥ ਪੰਨਾ 943**

ਭਾਵ ਤ੍ਰਿਸ਼ਨਾ ਰੂਪੀ ਅਗਨੀ ਮਰ ਜਾਏਗੀ ਤੇ ਸਤਿ ਸਰੂਪ ਵਿਚ ਲੀਨਤਾ ਹੋ ਜਾਏਗੀ। ਫਿਰ ਸ੍ਰੀ ਹਜ਼ੂਰ ਜੀ, ਜਪੁਜੀ ਸਾਹਿਬ ਵਿਚ ਫੁਰਮਾਉਂਦੇ ਹਨ ਕਿ ਜਿਹੜੇ ਚਾਰ ਪਉੜੀਆਂ 'ਸੁਣੀਐ' ਦੀਆਂ ਤੇ ਚਾਰ ਪਉੜੀਆਂ 'ਮੰਨੇ' ਦੀਆਂ ਜੀਵਨ ਵਿਚ ਘਟਾਉਂਦੇ ਹਨ, ਉਹ ਪੰਚ ਬਣ ਜਾਂਦੇ ਹਨ ਤੇ ਉਨ੍ਹਾਂ 'ਪੰਚਾਂ ਕਾ ਗੁਰੁ ਏਕੁ ਧਿਆਨ।।'' ਭਾਵ ਪੰਚਾਂ ਦਾ ਧਿਆਨ ਇਕ ਗੁਰੂ-ਨਿਰੰਕਾਰ ਤੇ ਹੁੰਦਾ ਹੈ।

ਦੂਜੀ ਪਾਤਸ਼ਾਹੀ ਜੀ ਦੀ ਬਾਣੀ ਬਹੁਤ ਥੋੜੀ, ਸ਼ਲੋਕਾਂ ਵਿਚ ਹੀ ਹੈ। ਹਜ਼ੂਰ ਫੁਰਮਾਉਂਦੇ ਹਨ :–

**"ਜਿਨੀ ਨਾਮੁ ਧਿਆਇਆ ਗਏ ਮਸਕਤਿ ਘਾਲਿ ॥**

**ਨਾਨਕ ਤੇ ਮੁਖ ਉਜਲੇ ਹੋਰ ਕੇਤੀ ਛੁਟੀ ਨਾਲਿ ॥" ਪੰਨਾ 146**

ਇਸ ਸਲੋਕ ਵਿਚ ਸ੍ਰੀ ਗਰੂ ਜੀ ਨੇ ਕੇਵਲ ਇਕ ਪਦ 'ਹੋਰ' ਦਾ ਵਾਧਾ ਕਰਕੇ ਬਾਕੀ ਸਲੋਕ ਮ: 1 ਜੀ ਦਾ ਰਹਿਣ ਦਿਤਾ ਹੈ। ਅਰਥ ਭਾਵ : ਜਿਨ੍ਹਾਂ ਨੇ ਕੇਵਲ ਇਕ ਨਾਮ ਤੇ ਹੀ ਧਿਆਨ ਜੋੜਿਆ ਹੈ, ਉਹ ਮੁਸ਼ੱਕਤਾ ਘਾਲ ਕੇ ਸੁਰਖਰੂ ਹੋ ਗਏ ਹਨ। ਉਨ੍ਹਾਂ ਦੇ ਮੁਖ ਦਰਬਾਰ ਵਿਚ ਉਜਲੇ ਹੋ ਜਾਂਦੇ ਹਨ। ਹੋਰ ਲੋਕਾਈ ਵੀ ਉਨ੍ਹਾਂ ਦੀ ਸੰਗਤਿ ਨਾਲ ਮਾਇਆ ਦੇ ਚੁੰਗਲ ਚੋਂ ਛੁੱਟ ਜਾਂਦੀ ਹੈ। ਇਥੇ ਪਦ 'ਨਾਮ' ਹੈ। ਕਿਹੜਾ ਨਾਮ ? ਜੋ ਸਰਬ ਸ਼ਕਤੀ ਮਾਨ, ਕਰਤਾ ਪੁਰਖ, ਪਰੀ ਪੂਰਨ, ਜੋਤੀ ਸਰੂਪ, ਨਿਰਭਉ, ਨਿਰਵੈਰ, ਅਕਾਲ ਮੂਰਤਿ, ਅਜੂਨੀ, ਸੈਭੰ ਹੈ। ਜਿਸ ਬਾਰੇ ਪੰਜਵੇ ਪਾਤਸ਼ਾਹ ਜੀ, ਉਸ ਨਾਮ ਦੀ ਵਿਆਖਿਆ (Definition) ਇਉਂ ਕਰਦੇ ਹਨ :–

**"ਨਾਮ ਕੇ ਧਾਰੇ ਸਗਲੇ ਜੰਤ ॥**

**ਨਾਮ ਕੇ ਧਾਰੇ ਖੰਡ ਬ੍ਰਹਮੰਡ ॥"**

**..... ਨਾਮ ਕੇ ਧਾਰੇ ਸਗਲ ਆਕਾਰ ॥**

**ਨਾਮ ਕੇ ਧਾਰੇ ਪੁਰੀਆ ਸਭ ਭਵਨ ॥" ਪੰਨਾ 284**

ਤੀਜੀ ਪਾਤਸ਼ਾਹੀ ਫੁਰਮਾਉਂਦੇ ਹਨ :–

**"ਏਕੁ ਧਿਆਵਹੁ ਮੂੜ੍ ਮਨਾ ॥**

**ਪਾਰਿ ਉਤਰਿ ਜਾਹਿ ਇਕ ਖਿਨਾਂ ॥ ਪੰਨਾ 1169**

**ਭਾਵ ਅਰਥ :–** ਹੇ ਮੂਰਖ ਮਨ ! ਛਡ ਦੇ ਹੋਰਾਂ ਤੇ ਧਿਆਨ ਲਾਉਣੇ। ਕੇਵਲ ਇਕ ਦਾ ਹੀ ਧਿਆਨ ਧਰ। ਲਾਭ ਕੀ ਹੋਊ ? ਇਕ ਦਾ ਧਿਆਨ ਧਰਨ ਨਾਲ ਮਾਇਆ ਦੇ ਸਮੁੰਦਰ ਤੋਂ ਪਾਰ ਉਤਰ ਜਾਏਗਾ। ਦੂਜੇ ਧਿਆਨ, ਮਾਇਆ ਦੇ ਜਫੇ ਵਿਚੋਂ, ਨਹੀਂ ਨਿਕਲਣ ਦਿੰਦੇ।

ਫਿਰ ਹੋਰ ਫੁਰਮਾਉਂਦੇ ਹਨ :

**"ਹਰਿ ਹਰਿ ਨਾਮੁ ਧਿਆਈਐ ਹਰਿ ਹਰਿ ਨਿਸਤਾਰੀ ॥" ਪੰਨਾ 509**

**ਭਾਵ ਅਰਥ :–** ਕੇਵਲ 'ਹਰੀ ਨਾਮ' ਦਾ ਹੀ ਧਿਆਨ ਧਾਰਨਾ ਚਾਹੀਦਾ ਹੈ। ਇਸ ਨਾਲ ਨਿਸਤਾਰਾ ਹੋ ਜਾਂਦਾ ਹੈ।

**"ਹਰਿ ਨਾਮੁ ਧਿਆਏ ਮੰਨਿ ਵਸਾਏ ਬੂਝੈ ਗੁਰ ਬੀਚਾਰਾ ॥" ਪੰਨਾ 568**

**ਭਾਵ ਅਰਥ :–** ਹਰੀ ਨਾਮ ਨੂੰ ਹੀ ਧਿਆਉਣਾ ਚਾਹੀਦਾ ਹੈ ਤੇ ਇਸੇ ਨੂੰ ਮਨ ਵਿਚ ਵਸਾਉਣਾ ਚਾਹੀਦਾ ਹੈ। ਪਰ ਇਹ ਵਿਚਾਰ ਪੂਰੇ ਗੁਰੂ ਤੋਂ ਬੁਝੀ ਜਾਂਦੀ ਹੈ। ਦੰਭੀ ਗੁਰੂ, ਹਰੀ ਦੇ ਧਿਆਨ ਨੂੰ ਛਡਵਾ ਕਰ, ਜਗਿਆਸੂ ਨੂੰ ਕੁਰਾਹੇ ਪਾ ਦਿੰਦੇ ਹਨ। ਤਾਂ ਤੇ ਉਨ੍ਹਾਂ ਤੋ ਸਾਵਧਾਨ ਰਹੀਏ।

**"ਹਰਿ ਹਰਿ ਨਾਮੁ ਧਿਆਇ ਮਨ ਹਰਿ ਦਰਗਹ ਪਾਵਹਿ ਮਾਨੁ ॥**
**ਕਿਲਵਿਖ ਪਾਪ ਸਭਿ ਕਟੀਅਹਿ ਹਉਮੈ ਚੁਕੈ ਗੁਮਾਨੁ ॥" ਪੰਨਾ 1418**

**ਭਾਵ ਅਰਥ :–** ਸਦਾ ਹੀ ਕੇਵਲ ਹਰੀ ਨਾਲ ਧਿਆਨ ਲਾਉਣਾ ਚਾਹੀਦਾ ਹੈ। ਹੇ ਮਨ, ਇਸ ਤਰ੍ਹਾਂ ਕਰਨ ਨਾਲ, ਤੂੰ ਦਰਗਾਹੇ ਮਾਨ ਪਾਵੇਗਾ ਤੇ ਤੇਰੇ ਪਿਛਲੇ ਕੀਤੇ ਹੋਏ ਪਾਪ ਕਟੇ ਜਾਣਗੇ ਤੇ ਅਗੇ ਨੂੰ ਹਉਮੈ ਦਾ ਗੁਮਾਨ ਵੀ ਮੁਕ ਜਾਊ। ਹਉਮੈ ਹੀ ਮੂਲ (Parent body) ਹੈ, ਜਿਸ ਵਿਚੋਂ ਕਾਮ, ਕ੍ਰੋਧ, ਲੋਭ, ਮੋਹ, ਹੰਕਾਰ ਉਤਪੰਨ ਹੁੰਦੇ ਹਨ।

ਸ੍ਰੀ ਹਜ਼ੂਰ ਉਨ੍ਹਾਂ ਤੋਂ ਬਲਿਹਾਰ ਜਾਂਦੇ ਹਨ, ਜੋ ਨਿਰੰਕਾਰ ਦਾ ਧਿਆਨ ਧਰਦੇ ਹਨ

**"ਹਉ ਬਲਿਹਾਰੀ ਤਿਨ ਕਉ ਜਿਨਿ ਧਿਆਇਆ ਹਰਿ ਨਿਰੰਕਾਰੁ ॥" ਪੰਨਾ 91**

**ਭਾਵ ਅਰਥ :–** ਮੈਂ ਉਨ੍ਹਾਂ ਤੋਂ ਬਲਿਹਾਰੀ ਹਾਂ, ਜਿਨ੍ਹਾਂ ਨੇ ਹਰਿ ਨਿਰੰਕਾਰ ਤੇ ਧਿਆਨ ਜੋੜਿਆ ਹੈ। ਜੋ ਇਕ ਹਰੀ ਨਿਰੰਕਾਰ ਦਾ ਧਿਆਨ ਛਡ ਕਰ, ਹੋਰ ਕੀਤੀ ਹੋਈ ਤੇ ਧਿਆਨ ਜੋੜਦੇ ਹਨ, ਉਨ੍ਹਾਂ ਨੂੰ ਨਿਜ ਸਰੂਪ ਦੀ ਲਖਤਾ ਨਹੀਂ ਹੋ ਸਕਦੀ।

ਚੌਥੀ ਪਾਤਸ਼ਾਹੀ ਜੀ ਫੁਰਮਾਉਂਦੇ ਹਨ :-

**"ਜਪਿ ਮਨ ਨਿਰਭਉ ॥ ਸਤਿ ਸਤਿ ਸਦਾ ਸਤਿ ॥**
**ਨਿਰਵੈਰੁ ਅਕਾਲ ਮੂਰਤਿ ॥ ਆਜੂਨੀ ਸੰਭਉ ॥**
**ਮੇਰੇ ਮਨ ਅਨਦਿਨੋ ਧਿਆਇ ਨਿਰੰਕਾਰੁ ਨਿਰਾਹਾਰੀ ॥" ਪੰਨਾ 1201**

**ਭਾਵ ਅਰਥ :–** ਹੇ ਮਨ ! ਨਿਰਭਉ, ਨਿਰਵੈਰ, ਅਕਾਲ ਮੂਰਤਿ, ਅਜੂਨੀ, ਸੈਭੰ ਤੇ ਸਦਾ ਸਥਿਰ ਨੂੰ ਜਪੁ। ਹੇ ਮੇਰੇ ਮਨ ! ਰਾਤ ਦਿਨ ਧਿਆਨ ਵੀ ਨਿਰ-ਅਕਾਰ ਤੇ ਨਿਰ-ਅਹਾਰ ਦਾ ਧਰ। ਇਥੇ ਨਿਰ-ਅਹਾਰ ਪਦ ਦਾ ਪਾਉਣਾ ਇਕ ਕਟਾਖਸ਼ ਹੈ। ਅਹਾਰ ਦੇਹ ਨੂੰ ਲੋੜੀਦਾ ਹੈ ਤੇ ਨਿਰ-ਅਕਾਰ ਨੂੰ ਅਹਾਰ ਦੀ ਲੋੜ ਨਹੀਂ। ਤਾਂ ਤੇ ਐਸੇ ਮਾਲਕ ਦਾ ਨਾਉਂ ਜਪ ਤੇ ਧਿਆਨ ਧਰ।

**"ਹਰਿ ਧਿਆਵਹਿ ਹਰਿ ਧਿਆਵਹਿ ਤੁਧੁ ਜੀ ਸੇ ਜਨ ਜੁਗ ਮਹਿ ਸੁਖਵਾਸੀ ॥**
**ਸੇ ਮੁਕਤੁ ਸੇ ਮੁਕਤੁ ਭਏ ਜਿਨ ਹਰਿ ਧਿਆਇਆ ਜੀ ਤਿਨ ਤੂਟੀ ਜਮ ਕੀ ਫਾਸੀ ॥**
**ਜਿਨ ਨਿਰਭਉ ਜਿਨ ਹਰਿ ਨਿਰਭਉ ਧਿਆਇਆ ਜੀ ਤਿਨ ਕਾ ਭਉ ਸਭੁ ਗਵਾਸੀ ॥**
**ਜਿਨ ਸੇਵਿਆ ਜਿਨ ਸੇਵਿਆ ਮੇਰਾ ਹਰਿ ਜੀ ਤੇ ਹਰਿ ਹਰਿ ਰੂਪਿ ਸਮਾਸੀ ॥**
**ਸੇ ਧੰਨੁ ਸੇ ਧੰਨੁ ਜਿਨ ਹਰਿ ਧਿਆਇਆ ਜੀ ਜਨੁ ਨਾਨਕੁ ਤਿਨ ਬਲਿ ਜਾਸੀ ॥" ਪੰਨਾ 11**
**"ਗੁਰ ਸਤਿਗੁਰ ਕਾ ਜੋ ਸਿਖੁ ਅਖਾਏ**
**ਸੁ ਭਲਕੇ ਉਠਿ ਹਰਿ ਨਾਮੁ ਧਿਆਵੈ ॥" ਪੰਨਾ 305**

**ਭਾਵ ਅਰਥ :–** ਜੋ ਗੁਰੂ ਦਾ ਸਿਖ ਹੈ, ਉਸ ਨੂੰ ਚਾਹੀਦਾ ਹੈ ਕਿ ਭਲਕੇ ਪ੍ਰਭਾਤੇ ਉਠ ਕਰ ਹਰੀ ਨਾਮ ਵਿਚ ਧਿਆਨ ਜੋੜ ਕਰ, ਨਾਮ ਨੂੰ ਧਿਆਵੇ, ਭਾਵ ਧਿਆਨ ਵਿਚ ਪਕਾ ਕਰੇ।

ਪੰਜਵੀ ਪਾਤਸ਼ਾਹੀ ਜੀ ਤਾਂ ਹੁਕਮ ਦਿੰਦੇ ਹਨ :-

**"ਸਤਿ ਪੁਰਖ ਅਕਾਲ ਮੂਰਤਿ ਰਿਦੈ ਧਾਰਹੁ ਧਿਆਨੁ ॥" ਪੰਨਾ 1121**

**ਭਾਵ ਅਰਥ :–** ਜੋ ਸਦਾ ਸਥਿਰ, ਸਰਬ ਸਮਰਥ, ਅਬਿਨਾਸੀ ਮੂਰਤਿ (ਹੋਂਦ ਯਾ ਹਸਤੀ) ਹੈ, ਉਸਦਾ ਹਿਰਦੇ ਵਿਚ ਧਿਆਨ ਧਾਰੋ। ਹੋਰ ਕਿਸੇ ਦਾ ਨਹੀਂ।

ਸਹਸਕ੍ਰਿਤੀ ਸਲੋਕਾਂ ਵਿਚ ਪੂਰਨ ਸੰਤ ਦੇ ਖਟ (ਛੇ) ਲੱਛਣ ਦਰਸਾਉਂਦੇ ਹੋਏ, ਸ੍ਰੀ ਹਜ਼ੂਰ ਫੁਰਮਾਉਂਦੇ ਹਨ :–

**"ਮੰਤ੍ਰੰ ਰਾਮ ਰਾਮ ਨਾਮੰ ਧ੍ਯਾਨੰ ਸਰਬਤ੍ਰ ਪੂਰਨਹ ॥**
**ਗ੍ਯਾਨੰ ਸਮ ਦੁਖ ਸੁਖੰ ਜੁਗਤਿ ਨਿਰਮਲ ਨਿਰਵੈਰਣਹ ॥"** **ਪੰਨਾ 1357**

**ਭਾਵ ਅਰਥ :–** ਸੰਤ, ਰਾਮ ਨਾਮ ਮੰਤਰ ਦਾ ਸਿਮਰਨ ਕਰਦੇ ਹਨ ਤੇ ਧਿਆਨ, ਜੋ ਸਰਬੱਤ ਪਰੀ ਪੂਰਨ ਹੈ, ਉਸਦਾ ਧਰਦੇ ਹਨ। ਦੁਖ, ਸੁਖ ਨੂੰ, ਇਕ ਸਮ ਜਾਣਦੇ ਹਨ ਤੇ ਉਨ੍ਹਾਂ ਦੀ ਰਹਿਣੀ ਨਿਰਮਲ ਤੇ ਨਿਰਵੈਰਤਾ ਵਾਲੀ ਹੁੰਦੀ ਹੈ।

ਫਿਰ ਸਿੱਖਾਂ ਪ੍ਰਤੀ ਉਪਦੇਸ਼ ਦਿੰਦੇ ਹਨ ਕਿ :–

**"ਧਿਆਇ ਨਾਨਕ ਪਰਮੇਸਰੈ ਜਿਨਿ ਦਿਤੀ ਜਿੰਦੁ ॥"** **ਪੰਨਾ 321**

**ਭਾਵ ਅਰਥ :–** ਤਾਂ ਤੇ ਗੁਰਸਿਖਹੁ ! ਤੁਸੀਂ ਕੇਵਲ ਪਰਮੇਸ਼ਰ ਦਾ ਧਿਆਨ ਧਰੋ, ਜਿਸ ਮਾਲਕ ਨੇ ਇਹ ਜਿੰਦੜੀ ਪ੍ਰਦਾਨ ਕੀਤੀ ਹੈ। ਹੋਰ ਕਿਸੇ ਦਾ ਨਹੀਂ ਧਰਨਾ। ਹਜ਼ੂਰ ਵੀ ਬਲਿਹਾਰ ਜਾਂਦੇ ਹਨ ਉਨ੍ਹਾਂ ਤੋਂ, ਜਿਹੜੇ ਪਾਰਬ੍ਰਹਮ ਦਾ ਧਿਆਨ ਧਰਦੇ ਹਨ :–

**"ਨਾਨਕ ਤਿਨ ਸਦ ਬਲਿਹਾਰੰ ਜਿਨਾ ਧਿਆਨੁ ਪਾਰਬ੍ਰਹਮਣਹ ॥"** **ਪੰਨਾ 709**

ਹਜ਼ੂਰ ਦੇ ਸਿੱਧਾ (Direct) ਪ੍ਰਸ਼ਨ ਹੋਣ ਤੇ ਕਿ ਆਪ ਜੀ ਕਿਸ ਦਾ ਧਿਆਨ ਧਰਦੇ ਹੋ? ਉਤਰ ਵਿਚ ਫੁਰਮਾਇਆ ਕਿ :–

**"ਅਕਾਲ ਮੂਰਤਿ ਰਿਦੈ ਧਿਆਇਦਾ ਦਿਨੁ ਰੈਨਿ ਜਪੰਥਾ ॥"** **ਪੰਨਾ 1101**

**ਭਾਵ ਅਰਥ :–** ਮੈਂ ਤਾਂ ਕੇਵਲ ਇਕ ਅਕਾਲ ਦੀ ਹਸਤੀ ਨੂੰ ਰਿਦੇ ਵਿਚ, ਧਿਆਨ ਦੁਆਰਾ ਧਿਆਉਂਦਾ ਹਾਂ ਤੇ ਰਾਤ ਦਿਨ ਨਾਮ ਵੀ ਉਸੇ ਦਾ ਹੀ ਜਪਦਾ ਹਾਂ।

ਨੌਵੇਂ ਪਾਤਸ਼ਾਹ ਦੀ ਬਾਣੀ ਵਿਚ ਵੀ ਉਪਰਲਾ ਸਿਧਾਂਤ ਹੀ ਨਿਰੂਪਣ ਕੀਤਾ ਗਿਆ ਹੈ।

**"ਬੇਦ ਪੁਰਾਨ ਜਾਸ ਗੁਨ ਗਾਵਤ ਤਾ ਕੋ ਨਾਮੁ ਹੀਐ ਮੋ ਧਰੁ ਰੇ ॥"** **ਪੰਨਾ 220**

**ਭਾਵ ਅਰਥ :–** ਹੇ ਪ੍ਰਾਣੀ ! ਜਿਸ ਪਾਰਬ੍ਰਹਮ ਦੇ ਗੁਣ, ਵੇਦ ਤੇ ਪੁਰਾਨ ਗਾ ਰਹੇ ਹਨ, ਉਸ ਦੇ ਨਾਮ ਦਾ ਧਿਆਨ ਜੋੜ ਕਰ ਹਿਰਦੇ ਵਿਚ ਧਾਰ। ਹੇ ਨਰ ! ਹੋਰ ਕਿਸੇ ਦਾ ਜਸ ਨਾ ਕਰ ਤੇ ਨਾ ਹੀ ਧਿਆਨ ਧਰ।

ਹੁਣ ਦਸਵੇ ਪਾਤਸ਼ਾਹ ਜੀ ਦੀ ਬਾਣੀ ਵਿਚਾਰੀਏ।

**"ਨਾਰਦ ਸੇ ਚਤੁਰਾਨਨ ਸੇ ਰੁਮਨਾ ਰਿਖਿ ਸੇ ਸਬਹੂੰ ਮਿਲਿ ਗਾਇਓ ॥**
**ਬੇਦ ਕਤੇਬ ਨ ਭੇਦ ਲਖਿਓ ਸਭ ਹਾਰ ਪਰੇ ਹਰਿ ਹਾਥ ਨਾ ਆਇਓ ॥**
**ਪਾਇ ਸਕੈ ਨਹੀਂ ਪਰ ਉਮਾਪਤ ਸਿਧ ਸਨਾਥ ਸਨੰਤਨ ਧਿਆਇਓ ॥**
**ਧਿਆਨ ਧਰੋ ਤਿਹ ਕੋ ਮਨ ਮੈ ਜਿਹ ਕੋ ਅਮਿਤੋਜ ਸਬੈ ਜਗੁ ਛਾਇਓ ॥ ॥**

**(ਅਕਾਲ ਉਸਤਤਿ 250–1)**

**ਭਾਵ ਅਰਥ :–** ਜਿਸ ਨਿਰੰਕਾਰ ਨੂੰ, ਨਾਰਦ, ਬ੍ਰਹਮਾ ਤੇ ਰੁਮਨਾ ਰਿਸ਼ੀ ਵਰਗਿਆਂ ਨੇ ਮਿਲ ਕੇ ਗਾਇਆ ਹੈ। ਜਿਸ ਦਾ ਭੇਦ, ਵੇਦਾਂ ਤੇ ਕਤੇਬਾਂ ਨੇ ਨਹੀਂ ਲਖਿਆ ਤੇ ਸਾਰੇ ਹੀ ਭੇਦ, ਲਭਦੇ

ਲਭਦੇ ਹਾਰ ਗਏ, ਪਰ ਉਹ ਨਿਰੰਕਾਰ ਹਥ ਨਹੀਂ ਆਇਆ। ਆਉਂਦਾ ਕਿਸ ਤਰ੍ਹਾਂ ? ਹੋਇਆ ਜੁ ਨਿਰ-ਅਕਾਰ ! ਉਮਾ ਦਾ ਪਤੀ ਇੰਦ੍ਰ, ਬੜੇ ਬੜੇ ਸਿਧ, ਸ੍ਰੇਸ਼ਟ ਨਾਥ ਤੇ ਸਨੰਤਨ ਕੁਮਾਰ ਆਦਿਕ ਵੀ ਉਸਦਾ ਪਾਰਾਵਾਰ ਨਹੀਂ ਪਾ ਸਕੇ। ਜੋ ਐਸੀ ਹਸਤੀ ਹੈ, ਉਸ ਦਾ ਹੀ ਧਿਆਨ, ਮਨ ਵਿਚ ਧਰੋ, ਜਿਸ ਦਾ ਅਮਿਤ ਬਲ ਸਾਰੇ ਜਗ ਵਿਚ ਛਾਇਆ ਹੋਇਆ ਹੈ।

**"ਕੋਊ ਦਿਜੇਸ ਕੋ ਮਾਨਤ ਹੈ ਅਰ ਕੋਊ ਮਹੇਸ ਕੋ ਏਸ ਬਤੈ ਹੈ ॥**

**ਕੋਊ ਕਹੈ ਬਿਸਨੋ ਬਿਸਨਾਇਕ ਜਾਹਿ ਭਜੇ ਅਘ ਓਘ ਕਟੈ ਹੈ ॥**

**ਬਾਰ ਹਜਾਰ ਬਿਚਾਰ ਅਰੇ ਜੜ ਅੰਤ ਸਮੇਂ ਸਭ ਹੀ ਤਜਿ ਜੈ ਹੈ ॥**

**ਤਾਂ ਹੀ ਕੋ ਧਿਆਨ ਪ੍ਰਮਾਣ ਹੀਏ ਜੋਊ ਥਾ ਅਬ ਹੈ ਅਰ ਆਗੈ ਊ ਹਵੈ ਹੈ ॥"**

**(33 ਸਵੱਈਏ ਪਾ: 10-16 ਵਾਂ)**

**ਭਾਵ ਅਰਥ :-** ਕੋਈ ਬ੍ਰਹਮਾ ਨੂੰ ਮੰਨ ਕਰ ਉਹਦਾ ਧਿਆਨ ਧਰਦਾ ਹੈ। ਕੋਈ ਸ਼ਿਵ ਜੀ ਨੂੰ ਈਸ਼ਵਰ ਦਸ ਕੇ, ਓਸ ਦਾ ਧਿਆਨ ਧਰਦਾ ਹੈ। ਕੋਈ ਵਿਸ਼ਨੂੰ ਨੂੰ ਸੰਸਾਰ ਦਾ ਮਾਲਕ ਜਾਣ ਕਰ ਧਿਆਉਂਦਾ ਹੈ, ਤੇ ਦਾਅਵਾ ਬੰਨ੍ਹਦਾ ਹੈ ਕਿ ਜਿਸ ਦੇ ਧਿਆਨ ਧਰਨ ਨਾਲ ਸਮੂੰਹ ਪਾਪ ਕਟ ਜਾਂਦੇ ਹਨ। ਹੇ ਮੂਰਖ ! ਇਕ ਵਾਰੀ ਨਹੀਂ, ਪਰੰਤੂ ਹਜ਼ਾਰ ਵਾਰੀ ਵਿਚਾਰ ਲੈ ਕਿ ਇਨ੍ਹਾ ਵਿਚੋਂ, ਅੰਤ ਸਮੇਂ ਕਿਸੇ ਨੇ ਨਹੀਂ ਨਿਭਣਾ। ਤੈਨੂੰ ਛਡ ਜਾਣਗੇ, ਤਾਂ ਤੇ ਤੂੰ ਉਸ ਦਾ ਧਿਆਨ ਮਨ ਵਿਚ ਪੱਕਾ ਕਰ ਜੋ ਸੀ, ਹੁਣ ਹੈ ਤੇ ਅਗੇ ਨੂੰ ਵੀ ਹੋਸੀ।

**ਯਥਾ :-**

**"ਜਾਗਤ ਜੋਤਿ ਜਪੈ ਨਿਸਬਾਸੁਰ ਏਕ ਬਿਨਾ ਮਨ ਨੈਕ ਨਾ ਆਨੈ ॥**

**ਪੂਰਨ ਪ੍ਰੇਮ ਪ੍ਰਤੀਤ ਸਜੈ ਪ੍ਰਤ ਗੋਰ ਮੜੀ ਮਠ ਭੂਲ ਨਾ ਮਾਨੈ ॥**

**ਤੀਰਥ ਦਾਨ ਦਇਆ ਤਪ ਸੰਜਮ ਏਕ ਬਿਨਾਂ ਨਹਿ ਏਕ ਪਛਾਨੈ ॥**

**ਪੂਰਨ ਜੋਤਿ ਜਗੈ ਘਟ ਮੈਂ ਤਬ ਖਾਲਸਾ ਤਾਹਿ ਨਖਾਲਸ ਜਾਨੈ ॥ (33 ਸਵੱਈਏ-1 ਪਾ: 10)**

**ਭਾਵ ਅਰਥ :-** ਖਾਲਸ ਉਹ ਹੈ ਜੋ ਜਾਗਤ ਜੋਤ ਨੂੰ ਜਾਪਦਾ ਹੈ। ਉਸ ਬਿਨਾਂ ਮਨ ਵਿਚ ਹੋਰ ਕਿਸੇ ਨੂੰ ਜ਼ਰਾ ਨਹੀਂ ਲਿਆਉਂਦਾ। ਉਸ ਜਾਗਦੀ ਜੋਤ ਨਾਲ ਪੂਰਨ ਪ੍ਰੇਮ ਤੇ ਪ੍ਰਤੀਤੀ ਦੁਆਰਾ ਆਪਣੇ ਆਪ ਨੂੰ ਸਜਾਵੇ। ਬਰਤ, ਕਬਰ, ਮੜ੍ਹੀ ਤੇ ਮਠਾਂ ਨੂੰ ਭੁੱਲ ਕੇ ਵੀ ਨਾ ਮੰਨੇ। ਤੀਰਥਾਂ ਤੇ ਜਾਣਾ, ਦਾਨ ਕਰਨੇ ਆਦਿਕ ਅਤੇ 'ਅਹਿੰਸਾ ਪਰਮੋ ਧਰਮਾ' ਅਥਵਾ ਦਇਆ ਧਾਰ ਲੈਣੀ, ਤਪ ਤੇ ਹਠ ਨਿਗ੍ਰਹ ਕਿਰਿਆਵਾਂ ਸਾਧਨੀਆਂ ਆਦਿਕ, ਭੁਲ ਕੇ ਵੀ, ਕੇਵਲ ਇਕ ਨਿਰੰਕਾਰ ਤੋਂ ਬਿਨਾ, ਹੋਰ ਕੁਝ ਨਾ ਪਛਾਣੇ। ਜਿਸ ਹਿਰਦੇ ਵਿਚ ਪੂਰਨ ਜੋਤ ਜਗ ਮਗਾ ਉਠੇ, ਉਸੇ ਨੂੰ ਖਾਲਸਾ ਸ਼ੁਧ ਖਾਲਸ ਜਾਣੇ।

**"ਜੋ ਨਿਜ ਪ੍ਰਭ ਮੋ ਸੋ ਕਹਾ ਸੋ ਕਹਿਹੋ ਜਗ ਮਾਹਿ ॥**

**ਜੋ ਤਿਹ ਪ੍ਰਭ ਕੋ ਧਿਆਇ ਹੈ ਅੰਤ ਸੁਰਗ ਕੋ ਜਾਹਿ ॥"** **(ਪਾ: 10)**

**ਭਾਵ ਅਰਥ :-** ਜੋ ਖੁਦ ਪ੍ਰਭੂ ਨੇ ਮੈਨੂੰ ਕਹਿਆ ਹੈ, ਉਹੀ ਮੈ ਜਗਤ ਨੂੰ ਕਹਿ ਰਹਿਆ ਹਾਂ। ਜੋ ਉਸ ਪ੍ਰਭੂ ਨੂੰ ਧਿਆਉਣਗੇ, ਉਹ ਸੁਰਗ ਵਿਚ ਜਾਣਗੇ।

**"ਜੋ ਜੋ ਤੁਮਰੇ ਧਿਆਨ ਕੋ ਨਿਤ ਉਠਿ ਧਿਐ ਹੈਂ ਸੰਤ ॥**

**ਅੰਤ ਲਹੈਂਗੇ ਮੁਕਤਿ ਫਲ ਪਾਵਹਿਗੇ ਭਗਵੰਤ ॥"** **(ਚੰਡੀ ਚਰਿਤ੍ਰ 262-1)**

**ਭਾਵ ਅਰਥ :-** ਜਿਹੜੇ ਸੰਤ ਨਿਤ ਉਠ ਕਰ ਨਿਰੰਕਾਰ ਨੂੰ ਧਿਆਉਂਦੇ ਹਨ, ਉਹੀ ਹੀ ਅੰਤ ਵਿਚ ਭਗਵਾਨ ਨੂੰ, ਉਸ ਦੇ ਧਿਆਨ ਧਾਰਨ ਦੇ ਫਲ ਸਰੂਪ, ਪਾ ਲੈਣਗੇ।

ਫਿਰ ਬਚਿਤ੍ਰ ਨਾਟਕ ਵਿਚ ਸ੍ਰੀ ਹਜ਼ੂਰ ਫੁਰਮਾਉਂਦੇ ਹਨ :-

"ਨ ਧਿਆਨ ਆਨ ਕੋ ਧਰੋ ॥ ਨ ਨਾਮ ਆਨ ਉਚਰੌ ॥ ॥

ਪਰਮ ਧਿਆਨ ਧਾਰੀਐਂ ॥ ਅਨੰਤ ਪਾਪ ਟਾਰੀਐਂ ॥ ॥

(ਬਚਿਤ੍ਰ ਨਾਟਕ, ਅਧਿਆਇ-1, 15-3)

**ਭਾਵ ਅਰਥ :-** ਕਿਸੀ ਹੋਰ ਦਾ ਧਿਆਨ ਨਾ ਧਰੋ। ਨਾ ਹੀ ਮੈ ਧਰਦਾ ਹਾਂ। ਨਾ ਹੀ ਕੋਈ ਨਾਮ ਉਚਰੋ ਤੇ ਨਾ ਮੈ ਉਚਾਰਦਾ ਹਾਂ। ਜੋ ਸਭ ਤੋਂ ਵਡਾ ਹੈ, ਉਸ ਦਾ ਧਿਆਨ ਧਾਰਨਾ ਚਾਹੀਦਾ ਹੈ। ਇਸ ਨਾਲ ਬੇਅੰਤ ਪਾਪ ਨਸ਼ਟ ਹੋ ਜਾਂਦੇ ਹਨ।

"ਜਿਨ ਜਿਨ ਨਾਮ ਤਿਹਾਰੋ ਧਿਆਇਆ ॥

ਦੂਖ ਪਾਪ ਤਿਨ ਨਿਕਟਿ ਨ ਆਇਆ ॥" (ਬਚਿਤ੍ਰ ਨਾਟਕ, ਅਧਿਆਇ-6, 41-1)

**ਭਾਵ ਅਰਥ :-** ਜਿਸ ਜਿਸ ਨੇ ਪਰਮੇਸ਼ਰ ਦਾ ਨਾਮ ਧਿਆਇਆ ਹੈ, ਉਨ੍ਹਾਂ ਦੇ ਨੇੜੇ ਕੋਈ ਦੁਖ ਪਾਪ ਨਹੀਂ ਆਇਆ।

"ਜੇ ਜੇ ਅਉਰ ਧਿਆਨ ਕੋ ਧਰਹੀ ॥

ਬਹਿਸ ਬਹਿਸ ਬਾਦਨ ਤੇ ਮਰਹੀ ॥" ਪਾ: 10

(ਬਚਿਤ੍ਰ ਨਾਟਕ, ਅਧਿਆਇ-6, 41-1)

**ਭਾਵ ਅਰਥ :-** ਜਿਹੜੇ ਜਿਹੜੇ ਇਕ ਨਿਰੰਕਾਰ ਦਾ ਧਿਆਨ ਛਡ ਕਰ ਹੋਰ ਕਿਸੇ ਦਾ ਧਾਰਦੇ ਹਨ, ਤੇ ਹੋਰਾਂ ਨੂੰ ਵੀ ਨਿਰੰਕਾਰ ਦੇ ਧਿਆਨ ਲਈ ਵਰਜਦੇ ਹਨ। ਬਹਿਸਾਂ ਕਰਦੇ ਹਨ। ਉਹ ਬਹਿਸਾਂ ਵਿਚ ਝਗੜ ਕੇ, ਡਾਂਗ ਸੋਟੀ ਹੁੰਦੇ ਹਨ ਤੇ ਮਰਦੇ ਮਰਾਂਦੇ ਹਨ।

"ਤੁਮਹਿ ਛਾਵਿ ਕੋਈ ਅਵਰ ਨ ਧਿਆਊਂ ॥

ਜੋ ਬਰ ਚਹੋਂ ਸੋ ਤੁਮ ਤੇ ਪਾਊਂ ॥" (ਚਰਿਤ੍ਰ 405, 380-1)

**ਭਾਵ ਅਰਥ :-** ਆਪ ਜੀ ਨੂੰ ਛੱਡ ਕੇ, ਮੈਂ ਹੋਰ ਕਿਸੇ ਨੂੰ ਨਹੀਂ ਧਿਆਉਂਦਾ। ਜੋ ਮੁਰਾਦ ਮੰਗਦਾ ਹਾਂ, ਆਪ ਜੀ ਤੋ ਪਾਉਂਦਾ ਹਾਂ। 'ਪ੍ਰਣਵੋ ਆਦਿ ਏਕੰਕਾਰਾ' ਵਾਲੀ ਚੌਪਾਈ ਸਾਰੀ ਦੀ ਸਾਰੀ ਨਿਰੰਕਾਰ ਦੇ ਗੁਣਾਂ ਦੀ ਦਰਸਾਈ ਹੋਈ ਹੈ ਤੇ ਅੰਤ ਵਿਚ ਫੁਰਮਾਇਆ ਹੈ ਕਿ ਉਪਰਲੇ ਗੁਣਾਂ ਵਾਲੀ ਹਸਤੀ ਨੂੰ ਜਿਸ ਨੇ :-

"ਏਕ ਚਿੱਤ ਜਿਹ ਇਕ ਛਿਨ ਧਿਆਯੋ ॥

ਕਾਲ ਫਾਸ ਕੇ ਬੀਚ ਨ ਆਯੋ ॥" (ਅਕਾਲ ਉਸਤਤਿ-10-3)

**ਭਾਵ ਅਰਥ :-** ਜਿਸ ਨੇ ਐਸੇ ਨਿਰੰਕਾਰ ਜੀ ਨੂੰ ਇਕਾਗਰ ਚਿਤ ਹੋ ਕਰ ਧਿਆਇਆ ਹੈ ਅਤੇ ਇਕ ਛਿਨ ਵੀ ਧਿਆਨ ਤੋਂ ਦੂਰ ਨਹੀਂ ਹੋਣ ਦਿਤਾ ਭਾਵ ਲਗਾਤਾਰੀ (Constantly) ਧਿਆਇਆ ਹੈ, ਉਹ ਕਾਲ ਦੀ ਫਾਸੀ ਤੋਂ ਸੁਤੰਤਰ ਹੋ ਗਿਆ ਹੈ ਤੇ ਮੁੜ ਕੇ ਜਨਮ ਵਿਚ ਨਹੀਂ ਆਇਆ।

ਜਿਹੜੇ ਸੱਜਣ ਗੁਰੂ ਸਾਹਿਬਾਨ ਦੀਆਂ ਤਸਵੀਰਾਂ ਦਾ ਧਿਆਨ ਧਰਦੇ ਹਨ, ਉਨ੍ਹਾਂ ਦਾ ਕਹਿਣਾ ਹੈ ਕਿ ਗੁਰਬਾਣੀ ਵਿਚ ਧਿਆਨ 'ਗੁਰ ਕੀ ਮੂਰਤਿ ਤੇ ਰਖਣ ਲਈ ਸਪੱਸ਼ਟ ਹੁਕਮ ਹੈ।' ਇਸ ਦੀ ਪੁਸ਼ਟੀ ਲਈ ਉਹ ਪ੍ਰਮਾਣ ਦਿੰਦੇ ਹਨ :-

"ਗੁਰ ਕੀ ਮੂਰਤਿ ਮਨ ਮਹਿ ਧਿਆਨੁ ॥

ਗੁਰ ਕੈ ਸਬਦਿ ਮੰਤ੍ਰੁ ਮਨੁ ਮਾਨ ॥

**ਗੁਰ ਕੇ ਚਰਨ ਰਿਦੈ ਲੈ ਧਾਰਉ ॥**

**ਗੁਰੁ ਪਾਰਬ੍ਰਹਮੁ ਸਦਾ ਨਮਸਕਾਰਉ ॥"** ਪੰਨਾ 864

**"ਗੁਰ ਮੂਰਤਿ ਸਿਉ ਲਾਇ ਧਿਆਨੁ ॥**

**ਈਹਾ ਊਹਾ ਪਾਵਹਿ ਮਾਨੁ ॥"** ਪੰਨਾ 192

ਜੋ ਸਜਣ ਜਿਉਂਦੀ ਜਾਗਦੀ ਦੇਹ ਤੇ ਧਿਆਨ ਲਈ ਪਰਚਾਰ ਕਰਦੇ ਹਨ, ਉਹ ਇਸ ਦੀ ਪ੍ਰੋੜ੍ਹਤਾ ਲਈ ਇਹ ਪ੍ਰਮਾਣ ਦਿੰਦੇ ਹਨ :-

**"ਅਕਾਲ ਮੂਰਤਿ ਹੈ ਸਾਧ ਸੰਤਨ ਕੀ**

**ਠਾਹਰ ਨੀਕੀ ਧਿਆਨ ਕਉ ॥"** ਪੰਨਾ 1208

ਹੁਣ ਇਸ ਤੇ ਵਿਚਾਰ ਕਰੀਏ। ਇਸ ਸ਼ਬਦ ਵਿਚ ਪਦ 'ਗੁਰ', 'ਮੂਰਤਿ' ਤੇ 'ਚਰਨ' ਆਏ ਹਨ। ਇਹ ਇਕ ਮੰਨੀ ਪਰਮੰਨੀ ਸਚਾਈ ਹੈ ਕਿ ਇਕ ਪਦ ਦੇ ਅਰਥ, ਹਰ ਇਕ ਭਾਸ਼ਾ ਵਿਚ, ਕਈ ਹੁੰਦੇ ਹਨ। ਪਰਕਰਣ (Context) ਦੇ ਮੁਤਾਬਕ ਉਨ੍ਹਾਂ ਦੇ ਅਰਥ ਲਗਦੇ ਹਨ। ਦ੍ਰਿਸ਼ਟਾਂਤ ਵਜੋਂ ਪਦ 'ਧਨ' ਹੀ ਲੈ ਲਵੋ, ਇਸ ਦੇ ਕਈ ਅਰਥ ਹਨ। ਪਹਿਲਾਂ ਧਨ ਦਾ ਅਰਥ ਹੈ, ਸੰਪੈ ਅਰਥਾਤ ਦੌਲਤ। ਦੂਜਾ ਹੈ ਇਸਤ੍ਰੀ 'ਧਨ ਪਿਰ ਕਾ ਇਕ ਹੀ ਸੰਗਿ ਵਾਸਾ।' ਤੀਜਾ ਹੈ ਧੰਨਤਾ ਯੋਗ। ਇਸੇ ਤਰ੍ਹਾਂ ਕੋਸ਼ਾਂ ਵਿਚ ਹੋਰ ਵੀ ਅਰਥ ਹਨ। ਪਦ 'ਧਨ' ਦੇ ਅਰਥ ਪਰਕਰਣ ਅਨੁਸਾਰ ਲਗਾਏ ਜਾਂਦੇ ਹਨ। ਜੋ ਕਿਸੇ ਨੂੰ 'ਧਨ' ਪਦ ਦੇ ਅਰਥ ਕੇਵਲ ਇਕ ਹੀ ਆਉਂਦੇ ਹੋਣ, ਤਾਂ ਉਹ, ਉਸੀ ਅਰਥ ਨੂੰ ਸਦਾ ਲਾਵੇ ਤਾਂ ਸਿਆਣੇ ਉਹਨੂੰ ਮੂਰਖ ਗਿਣਦੇ ਹਨ। ਇਸੇ ਤਰ੍ਹਾਂ ਪਦ 'ਗੁਰੂ', 'ਚਰਨ' ਦੇ ਹੋਰ ਅਰਥ ਵੀ ਹਨ, ਪਰੰਤੂ ਹੋਰ ਅਰਥਾਂ ਵਲ ਧਿਆਨ ਉਸੇ ਦਾ ਜਾਂਦਾ ਹੈ, ਜਿਹੜਾ ਉਨ੍ਹਾਂ ਨੂੰ ਜਾਣਦਾ ਹੋਵੇ। ਨਹੀਂ ਤਾਂ ਕੁਦਰਤੀ ਹੀ ਸਿਖੇ, ਪੜ੍ਹੇ, ਸਮਝੇ ਅਰਥ ਵਲ ਧਿਆਨ ਜਾਊ। ਦ੍ਰਿਸ਼ਟਾਂਤ ਦੇ ਤੌਰ ਤੇ, ਕਿਸੇ ਕਸ਼ਮੀਰੀ ਨੂੰ ਤੁਸੀਂ ਪਦ 'ਗਾਡ' (God) ਆਖੋ, ਤਾਂ ਉਸ ਦਾ ਧਿਆਨ ਤੁਰੰਤ ਮੱਛੀ ਵਲ ਜਾਊ ਤੇ ਸਮਝੂ ਕਿ ਇਹ ਮੱਛੀ ਆਖਦਾ ਹੈ। ਕਿਉਂਕਿ ਮੱਛੀ ਨੂੰ ਕਸ਼ਮੀਰੀ ਭਾਸ਼ਾ ਵਿਚ 'ਗਾਡ' ਆਖਦੇ ਹਨ। ਇਸ ਦੇ ਉਲਟ ਜੇ ਕਸ਼ਮੀਰੀ ਗਾਡ (God) ਪਦ ਦੀ ਵਰਤੋਂ, ਮੱਛੀ ਦੇ ਭਾਵ ਵਿਚ ਕਿਸੇ ਅੰਗਰੇਜ਼ ਨੂੰ ਆਖੇ, ਜਿਸ ਨੇ ਕਦੀ (God) ਦੇ ਅਰਥ ਮੱਛੀ ਨਹੀਂ ਪੜ੍ਹੇ ਸੁਣੇ ਤਾਂ ਉਸ ਦਾ ਗਾਡ (God) ਉਚਾਰਣ ਵੇਲੇ, ਤੁਰੰਤ ਧਿਆਨ ਰੱਬ ਵਲ ਜਾਏਗਾ ਤੇ ਸਮਝੇਗਾ ਕਿ ਇਹ ਰੱਬ ਆਖਦਾ ਹੈ। ਜਦ ਕਸ਼ਮੀਰੀ, ਅੰਗਰੇਜ਼ ਨੂੰ ਪੁਛਸੀ ਕਿ ਕੀ ਆਪ ਨੂੰ ਗਾਡ (God) ਚਾਹੀਏ ? ਤਾਂ ਅਗਰੇਜ਼ ਹੈਰਾਨ ਹੋਸੀ ਕਿ ਇਹ ਕੀ ਪਾਗਲਪਨ ਦੀ ਗੱਲ ਪੁਛਦਾ ਹੈ ਕਿ ਰੱਬ ਚਾਹੀਏ ? ਭੁਲੇਖਾ ਕਿਉਂ ਪਿਆ ? ਇਸ ਲਈ ਕਿ ਦੋਹਾਂ ਸਜਣਾਂ ਨੂੰ ਪਦ (God) ਗਾਡ ਦੇ ਇਕੋ ਇਕ ਅਰਥ ਹੀ ਆਉਂਦੇ ਹਨ। ਇਸੇ ਤਰ੍ਹਾਂ ਉਹ ਸੱਜਣ ਸਦਾ ਇਕੋ ਅਰਥ, ਇਨ੍ਹਾਂ ਤਿੰਨਾਂ ਪਦਾਂ 'ਗੁਰੂ', 'ਮੂਰਤਿ', 'ਚਰਨ' ਦੇ ਲਾ ਲੈਂਦੇ ਹਨ। ਆਓ, ਹੁਣ ਆਪਾਂ ਵਿਚਾਰੀਏ ਕਿ ਇਨ੍ਹਾਂ ਦੇ ਹੋਰ ਅਰਥ ਕੀ ਹਨ ? ਗੁਰੂ ਦੀ ਵਿਆਖਿਆ (Definition) ਗੁਰੂ ਅਰਜਨ ਸਾਹਿਬ ਇਸ ਪ੍ਰਕਾਰ ਕਰਦੇ ਹਨ :-

**"ਗੁਰੁ ਸਮਰਥੁ ਗੁਰੁ ਨਿਰੰਕਾਰੁ ਗੁਰੁ ਊਚਾ ਅਗਮ ਅਪਾਰੁ ॥**

**ਗੁਰ ਕੀ ਮਹਿਮਾ ਅਗਮ ਹੈ ਕਿਆ ਕਥੇ ਕਥਨਹਾਰੁ ॥"** ਪੰਨਾ 52

**ਭਾਵ ਅਰਥ :-** ਗੁਰੂ ਕੇਵਲ ਨਿਰੰਕਾਰ ਸਮਰਥ ਹੈ, ਜੋ ਉਚਾ, ਮਨ, ਬੁਧੀ ਤੋਂ ਪਰੇ ਹੈ। ਐਸੇ ਗੁਰੂ ਕੀ ਮਹਿਮਾ ਅਗੰਮ ਹੈ। ਕਥਨਹਾਰ ਕੀ ਕਥ ਸਕਦਾ ਹੈ ?

**"ਗੁਰੁ ਦਾਤਾ ਸਮਰਥੁ ਗੁਰੁ ਗੁਰੁ ਸਭ ਮਹਿ ਰਹਿਆ ਸਮਾਇ ॥**

**ਗੁਰੁ ਪਰਮੇਸਰੁ ਪਾਰਬ੍ਰਹਮੁ ਗੁਰੁ ਡੁਬਦਾ ਲਏ ਤਰਾਇ ॥......**

**ਗੁਰ ਨਾਲਿ ਤੁਲਿ ਨ ਲਗਈ ਖੋਜਿ ਡਿਠਾ ਬ੍ਰਹਮੰਡੁ ॥"** ਪੰਨਾ 49

**ਭਾਵ ਅਰਥ :-** ਗੁਰੂ ਦਾਤਾਰ ਹੈ, ਸਮਰੱਥ ਹੈ, ਸਭ ਵਿਚ ਸਮਾਇਆ ਹੋਇਆ ਹੈ, ਪਰਮੇਸਰੁ ਆਪ ਹੈ ਤੇ ਪਾਰਬ੍ਰਹਮ ਹੈ। ਮਾਇਆ ਦੇ ਸਮੁੰਦਰ ਵਿਚੋਂ ਡੁਬਦਾ ਤਰਾ ਲੈਂਦਾ ਹੈ। ਐਸੇ

ਅਪਰੰਪਰ, ਪਾਰਬ੍ਰਹਮ, ਪਰਮੇਸ਼ਰ ਨਿਰੰਕਾਰ ਗੁਰੂ ਦੇ ਹੋਰ ਕੋਈ ਬਰਾਬਰ ਨਹੀਂ। ਮੈਂ ਸਾਰਾ ਬ੍ਰਹਮੰਡ ਚੰਗੀ ਤਰ੍ਹਾਂ ਖੋਜ ਕੇ ਵੇਖ ਲਿਆ ਹੈ।

**"ਗੁਰੁ ਨਾਰਾਇਣੁ ਦਯੁ ਗੁਰੁ ਗੁਰੁ ਸਚਾ ਸਿਰਜਣਹਾਰੁ ॥"** ਪੰਨਾ 218

**ਭਾਵ ਅਰਥ :–** ਗੁਰੂ ਕੇਵਲ ਨਾਰਾਇਣ ਹੈ। ਉਹ ਪਰਕਾਸ਼ ਰੂਪ ਹੈ, ਸਦਾ ਸਥਿਰ ਹੈ ਤੇ ਸਿਸ਼੍ਰਟੀ ਦਾ ਰਚਨਹਾਰ ਹੈ।

**"ਗੁਰੁ ਪਾਰਬ੍ਰਹਮੁ ਪਰਮੇਸਰੁ ਆਪਿ ॥**

**ਆਠ ਪਹਰ ਨਾਨਕ ਗੁਰ ਜਾਪਿ ॥"** ਪੰਨਾ 387

**ਭਾਵ ਅਰਥ :–** ਗੁਰੂ ਕੇਵਲ ਪਾਰਬ੍ਰਹਮ ਪਰਮੇਸ਼ਰ ਆਪ ਹੈ। ਹੋਰ ਕੋਈ ਨਹੀਂ। ਐਸੇ ਗੁਰੂ ਨੂੰ ਆਠ ਪਹਿਰ ਜਪ।

**"ਗੁਰੁ ਪਰਮੇਸਰੁ ਏਕੁ ਹੈ ਸਭ ਮਹਿ ਰਹਿਆ ਸਮਾਇ ॥"** ਪੰਨਾ 53

**ਭਾਵ ਅਰਥ :–** ਗੁਰੂ ਪਰਮੇਸ਼ਰ ਕੇਵਲ ਇਕ ਹੈ। ਹੋਰ ਕੋਈ ਨਹੀਂ। ਉਹ ਸਾਰਿਆਂ ਵਿਚ ਸਮਾਇਆ ਹੋਇਆ ਹੈ।

**"ਸਤਿਗੁਰੁ ਮੇਰਾ ਸਦਾ ਸਦਾ ਨਾ ਆਵੈ ਨ ਜਾਇ ॥**

**ਓਹੁ ਅਬਿਨਾਸੀ ਪੁਰਖੁ ਹੈ ਸਭ ਮਹਿ ਰਹਿਆ ਸਮਾਇ ॥"** ਪੰਨਾ 759

**ਭਾਵ ਅਰਥ :–** ਮੇਰਾ ਸਤਿਗੁਰੂ ਸਦਾ ਕਾਇਮ ਹੈ। ਨਾ ਜੰਮਦਾ ਹੈ, ਨਾ ਮਰਦਾ ਹੈ। ਨਾਸ਼ ਰਹਿਤ ਹੈ। ਸਰਬ ਸ਼ਕਤੀਮਾਨ ਹੈ। ਸਭ ਵਿਚ ਸਮਾਇਆ ਹੋਇਆ ਹੈ।

**"ਗੁਰੁ ਦਾਤਾ ਗੁਰੁ ਹਿਵੈ ਘਰੁ ਗੁਰੁ ਦੀਪਕੁ ਤਿਹ ਲੋਇ ॥**

**ਅਮਰ ਪਦਾਰਥੁ ਨਾਨਕਾ ਮਨਿ ਮਾਨਿਐ ਸੁਖੁ ਹੋਇ ॥"** ਪੰਨਾ 137

**ਭਾਵ ਅਰਥ :–** ਪਹਿਲੀ ਪਾਤਸ਼ਾਹੀ ਜੀ ਨੇ ਗੁਰੂ ਨੂੰ ਦਾਤਾ, ਬਰਫ ਦਾ ਘਰ ਤੇ ਪਰਕਾਸ਼ ਰੂਪ, ਤਿੰਨਾਂ ਲੋਕਾਂ ਵਿਚ ਵਿਆਪਕ ਫੁਰਮਾਇਆ ਹੈ। ਗੁਰੂ ਮਰਨ ਤੋਂ ਰਹਿਤ ਪਦਾਰਥ ਹੈ। ਹੇ ਨਾਨਕ ! ਐਸੇ ਗੁਰੂ ਨੂੰ ਮਨ ਵਿਚ ਟਿਕਾਈਏ ਤਾਂ ਸਰਬ ਸੁਖ ਮਿਲ ਜਾਣਗੇ।

**"ਗੁਰੁ ਦੇਵਾ ਗੁਰੁ ਅਲਖ ਅਭੇਵਾ**

**ਤ੍ਰਿਭਵਣ ਸੋਝੀ ਗੁਰ ਕੀ ਸੇਵਾ ॥"** ਪੰਨਾ 1125

**ਭਾਵ ਅਰਥ :–** ਗੁਰੂ ਕੌਣ ਹੈ ? ਗੁਰੂ ਪਰਕਾਸ਼ ਰੂਪ ਹੈ। ਗੁਰੂ ਸਮਝ ਤੋਂ ਪਰੇ ਹੈ। ਗੁਰੂ ਭੇਦ ਰਹਿਤ ਹੈ। ਐਸੇ ਗੁਰੂ ਦੇ ਜਪ ਨਾਲ, ਤਿੰਨਾਂ ਭਵਨਾ ਦੀ ਸੋਝੀ ਹੋ ਆਉਂਦੀ ਹੈ।

ਉਪਰੋਕਤ ਦੋਨੋ ਪਰਮਾਣ ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਹਨ। ਉਨ੍ਹਾਂ ਨੇ 'ਗੁਰੂ' ਪਦ ਕੇਵਲ ਪਾਰਬ੍ਰਹਮ ਪਰਮੇਸ਼ਰ ਨਿਰੰਕਾਰ ਲਈ ਹੀ ਵਰਤਿਆ ਹੈ ਤੇ ਜਿਸ ਦੀ ਹੋਰ ਵਿਆਖਿਆ ਦੂਜੇ ਗੁਰੂ ਸਾਹਿਬਾਨ ਨੇ ਕੀਤੀ ਹੈ। ਇਨ੍ਹਾਂ ਪਰਮਾਣਾ ਤੋ ਬਿਲਕੁਲ ਸਿਧ ਹੋਇਆ, ਕਿ ਗੁਰੂ ਪਦ ਦੇ ਅਰਥ ਰੱਬ ਹਨ।

ਹੁਣ ਲਵੋ ਪਦ 'ਮੂਰਤਿ'। ਇਸ ਦੇ ਕਈ ਅਰਥਾਂ ਵਿਚੋਂ, ਸਾਡੇ ਸਮਝਣ ਲਈ, ਇਹ ਅਰਥ ਜ਼ਰੂਰੀ ਹਨ। ਪਹਿਲਾ ਅਰਥ ਹੈ, ਤਸਵੀਰ। ਦੂਸਰਾ ਅਰਥ ਹੈ, ਵਿਅਕਤੀ। ਤੀਸਰਾ ਅਰਥ ਹੈ, ਹਸਤੀ। ਅਣਹੋਂਦ ਦੇ ਮੁਕਾਬਲੇ ਵਿਚ ਹੋਂਦ। ਚੌਥਾ ਅਰਥ ਹੈ, ਸ਼ਬਦ, 'ਗੁਰ ਮੂਰਤਿ ਗੁਰ ਸਬਦ ਹੈ।' (ਭਾਈ ਗੁਰਦਾਸ ਜੀ)। ਮੂਲ ਮੰਤ੍ਰ ਵਿਚ ਨਿਰੰਕਾਰ ਜੀ ਨੂੰ 'ਅਕਾਲ ਮੂਰਤਿ' ਦਸਿਆ ਹੈ। ਇਥੇ ਅਰਥ ਹੋਏ, ਕਾਲ ਤੋਂ ਰਹਿਤ ਜੋ ਹੋਂਦ (ਹਸਤੀ, Reality, Entity) ਹੈ। ਮਾਰੂ ਸੋਹਲਿਆਂ ਵਿਚ, ਗੁਰੂ ਸਾਹਿਬ ਜੀ ਫੁਰਮਾਉਂਦੇ ਹਨ।

**"ਅਮੋਘ ਦਰਸਨ ਆਜੂਨੀ ਸੰਭਉ ॥**

ਅਕਾਲ ਮੂਰਤਿ ਜਿਸੁ ਕਦੇ ਨਾਹੀ ਖਉ ॥" ਪੰਨਾ 1082

**ਭਾਵ ਅਰਥ :–** ਉਹ ਹਸਤੀ ਐਸੀ ਹੈ, ਜਿਸ ਤੇ ਕਾਲ ਹਾਵੀ ਨਹੀਂ ਤੇ ਨਾ ਹੀ ਕਦੀ ਨਾਸ਼ ਹੁੰਦੀ ਹੈ। ਅਮੋਘ ਦਰਸ਼ਨ ਰੂਪ ਹੈ, ਅਜੂਨੀ ਹੈ ਤੇ ਸੁਤੇ ਪਰਕਾਸ਼ ਹੈ।

ਤਾਂ ਤੇ 'ਮੂਰਤਿ' ਪਦ ਦੇ ਅਰਥ, ਹੋਂਦ ਤੇ ਹਸਤੀ ਵੀ ਹੁੰਦੇ ਹਨ, ਇਹ ਗੱਲ ਸਿੱਧ ਹੋਈ।

ਹੁਣ ਲਈਏ ਪਦ 'ਚਰਨ'। ਇਸ ਦੇ ਕਈ ਅਰਥਾਂ ਵਿਚੋਂ ਦੋ ਵੱਡੇ ਅਰਥ ਹਨ। ਪਹਿਲਾ ਅਰਥ ਹੈ, ਹਾਡ ਮਾਸ ਨਾੜੀ ਦੇ ਪਿੰਜਰ ਵਾਲੇ ਪੈਰ। ਦੂਜੇ ਅਰਥ ਸ਼ਬਦ, ਉਪਦੇਸ਼, ਗੁਰਵਾਕ, ਗੁਰਬਾਣੀ, ਗੁਰਬਚਨ। ਦੂਜੇ ਅਰਥਾਂ ਲਈ, ਬਾਹਰਲੇ ਕੋਸ਼ ਵੇਖਣ ਦੀ ਲੋੜ ਨਹੀਂ। ਗੁਰੂ ਗ੍ਰੰਥ ਸਾਹਿਬ ਜੀ ਦੇ ਮਹਾਨ ਕੋਸ਼ ਵਿਚ ਹੀ ਅਰਥ ਦਿਤੇ ਹੋਏ ਹਨ।

ਇਥੇ ਇਕ ਹੱਡ ਬੀਤੀ ਘਟਨਾ ਦਾ ਜ਼ਿਕਰ ਜ਼ਰੂਰੀ ਹੈ। ਇਕ ਵਿਦਵਾਨ ਸਿੱਖ ਸਜੱਣ, ਜੋ ਤਸਵੀਰ ਦਾ ਧਿਆਨ ਧਰਦੇ ਸਨ, ਆਖਣ ਲਗੇ ਕਿ 'ਛਡੋ ਜੀ ! ਖਿਚ ਕੇ ਅਰਥ ਨਾ ਕਰੋ।' 'ਗੁਰ ਦੇ ਚਰਨ ਕਮਲ ਨਮਸਕਾਰਿ' ਦਾ ਸਿੱਧਾ ਅਰਥ ਦੇਹ ਵਾਲੇ ਪੈਰ ਹਨ। ਸੋ ਗੁਰੂ ਨਾਨਕ ਦੀ ਮੂਰਤਿ ਦੇ ਪੈਰ ਰਿਦੇ ਵਿਚ ਧਾਰਨ ਦਾ ਹੁਕਮ ਹੈ। ਯਥਾ : 'ਗੁਰ ਕੇ ਚਰਨ ਰਿਦੈ ਲੈ ਧਾਰਉ।' ਦਾਸ ਨੇ ਉਤਰ ਵਿਚ ਬੇਨਤੀ ਕੀਤੀ ਕਿ ਜੀਓ ਜੀ ! ਜੇ ਇਹ ਇਕੋ ਅਰਥ ਮੰਨ ਵੀ ਲਏ ਜਾਣ ਤਾਂ ਫਿਰ ਜੋ ਪਹਿਲੀ ਪਾਤਸ਼ਾਹੀ ਨੇ ਇਹ ਤੁਕ ਲਿਖੀ ਹੈ ਕਿ :–

" ਗੁਰ ਕੀ ਚਰਣੀ ਲਗਿ ਰਹੁ
ਵਿਚਹੁ ਆਪੁ ਗਵਾਇ ॥" ਪੰਨਾ 61

ਦੇ ਅਰਥਾਂ ਅਨੁਸਾਰ ਤਾਂ ਗੁਰੂ ਨਾਨਕ ਪਾਤਸ਼ਾਹ ਜੀ ਦਾ ਵੀ ਦੇਹਧਾਰੀ ਗੁਰੂ ਮੰਨਣਾ ਪਵੇਗਾ। ਪਰੰਤੂ ਇਹ ਗੱਲ ਸ੍ਰੀ ਹਜ਼ੂਰ ਦੇ ਆਪਣੇ ਕਥਨ ਤੋਂ ਉਲਟ ਹੈ, ਜੋ ਇਸ ਤਰ੍ਹਾਂ ਹੈ :–

"ਅਪਰੰਪਰ ਪਾਰਬ੍ਰਹਮੁ ਪਰਮੇਸਰੁ
ਨਾਨਕ ਗੁਰੁ ਮਿਲਿਆ ਸੋਈ ਜੀਉ ॥" ਪੰਨਾ 599

ਸ੍ਰੀ ਹਜ਼ੂਰ ਤਾਂ ਆਪਣਾ ਗੁਰੂ ਅਪਰੰਪਰ ਪਾਰਬ੍ਰਹਮ ਪਰਮੇਸ਼ਰ ਆਖਦੇ ਹਨ, ਜੋ ਉਨ੍ਹਾਂ ਨੂੰ ਮਿਲੇ ਹਨ। ਫਿਰ ਇਕ ਥਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਹਜ਼ੂਰ ਫੁਰਮਾਉਂਦੇ ਹਨ :–

"ਸਤਿਗੁਰ ਕੀ ਮੂਰਤਿ ਹਿਰਦੈ ਵਸਾਏ ॥
ਜੋ ਇਛੈ ਸੋਈ ਫਲੁ ਪਾਏ ॥" ਪੰਨਾ 661

ਸੋ ਇਸ ਅਨੁਸਾਰ ਵੀ ਗੁਰੂ ਨਾਨਕ ਦੇਵ ਜੀ ਦਾ ਦੇਹਧਾਰੀ ਗੁਰੂ ਹੋਣਾ ਚਾਹੀਦਾ ਹੈ। ਇਹ ਸੁਣ ਕਰ ਉਹ ਸਜਨ ਜੀ ਠਠੰਬਰੇ। ਦਾਸ ਨੇ ਫਿਰ ਬੇਨਤੀ ਕੀਤੀ ਕਿ ਵੀਰ ਜੀਉ, ਜੇ ਚਰਨ ਦੇ ਅਰਥ ਦੇਹ ਦੇ ਚਰਨ ਹੀ ਹਨ ਤੇ ਹੋਰ ਕੋਈ ਅਰਥ ਨਹੀਂ, ਤਾਂ ਫਿਰ ਰੱਬ ਜੀ ਦੇ ਵੀ ਚਰਨ ਮੰਨਣੇ ਪੈਣਗੇ, ਜੋ ਉਕਾ ਹੀ, ਗੁਰੂ ਸਿਧਾਂਤ ਦੇ ਉਲਟ ਹਨ। ਗੁਰੂ ਨਾਨਕ ਦੇ ਰੱਬ ਨਿਰ-ਆਕਾਰ (Formless) ਹੈ।

ਸੁਣ ਕੇ ਆਖਣ ਲੱਗੇ, ''ਹਰੀ ਦੇ ਚਰਨ ਨਹੀਂ ਹੋ ਸਕਦੇ ਤੇ ਨਾ ਹੀ ਹਰੀ ਦੇ ਨਾਲ ਪਦ 'ਚਰਨ' ਕਿਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਆਇਆ ਹੈ।'' ਦਾਸ ਨੇ ਉੱਤਰ ਵਜੋਂ, ਇਹ ਪ੍ਰਮਾਣ ਦਸੇ :–

1. "ਹਰਿ ਕੇ ਚਰਣ ਰਿਦੇ ਮਹਿ ਬਸੇ ॥
ਜਨਮ ਜਨਮ ਕੇ ਕਿਲਵਿਖ ਨਸੇ ॥" ਪੰਨਾ 197

2. "ਹਰਿ ਕੇ ਚਰਣ ਹਿਰਦੈ ਉਰਿ ਧਾਰਿ ॥

ਭਵ ਸਾਗਰੁ ਚੜਿ ਉਤਰਹਿ ਪਾਰਿ ॥" ਪੰਨਾ 196

3. "ਹਰਿ ਕੇ ਚਰਣ ਹਿਰਦੈ ਕਰਿ ਓਟ ॥
ਜਨਮ ਮਰਣ ਤੇ ਹੋਵਤ ਛੋਟ ॥" ਪੰਨਾ 198

4. "ਹਰਿ ਕੇ ਚਰਨ ਹਿਰਦੈ ਬਸਾਵੈ ॥
ਨਾਨਕ ਐਸਾ ਭਗਉਤੀ ਭਗਵੰਤ ਕਉ ਪਾਵੈ ॥" ਪੰਨਾ 274

5. "ਹਰਿ ਕੇ ਚਰਨ ਹਿਰਦੈ ਗਾਇ ॥
ਸੀਤਲਾ ਸੁਖ ਸਾਂਤਿ ਮੂਰਤਿ ਸਿਮਰਿ ਸਿਮਰਿ ਨਿਤ ਧਿਆਇ ॥" ਪੰਨਾ 1300

6. "ਹਰਿ ਕੇ ਚਰਨ ਜਪਿ ਜਾਂਉ ਕੁਰਬਾਨੁ ॥" ਪੰਨਾ 827

7. "ਹਰਿ ਚਰਣ ਜਪਤ ਨਿਸਤਰਿਆ ॥" ਪੰਨਾ 779

8. "ਹਰਿ ਚਰਣ ਕਮਲ ਧ੍ਯਾਨੰ ਨਾਨਕ ਕੁਲ ਸਮੂਹ ਉਧਾਰਣਹ ॥" ਪੰਨਾ 1360

9. "ਹਰਿ ਕੇ ਚਰਨ ਅਰਾਧੀਅਹਿ ਗੁਰ ਸਬਦਿ ਰਤਨਾਗਰੁ ॥" ਪੰਨਾ 1318

10. "ਹਰਿ ਕੇ ਚਰਨ ਕਮਲ ਮਨਿ ਧਿਆਉ ॥" ਪੰਨਾ 714

11. "ਹਰਿ ਕੇ ਚਰਨ ਕਮਲ ਆਧਾਰ ॥" ਪੰਨਾ 618

ਦਾਸ ਨੇ ਬੇਨਤੀ ਕੀਤੀ ਕਿ ਇਨ੍ਹਾਂ ਉਪਰੋਕਤ ਪਰਮਾਣਾਂ ਵਿਚ 'ਹਰੀ' ਪਦ ਨਾਲ 'ਚਰਨ' ਆਏ ਹਨ ? ਕੀ ਕਦੀ ਚਰਨ ਵੀ ਗਾਏ ਜਾਂਦੇ ਹਨ ? ਕੀ ਕਦੀ ਚਰਨ ਵੀ ਜਪੇ ਜਾਂਦੇ ਹਨ ? ਫਿਰ ਹਰੀ ਤਾਂ ਹੋਇਆ ਹੀ ਨਿਰੰਕਾਰ। ਆਕਾਰ ਨਾਲ ਚਰਨ ਹੁੰਦੇ ਹਨ। ਨਿਰ-ਆਕਾਰ ਨਾਲ ਚਰਨ ਕਿਥੇ ? ਉਹ ਸਜਣ ਝੁੰਝਲਾ ਕੇ ਬੋਲੇ ਤੇ ਬੋਲਣ ਵਿਚ, ਕ੍ਰੋਧ ਦਾ ਅੰਸ਼ ਵੀ ਸੀ, ਕਿ ਫਿਰ 'ਚਰਨ ਦਾ ਤੂੰ ਕੀ ਅਰਥ ਕਰਦਾ ਹੈ ?'' ਮੈਂ ਉੱਤਰ ਵਿਚ ਆਖਿਆ, ''ਮੈਂ ਕੌਣ ਹੁੰਦਾ ਹਾਂ ਜੋ ਆਪਣੇ ਅਰਥ ਕਰਾਂ ?'', ਗੁਰੂ ਸਾਹਿਬ ਜੀ ਨੇ ਜੋ ਅਰਥ 'ਆਪ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਕੀਤੇ ਹਨ, ਉਹ ਸੁਣਉਂਦਾ ਹਾਂ। ਉਹ ਇਹ ਹਨ :-

"ਹਿਰਦੈ ਚਰਣ ਸਬਦੁ ਸਤਿਗੁਰ ਕੋ ਨਾਨਕ ਬਾਂਧਿਓ ਪਾਲ ॥" ਪੰਨਾ 680

**ਭਾਵ ਅਰਥ :-** ਸਤਿਗੁਰੂ ਦੇ ਸ਼ਬਦ ਨੂੰ ਹਿਰਦੇ ਵਿਚ ਵਸਾਉਣਾ ਹੀ ਚਰਨ ਧਾਰਨਾ ਹੈ। ਨਾਨਕ ਨੇ ਇਹ ਗੱਲ ਪੱਕੀ ਤਰ੍ਹਾਂ ਪਲ੍ਹੇ ਬੰਨ੍ਹ ਲਈ ਹੈ, ਕਿ ਹਿਰਦੇ ਵਿਚ ਚਰਨ ਧਾਰਨਾ, ਕੇਵਲ ਸਤਿਗੁਰੂ ਦਾ ਸ਼ਬਦ ਹੈ।

"ਚਰਨ ਕਮਲ ਨਮਸਕਾਰ ਗੁਨ ਗੋਬਿਦ ਬੀਚਾਰੇ ॥" ਪੰਨਾ 679

**ਭਾਵ ਅਰਥ :-** ਗੋਬਿੰਦ ਦੇ ਗੁਣ ਵੀਚਾਰਨੇ ਹੀ, ਚਰਨ ਕਮਲ ਨਮਸਕਾਰ ਹੈ। ਭਾਵ ਸਤਿਗੁਰੂ ਜੀ ਦੇ ਗੁਣ ਵੀਚਾਰਨੇ ਹੀ ਚਰਨ ਕਮਲ ਨਮਸਕਾਰ ਸਮਝਣੀ ਚਾਹੀਦੀ ਹੈ।

ਹੁਣ ਗੁਰ ਕੀ ਮੂਰਤਿ ਦੇ ਅਰਥ ਹੋਏ 'ਰੱਬ' ਜੀ ਦੀ ਹਸਤੀ ਤੇ 'ਚਰਨ' ਦੇ ਅਰਥ ਹੋਏ ਗੁਰੂ ਦਾ ਸ਼ਬਦ। ਮੈਂ ਹੁਣ ਉਨ੍ਹਾਂ ਨੂੰ ਸਨਿੰਮ੍ਰ ਬੇਨਤੀ ਕੀਤੀ ਕਿ ਭੁਲੇਖਾ ਕੇਵਲ ਦੂਜੇ ਅਰਥ ਨਾ ਵੀਚਾਰਨ ਕਰਕੇ ਹੋ ਜਾਂਦਾ ਹੈ। ਤੇ ਮਨ ਇਕੋ ਅਰਥ ਨੂੰ ਸਮਝਦਾ ਹੋਇਆ ਆਪਣਾ ਖਿਆਲ ਬਣਾ ਲੈਂਦਾ ਹੈ। ਇਹ ਕੁਦਰਤੀ ਨਿਯਮ ਹੈ ਕਿ ਜਦੋ ਬਣੇ ਹੋਏ ਖਿਆਲ ਨੂੰ, ਵਿਰੋਧੀ ਖਿਆਲ ਦੀ ਟੱਕਰ ਵੱਜੇਗੀ ਤਾਂ ਸ਼ਤੀਰ ਟੁਟਣ ਵਾਂਗ ਕੜ ਕੜ ਜ਼ਰੂਰ ਹੋਵੇਗੀ। ਸੋ ਅਸਾਂ ਗੁਰੂ ਸਾਹਿਬ ਦੇ ਸਿੱਖ ਬਣਨਾ ਹੈ। ਆਪਣੈ ਮਨੋਕਲਪਤ ਆਸ਼ੇ ਦਾ ਨਹੀਂ ਬਣਨਾ ਹੈ ਜੀ। ਉਪਰੋਕਤ ਸੱਜਣ ਜੀ ਸ਼ਾਂਤੀ ਵਿਚ ਆਏ ਤੇ

ਪੁਛ ਕੀਤੀ ਕਿ ਨਿਰੰਕਾਰ ਅਰੂਪ ਹੈ, ਅਣਡਿਠ ਹੈ, ਅਰੂਪ ਨਾਲ ਧਿਆਨ ਕਿਵੇਂ ਜੋੜਿਆ ਜਾਏ ? ਉੱਤਰ ਵਿਚ ਦਾਸ ਨੇ ਬੇਨਤੀ ਕੀਤੀ ਕਿ ਧਿਆਨ ਜੋੜਨ ਲਈ ਸਾਨੂੰ ਕਿਸੇ ਅਨਮਤ ਦੀ ਸ਼ਰਨ ਲੈਣ ਦੀ ਲੋੜ ਨਹੀ। ਪਾਤੰਜਲ ਜੀ ਦੇ ਯੋਗ ਸ਼ਾਸਤਰ ਦੀ ਮਦਦ ਲੈਣ ਦੀ ਲੋੜ ਨਹੀਂ। ਧਰਨਾ, ਧਿਆਨ, ਸਮਾਧੀ ਲਈ, ਜੋ ਸਾਧਨ ਪਾਤੰਜਲ ਜੀ ਦਰਸਾਉਂਦੇ ਹਨ, ਅਭਿਆਸ ਕਰਨ ਦੀ ਉਕਾ ਲੋੜ ਨਹੀ। ਗੁਰਬਾਣੀ ਵਿਚ ਬੜਾ ਸੁਖੱਲਾ ਤਰੀਕਾ, ਧਿਆਨ ਨੂੰ ਪਕਾਉਣ ਦਾ, ਦਰਸਾਇਆ ਹੋਇਆ ਹੈ, ਉਹ ਇਹ ਹੈ :-

**"ਹਰਿ ਹਰਿ ਨਾਮੁ ਧਿਆਇ ਮਨ ਹਰਿ ਦਰਗਹ ਪਾਵਹਿ ਮਾਨੁ ॥**

**ਜੋ ਇਛਹਿ ਸੋ ਫਲੁ ਪਾਇਸੀ ਗੁਰ ਸਬਦੀ ਲਗੈ ਧਿਆਨੁ ॥"** **ਪੰਨਾ** 1313

**ਭਾਵ ਅਰਥ :-** ਹੇ ਮਨਾ ! ਹਰੀ ਦਾ ਨਾਮ ਧਿਆਉ, ਦਰਗਾਹ ਵਿਚ ਮਾਨ ਪਾਵੋਗੇ। ਜੋ ਇਛੋਗੇ ਸੋ ਫਲ ਮਿਲਣਗੇ।

**ਪ੍ਰਸ਼ਨ ਹੋਇਆ ਜੀ ਅਰੂਪ ਨਾਲ ਧਿਆਨ ਕਿਸ ਤਰ੍ਹਾਂ ਲੱਗੇ ?**

**ਉੱਤਰ :-** ਗੁਰੂ ਦੇ ਸ਼ਬਦ (ਬਾਣੀ) ਨਾਲ ਮਨ ਨੂੰ ਜੋੜ। ਸਾਧਨ ਇਸ ਤਰ੍ਹਾਂ ਹੈ ਕਿ ਬਾਣੀ ਦੇ ਅਰਥ ਭਾਵ ਨੂੰ ਮਨ ਵਿਚ ਰੱਖੋ। ਜਿਧਰ ਬਾਣੀ ਲੈ ਜਾਂਦੀ ਹੈ, ਟੁਰੀ ਚਲੋ। ਧਿਆਨ ਪਕਦਾ ਜਾਊ ਤੇ ਲਖਤਾ ਹੁੰਦੀ ਜਾਊ।

**"ਗੁਰ ਕੈ ਬਚਨਿ ਰਿਦੈ ਧਿਆਨੁ ਧਾਰੀ ॥"** **ਪੰਨਾ 740**

**ਭਾਵ ਅਰਥ :-** ਗੁਰੂ ਦੇ ਬਚਨ ਦਵਾਰਾ, 'ਬਚਨ' ਪਦ ਦੇ ਨਨੇ ਨੂੰ ਸਿਆਰੀ ਹੈ। ਸਿਆਰੀ ਸਬੰਧਕ ਵਾਚਕ ਹੈ। ਇਸ ਲਈ ਅਰਥ ਹੋਇਆ ਕਿ 'ਗੁਰੂ ਦੇ ਬਚਨ ਦਵਾਰਾ ਹਿਰਦੇ ਵਿਚ ਧਿਆਨ ਧਾਰੋ', ਭਾਵ, ਗੁਰਵਾਕ ਦੇ ਅਰਥ ਵਿਚ, ਮਨ ਨੂੰ ਜੋੜੋ, ਧਿਆਨ ਪੱਕ ਜਾਸੀ।

**"ਮਹਾ ਸੰਤੋਖੁ ਹੋਵੈ ਗੁਰ ਬਚਨੀ**

**ਪ੍ਰਭ ਸਿਉ ਲਾਗੈ ਪੂਰਨ ਧਿਆਨੁ ॥"** **ਪੰਨਾ 682**

**ਭਾਵ ਅਰਥ :-** ਗੁਰਬਚਨ ਦਵਾਰਾ ਪ੍ਰਭੂ ਨਾਲ ਧਿਆਨ ਲਗ ਜਾਂਦਾ ਹੈ ਤੇ ਪੂਰਨ ਸੰਤੋਖ ਪ੍ਰਾਪਤ ਹੁੰਦਾ ਹੈ।

**"ਸੁਣਿਐ ਲਾਗੈ ਸਹਜਿ ਧਿਆਨੁ ॥"** **ਪੰਨਾ** 3

**ਭਾਵ ਅਰਥ :-** (ਬਾਣੀ) ਸੁਣਨ ਨਾਲ, ਸਹਿਜ ਵਿਚ ਧਿਆਨ ਜੁੜ ਜਾਂਦਾ ਹੈ। ਸਿਧਾਂਤ ਇਹ ਹੈ ਕਿ ਬਾਣੀ ਦੇ ਅਰਥ ਭਾਵ ਵਿਚ ਮਨ ਨੂੰ ਰਖੀਏ। ਧਿਆਨ ਪਕਦਾ ਜਾਊ।

ਹੁਣ ਦੇਹ ਧਾਰੀਆਂ ਨੂੰ ਮੰਨਣ ਵਾਲਿਆਂ ਦੀ ਇਸ ਤੁਕ ਦੀ ਵੀਚਾਰ ਕਰੀਏ, ਜੋ ਉਹ ਆਪਣੇ ਪੱਖ ਵਿਚ ਦਿੰਦੇ ਹਨ :-

**"ਅਕਾਲ ਮੂਰਤਿ ਹੈ ਸਾਧ ਸੰਤਨ ਕੀ**

**ਠਾਹਰ ਨੀਕੀ ਧਿਆਨ ਕਉ ॥"** **ਪੰਨਾ** 1208

ਇਸ ਤੁਕ ਵਿਚ ਭੁਲੇਖਾ ਕੇਵਲ ਬਿਸਰਾਮ ਅਥਵਾ ਕੌਮਾ (,) ਨਾ ਦੇਣ ਵਿਚ ਪੈ ਜਾਂਦਾ ਹੈ। ਪੱਖੀ ਬਿਸਰਾਮ, ਸਾਧ ਸੰਤਨ ਕੀ ਭਾਵ 'ਕੀ' ਤੇ ਦਿੰਦੇ ਹਨ ਤੇ ਅਰਥ ਕਰਦੇ ਹਨ ਕਿ ਅਕਾਲ ਮੂਰਤਿ ਸਾਧ ਸੰਤਨ ਕੀ ਹੈ ਤੇ ਇਹ ਹੀ ਸੋਹਣੇ ਧਿਆਨ ਨੂੰ ਠਹਿਰਾਵਣ ਦੀ ਥਾਂ ਹੈ। ਪਰ ਇਹ ਅਰਥ ਉਪਰ ਦਰਸਾਏ ਗੁਰੂ ਸਾਹਿਬਾਨ ਦੇ ਆਸ਼ਿਆਂ ਦੇ ਉਲਟ ਹੈ। ਜੇ ਬਿਸਰਾਮ 'ਅਕਾਲ ਮੂਰਤਿ' ਹੈ, ਤੇ ਦੇ ਦੇਈਏ ਤਾਂ ਅਰਥ ਗੁਰੂ ਆਸ਼ੇ ਅਨੁਸਾਰ ਹੋ ਜਾਂਦਾ ਹੈ। ਉਹ ਇੰਞ ਕਿ ਅਕਾਲ ਦੀ ਹੋਂਦ ਹਸਤੀ ਹੀ ਕੇਵਲ ਹੈ। ਕਿਸ ਲਈ ? ਸਾਧਾਂ ਤੇ ਸੰਤਾਂ ਦੇ ਸੋਹਣੇ ਧਿਆਨ ਨੂੰ ਠਹਿਰਾਉਣ ਲਈ। ਹੋਰ ਕੋਈ ਥਾਂ ਨਹੀ, ਜਿਥੇ ਧਿਆਨ ਠਹਿਰਾਉ।

ਅੰਤ ਵਿਚ ਲੇਖਕ ਇਹ ਬੇਨਤੀ ਕਰਨਾ ਚਾਹੁੰਦਾ ਹੈ ਕਿ ਜਿਸ ਪਏ ਹੋਏ ਬੁਤ-ਪ੍ਰਸਤੀ ਦੇ ਭੁਲੇਖਿਆ ਚੋਂ ਗੁਰੂ ਸਾਹਿਬਾਨ ਨੇ ਸਾਨੂੰ ਕਢਿਆ ਸੀ ਤੇ ਇਕ ਦੇ ਉਪਾਸ਼ਕ ਬਣਾਇਆ ਸੀ, ਅਸੀਂ ਖੁਦਾ-ਪ੍ਰਸਤੀ ਨੂੰ ਛੱਡ ਕੇ ਬੁਤ-ਪ੍ਰਸਤ ਬਣ ਰਹੇ ਹਾਂ। ਇਤਿਹਾਸਕ ਗੁਰਦੁਵਾਰਿਆ ਵਿਚ ਵੇਖੋ, ਗੁਰੂ

ਸਾਹਿਬ ਦੀ ਤਸਵੀਰ, ਜੋ ਅਸਲੀ (Authentic) ਵੀ ਨਹੀਂ, ਪਰੰਤੂ ਕਲਪਤ ਤਸਵੀਰਾਂ ਨੂੰ ਪਹਿਲਾਂ ਨਸਮਕਾਰ ਕਰਦੇ ਹਨ ਤੇ ਪਿਛੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ। ਤਸਵੀਰਾਂ ਦਾ ਧਿਆਨ ਧਰਨਾ ਯਾ ਨਮਸਕਾਰ ਕਰਨਾ ਗੁਰਮਤਿ ਦੇ ਐਨ ਉਲਟ ਹੈ। ਇਸ ਕਰਕੇ ਕਿਸੇ ਗੁਰੂ ਸਾਹਿਬ ਨੇ ਆਪਣੇ ਸਮੇਂ ਆਪਣੀ ਤਸਵੀਰ ਨਹੀਂ ਬਣਵਾਈ। ਭਲਾ, ਜਿਸ ਨੇ ਤੁਹਾਡੇ ਪਿਤਾ ਨੂੰ ਵੇਖਿਆ ਨਹੀਂ, ਉਹ ਮਨੋਕਲਪਤ ਤਸਵੀਰ ਖਿਚ ਕੇ ਲਿਆਉਂਦਾ ਹੈ, ਤੇ ਆਖਦਾ ਹੈ ਕਿ ਇਹ ਤੁਹਾਡਾ ਪਿਤਾ ਹੈ ਤਾਂ ਕੀ ਤੁਸੀ ਮੰਨ ਲਵੋਗੇ ?

ਜੇ ਤਸਵੀਰ ਅਸਲੀ ਵੀ ਹੋਵੇ ਤਾਂ ਵੀ ਉਸ ਦੀ ਪੂਜਾ ਕਰਨੀ ਯਾ ਧਿਆਨ ਧਰਨਾ ਗੁਰੂ ਸਾਹਿਬ ਦੇ ਦਰਸਾਏ ਸਿਧਾਂਤ ਅਥਵਾ ਗੁਰਮਤਿ ਦੇ ਐਨ ਉਲਟ ਹੈ। ਜੇਕਰ ਇਸ ਦਾ ਸੁਧਾਰ ਨਾ ਕੀਤਾ ਗਿਆ ਤਾਂ ਅਸੀਂ ਸਿੱਖੀ ਤੋ ਦੂਰ, ਬੁਤ-ਪ੍ਰਸਤੀ ਦੇ ਖਾਤੇ ਵਿਚ ਜਾ ਡਿੱਗਾਂਗੇ ਅਤੇ ਅਗਿਆਨਤਾ ਵਿਚ ਫਸ ਕੇ ਦੁਖੀ ਹੋਵਾਂਗੇ। ਗੁਰੂ ਸਿਧਾਂਤ ਤਾਂ ਇਥੋਂ ਤਾਈਂ ਦਰਸਾਉਂਦਾ ਹੈ ਕਿ ਸਤਿਗੁਰੂ ਨੂੰ ਸਾਰਾ ਸੰਸਾਰ ਵੇਖਦਾ ਹੈ, ਪਰ ਵੇਖਣ ਨਾਲ ਮੁਕਤੀ ਨਹੀਂ ਹੋ ਸਕਦੀ, ਜਦ ਤਾਈਂ ਕਿ ਸਤਿਗੁਰ ਦੇ ਸ਼ਬਦ ਦੀ ਵੀਚਾਰ ਨਾ ਕਰੀਏ, ਭਾਵ ਜੀਵਨ ਵਿਚ ਨਾ ਘਟਾਈਏ। ਪ੍ਰਮਾਣ ਇਹ ਹੈ :-

**"ਸਤਿਗੁਰ ਨੋ ਸਭੁ ਕੋ ਵੇਖਦਾ ਜੇਤਾ ਜਗਤੁ ਸੰਸਾਰੁ ॥**

**ਡਿਠੈ ਮੁਕਤਿ ਨ ਹੋਵਈ ਜਿਚਰੁ ਸਬਦਿ ਨ ਕਰੇ ਵੀਚਾਰੁ ॥" ਪੰਨਾ 594**

ਗੁਰੂ ਨਾਨਕ ਪਾਤਸ਼ਾਹ ਜੀ ਨੂੰ, ਸਾਰੇ ਸੰਸਾਰ ਨੇ ਵੇਖਿਆ, ਪਰ ਮੁਕਤ ਕੇਵਲ ਉਹੀ ਹੋਏ ਜਿਨ੍ਹਾਂ ਸਤਿਗੁਰੂ ਜੀ ਦੇ ਸ਼ਬਦ ਦੀ ਕਮਾਈ ਕੀਤੀ। ਸ੍ਰੀ ਹਜ਼ੂਰ ਦੇ ਦੋ ਪੁੱਤਰ, ਜੋ ਰਾਤ ਦਿਨ ਦਰਸ਼ਨ ਕਰਦੇ ਸਨ, ਉਹ ਮੁਕਤ ਨਹੀਂ ਹੋਏ। ਆਕੀ ਹੀ ਫਿਰਦੇ ਰਹੇ, ਉਨ੍ਹਾਂ ਸ਼ਬਦ ਦੀ ਕਮਾਈ ਨਹੀਂ ਕੀਤੀ। ਜੇ ਸਤਿਗੁਰੂ ਜੀ ਦੇ ਸਿਰਫ ਦਰਸ਼ਨ ਨਾਲ ਮੁਕਤੀ ਹੋ ਸਕਦੀ ਤਾਂ ਗੁਰੂ ਨਾਨਕ ਪਾਤਸ਼ਾਹ ਇਹ ਨਾ ਫੁਰਮਾਉਂਦੇ ਕਿ **''ਕੋਈ ਆਖੈ ਭੂਤਨਾ ਕੋ ਕਹੈ ਬੈਤਾਲਾ।। ਕੋਈ ਆਖੈ ਆਦਮੀ ਨਾਨਕ ਵੇਚਾਰਾ''।। ਮਾਰੂ ਮ: 1 ਪੰਨਾ 991।।** ਗੁਰੂ ਸਾਹਿਬ ਆਪਣੀ ਹੱਡ ਬੀਤੀ ਦਸਦੇ ਹਨ ''ਕਿ ਕੋਈ ਮੈਨੂੰ ਭੂਤਨਾ ਆਖਦਾ ਹੈ ਤੇ ਕੋਈ ਬੇਤਾਲਾ ਤੇ ਕੋਈ ਆਖਦਾ ਹੈ ਕਿ ਨਾਨਕ ਵਿਚਾਰਾ ਆਦਮੀ ਹੈ।''

ਸਿਧਾਂਤ ਇਹ ਹੈ ਕਿ ਸਤਿਗੁਰੂ ਜੀ ਦੀ ਪੰਜ ਭੂਤਕ ਦੇਹ ਨੂੰ ਵੇਖਣ ਨਾਲ, ਮਾਇਆ ਤੋਂ ਛੁਟਕਾਰਾ ਨਹੀਂ ਹੋ ਸਕਦਾ, ਜਦ ਤਾਂਈ ਸਤਿਗੁਰੂ ਦੇ ਹੁਕਮ ਨੂੰ ਨਾ ਮੰਨੀਏ। ਜਦ, ਪਰਤਖ ਦੇਹ ਦੇ ਦਰਸ਼ਨ, ਮੁਕਤੀ ਨਹੀਂ ਦੇ ਸਕਦੇ ਤਾਂ ਉਨ੍ਹਾਂ ਦੀ ਮਨੋ-ਕਲਪਤ ਤਸਵੀਰਾਂ ਕਿਵੇਂ ਫਲਦਾਇਕ ਹੋ ਸਕਦੀਆਂ ਹਨ ?

ਗੁਰੂ ਪਾਤਸ਼ਾਹਾਂ ਦੇ ਦਰਸ਼ਨ ਗੁਰਬਾਣੀ ਵਿਚ ਕਰੋ ਕਿ ਕਿਹੋ ਜਿਹੇ ਸਨ।

# (7)

# ਗੁਰਬਾਣੀ ਗੁਰੂ ਕਿਵੇਂ ਹੈ ?

## ਗੁਰੂ ਨਾਨਕ ਦੇਵ ਪਾਤਸ਼ਾਹ ਦਾ ਗੁਰੂ ਕੌਣ ਸੀ ?

ਇਸ ਲੇਖ ਵਿਚ ਇਹ ਵਿਚਾਰਾਂ ਹਨ ਕਿ ਦੇਹਧਾਰੀ ਗੁਰੂ ਬਿਨਾ ਨਾਮ ਦੀ ਪ੍ਰਾਪਤੀ ਹੋ ਸਕਦੀ ਹੈ ਕਿ ਨਹੀਂ ? ਸ੍ਰੀ ਗੁਰੂ ਨਾਨਕ ਦੇਵ ਜੀ ਦਾ ਗੁਰੂ ਕੌਣ ਸੀ ? ਸ੍ਰੀ ਗੁਰੂ ਨਾਨਕ ਦੇਵ ਜੀ ਨੇ ਸਿੱਖਾਂ ਨੂੰ ਕਿਹੜੇ ਗੁਰੂ ਦੇ ਲੜ ਲੱਗਣ ਲਈ ਹੁਕਮ ਕੀਤਾ ਹੈ ? ਕੀ ਬਾਣੀ ਦੇ ਅਰਥ ਕਰਕੇ ਸੁਣਾਉਣ ਵਾਲਾ ਤੇ ਸਮਝਾਉਣ ਵਾਲਾ ਗੁਰੂ ਦੀ ਪਦਵੀ ਲੈ ਸਕਦਾ ਹੈ ? ਕੀ ਗੁਰਬਾਣੀ ਆਪਹੂੰ ਨਹੀਂ ਬੋਲਦੀ ? ਕੀ ਮੌਕੇ ਦੇ ਡਾਕਟਰ ਬਿਨਾਂ ਰੋਗੀ ਦਾ ਰੋਗ ਦੂਰ ਨਹੀਂ ਹੋ ਸਕਦਾ ? ਇਸ ਦਲੀਲ ਵਿਚ ਕਿੰਨਾਂ ਕੁ ਵਜ਼ਨ ਹੈ ਕਿ ਦਵਾਈਆਂ ਭਾਵੇਂ ਰੋਗੀ ਪਾਸ ਸਾਰੀਆਂ ਮੌਜੂਦ ਹਨ, ਪਰ ਜਦ ਤਾਂਈ ਰੋਗੀ ਦੇ ਰੋਗ ਦੀ ਜਾਂਚ ਨਾ ਹੋਵੇ, ਕੋਈ ਦਾਰੂ ਰੋਗ ਦੂਰ ਨਹੀਂ ਕਰ ਸਕਦਾ ?

ਉਪਰੋਕਤ ਸਾਰੀਆਂ ਵੀਚਾਰਾਂ ਵਿਸਥਾਰ ਸਹਿਤ ਕਰਨ ਦੀ ਇਸ ਲਈ ਲੋੜ ਪਈ ਹੈ ਕਿ ਅਜ ਕਲ੍ਹ ਖੁੰਭਾਂ ਵਾਗੂੰ ਘਰ ਘਰ 'ਗੁਰੂ' ਬਣ ਬੈਠੇ ਹਨ ਤੇ ਭੋਲੇ ਭਾਲੇ ਗੁਰਮਤਿ ਦੇ ਸਿਧਾਂਤਾਂ ਤੋਂ ਅਨਜਾਣ ਵੀਰਾਂ ਨੂੰ ਗੁਰਬਾਣੀ ਦੀਆਂ ਤੁਕਾਂ ਦੇ ਤ੍ਰੋੜ ਮਰੋੜ ਕੇ ਅਰਥ ਦਸ ਕੇ, ਆਪਣੀ ਦੁਕਾਨਦਾਰੀ ਟੋਰ ਰਹੇ ਹਨ। ਗੁਰ ਸਿਧਾਂਤਾਂ ਤੋਂ ਅਨਜਾਣ ਵੀਰ, ਉਨ੍ਹਾਂ ਦੇ ਫੰਧੇ ਵਿਚ ਫਸ ਜਾਂਦੇ ਹਨ ਤੇ ਇਸ ਤਰ੍ਹਾਂ ਸਿਖੀ ਨੂੰ ਢਾਹ ਲਗ ਰਹੀ ਹੈ। ਇਸ ਲੇਖ ਨੂੰ ਖੁਲ੍ਹੇ ਦਿਲ (Open Mind) ਨਾਲ ਵੀਚਾਰਿਆਂ, ਸਹੀ ਨਿਰੋਲ ਗੁਰਮਤਿ ਦੀ ਸੋਝੀ ਪੈ ਸਕੇਗੀ। ਪਾਠਕ ਜਨ ਬਿਨਾਂ ਪੱਖ ਪਾਤ ਤੋਂ ਨਿਰਣਾ ਕਰ ਸਕਣਗੇ ਕਿ ਗੁਰਮਤਿ ਕੀ ਹੈ ?

ਇਹ ਮੰਨਿਆ ਪ੍ਰਮੰਨਿਆ ਸਿਧਾਂਤ ਹੈ ਕਿ ਜੋ ਗੁਰੂ ਦਾ ਇਸ਼ਟ ਹੁੰਦਾ ਹੈ ਉਹੀ ਸਿੱਖ ਦਾ ਹੁੰਦਾ ਹੈ। ਪਹਿਲਾਂ ਅਸੀਂ ਇਹ ਨਿਰਣਾ ਕਰਨਾ ਹੈ ਕਿ ਗੁਰੂ ਨਾਨਕ ਦੇਵ ਜੀ ਦਾ ਗੁਰੂ ਕੌਣ ਤੇ ਸ੍ਰੀ ਹਜ਼ੂਰ ਨੇ ਸਾਨੂੰ ਕਿਹੜੇ ਗੁਰੂ ਦੇ ਲੜ ਲਾਇਆ ਹੈ ?

ਇਹ ਨਿਰਣਾ ਕਰਨ ਲਈ ਕਿਸੇ ਇਤਿਹਾਸ ਖੋਜਣ ਦੀ ਲੋੜ ਨਹੀਂ, ਕਿਸੇ ਹੋਰ ਪੁਸਤਕ ਘੋਖਣ ਦੀ ਲੋੜ ਨਹੀਂ। ਕਿਉਂ ਨਾ ਆਪਾਂ ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਤੋਂ ਹੀ ਪੁਛੀਏ ਕਿ ''ਸ੍ਰੀ ਹਜ਼ੂਰ ਜੀਓ। ਆਪ ਜੀ ਦੇ ਗੁਰੂ ਕਿਹੜੇ ਹਨ ?''

ਸ੍ਰੀ ਗੁਰੂ ਨਾਨਕ ਦੇਵ ਜੀ ਨੂੰ ਇਕੇਰਾਂ, ਇਹ ਪ੍ਰਸ਼ਨ ਸਿਧਾਂ ਨੇ ਕੀਤਾ ਸੀ, ਜੋ ਗੁਰੂ ਗ੍ਰੰਥ ਸਾਹਿਬ ਵਿਚ ਸਿਧ ਗੋਸਟਿ ਵਿਚ ਅੰਕਿਤ ਹੈ। ਪ੍ਰਸ਼ਨ ਇਹ ਹੈ :-

**"ਕਵਣ ਮੂਲੁ ਕਵਣ ਮਤਿ ਵੇਲਾ ॥**

**ਤੇਰਾ ਕਵਣੁ ਗੁਰੂ ਜਿਸ ਕਾ ਤੂ ਚੇਲਾ ॥"** ਪੰਨਾ 942

**ਭਾਵ ਅਰਥ :-** ਤੇਰਾ ਅਸਲਾ ਕੀ ਹੈ ? ਤੂੰ ਕਿਹੜੇ ਮਤ ਦਾ ਧਾਰਨੀ ਹੈ ? ਤੇਰਾ ਕਿਹੜਾ ਗੁਰੂ ਹੈ, ਜਿਸ ਦਾ ਕਿ ਤੂੰ ਚੇਲਾ ਹੈ ?

ਉੱਤਰ ਵਿਚ ਸ੍ਰੀ ਹਜ਼ੂਰ ਫੁਰਮਾਉਂਦੇ ਹਨ :-

**"ਪਵਨ ਅਰੰਭੁ ਸਤਿਗੁਰ ਮਤਿ ਵੇਲਾ ॥**

**ਸਬਦੁ ਗੁਰੂ ਸੁਰਤਿ ਧੁਨਿ ਚੇਲਾ ॥"** ਪੰਨਾ 943

**ਭਾਵ ਅਰਥ :–** ਜਿਸ ਸ਼ਕਤੀ ਨੇ ਪਵਨ ਬਣਾਈ ਹੈ, ਓਹ ਮੇਰਾ ਮੂਲ ਹੈ। ਉਸ ਸਤਿਗੁਰ ਤੋਂ ਜੋ ਮੈਨੂੰ ਸ਼ਬਦ ਆ ਰਹਿਆ ਹੈ, ਉਹ ਮੇਰਾ ਗੁਰੂ ਹੈ ਤੇ ਉਸ ਸ਼ਬਦ ਦੀ ਧੁਨੀ ਵਿਚ ਸੁਰਤ ਜੋੜਣੀ ਚੇਲਾ ਹੈ।

'ਸਤਿਗੁਰੂ' ਪਦ ਦੀ ਵਿਆਖਿਆ (Definition) ਗੁਰਬਾਣੀ ਵਿਚ ਇੰਜ ਹੈ :–

**"ਸਤਿਗੁਰੁ ਮੇਰਾ ਸਦਾ ਸਦਾ ਨਾ ਆਵੈ ਨ ਜਾਇ ॥**

**ਓਹੁ ਅਬਿਨਾਸੀ ਪੁਰਖੁ ਹੈ ਸਭ ਮਹਿ ਰਹਿਆ ਸਮਾਇ ॥" ਪੰਨਾ 759**

**ਭਾਵ ਅਰਥ :–** ਮੇਰਾ ਸਤਿਗੁਰੂ ਸਦਾ ਸਦਾ ਰਹਿੰਦਾ ਹੈ। ਉਹ ਕਦੀ ਜਨਮ ਮਰਨ ਵਿਚ ਆਉਂਦਾ ਜਾਂਦਾ ਨਹੀਂ। ਉਹ ਸਤਿਗੁਰ ਨਾਸ਼ ਰਹਿਤ ਹੈ। ਉਹ ਸਰਬ ਸਮੱਰਥ ਹੈ ਤੇ ਉਹ ਸਾਰਿਆਂ ਵਿਚ ਸਮਾ ਰਹਿਆ ਹੈ।

ਹੁਣ ਪ੍ਰਸ਼ਨ ਉਠ ਸਕਦਾ ਹੈ ਕਿ ਉਹ ਹਸਤੀ ਤਾਂ ਨਿਰੰਕਾਰ ਹੈ। ਉਪਦੇਸ਼ ਦਾਤਾ ਕਿੰਕੂ ਹੋਇਆ ? ਇਸ ਗੁੰਝਲ ਨੂੰ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਇੰਜ ਖੋਹਲਿਆ ਹੈ ਕਿ :–

**"ਜੈਸੀ ਮੈ ਆਵੈ ਖਸਮ ਕੀ ਬਾਣੀ ਤੈਸੜਾ ਕਰੀ ਗਿਆਨੁ ਵੇ ਲਾਲੋ ॥" ਪੰਨਾ 722**

**ਭਾਵ ਅਰਥ :–** ਹੇ ਲਾਲੋ ! ਮੈਨੂੰ ਜਿਵੇਂ ਮੇਰੇ ਮਾਲਕ ਵਲੋਂ ਬਾਣੀ ਆ ਰਹੀ ਹੈ, ਮੈਂ ਉਹੀ ਗਿਆਨ ਕਰ ਰਹਿਆ ਹਾਂ ਭਾਵ ਮੇਰਾ ਇਹ ਆਪਨਾ ਕਲਪਤ ਸਿਧਾਂਤ ਨਹੀਂ। ਮੇਰੇ ਆਪਣੇ ਨਿਜੀ ਵਿਚਾਰ ਨਹੀਂ। ਇਹ ਬਾਣੀ ਤਾਂ ਰੱਬ ਜੀ ਵਲੋ ਮੈਨੂੰ ਆ ਰਹੀ ਹੈ ਤੇ ਮੈਂ ਜਗਤ ਨੂੰ ਇਸ ਦਾ ਗਿਆਨ ਕਰ ਰਹਿਆ ਹਾਂ।

ਜਨਮਸਾਖੀ ਵਿਚ ਵੀ ਇਹ ਆਉਂਦਾ ਹੈ ਕਿ ਜਦ ਸ੍ਰੀ ਹਜ਼ੂਰ ਨੂੰ ਰੱਬ ਜੀ ਵਲੋਂ ਬਾਣੀ ਆਉਂਦੀ ਸੀ ਤਾਂ ਹਜ਼ੂਰ ਮਰਦਾਨੇ ਨੂੰ ਆਖਦੇ ਸਨ ''ਮਰਦਾਨਿਆ ! ਵਜਾ ਰਬਾਬ, ਬਾਣੀ ਆਈ ਹੈ।''

ਉਪਰੋਕਤ ਬਾਣੀ ਰੱਬ ਜੀ ਵਲੋਂ ਆਈ ਦੀ ਸਾਖਾ ਹੇਠਲਾ ਪ੍ਰਮਾਣ ਵੀ ਸਿੱਧ ਕਰਦਾ ਹੈ। ਤੁਕ ਪਹਿਲੀ ਪਾਤਸ਼ਾਹੀ ਦੀ ਹੈ :–

**"ਤਾ ਮੈ ਕਹਿਆ ਕਹਣੁ ਜਾ ਤੁਝੈ ਕਹਾਇਆ ॥" ਪੰਨਾ 566**

**ਭਾਵ ਅਰਥ :–** ਉਹੋ ਗੱਲ ਕਹੀ ਹੈ, ਜੋ ਹੇ ਨਿਰੰਕਾਰ ਜੀ ! ਤੁਸੀ ਮੈਨੂੰ ਆਖਣ ਲਈ ਆਖੀ ਹੈ ਭਾਵ ਮੇਰੀ ਆਪਣੀ ਗਲ ਨਹੀਂ। ਮੇਰੀ ਆਪਣੀ ਆਖਣੀ ਨਹੀਂ। ਮੇਰਾ ਆਪਣਾ ਉਪਦੇਨੂੰ ਨਹੀਂ। ਮੇਰੀ ਆਪਣੀ ਕਹਾਣੀ ਨਹੀਂ। ਮੇਰਾ ਆਪਣਾ ਗਿਆਨ ਨਹੀਂ।

ਰੱਬ ਜੀ ਵਲੋਂ ਆਉਣ ਦੀ ਸਾਖਾ ਸਾਹਿਬ ਸ੍ਰੀ ਗੁਰੂ ਅਮਰਦਾਸ ਜੀ, ਸ੍ਰੀ ਗੁਰੂ ਰਾਮਦਾਸ ਜੀ, ਸ੍ਰੀ ਗਰੂ ਅਰਜਨ ਦੇਵ ਜੀ, ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਤੇ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਵੀ ਭਰਦੇ ਹਨ। ਛੇਵੀ, ਸਤਵੀ ਤੇ ਅਠਵੀ ਪਾਤਸ਼ਾਹੀ ਦੀ ਬਾਣੀ ਸਾਡੇ ਕੋਲ ਨਹੀਂ ਹੈ, ਪ੍ਰਮਾਣ ਨਹੀਂ ਦਿੱਤੇ ਜਾ ਸਕਦੇ।

ਤੀਜੀ ਪਾਤਸ਼ਾਹੀ ਰੱਬੀ ਬਾਣੀ ਬਾਰੇ ਫੁਰਮਾਉਂਦੇ ਹਨ :–

**"ਸਬਦੇ ਉਪਜੈ ਅੰਮ੍ਰਿਤ ਬਾਣੀ ਗੁਰਮੁਖਿ ਆਖਿ ਸੁਣਾਵਣਿਆ ॥" ਪੰਨਾ 125**

**ਭਾਵ ਅਰਥ :–** ਬ੍ਰਹਮ ਤੋਂ ਅੰਮ੍ਰਿਤ ਮਈ ਬਾਣੀ ਉਪਜ ਰਹੀ ਹੈ। ਮੈ ਗੁਰਮੁਖਾਂ ਨੂੰ ਆਖ ਕੇ ਸੁਣਾ ਰਿਹਾ ਹਾਂ। ਭਾਵ ਤੀਜੀ ਪਾਤਸ਼ਾਹੀ ਫੁਰਮਾਉਂਦੇ ਹਨ ਕਿ ਇਹ ਮੇਰੀ ਰਚੀ ਬਾਣੀ ਨਹੀਂ। ਮੈਨੂੰ ਬ੍ਰਹਮ ਤੋਂ ਉਪਜ ਰਹੀ ਹੈ। ਮੈਂ ਤਾਂ ਕੇਵਲ ਆਖਣ ਵਾਲਾ ਹਾਂ।

ਚੌਥੀ ਪਾਤਸ਼ਾਹੀ ਵੀ ਧੁਰੋਂ ਬਾਣੀ ਆਈ ਦੀ ਹਾਮੀ ਇਸ ਤਰ੍ਹਾਂ ਭਰਦੇ ਹਨ :–

"ਦਾਸਨਿ ਦਾਸੁ ਕਹੈ ਜਨੁ ਨਾਨਕੁ

ਜੇਹਾ ਤੂੰ ਕਰਾਇਹਿ ਤੇਹਾ ਹਉ ਕਰੀ ਵਖਿਆਨੁ ॥" ਪੰਨਾ 734

**ਭਾਵ ਅਰਥ :-** ਦਾਸਾਂ ਦਾ ਦਾਸ ਨਾਨਕ ਕਹਿੰਦਾ ਹੈ ਕਿ ਹੇ ਪ੍ਰਭੂ ! ਜਿਹਾ ਤੂੰ ਮੈਨੂੰ ਵਖਿਆਨ ਕਰਨ ਲਈ ਹੁਕਮ ਕੀਤਾ ਹੈ, ਮੈ ਤਾਂ ਉਹੀ ਵਖਿਆਨ ਕਰ ਰਿਹਾ ਹਾਂ ਭਾਵ ਮੇਰਾ ਆਪਣਾ ਕਲਪਤ ਉਪਦੇਸ਼ ਨਹੀਂ। ਹੇ ਸਿਰਜਨਹਾਰ ! ਇਹ ਤੇਰਾ ਹੀ ਭੇਜਿਆ ਉਪਦੇਸ਼ ਹੈ

ਪੰਜਵੀ ਪਾਤਸ਼ਾਹੀ ਨੇ ਇਹ ਗੁਹਜ ਗੱਲ ਨੂੰ ਚਾਰ ਥਾਵਾਂ ਤੇ ਨਿਰੂਪਣ ਕੀਤਾ ਹੈ :-

"ਹਉ ਆਪਹੁ ਬੋਲਿ ਨ ਜਾਣਦਾ ਮੈ ਕਹਿਆ ਸਭੁ ਹੁਕਮਾਉ ਜੀਉ ॥" ਪੰਨਾ 763

**ਭਾਵ ਅਰਥ :-** ਮੈਂ ਆਪੂੰ ਬੋਲ ਨਹੀਂ ਜਾਣਦਾ, ਮੈਂ ਤਾਂ ਉਸ ਹੁਕਮੀ ਦਾ ਹੁਕਮ, ਜੋ ਮੈਨੂੰ ਆਇਆ ਹੈ, ਉਹ ਕਹਿਆ ਹੈ। ਭਾਵ, ਹੇ ਸੰਸਾਰੀ ਲੋਕੋ ! ਇਹ ਮੇਰੀ ਆਪਣੀ ਰਚੀ ਬਾਣੀ ਨਹੀਂ, ਇਹ ਮੇਰੇ ਬੋਲ ਨਹੀਂ। ਮੈ ਤਾਂ ਇਕ ਵਿਚੋਲਾ ਹਾਂ। ਇਹ ਤਾਂ ਧੁਰ ਤੋ ਆਈ ਹੈ।

**ਯਥਾ :-**

"ਧੁਰ ਕੀ ਬਾਣੀ ਆਈ ॥ ਤਿਨਿ ਸਗਲੀ ਚਿੰਤ ਮਿਟਾਈ ॥" ਪੰਨਾ 628

"ਜੈਸੋ ਗੁਰਿ ਉਪਦੇਸਿਆ ਮੈ ਤੈਸੋ ਕਹਿਆ ਪੁਕਾਰਿ ॥" ਪੰਨਾ 214

**ਭਾਵ ਅਰਥ :-** ਮੈਂ ਉਹ ਕਹਿ ਰਹਿਆ ਹਾਂ, ਜੈਸਾ ਕਿ ਮੇਰੇ ਗੁਰੂ (ਬ੍ਰਹਮ) ਨੇ ਮੈਨੂੰ ਉਪਦੇਸਿਆ ਹੈ। ਮੇਰਾ ਆਪਣਾ ਉਪਦੇਸ਼ ਨਹੀਂ।

"ਬੋਲੇ ਸਾਹਿਬ ਕੈ ਭਾਣੈ ॥ ਦਾਸੁ ਬਾਣੀ ਬ੍ਰਹਮੁ ਵਖਾਣੈ ॥" ਪੰਨਾ 629

**ਭਾਵ ਅਰਥ :-** ਦਾਸ, ਮਾਲਕ ਦੇ ਭਾਣੇ ਅੰਦਰ ਬੋਲ ਰਹਿਆ ਹੈ ਤੇ ਬ੍ਰਹਮ ਤੋਂ ਆਈ ਬਾਣੀ ਆਖ ਰਹਿਆ ਹੈ। ਭਾਵ ਇਹ ਬਾਣੀ-ਬ੍ਰਹਮ ਬਾਣੀ ਹੈ। ਮੇਰੀ ਆਪਣੀ ਰਚਨਾ ਨਹੀਂ, ਨਾ ਹੀ ਆਪਣੇ ਖਿਆਲ ਹਨ।

"ਨਾਨਕੁ ਬੋਲੈ ਤਿਸ ਕਾ ਬੋਲਾਇਆ ॥" ਪੰਨਾ 1271

**ਭਾਵ ਅਰਥ :-** ਨਾਨਕ ਤਿਸ ਕਾ ਬੁਲਾਇਆ ਬੋਲ ਰਿਹਾ ਹੈ। ਮੇਰੀ ਆਪਣੀ ਨਿਜੀ ਮੱਤ ਨਹੀਂ। ਨਿਜੀ ਸਿਧਾਂਤ ਨਹੀਂ। ਇਹ ਬ੍ਰਹਮ-ਬੋਲ ਹੈ।

ਨੌਵੀ ਪਾਤਸ਼ਾਹੀ ਜੀ ਵੀ ਫੁਰਮਾਉਂਦੇ ਹਨ ਕਿ ਗੁਰੂ ਅਕਾਲ ਪੁਰਖ ਵਲੋ ਆਇਆ ਉਪਦੇਸ਼ ਸੁਣ।

"ਜਿਹ ਬਿਧਿ ਗੁਰ ਉਪਦੇਸਿਆ ਸੋ ਸੁਨੁ ਰੇ ਭਾਈ ॥" ਪੰਨਾ 727

**ਭਾਵ ਅਰਥ :-** ਜਿਸ ਪ੍ਰਕਾਰ ਅਕਾਲ ਪੁਰਖ ਗੁਰੂ ਨੇ ਮੈਨੂੰ ਉਪਦੇਸਿਆ ਹੈ, ਉਹ ਉਪਦੇਸ਼ ਮੈਂ ਸੁਣਾ ਰਿਹਾ ਹਾਂ ਅਤੇ ਭਾਈ ਇਸ ਉਪਦੇਸ਼ ਨੂੰ ਸੁਣ। ਭਾਵ ਇਹ ਗੁਰੂ ਅਕਾਲ ਪੁਰਖ ਦਾ ਉਪਦੇਸ਼ ਹੈ। ਮੇਰਾ ਆਪਣਾ ਉਪਦੇਸ਼ ਨਹੀਂ।

ਦਸਵੇਂ ਪਾਤਸ਼ਾਹ ਜੀ ਫੁਰਮਾਉਂਦੇ ਹਨ :-

"ਜੋ ਨਿਜ ਪ੍ਰਭ ਮੋ ਸੋ ਕਹਾ ਸੋ ਕਹਿਹੋਂ ਜਗ ਮਾਹਿ ॥" ਪਾ: 10

**ਭਾਵ ਅਰਥ :-** ਜੋ ਖਾਸ ਤੌਰ ਤੇ ਮੈਨੂੰ ਪ੍ਰਭੂ ਨੇ ਕਿਹਾ ਹੈ, ਮੈਂ ਉਹੀ ਕਹਿਣ, ਜਗ ਵਿਚ, ਕਹਿ ਰਿਹਾ ਹਾਂ, ਭਾਵ ਮੇਰੀ ਆਪਣੀ ਕਹਿਣੀ ਨਹੀਂ ਹੈ। ਅਕਾਲ ਪੁਰਖ ਪ੍ਰਭੂ ਵਲੋਂ ਜੋ ਮੈਨੂੰ ਆਖਿਆ ਗਿਆ ਹੈ, ਮੈ ਉਹੀ ਜਗਤ ਨੂੰ ਆਖ ਰਿਹਾ ਹਾਂ।

ਸ੍ਰੀ ਗੁਰੂ ਨਾਨਕ ਦੇਵ ਜੀ ਨੇ ਆਪਣਾ ਗੁਰੂ-ਜਿਥੋਂ ਬਾਣੀ ਆਈ ਹੈ-ਉਸ ਨੂੰ ਦਸਿਆ ਹੈ।

"ਅਪਰੰਪਰ ਪਾਰਬ੍ਰਹਮੁ ਪਰਮੇਸਰੁ
ਨਾਨਕ ਗੁਰੁ ਮਿਲਿਆ ਸੋਈ ਜੀਉ ॥" ਪੰਨਾ 599

**ਭਾਵ ਅਰਥ :–** ਜੋ ਹਸਤੀ ਅਪਰੰਪਰ ਪਾਰਬ੍ਰਹਮ ਪਰਮੇਸੁਰ ਹੈ, ਨਾਨਕ ਨੂੰ ਉਹ ਗੁਰੂ ਮਿਲਿਆ ਹੈ।

ਇਹ ਅੱਟਲ ਸਚਾਈ ਹੈ ਕਿ ਜੋ ਬਾਣੀ ਗੁਰੂ ਨਾਨਕ ਦੇਵ ਦੇ ਹਿਰਦੇ ਵਿਚ ਉਤਰੀ ਹੈ, ਉਹ ਨਿਰੰਕਾਰ ਤੇ ਉਸ ਤੋਂ ਆਈ ਬਾਣੀ ਇਕ ਹੈ। ਬੋਲਣਹਾਰੇ ਦਾ ਬੋਲ ਤੇ ਬੋਲਣਹਾਰ, ਇਕ ਹੁੰਦੇ ਹਨ। ਕੋਈ ਭਿੰਨ ਭੇਦ ਨਹੀਂ। ਇਸ ਸਚਾਈ ਨੂੰ ਗੁਰਮਤਿ ਇੰਜ ਦਰਸਾਉਂਦੀ ਹੈ।

"ਸਤਿਗੁਰ ਕੀ ਬਾਣੀ ਸਤਿ ਸਰੂਪੁ ਹੈ ਗੁਰਬਾਣੀ ਬਣੀਐ ॥" ਪੰਨਾ 304

**ਭਾਵ ਅਰਥ :–** ਸਤਿਗੁਰੂ ਦੀ ਬਾਣੀ ਨਿਰਸੰਦੇਹ ਹੀ ਸਤਿਸਰੂਪ ਹੈ। ਤਾਂ ਤੇ ਇਸ ਅਨੁਸਾਰ ਜੀਵਨ ਬਣਾਈਏ।

"ਗੁਰਮੁਖਿ ਬਾਣੀ ਬ੍ਰਹਮੁ ਹੈ ਸਬਦਿ ਮਿਲਾਵਾ ਹੋਇ ॥" ਪੰਨਾ 39

**ਭਾਵ ਅਰਥ :–** ਹੇ ਗੁਰਮੁਖੋਂ, ਬ੍ਰਹਮ ਤੇ ਬ੍ਰਹਮ ਤੋਂ ਆਈ ਬਾਣੀ ਇਕ ਹਨ। ਕੋਈ ਭੇਦ ਨਹੀਂ, ਇਸ ਸ਼ਬਦ ਦੁਆਰਾ ਬ੍ਰਹਮ ਨਾਲ ਮਿਲਾਵਾ ਹੋ ਜਾਂਦਾ ਹੈ।

"ਵਾਹੁ ਵਾਹੁ ਬਾਣੀ ਨਿਰੰਕਾਰ ਹੈ ਤਿਸੁ ਜੇਵਡੁ ਅਵਰੁ ਨ ਕੋਇ ॥" ਪੰਨਾ 515

**ਭਾਵ ਅਰਥ :–** ਹੇ ਬਾਣੀ ! ਤੂੰ ਵਾਹ ਵਾਹ ਹੈ ਕਿਉਂਕਿ ਤੂੰ ਨਿਰੰਕਾਰ ਤੋਂ ਆਈ ਹੈਂ ਤੇ ਨਿਰੰਕਾਰ ਸਰੂਪ ਹੈ। ਇਸ ਬਾਣੀ ਤੋਂ ਵੱਡਾ ਹੋਰ ਕੋਈ ਨਹੀਂ ਹੈ। ਨਿਰੰਕਾਰ ਤੋਂ ਵੱਡਾ ਹੋਰ ਹੋ ਭੀ ਕੌਣ ਸਕਦਾ ਹੈ।

"ਗੁਰਮੁਖਿ ਬਾਣੀ ਨਾਮੁ ਹੈ ਨਾਮੁ ਰਿਦੈ ਵਸਾਈ ॥" ਪੰਨਾ 1239

**ਭਾਵ ਅਰਥ :–** ਹੇ ਗੁਰਮੁਖੋ ! ਨਾਮ ਤੋਂ ਆਈ ਬਾਣੀ, ਨਾਮ ਸਰੂਪ ਹੈ। ਇਸ ਬ੍ਰਹਮ ਸਰੂਪ ਬਾਣੀ ਨਾਲ, ਨਾਮ ਰਿਦੈ ਵਿਚ ਵਸਾਵੋ ਤੇ ਇਹ ਨਿਸ਼ਚਿਤ ਹੀ ਨਾਮ ਰਿਦੈ ਵਿਚ ਵਸਾ ਦਿੰਦੀ ਹੈ।

ਉਪਰੋਕਤ ਪ੍ਰਮਾਣਾਂ ਤੋਂ ਸਿੱਧ ਹੋਇਆ ਹੈ ਕਿ ਨਾਮ-ਜਿਥੋਂ ਬਾਣੀ ਉਤਰੀ ਹੈ-ਉਹ ਤੇ ਬਾਣੀ, ਇਕ ਹਨ। ਕੋਈ ਉਕਾ ਹੀ ਭਿੰਨ ਭੇਦ ਨਹੀਂ। ਇਸ ਵਿਚ ਸਿਧਾਂਤ ਇਹ ਦਰਸਾਇਆ ਹੈ ਕਿ ਹੁਕਮੀ ਤੇ ਹੁਕਮ ਇਕ ਹਨ। ਹੁਕਮੀ ਹੋਇਆ ਬ੍ਰਹਮ ਤੇ ਉਸ ਦਾ ਹੁਕਮ ਹੋਇਆ ਸ਼ਬਦ (ਬਾਣੀ)। ਇਹ ਇਕ ਹਨ।

ਹੁਣ ਇਹ ਤਾਂ ਸਪਸ਼ਟ ਹੋ ਗਿਆ ਹੈ ਕਿ ਗੁਰੂ ਨਾਨਕ ਦੇਵ ਪਾਤਸ਼ਾਹ ਜੀ ਨੇ ਆਪਣਾ ਗੁਰੂ ਸ਼ਬਦ ਮੰਨਿਆ ਹੈ। ਬ੍ਰਹਮ ਅਤੇ ਬ੍ਰਹਮ ਤੋਂ ਗੁਰੂ ਹਿਰਦੇ ਵਿਚ ਉਤਰੀ ਬਾਣੀ ਇਕ ਹੈ।

ਅਗੋ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਸਿੱਖਾਂ ਨੂੰ ਕਿਸ ਦੇ ਲੜ ਲਾਇਆ ਹੈ ? ਆਓ ! ਉਨ੍ਹਾਂ ਤੋਂ ਹੀ ਪੁਛੀਏ। ਹਜ਼ੂਰ ਇਸ ਪਰਥਾਏ ਇਹ ਸਿਧਾਂਤ ਦਰਸਾਉਂਦੇ ਹਨ :-

"ਹਰਿ ਜੀਉ ਸਬਦਿ ਪਛਾਣੀਐ ਸਾਚਿ ਰਤੇ ਗੁਰ ਵਾਕਿ ॥" ਪੰਨਾ 55

**ਭਾਵ ਅਰਥ :–** ਹਰੀ ਜੀ ਨੂੰ ਸ਼ਬਦ ਦੁਆਰਾ ਹੀ ਪਛਾਣੋ ਤੇ ਉਸ ਸਦਾ ਸਚ ਸਰੂਪ ਹਰੀ ਵਿਚ, ਗੁਰਵਾਕ ਨਾਲ ਭਾਵ ਬਾਣੀ ਨਾਲ ਰਤੇ ਜਾਉ ਭਾਵ ਇਹ ਕਿ ਹਰੀ ਵਿਚ ਪ੍ਰਵੇਸ਼, ਹਰੀ ਦੀ ਬਾਣੀ ਨਾਲ ਹੀ ਹੁੰਦਾ ਹੈ, ਤੇ ਹਰੀ ਪਛਾਣਿਆ ਜਾਂਦਾ ਹੈ। ਹੋਰ ਕੋਈ ਸਾਧਨ ਨਹੀਂ। ਹਰੀ ਦੀ ਬਾਣੀ ਹਰੀ ਰੂਪ ਹੈ।

"ਸਬਦੈ ਹੀ ਤੇ ਪਾਈਐ ਹਰਿ ਨਾਮੇ ਲਗੈ ਪਿਆਰੁ ॥" ਪੰਨਾ 58

**ਭਾਵ ਅਰਥ :–** ਸ਼ਬਦ ਦਵਾਰਾ ਹੀ ਹਰੀ ਨੂੰ ਪਾਇਆ ਜਾਂਦਾ ਹੈ ਤੇ ਹਰੀ ਨਾਮ ਵਿਚ ਪਿਆਰ ਲਗ ਜਾਂਦਾ ਹੈ।

" ਨਾਨਕ ਸਬਦੁ ਵੀਚਾਰੀਐ ਪਾਈਐ ਗੁਣੀ ਨਿਧਾਨੁ ॥" ਪੰਨਾ 59

**ਭਾਵ ਅਰਥ :–** ਹੇ ਨਾਨਕ ! ਸ਼ਬਦ ਨੂੰ ਵੀਚਾਰਿਆਂ, ਗੁਣਾਂ ਦੇ ਭੰਡਾਰ ਪ੍ਰਭੂ ਨੂੰ ਪਾ ਲਈਦਾ ਹੈ।

"ਬਿਨੁ ਗੁਰ ਸਬਦ ਨ ਛੂਟਸਿ ਕੋਇ ॥" ਪੰਨਾ 839

**ਭਾਵ ਅਰਥ :–** ਬਿਨਾਂ ਗੁਰੂ ਸ਼ਬਦ ਦੇ, ਕੋਈ ਵੀ ਮਾਇਆ ਤੋਂ ਛੁਟਕਾਰਾ ਨਹੀਂ ਪਾ ਸਕਦਾ।

ਇਹ ਨਿਰਣਾ ਗੁਰਮਤਿ ਦੇ ਰਹੀ ਹੈ।

"ਸਬਦਿ ਗੁਰੂ ਭਵਸਾਗਰੁ ਤਰੀਐ ਇਤ ਉਤ ਏਕੋ ਜਾਣੈ ॥" ਪੰਨਾ 944

**ਭਾਵ ਅਰਥ :–** ਗੁਰੂ ਸ਼ਬਦ ਦਵਾਰਾ ਭਵਸਾਗਰ ਨੂੰ ਤਰਿਆ ਜਾਂਦਾ ਹੈ ਤੇ ਸਰਬ ਥਾਂ ਉਸਨੂੰ ਜਾਣੋ।

ਕਿਸੀ ਹੋਰ ਪਰਕਾਰ ਦੀ ਵੀਚਾਰ ਬਾਰੇ ਹਜ਼ੂਰ ਫੁਰਮਾਉਂਦੇ ਹਨ :–

"ਸਭਸੈ ਊਪਰਿ ਗੁਰ ਸਬਦੁ ਬੀਚਾਰੁ ॥
ਹੋਰ ਕਥਨੀ ਬਦਉ ਨ ਸਗਲੀ ਛਾਰੁ ॥" ਪੰਨਾ 904

**ਭਾਵ ਅਰਥ :–** ਸਾਰੀਆਂ ਵੀਚਾਰਾਂ ਤੋਂ ਉੱਤੇ ਗੁਰ ਸ਼ਬਦ ਦੀ ਵੀਚਾਰ ਹੈ। ਨਾ ਕੋਈ ਹੋਰ ਵੀਚਾਰ ਮੈਂ ਕਥਨ ਕਰਦਾ ਹਾਂ, ਤੇ ਨਾ ਹੀ ਝਗੜਾ ਕਰਦਾ ਹਾਂ ਕਿਉਂਕਿ ਉਹ ਸਾਰੀਆਂ ਵੀਚਾਰਾਂ ਸੁਆਹ ਹਨ।

"ਬਾਬਾ ਹੋਰ ਮਤਿ ਹੋਰ ਹੋਰ ॥
ਜੇ ਸਉ ਵੇਰ ਕਮਾਈਐ ਕੂੜੈ ਕੂੜਾ ਜੋਰੁ ॥" ਪੰਨਾ 17

**ਭਾਵ ਅਰਥ :–** ਹੇ ਬਾਬਾ ! ਹੋਰ ਮਤਾਂ ਹੋਰ ਪਾਸੇ ਲੈ ਜਾਣ ਵਾਲੀਆਂ ਹਨ। ਜੇ ਇਨ੍ਹਾਂ ਮਤਾਂ ਨੂੰ ਕਮਾਈਐ ਤਾਂ ਪੱਲੇ ਕੂੜ ਪੈਂਦਾ ਹੈ। ਕਿਉਂ ਉੱਤਰ ਵਿਚ ਫੁਰਮਾਉਂਦੇ ਹਨ ਕਿ ਉਨ੍ਹਾਂ ਮਤਾਂ ਦਾ ਅਧਾਰ ਕੂੜ ਹੈ, ਤਾਂ ਤੇ ਪੱਲੇ ਕੂੜ ਹੀ ਪੈਣਾ ਹੋਇਆ।

ਸ੍ਰੀ ਹਜ਼ੂਰ ਨੇ ਇਸ ਬਾਣੀ ਪਰਥਾਇ ਇੰਜ ਦਰਸਾਇਆ ਹੈ :–

"ਸਤਿਗੁਰ ਬਚਨਿ ਮੇਰੋ ਮਨੁ ਮਾਨਿਆ
ਹਰਿ ਪਾਏ ਪ੍ਰਾਨ ਅਧਾਰਾ ॥" ਪੰਨਾ 1198

**ਭਾਵ ਅਰਥ :–** ਸਤਿਗੁਰੂ ਦੇ ਬਚਨਾਂ (ਹੁਕਮ) ਨੂੰ ਮੇਰਾ ਮਨ ਮੰਨਿਆ ਤੇ ਪ੍ਰਾਣਾਂ ਦਾ ਆਧਾਰ ਹਰੀ ਪਾਇਆ ਹੈ।

"ਰੂੜੀ ਬਾਣੀ ਹਰਿ ਪਾਇਆ ਗੁਰ ਸਬਦੀ ਬੀਚਾਰਿ ॥" ਪੰਨਾ 937

**ਭਾਵ ਅਰਥ :–** ਜਿਸ ਨੇ ਵੀ ਹਰੀ ਨੂੰ ਪਾਇਆ ਹੈ, ਉਸਨੇ ਇਸ ਸੁੰਦਰ ਬਾਣੀ ਦੁਆਰਾ ਪਾਇਆ ਹੈ। ਇਸ ਗੁਰ ਸ਼ਬਦ ਦੀ (ਬਾਣੀ ਦੀ) ਵੀਚਾਰ ਦਵਾਰਾ ਪਾਇਆ ਹੈ। ਪਦ 'ਵੀਚਾਰਿ' ਦੇ ਰਾਰੇ ਨੂੰ ਸਿਆਰੀ ਹੋਣ ਕਰਕੇ, ਅਰਥ ਵੀਚਾਰ ਦਵਾਰਾ ਹੋ ਜਾਂਦੇ ਹਨ।

"ਇਕੁ ਸੁਖੁ ਮਾਨਿਆ ਸਹਜਿ ਮਿਲਾਇਆ ॥
ਨਿਰਮਲ ਬਾਣੀ ਭਰਮੁ ਚੁਕਾਇਆ ॥" ਪੰਨਾ 221

**ਭਾਵ ਅਰਥ :–** ਇਸ ਤੁਕ ਵਿਚ ਵੀ ਸ੍ਰੀ ਗੁਰੂ ਜੀ ਆਪਣੇ ਦਵਾਰਾ ਉਪਦੇਸ਼ ਕਰਦੇ ਹਨ ਅਰਥਾਤ ਸ੍ਰੀ ਗੁਰੂ ਨਾਨਕ ਦੇਵ ਜੀ ਉਤਮ ਪੁਰਖ ਦਵਾਰਾ ਉਪਦੇਸ਼ ਕਰ ਰਹੇ ਹਨ।

ਨਿਰਮਲ ਬਾਣੀ ਨੇ ਭਰਮ ਦੂਰ ਕਰ ਦਿਤਾ ਹੈ। ਭਰਮ ਦੂਰ ਹੋ ਜਾਣ ਤੇ ਅਸਾਂ ਇਕ ਸੁਖ ਮਾਣਿਆ ਹੈ। ਉਹ ਸੁਖ ਇਹ ਹੈ ਜੋ ਆਪੇ ਨੂੰ ਸਹਜ (ਗਿਆਨ) ਵਿਚ ਮਿਲਾ ਲਇਆ ਹੈ।

**"ਗੁਰ ਕੀ ਕਾਰ ਕਮਾਇ ਲਾਹਾ ਘਰਿ ਆਣਿਆ ॥**

**ਗੁਰਬਾਣੀ ਨਿਰਬਾਣੁ ਸਬਦਿ ਪਛਾਣਿਆ ॥" ਪੰਨਾ 752**

**ਭਾਵ ਅਰਥ :–** ਇਸ ਪ੍ਰਮਾਣ ਵਿਚ ਵੀ ਸ੍ਰੀ ਹਜ਼ੂਰ ਆਪਣੇ ਦਵਾਰਾ ਉਪਦੇਸ਼ ਕਰਦੇ ਹਨ, ਅਰਥਾਤ ਉਤਮ ਪੁਰਖ ਦਵਾਰਾ ਉਪਦੇਸ਼ ਕਰ ਰਹੇ ਹਨ। ਗੁਰੂ ਦੀ ਦਸੀ ਹੋਈ ਕਾਰ ਦੀ ਕਮਾਈ ਕਰਕੇ (ਅਸਾਂ) ਘਰ ਵਿਚ ਲਾਹਾ ਖਟ ਕੇ ਆਣਿਆ ਹੈ ਤੇ ਗੁਰਬਾਣੀ ਨਾਲ ਨਿਰਲੇਪ ਬ੍ਰਹਮ ਨੂੰ ਪਛਾਣਿਆ ਹੈ।

ਹੁਣ ਵਿਚਾਰੀ ਗੋਚਰੀ ਗਲ ਇਹ ਹੈ ਕਿ ਜਦ ਐਨੀ ਸਪਸ਼ਟਤਾ ਨਾਲ ਸ੍ਰੀ ਹਜ਼ੂਰ ਫੁਰਮਾ ਰਹੇ ਹਨ ਕਿ ਗੁਰਬਾਣੀ ਨਾਲ ਹੀ ਬ੍ਰਹਮ ਨੂੰ ਪਛਾਣਿਆ ਜਾਂਦਾ ਹੈ, ਕਿਸੇ ਹੋਰ ਤਰੀਕੇ ਨਾਲ ਨਹੀਂ ਤਾਂ ਫਿਰ ਕਿਉਂ ਨਾ ਇਸ ਉਪਦੇਸ਼ ਨੂੰ ਮੰਨ ਕੇ ਗੁਰਬਾਣੀ ਦਾ ਲੜ ਫੜੀਏ ?

ਕਿਉਂ ਕਿਸੇ ਦੇਹਧਾਰੀ ਦੇ ਪਿਛੇ ਲਗੀਏ ? ਦੇਹਧਾਰੀ ਗੁਰੂ ਦੀ ਲੋੜ ਕਿਸ ਲਈ ਰਹਿ ਗਈ?

**"ਸਬਦੁ ਗੁਰ ਪੀਰਾ ਗਹਿਰ ਗੰਭੀਰਾ**

**ਬਿਨੁ ਸਬਦੈ ਜਗੁ ਬਉਰਾਨੰ ॥" ਪੰਨਾ 635**

**ਭਾਵ ਅਰਥ :–** ਸ਼ਬਦ, ਜੋ ਬ੍ਰਹਮ ਤੋਂ ਆਇਆ ਹੈ, ਇਹ ਹੀ ਗੁਰੂ ਹੈ। ਇਹ ਹੀ ਪੀਰ ਹੈ। ਇਹ ਸ਼ਬਦ ਗਹਿਰ ਗੰਭੀਰ ਹੈ। ਇਸ ਸ਼ਬਦ ਬਿਨਾਂ ਜਗ ਮਾਇਆ ਵਿਚ ਕਮਲਾ ਹੋਇਆ ਫਿਰਦਾ ਹੈ।

ਸ੍ਰੀ ਹਜ਼ੂਰ ਨੇ ਇਹ ਸਿਧਾਂਤ ਕਾਇਮ ਕਰ ਦਿੱਤਾ ਕਿ ਕਿਸੇ ਦੇਹਧਾਰੀ ਗੁਰੂ ਪਾਸ ਜਾਣ ਦੀ ਲੋੜ ਨਹੀਂ। ਸ਼ਬਦ ਹੀ ਗੁਰੂ ਹੈ। ਇਸ ਦੀ ਕਮਾਈ ਕਰੋ। ਪਰੀ-ਪੂਰਨ ਬ੍ਰਹਮ ਵਿਚ ਲੀਨ ਹੋ ਜਾਉਗੇ।

ਇਸ ਉਪਰੋਕਤ ਸਿਧਾਂਤ ਨੂੰ ਹੀ ਹੋਰ ਪਾਤਸ਼ਾਹੀਆਂ ਨੇ ਅਪਣਾਇਆ, ਪਰਚਾਰਿਆ ਤੇ ਦ੍ਰਿੜ੍ਹ ਕਰਾਇਆ ਹੈ। ਚੌਥੀ ਪਾਤਸ਼ਾਹੀ ਫੁਰਮਾਉਂਦੇ ਹਨ :-

**"ਬਾਣੀ ਗੁਰੂ ਗੁਰੂ ਹੈ ਬਾਣੀ ਵਿਚਿ ਬਾਣੀ ਅੰਮ੍ਰਿਤੁ ਸਾਰੇ ॥**

**ਗੁਰੁ ਬਾਣੀ ਕਹੈ ਸੇਵਕੁ ਜਨੁ ਮਾਨੈ ਪਰਤਖਿ ਗੁਰੂ ਨਿਸਤਾਰੇ ॥" ਪੰਨਾ 982**

**ਭਾਵ ਅਰਥ :–** ਬਾਣੀ ਹੀ ਗੁਰੂ (ਰੱਬ) ਹੈ ਤੇ ਗੁਰੂ (ਰੱਬ) ਹੀ ਬਾਣੀ ਹੈ। ਇਸ ਬਾਣੀ ਵਿਚ ਅੰਮ੍ਰਿਤ ਰੂਪੀ ਨਾਮ ਭਰਪੂਰ ਹੈ। ਜਿਹੜੀ ਗੱਲ ਗੁਰਬਾਣੀ ਕਹਿੰਦੀ ਹੈ, ਉਸ ਨੂੰ ਸੇਵਕ ਜਨ ਮੰਨੇ ਤਾਂ ਪਰਤੱਖ ਤੌਰ ਤੇ ਭਾਵ ਯਕੀਨਨ ਤੌਰ ਤੇ (Undoubtedly) ਇਹ ਗੁਰਬਾਣੀ ਤਾਰ ਦਿੰਦੀ ਹੈ।

**"ਸਤਿਗੁਰ ਬਚਨ ਬਚਨ ਹੈ ਸਤਿਗੁਰ**

**ਪਾਧਰੁ ਮੁਕਤਿ ਜਨਾਵੈਗੋ ॥" ਪੰਨਾ 1310**

**ਭਾਵ ਅਰਥ :–** ਸਤਿਗੁਰੂ ਕਿਹੜਾ ? ਜੋ ਨਾ ਆਉਂਦਾ ਹੈ ਤੇ ਨਾ ਜਾਂਦਾ ਹੈ ਤੇ ਜੋ ਸਭ ਵਿਚ ਸਮਾਇਆ ਹੋਇਆ ਹੈ, ਉਹ ਸਤਿਗੁਰੂ ਤੇ ਉਸ ਦੇ ਬਚਨ (ਬਾਣੀ) ਇਕ ਹਨ। ਕੋਈ ਭੇਦ ਨਹੀਂ। ਇਹ ਬਚਨ ਮੁਕਤੀ ਦਾ ਰਾਹ ਜਾਣਾਉਂਦੇ ਹਨ। ਕੋਈ ਪਰਤਾਵਾ ਕਰਕੇ ਵੇਖ ਲਵੇ। ਨਾਮ ਦੀ ਪ੍ਰਾਪਤੀ ਹੋ ਜਾਊ।

ਇਥੇ ਇਕ ਘਟਨਾ ਦਰਸਾਉਂਣੀ ਅਵਸ਼ ਜਾਪਦੀ ਹੈ। ਇਕੇਰਾਂ ਇਕ ਗਿਆਨੀ ਜੀ ਨਾਲ ਦੇਹਧਾਰੀ ਗੁਰੂ ਬਾਰੇ ਵੀਚਾਰ ਹੋਈ। ਉਹ ਆਪਣੇ ਪੱਖ ਵਿਚ ਬਥੇਰੀਆਂ ਉਕਤੀਆਂ ਜੁਗਤੀਆਂ ਤੇ ਚਤੁਰਾਈਆਂ ਬੋਲਦੇ ਰਹੇ। ਲੇਖਕ ਚੁਪ ਰਹਿਆ। ਜਦ ਉਹ ਆਪਣੀ ਗੱਲ ਆਖ ਚੁਕੇ ਤਾਂ ਲੇਖਕ ਨੇ ਦੋਵੇ ਪਰਮਾਣ 'ਬਾਣੀ ਗੁਰੂ ਨੂੰ ਤੇ 'ਸਤਗੁਰ ਬਚਨ' ਵਾਲੇ ਪੜ੍ਹ ਕੇ ਬੇਨਤੀ ਕੀਤੀ ਕਿ ਇਸ ਸਪਸ਼ਟ ਹੁਕਮ ਦੇ ਹੁੰਦਿਆਂ ਹੋਇਆਂ ਦੇਹਧਾਰੀ ਗੁਰੂ ਦੀ ਕੀ ਲੋੜ ਹੈ? ਉਤਰ ਵਿਚ ਉਹ ਬੋਲੇ, ''ਡਾਕਟਰ ਜੀ ! ਤੁਹਾਨੂੰ ਬਾਣੀ ਦੀ ਸਮਝ ਨਹੀਂ। ਪਹਿਲਾਂ ਅਰਥ ਸਿਖੋ ਤੇ ਫਿਰ ਗੱਲ ਕਰਨੀ।''

ਲੇਖਕ : ''ਜੀ, ਮੈਂ ਤਾ ਅਨਜਾਣ ਹਾਂ। ਤੁਸੀਂ ਹੀ ਦਸੋਂ ਕਿ ਇਨ੍ਹਾਂ ਦੇ ਕੀ ਅਰਥ ਹਨ?''

ਉਹ ਕਰੜੇ ਹੋ ਕਰ ਬੋਲੇ : ''ਇਸਦੇ ਅਰਥ ਹਨ ਕਿ ਇਕ ਬਾਣੀ ਹੈ ਤੇ ਦੂਜਾ ਦੇਹਧਾਰੀ ਗੁਰੂ ਚਾਹੀਦਾ ਹੈ, ਜੋ ਪਰਤਖ ਦੇਹ ਵਾਲਾ ਹੋਵੇ ਤੇ ਫਿਰ ਜੋ ਦੇਹਧਾਰੀ ਗੁਰੂ ਇਹ ਬਾਣੀ ਆਖੇ ਤੇ ਸੇਵਕ ਜਨ ਮੰਨੇ ਤਾਂ ਨਿਸਤਾਰਾ ਹੁੰਦਾ ਹੈ। ਇਸੇ ਤਰ੍ਹਾਂ ਹੀ ਇਕ ਸਤਿਗੁਰੂ-ਦੇਹਧਾਰੀ ਚਾਹੀਦਾ ਹੈ ਤੇ ਇਕ ਬਚਨ (ਬਾਣੀ) ਚਾਹੀਦਾ ਹੈ ਤਾਂ ਮੁਕਤੀ ਦਾ ਰਾਹ ਮਿਲਦਾ ਹੈ।''

ਲੇਖਕ ਨੇ ਗੰਭੀਰਤਾ ਨਾਲ ਪੁਛਿਆ : ''ਕਿ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਤਾਂ ਬ੍ਰਹਮ, ਇਸੇ ਬਾਣੀ ਨਾਲ ਹੀ ਪਛਾਣਿਆ ਤੇ ਕੋਈ ਦੇਹਧਾਰੀ ਗੁਰੂ ਨਹੀਂ ਬਣਾਇਆ ਤੇ ਲਿਖੇ ਪਰਮਾਣ ਦੱਸੇ ਤੇ ਪੁਛ ਕੀਤੀ ਕਿ ਜਦ ਸਾਹਿਬ ਜੀ ਨੇ ਬਾਣੀ ਨਾਲ ਬ੍ਰਹਮ ਪਛਾਣਿਆ ਹੈ ਤੇ ਫਿਰ ਸਾਨੂੰ ਵੀ ਬਾਣੀ ਦੇ ਲੜ ਲਾਇਆ ਹੈ। ਆਪ ਦੇ ਵਿਚਾਰ ਗੁਰੂ ਨਾਨਕ ਦੇ ਸਿਧਾਂਤ ਦੇ ਉਲਟ ਜਾਂਦੇ ਹਨ।''

ਇਹ ਸੁਣ ਕੇ ਉਹ ਕ੍ਰੋਧ ਵਿਚ ਆਖਣ ਲਗੇ ਕਿ ''ਕਿਥੇ ਲਿਖਿਆ ਹੈ ਕਿ ਕੇਵਲ ਬਾਣੀ ਮੁਕਤ ਦਵਾਰਾ ਦੇ ਸਕਦੀ ਹੈ ? ਇਕ ਬਾਣੀ ਤੇ ਇਕ ਦੇਹਧਾਰੀ ਗੁਰੂ ਹੋਵੇਗਾ ਤਾਂ ਮੁਕਤ ਦਵਾਰਾ ਮਿਲੇਗਾ, ਤਾਂ ਦਰਸ਼ਨ ਪ੍ਰਾਪਤ ਹੋਣਗੇ। ਨਹੀਂ ਤਾ ਕਦੇ ਨਹੀਂ।''

ਲੇਖਕ ਨੇ ਬੇਨਤੀ ਕੀਤੀ ''ਜੀਓ ਜੀ, ਆਪ ਕ੍ਰੋਧ ਵਿਚ ਨਾ ਆਵੋ। ਆਪ ਨੂੰ ਕ੍ਰੋਧ ਆਉਣਾ ਕੁਦਰਤੀ ਹੈ। ਜਦ ਬਣੇ ਹੋਏ ਖਿਆਲਾਂ ਦੇ ਵਿਰੁਧ ਕੋਈ ਨਵਾਂ ਖਿਆਲ ਟਕਰਾਉਂਦਾ ਹੈ ਤਾਂ ਸਹਿਜ ਅਵਸਥਾ ਨਹੀਂ ਰਹਿੰਦੀ। ਬਣੇ ਹੋਏ ਖਿਆਲਾਂ ਦਾ ਧਾਰਨੀ, ਆਪਣੇ ਖਿਆਲਾਂ ਦੀ ਵਿਰੋਧਤਾ ਸੁਣ ਕਰ, ਗੁੱਸੇ ਵਿਚ ਆ ਜਾਂਦਾ ਹੈ। ਜਿਵੇਂ ਸ਼ਤੀਰ ਦੇ ਟੁਟਿਆਂ ਕੜ ਕੜ ਹੁੰਦੀ ਹੈ, ਉਸੇ ਤਰ੍ਹਾਂ ਹੀ ਉਸ ਦੀ ਦਸ਼ਾ ਹੁੰਦੀ ਹੈ। ਸ਼ਾਂਤੀ ਵਿਚ ਆਵੋ। ਮੈਂ ਆਪ ਜੀ ਨੂੰ ਆਪ ਦੇ ਪ੍ਰਸ਼ਨ ਦਾ ਉੱਤਰ ਮਹਲਾ ਪਹਿਲੇ ਜੀ ਦੀ ਰਚਨਾ ਤੋਂ ਦਿੰਦਾ ਹਾਂ। ਸ੍ਰੀ ਗੁਰੂ ਨਾਨਕ ਦੇਵ ਜੀ ਫੁਰਮਾਉਂਦੇ ਹਨ :-

**"ਭਨਤਿ ਨਾਨਕੁ ਕਰੇ ਵੀਚਾਰੁ ॥**

**ਸਾਚੀ ਬਾਣੀ ਸਿਉ ਧਰੇ ਪਿਆਰੁ ॥**

**ਤਾ ਕੋ ਪਾਵੈ ਮੋਖ ਦੁਆਰੁ ॥**

**ਜਪੁ ਤਪੁ ਸਭੁ ਇਹੁ ਸਬਦੁ ਹੈ ਸਾਰੁ ॥"** **ਪੰਨਾ 661**

**ਭਾਵ ਅਰਥ :-** ਨਾਨਕ ਦੇ 'ਕਕੇ' ਅੱਖਰ ਨੂੰ ਔਕੜ ਹੈ। ਉਹ ਕਰਤਾ ਕਾਰਕ ਹੁੰਦਾ ਹੈ। ਅੰਗ੍ਰੇਜ਼ੀ ਵਿਚ Nominative Case ਆਖਦੇ ਹਨ। ਅਰਥ ਹੋਇਆ ਕਿ ''ਨਾਨਕ ਇਕ ਵਿਚਾਰ ਆਖਦਾ ਹੈ ਕਿ ਜਿਹੜਾ ਵੀ ਸਚੀ ਬਾਣੀ ਨਾਲ ਪਿਆਰ ਧਰੇਗਾ, ਉਸ ਨੂੰ ਮੋਖ ਦੁਆਰਾ ਮਿਲ ਜਾਏਗਾ। ਇਹ ਸ਼ਬਦ (ਬਾਣੀ) ਹੀ ਸਰੇਸ਼ਟ ਹੈ, ਉਸਨੂੰ ਜੀਵਨ ਵਿਚ ਘਟਾਉ। ਇਹੀ ਜਪ, ਤੱਪ ਹੈ। ਹੋਰ ਜੱਪ, ਤੱਪ ਕੋਈ ਨਹੀਂ।''

ਫਿਰ ਹੋਰ ਥਾਂ ਗੁਰੂ ਨਾਨਕ ਦੇਵ ਜੀ ਫੁਰਮਾਉਂਦੇ ਹਨ :-

**"ਬਾਣੀ ਬਿਰਲਉ ਬੀਚਾਰਸੀ ਜੇ ਕੋ ਗੁਰਮੁਖਿ ਹੋਇ ॥**

**ਇਹ ਬਾਣੀ ਮਹਾ ਪੁਰਖ ਕੀ ਨਿਜ ਘਰਿ ਵਾਸਾ ਹੋਇ ॥"** **ਪੰਨਾ 935**

**ਭਾਵ ਅਰਥ :-** ਬਾਣੀ ਨੂੰ ਕੋਈ ਵਿਰਲਾ ਹੀ ਵਿਚਾਰੇਗਾ, ਜਿਸ ਦਾ ਕਿ ਰੁਖ ਵਾਹਿਗੁਰੂ ਜੀ ਵਲ ਹੋਸੀ। ਇਹ ਬਾਣੀ ਵੱਡੇ ਸਮਰਥ (ਰੱਬ) ਜੀ ਦੀ ਹੈ ਤੇ ਨਿਜ ਘਰ ਵਿਚ ਵਾਸਾ ਦਿੰਦੀ ਹੈ।

ਇਸ ਸ਼ਬਦ ਵਿਚ ਸ੍ਰੀ ਹਜ਼ੂਰ ਆਖ ਰਹੇ ਹਨ ਕਿ ਇਹ ਬਾਣੀ ਮੇਰੀ ਰਚਨਾ ਨਹੀਂ। ਵੱਡੇ ਮਹਾਂ ਪੁਰਖ, ਭਾਵ ਵੱਡੇ ਸਰਬ-ਸਮਰਥ ਦੀ ਹੈ। ਜਿਹੜਾ ਵੀ, ਇਸ ਨੂੰ ਵੀਚਾਰੇਗਾ, ਉਸ ਦਾ ਨਿਜ ਘਰ ਵਿਚ ਵਾਸਾ ਹੋ ਜਾਊ। ਜਿਸ ਹਰਦੇ ਵਿਚ ਦਰਸ਼ਨ ਪ੍ਰਾਪਤੀ ਦਾ ਪ੍ਰੇਮ ਉਗਮ ਪਿਆ ਹੈ, ਉਹ ਗੁਰਬਾਣੀ ਨਾਲ ਪ੍ਰੀਤੀ ਪਾਵੇ। ਦਰਸ਼ਨ ਅਵੱਸ਼ ਹੋ ਜਾਣਗੇ। ਜਿਹਾ ਕਿ ਹੇਠਲਾ ਪ੍ਰਮਾਣ ਸਿੱਧ ਕਰਦਾ ਹੈ :-

**"ਅੰਤਰਿ ਪ੍ਰੇਮੁ ਪਰਾਪਤਿ ਦਰਸਨੁ ॥**

ਗੁਰਬਾਣੀ ਸਿਉ ਪ੍ਰੀਤਿ ਸੁ ਪਰਸਨੁ ॥"

ਪੰਨਾ 1032

ਲੇਖਕ ਨੇ ਆਖਿਆ ਕਿ ਸ੍ਰੀ ਮਾਨ ਜੀਓ ! ਸ੍ਰੀ ਹਜ਼ੂਰ ਗੁਰੂ ਨਾਨਕ ਦੇਵ ਜੀ ਤਾਂ ਕਿੰਨਾਂ ਖੋਹਲ ਕੇ ਆਖਦੇ ਹਨ ਤੇ ਗਾਰੰਟੀ ਦਿੰਦੇ ਹਨ :-

"ਸਾਚੀ ਬਾਣੀ ਮੀਠੀ ਅਮ੍ਰਿਤ ਧਾਰ ॥

ਜਿਨਿ ਪੀਤੀ ਤਿਸੁ ਮੋਖ ਦੁਆਰ ॥" ਪੰਨਾ 1275

**ਭਾਵ ਅਰਥ :–** ਸਾਚੀ ਬਾਣੀ ਮੀਠੀ ਅੰਮ੍ਰਿਤਧਾਰਾ ਹੈ। ਜਿਸ ਨੇ ਵੀ ਇਹਦੀ ਕਮਾਈ ਕੀਤੀ, ਉਸ ਨੂੰ ਮੁਕਤੀ ਦਾ ਦਵਾਰਾ ਮਿਲ ਗਿਆ ਹੈ।

"ਸਭਿ ਨਾਦ ਬੇਦ ਗੁਰਬਾਣੀ ॥

ਮਨੁ ਰਾਤਾ ਸਾਰਿਗਪਾਣੀ ॥" ਪੰਨਾ 879

**ਭਾਵ ਅਰਥ :–** ਇਹ ਗੁਰਬਾਣੀ ਹੀ ਨਾਦ ਹੈ। ਇਹ ਵੀ ਵੇਦ ਹੈ। ਇਸ ਨੂੰ ਜੀਵਨ ਵਿਚ ਘਟਾਇਆਂ ਮਨ, ਪ੍ਰਭੂ ਨਾਲ ਰਤਿਆ ਜਾਂਦਾ ਹੈ। ਉਤਲੇ ਗੁਰ ਪ੍ਰਮਾਣ ਸੁਣ ਕਰ ਗਿਆਨੀ ਜੀ ਕੁਝ ਠੰਡੇ ਹੋਏ ਤੇ ਆਖਣੇ ਲਗੇ ਕਿ ''ਬਾਣੀ ਤਾਂ ਆਪਹੂੰ ਬੋਲਦੀ ਨਹੀਂ ? ਕਿਸੇ ਦੇਹਧਾਰੀ ਦੀ ਲੋੜ ਹੈ।'' ਲੇਖਕ ਨੇ ਆਖਿਆ– ''ਜੀ ਬਾਣੀ ਬੋਲਦੀ ਹੈ।'' ਉਹ ਆਖਣ ਲਗੇ– ''ਕਿਵੇਂ?'' ਉੱਤਰ ਵਿਚ ਦਾਸ ਨੇ ਆਖਿਆ, ਕਿ ਸਰੀਰ ਦੇ ਜਿਸ ਹਿਸੇ ਵਿਚ ਸਮਝ ਵਸਦੀ ਹੈ, ਉਸ ਥਾਂ ਆਵਾਜ਼ ਪਹੁੰਚਾਣ ਲਈ, ਪ੍ਰਭੂ ਜੀ ਨੇ ਦੋ ਰਾਹ ਸਰੀਰ ਵਿਚ ਰਖੇ ਹਨ। ਇਕ ਕੰਨ ਤੇ ਦੂਜਾ ਅੱਖਾਂ। ਜੋ ਸ਼ਬਦ ਭਾਵ ਆਵਾਜ਼ ਕੰਨ ਸੁਣਨ, ਉਹ ਸਮਝ ਦੀ ਥਾਂ ਅਪੜ ਜਾਂਦੀ ਹੈ ਤੇ ਇਸੇ ਤਰ੍ਹਾਂ ਜੋ ਲਿਖਤ ਅੱਖਾਂ ਪੜ੍ਹਨ, ਉਹ ਵੀਚਾਰ ਵੀ ਸਮਝ ਵਾਲੀ ਥਾਂ ਪੁਜ ਸਕਦੀ ਹੈ। ਫਰਕ ਕੀ ਹੋਇਆ ? ਕੁਝ ਨਾ। ਲਿਖੀ ਹੋਈ ਬਾਣੀ ਜੇ ਅੱਖਾਂ ਦੁਆਰਾ ਪੜ੍ਹੀਏ ਤਾਂ ਉਸ ਦਾ ਭਾਵ ਅੰਦਰ ਪੁਜ ਜਾਊ, ਜਿਵੇਂ ਕਿ ਕੰਨਾਂ ਦੁਆਰਾ ਸੁਣਨ ਨਾਲ। ਦਸੋ ਜੀ ! ਬਾਣੀ ਬੋਲਦੀ ਹੈ ਕਿ ਨਹੀਂ ?'' ਇਹ ਸੁਣ ਕਰ ਉਹ ਫਿਰ ਆਖਣ ਲਗੇ– ''ਜਿਹੜਾ ਪੜ੍ਹਿਆ ਹੋਇਆ ਨਾ ਹੋਵੇ, ਉਸ ਲਈ ਤਾਂ ਜਰੂਰੀ ਹੈ ਕਿ ਦੇਹਧਾਰੀ ਗੁਰੂ ਬਣਾਏ, ਜਿਹੜਾ ਕਿ ਉਸ ਨੂੰ ਬਾਣੀ ਪੜ੍ਹ ਕਰ ਸੁਣਾਏ।'' ਲੇਖਕ ਨੇ ਆਖਿਆ– ''ਇਹ ਗੱਲ ਕਿ ਕੇਵਲ ਬਾਣੀ ਦੇ ਅਰਥਾਂ ਨੂੰ ਸੁਣਾਉਣ ਵਾਲਾ ਜਾਂ ਪੜ੍ਹਨ ਵਾਲਾ, ਗੁਰੂ ਪਦਵੀ ਦਾ ਹੱਕਦਾਰ ਬਣ ਜਾਵੇ, ਕਿਵੇਂ ਹੋ ਸਕਦੀ ਹੈ? ਕਾਲਜਾਂ ਤੇ ਸਕੂਲਾਂ ਵਿਚ ਵੱਡੇ ਵੱਡੇ ਵਿਦਵਾਨਾਂ ਦੇ ਸਿਧਾਂਤ ਸਮਝਾਣ ਵਾਲੇ ਅਧਿਆਪਕ ਤੇ ਪਰੋਫੈਸਰ, ਉਨ੍ਹਾਂ ਖੋਜੀਆਂ ਦੀ ਪਦਵੀ ਨਹੀਂ ਲੈ ਸਕਦੇ, ਜਿਨ੍ਹਾਂ ਦੀਆਂ ਪੁਸਤਕਾਂ ਉਹ ਵਿਦਿਆਰਥੀਆਂ ਨੂੰ ਪੜ੍ਹਾਉਂਦੇ ਤੇ ਸਮਝਾਉਂਦੇ ਹਨ। ਕਾਲੀ ਦਾਸ ਤੇ ਸ਼ੈਕਸਪੀਅਰ ਦੀ ਰਚਨਾ ਪੜ੍ਹਾਉਣ ਵਾਲੇ ਕਾਲੀ ਦਾਸ ਦੇ ਸ਼ੈਕਸਪੀਅਰ ਦੀ ਪਦਵੀ ਕਿੰਜ ਲੈ ਸਕਦੇ ਹਨ ? ਇਕ ਪਰਦੇਸ ਗਏ ਪਤੀ ਦਾ ਅਨਪੜ੍ਹ ਇਸਤਰੀ ਵਲ ਖੱਤ ਪੁਜਦਾ ਹੈ। ਉਹ ਉਸ ਪੱਤਰ ਨੂੰ ਪੜ੍ਹੇ ਹੋਏ ਪਾਸ ਲੈ ਜਾਂਦੀ ਹੈ। ਕੀ ਪਤੀ ਦੇ ਪੱਤਰ ਨੂੰ ਪੜ੍ਹਨ ਵਾਲਾ, ਪਤੀ ਬਣ ਸਕਦਾ ਹੈ ? ਕੀ ਪਤੀ ਦੀ ਪਦਵੀ ਉਸ ਨੂੰ ਦਿੱਤੀ ਜਾ ਸਕਦੀ ਹੈ ? ਇਹ ਬਾਣੀ ਬ੍ਰਹਮ ਤੋਂ ਆਈ ਹੈ ਤੇ ਬ੍ਰਹਮ ਸਰੂਪ ਹੈ। ਕੀ ਇਸ ਨੂੰ ਪੜ੍ਹ ਕੇ ਸਮਝਾਉਣ ਵਾਲਾ ਰੱਬ ਬਣ ਗਿਆ ? ਜ਼ਰਾ ਠਹਿਰੋ ਤੇ ਸੋਚੋ। ਕਿਸ ਭੁਲੇਖ ਵਿਚ ਪੈ ਗਏ ਹੋ ?''

ਲੇਖਕ ਦੇ ਉਤਲੇ ਬਚਨ ਸੁਣ ਕਰ, ਉਨ੍ਹਾਂ ਨੂੰ ਹੋਰ ਤਾਂ ਕੋਈ ਗੱਲ ਨਾ ਅਹੁੜੀ, ਕੇਵਲ ਇਹ ਕਹਿ ਕੇ ਟੁਰ ਪਏ ਕਿ ''ਸਾਡਾ ਤਾਂ ਨਿਸ਼ਚਾ ਅਟੱਲ ਹੈ। ਸਾਡੇ ਦੇਹਧਾਰੀ ਗੁਰੂ ਨੇ ਸਾਨੂੰ ਇਕ ਮੰਤਰ ਦਿੱਤਾ ਹੈ ਕਿ ਦੇਹਧਾਰੀ ਗੁਰੂ ਬਿਨਾਂ ਮੁਕਤੀ ਨਹੀਂ ਮਿਲਦੀ।'' ਦਾਸ ਨੇ ਉਨ੍ਹਾਂ ਨੂੰ ਟੁਰਦੇ ਟੁਰਦੇ ਆਖਿਆ, ਕਿ ''ਇਹ ਗੁਰੂ ਨਾਨਕ ਜੀ ਦਾ ਸਿਧਾਂਤ ਨਹੀਂ। ਅਸੀਂ ਤਾਂ ਗੁਰੂ ਨਾਨਕ ਪਾਤਸ਼ਾਹ ਦਾ ਹੁਕਮ ਮੰਨਣਾ ਹੈ। ਤੁਹਾਡੇ ਜਾਂ ਤੁਹਾਡੇ ਦੇਹਧਾਰੀ ਗੁਰੂ ਦੇ ਸਿਖ ਨਹੀਂ ਬਣਨਾ।'' ਇਸ ਨੂੰ ਆਖਦੇ ਹਨ ਹੱਠ ਧਰਮੀ। ਇਕ ਹੋਰ ਨਮੂਨਾ ਹੱਠ ਧਰਮੀ ਦਾ ਲਿਖਿਆ ਜਾਂਦਾ ਹੈ। ਦੇਹਧਾਰੀ ਗੁਰੂ ਨੂੰ ਮੰਨਣ ਵਾਲੇ ਅਤੇ ਅਨਹਦ ਸ਼ਬਦ ਸੁਣਨ ਦੇ ਦਾਵੇਦਾਰ, ਇਕ ਸੱਜਣ ਜੀ ਨਾਲ ਇੰਜ ਗੱਲ ਬਾਤ ਹੋਈ :-

ਸਜਣ ਜੀ – ''ਮੈਂ ਗੁਰਬਾਣੀ ਨੂੰ ਰੱਬੀ ਬਾਣੀ ਮੰਨਦਾ ਹਾਂ ਤੇ ਇਹ ਹੈ ਭੀ ਸੱਚ ਕਿ ਇਹ ਧੁਰ ਨਿਰੰਕਾਰ ਤੋਂ ਬਾਣੀ ਆਈ ਹੈ। ਪਰ ਬਾਣੀ ਆਪੂੰ ਅਨਹਦ ਸ਼ਬਦ ਦੀ ਪ੍ਰਾਪਤੀ ਨਹੀਂ ਕਰਾ ਸਕਦੀ। ਸ਼ਬਦ ਸੁਣਨ ਲਈ ਦੇਹ ਧਾਰੀ ਗੁਰੂ ਦੀ ਲੋੜ ਹੈ।''

ਲੇਖਕ – ''ਵੀਰ ਜੀ ! ਮੈਂ ਇਸ ਗੱਲ ਨਾਲ ਸਹਿਮਤ ਨਹੀਂ ਕਿ ਬਾਣੀ ਅਨਹਦ ਸ਼ਬਦ ਨਹੀਂ ਵਜਾ ਸਕਦੀ ਹੈ। ਤੁਸੀਂ ਇਸ ਤੋਂ ਪਹਿਲਾਂ ਆਖਿਆ ਸੀ ਕਿ :–

**"ਘਰ ਮਹਿ ਘਰੁ ਦੇਖਾਇ ਦੇਇ ਸੋ ਸਤਿਗੁਰੁ ਪੁਰਖੁ ਸੁਜਾਣੁ ॥**

**ਪੰਚ ਸਬਦ ਧੁਨਿਕਾਰ ਧੁਨਿ ਤਹ ਬਾਜੈ ਸਬਦੁ ਨੀਸਾਣੁ ॥**

**ਦੀਪ ਲੋਅ ਪਾਤਾਲ ਤਹ ਖੰਡ ਮੰਡਲ ਹੈਰਾਨੁ ॥**

**ਤਾਰ ਘੋਰ ਬਾਜਿੰਤ੍ਰ ਤਹ ਸਾਚਿ ਤਖਤਿ ਸੁਲਤਾਨੁ ॥"** ਪੰਨਾ 1290

ਇਹ ਤੁਸੀਂ ਸਾਰਾ ਸ਼ਬਦ ਪੂਰਾ ਨਹੀਂ ਪੜ੍ਹਿਆ ਤੇ ਐਨਾ ਹੀ ਪੜ੍ਹ ਕੇ ਸੁਣਾਇਆ ਹੈ। ਇਸ ਸ਼ਬਦ ਦੀ ਅੰਤਲੀ ਤੁਕ ਸਾਫ ਦਰਸਾ ਰਹੀ ਹੈ ਕਿ ਇਹ ਉਤਲੀ ਅਵਸਥਾ ਉਸ ਨੂੰ ਲਭਦੀ ਹੈ, ਜੋ ਸ਼ਬਦ (ਬਾਣੀ) ਨੂੰ ਖੋਜੇਗਾ ਤਾਂ ਫਿਰ ਇਹ ਘਰ ਪ੍ਰਾਪਤ ਹੋਊ। ਐਸੇ ਦਾ ਨਾਨਕ ਦਾਸ ਹੈ। ਅੰਤਲੀ ਤੁਕ ਇੰਜ ਹੈ :–

**"ਸਬਦੁ ਖੋਜਿ ਇਹੁ ਘਰੁ ਲਹੈ ਨਾਨਕੁ ਤਾ ਕਾ ਦਾਸੁ ॥"** ਪੰਨਾ 1291

**ਭਾਵ ਅਰਥ :–** ਬਾਣੀ ਨੂੰ ਖੋਜਣ ਤੇ ਇਹ ਘਰ ਪ੍ਰਾਪਤ ਹੁੰਦਾ ਹੈ। ਨਾਨਕ ਉਸਦਾ ਦਾਸ ਹੈ। ਇਸੇ ਖਿਆਲ ਨੂੰ ਚੌਥੇ ਪਾਤਸ਼ਾਹ ਇੰਜ ਦਰਸਾਉਂਦੇ ਹਨ ਤੇ ਆਪਣਾ ਨਿਜੀ ਅਨੁਭਵ ਦਸ ਰਹੇ ਹਨ :–

**"ਪੰਚੇ ਸਬਦ ਵਜੇ ਮਤਿ ਗੁਰਮਤਿ ਵਡਭਾਗੀ ਅਨਹਦੁ ਵਜਿਆ ॥"** ਪੰਨਾ 1315

**ਭਾਵ ਅਰਥ :–** ਪੰਚ ਸ਼ਬਦ ਮੇਰੇ ਅੰਦਰ ਵੱਜ ਪਏ ਹਨ। ਕਿਕੰਜੂ ਵੱਜੇ ਹਨ ? ਉੱਤਰ ਵਿਚ ਆਖਦੇ ਹਨ ਕਿ ਗੁਰੂ ਦੀ ਮਤ ਦੁਆਰਾ ਭਾਵ ਗੁਰਬਾਣੀ ਦਵਾਰਾ ਤੇ ਮੈਂ ਵਡਭਾਗੀ ਹੋ ਗਿਆ ਹਾਂ। ਅਨਹਦ ਪਰਮੇਸ਼ਰ ਪ੍ਰਗਟ ਹੋ ਗਿਆ ਹੈ। ਇਥੇ 'ਅਨਹਦੁ' ਪਦ ਇਕ ਵਚਨ ਹੈ। ਅਨਹਦੁ ਦੇ 'ਦਦੇ' ਨੂੰ ਔਂਕੜ ਹੈ, ਇਹ ਇਕ ਵਚਨ ਦਾ ਲਖਾਇਕ ਹੁੰਦਾ ਹੈ। ਅਨਹਦ ਦਾ ਅਰਥ ਹੈ, ਅਨ-ਹਦ, ਜਿਹੜਾ ਬ੍ਰਹਮ ਹਦ ਤੋਂ ਰਹਿਤ ਹੈ। ਭਾਵ ਬੇਅੰਤ ਹੈ। ਉਹ ਬ੍ਰਹਮ ਅੰਦਰ ਪ੍ਰਗਟ ਹੋ ਗਿਆ ਹੈ। ਪਰ ਕਿਵੇਂ ਪ੍ਰਗਟ ਹੋਇਆ ਹੈ ? ਕੇਵਲ ਗੁਰਬਾਣੀ ਦੁਆਰਾ।

ਵੀਰ ਜੀ ! ਸ੍ਰੀ ਗੁਰੂ ਨਾਨਕ ਦੇਵ ਜੀ ਨੇ ਆਪਣਾ ਗੁਰੂ ਸ਼ਬਦ ਦਸਿਆ ਹੈ। ਯਥਾ– ''ਸ਼ਬਦ ਗੁਰੂ ਸੁਰਤਿ ਧੁਨ ਚੇਲਾ।''। ਉਹ ਸ਼ਬਦ ਬ੍ਰਹਮ ਹੈ। ਸ੍ਰੀ ਹਜ਼ੂਰ ਦੇ ਹਉਮੈ ਰਹਿਤ ਹਿਰਦੇ ਵਿਚ ਉਤਰਿਆ ਹੈ। ਜਿਹਾ ਕਿ ਹਜ਼ੂਰ ਫੁਰਮਾਉਂਦੇ ਹਨ :–

**"ਜੈਸੀ ਮੈ ਆਵੈ ਖਸਮ ਕੀ ਬਾਣੀ**

**ਤੈਸੜਾ ਕਰੀ ਗਿਆਨੁ ਵੇ ਲਾਲੋ ॥"** ਪੰਨਾ 722

ਬ੍ਰਹਮ ਅਤੇ ਬ੍ਰਹਮ ਤੋ ਆਇਆ ਸ਼ਬਦ ਇਕ ਹੈ। ਬ੍ਰਹਮ ਨੂੰ ਸਤਿਗੁਰ ਵੀ ਆਖਿਆ ਹੈ। ਕਿਹੜਾ ਸਤਿਗੁਰੂ ? ਹਾਡ, ਮਾਸ, ਨਾੜੀ ਦਾ ਪਿੰਜਰ ਨਹੀਂ। ਪਰੰਤੂ ਉਹ ਸਤਿਗੁਰੂ ਜੋ ਸਦਾ ਕਾਇਮ ਰਹਿੰਦਾ ਹੈ, ਜੋ ਜੰਮਦਾ ਮਰਦਾ ਨਹੀਂ, ਜੋ ਅਬਿਨਾਸੀ ਹੈ ਤੇ ਜੋ ਸਾਰਿਆਂ ਵਿਚ ਸਮਾਇਆ ਹੋਇਆ ਹੈ :–

**"ਸਤਿਗੁਰੁ ਮੇਰਾ ਸਦਾ ਸਦਾ ਨਾ ਆਵੈ ਨ ਜਾਇ ॥**

**ਓਹੁ ਅਬਿਨਾਸੀ ਪੁਰਖੁ ਹੈ ਸਭ ਮਹਿ ਰਹਿਆ ਸਮਾਇ ॥"** ਪੰਨਾ 722

ਉਸ ਵਲੋਂ ਜੋ ਬਾਣੀ ਗੁਰੂ ਨਾਨਕ ਦੇ ਹਿਰਦੇ 'ਚ' ਉਤਰੀ, ਉਸ ਦਾ ਹੀ ਰੂਪ ਹੈ। ਤਾਂ ਤੇ ਬਾਣੀ ਤੇ ਸਰਬ ਵਿਆਪਕ ਅਬਿਨਾਸੀ ਸਤਿਗੁਰੂ, ਇਕ ਹਨ। ਸਤਿਗੁਰੂ ਰੂਪ ਬਾਣੀ ਦੁਆਰਾ ਪੰਚ ਸ਼ਬਦ ਸੁਣੇ ਜਾ ਸਕਦੇ ਹਨ।

ਕੁਝ ਚਿਰ ਚੁਪ ਰਹਿਣ ਮਗਰੋਂ ਫਿਰ ਉਹ ਬੋਲੇ - ''ਡਾਕਟਰ ਜੀ ! ਤੁਹਾਡਾ ਤਾਂ ਕਿੱਤਾ (ਕਸਬ) ਡਾਕਟਰੀ ਕਰਨਾ ਹੈ। ਤੁਸੀਂ ਜਾਣਦੇ ਹੀ ਹੋ ਕਿ ਜਦ ਤਾਂਈ ਬੀਮਾਰ ਨੂੰ ਮੌਕੇ ਤੇ ਆ ਕੇ ਡਾਕਟਰ ਵੇਖੇ ਨਾ ਤੇ ਦਵਾਈ ਦਾ ਨੁਸਖਾ ਤਸ਼ਵੀਜ਼ ਨਾ ਕਰੇ, ਤਦ ਤਾਂਈ ਬੀਮਾਰ ਨੂੰ ਸ਼ਫਾ (ਸਿਹਤ) ਨਹੀਂ ਹੋ ਸਕਦੀ ਭਾਵੇਂ ਬੀਮਾਰ ਪਾਸ ਸਾਰੀਆਂ ਦਵਾਈਆਂ ਮੌਜੂਦ ਹੋਣ। ਬੀਮਾਰ ਨੂੰ ਪਤਾ ਨਹੀਂ ਕਿ ਕਿਹੜੀ ਦਵਾਈ ਮੇਰੀ ਬੀਮਾਰੀ ਨੂੰ ਕੱਟੇਗੀ ?''

ਲੇਖਕ : ''ਵੀਰ ਜੀ ! ਤੁਹਾਡੀ ਇਸ ਕਥਨੀ ਵਿਚ ਵਜ਼ਨ ਹੈ। ਮੈਂ ਮੰਨਦਾ ਹਾਂ ਕਿ ਬਿਨਾਂ ਮੌਕੇ ਤੇ ਡਾਕਟਰ ਦੇ ਤੇ ਬਿਨਾਂ ਬੀਮਾਰੀ ਸਮਝਣ ਦੇ ਬੀਮਾਰ ਦਾ ਰੋਗ ਦੂਰ ਨਹੀਂ ਹੋ ਸਕਦਾ। ਇਹ ਬਿਲਕੁਲ ਠੀਕ ਹੈ।'' ਮੇਰੀ ਇਹ ਗੱਲ ਸੁਣ ਕਰ ਉਹ ਬਹੁਤ ਪ੍ਰਸੰਨ ਮੁਦ੍ਰਾ (Mood) ਵਿਚ ਆ ਗਏ ਪਰ ਮੈਂ ਆਖਿਆ ਕਿ ਇਹ ਦ੍ਰਿਸ਼ਟਾਂਤ ਇਥੇ ਲਾਗੂ ਨਹੀਂ ਹੁੰਦਾ। ਸਾਰੀ ਮਨੁੱਖ ਜਾਤੀ ਨੂੰ, ਭਾਵੇਂ ਕਿਸੇ ਦੇਸ਼, ਕਿਸੇ ਨਸਲ ਦੀ ਹੋਵੇ, ਰੋਗ ਇਕੋ ਹੋਵੇ ਤੇ ਉਸ ਰੋਗ ਦਾ ਦਾਰੂ ਵੀ ਕੇਵਲ ਇਕੋ ਹੋਵੇ ਤੇ ਦਾਰੂ ਵੀ ਹਰ ਇਕ ਆਪੂੰ ਕਰ ਸਕਦਾ ਹੋਵੇ ਤਾਂ ਫਿਰ ਮੌਕੇ ਦਾ ਡਾਕਟਰ ਸਦਣ ਦੀ ਲੋੜ ਨਹੀਂ ਤੇ ਨਾ ਹੀ ਨੁਸਖਾ ਤਜਵੀਜ਼ ਕਰਨ ਦੀ ਲੋੜ ਹੈ।'' ਵੀਰ ਜੀ :- ਇਹ ਕਿਵੇਂ ? ਸਮਝ ਨਹੀਂ ਪਈ। ਖੋਹਲ ਕੇ ਦੱਸੋ।''

ਲੇਖਕ :- ''ਵੀਰ ਜੀ ! ਸੰਸਾਰ ਵਿਚ ਜੋ ਵੀ ਦਿਸਦਾ ਹੈ, ਉਹ ਰੋਗੀ ਹੈ। ਜੈਸਾ ਕਿ ਇਹ ਪ੍ਰਮਾਣ ਦਰਸਾ ਰਹਿਆ ਹੈ ........

**"ਜੋ ਜੋ ਦੀਸੈ ਸੋ ਸੋ ਰੋਗੀ ॥"** **ਪੰਨਾ 1140**

ਉਹ ਰੋਗ ਹਉਮੈ ਦਾ ਹੈ। ਸਾਰੇ ਸੰਸਾਰ ਨੂੰ ਚਿੰਬੜਿਆ ਹੋਇਆ ਹੈ। ਹੁਣ ਦੋ ਚੀਜ਼ਾਂ ਤਾਂ ਪਤਾ ਲਗ ਗਈਆਂ ਕਿ ਸਰਬ ਮਾਨੁਖ ਜਾਤੀ ਰੋਗੀ ਹੈ ਤੇ ਰੋਗ ਹਉਮੈ ਦਾ ਹੈ। ਇਸ ਰੋਗ ਨੂੰ ਦੂਰ ਕਰਨ ਲਈ ਦਵਾਈ ਕਿਹੜੀ ਹੈ ? ਗੁਰਮਤਿ ਫੁਰਮਾਉਂਦੀ ਹੈ ............

**"ਸੰਸਾਰੁ ਰੋਗੀ ਨਾਮੁ ਦਾਰੂ ਮੈਲੁ ਲਾਗੈ ਸਚ ਬਿਨਾ ॥"** **ਪੰਨਾ 687**

**ਭਾਵ ਅਰਥ :–** ਕਿ ਸੰਸਾਰ ਰੋਗੀ ਹੈ ਤੇ ਰੋਗ ਹਉਮੈ ਦਾ ਹੈ ਤੇ ਹਉਮੈ ਦੇ ਰੋਗ ਨੂੰ ਦੂਰ ਕਰਨ ਲਈ ਦਾਰੂ ਨਾਮ ਹੈ ਤੇ ਜੇ ਨਾਮ ਨਾ ਜਪੀਏ ਤਾਂ ਹਉਮੈ ਰੂਪੀ ਮੈਲ ਬਦੋ-ਬਦੀ ਚਿੰਬੜ ਜਾਂਦੀ ਹੈ। ਹਉਮੈ ਬਹੁਤ ਵੱਡਾ ਰੋਗ ਹੈ, ਪਰ ਇਸ ਦਾ ਦਾਰੂ ਵੀ ਹੈ। ਯਥਾ :-

**"ਹਉਮੈ ਦੀਰਘ ਰੋਗੁ ਹੈ ਦਾਰੂ ਭੀ ਇਸੁ ਮਾਹਿ ॥**

**ਕਿਰਪਾ ਕਰੈ ਜੇ ਆਪਣੀ ਤਾ ਗੁਰ ਕਾ ਸਬਦੁ ਕਮਾਇ ॥"** **ਪੰਨਾ 466**

**ਭਾਵ ਅਰਥ :–** ਕਿ ਹਉਮੈ ਵੱਡਾ ਰੋਗ ਹੈ, ਪਰ ਦਾਰੂ ਵੀ ਇਸ ਰੋਗ ਦਾ ਹੈ। ਇਹ ਨਾ ਨਿਵਿਰਤ ਹੋਣ ਵਾਲਾ ਰੋਗ ਨਹੀਂ। ਜਿਸ ਤੇ ਕਿਰਪਾ ਹੋ ਜਾਏ ਤਾਂ ਉਹ ਗੁਰਸ਼ਬਦ ਭਾਵ ਗੁਰਬਾਣੀ ਦੀ ਕਮਾਈ ਕਰਦਾ ਹੈ ਤੇ ਨਾਮ ਦਾਰੂ ਨਾਲ, ਰੋਗ ਦੀ ਨਿਵਿਰਤੀ ਕੀਤੀ ਜਾ ਸਕਦੀ ਹੈ।

ਹੁਣ ਵੀਰ ਜੀਓ ! ਦਸੋ ਕਿ ਮੌਕੇ ਤੇ ਡਾਕਟਰ ਦੀ ਕੀ ਲੋੜ ਰਹੀ ? ਜਦ ਸਾਰੀ ਮਾਨੁਖ ਜਾਤੀ ਇਕੋ ਰੋਗ ਵਿਚ ਗ੍ਰਸਤ ਹੈ ਤਾਂ ਨਾਮ ਰੂਪੀ ਦਾਰੂ ਵਰਤੋ। ਰੋਗ ਦੂਰ ਹੋ ਵੈਸੀ। ਦੇਹਧਾਰੀਆਂ ਦੇ ਮਗਰ ਭਉਣ ਦੀ ਕੀ ਲੋੜ ?

ਉਤਲੀ ਗੱਲ ਸੁਣ ਕੇ ਇਹ ਸਜਣ ਵੀ ਬਿਨਾਂ ਹੋਰ ਪੁਛ ਪ੍ਰਤੀਤ ਕੀਤੇ ਟੁਰ ਪਏ ਤੇ ਟੁਰਦੇ ਟੁਰਦੇ ਆਖਣ ਲਗੇ ''ਜੀ ਮਨ ਨਹੀਂ ਮੰਨਦਾ।'' ਦਾਸ ਨੇ ਆਖਿਆ ਕਿ ''ਵੀਰ ਜੀ ! ਆਪ ਦੀ ਸੁਰਤ ਦੇਹਧਾਰੀ ਦੇ ਹੇਠਾਂ ਦਬੇਲ ਹੋਈ ਹੈ। ਇਹ ਆਪੂੰ ਬਣੇ ਦੇਹਧਾਰੀ ਗੁਰੂ, ਗੁਰਬਾਣੀ ਦੇ ਪ੍ਰਮਾਣ ਤੇ ਆਖਦੇ ਹਨ। ਪਰ ਉਨ੍ਹਾਂ ਦੇ ਅਰਥ ਤਰੋੜ ਮਰੋੜ ਕੇ, ਦੇਹਧਾਰੀ ਗੁਰੂ, ਸਿੱਧ ਕਰਨ ਲਈ ਵਰਤਦੇ ਹਨ ਤੇ ਆਖਦੇ ਹਨ ਕਿ ਗੁਰਬਾਣੀ ਇਹ ਆਖ ਰਹੀ ਹੈ। ਤੁਸੀਂ ਆਪਣੀ ਸੁਰਤ ਦੁਬੇਲਗੀ ਵਿਚੋਂ ਕੱਢ ਕੇ ਨਿਰਪੱਖ ਵਿਚਾਰ ਕਰ ਲਵੋ ਕਿ ਸੱਚਾਈ ਕੀ ਹੈ ?'' ਪਰ ਲੇਖਕ ਦੀ ਹੈਰਾਨੀ ਦੀ ਹੱਦ ਨਾ ਰਹੀ ਜਦ

ਉਹ ਕ੍ਰੋਧ ਵਿਚ ਕੰਬਦੇ ਕੰਬਦੇ ਆਖਣ ਲਗੇ – ''ਮੇਰਾ ਗੁਰੂ ਝੂਠਾ ਨਹੀਂ ਹੈ। ਬਸ ਜੀ ! ਹੋਰ ਗੱਲ ਦੇਹਧਾਰੀ ਗੁਰੂ ਦੇ ਵਿਰੁਧ ਨਾ ਆਖਣੀ, ਨਹੀਂ ਤਾਂ ਗੱਲ ਵਧ ਜਾਊ।''

ਇਹ ਦੂਜੀ ਵੰਨਗੀ, ਹਠ-ਧਰਮੀ ਦੀ, ਪਾਠਕਾਂ ਅਗੇ ਪੇਸ਼ ਹੈ। ਪਿਆਰੇ ਪਾਠਕ ਜੀ ! ਨਿਰਪੱਖ ਹੋ ਕਰ ਖੁੱਲ੍ਹੇ ਮਨ (Open Mind) ਨਾਲ ਤੁਸੀਂ ਹੀ ਵੀਚਾਰੋ ਕਿ ਹਠ ਧਰਮੀ ਵਾਲੇ ਬੰਦੇ ਵਿਚ, ਜਰਨ ਸ਼ਕਤੀ ਐਨੀ ਵੀ ਨਹੀਂ ਕਿ ਜਿਸ ਬਾਣੀ ਨੂੰ ਉਹ ਬ੍ਰਹਮ ਤੋਂ ਉਤਰੀ ਬਾਣੀ ਮੰਨਦਾ ਹੋਵੇ, ਉਸ ਬਾਣੀ ਦੀ ਵੀਚਾਰ ਵੀ ਕ੍ਰੋਧਤ ਕਰ ਦੇਵੇ ਤੇ ਫੇਰ ਅਸਚਰਜਤਾ ਇਹ ਕਿ ਉਹ ਹਠ ਧਰਮੀ ਬੰਦਾ, ਦਾਹਵਾ ਕਰਦਾ ਹੋਵੇ ਕਿ ਉਸ ਅੰਦਰ ਪੰਚ ਸ਼ਬਦ ਵੱਜ ਰਹੇ ਹਨ। ਪੰਚ ਸ਼ਬਦ ਵੱਜਣ ਦੀ ਨਿਸ਼ਾਨੀ ਆਨੰਦ ਸਾਹਿਬ ਵਿਚ ਸ੍ਰੀ ਗੁਰੂ ਅਮਰਦਾਸ ਜੀ ਇਹ ਦੱਸਦੇ ਹਨ :-

**"ਵਾਜੇ ਪੰਚ ਸਬਦ ਤਿਤੁ ਘਰਿ ਸਭਾਗੈ ॥**

**ਘਰਿ ਸਭਾਗੈ ਸਬਦ ਵਾਜੇ ਕਲਾ ਜਿਤੁ ਘਰਿ ਧਾਰੀਆ ॥**

**ਪੰਚ ਦੂਤ ਤੁਧੁ ਵਸਿ ਕੀਤੇ ਕਾਲੁ ਕੰਟਕੁ ਮਾਰਿਆ ॥"** **ਪੰਨਾ 917**

**ਭਾਵ ਅਰਥ :-** ਉਹ ਹਿਰਦੇ ਭਾਗਾਂ ਵਾਲੇ ਹਨ, ਜਿਨ੍ਹਾਂ ਹਿਰਦਿਆਂ ਵਿਚ ਪੰਚ ਸ਼ਬਦ ਵੱਜ ਪਏ ਹਨ। ਪੰਚ ਸ਼ਬਦ ਵਜੇ ਸੁਭਾਗ ਘਰਾਂ ਤੇ, ਪ੍ਰਭੂ ਨੇ ਕਲਾ ਧਾਰੀ ਹੈ। ਉਨ੍ਹਾਂ ਦੇ ਪੰਚ ਦੂਤ- ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ- ਵਸ ਵਿਚ ਹੋ ਪੈਂਦੇ ਹਨ। ਇਹ ਕਲਾ ਵਾਹਿਗੁਰੂ ਜੀ ਵਰਤਾਉਂਦੇ ਹਨ ਤੇ ਉਨ੍ਹਾਂ ਦਾ ਜਨਮ ਮਰਨ ਮੁਕ ਜਾਂਦਾ ਹੈ। ਇਹ ਨਿਸ਼ਾਨੀ ਹੁੰਦੀ ਹੈ ਪੰਚ ਸ਼ਬਦ ਵਜਨ ਦੀ। ਪਰ ਉਪਰਲਾ ਸਜਣ ਜੋ ਆਖਦਾ ਸੀ-ਕਿ ਪੰਚ ਸ਼ਬਦ ਸੁਣਦਾ ਹੈ- ਕ੍ਰੋਧ ਵਿਚ ਕੰਬਣ ਲੱਗ ਪਿਆ ਤੇ ਬੇਪਤੀ ਲਈ ਉਤਰ ਪਿਆ। ਮਹਾਰਾਜ ਉਨ੍ਹਾਂ ਨੂੰ ਸੁਮਤਿ ਬਖਸ਼ਣ।

ਇਹੋ ਜਿਹੇ ਲੋਕ ਅਸਲ ਪੰਚ ਸ਼ਬਦ ਨਹੀਂ ਸੁਣਦੇ ਤੇ ਦਿਲ ਦੇ ਧੜਕਣ ਦੀ ਆਵਾਜ, ਕੰਨਾ ਦੀ ਘੂੰ ਘੂੰ, ਨਾੜੀਆਂ ਵਿਚ ਲਹੂ ਦੇ ਗੇੜੇ ਕੱਢਣ ਦੀ ਆਵਾਜ਼ ਤੇ ਫੇਫੜਿਆਂ ਦੁਆਰਾ ਹਵਾ ਨੂੰ ਅੰਦਰ ਬਾਹਰ ਕੱਢਣ ਦੀ ਆਵਾਜ਼ ਨੂੰ ਹੀ, ਪੰਚ ਸ਼ਬਦ ਸੁਣਨਾ ਮਿਥ ਲੈਂਦੇ ਹਨ। ਇਨ੍ਹਾਂ ਆਵਾਜ਼ਾਂ ਨੂੰ ਡਾਕਟਰ ਟੂਟੀ (ਸਟੈਥੋਸਕੋਪ) ਨਾਲ ਸੁਣ ਲੈਂਦਾ ਹੈ। ਤੇ ਇਹ ਲੋਕ ਮਨ ਦੀ ਇਕਾਗਰਤਾ ਦੇ ਅਭਿਆਸ ਨਾਲ ਸੁਣ ਲੈਂਦੇ ਹਨ। ਫਰਕ ਕੀ ਹੋਇਆ? ਜਦ ਤਾਂਈ ਪੰਜ ਬਲੀਆਂ ਉਤੇ ਪੂਰਾ ਵਸੀਕਰਨ ਨਹੀਂ ਹੋ ਜਾਂਦਾ, ਤਦ ਤਾਂਈ ਅਸਲ ਪੰਚ ਸ਼ਬਦ ਨਹੀਂ ਵਜੇ। ਜਗਿਆਸੂ ਨੂੰ ਇਹ ਕਸਵੱਟੀ ਲਾ ਲੈਣੀ ਚਾਹੀਦੀ ਹੈ। ਇਹ ਅਸਲ ਪੰਚ ਸ਼ਬਦ ਨਾਮ ਸਾਖਿਆਤ ਹੋਣ ਤੇ ਵਜਦੇ ਹਨ। ਇਸਦਾ ਅਨੁਭਵ, ਨਾਮ ਰਸੀਆਂ ਨੂੰ ਹੁੰਦਾ ਹੈ। ਤੇ ਜੋ ਰੋਸ਼ਨੀ ਵਿਖਾਉਂਦੇ ਹਨ, ਯਾ ਵੇਖਣ ਲਈ ਪ੍ਰੇਰਦੇ ਹਨ, ਇਸ ਦਾ ਕੀ ਲਾਭ ਹੈ ? ਅਗੇ ਸੰਸਾਰ ਵਿਚ ਸੂਰਜ ਦੀ ਦਿਨੇ, ਬਿਜਲੀ ਦੀ ਰਾਤੀ, ਕਿੰਨੀ ਰੋਸ਼ਨੀ ਵੇਖ ਰਹੇ ਹਾਂ। ਰੋਸ਼ਨੀ ਮਾਇਆ (Matter) ਹੈ। ਲੀਨ, ਜੀਵ ਨੇ, ਕਰਤਾਰ ਵਿਚ ਹੋਣਾ ਹੈ। ਉਹ ਨਿਰੰਕਾਰ ਹੈ। ਉਸ ਦਾ ਕੋਈ ਚਿਹਨ ਚਕਰ ਨਹੀਂ। ਜਿਨ੍ਹਾਂ ਸਜਨਾਂ ਨੇ ਰੋਸ਼ਨੀ ਵੇਖੀ ਹੈ, ਜਦ ਉਨ੍ਹਾਂ ਤੋਂ ਪੁਛਿਆ ਗਿਆ ਕਿ ਕੀ ਉਨ੍ਹਾਂ ਦਾ ਮਨ ਉਤੇ ਕਾਬੂ ਹੋ ਗਿਆ ? ਕੀ ਉਹਨਾਂ ਨੂੰ ਪੰਜ ਮਹਾਂਬਲੀ ਔਖਾ ਤਾਂ ਨਹੀਂ ਕਰਦੇ ? ਉੱਤਰ ਵਿਚ ਆਖਦੇ ਹਨ ਕਿ ਇਹ ਗੱਲਾਂ ਤਾਂ ਨਹੀਂ ਵਾਪਰੀਆਂ। ਫਿਰ ਰੋਸ਼ਨੀ ਦਾ ਕੀ ਲਾਭ ?

ਇਸ ਸੰਬੰਧ ਵਿਚ ਇਕ ਹੋਰ ਸਜਣ-ਜੋ ਹੁਣ ਮੇਰੇ ਮਿੱਤਰ ਹਨ-ਦੀ ਹਡ ਬੀਤੀ ਦਸਣੀ ਅਵਸ਼ਕ ਭਾਸਦੀ ਹੈ। ਇਹ ਸਜਣ ਜੀ ਪਹਿਲਾਂ ਗੁਰਬਾਣੀ ਤੇ ਹੀ ਭਰੋਸਾ ਰਖਦੇ ਸਨ। ਇਨ੍ਹਾਂ ਦੇ ਸ਼ਹਿਰ ਇਕ ''ਦੇਹਧਾਰੀ ਗੁਰੂ'' ਨਿਰੰਕਾਰ ਦੇ ਅੱਖ ਦੇ ਫੋਰ ਵਿਚ ਦਰਸ਼ਨ ਕਰਾਣ ਦੇ ਦਾਵੇਦਰ ਆਏ। ਉਹਨਾਂ ਦੇ ਏਜੰਟਾਂ ਨੇ ਆ ਪ੍ਰਾਪੇਗੰਡਾ ਕੀਤਾ ਕਿ ਜੋ ਨਿਰੰਕਾਰ ਦੇ ਦਰਸ਼ਨ ਕਰਨ ਦੀ ਅਭਿਲਾਖਾ ਰਖਦੇ ਹੋਣ, ਉਹ 'ਇਸ ਗੁਰੂ' ਤੋ, ਇਕ ਛਿਨ ਵਿਚ ਦਰਸ਼ਨ ਪ੍ਰਾਪਤ ਕਰ ਸਕਦੇ ਹਨ। ਇਹ ਮੇਰੇ ਹੁਣ ਬਣੇ ਮਿਤਰ ਜੀ, ਉਸ ਸ਼ਹਿਰ ਦੇ ਵਡੇ ਗੁਰਦੁਵਾਰੇ ਦੇ ਪ੍ਰੈਜੀਡੈਂਟ ਹਨ ਤੇ ਰਜੇ ਪੁਜੇ ਵਡੇ ਸਰਦਾਰ ਹਨ। ਇਨ੍ਹਾਂ ਦੇ ਮਨ ਵਿਚ ਦਰਸ਼ਨ ਦੀ ਲਗਨ ਤਾਂ ਹੈ ਹੀ ਸੀ। ਇਨ੍ਹਾਂ ਦੇ ਇਕ ਰਿਸ਼ਤੇਦਾਰ ਇਨ੍ਹਾਂ ਨੂੰ ਪ੍ਰੇਰ

ਕੇ 'ਗੁਰੂ' ਪਾਸ ਲੈ ਗਏ। ਇਨ੍ਹਾਂ ਦੇ ਲੈ ਜਾਣ ਵਾਲੇ ਰਿਸ਼ਤੇਦਾਰ ਪਹਿਲਾਂ ਤੋਂ ਹੀ ਉਸਦੇ ਚੇਲੇ ਸਨ। ਨਵੇਂ ਗੁਰ ਮੰਤਰ ਲੈਣ ਵਾਲੇ ਦੀ ਭਾਰੀ ਖਾਤਰ ਤਵਾਜ਼ਾ ਤੇ ਪੁਛ ਪ੍ਰਤੀਤ ਹੋਈ। ਹੁਣ ਪਾਠਕ ਜਨੋ, ਮੰਤਰ ਦੀ ਕਥਾ ਸੁਣੋ! ਕਿ ''ਗੁਰੂ'' ਨੇ ਚੇਲੇ ਨੂੰ ਮੰਤਰ ਕਿਵੇਂ ਦਿੱਤਾ ? ''ਗੁਰੂ ਜੀ'' ਚੇਲੇ ਨੂੰ ਪੁਛਣ ਲਗੇ ਕਿ ਨਿਰੰਕਾਰ ਦੇ ਦਰਸ਼ਨ ਹੁਣੇ ਹੀ ਕਰਨੇ ਹਨ ਕਿ ਕੁਝ ਚਿਰ ਠਹਿਰ ਕਰ ? ਚੇਲੇ ਜੀ ਨੇ ਉੱਤਰ ਵਿਚ ਆਖਿਆ, ''ਜੀ ਹੁਣੇ ਹੀ।'' ਗੁਰੂ ਜੀ ਆਪਣੀ ਸਿਖੀ ਸੇਵਕੀ ਦੀ ਸਭਾ ਵਿਚੋਂ ਉਠ ਕਰ, ਚੇਲੇ ਨੂੰ ਲੈ ਕੇ ਵਖਰੇ ਕਮਰੇ ਵਿਚ ਚਲੇ ਗਏ। ਪਹਿਲੀ ਗੱਲ ''ਗੁਰੂ'' ਨੇ ਚੇਲੇ ਨੂੰ ਆਖੀ ਕਿ ''ਜੋ ਕੁਛ ਮੈਂ ਆਖਾਂਗਾ ਉਸਨੂੰ ਸਚ ਜਾਣਨਾ। ਨੁਕਤਾਚੀਨੀ ਨਹੀਂ ਕਰਨੀ। ਇਹ ਗੱਲ ਮਨਜ਼ੂਰ ਹੈ ਤਾਂ ਹਾਮੀ ਭਰੋ।'' ਚੇਲੇ ਨੇ ਹਾਮੀ ਭਰ ਦਿੱਤੀ ਕਿ ''ਜੀ ਮਨਜ਼ੂਰ ਹੈ।'' ਗੁਰੂ ਨੇ ਆਪਣੀਆਂ ਦੋਵੇਂ ਬਾਹਾ ਉਚੀਆਂ ਕੀਤੀਆਂ ਤੇ ਉਤਾਹਾਂ ਹੇਠਾਹਾਂ ਇਕ ਫੁਟ ਵਿਥ ਤੇ ਹਥ ਰਖ ਕੇ ਚੇਲੇ ਨੂੰ ਪੁਛਣ ਲਗੇ : ''ਦਸੋ ਮੇਰੇ ਹੱਥਾਂ ਦੇ ਵਿਚਕਾਰ ਕੀ ਹੈ ?'' ਚੇਲੇ ਨੇ ਆਖਿਆ ''ਜੀ ਕੁਝ ਨਹੀਂ ?''

'ਗੁਰੂ' ਬੋਲੇ - ''ਨਹੀਂ ਬਈ, ਕੁਝ ਨਾ ਕੁਝ ਹੈ। ਤੂੰ ਗਲਤੀ ਖਾਂਦਾ ਹੈ।''

ਚੇਲੇ ਨੇ ਆਖਿਆ : ''ਜੀ ਕੇਵਲ ਪੁਲਾੜ ਹੀ ਹੈ।''

'ਗੁਰੂ'- ''ਸ਼ਾਬਾਸ਼ ! ਇਹੋ ਹੀ ਮੈਂ ਪੁਛਣਾ ਚਾਹੁੰਦਾ ਸਾਂ। ਇਹ ਉੱਤਰ ਠੀਕ ਹੈ ਕਿ ਕੇਵਲ ਪੁਲਾੜ ਹੈ।'' ਇਸ ਮਗਰੋਂ ''ਗੁਰੂ ਜੀ ਨੇ, ਹੱਥਾਂ ਦੀ ਵਿਥ ਹੋਰ ਵਧੇਰੇ ਕਰ ਲਈ ਤੇ ਫਿਰ ਪੁਛਿਆ ਕਿ ਹੁਣ ਕੀ ਹੈ ? ਚੇਲੇ ਨੇ ਕਿਹਾ ਜੀ ''ਹੁਣ ਵੀ ਉਹੀ ਪੁਲਾੜ ਹੈ।'' ਇਸ ਅਗਲੇ ਪ੍ਰਸ਼ਨ ਦੇ ਉੱਤਰ ਵਿਚ ''ਕਿ ਸਾਰੀ ਪ੍ਰਿਥਵੀ ਤੇ ਆਕਾਸ਼ ਦੇ ਵਿਚਕਾਰ ਕੀ ਹੈ?'', ਚੇਲੇ ਆਖਿਆ-''ਸਾਰੀ ਪ੍ਰਿਥਵੀ ਤੇ ਆਕਾਸ਼ ਵਿਚ ਪੁਲਾੜ ਹੀ ਹੈ।'' ਤਾਂ ''ਗੁਰੂ' ਨੇ ਆਖਿਆ : ਇਸੇ ਤਰ੍ਹਾਂ ਨਿਰੰਕਾਰ ਸਾਰੇ ਪਰੀ ਪੂਰਨ ਹੈ। ਬਸ ਇਹ ਨਿਰੰਕਾਰ ਦੇ ਦਰਸ਼ਨ ਹਨ।''

ਚੇਲੇ ਨੇ, ਬਚਨ ਬੱਧ ਹੋਣ ਕਰਕੇ, ਉਸ ਵੇਲੇ ਕਿੰਤੂ ਕੋਈ ਨਾ ਕੀਤੀ, ਪਰ ਦਿਲ ਵਿਚ ਤੁਕ ਪੜ੍ਹੀ :-

**"ਘਟ ਘਟ ਵਾਸੀ ਸਰਬ ਨਿਵਾਸੀ ਨੇਰੈ ਹੀ ਤੇ ਨੇਰਾ ॥" ਪੰਨਾ 784**

ਇਸ ਨੇ ਕਿਹੜੀ ਗੱਲ ਨਵੀਂ ਦਸੀ ਹੈ ? ਇਹ ਸਭ ਪਾਖੰਡ ਹੈ। ਪ੍ਰਾਪੇਗੰਡੇ ਦੇ ਸਿਰ ਤੇ ਇਸ ਦੀ ਇਹ ਖੇਲ ਚਲ ਰਹੀ ਹੈ। ਉਸ ਦਿਨ ਦਸਮ ਪਾਤਸ਼ਾਹ ਦਾ ਗੁਰਪੁਰਬ ਸੀ ਤੇ ਰਾਤ ਨੂੰ ਪ੍ਰਕਾਸ਼ ਉਤਸਵ ਮਨਾਉਣਾ ਸੀ। ਮੇਰੇ ਮਿੱਤਰ ਜੀ ਆਖਦੇ ਹਨ ਕਿ ਪਰਸ਼ਾਦਾ ਛਕ ਕਰ, ਗੁਰਦਵਾਰੇ ਲਈ ਟੁਰ ਪਿਆ, ਪਰ ਮਨ ਵਿਚ ਇਹ ਹੀ ਵਿਚਾਰਦਾ ਗਿਆ ਕਿ ਪ੍ਰਚਾਰ ਕੀ ਕੁਝ ਨਹੀਂ ਕਰ ਸਕਦਾ ? ਕਾਸ਼ ! ਕਿ ਸਾਡੀ ਗੁਰਮਤਿ ਦੀ ਵੀ ਐਨੀ ਇਸ਼ਤਿਆਰ ਬਾਜ਼ੀ ਹੁੰਦੀ ਤਾਂ ਕਿ ਗੁਰਮਤਿ ਤੋਂ ਅਣਜਾਣ, ਇਸ ਫੰਧੇ ਵਿਚ ਨਾ ਫਸਦੇ। ਜਦ ਇਹ ਗੁਰਦਵਾਰੇ ਦੇ ਪ੍ਰਧਾਨ ਮਿੱਤਰ ਜੀ, ਗੁਰਦਵਾਰੇ ਪਾਸ ਪੁਜੇ ਤਾਂ ਅਗੋਂ ਇਕ ਬਿਰਧ ਮਾਈ-ਜੋ ਨਿਤ ਗੁਰਦੁਆਰੇ ਹਾਜ਼ਰੀ ਭਰਦੀ ਸੀ-ਸੜਕ ਤੇ ਖਲੋਤੀ ਸੀ। ਮਿੱਤਰ ਨੂੰ ਵੇਖ ਕੇ ਗੁਰ ਫਤਹ ਬੁਲਾਈ। ਮਿਤਰ ਨੇ ਫਤਹ ਦਾ ਉੱਤਰ ਦੇ ਕੇ ਆਖਿਆ ''ਮਾਤਾ ਜੀ, ਗੁਰਦਵਾਰੇ ਅੰਦਰ ਚਲੋ ਤੇ ਸਤਸੰਗਿ ਦਾ ਲਾਹਾ ਮਾਣੋ।'' ਇਹ ਮਿੱਤਰ ਦੀ ਗੱਲ ਸੁਣ ਕਰ ਮਾਈ ਦੇ ਅਥਰੂ ਵਗ ਟੁਰੇ ਤੇ ਕੰਬਦੀ ਜ਼ਬਾਨ ਵਿਚ ਬੋਲੀ, ''ਮੇਰੇ ਭਾਗ ਕਿਥੇ ਕਿ ਮੈਂ ਅੰਦਰ ਜਾ ਸਕਾਂ ?'' ਮਿੱਤਰ ਨੇ ਹੈਰਾਨਗੀ ਵਿਚ ਪੁਛਿਆ : ''ਮਾਤਾ ਜੀ ! ਤੁਸੀਂ ਤਾਂ ਰੋਜ਼ ਗੁਰਦਵਾਰੇ ਦਰਸ਼ਨ ਕਰਨ ਆਉਂਦੇ ਹੋ। ਅਜ ਕੀ ਹੋ ਗਿਆ ਹੈ ? ਚਲੋ ਕਿਹੜਾ ਹੈ ਜੋ ਤੁਹਾਨੂੰ ਅੰਦਰ ਜਾਣ ਤੋਂ ਰੋਕੇਗਾ ?'' ਡਸਕੋਰੇ ਭਰਦੀ ਮਾਈ ਨੇ ਆਖਿਆ, ''ਪ੍ਰਧਾਨ ਜੀ, ਇਸ ਦਰਬਾਰ ਅੰਦਰ ਜਾਂਦੇ ਹੋਰ ਕੋਈ ਨਹੀ ਰੋਕ ਰਿਹਾ। ਮੈਨੂੰ ਇਕ ਵੱਡਾ ਭਾਰੀ ਡਰ ਰੋਕ ਰਿਹਾ ਹੈ। ਉਹ ਇਹ ਕਿ ਜੇ ਮੈਂ ਚਲੀ ਗਈ ਤਾਂ ਨਰਕਾਂ ਵਿਚ ਸੁਟੀ ਜਾਊ।'' ਪ੍ਰਧਾਨ ਮਿੱਤਰ ਜੀ ਵਧੇਰੇ ਅਸਚਰਜ ਹੋ ਕੇ ਪੁੱਛਣ ਲਗੇ : ''ਮਾਤਾ ਜੀ, ਮੇਰੇ ਪਲੇ

ਆਪ ਜੀ ਦੀ ਗੱਲ ਨਹੀਂ ਪਈ। ਖੋਹਲ ਕੇ ਦਸੋ ?'' ਮਾਤਾ ਬੋਲੀ : ''ਤੁਸੀਂ ਸਾਰੇ ਲੀਡਰ ਹੋ। ਸੰਗਤ ਨੇ ਤੁਹਾਨੂੰ ਗੁਰਦੁਵਾਰੇ ਦਾ ਪ੍ਰਧਾਨ ਚੁਣਿਆ ਹੈ। ਪਰ ਪੁੱਤਰ ! ਤੂੰ ਮੇਰਾ ਪੁਤਰਾਂ ਵਰਗਾ ਹੈ। ਤੇਰੇ ਤੋਂ ਕੀ ਲੁਕਾਵਾਂ, ਕਲ੍ਹ ਮੈਂ ਦੇਹਧਾਰੀ ਗੁਰੂ ਕੀਤਾ ਹੈ, ਉਨ੍ਹਾਂ ਨੇ ਉਪਦੇਸ਼ ਦਿਤਾ ਹੈ ਕਿ ਜੇ ਕਦੀ ਕਿਸੇ ਗੁਰਦੁਵਾਰੇ ਗਈ ਤਾਂ ਨਰਕਾਂ ਵਿਚ ਜਾਏਗੀ ਤੇ ਕੋਹੜੀ ਹੋ ਜਾਏਗੀ। ਅੰਦਰ ਮੇਰੇ ਸੱਧਰ ਜ਼ੋਰ ਪਾ ਰਹੀ ਹੈ ਕਿ ਦਰਸ਼ਨ ਕਰਾਂ, ਪਰ ਕੀਤੇ ਬਚਨ ਦਾ ਡਰ ਬਾਧਕ ਹੈ।'' ਮਿੱਤਰ ਨੇ ਉਸ ਬਿਰਧ ਮਾਤਾ ਨੂੰ ਆਪਣੀ ਉਸੇ ਦਿਹਾੜੇ ਦੀ ਵਿਥਿਆ ਵੀ ਆਖ ਸੁਣਾਈ ਤੇ ਉਸ ਦੇ ਮਨ ਦਾ ਡਰ ਹੌਲਾ ਕੀਤਾ। ਗੁਰਦਵਾਰੇ ਬਾਂਹ ਫੜ ਕੇ ਲੈ ਗਏ। ਜਿਹੜੇ ਪਾਠਕ, ਇਸ ਘਟਨਾ ਦਾ ਹੋਰ ਵਧੇਰੇ ਵੇਰਵਾ ਲੈਣਾ ਚਾਹੁੰਦੇ ਹੋਣ, ਉਹ ਲੇਖਕ ਨੂੰ ਲਿਖ ਕਰ, ਮਿੱਤਰ ਜੀ ਦਾ ਪਤਾ ਮੰਗਾ ਕਰ, ਉਨ੍ਹਾਂ ਨੂੰ ਮਿਲ ਕੇ ਲੈ ਸਕਦੇ ਹਨ।

ਪਾਠਕਾਂ ਨੂੰ ਐਨੀ ਲੰਮੀ ਗੱਲ ਦਰਸਾਉਣ ਦਾ ਭਾਵ ਇਹ ਹੈ ਕਿ ਕਿਵੇਂ ਸਿਧੇ ਸਾਧੇ ਅਨਭੋਲ, ਗੁਰਮਤਿ ਤੋਂ ਅਗਿਆਤ ਸਜਣਾਂ ਨੂੰ, ਇਹ ਆਪੂੰ ਬਣੇ 'ਗੁਰੂ' ਚੇਲੇ ਬਣਾ ਰਹੇ ਹਨ

ਦਾਸ ਨੇ ਇਸ ਮਿੱਤਰ ਜੀ ਤੋਂ ਕਾਰਨ ਪੁੱਛਿਆ ਕਿ ਫਿਰ ਪੜ੍ਹੇ ਲਿਖੇ ਲੋਕ ਕਿਉਂ ਉਨ੍ਹਾਂ ਦੇ ਫੰਧੇ ਵਿਚ ਫਸ ਜਾਂਦੇ ਹਨ ? ਮਿੱਤਰ ਜੀ ਨੇ ਆਖਿਆ ਕਿ ਉਸ ਦਾ ਵੱਡਾ ਕਾਰਣ ਇਹ ਹੈ ਕਿ ਉਹ ''ਪਾਖੰਡੀ ਗੁਰੂ'' ਗਾਰੰਟੀ ਦਿੰਦਾ ਹੈ ਕਿ ਤੁਹਾਡੇ ਪਾਪਾਂ ਦਾ ਮੈਂ ਜ਼ਿੰਮੇਵਾਰ ਹਾਂ ਤੇ ਦੂਜੀ ਗੱਲ ਇਹ ਹੈ ਕਿ ਮਾਸ, ਸ਼ਰਾਬ, ਨਾਚ ਰੰਗ ਦੀ ਕੋਈ ਮਨਾਹੀ ਨਹੀਂ। ਨਾ ਹੀ ਕੋਈ ਰਹਿਤ ਮਰਯਾਦਾ ਧਾਰਨ ਦੀ ਬੰਦਸ਼ ਹੈ। ਸਭ ਤਰ੍ਹਾਂ ਦੀ ਖੁਲ੍ਹ ਹੈ। ਹਰ ਇਕ ਇਨਸਾਨ ਕੁਝ ਸਹਾਰਾ ਚਾਹੁੰਦਾ ਹੈ ਕਿ ਪਾਪਾਂ ਨਾਲ ਲਦੇ ਹਿਰਦੇ ਦਾ ਭਾਰ ਹੌਲਾ ਕਰਾਂ। ਇਸ ਇਨਸਾਨੀ ਕਮਜ਼ੋਰੀ ਦਾ, ਇਹ ਪਾਖੰਡੀ ਗੁਰੂ ਲਾਭ ਉਠਾ ਰਹੇ ਹਨ।

ਨਿਰੰਕਾਰ ਦੇ ਦਰਸ਼ਨ ਅਭਿਲਾਖੀਆਂ ਨੂੰ ਇਕ ਇਹ ਕਸਵੱਟੀ ਜ਼ਰੂਰ ਲਾ ਲੈਣੀ ਚਾਹੀਦੀ ਹੈ। ਨਿਰੰਕਾਰ ਪ੍ਰਾਪਤੀ ਦੇ ਲਛਣ-ਨੌਵੀ ਪਾਤਸ਼ਾਹੀ ਸਾਹਿਬ ਗੁਰੂ ਤੇਗ ਬਹਾਦੁਰ ਸਾਹਿਬ, ਇਸ ਤਰ੍ਹਾਂ ਦਰਸਾਉਂਦੇ ਹਨ :-

**"ਮਾਈ ਮੈ ਧਨੁ ਪਾਇਓ ਹਰਿ ਨਾਮੁ ॥**
**ਮਨੁ ਮੇਰੋ ਧਾਵਨ ਤੇ ਛੂਟਿਓ ਕਰਿ ਬੈਠੋ ਬਿਸਰਾਮੁ ॥ ॥ ਰਹਾਉ ॥**
**ਮਾਇਆ ਮਮਤਾ ਤਨ ਤੇ ਭਾਗੀ ਉਪਜਿਓ ਨਿਰਮਲ ਗਿਆਨੁ ॥**
**ਲੋਭ ਮੋਹ ਏਹ ਪਰਸਿ ਨ ਸਾਕੈ ਗਹੀ ਭਗਤਿ ਭਗਵਾਨ ॥**
**ਜਨਮ ਜਨਮ ਕਾ ਸੰਸਾ ਚੂਕਾ ਰਤਨੁ ਨਾਮੁ ਜਬ ਪਾਇਆ ॥**
**ਤ੍ਰਿਸਨਾ ਸਕਲ ਬਿਨਾਸੀ ਮਨ ਤੇ ਨਿਜ ਸੁਖ ਮਾਹਿ ਸਮਾਇਆ ॥" ਪੰਨਾ 1186**

**ਭਾਵ ਅਰਥ :-** ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ- ਉਤਮ ਪੁਰਸ਼ ਦਵਾਰਾ ਨਾਮ ਪ੍ਰਾਪਤੀ ਬਾਰੇ ਦਸਦੇ ਹਨ ਕਿ ਹੇ ਮਾਈ, ਮੈਂ ਹਰੀ ਨਾਮ ਧਨ ਪਾ ਲਿਆ ਹੈ। ਹੁਣ ਮੇਰਾ ਮਨ ਦਹ ਦਿਸ਼ ਧਾਵਨ ਤੋਂ ਛੁਟ ਗਿਆ ਹੈ, ਤੇ ਸਹਜ ਵਿਚ ਟਿੱਕ ਗਿਆ ਹੈ। ਨਾਮ ਪ੍ਰਾਪਤੀ ਦੇ ਨਾਲ, ਮਾਇਆ ਲਈ ਮਮਤਾ ਸਰੀਰ ਤੋਂ ਨੱਠ ਗਈ ਹੈ। ਲੋਭ ਤੇ ਮੋਹ ਮੇਰੇ ਨੇੜੇ ਨਹੀਂ ਢੁੱਕਦੇ। ਹਰੀ ਦੀ ਭਗਤੀ ਪਕੀ ਕਰਕੇ ਫੜ ਲਈ ਹੈ। ਹੁਣ ਜਨਮ ਜਨਮ ਦਾ ਮੇਰਾ ਸੰਸਾ ਨਿਬੜ ਗਿਆ ਹੈ ਕਿਉਂਕਿ ਮੈਂ ਨਾਮ ਰਤਨ ਪਾ ਲਿਆ ਹੈ। ਇਸ ਮੇਰੇ ਮਨ ਤੋਂ ਸਾਰੀ ਤ੍ਰਿਸ਼ਨਾ ਨਾਸ਼ ਹੋ ਗਈ ਹੈ। ਹੁਣ ਮੇਰਾ ਮਨ ਨਿਜ ਸੁਖ ਵਿਚ ਸਮਾਇਆ ਰਹਿੰਦਾ ਹੈ। ਜਦ ਤਾਂਈ ਉਤਲੀ ਦਸ਼ਾ ਮਨ ਦੀ ਨਹੀਂ ਹੁੰਦੀ, ਤਦ ਤਾਂਈ ਨਿਰੰਕਾਰ ਦੀ ਪ੍ਰਾਪਤੀ ਹੋਈ ਕਦੇ ਨਹੀਂ ਸਮਝਣੀ ਚਾਹੀਦੀ ਹੈ। ਇਤਨਾ ਸਮਝਣ ਨਾਲ ਕਿ ਸਾਰੇ ਨਿਰੰਕਾਰ

ਪਰੀਪੂਰਣ ਹੈ, ਕੁਝ ਨਹੀਂ ਬਣਦਾ, ਜਦ ਤਾਂਈ ਕਿ ਜੀਵਨ ਵਿਚ ਅੰਤਰ ਆਤਮੇ-ਨਾਮ ਪ੍ਰਗਟ ਨਾ ਹੋਏ ਤੇ ਮਨ ਦੀ ਤ੍ਰਿਸ਼ਨਾ ਨਾ ਮੁਕੇ ਤੇ ਮਨ ਤੋਂ ਲੋਭ, ਮੋਹ ਦੂਰ ਨਾ ਹੋਏ। ਇਨ੍ਹਾ ਨਿਸ਼ਾਨੀਆਂ ਨੂੰ ਸਦਾ ਚੇਤੇ ਰਖਣਾ ਚਾਹੀਦਾ ਹੈ।

ਆਓ ਜੀ ! ਹੁਣ ਆਪਾਂ ਉਸੀ ਨੁਕਤੇ ਤੇ ਫਿਰ ਆ ਜਾਈਏ ਕਿ ਕੇਵਲ ਗੁਰਬਾਣੀ ਨਿਜ ਸਰੂਪ ਦੀ ਲਖਤਾ ਬਖਸ਼ ਸਕਦੀ ਹੈ, ਕਿਸੇ ਦੇਹਧਾਰੀ ਗੁਰੂ ਦੀ ਉੱਕਾ ਲੋੜ ਨਹੀਂ।

ਸ੍ਰੀ ਗੁਰੂ ਅਮਰ ਦਾਸ ਜੀ ਤੀਜੀ ਪਾਤਸ਼ਾਹੀ ਫੁਰਮਾਉਂਦੇ ਹਨ :-

**"ਗੁਰਬਾਣੀ ਵਰਤੀ ਜਗ ਅੰਤਰਿ**

**ਇਸੁ ਬਾਣੀ ਤੇ ਹਰਿ ਨਾਮੁ ਪਾਇਦਾ ॥"** ਪੰਨਾ 1066

**ਭਾਵ ਅਰਥ :-** ਗੁਰਬਾਣੀ ਇਸ ਜਗ ਅੰਦਰ ਵਰਤੀ ਹੈ। ਇਸ ਬਾਣੀ ਤੋਂ ਹੀ ਨਾਮੁ ਪਾਈਦਾ ਹੈ। ਭਾਵ ਹੋਰ ਕੋਈ ਸਾਧਨ ਨਾਮ ਪ੍ਰਾਪਤੀ ਲਈ ਸਫਲ ਨਹੀਂ ਹੋ ਸਕਦਾ। ਕਿਸੇ ਦੇਹ ਧਾਰੀ ਗੁਰੂ ਨੂੰ ਧਾਰਨ ਦੀ ਲੋੜ ਨਹੀਂ। ਇਸੇ ਬਾਣੀ ਤੋਂ ਨਾਮ ਦੀ ਪਾ੍ਪਤੀ ਹੁੰਦੀ ਹੈ।

**"ਨਾਨਕ ਗੁਰਬਾਣੀ ਹਰਿ ਪਾਇਆ**

**ਹਰਿ ਜਪੁ ਜਾਪਿ ਸਮਾਹਾ ਹੇ ॥"** ਪੰਨਾ 1058

**ਭਾਵ ਅਰਥ :-** ਹੇ ਨਾਨਕ ! ਜਿਸ ਨੇ ਵੀ ਹਰੀ ਪਾਇਆ ਹੈ, ਉਸ ਨੇ ਗੁਰਬਾਣੀ ਦੁਆਰਾ ਪਾਇਆ ਹੈ। ਹਰੀ ਦਾ ਜਾਪ ਕਰਕੇ ਹਰੀ ਵਿਚ ਸਮਾ ਗਿਆ ਹੈ।

ਇਸ ਤੋਂ ਵਧ ਸ਼ਹਾਦਤ ਹੋਰ ਕੀ ਹੋ ਸਕਦੀ ਹੈ ਤੇ ਫਿਰ ਸਾਹਿਬ ਜੀ ਫੁਰਮਾਉਂਦੇ ਹਨ ਕਿ ਹੇ ਹਰੀ ਪ੍ਰਾਪਤੀ ਦੀ ਇੱਛਾ ਰੱਖਣ ਵਾਲੇ ਜਗਿਆਸੂ :-

**"ਗੁਰਬਾਣੀ ਤੇ ਹਰਿ ਮੰਨਿ ਵਸਾਏ ॥**

**ਨਾਨਕ ਸਾਚਿ ਰਤੇ ਪ੍ਰਭਿ ਆਪਿ ਮਿਲਾਏ ॥"** ਪੰਨਾ 664

**ਭਾਵ ਅਰਥ :-** ਜਗਿਆਸੂ, ਗੁਰਬਾਣੀ ਰਾਹੀਂ ਹੀ, ਹਰੀ ਨੂੰ ਮਨ ਵਿਚ ਵਸਾਏ ਤੇ ਗੁਰਬਾਣੀ ਦੁਆਰਾ ਹੀ, ਗੁਰਬਾਣੀ ਸੁਣ ਕੇ, ਮਨ ਦੀ ਹਉਮੈ ਰੂਪੀ ਮੈਲ ਗਵਾਏ।

ਇਹ ਕਿਉਂ ਕਰੇ? ਇਸ ਲਈ ਕਿ ਕੇਵਲ ਗੁਰਬਾਣੀ ਹੀ ਇਸ ਜਗ ਵਿਚ ਚਾਨਣ ਹੈ ਤੇ ਸਾਰਾ ਜਗਤ ਅਗਿਆਨਤਾ ਦੇ ਅੰਧੇਰੇ ਵਿਚ ਹੈ। ਪਰ ਇਹ ਬਾਣੀ, ਇਸ ਬਾਣੀ ਅਨੁਸਾਰ ਕਰਮ ਕਰਨ ਤੇ ਹੀ, ਮਨ ਵਿਚ ਵੱਸਦੀ ਹੈ।

**"ਗੁਰਬਾਣੀ ਇਸੁ ਜਗ ਮਹਿ ਚਾਨਣੁ ਕਰਮਿ ਵਸੈ ਮਨਿ ਆਏ ॥"** ਪੰਨਾ 67

ਫਿਰ ਸ੍ਰੀ ਹਜ਼ੂਰ ਦ੍ਰਿੜ੍ਹ ਕਰਾਉਂਦੇ ਹਨ :-

**"ਇਹ ਬਾਣੀ ਜੋ ਜੀਅਹੁ ਜਾਣੈ ਤਿਸੁ ਅੰਤਰਿ ਰਵੈ ਹਰਿ ਨਾਮਾ ॥"** ਪੰਨਾ 797

**ਭਾਵ ਅਰਥ :-** ਇਹ ਬਾਣੀ ਜਿਹੜਾ ਦਿਲੋਂ ਜਾਣੇਗਾ-ਭਾਵ ਜੀਵਨ ਵਿਚ ਘਟਾਇਗਾ ਉਸ ਅੰਦਰ ਹਰੀ ਦਾ ਨਾਮ ਵਸ ਜਾਵੇਗਾ। ਹੋਰ ਕਿਸੇ ਸਾਧਨ ਨਾਲ ਅੰਤਰ ਆਤਮੇ ਨਾਮ ਦਾ ਪ੍ਰਵੇਸ਼ ਸੰਭਵ ਨਹੀ। ਸ੍ਰੀ ਹਜ਼ੂਰ ਗਾਰੰਟੀ ਵੀ ਬਖਸ਼ ਰਹੇ ਹਨ :-

**"ਗੁਰ ਕੀ ਬਾਣੀ ਸਿਉ ਲਾਇ ਪਿਆਰੁ ॥**

**ਐਥੈ ਓਥੈ ਏਹੁ ਅਧਾਰੁ ॥"** ਪੰਨਾ 1335

**ਭਾਵ ਅਰਥ :-** ਜਿਹੜਾ ਵੀ ਗੁਰਬਾਣੀ ਨਾਲ ਪਿਆਰ ਪਾਏਗਾ, ਉਸਦਾ ਇਸ ਲੋਕ ਤੇ ਪਰਲੋਕ ਇਹ ਆਸਰਾ ਬਣੂ।

''ਸਤਿਗੁਰ ਕੀ ਬਾਣੀ ਸਦਾ ਸੁਖੁ ਹੋਇ ॥
ਜੋਤੀ ਜੋਤਿ ਮਿਲਾਏ ਸੋਇ ॥'' ਪੰਨਾ 1175

**ਭਾਵ ਅਰਥ :–** ਸਤਿਗੁਰੂ ਦੀ ਬਾਣੀ। ਕਿਹੜੇ ਸਤਿਗੁਰੂ ਦੀ ਬਾਣੀ ? ਜੋ ਸਤਿਗੁਰ ਅਬਿਨਾਸ਼ੀ ਹੈ, ਜੰਮਦਾ ਮਰਦਾ ਨਹੀਂ ਤੇ ਜੋ ਸਾਰਿਆਂ ਵਿਚ ਸਮਾਇਆ ਹੈ।

''ਸਤਿਗੁਰੁ ਮੇਰਾ ਸਦਾ ਸਦਾ ਨਾ ਆਵੈ ਨ ਜਾਇ ॥
ਓਹੁ ਅਬਿਨਾਸੀ ਪੁਰਖੁ ਹੈ ਸਭ ਮਹਿ ਰਹਿਆ ਸਮਾਇ ॥''

ਪੰਨਾ 759

ਐਸੀ ਹਸਤੀ ਕੇਵਲ ਪਾਰਬ੍ਰਹਮ ਨਿਰੰਕਾਰ ਹੈ। ਸੋ ਐਸੇ ਪਾਰਬ੍ਰਹਮ ਨਿਰੰਕਾਰ ਸਤਿਗੁਰ ਵਲੋਂ ਜੋ ਬਾਣੀ ਉਤਰੀ ਹੈ, ਉਸ ਬਾਣੀ ਨੂੰ ਜੀਵਨ ਵਿਚ ਘਟਾਉਣ ਨਾਲ ਸਦਾ ਦਾ ਸੁਖ, ਸਦਾ ਦਾ ਖੇੜਾ ਪ੍ਰਾਪਤ ਹੁੰਦਾ ਹੈ ਤੇ ਜੀਵਨ ਦੀ ਜੋਤ ਉਸ ਜੋਤੀ ਸਰੂਪ ਨਾਲ ਇਕ ਮਿਕ ਹੋ ਜਾਂਦੀ ਹੈ।

''ਵਾਹੁ ਵਾਹੁ ਪੂਰੇ ਗੁਰ ਕੀ ਬਾਣੀ ॥
ਪੂਰੇ ਗੁਰ ਤੇ ਉਪਜੀ ਸਾਚਿ ਸਮਾਣੀ ॥ਰਹਾਉ॥'' ਪੰਨਾ 754

**ਭਾਵ ਅਰਥ :–** ਇਹ ਬਾਣੀ ਪੂਰੇ ਗੁਰੂ ਨਿਰੰਕਾਰ ਦੀ ਹੈ ਤੇ ਉਥੋਂ ਹੀ ਆਈ ਹੈ। ਇਸ ਦੇ ਨਾਲ, ਸਚ ਵਿਚ ਜੀਵ ਸਮਾ ਜਾਂਦਾ ਹੈ ਕਿਉਂਕਿ ਇਹ ਬਾਣੀ ਸਚ ਵਿਚ ਸਮਾਈ ਹੋਈ ਹੈ।

''ਪੂਰੇ ਗੁਰ ਕੀ ਸਾਚੀ ਬਾਣੀ ॥
ਸੁਖ ਮਨ ਅੰਤਰਿ ਸਹਜਿ ਸਮਾਣੀ ॥ '' ਪੰਨਾ 663

**ਭਾਵ ਅਰਥ :–** ਪੂਰੇ ਪਾਰਬ੍ਰਹਮ ਨਿਰੰਕਾਰ ਦੀ ਇਹ ਸਚੀ ਬਾਣੀ ਹੈ। ਇਹ ਮਨ ਦੇ ਵਿਚ ਸੁਖ ਦਿੰਦੀ ਹੈ ਤੇ ਸਹਜ ਅਵਸਥਾ ਵਿਚ ਸਮਾਈ ਬਖਸ਼ਦੀ ਹੈ ਭਾਵ ਇਹ ਸਹਜ ਤੋਂ ਆਈ ਹੋਣ ਕਰਕੇ ਸਹਜ ਵਿਚ ਸਮਾਈ ਹੋਈ ਹੈ।

ਚੌਥੀ ਪਾਤਸ਼ਾਹੀ ਗੁਰੂ ਰਾਮਦਾਸ ਜੀ ਆਪਣੇ ਦਵਾਰਾ, ਅਰਥਾਤ ਉਤਮ ਪੁਰਖ ਦਵਾਰਾ ਇੰਜ ਫੁਰਮਾਉਂਦੇ ਹਨ :–

''ਗੁਰਬਾਣੀ ਸੁਨਤ ਮੇਰਾ ਮਨੁ ਦ੍ਰਵਿਆ
ਮਨੁ ਭੀਨਾ ਨਿਜ ਘਰਿ ਆਵੈਗੋ ॥'' ਪੰਨਾ 1308

**ਭਾਵ ਅਰਥ :–** ਮੇਰਾ ਮਨ ਗੁਰਬਾਣੀ ਸੁਣ ਕੇ ਦ੍ਰਵਿਆ ਹੈ ਤੇ ਦਰੱਵ ਕੇ ਆਪਣੇ ਨਿਜ ਘਰ ਵਿਚ ਆ ਗਿਆ ਹੈ।

ਦੂਜੀ ਇਕ ਹੋਰ ਤੁਕ ਰਾਹੀਂ ਨਾਮ ਵਿਚ ਸਮਾਉਣ ਦੀ ਸਾਖਾ ਇਸ ਤਰ੍ਹਾਂ ਭਰਦੇ ਹਨ :–

''ਜਨੁ ਨਾਨਕੁ ਬੋਲੇ ਗੁਣ ਬਾਣੀ
ਗੁਰਬਾਣੀ ਹਰਿ ਨਾਮਿ ਸਮਾਇਆ ॥'' ਪੰਨਾ 494

**ਭਾਵ ਅਰਥ :–** 'ਜਨੁ' ਤੇ 'ਨਾਨਕੁ' ਪਦਾਂ ਦੇ ਹੇਠਾਂ ਔਂਕੜ ਹਨ। ਇਹ ਕਰਤਾ ਕਾਰਕ ਹੋਣ ਕਰਕੇ ਅਰਥ ਹੋਏ ਕਿ ''ਦਾਸ ਨਾਨਕ ਬਾਣੀ ਦੇ ਗੁਣ ਬੋਲਦਾ ਹੈ। ਮੈਂ ਗੁਰਬਾਣੀ ਦਵਾਰਾ ਹਰੀ ਨਾਮ ਵਿਚ ਸਮਾਇਆ ਹਾਂ।'' 'ਨਾਮ' ਪਦ ਦੇ 'ਮਮੇ' ਅੱਖਰ ਨੂੰ ਸਿਹਾਰੀ ਸਬੰਧਕ ਵਾਚਕ ਹੋਣ ਕਰਕੇ ਅਰਥ, ਨਾਮ ਵਿਚ ਹੋ ਜਾਂਦੇ ਹਨ। ਇਸ ਤੋਂ ਵਧ ਹੋਰ ਸਪਸ਼ਟ ਕੀ ਆਖਿਆ ਜਾ ਸਕਦਾ ਹੈ ਕਿ ਗੁਰਬਾਣੀ ਦਵਾਰਾ ਹੀ ਨਾਮ ਵਿਚ ਸਮਾਇਆ ਹਾਂ।

ਇਸ ਤੋਂ ਉਪਰੰਤ ਸਿਖਾਂ ਨੂੰ ਫੁਰਮਾਉਂਦੇ ਹਨ ਕਿ :–

''ਸਤਿਗੁਰ ਕੀ ਬਾਣੀ ਸਤਿ ਸਤਿ ਕਰਿ ਜਾਣਹੁ ਗੁਰਸਿਖਹੁ

**ਹਰਿ ਕਰਤਾ ਆਪਿ ਮੁਹਹੁ ਕਢਾਏ ॥"** **ਪੰਨਾ 308**

**ਭਾਵ ਅਰਥ :-** ਹੇ ਗੁਰਸਿਖੋ, ਸਤਿਗੁਰੂ ਦੀ ਬਾਣੀ ਸਦਾ ਕਾਇਮ ਰਹਿਣ ਵਾਲੀ ਸਤਿ ਹੈ ਤੇ ਇਸਨੂੰ ਸਤਿ ਕਰ ਜਾਣਨਾ। ਕਿਉਂ ? ਉੱਤਰ ਵਿਚ ਫੁਰਮਾਉਂਦੇ ਹਨ ਕਿ ਹਰੀ ਕਰਤਾਰ ਨੇ ਆਪ ਮੂੰਹੋਂ ਕਢਵਾਈ ਹੈ। ਸਤਿਗੁਰੂ ਜਿਹੜਾ ਨਾ ਕਦੇ ਜੰਮਦਾ ਹੈ ਤੇ ਨਾ ਮਰਦਾ ਹੈ ਤੇ ਸਰਬ ਵਿਆਪਕ ਹੈ।

**"ਸਤਿਗੁਰੁ ਮੇਰਾ ਸਦਾ ਸਦਾ ਨਾ ਆਵੈ ਨ ਜਾਇ ॥**

**ਓਹੁ ਅਬਿਨਾਸੀ ਪੁਰਖੁ ਹੈ ਸਭ ਮਹਿ ਰਹਿਆ ਸਮਾਇ ॥"** **ਪੰਨਾ 759**

ਇਹ ਤੁਕ ਮੁੜ ਮੁੜ ਇਸ ਲਈ ਲਿਖੀ ਜਾ ਰਹੀ ਹੈ ਕਿ ਮਤਾਂ ਭੁਲੇਖਾ ਨਾ ਖਾ ਜਾਈਏ। ਸਤਿਗੁਰੂ ਉਹ ਮਹਾਨ ਸ਼ਕਤੀ ਹੈ, ਜੋ ਨਾ ਕਦੀ ਜੰਮਦੀ ਹੈ, ਨਾ ਕਦੇ ਮਰਦੀ ਹੈ। ਉਹ ਸ਼ਕਤੀ ਅਬਿਨਾਸ਼ੀ ਹੈ ਤੇ ਸਾਰਿਆਂ ਵਿਚ ਵਿਆਪਕ ਹੈ। ਇਹ ਬਾਣੀ ਵੀ ਉਸ ਸ਼ਕਤੀ ਤੋਂ ਉਤਰੀ ਹੈ।

**"ਰਤਨਾ ਰਤਨ ਪਦਾਰਥ ਬਹੁ ਸਾਗਰੁ ਭਰਿਆ ਰਾਮ ॥**

**ਬਾਣੀ ਗੁਰਬਾਣੀ ਲਾਗੇ ਤਿਨ੍ ਹਥਿ ਚੜਿਆ ਰਾਮ ॥**

**ਗੁਰਬਾਣੀ ਲਾਗੇ ਤਿਨ੍ ਹਥਿ ਚੜਿਆ**

**ਨਿਰਮੋਲਕੁ ਰਤਨੁ ਅਪਾਰਾ ॥**

**ਹਰਿ ਹਰਿ ਨਾਮੁ ਅਤੋਲਕੁ ਪਾਇਆ ਤੇਰੀ ਭਗਤਿ ਭਰੇ ਭੰਡਾਰਾ ॥"** **ਪੰਨਾ 442**

**ਭਾਵ ਅਰਥ :-** ਰਤਨਾਂ ਨਾਲ ਇਕ ਵਡਾ ਸਾਗਰ ਭਰਿਆ ਪਿਆ ਹੈ। ਇਹ ਰਤਨ ਨਿਰਮੋਲਕ ਹਨ ਤੇ ਅਤੋਲਕ ਹਨ। ਜਿਹੜਾ ਗੁਰਬਾਣੀ ਦੇ ਲੜ ਲਗੇ, ਉਸਨੂੰ ਇਨ੍ਹਾਂ ਰਤਨਾਂ ਦੀ ਉਪਲੱਬਧੀ ਹੁੰਦੀ ਹੈ। ਹੋਰ ਕਿਸੇ ਉਪਾਉ ਦੁਆਰਾ ਨਹੀਂ। ਕੇਵਲ ਗੁਰਬਾਣੀ ਦਵਾਰਾ ਹੀ ਪ੍ਰਾਪਤੀ ਹੁੰਦੀ ਹੈ। ਹੁਣ ਵੀਚਾਰੋ ! ਦੇਹਧਾਰੀ ਗੁਰੂ ਦੀ ਲੋੜ ਕੀ ਰਹੀ ?

ਚੌਥੇ ਗੁਰੂ ਸਾਹਿਬ ਜੀ ਗੁਰਬਾਣੀ ਦੇ ਹੋਰ ਗੁਣ, ਇਸ ਪ੍ਰਕਾਰ ਦਰਸਾਉਂਦੇ ਹਨ :-

**"ਗੁਰਬਾਣੀ ਸਦ ਮੀਠੀ ਲਾਗੀ ਪਾਪ ਵਿਕਾਰ ਗਵਾਇਆ ॥**

**ਹਉਮੈ ਰੋਗੁ ਗਇਆ ਭਉ ਭਾਗਾ ਸਹਜੇ ਸਹਜਿ ਮਿਲਾਇਆ ॥"** **ਪੰਨਾ 773**

**ਭਾਵ ਅਰਥ :-** ਜਿਨ੍ਹਾਂ ਨੂੰ ਗੁਰਬਾਣੀ ਮਿੱਠੀ ਲਗੀ ਹੈ, ਉਨ੍ਹਾਂ ਦੇ ਪਾਪ ਵਿਕਾਰ ਦੂਰ ਹੋ ਗਏ ਹਨ ਤੇ ਉਨ੍ਹਾਂ ਦਾ ਹਉਮੈ ਦਾ ਰੋਗ ਦੂਰ ਹੋ ਗਿਆ ਹੈ ਤੇ ਡਰ ਵੀ ਨੱਠ ਗਿਆ ਹੈ। ਉਨ੍ਹਾਂ ਦੀ ਬਿਰਤੀ ਸਹਜ ਵਿਚ ਸਮਾ ਗਈ ਹੈ।

**"ਬਾਣੀ ਗੁਰ ਗਾਈ ਪਰਮ ਗਤਿ ਪਾਈ ਪੰਚ ਮਿਲੇ ਸੋਹਾਇਆ ॥**

**ਗਇਆ ਕਰੋਧੁ ਮਮਤਾ ਤਨਿ ਨਾਠੀ ਪਾਖੰਡੁ ਭਰਮੁ ਗਵਾਇਆ ॥"** **ਪੰਨਾ 773**

**ਭਾਵ ਅਰਥ :-** ਜਿਨ੍ਹਾਂ ਨੇ ਇਹ ਰੱਬੀ ਬਾਣੀ ਗਾਈ ਹੈ, ਉਨ੍ਹਾਂ ਨੂੰ ਪਰਮਗਤੀ ਮਿਲ ਗਈ ਹੈ ਤੇ ਪੰਚ-ਸਤ, ਸੰਤੋਖ, ਦਇਆ, ਧਰਮ, ਧੀਰਜ-ਨਾਲ ਸਸ਼ੋਭਤ ਹੋ ਗਏ ਹਨ। ਉਨ੍ਹਾਂ ਦਾ ਕ੍ਰੋਧ ਤੇ ਮਮਤਾ ਸਰੀਰ ਵਿਚੋ ਭਜ ਗਈ ਹੈ ਤੇ ਪਾਖੰਡ ਤੇ ਭਰਮ ਗਵਾਇਆ ਗਿਆ ਹੈ।

ਹੁਣ ਪਾਠਕ ਜੀਓ ! ਜ਼ਰਾ ਵਿਚਾਰ ਲਈਏ। ਜਦ ਇਹ ਰਬੀ ਬਾਣੀ ਹਉਮੈ, ਪਾਪ, ਵਿਕਾਰ, ਡਰ, ਮਮਤਾ, ਕ੍ਰੋਧ ਤੇ ਭਰਮ ਗਵਾਉਂਦੀ ਹੈ ਤਾਂ ਫਿਰ ਇਸ ਦੀ ਸ਼ਰਨ ਕਿਉਂ ਨਾ ਲਈਏ ? ਹਾਡ, ਮਾਸ, ਨਾੜੀ ਦੇ ਪਿੰਜਰ, ਮਲ ਮੂਤਰ ਦੀ ਦੇਹ ਨੇ ਕੀ ਦੇਣਾ ਹੈ ? ਫਿਰ ਦੇਹ ਹਰ ਇਕ ਦੀ ਭਾਵੇਂ ਪੀਰ ਹੈ, ਪੈਗਬੰਰ ਹੈ, ਸ਼ੇਖ ਹੈ, ਔਲੀਆਂ ਹੈ, ਜੋਗੀ ਹੈ, ਸਿਧ ਹੈ, ਸੰਨਿਆਸੀ ਹੈ, ਅਵਧੂਤੀ ਹੈ, ਬ੍ਰਹਮਚਾਰੀ ਹੈ, ਪੰਡਤ ਹੈ, ਅਪਰਸ ਹੈ, ਬਿਨਸਨਹਾਰ ਹੈ ਤੇ ਇਸੇ ਦੇ ਉਲਟ ਬ੍ਰਹਮ ਸਦਾ ਸਥਿਰ ਹੈ ਤੇ ਉਸ ਤੋਂ ਆਈ ਬਾਣੀ ਵੀ ਸਦਾ ਸਥਿਰ ਹੈ। ਫਿਰ ਕਿਉਂ ਨਾ ਬਿਨਸਨਹਾਰ ਦੀਆਂ ਟੇਕਾਂ ਨੂੰ ਛਡ ਕੇ ਉਸ ਅਬਿਨਾਸੀ ਪੁਰਖ ਦੀ ਓਟ ਸੰਭਾਲੀਏ ਤੇ ਉਸ ਤੋ ਆਈ ਬਾਣੀ ਦਵਾਰਾ ਉਸ ਨਾਲ ਮਿਲੀਏ ?

ਚੌਥੀ ਪਾਤਸ਼ਾਹੀ ਜੀ ਆਪਣੀ ਅੰਦਰ ਦੀ ਰੀਝ ਇੰਜ ਪਰਗਟ ਕਰਦੇ ਹਨ :-

"ਮੈ ਗੁਰਬਾਣੀ ਆਧਾਰੁ ਹੈ ਗੁਰਬਾਣੀ ਲਾਗਿ ਰਹਾਉ ॥ " ਪੰਨਾ 759

**ਭਾਵ ਅਰਥ :-** ਮੇਰਾ ਆਸਾਰਾ ਗੁਰਬਾਣੀ ਹੈ ਤੇ ਮੈਂ ਗੁਰਬਾਣੀ ਨਾਲ ਸਦਾ ਜੁੜਿਆ ਰਹਾਂ।

ਆਓ, ਆਪਾਂ ਵੀ ਇਹ ਰੀਝ ਭਰੀ ਮੰਗ ਸਦਾ ਮੰਗਦੇ ਰਹੀਏ ਤੇ ਗੁਰਬਾਣੀ ਨਾਲ ਜੁੜੇ ਰਹੀਏ।

ਹੁਣ ਪੰਜਵੀ ਪਾਤਸ਼ਾਹੀ-ਸਾਹਿਬ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਹੁਕਮ ਵੀਚਾਰੀਏ ਕਿ ਆਪ ਜੀ ਦੇ ਗੁਰਬਾਣੀ ਬਾਰੇ ਕੀ ਵੀਚਾਰ ਹਨ ? ਆਪ ਜੀ ਉਤਮ ਪੁਰਖ ਦਵਾਰਾ ਉਪਦੇਸ਼ ਫੁਰਮਾਉਂਦੇ ਹਨ :-

**"ਧੁਰ ਕੀ ਬਾਣੀ ਆਈ ॥**

**ਤਿਨਿ ਸਗਲੀ ਚਿੰਤ ਮਿਟਾਈ ॥"** **ਪੰਨਾ 628**

**ਭਾਵ ਅਰਥ :-** ਜੋ ਧੁਰ ਪਰਮੇਸ਼ਰ ਤੋਂ ਬਾਣੀ ਆਈ ਹੈ, ਇਸਨੇ ਸਾਰੀ ਚਿੰਤਾ ਮਿਟਾ ਦਿਤੀ ਹੈ।

ਫਿਰ ਹਜ਼ੂਰ ਫੁਰਮਾਉਂਦੇ ਤੇ ਸੁਝਾਵ ਦਿੰਦੇ ਹਨ :-

**"ਗੁਰਬਾਣੀ ਗਾਵਹ ਭਾਈ ॥**

**ਓਹ ਸਫਲ ਸਦਾ ਸੁਖਦਾਈ ॥"** **ਪੰਨਾ 629**

**ਭਾਵ ਅਰਥ :-** ਹੇ ਭਾਈ ! ਗੁਰਬਾਣੀ ਗਾਵਹੋ ! ਇਹ ਸ੍ਰੇਸ਼ਟ ਫਲ ਦਿੰਦੀ ਹੈ ਤੇ ਸਦਾ ਦਾ ਖੇੜਾ, ਸਦਾ ਦਾ ਸੁਖ ਦਿੰਦੀ ਹੈ ਭਾਵ ਮਨ ਨੂੰ ਸਦਾ ਖੁਸ਼ੀ ਬਖਸ਼ਦੀ ਹੈ ਤੇ ਕੋਈ ਤੌਖਲਾ, ਚਿੰਤਾ ਕਾੜਾ, ਦਿਲਗੀਰੀ, ਢਹਿੰਦਿਆਂ ਕਲਾਂ, ਝੋਰਾਂ ਤੇ ਡਰ ਨੇੜੇ ਨਹੀਂ ਢੁੱਕਦੇ। ਫਿਰ ਕਿਉਂ ਨਾ ਇਸ ਰਬੀ ਬਾਣੀ ਦੀ ਸ਼ਰਨ ਲਈਏ ? ਕਿਉਂ ਆਪੂੰ ਬਣੇ ਪਾਖੰਡੀ ਦੇਹਧਾਰੀ ਗੁਰੂਆਂ ਦੇ ਪਿੱਛੇ ਲਗ ਕਰ, ਖਜ਼ਲ ਖੁਆਰ ਤੇ ਭੰਬਲ ਭੂਸੇ ਖਾਈਏ ?

ਹੇਠਲੇ ਪ੍ਰਮਾਣਾਂ ਵਿਚ ਸ੍ਰੀ ਹਜ਼ੂਰ ਗੁਰਬਾਣੀ ਦੇ ਗੁਣ ਫੁਰਮਾਉਂਦੇ ਹਨ :-

**"ਭਗਤਿ ਭੰਡਾਰ ਗੁਰਬਾਣੀ ਲਾਲ ॥**

**ਗਾਵਤ ਸੁਨਤ ਕਮਾਵਤ ਨਿਹਾਲ ॥"** **ਪੰਨਾ 376**

**ਭਾਵ ਅਰਥ :-** ਗੁਰਬਾਣੀ ਭਗਤਾਂ ਦਾ ਭੰਡਾਰ ਹੈ ਤੇ ਅਮੋਲਕ ਲਾਲ ਹੈ। ਜਿਹੜਾ ਵੀ ਇਸ ਗੁਰਬਾਣੀ ਨੂੰ ਗਾਉਂਦਾ ਹੈ ਤੇ ਕਮਾਉਂਦਾ ਹੈ, ਉਹ ਨਿਹਾਲ ਹੋ ਜਾਂਦਾ ਹੈ।

**"ਗੁਰ ਕੀ ਬਾਣੀ ਜਿਦੁ ਮਨਿ ਵਸੈ ॥**

**ਦੂਖੁ ਦਰਦੁ ਸਭ ਤਾ ਕਾ ਨਸੈ ॥"** **ਪੰਨਾ 339**

**ਭਾਵ ਅਰਥ :-** ਜਿਸ ਮਨ ਵਿਚ ਗੁਰਬਾਣੀ ਵਸ ਜਾਂਦੀ ਹੈ, ਉਸਦਾ ਸਾਰਾ ਦੁਖ ਦਰਦ ਨੱਸ ਜਾਂਦਾ ਹੈ।

**"ਗੁਰ ਕੀ ਬਾਣੀ ਸਿਉ ਰੰਗੁ ਲਾਇ ॥**

**ਗੁਰੁ ਕਿਰਪਾਲੁ ਹੋਇ ਦੁਖੁ ਜਾਇ ॥"** **ਪੰਨਾ 387**

**ਭਾਵ ਅਰਥ :-** ਜਿਹੜਾ ਵੀ ਗੁਰਬਾਣੀ ਨਾਲ ਪਿਆਰ ਪਾਉਂਦਾ ਹੈ, ਉਸਤੇ ਗੁਰੂ (ਬ੍ਰਹਮ) ਕ੍ਰਿਪਾਲ ਹੁੰਦਾ ਹੈ ਤੇ ਉਸ ਦੇ ਦੁਖ ਦੀ ਨਿਵਿਰਤੀ ਹੋ ਜਾਂਦੀ ਹੈ ਭਾਵ ਸਦਾ ਦਾ ਸੁਖ ਲੱਭ ਜਾਂਦਾ ਹੈ।

ਸ੍ਰੀ ਹਜ਼ੂਰ ਜੀ ਵੀ ਆਪਣੀ ਪ੍ਰੇਮ ਭਰੀ ਰੀਝ ਤੇ ਵਲਵਲੇ ਇਸ ਤਰ੍ਹਾਂ ਦਰਸਾਉਂਦੇ ਹਨ :-

**"ਹਮਾਰੀ ਪਿਆਰੀ ਅੰਮ੍ਰਿਤ ਧਾਰੀ ਗੁਰਿ ਨਿਮਖ ਨ ਮਨ ਤੇ ਟਾਰੀ ਰੇ ॥ ਰਹਾਉ ॥**

**ਦਰਸਨ ਪਰਸਨ ਸਰਸਨ ਹਰਸਨ ਰੰਗਿ ਰੰਗੀ ਕਰਤਾਰੀ ਰੇ ॥**

ਖਿਨੁ ਰਮ ਗੁਰ ਗਮ ਹਰਿ ਦਮ ਨਹ ਜਮ ਹਰਿ ਕੰਠਿ ਨਾਨਕ ਉਰਿ ਹਾਰੀ ਰੇ ॥"

ਪੰਨਾ 404

**ਭਾਵ ਅਰਥ :–** ਹੇ ਮੇਰੀ ਪਿਆਰੀ ਅੰਮ੍ਰਿਤ ਦੀ ਧਾਰਾ ਬਾਣੀ ਜੀਓ ! ਤੁਸੀਂ ਵਾਹਿਗੁਰੂ ਜੀ ਨੂੰ ਮੇਰੇ ਮਨ ਤੋਂ ਇਕ ਨਿਮਖ ਲਈ ਵਿਸਰਨ ਨਹੀਂ ਦਿੰਦੀ। ਤੁਹਾਡੇ ਦਰਸ਼ਨ ਪਰਸ ਕੇ ਮਨ ਖਿੜ ਜਾਂਦਾ ਹੈ ਤੇ ਹਰਿਆ ਹੋ ਜਾਂਦਾ ਹੈ। ਕਿਉਂ ? ਇਸ ਲਈ ਕਿ ਤੁਸੀਂ ਕਰਤਾਰ ਤੋਂ ਆਈ ਹੋ ਤੇ ਉਸ ਦੇ ਪ੍ਰੇਮ ਵਿਚ ਜੀਵਨ ਨੂੰ ਰੰਗ ਦਿੰਦੀ ਹੋ। ਤੁਹਾਡਾ ਖਿਨ ਮਾਤ੍ਰ ਦਾ ਅਭਿਆਸ ਵਾਹਿਗੁਰੂ ਜੀ ਦੇ ਅਪੜਨ ਦਾ ਰਾਹ ਦਸਦਾ ਹੈ ਤੇ ਜੇ ਤੁਹਾਨੂੰ ਹਰਦਮ ਚੇਤੇ ਰਖੀਏ ਤਾਂ ਜਮ ਦਾ ਡਰ ਦੂਰ ਹੋ ਜਾਂਦਾ ਹੈ। ਨਾਨਕ ਨੇ ਆਪ ਜੀ ਨੂੰ ਕੰਠੀ ਬਣਾ ਕੇ ਆਪਣੇ ਹਿਰਦੇ ਰੂਪੀ ਗਲੇ ਵਿਚ ਪਰੋ ਲਿਆ ਹੈ। ਇਹ ਵਿਚਾਰ ਵੀ ਉਤਮ ਪੁਰਖ ਦਵਾਰਾ ਦੇ ਰਹੇ ਹਨ। ਪਿਆਰੇ ਪਾਠਕ ਜੀਓ ! ਆਓ ਆਪਾਂ ਵੀ ਗੁਰਬਾਣੀ ਨੂੰ ਏਵੇ ਹੀ ਸਮਝੀਏ, ਜਿਸ ਤਰ੍ਹਾਂ ਕਿ ਸਾਹਿਬ ਗੁਰੂ ਅਰਜਨ ਦੇਵ ਜੀ ਸਮਝਦੇ ਹਨ।

ਅੰਤ ਵਿਚ ਲੇਖਕ ਆਪਣਾ ਨਿਜੀ ਅਨੁਭਵ, ਜਾਤੀ ਤਜ਼ਰਬਾ ਵੀ ਪੇਸ਼ ਕਰਨਾ ਚਾਹੁੰਦਾ ਹੈ। ਦਾਸ ਨੂੰ ਬਚਪਨ ਤੋਂ ਹੀ ਨਾਮ ਪ੍ਰਾਪਤੀ ਦੀ ਅਕਾਂਖਿਆ ਸੀ। ਇਕ ਸਟੇਜ ਤੇ ਆ ਕੇ ਇਹ ਅਕਾਂਖਿਆ ਐਨੀ ਪ੍ਰਬਲ ਹੋਈ ਕਿ ਛੇਤੀ ਪ੍ਰਾਪਤ ਹੋਵੇ। ਇਹ ਛੇਤੀ ਪ੍ਰਾਪਤੀ ਦੀ ਖਿਚ, ਮੈਨੂੰ ਖਿਚ ਕੇ ਦੇਹਧਾਰੀ ਗੁਰੂਆਂ ਪਾਸ ਲੈ ਗਈ। ਦਾਸ ਨੇ ਇਕ ਨਹੀਂ, ਕਈ ਦੇਹਧਾਰੀ ਗੁਰੂ ਬਣਾਏ, ਪਰ ਨਾਮ ਦੀ ਪ੍ਰਾਪਤੀ ਨਾ ਹੋ ਸਕੀ, ਤੇ ਨਾ ਹੀ ਉਹ ਦੇ ਸਕਣ ਦੀ ਸਮਰਥਾ ਰਖਦੇ ਸਨ। ਇਕ ਅਧੀ ਥਾਂ ਰਿਧੀਆਂ ਸਿਧੀਆਂ ਦੀ ਪੇਸ਼ਕਸ਼ ਹੋਈ, ਪਰ ਇਹ ਜਾਣ ਕਰ ਕਿ ਇਹ ਸਭ ਮੋਹ ਹੈ।

"ਰਿਧਿ ਸਿਧਿ ਸਭੁ ਮੋਹੁ ਹੈ ਨਾਮੁ ਨ ਵਸੈ ਮਨਿ ਆਇ ॥" ਪੰਨਾ 593

ਇਸ ਪਾਸੇ ਰੁਚੀ ਨਾ ਮੰਨੀ। ਅਖੀਰ ਜਿੰਦਗੀ ਵਿਚ ਵੱਡੀ ਭਾਰੀ ਘਟਨਾ ਸ੍ਰੀ ਹਜ਼ੂਰ ਸਾਹਿਬ ਵਰਤੀ ਤੇ ਨਾਮ ਦੀ ਕਣੀ ਹਿਰਦੇ ਵਿਚ ਵਸ ਗਈ। ਇਹ ਉਸ ਸਿਰਜਣਹਾਰ, ਪਾਲਣਹਾਰ, ਬਖਸ਼ਣਹਾਰ ਤੇ ਦਾਤਾਰ ਦੀ ਮਿਹਰ ਦਾ ਸਦਕਾ ਹੈ। ਉਪਰੋਕਤ ਆਪਣੇ ਬਾਰੇ ਸਤਰਾਂ ਇਸ ਲਈ ਲਿਖੀਆਂ ਹਨ ਕਿ ਨਾਮ ਦੀ ਅਕਾਂਖਿਆ ਰਖਣ ਵਾਲੇ ਜਗਿਆਸੂ ਸਾਵਧਾਨ ਰਹਿਣ। ਜਗਿਆਸੂਆਂ ਦੀ ਸਹੂਲਤ ਵਾਸਤੇ ''ਸਤਿਗੁਰੂ''ਦੀਆਂ ਨਿਸ਼ਾਨੀਆਂ ਅਤੇ ਮਿਲਾਪ ਦੇ ਲਾਭ ਅਗਲੇ ਲੇਖ ਵਿਚ ਦਰਜ ਕੀਤੇ ਗਏ ਹਨ ਤਾਂ ਜੋ ਪਾਖੰਡੀ ਗੁਰੂ ਜਗਿਆਸੂ ਨੂੰ ਕੁਰਾਹੇ ਨਾ ਪਾ ਸਕਣ।

**(8)**

# ਸਤਿਗੁਰੂ-ਨਿਸ਼ਾਨੀਆਂ ਤੇ ਮਿਲਾਪ ਦਾ ਲਾਭ

ਗੁਰਮੱਤਿ ਵਿਚ 'ਸਤਿਗੁਰੂ' ਪਦ ਉਸ ਦੇਹ ਲਈ ਵਰਤਿਆ ਹੈ, ਜਿਸ ਦੇਹ ਵਿਚ ਨਿਰੰਕਾਰ ਜੀ ਆਪ ਸਮਾ ਕੇ, ਸ਼ਬਦ ਵਰਤਾਉਂਦੇ ਹਨ। ਪ੍ਰਮਾਣ ਇਹ ਹਨ :-

**"ਗੁਰ ਮਹਿ ਆਪੁ ਸਮੋਇ ਸਬਦੁ ਵਰਤਾਇਆ ॥"** ਪੰਨਾ 1279

**"ਗੁਰ ਮਹਿ ਆਪੁ ਰਖਿਆ ਕਰਤਾਰੇ ॥"** ਪੰਨਾ 1024

**"ਸਤਿਗੁਰ ਵਿਚਿ ਆਪਿ ਵਰਤਦਾ ਹਰਿ ਆਪੇ ਰਖਣਹਾਰੁ ॥"** ਪੰਨਾ 302

**"ਸਤਿਗੁਰ ਵਿਚਿ ਆਪੁ ਰਖਿਓਨੁ ਕਰਿ ਪਰਗਟੁ ਆਖਿ ਸੁਣਾਇਆ ॥"** ਪੰਨਾ 466

ਉਤਲੇ ਚਾਰ ਪ੍ਰਮਾਣ ਸਿੱਧ ਕਰਦੇ ਹਨ ਕਿ ਨਿਰੰਕਾਰ ਜੀ ਸਤਿਗੁਰੂ ਵਿਚ, ਆਪਣਾ ਆਪ ਰਖ ਕਰ, ਉਪਦੇਸ਼ ਫੁਰਮਾਉਂਦੇ ਹਨ ਤੇ ਉਹ ਉਪਦੇਸ਼ ਰਬੀ ਉਪਦੇਸ਼ ਹੁੰਦਾ ਏ। ਐਸਾ ਸਤਿਗੁਰੂ ਕੌਣ ਹੁੰਦਾ ਏ ? ਉਸਦੇ ਲਛਣ ਕੀ ਹਨ ? ਉੱਤਰ ਵਿਚ, ਗੁਰਮਤ ਫੁਰਮਾਉਂਦੀ ਏ ਕਿ ਜਿਸ ਨੇ, ਸਤਿ ਪੁਰਖ ਨੂੰ ਜਾਣ ਲਿਆ, ਉਸਦਾ ਨਾਮ ਸਤਿਗੁਰੂ ਹੁੰਦਾ ਏ। ਉਸਦੇ ਸੰਗ ਨਾਲ ਸਿੱਖ ਦਾ ਉਧਾਰ ਹੁੰਦਾ ਏ-ਹਰਿ ਗੁਣ ਗਾ ਕੇ। ਪ੍ਰਮਾਣ ਇਹ ਹੈ :-

**"ਸਤਿ ਪੁਰਖੁ ਜਿਨਿ ਜਾਨਿਆ ਸਤਿਗੁਰੁ ਤਿਸ ਕਾ ਨਾਉ ॥**
**ਤਿਸ ਕੈ ਸੰਗਿ ਸਿਖੁ ਉਧਰੈ ਨਾਨਕ ਹਰਿ ਗੁਨ ਗਾਉ ॥"** ਪੰਨਾ 286

**"ਸੋ ਸਤਿਗੁਰੁ ਜਿਸੁ ਰਿਦੈ ਹਰਿ ਨਾਉ ॥ ਅਨਿਕ ਬਾਰ ਗੁਰ ਕਉ ਬਲਿ ਜਾਉ ॥**
**ਸਰਬ ਨਿਧਾਨ ਜੀਅ ਕਾ ਦਾਤਾ ॥ ਆਠ ਪਹਰ ਪਾਰਬ੍ਰਹਮ ਰੰਗਿ ਰਾਤਾ ॥**
**ਬ੍ਰਹਮ ਮਹਿ ਜਨੁ ਜਨ ਮਹਿ ਪਾਰਬ੍ਰਹਮੁ ॥ ਏਕਹਿ ਆਪਿ ਨਹੀ ਕਛੁ ਭਰਮੁ ॥"** ਪੰਨਾ 287

**ਭਾਵ ਅਰਥ :-** ਸਤਿਗੁਰੂ ਉਹ ਹੈ, ਜਿਸਦੇ ਹਿਰਦੇ ਵਿਚ ਹਰੀ ਦਾ ਨਾਉ ਹੈ। ਐਸੇ ਗੁਰੂ ਤੋਂ ਅਨਿਕ ਬਾਰ, ਬਲਿਹਾਰ ਜਾਂਦਾ ਹਾਂ। ਐਸਾ ਸਤਿਗੁਰ ਸਾਰੇ ਪਦਾਰਥਾਂ ਦਾ ਭੰਡਾਰ ਹੈ, ਜੀਅ ਦਾਨ ਦੇਣ ਵਾਲਾ ਦਾਤਾ ਏ, ਅਠੇ ਪਹਰ ਪਾਰਬ੍ਰਹਮ ਦੇ ਪਿਆਰ ਵਿਚ ਰਤਿਆ ਰਹਿੰਦਾ ਹੈ। ਜਨ ਵਿਚ ਬ੍ਰਹਮ ਤੇ ਬ੍ਰਹਮ ਵਿਚ ਜਨ, ਇਕੋ ਹੀ ਹਨ। ਭਰਮ ਕੋਈ ਨਹੀਂ।

**ਸੋਈ ਸਤਿਗੁਰੁ ਪੁਰਖੁ ਹੈ ਜਿਨਿ ਪੰਜੇ ਦੂਤ ਕੀਤੇ ਵਸਿ ਛਿਕੇ ॥"** ਪੰਨਾ 304

**ਭਾਵ ਅਰਥ :-** ਸਤਿਗੁਰੂ ਉਹੀ ਹੈ, ਜਿਸਨੇ ਕਿ ਪੰਜੇ ਦੂਤ-ਕਾਮ, ਕ੍ਰੋਧ, ਲੋਭ, ਮੋਹ, ਅਭਿਮਾਨ-ਪਕੀ ਤਰ੍ਹਾਂ ਵਸ ਕਰ ਲਏ ਹਨ।

**"ਬ੍ਰਹਮੁ ਬਿੰਦੇ ਸੋ ਸਤਿਗੁਰੁ ਕਹੀਐ ਹਰਿ ਹਰਿ ਕਥਾ ਸੁਣਾਵੈ ॥"** ਪੰਨਾ 1264

**ਭਾਵ ਅਰਥ :-** ਜਿਹੜਾ ਬ੍ਰਹਮ ਨੂੰ ਜਾਣ ਲਏ, ਉਸ ਨੂੰ ਸਤਿਗੁਰੂ ਕਹੀਦਾ ਹੈ। ਉਹ ਹਰਿ ਹਰਿ ਕਥਾ ਸੁਣਾਉਂਦਾ ਹੈ।

**" ਸਤਿਗੁਰੁ ਸਿਖ ਕੀ ਕਰੈ ਪ੍ਰਤਿਪਾਲ ॥ ਸੇਵਕ ਕਉ ਗੁਰੁ ਸਦਾ ਦਇਆਲ ॥**
**ਸਿਖ ਕੀ ਗੁਰੁ ਦੁਰਮਤਿ ਮਲੁ ਹਿਰੈ ॥ ਗੁਰ ਬਚਨੀ ਹਰਿ ਨਾਮੁ ਉਚਰੈ ॥**

**ਸਤਿਗੁਰੁ ਸਿਖ ਕੇ ਬੰਧਨ ਕਾਟੈ ॥ ਗੁਰ ਕਾ ਸਿਖੁ ਬਿਕਾਰ ਤੇ ਹਾਟੈ ॥**

**ਸਤਿਗੁਰੁ ਸਿਖ ਕਉ ਨਾਮ ਧਨੁ ਦੇਇ ॥ ਗੁਰ ਕਾ ਸਿਖੁ ਵਡਭਾਗੀ ਹੇ ॥**

**ਸਤਿਗੁਰੁ ਸਿਖ ਕਾ ਹਲਤੁ ਪਲਤੁ ਸਵਾਰੈ ॥**

**ਨਾਨਕ ਸਤਿਗੁਰੁ ਸਿਖ ਕਉ ਜੀਅ ਨਾਲਿ ਸਮਾਰੈ ॥" ਪੰਨਾ 286**

**ਭਾਵ ਅਰਥ :–** ਸਤਿਗੁਰ, ਸਿਖ ਦੀ ਪ੍ਰਤਿਪਾਲ ਕਰਦਾ ਏ, ਸੇਵਕ ਤੇ ਸਦਾ ਦਿਆਲੂ ਰਹਿੰਦਾ ਹੈ।

ਸਤਿਗੁਰੂ ਸਿਖ ਦੇ ਬੰਧਨ ਕਟਦਾ ਏ, ਗੁਰੂ ਦਾ ਸਿਖ ਵਿਕਾਰਾਂ ਤੋਂ ਹਟ ਜਾਂਦਾ ਹੈ।

ਸਤਿਗੁਰੂ ਸਿਖ ਨੂੰ ਨਾਮ ਧਨ ਦਿੰਦਾ ਏ, ਐਸਾ ਸਿਖ ਵੱਡੇ ਭਾਗਾਂ ਵਾਲਾ ਏ।

ਸਤਿਗੁਰੂ ਸਿਖ ਦਾ ਲੋਕ ਪਰਲੋਕ ਸਵਾਰਦਾ ਏ। ਹੇ ਨਾਨਕ ! ਸਤਿਗੁਰੂ, ਸਿਖ ਨੂੰ ਆਪਣੇ ਜੀਅ ਨਾਲ ਰੱਖਦਾ ਏ।

ਪੂਰੇ ਸਤਿਗੁਰੂ ਦੇ ਮਿਲਾਪ ਦੀ ਨਿਸ਼ਾਨੀ ਕੀ ਏ ? ਨਿਸ਼ਾਨੀ ਇਹ ਹੈ ਕਿ ਜਿਸਦੇ ਮਿਲਿਆ, ਮਨ ਵਿਚ ਆਨੰਦ ਹੋਵੇ, ਮਨ ਦੀ ਦਵੈਸ਼ ਦੂਰ ਹੋ ਜਾਏ ਤੇ ਹਰੀ ਦਾ ਪਰਮ ਪਦ ਪ੍ਰਾਪਤ ਹੋ ਜਾਏ, ਉਸਨੂੰ ਸਤਿਗੁਰੂ ਕਹੀਦਾ ਏ। ਗੁਰਵਾਕ :–

**"ਜਿਸੁ ਮਿਲਿਐ ਮਨਿ ਹੋਇ ਅਨੰਦੁ ਸੋ ਸਤਿਗੁਰੁ ਕਹੀਐ ॥**

**ਮਨ ਕੀ ਦੁਬਿਧਾ ਬਿਨਸਿ ਜਾਇ ਹਰਿ ਪਰਮ ਪਦੁ ਲਹੀਐ ॥" ਪੰਨਾ 168**

**"ਸੋ ਗੁਰੁ ਕਰਉ ਜਿ ਸਾਚੁ ਦ੍ਰਿੜਾਵੈ ॥ ਅਕਥੁ ਕਥਾਵੈ ਸਬਦਿ ਮਿਲਾਵੈ ॥" ਪੰਨਾ 686**

**ਭਾਵ ਅਰਥ :–** ਉਹ ਗੁਰੂ ਕਰੋ, ਜਿਹੜਾ ਸੱਚ, ਸਥਿਰ ਸੱਚ ਨੂੰ ਪਕਾ ਕਰਾਏ ਤੇ ਅਕੱਥ ਦੀ ਕਥਾ ਕਥ ਕੇ, ਬ੍ਰਹਮ ਨੂੰ ਮਿਲਾ ਦੇਵੇ।

**"ਘਰ ਮਹਿ ਘਰੁ ਦੇਖਾਇ ਦੇਇ ਸੋ ਸਤਿਗੁਰੁ ਪੁਰਖੁ ਸੁਜਾਣੁ ॥**

**ਪੰਚ ਸਬਦ ਧੁਨਿਕਾਰ ਧੁਨਿ ਤਹ ਬਾਜੈ ਸਬਦੁ ਨੀਸਾਣੁ ॥**

**ਦੀਪ ਲੋਅ ਪਾਤਾਲ ਤਹ ਖੰਡ ਮੰਡਲ ਹੈਰਾਨੁ ॥**

**ਤਾਰ ਘੋਰ ਬਾਜਿੰਤ੍ਰ ਤਹ ਸਾਚਿ ਤਖਤਿ ਸੁਲਤਾਨੁ ॥" ਪੰਨਾ 1290–91**

**ਭਾਵ ਅਰਥ :–** ਸੋਈ ਸਤਿਗੁਰੂ ਸਿਆਣਾ ਪੁਰਖ ਹੈ, ਜੋ ਸਰੀਰ ਰੂਪੀ ਘਰ ਵਿਚ, ਪਰਮਾਤਮਾ ਰੂਪੀ ਘਰ ਦਿਖਾ ਦੇਵੇ। ਜਿਥੇ ਪੰਚ ਸ਼ਬਦ ਦੇ ਧੁਨਕਾਰ ਦੀ ਧੁਨੀ ਵਜ ਰਹੀ ਹੈ, ਖੰਡ ਮੰਡਲ, ਦੀਪ, ਲੋਅ, ਪਾਤਾਲ ਹੈਰਾਨ ਕਰਨ ਵਾਲੇ ਹਨ। ਬੜੇ ਤਰਾਂ ਦੇ ਸਾਜ ਵਜ ਰਹੇ ਹਨ। ਸਚੇ ਤਖਤ ਤੇ ਨਿਰੰਕਾਰ ਪਾਤਸ਼ਾਹ ਹੈ।

ਜਿਸ ਸਤਿਗੁਰੂ ਦੇ ਮਿਲਾਪ ਨਾਲ, ਮਨ ਦੀ ਦੁਬਿਧਾ ਦੂਰ ਨਹੀਂ ਹੁੰਦੀ, ਪ੍ਰਭੂ ਦਾ ਮਿਲਾਪ ਨਹੀਂ ਹੁੰਦਾ, ਦਹਿ ਦਿਸ਼ਾਂ ਵਿਚ ਧਾਉਂਦਾ ਮਨ, ਟਿਕ ਕੇ ਨਹੀਂ ਬਹਿੰਦਾ, ਮਾਇਆ ਮਮਤਾ ਦੂਰ ਨਹੀਂ ਹੁੰਦੀ, ਕਾਮ, ਕ੍ਰੋਧ, ਲੋਭ, ਮੋਹ, ਅਭਿਮਾਨ ਦੂਰ ਨਹੀਂ ਹੁੰਦੇ, ਤ੍ਰਿਸ਼ਨਾ ਦੂਰ ਨਹੀਂ ਹੁੰਦੀ, ਮਨ ਦਾ ਟਿਕਾਅ ਨਹੀਂ ਬੱਝਦਾ ਤੇ ਪੰਜ ਸ਼ਬਦ ਨਹੀਂ ਵਜਦੇ, ਉਹ ਐਸਾ ਸਤਿਗੁਰੂ–ਨਾਮ ਧਰੀਕ ਸਤਿਗੁਰੂ ਹੈ, ਪਾਖੰਡੀ ਹੈ। ਹੁਣ ਵਿਚਾਰ ਇਹ ਕਰਨੀ ਹੈ ਕਿ ਸਤਿਗੁਰੂ ਜਗਿਆਸੂ ਨੂੰ ਕਿਸਦੇ ਲੜ ਲਾਉਂਦਾ ਹੈ। ਆਪਣੀ ਦੇਹ ਪੂਜਾ ਵਲ ਯਾ ਨਿਰੰਕਾਰ ਦੇ ਸ਼ਬਦ ਨਾਲ ? ਸ਼ਬਦ ਗੁਰੂ ਸਦਾ ਹੀ ਕਾਇਮ ਰਹਿੰਦਾ ਏ ? 'ਸ਼ਬਦ' ਦਾ ਇਥੇ ਅਰਥ ਹੈ– 'ਗਿਆਨ'। ਗੁਰੂ ਨਾਨਕ ਪਾਤਸ਼ਾਹ ਜੀ ਦਾ ਗੁਰੂ ਸ਼ਬਦ ਸੀ। ਯਥਾ :–

**"ਸਬਦੁ ਗੁਰੂ ਸੁਰਤਿ ਧੁਨਿ ਚੇਲਾ ॥" ਪੰਨਾ 943**

ਇਸ ਦੀ ਪੂਰੀ-ਪੂਰੀ ਵੀਚਾਰ 'ਗੁਰਬਾਣੀ' ਗੁਰੂ ਕਿਵੇਂ ਹੈ ? ਦੇ ਸਿਰਲੇਖ ਹੇਠਾਂ ਦਿੱਤੀ ਗਈ ਹੈ ਪਾਠਕ ਜਨ ਮੁੜ ਉਸਨੂੰ ਵੀਚਾਰਨ। ਸਤਿਗੁਰੂ ਦੀ ਦੇਹ ਬਿਨਸਨਹਾਰ ਹੈ। ਪਰ ਸਤਿਗੁਰੂ ਦਾ ਸ਼ਬਦ ਬਿਨਸਨਹਾਰ ਨਹੀ। ਉਸ ਸ਼ਬਦ ਦਾ ਪ੍ਰਭਾਵ ਸਦਾ ਹੀ ਉੱਨਾ ਰਹਿੰਦਾ ਹੈ ਜਿੰਨਾ ਕਿ ਸਤਿਗੁਰੂ ਦੀ ਦੇਹ ਦੇ ਹੁੰਦੇ ਸੀ।

ਲੇਖਕ ਦੇ ਇਕ ਵਿਦਵਾਨ ਮਿਤਰ ਜੀ, ਲੇਖਕ ਨੂੰ ਸੁਝਾਵ ਦੇਣ ਲਗੇ ਕਿ 'ਸਤਿਗੁਰੂ ਪਦ ਦੇ ਅਰਥਾਂ ਵਾਲੇ ਪ੍ਰਮਾਣ, ਸੰਗਤ ਵਿਚ ਨਾ ਪਰਚਾਰਿਆ ਕਰੋ।' ਇਸ ਨਾਲ ਕਈ 'ਗੁਰੂ' ਬਣ ਜਾਣਗੇ। ਲੇਖਕ ਨੇ ਉੱਤਰ ਵਿਚ ਆਖਿਆ ਕਿ ਅਗੇ ਹੀ ਸੈਕੜੇ ਬਣੇ ਬੈਠੇ ਹਨ ਤੇ ਉਹ ਉਤਲੇ ਪ੍ਰਮਾਣਾਂ ਨੂੰ ਹੀ ਲੈ ਕਰ ਭੋਲੇ ਭਾਲੇ ਜਗਿਆਸੂਆਂ ਨੂੰ ਟਪਲਾ ਦੇ ਰਹੇ ਹਨ ਤੇ ਉਨ੍ਹਾਂ ਪ੍ਰਮਾਣਾਂ ਦੇ ਹੋਰ ਅਰਥ ਹੋ ਵੀ ਨਹੀਂ ਸਦਕੇ ਤਾਂ ਤੇ ਫਿਰ ਕਿਉਂ ਨਾ ਇਹ ਪਰਚਾਰੀਏ ਕਿ ਅਰਥ ਤਾਂ ਠੀਕ ਹਨ ਤੇ ਸਿਧਾਂਤ ਵੀ ਠੀਕ ਹੈ, ਪਰ ਜਗਿਆਸੂ ਕਸਵੱਟੀ ਲਾ ਕੇ ਵੇਖ ਲਵੇ ਕਿ ਇਹ ਪੂਰਨ ਸਤਿਗੁਰੂ ਹੈ ਯਾ ਨਕਲੀ ਸਤਿਗੁਰੂ ਹੈ। ਕਸਵੱਟੀ ਇਹ ਹੀ ਹੈ ਜੋ ਉਪਰ, ਵਿਸਥਾਰ ਨਾਲ, ਲਿਖੀ ਏ। ਨਿਰੰਕਾਰ ਦੇ ਦਰਸ਼ਨ ਹੁੰਦੇ ਹੀ ਮਨ, ਧਾਵਨ ਤੋਂ ਛੁੱਟ ਜਾਂਦਾ ਏ। ਇਸ ਗੁਰੂਵਾਕ ਦੀ ਕਸਵੱਟੀ ਲਾ ਕੇ ਵੇਖ ਲਵੇ।

**"ਮਾਈ ਮੈ ਧਨੁ ਪਾਇਓ ਹਰਿ ਨਾਮੁ ॥**

**ਮਨੁ ਮੇਰੋ ਧਾਵਨ ਤੇ ਛੂਟਿਓ ਕਰਿ ਬੈਠੋ ਬਿਸਰਾਮੁ ॥ ਰਹਾਉ ॥**

**ਮਾਇਆ ਮਮਤਾ ਤਨ ਤੇ ਭਾਗੀ ਉਪਜਿਓ ਨਿਰਮਲ ਗਿਆਨੁ ॥**

**ਲੋਭ ਮੋਹ ਏਹ ਪਰਸਿ ਨ ਸਾਕੈ ਗਹੀ ਭਗਤਿ ਭਗਵਾਨ ॥**

**ਜਨਮ ਜਨਮ ਕਾ ਸੰਸਾ ਚੂਕਾ ਰਤਨੁ ਨਾਮੁ ਜਬ ਪਾਇਆ ॥**

**ਤ੍ਰਿਸਨਾ ਸਕਲ ਬਿਨਾਸੀ ਮਨ ਤੇ ਨਿਜ ਸੁਖ ਮਾਹਿ ਸਮਾਇਆ ॥" ਪੰਨਾ 1186**

ਜਦੋਂ ਜਗਿਆਸੂ ਨੂੰ ਉਪਰੋਕਤ ਦਰਸਾਈ ਅਵਸਥਾ ਪ੍ਰਾਪਤ ਨਹੀਂ ਹੋ ਸਕੇਗੀ ਤਾਂ ਜਗਿਆਸੂ ਆਪ ਹੀ ਉਸ ਨਕਲੀ ਗੁਰੂ ਦਾ ਸਾਥ ਛੱਡ ਜਾਸੀ। ਸਿਧਾਂਤ ਤਾਂ, ਧੁਰ ਤੋਂ ਆਈ ਬਾਣੀ, ਦਰਸਾ ਰਹੀ ਹੈ। ਤ੍ਰੋੜ ਮ੍ਰੋੜ ਕੇ ਅਰਥ ਕਰਨੇ ਅਯੋਗ ਹਨ। ਹੁਣ ਪ੍ਰਸ਼ਨ ਇਹ ਹੈ ਕਿ ਸਤਿਗੁਰੂ ਦੀ ਲੋੜ ਕਿਉਂ ਹੈ ? ਉੱਤਰ ਵਿਚ ਬੇਨਤੀ ਹੈ ਕਿ ਮਾਇਆ ਵੇੜਿਆ ਜੀਵ, ਆਪਣੀ ਸਿਆਣਪ ਨਾਲ ਪਰਮਪਦ ਦੀ ਪ੍ਰਾਪਤੀ ਨਹੀਂ ਕਰ ਸਕਦਾ। ਉਸਦੀ ਬੁੱਧੀ ਮਾਇਆ ਤੋਂ ਅਗੇ ਨਹੀਂ ਜਾਂਦੀ। ਬੁੱਧੀ, ਮਾਇਆ ਨੇ ਸੀਮਤ ਕੀਤੀ ਹੋਈ ਹੈ। ਪਰ ਸਤਿਗੁਰੂ ਦੀ ਬੁੱਧੀ ਪਾਰਦਰਸ਼ਕ ਹੈ। ਮਾਇਆ ਦੇ ਘੇਰੇ ਵਿਚ ਨਹੀਂ। ਸੋ ਜਦ ਤਾਂਈ ਪੂਰਨ ਸਤਿਗੁਰੂ ਦੀ ਮੱਤ ਨੂੰ ਗ੍ਰਹਿਣ ਨਾ ਕਰੀਏ, ਮਨ ਸਦਾ ਹੀ ਦੁਖ ਕਲੇਸ਼ ਤੇ ਝੋਰਿਆਂ ਵਿਚ ਰਹਿੰਦਾ ਹੈ। ਇਸੇ ਲਈ ਗੁਰਮਤਿ ਫੁਰਮਾਉਂਦੀ ਹੈ

**"ਧੁਰਿ ਖਸਮੈ ਕਾ ਹੁਕਮੁ ਪਇਆ ਵਿਣੁ ਸਤਿਗੁਰ ਚੇਤਿਆ ਨ ਜਾਇ ॥" ਪੰਨਾ 556**

**ਭਾਵ ਅਰਥ :-** ਮਾਲਕ ਦਾ ਧੁਰ ਤੋਂ ਹੁਕਮ ਹੈ ਕਿ ਸਤਿਗੁਰੂ ਤੋਂ ਬਿਨਾਂ ਨਿਰੰਕਾਰ ਚੇਤਿਆ ਨਹੀਂ ਜਾਂਦਾ।

**"ਬਿਨੁ ਸਤਿਗੁਰ ਕੋ ਨਾਉ ਨ ਪਾਏ ਪ੍ਰਭਿ ਐਸੀ ਬਣਤ ਬਣਾਈ ਹੇ ॥" ਪੰਨਾ 1046**

**ਭਾਵ ਅਰਥ :-** ਸਤਿਗੁਰੂ ਤੋਂ ਬਿਨਾਂ ਕੋਈ ਨਾਮ ਨਹੀਂ ਪਾ ਸਕਦਾ। ਪ੍ਰਭੂ ਨੇ ਬਣਤ ਹੀ ਐਸੀ ਬਣਾਈ ਹੈ।

**"ਸਤਿਗੁਰ ਬਾਝੁ ਨ ਪਾਇਓ ਸਭ ਮੋਹੀ ਮਾਇਆ ਜਾਲਿ ਜੀਉ ॥" ਪੰਨਾ 71**

**ਭਾਵ ਅਰਥ :-** ਸਤਿਗੁਰੂ ਤੋਂ ਬਿਨਾ ਪ੍ਰਭੂ ਦੀ ਪ੍ਰਾਪਤੀ ਨਹੀਂ। ਸਾਰੀ ਸ੍ਰਿਸ਼ਟੀ ਮਾਇਆ ਜਾਲ ਵਿਚ ਮੋਹੀ ਪਈ ਹੈ।

**"ਏਕੰਕਾਰੁ ਸਤਿਗੁਰ ਤੇ ਪਾਈਐ ਹਉ ਬਲਿ ਬਲਿ ਗੁਰ ਦਰਸਾਇਣਾ ॥" ਪੰਨਾ 1078**

**ਅਰਥ :-** ਏਕੰਕਾਰ, ਸਤਿਗੁਰੂ ਤੋਂ ਪਾਈਦਾ ਹੈ। ਮੈ ਗੁਰਦਰਸ਼ਨ ਤੋਂ ਸਦਕੇ ਜਾਂਦਾ ਹਾਂ।

ਫਿਰ ਮੁੜ ਚੇਤੇ ਵਿਚ ਦ੍ਰਿੜ ਕਰ ਲਈਏ ਕਿ ''ਗੁਰੂ'' ਦੇਹ ਨਹੀਂ ਹੁੰਦੀ-'ਸ਼ਬਦ' ਹੁੰਦਾ ਏ। ਦੇਹ ਬਿਨਸਨਹਾਰ ਹੈ। ਸ਼ਬਦ ਸਦਾ ਜੁਗੋ ਜੁਗ ਅਟਲ ਹੈ। ਇਸ ਲਈ ਦਸਮ ਪਾਤਸ਼ਾਹ ਜੀ ਫੁਰਮਾਉਂਦੇ ਹਨ : "**ਗਿਆਨੁ ਗੁਰੂ ਆਤਮ ਉਪਦੇਸਹੁ॥**" ਗੁਰੂ, ਗਿਆਨ ਹੈ ਤੇ ਉਸ ਗਿਆਨ ਨਾਲ ਆਤਮਾ ਨੂੰ ਉਪਦੇਸ਼ ਕਰੋ। ਇਸ ਸ਼ਬਦ-ਗੁਰੂ ਨੂੰ ਹੀ, ਸਾਹਿਬੇ ਕਮਾਲ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਗੁਰੂ ਗੱਦੀ ਬਖਸ਼ੀ ਹੈ। ਅਸਲੀ ਸਤਿਗੁਰੂ ਦੀ ਨਿਸ਼ਾਨੀ ਇਹ ਹੈ :-

**"ਜੋ ਨਰੁ ਦੁਖ ਮੈ ਦੁਖੁ ਨਹੀ ਮਾਨੈ ॥**

**ਸੁਖ ਸਨੇਹੁ ਅਰੁ ਭੈ ਨਹੀ ਜਾ ਕੈ ਕੰਚਨ ਮਾਟੀ ਮਾਨੈ ॥**

**ਨਹ ਨਿੰਦਿਆ ਨਹ ਉਸਤਤਿ ਜਾ ਕੈ ਲੋਭੁ ਮੋਹੁ ਅਭਿਮਾਨਾ ॥**

**ਹਰਖ ਸੋਗ ਤੇ ਰਹੈ ਨਿਆਰਉ ਨਾਹਿ ਮਾਨ ਅਪਮਾਨਾ ॥**

**ਆਸਾ ਮਨਸਾ ਸਗਲ ਤਿਆਗੈ ਜਗ ਤੇ ਰਹੈ ਨਿਰਾਸਾ ॥**

**ਕਾਮੁ ਕ੍ਰੋਧੁ ਜਿਹ ਪਰਸੈ ਨਾਹਨਿ ਤਿਹ ਘਟਿ ਬ੍ਰਹਮੁ ਨਿਵਾਸਾ ॥"** ਪੰਨਾ 633-34

**ਅਰਥ :-** ਜੋ ਨਰ ਦੁਖ ਵਿਚ ਦੁਖ ਨਹੀਂ ਮੰਨਦਾ। ਸੁਖ, ਮੋਹ, ਡਰ, ਜਿਸਦੇ ਅੰਦਰ ਨਹੀਂ ਹੈ। ਸੋਨੇ ਤੇ ਮਿੱਟੀ ਨੂੰ ਇਕ ਬਰਾਬਰ ਮੰਨਦਾ ਏ। ਜਿਸਦੇ ਅੰਦਰ ਨਾ ਨਿੰਦਾ ਹੈ ਤੇ ਨਾ ਹੀ ਉਸਤਤੀ ਹੈ। ਨਾ ਹੀ ਲੋਭ ਹੈ, ਮੋਹ ਤੇ ਅਹੰਕਾਰ ਹੈ। ਖੁਸ਼ੀ ਤੇ ਗਮੀ ਤੋਂ ਉਕਾ ਹੀ ਨਿਰਲੇਪ ਹੈ। ਮਾਨ ਤੇ ਅਪਮਾਨ, ਇਕ ਸਮਾਨ ਹਨ। ਜੋ ਆਸਾ ਤੇ ਮਨਸਾ ਸਾਰੀਆਂ ਨੂੰ ਤਿਆਗਦਾ ਹੈ ਤੇ ਜਗਤ ਤੋਂ ਉਪਰਾਮ ਰਹਿੰਦਾ ਏ। ਜਿਸਦੇ ਨੇੜੇ, ਕਾਮ, ਕ੍ਰੋਧ ਢੁੱਕਦੇ ਨਹੀਂ (ਭਾਵ ਛੋਂਹਦੇ ਨਹੀਂ)। ਐਸੇ ਗੁਣਾਂ ਵਾਲੇ ਦੇ ਅੰਦਰ ਬ੍ਰਹਮ ਦਾ ਨਿਵਾਸ ਹੁੰਦਾ ਏ।

ਇਹ ਕਸਵੱਟੀ ਹੈ- ਅਸਲੀ ਗੁਰੂ ਦੀ। ਜੀਵਨ ਨੂੰ ਜੀਭ ਹੁੰਦੀ ਏ। ਉਸਦਾ ਜੀਵਨ ਹੀ ਆਪ ਬੋਲੂ ਕਿ ਅਸਲੀ ਹੈ ਕਿ ਨਕਲੀ ਸਤਿਗੁਰੂ ਹੈ।

ਗੁਰਬਾਣੀ ਵਿਚ ਸਾਧ, ਸੰਤ, ਗੁਰਮੁਖਿ, ਗੁਰਸਿਖ, ਭਗਤ, ਸੇਵਕ, ਜਨ, ਪਦ ਵਰਤੇ ਹਨ। ਨਾਲ ਹੀ ਇਨ੍ਹਾਂ ਦੇ ਲਛਣ ਵੀ ਦਰਸਾਏ ਹਨ। ਇਹ ਵੀ ਫੁਰਮਾਇਆ ਹੈ ਕਿ ਇਨ੍ਹਾਂ ਦੀ ਸੰਗਤ ਜ਼ਰੂਰੀ ਹੈ। ਇਹ ਵੀ ਫੁਰਮਾਨ ਹੈ ਕਿ ਇਨ੍ਹਾਂ ਦੀ ਸੰਗਤ ਬਿਨਾਂ, ਹਰੀ ਦਾ ਸੰਗ ਪ੍ਰਾਪਤ ਨਹੀਂ ਹੋ ਸਕਦਾ। ਇਨ੍ਹਾਂ ਦੀ ਸੰਗਤ ਵਿਚ ਹੀ ਨਾਮ ਦ੍ਰਿੜ੍ਹ ਹੁੰਦਾ ਏ। ਇਨ੍ਹਾਂ ਦੀ ਸੰਗਤ ਲਈ ਬੇਨਤੀਆਂ ਤੇ ਅਰਦਾਸਾਂ ਵੀ ਹਨ। ਜਿਨ੍ਹਾਂ ਮਹਾਂਵਾਕਾਂ ਵਿਚ ਇਹ ਉਤਲੇ ਪਦ ਵਰਤੇ ਗਏ ਹਨ ਤੇ ਇਨ੍ਹਾਂ ਦੇ ਗੁਣ ਦਸੇ ਗਏ ਹਨ, ਉਨ੍ਹਾਂ ਤੋਂ ਸਿੱਧ ਹੁੰਦਾ ਏ ਕਿ ਇਹ ਸਾਰੇ ਪਦ, ਇਕੋ ਹੀ ਅਰਥ ਤੇ ਭਾਵ ਰਖਦੇ ਹਨ। ਇਕੋ ਅਰਥ ਭਾਵ ਰੱਖਣ ਵਾਲੇ ਪਦ ਹਨ। ਇਤਨੀ ਉਪਮਾ, ਇਤਨੀ ਮਹਿਮਾ, ਇਤਨੀ ਉਸਤਤੀ ਇਨ੍ਹਾਂ ਪਰਥਾਏ ਹੈ ਕਿ ਜਗਿਆਸੂ ਸਿੱਖ ਦੇ ਮਨ ਵਿਚ, ਇਨ੍ਹਾਂ ਦੀ ਸੰਗਤ ਲਈ ਜੋਰਦਾਰ ਭਾਵਨਾ ਪੈਦਾ ਹੋ ਜਾਂਦੀ ਏ। ਤੇ ਉਹ ਇਨ੍ਹਾਂ ਦੀ ਸੰਗਤ ਲਈ, ਉਤਸਕ ਹੋ ਕੇ, ਇਨ੍ਹਾਂ ਵਲ ਜਾਂਦਾ ਏ। ਜਿਥੇ ਵੀ ਕੋਈ ਸੰਤ, ਸਾਧ ਅਖਵਾਉਣ ਵਾਲੇ ਵਿਅਕਤੀ ਹੁੰਦੇ ਨੇ, ਸ਼ਰਧਾ ਭਾਵਨਾ ਨਾਲ ਜਾਂਦਾ ਏ। ਗੁਰਬਾਣੀ ਦੇ ਹੁਕਮ ਅਨੁਸਾਰ ਤਨ, ਮਨ ਤੇ ਧਨ ਵੀ ਉਨ੍ਹਾਂ ਅਗੇ ਅਰਪਨ ਕਰਦਾ ਹੈ। ਪਰ ਜੋ ਲਾਭ ਉਨ੍ਹਾਂ ਦੀ ਸੰਗਤਿ ਦਾ, ਗੁਰਬਾਣੀ ਦਰਸਾਂਦੀ ਏ, ਉਹ ਨਹੀ ਲੱਭਦਾ। ਉਹ ਲਾਭ ਹਨ-ਸਦਾ ਦਾ ਖੇੜਾ, ਸਦਾ ਦਾ ਆਨੰਦ, ਸਦਾ ਦਾ ਹੁਲਾਸ, ਸਦਾ ਦੀਆਂ ਚੜਦੀਆਂ ਕਲਾਂ, ਤ੍ਰਿਸ਼ਨਾ ਰਹਿਤ ਮਨ, ਅੰਤਰ ਆਤਮੇ ਸਦਾ ਦਾ ਟਿਕਾਉ, ਨਿਰਭੈਤਾ, ਨਿਰਵੈਰਤਾ, ਬ੍ਰਹਮ ਦ੍ਰਿਸ਼ਟੀ, ਸਰਬ ਨਾਲ ਪ੍ਰੇਮ ਭਰਿਆ ਵਰਤਾਉ, ਸਿਮਰਨ ਤੇ ਲਿਵ, ਅਨਹਦ ਸ਼ਬਦ ਦੀ ਲਗਾਤਾਰੀ ਧੁਨੀ, ਅਟੁੱਟ ਨਾਮ ਦੀ ਖੁਮਾਰੀ, ਮਨ ਦੀ ਗਰੀਬੀ, ਮਿਠਾਸ ਭਰਪੂਰ ਬੋਲ, ਹਉਮੈ ਰਹਿਤ ਦਸ਼ਾ, ਪਰਉਪਕਾਰਤਾ, ਨਿਰੰਤਰ ਸੇਵਾ ਭਾਵ, ਦਿਆਲਤਾ, ਵਿਸ਼ਾਲ ਹਿਰਦਾ, ਸੰਸਾ ਬ੍ਰਿਤੀ ਦੀ ਨਿਵਿਰਤੀ-ਇਹ ਲਾਭ ਨਿਰਛਲ ਜਗਿਆਸੂ ਨੂੰ ਨਹੀਂ ਪ੍ਰਾਪਤ ਹੁੰਦੇ। ਫਿਰ ਜਗਿਆਸੂ

ਨਿਰਾਸਤਾ ਦੇ ਅਡੇ ਚੜ੍ਹ ਕਰ ਖਤਮ ਹੋ ਜਾਂਦਾ ਏ ਤੇ ਆਖਦਾ ਏ ਕਿ ਇਨ੍ਹਾਂ ਦੀ ਕੋਈ ਲੋੜ ਨਹੀਂ। ਇਥੇ, ਐਸੇ ਜਗਿਆਸੂ ਦੀ ਸਿਰੇ ਦੀ ਭੁਲ੍ਹ ਹੈ ਜੇ ਜਗਿਆਸੂ ਨੂੰ ਅਸਲੀ ਪੂਰਨ ਸੰਤ, ਸਾਧ, ਗੁਰਮੁਖ, ਗੁਰਸਿਖ ਦਾ ਮਿਲਾਪ ਨਹੀਂ ਹੋਇਆ ਤਾਂ ਕਿੰਤੂ ਨਹੀਂ ਕਰਨੀ ਸੋਭਦੀ। ਬੀਜ ਨਾਸ਼ ਨਹੀਂ ਹੋਇਆ। ਸੰਸਾਰ ਵਿਚ ਐਸੇ ਮਹਾਂਪੁਰਖ ਬਹੁਤ ਹਨ। ਦਿਲੋਂ ਅਰਦਾਸ ਕਰੇ। ਮਿਲਾਪ, ਜ਼ਰੂਰ ਕਿਸੇ ਗੁਰਮੁਖ ਪਿਆਰੇ ਸਿੱਖ ਦਾ, ਹੋ ਜਾਂਦਾ ਹੈ। ਲੇਖਕ ਸਾਲਾਂ ਬਧੀ, ਸੰਤ, ਸਾਧ, ਗੁਰਮੁਖਿ, ਗੁਰਸਿਖਾਂ ਦੀ ਸੰਗਤਿ ਲਈ ਤੜਫਦਾ ਰਿਹਾ। ਜਿਥੇ ਸੰਤ ਦੀ ਸੋ੍ਤ ਪਵੇ, ਨਠ ਕੇ ਜਾਵੇ। ਪਰ ਨਿਰਾਸਤਾ ਦਾ ਘਰ ਹੀ ਲਭੇ। ਕਿਸੇ ਗੁਰਮੁਖਿ ਪਿਆਰੇ ਨੇ ਸੁਝਾਵ ਦਿੱਤਾ ਕਿ ''ਇਨ੍ਹਾਂ ਦੀ ਟੋਲ ਕਰਨੀ ਛੱਡ ਦੇਵੋ। ਅਰਦਾਸ ਕਰਿਆ ਕਰੋ।'' ਸੁਤੇ ਹੀ ਕਿਸੇ ਗੁਰਮੁਖਿ ਦਾ ਮਿਲਾਪ ਹੋ ਵੈਸੀ । ਲੇਖਕ ਨੇ ਉਨ੍ਹਾਂ ਗੁਰਮੁਖਾਂ ਦਾ ਸੁਝਾਵ ਮੰਨ ਕੇ ਅਰਦਾਸਾਂ ਕਰਨੀਆਂ ਆਰੰਭ ਕਰ ਦਿੱਤੀਆਂ। ਨਿਰੰਕਾਰ ਦੀ ਬਖਸ਼ਸ਼ ਨਾਲ, ਮਿਲਾਪ ਹੋ ਗਿਆ ਤੇ ਇਧਰ ਉਧਰ ਦੀ ਭਜ ਦੌੜ ਮੁੱਕ ਗਈ। ਸੰਗਤ ਦਾ ਲਾਭ ਜੋ ਗੁਰਬਾਣੀ ਦਰਸਾਉਂਦੀ ਏ-ਪੂਰਾ ਹੋਇਆ। ਕਈ ਸਜਣ ਇਸ ਸੰਗਤ ਨੂੰ ਵਿਅਕਤੀ ਪੂਜਾ ਆਖ ਕੇ ਨੱਕ ਵੱਟਦੇ ਹਨ। ਵਿਅਕਤੀ ਪੂਜਾ ਤਦ ਹੁੰਦੀ ਏ ਕਿ ਕਰਤਾਰ ਦੀ ਟੇਕ ਛੱਡ ਦੇਈਏ ਤੇ ਉਸ ਵਿਅਕਤੀ ਨੂੰ ਹੀ ਸਭ ਕੁਛ ਸਮਝ ਬੈਠੀਏ। ਇਥੇ ਭੁੱਲ ਨਹੀਂ ਕਰਨੀ। ਉਸ ਗੁਰਮੁਖਿ ਦਾ ਸਤਿਕਾਰ, ਮਨ ਅੰਦਰ ਆਪ ਮੁਹਾਰੇ ਭਰ ਜਾਂਦਾ ਏ। ਉਸ ਨਾਲ ਨਾਮ ਦ੍ਰਿੜ ਹੁੰਦਾ ਏ। ਨਾਮ ਦੀ ਕਣੀ ਅੰਤਰ ਆਤਮੇ ਆ ਵਸਦੀ ਏ। ਗੁਰਬਾਣੀ ਫੁਰਮਾਉਂਦੀ ਏ :-

**"ਕਬੀਰ ਸੇਵਾ ਕਉ ਦੁਇ ਭਲੇ ਏਕੁ ਸੰਤੁ ਇਕੁ ਰਾਮੁ ॥**
**ਰਾਮੁ ਜੁ ਦਾਤਾ ਮੁਕਤਿ ਕੋ ਸੰਤੁ ਜਪਾਵੈ ਨਾਮੁ ॥"** **ਪੰਨਾ 1373**

**ਅਰਥ :–** ਹੇ ਕਬੀਰ, ਸੇਵਾ ਲਈ ਦੋਵੇਂ ਭਲੇ ਹਨ, ਇਕ ਸੰਤ ਤੇ ਇਕ ਰਾਮ। ਰਾਮ ਮੁਕਤੀ ਦੇਣ ਵਾਲਾ ਹੈ ਤੇ ਸੰਤ ਨਾਮ ਜਪਾਉਂਦਾ ਏ।

ਵਾਸਤਵ ਵਿਚ ਨਾਮ ਦ੍ਰਿੜ੍ਹ-ਸੰਤ, ਸਾਧ, ਗੁਰਸਿੱਖ, ਜਨ, ਸੇਵਕ, ਭਗਤ ਦੀ ਲਗਾਤਾਰੀ ਸੰਗਤ ਵਿਚ ਹੀ ਹੁੰਦਾ ਏ, ਉਂਜ ਨਹੀਂ। ਪਾਠਕ ਜਨ, ਇਹ ਗੱਲ ਪਰਖ ਕੇ ਵੇਖ ਲੈਣ, ਸਹੀ ਪਾਉਂਣਗੇ। ਜੇ ਇਹ ਗੱਲ ਨਾ ਹੁੰਦੀ ਤਾਂ ਫਿਰ ਐਨੀ ਬਾਣੀ ਇਨ੍ਹਾਂ ਪਰਥਾਇ-ਗੁਰੂ ਸਾਹਿਬ ਵਲੋਂ-ਉਚਾਰਨ ਦੀ ਲੋੜ ਨਹੀਂ ਸੀ। ਗੁਰਬਾਣੀ ਨਿਰਣਾ ਦੇ ਰਹੀ ਏ ਕਿ ਹਰੀ ਦਾ ਸੰਗ, ਬਿਨਾਂ ਸਾਧੂ ਨਹੀਂ ਹੋ ਸਕਦਾ। ਪ੍ਰਮਾਣ ਇਹ ਹੈ :-

**"ਬਿਨੁ ਸਾਧ ਨ ਪਾਈਐ ਹਰਿ ਕਾ ਸੰਗੁ ॥"** **ਪੰਨਾ 1169**

**ਅਰਥ :–** ਬਿਨਾਂ ਸਾਧ ਦੇ ਹਰੀ ਦਾ ਸੰਗ ਨਹੀਂ ਮਿਲਦਾ।

**"ਸਾਧੂ ਸੰਗਤਿ ਹੋਇ ਪਰਾਪਤਿ ਤਾ ਪ੍ਰਭੁ ਅਪੁਨਾ ਲਹੀਐ ॥"** **ਪੰਨਾ 713**

**ਅਰਥ :–** ਸਾਧੂ ਦੀ ਸੰਗਤਿ ਪ੍ਰਾਪਤ ਹੋਇ, ਤਾਂ ਪ੍ਰਭੂ ਮਿਲਦਾ ਹੈ।

**"ਸੰਤ ਮੰਡਲ ਮਹਿ ਹਰਿ ਮਨਿ ਵਸੈ ॥"** **ਪੰਨਾ 1146**

**ਅਰਥ :–** ਸੰਤਾਂ ਦੀ ਸੰਗਤਿ ਵਿਚ, ਹਰੀ ਮਨ ਵਿਚ ਵਸਦਾ ਏ।

ਹੁਣ ਸੰਤ, ਸਾਧ, ਗੁਰਮੁਖਿ, ਗੁਰਸਿਖ, ਸੇਵਕ, ਜਨ, ਭਗਤ ਦੇ ਲੱਛਣ ਤੇ ਉਨ੍ਹਾਂ ਦੀ ਸੰਗਤ ਦਾ ਲਾਭ ਅੰਕਤ ਹੈ।

**ਜਿਨਾ ਸਾਸਿ ਗਿਰਾਸਿ ਨ ਵਿਸਰੈ ਹਰਿ ਨਾਮਾਂ ਮਨਿ ਮੰਤੁ ॥**
**ਧੰਨੁ ਸਿ ਸੇਈ ਨਾਨਕਾ ਪੂਰਨੁ ਸੋਈ ਸੰਤੁ ॥"** **ਪੰਨਾ 319**

**ਅਰਥ :–** ਜਿਨ੍ਹਾਂ ਨੂੰ ਸੁਆਸ ਲੈਂਦੇ, ਗਿਰਾਹੀ ਖਾਂਦੇ, ਹਰੀ ਦਾ ਨਾਮ ਨਹੀਂ ਵਿਸਰਦਾ ਤੇ ਉਨ੍ਹਾਂ ਦੇ ਮਨ ਵਿਚ ਹਰੀ ਨਾਮ ਮੰਤ ਰਹਿੰਦਾ ਏ, ਉਹ ਧੰਨਤਾ ਯੋਗ ਹਨ, ਉਹੀ ਪੂਰਨ ਸੰਤ ਹਨ।

ਐਸੇ ਪੂਰਨ ਸੰਤਾਂ ਦੀ ਰਹਿਤ ਬਾਰੇ ਇਹ ਸ਼ਬਦ ਹੈ :-

**"ਆਠ ਪਹਰ ਨਿਕਟਿ ਕਰਿ ਜਾਨੈ ॥ ਪ੍ਰਭ ਕਾ ਕੀਆ ਮੀਠਾ ਮਾਨੈ ॥**
**ਏਕੁ ਨਾਮੁ ਸੰਤਨ ਆਧਾਰੁ ॥ ਹੋਇ ਰਹੇ ਸਭ ਕੀ ਪਗ ਛਾਰੁ ॥**
**ਸੰਤ ਰਹਤ ਸੁਨਹੁ ਮੇਰੇ ਭਾਈ ॥ ਉਆ ਕੀ ਮਹਿਮਾ ਕਥਨੁ ਨ ਜਾਈ ॥ ਰਹਾਉ ॥**
**ਵਰਤਣਿ ਜਾ ਕੈ ਕੇਵਲ ਨਾਮ ॥ ਅਨਦ ਰੂਪ ਕੀਰਤਨੁ ਬਿਸ੍ਰਾਮ ॥**
**ਮਿਤ੍ਰ ਸਤ੍ਰ ਜਾ ਕੈ ਏਕ ਸਮਾਨੈ ॥ ਪ੍ਰਭ ਅਪੁਨੇ ਬਿਨੁ ਅਵਰੁ ਨ ਜਾਨੈ ॥**
**ਕੋਟਿ ਕੋਟਿ ਅਘ ਕਾਟਨਹਾਰਾ ॥ ਦੁਖ ਦੂਰਿ ਕਰਨ ਜੀਅ ਕੇ ਦਾਤਾਰਾ ॥**
**ਸੂਰਬੀਰ ਬਚਨ ਕੇ ਬਲੀ ॥ ਕਉਲਾ ਬਪੁਰੀ ਸੰਤੀ ਛਲੀ ॥**
**ਤਾ ਕਾ ਸੰਗੁ ਬਾਛਹਿ ਸੁਰਦੇਵ ॥ ਅਮੋਘ ਦਰਸੁ ਸਫਲ ਜਾ ਕੀ ਸੇਵ ॥**
**ਕਰ ਜੋੜਿ ਨਾਨਕੁ ਕਰੇ ਅਰਦਾਸਿ ॥ ਮੋਹਿ ਸੰਤਹ ਟਹਲ ਦੀਜੈ ਗੁਣਤਾਸਿ ॥" ਪੰਨਾ 392**

**ਅਰਥ :–** ਅਠੇ ਪਹਰ ਪ੍ਰਭੂ ਨੂੰ ਨੇੜੇ ਜਾਣਦੇ ਨੇ। ਪ੍ਰਭੂ ਦਾ ਕੀਤਾ ਮਿਠਾ ਕਰਕੇ ਮੰਨਦੇ ਹਨ। ਇਕ ਨਾਮ ਹੀ ਸੰਤਾਂ ਦਾ ਆਸਰਾ ਹੁੰਦਾ ਹੈ। ਉਹ ਸਾਰਿਆਂ ਦੀ ਪੈਰਾਂ ਦੀ ਰੇਣ ਹੁੰਦੇ ਹਨ। ਹੇ ਮੇਰੇ ਭਾਈ ! ਸੰਤਾਂ ਦੀ ਰਹਿਣੀ ਸੁਣ। ਉਨ੍ਹਾਂ ਦੀ ਮਹਿਮਾ ਕਹੀ ਨਹੀਂ ਜਾ ਸਕਦੀ। ਉਨ੍ਹਾਂ ਦੇ ਕੇਵਲ ਨਾਮ ਦੀ ਹੀ ਵਰਤਨ ਹੈ। ਉਨ੍ਹਾਂ ਦੇ ਬਿਸਰਾਮ ਥਾਂ ਤੇ ਆਨੰਦ ਮਈ ਕੀਰਤਨ ਹੁੰਦਾ ਰਹਿੰਦਾ ਹੈ। ਉਹ ਮਿਤ੍ਰ ਤੇ ਵੈਰੀ ਨੂੰ ਇਕ ਸਮਾਨ ਜਾਣਦੇ ਹਨ। ਆਪਣੇ ਮਾਲਕ ਤੋਂ ਬਿਨਾਂ, ਹੋਰ ਕਿਸੇ ਨੂੰ ਨਹੀਂ ਜਾਣਦੇ। ਕ੍ਰੋੜਾਂ ਹੀ ਕ੍ਰੋੜਾਂ ਪਾਪਾਂ ਦੇ ਕਟਨ ਵਾਲੇ ਹੁੰਦੇ ਹਨ। ਦੁਖ ਦੂਰ ਕਰਕੇ, ਜੀਅ ਦਾਨ ਦੇ ਦਾਤਾਰੇ ਹਨ। ਸੂਰਬੀਰ ਤੇ ਬਚਨ ਦੇ ਬਲੀ ਹੁੰਦੇ ਹਨ। ਬਪਰੀ ਮਾਇਆ ਨੂੰ ਛਲ ਲੈਂਦੇ ਹਨ। ਉਨ੍ਹਾ ਦਾ ਸੰਗ ਸ੍ਰੇਸ਼ਟ ਦੇਵਤੇ ਚਾਹੁੰਦੇ ਹਨ। ਉਨ੍ਹਾਂ ਦਾ ਦਰਸ਼ਨ ਤੇ ਸੇਵਾ ਸਫਲ ਹੁੰਦੀ ਹੈ। ਹਥ ਜੋੜ ਕੇ, ਨਾਨਕ ਅਰਦਾਸ ਕਰਦਾ ਏ। ਹੇ ਗੁਣਾਂ ਦੇ ਭੰਡਾਰ ! ਮੈਨੂੰ ਸੰਤਾਂ ਦੀ ਸੇਵਾ ਬਖਸ਼ੋ।

**"ਐਸੀ ਕਿਰਪਾ ਮੋਹਿ ਕਰਹੁ ॥**
**ਸੰਤਹ ਚਰਣ ਹਮਾਰੋ ਮਾਥਾ ਨੈਨ ਦਰਸੁ ਤਨਿ ਧੂਰਿ ਪਰਹੁ ॥" ਪੰਨਾ 828**

**ਅਰਥ :–** ਮੇਰੇ ਤੇ ਐਸੀ ਕਿਰਪਾ ਕਰੋ ਕਿ ਸੰਤਾਂ ਦੇ ਚਰਨਾਂ ਉੱਤੇ ਮੇਰਾ ਮਥਾ ਟਿਕਦਾ ਰਹੇ, ਅੱਖਾਂ ਉਨ੍ਹਾਂ ਦੇ ਦਰਸ਼ਨ ਕਰਨ ਅਤੇ ਮੇਰੇ ਸਰੀਰ ਤੇ ਉਨ੍ਹਾ ਦੀ ਧੂੜ ਪਵੇ।

**"ਹਮ ਸੰਤਨ ਕੀ ਰੇਨੁ ਪਿਆਰੇ ਹਮ ਸੰਤਨ ਕੀ ਸਰਣਾ ॥**
**ਸੰਤ ਹਮਾਰੀ ਓਟ ਸਤਾਣੀ ਸੰਤ ਹਮਾਰਾ ਗਹਣਾ ॥**
**ਹਮ ਸੰਤਨ ਸਿਉ ਬਣਿ ਆਈ ॥ ਪੂਰਬਿ ਲਿਖਿਆ ਪਾਈ ॥**
**ਇਹੁ ਮਨੁ ਤੇਰਾ ਭਾਈ ॥ ਰਹਾਉ ॥**
**ਸੰਤਨ ਸਿਉ ਮੇਰੀ ਲੇਵਾ ਦੇਵੀ ਸੰਤਨ ਸਿਉ ਬਿਉਹਾਰਾ ॥**
**ਸੰਤਨ ਸਿਉ ਹਮ ਲਾਹਾ ਖਾਟਿਆ ਹਰਿ ਭਗਤਿ ਭਰੇ ਭੰਡਾਰਾ ॥**
**ਸੰਤਨ ਮੋ ਕਉ ਪੂੰਜੀ ਸਉਪੀ ਤਉ ਉਤਰਿਆ ਮਨ ਕਾ ਧੋਖਾ ॥**
**ਧਰਮ ਰਾਇ ਅਬ ਕਹਾ ਕਰੈਗੋ ਜਉ ਫਾਟਿਓ ਸਗਲੋ ਲੇਖਾ ॥**
**ਮਹਾ ਅਨੰਦ ਭਏ ਸੁਖੁ ਪਾਇਆ ਸੰਤਨ ਕੈ ਪਰਸਾਦੇ ॥**

**ਕਹੁ ਨਾਨਕ ਹਰਿ ਸਿਉ ਮਨੁ ਮਾਨਿਆ ਰੰਗਿ ਰਤੇ ਬਿਸਮਾਦੇ ॥"** **ਪੰਨਾ 614**

**ਅਰਥ :–** ਮੈਂ ਸੰਤਾਂ ਦੀ ਧੂੜ ਹਾਂ, ਹੇ ਪਿਆਰੇ ! ਮੈਂ ਸੰਤਾਂ ਦੀ ਸ਼ਰਨ ਹਾਂ। ਸੰਤ, ਮੇਰੀ ਬਲਵਾਨ ਓਟ ਹੈ। ਸੰਤ ਮੇਰਾ ਸ਼ਿੰਗਾਰ ਹੈ। ਮੇਰੀ ਸੰਤਾਂ ਨਾਲ ਬਣ ਆਈ ਏ। ਪਿਛਲਾ ਲਿਖਿਆ ਪਾਇਆ ਹੈ। ਹੇ ਭਾਈ ! ਏਹੁ ਮਨ ਤੇਰਾ ਹੈ। ਮੇਰਾ ਲੈਣ ਦੇਣ ਵੀ ਸੰਤਾਂ ਨਾਲ ਹੈ। ਸੰਤਾਂ ਨਾਲ ਹੀ ਬਿਉਹਾਰ ਹੈ। ਸੰਤਾਂ ਤੋਂ ਹੀ ਮੈ ਲਾਹਾ ਖਟਿਆ ਹੈ। ਹਰੀ ਦੀ ਭਗਤੀ ਦੇ ਭੰਡਾਰ ਭਰ ਲਏ ਹਨ। ਸੰਤਾਂ ਨੇ ਮੈਨੂੰ ਰਾਸ ਸੌਂਪੀ ਹੈ (ਨਾਮ ਦੀ)। ਇਸ ਨਾਲ ਮਨ ਦਾ ਧੋਖਾ (ਮਾਇਆ ਦਾ ਧੋਖਾ) ਉਤਰ ਗਿਆ ਏ। ਹੁਣ ਧਰਮਰਾਜ ਕੀ ਕਰੇਗਾ ? ਜਦ ਸਾਰਾ ਲੇਖ ਹੀ ਫਟ ਗਿਆ ਹੈ। ਮਹਾਂ ਆਨੰਦ ਹੋ ਗਿਆ ਏ ਸੁਖ ਪਾਇਆ ਏ। ਇਹ ਸੰਤਾਂ ਦੀ ਕਿਰਪਾ ਦਵਾਰਾ ਹੋਇਆ ਹੈ। ਨਾਨਕ ਕਹਿੰਦਾ ਹੈ, ਹਰੀ ਨਾਲ ਮਨ, ਮੰਨ ਗਿਆ ਹੈ। ਹਰੀ ਪ੍ਰੇਮ ਦੇ ਰੰਗ ਵਿਚ ਰਤੇ ਹੋਏ ਅਸਚਰਜਤਾ ਹੋ ਰਹੀ ਹੈ।

**"ਖਾਕੁ ਸੰਤਨ ਕੀ ਦੇਹੁ ਪਿਆਰੇ ॥ ਆਇ ਪਇਆ ਹਰਿ ਤੇਰੈ ਦੁਆਰੈ ॥**
**ਦਰਸਨੁ ਪੇਖਤ ਮਨੁ ਆਘਾਵੈ ਨਾਨਕ ਮਿਲਣੁ ਸੁਭਾਈ ਜੀਉ ॥"** **ਪੰਨਾ 98**

**ਅਰਥ :–** ਹੇ ਪਿਆਰੇ ਹਰੀ ! ਸੰਤਾਂ ਦੀ ਰੇਣ ਦੇਵੋ। ਤੇਰੇ ਦੁਆਰੇ ਆਇਆ ਹਾਂ। (ਸੰਤਾਂ ਦੇ) ਦਰਸ਼ਨ ਵੇਖਣ ਨਾਲ, ਮਨ ਤ੍ਰਿਪਦਾ ਹੈ। ਹੇ ਨਾਨਕ ! ਸੰਤਾਂ ਦੇ ਦਰਸ਼ਨ ਸੁਭਾਗਿਆਂ ਨੂੰ ਮਿਲਦੇ ਹਨ।

**"ਅੰਤਰਜਾਮੀ ਪੁਰਖ ਬਿਧਾਤੇ ਸਰਧਾ ਮਨ ਕੀ ਪੂਰੇ ॥**
**ਨਾਨਕ ਦਾਸੁ ਇਹੈ ਸੁਖੁ ਮਾਗੈ ਮੋ ਕਉ ਕਰਿ ਸੰਤਨ ਕੀ ਧੂਰੇ ॥"** **ਪੰਨਾ 13**

**ਅਰਥ :–** ਹੇ ਅੰਤਰਜਾਮੀ ਪੁਰਖ ਬਿਧਾਤੇ ! ਮੇਰੇ ਮਨ ਦੀ ਸ਼ਰਧਾ ਪੂਰੀ ਕਰੋ। ਦਾਸ ਨਾਨਕ ਇਹੋ ਹੀ ਸੁਖ ਮੰਗਦਾ ਹੈ ਕਿ ਮੈਨੂੰ ਸੰਤਾਂ ਦੀ ਧੂੜ ਬਣਾਉ।

**"ਸਗਲ ਸੰਤਨ ਪਹਿ ਵਸਤੁ ਇਕ ਮਾਂਗਉ ॥ ਕਰਉ ਬਿਨੰਤੀ ਮਾਨੁ ਤਿਆਗਉ ॥**
**ਵਾਰਿ ਵਾਰਿ ਜਾਈ ਲਖ ਵਰੀਆ ਦੇਹੁ ਸੰਤਨ ਕੀ ਧੂਰਾ ਜੀਉ ॥"** **ਪੰਨਾ 99**

**ਅਰਥ :–** ਸਾਰਿਆਂ ਸੰਤਾਂ ਤੋਂ ਇਕ ਵਸਤੂ ਮੰਗਦਾਂ ਹਾਂ। ਬੇਨਤੀ ਕਰਦਾ ਹਾਂ ਕਿ ਅਭਿਮਾਨ ਤਿਆਗਿਆ ਜਾਏ। ਲੱਖਾਂ ਵੇਰੀ ਸੰਤਾਂ ਤੋਂ ਬਲਿਹਾਰ ਜਾਵਾਂ। ਸੰਤਾਂ ਦੀ ਧੂੜ ਬਖਸ਼ੋ।

**"ਪਾਨੀ ਪਖਾ ਪੀਸਉ ਸੰਤ ਆਗੈ ਗੁਣ ਗੋਵਿੰਦ ਜਸੁ ਗਾਈ ॥"** **ਪੰਨਾ 673**

**ਅਰਥ :–** ਸੰਤਾਂ ਅਗੇ ਪਾਣੀ, ਪਖਾ ਤੇ ਪੀਸਣ ਪੀਸਾਂ। ਉਨ੍ਹਾਂ ਨਾਲ ਗੋਬਿੰਦ ਦੇ ਗੁਣ ਤੇ ਜਸ ਗਾਵਾਂ।

**"ਹੋਹੁ ਕ੍ਰਿਪਾਲ ਸੁਆਮੀ ਮੇਰੇ ਸੰਤਾਂ ਸੰਗਿ ਵਿਹਾਵੇ ॥"** **ਪੰਨਾ 961**

**ਅਰਥ :–** ਮੇਰੇ ਮਾਲਕ ! ਕ੍ਰਿਪਾ ਕਰੋ, ਮੇਰੀ (ਜਿਦੰਗੀ) ਸੰਤਾਂ ਦੀ ਸੰਗਤ ਵਿਚ ਗੁਜ਼ਾਰੋ।

**"ਕਮਾਵਾ ਤਿਨ ਕੀ ਕਾਰ ਸਰੀਰੁ ਪਵਿਤੁ ਹੋਇ ॥**
**"ਪਖਾ ਪਾਣੀ ਪੀਸਿ ਬਿਗਸਾ ਪੈਰ ਧੋਇ ॥"** **ਪੰਨਾ 518**

**ਅਰਥ :–** (ਸੰਤਾਂ ਦੀ) ਕਾਰ ਕਮਾਵਾਂ ਤਾਂ ਕਿ ਸਰੀਰ ਪਵਿਤ੍ਰ ਹੋ ਜਾਏ।

ਉਨ੍ਹਾਂ ਦੀ ਪਖਾ, ਪਾਣੀ, ਪੀਸਨ ਦੀ ਸੇਵਾ ਕਰਦਾ ਰਹਾਂ, ਤੇ ਉਨ੍ਹਾਂ ਦੇ ਪੈਰ ਧੋ ਕੇ ਖੀਵਾ ਹੋਵਾਂ। ਅਗਲੇ ਪ੍ਰਮਾਣ ਗੁਰ ਸਿੱਖਾਂ ਪਰਥਾਇ ਹਨ। ਗੁਰ ਸਿੱਖ ਦੇ ਲਛਣ ਇਹ ਹਨ।

**"ਸੋ ਸਿਖੁ ਸਖਾ ਬੰਧਪੁ ਹੈ ਭਾਈ ਜਿ ਗੁਰ ਕੇ ਭਾਣੇ ਵਿਚਿ ਆਵੈ ॥**
**ਆਪਣੈ ਭਾਣੈ ਜੋ ਚਲੈ ਭਾਈ ਵਿਛੁੜਿ ਚੋਟਾ ਖਾਵੈ ॥"** **ਪੰਨਾ 601**

**ਅਰਥ :-** ਹੇ ਭਾਈ ! ਸੋਈ ਸਿੱਖ, ਮਿਤ੍ਰ ਤੇ ਸਾਕ ਹੈ, ਜੋ ਗੁਰੂ ਦੇ ਭਾਣੇ ਵਿਚ ਚਲੇ। ਜੋ ਆਪਣੀ ਮਰਜ਼ੀ ਨਾਲ ਟੁਰਦਾ ਏ, ਉਹ ਵਿਛੜ ਕੇ ਚੋਟਾ ਖਾਂਦਾ ਹੈ।

**"ਗੁਰ ਸਤਿਗੁਰ ਕਾ ਜੋ ਸਿਖੁ ਅਖਾਏ ਸੁ ਭਲਕੇ ਉਠਿ ਹਰਿ ਨਾਮੁ ਧਿਆਵੈ ॥**

**ਉਦਮੁ ਕਰੇ ਭਲਕੇ ਪਰਭਾਤੀ ਇਸਨਾਨੁ ਕਰੇ ਅੰਮ੍ਰਿਤ ਸਰਿ ਨਾਵੈ ॥**

**ਉਪਦੇਸਿ ਗੁਰੂ ਹਰਿ ਹਰਿ ਜਪੁ ਜਾਪੈ ਸਭਿ ਕਿਲਵਿਖ ਪਾਪ ਦੋਖ ਲਹਿ ਜਾਵੈ ॥**

**ਫਿਰਿ ਚੜੈ ਦਿਵਸੁ ਗੁਰਬਾਣੀ ਗਾਵੈ ਬਹਦਿਆ ਉਠਦਿਆ ਹਰਿ ਨਾਮੁ ਧਿਆਵੈ ॥**

**ਜੋ ਸਾਸਿ ਗਿਰਾਸਿ ਧਿਆਏ ਮੇਰਾ ਹਰਿ ਹਰਿ ਸੋ ਗੁਰਸਿਖੁ ਗੁਰੂ ਮਨਿ ਭਾਵੈ ॥**

**ਜਿਸ ਨੋ ਦਇਆਲੁ ਹੋਵੈ ਮੇਰਾ ਸੁਆਮੀ ਤਿਸੁ ਗੁਰਸਿਖ ਗੁਰੂ ਉਪਦੇਸੁ ਸੁਣਾਵੈ ॥**

**ਜਨੁ ਨਾਨਕੁ ਧੂੜਿ ਮੰਗੈ ਤਿਸੁ ਗੁਰਸਿਖ ਕੀ ਜੋ ਆਪਿ ਜਪੈ ਅਵਰਹ ਨਾਮੁ ਜਪਾਵੈ ॥"**

**ਪੰਨਾ 305**

**ਅਰਥ :-** ਜੋ ਗੁਰੂ-ਸਤਗੁਰੂ ਦਾ ਸਿੱਖ ਅਖਵਾਉਂਦਾ ਹੈ ਉਹ ਪ੍ਰਭਾਤੇ ਉਠ ਕੇ ਨਾਮ ਧਿਆਉਂਦਾ ਹੈ। ਭਲਕੇ ਪਰਭਾਤੀ ਉਦਮ ਕਰਦਾ ਹੈ। ਅੰਮ੍ਰਿਤ ਸਰੋਵਰ ਵਿਚ ਇਸ਼ਨਾਨ ਕਰਦਾ ਹੈ। ਗੁਰੂ ਦੇ ਉਪਦੇਸ਼ ਨਾਲ ਹਰੀ ਦਾ ਜਾਪ ਕਰਦਾ ਹੈ। ਉਸਦੇ ਕੀਤੇ ਹੋਏ ਪਾਪ ਲਹਿ ਜਾਂਦੇ ਹਨ। ਦਿਨ ਚੜ੍ਹੇ ਗੁਰੁਬਾਣੀ ਗਾਉਂਦਾ ਹੈ। ਉਠਦਿਆਂ ਬੈਠਦਿਆਂ ਹਰੀ ਨਾਮ ਧਿਆਨ ਵਿਚ ਪਕਾਉਂਦਾ ਹੈ। ਜਿਹੜਾ ਸਿੱਖ, ਸਾਸ ਲੈਂਦੇ, ਗਿਰਾਹੀ ਖਾਂਦੇ, ਮੇਰੇ ਹਰੀ ਨੂੰ ਧਿਆਉਂਦਾ ਹੈ, ਸੋਈ ਸਿੱਖ, ਗੁਰੂ ਦੇ ਮਨ ਨੂੰ ਚੰਗਾ ਲਗਦਾ ਹੈ। ਜਿਸ ਤੇ ਮੇਰਾ ਸਵਾਮੀ ਦਿਆਲ ਹੁੰਦਾ ਹੈ, ਉਹੀ ਸਿੱਖ, ਗੁਰੂ ਉਪਦੇਸ਼ ਦੀ ਕਮਾਈ ਕਰਦਾ ਹੈ। ਦਾਸ ਨਾਨਕ, ਐਸੇ ਗੁਰਸਿੱਖ ਦੀ ਧੂੜ ਮੰਗਦਾ ਏ, ਜੋ ਆਪ ਨਾਮ ਜਪਦਾ ਏ ਤੇ ਹੋਰਾਂ ਨੂੰ ਜਪਵਾਉਂਦਾ ਏ।

**"ਜੇ ਕੋ ਸਿਖੁ ਗੁਰੂ ਸੇਤੀ ਸਨਮੁਖੁ ਹੋਵੈ ॥**

**ਹੋਵੈ ਤ ਸਨਮੁਖੁ ਸਿਖੁ ਕੋਈ ਜੀਅਹੁ ਰਹੈ ਗੁਰ ਨਾਲੇ ॥**

**"ਗੁਰ ਕੇ ਚਰਨ ਹਿਰਦੈ ਧਿਆਏ ਅੰਤਰ ਆਤਮੈ ਸਮਾਲੇ ॥**

**ਆਪੁ ਛਡਿ ਸਦਾ ਰਹੈ ਪਰਣੈ ਗੁਰ ਬਿਨੁ ਅਵਰੁ ਨ ਜਾਣੈ ਕੋਏ ॥**

**ਕਹੈ ਨਾਨਕੁ ਸੁਣਹੁ ਸੰਤਹੁ ਸੋ ਸਿਖੁ ਸਨਮੁਖੁ ਹੋਏ ॥"** **ਪੰਨਾ 919**

**ਅਰਥ :-** ਗੁਰੂ ਦੇ ਸਨਮੁੱਖ ਉਹੀ ਸਿੱਖ ਮੰਨਿਆ ਜਾਂਦਾ ਹੈ, ਜੋ ਗੁਰੂ ਦੇ ਸਨਮੁੱਖ ਤੇ ਅੰਤਰ ਆਤਮੇ ਗੁਰੂ ਦੇ ਸ਼ਬਦ (ਇਥੇ ਚਰਨ ਦਾ ਅਰਥ ਸ਼ਬਦ ਹੈ) ਨੂੰ ਹਿਰਦੇ ਵਿਚ ਧਿਆਵੇ। ਆਪਣੀ ਹਉਮੈ ਛੱਡ ਕੇ, ਸਦਾ ਸ਼ਰਨ ਵਿਚ ਰਹੇ। ਗੁਰੂ ਬਿਨਾਂ ਹੋਰ ਕਿਸੇ ਨੂੰ ਨਾ ਜਾਣੇ। ਨਾਨਕ ਕਹਿੰਦਾ ਹੈ, ਹੇ ਸੰਤਹੁ ! ਉਹੀ ਸਿੱਖ ਸਨਮੁੱਖ ਹੁੰਦਾ ਹੈ। (ਨਹੀ ਤਾ ਮਨਮੁਖ)।

**"ਸੇ ਗੁਰਸਿਖ ਧਨੁ ਧੰਨੁ ਹੈ ਜਿਨੀ ਗੁਰ ਉਪਦੇਸੁ ਸੁਣਿਆ ਹਰਿ ਕੰਨੀ ॥"** **ਪੰਨਾ 590**

**ਅਰਥ :-** ਉਹ ਗੁਰਸਿੱਖ ਧੰਨੁ-ਧੰਨੁ ਹਨ, ਜਿਨ੍ਹਾਂ ਨੇ ਗੁਰੂ ਉਪਦੇਸ਼ ਨੂੰ ਕੰਨਾਂ ਨਾਲ ਸੁਣਿਆ ਹੈ (ਭਾਵ ਕੰਨਾਂ ਨਾਲ ਸੁਣ ਕੇ ਹਰੀ ਉਪਦੇਸ਼ ਨੂੰ ਮੰਨਿਆ ਹੈ)।

ਉਤਲੇ ਪ੍ਰਮਾਣਾਂ ਵਿਚ ਗੁਰਸਿੱਖ ਦੇ ਲੱਛਣ ਹਨ। ਐਸੇ ਗੁਰਸਿੱਖ ਨੂੰ-ਗੁਰਮਤਿ ਫੁਰਮਾਉਂਦੀ ਹੈ-ਕਿ ਐਸਾ ਗੁਰ ਸਿੱਖ ਤੇ ਗੁਰੂ ਇਕ ਹਨ। ਜਿਹੜਾ ਗੁਰੂ ਉਪਦੇਸ਼ ਨੂੰ ਚਲਾਉਂਦਾ ਹੈ। ਪ੍ਰਮਾਣ ਇਹ ਹੈ :-

**"ਗੁਰੂ ਸਿਖੁ ਸਿਖੁ ਗੁਰੂ ਹੈ ਏਕੋ ਗੁਰ ਉਪਦੇਸੁ ਚਲਾਏ ॥**

**ਰਾਮ ਨਾਮ ਮੰਤੁ ਹਿਰਦੈ ਦੇਵੈ ਨਾਨਕ ਮਿਲਣੁ ਸੁਭਾਏ ॥" ਪੰਨਾ 444**

**ਅਰਥ :–** ਗੁਰੂ ਦਾ ਸਿੱਖ ਤੇ ਗੁਰੂ ਇਕ ਹਨ, ਜੋ ਗੁਰੂ ਉਪਦੇਸ਼ ਚਲਾਉਂਦਾ ਹੈ। ਰਾਮ ਨਾਮ ਦਾ ਉਪਦੇਸ਼ ਹਿਰਦੇ ਵਿਚ ਦ੍ਰਿੜ੍ਹ ਕਰਾਉਂਦਾ ਹੈ। ਹੇ ਨਾਨਕ ! ਭਾਗਾਂ ਵਾਲੇ ਨੂੰ ਐਸੇ ਗੁਰ ਸਿੱਖ ਦਾ ਮਿਲਾਪ ਹੁੰਦਾ ਹੈ।

ਉਤਲੇ ਗੁਣਾਂ ਵਾਲੇ ਗੁਰਸਿੱਖਾਂ ਨੂੰ, ਸ੍ਰੀ ਗੁਰੂ ਅਰਜਨ ਦੇਵ ਜੀ, ਭਾਲ ਕੇ ਲੈਂਦੇ ਹਨ ਤੇ ਉਨ੍ਹਾਂ ਗੁਰਸਿੱਖਾਂ ਦੇ ਪੈਰ ਧੋਂਵਦੇ ਹਨ। ਉਨ੍ਹਾਂ ਨੂੰ ਪੱਖਾ ਝਲਦੇ ਹਨ ਤੇ ਉਨ੍ਹਾਂ ਦੀ ਚਰਨੀ ਨਿਵ-ਨਿਵ ਕੇ ਲਗਦੇ ਹਨ। ਪ੍ਰਮਾਣ ਇਹ ਹੈ :-

**"ਗੁਰਸਿਖਾ ਲਹਦਾ ਭਾਲਿ ਕੈ ॥**

**ਪੈਰ ਧੋਵਾ ਪਖਾ ਫੇਰਦਾ ਤਿਸੁ ਨਿਵਿ ਨਿਵਿ ਲਗਾ ਪਾਇ ਜੀਉ ॥"** **ਪੰਨਾ 73**

**ਅਰਥ :–** ਸ੍ਰੀ ਗੁਰੂ ਰਾਮ ਦਾਸ ਜੀ, ਐਸੇ ਗੁਰਸਿੱਖ ਦੀ ਧੂੜ ਮੰਗਦੇ ਹਨ, ਜੋ ਆਪ ਨਾਮ ਜਪਦਾ ਹੈ ਤੇ ਹੋਰਾਂ ਨੂੰ ਜਪਾਉਂਦਾ ਹੈ। ਵਾਕ ਹੈ :-

**"ਜਨੁ ਨਾਨਕੁ ਧੂੜਿ ਮੰਗੈ ਤਿਸੁ ਗੁਰਸਿਖ ਕੀ ਜੋ ਆਪਿ ਜਪੈ ਅਵਰਹ ਨਾਮੁ ਜਪਾਵੈ ॥"**

**ਪੰਨਾ 306**

ਫਿਰ ਇਕ ਥਾਂ, ਸਾਹਿਬ ਸ੍ਰੀ ਗੁਰੂ ਰਾਮ ਦਾਸ ਜੀ, ਗੁਰ ਸਿੱਖਾਂ ਬਾਰੇ ਇੰਜ ਫੁਰਮਾਉਂਦੇ ਹਨ

**"ਗੁਰਸਿਖਾਂ ਕੀ ਹਰਿ ਧੂੜਿ ਦੇਹਿ ਹਮ ਪਾਪੀ ਭੀ ਗਤਿ ਪਾਂਹਿ ॥"** **ਪੰਨਾ 1424**

**ਅਰਥ :–** ਹੇ ਹਰੀ ! ਗੁਰ ਸਿੱਖਾਂ ਦੀ ਧੂੜ ਦੇਵੋ। ਅਸੀ ਪਾਪੀ ਵੀ ਗਤੀ ਪਾ ਲਈਏ। ਸ੍ਰੀ ਗੁਰੂ ਰਾਮ ਦਾਸ ਜੀ ਫਿਰ ਫੁਰਮਾਉਂਦੇ ਹਨ :-

**"ਹਮ ਹੋਵਹ ਲਾਲੇ ਗੋਲੇ ਗੁਰਸਿਖਾ ਕੇ**

**ਜਿਨ੍ਹਾ ਅਨਦਿਨੁ ਹਰਿ ਪ੍ਰਭੁ ਪੁਰਖੁ ਧਿਆਇਆ ॥"** **ਪੰਨਾ 493**

**ਅਰਥ :–** ਅਸੀਂ ਗੁਰਸਿੱਖਾਂ ਦੇ ਨੌਕਰ ਤੇ ਗੁਲਾਮ ਹੁੰਦੇ ਹਾਂ, ਜਿਨ੍ਹਾਂ ਨੇ ਸਰਬ ਵਿਆਪਕ ਮਾਲਕ ਨੂੰ ਰਾਤ ਦਿਨ ਧਿਆਇਆ ਹੈ।

ਧੰਨ ਹਨ ਸ੍ਰੀ ਗੁਰੂ ਰਾਮ ਦਾਸ ਪਾਤਸ਼ਾਹ ਜੀ, ਜੋ ਐਸੇ ਸਿਖਾਂ ਪਰਥਾਏ ਫੁਰਮਾਉਂਦੇ ਹਨ :-

**"ਆਇ ਮਿਲੁ ਗੁਰਸਿਖ ਆਇ ਮਿਲੁ ਤੂ ਮੇਰੇ ਗੁਰੂ ਕੇ ਪਿਆਰੇ ॥"** **ਪੰਨਾ 725**

**ਅਰਥ :–** ਹੇ ਮੇਰੇ ਗੁਰੂ ਕੇ ਪਿਆਰੇ ਸਿੱਖ ! ਤੂੰ ਮੈਨੂੰ ਆਇ ਮਿਲ, ਤੂੰ ਮੈਨੂੰ ਆਇ ਮਿਲ।

ਸ੍ਰੀ ਗੁਰੂ ਰਾਮ ਦਾਸ ਜੀ, ਉਹਨਾਂ ਗੁਰਸਿਖਾਂ ਤੋਂ ਕੁਰਬਾਨ ਜਾਂਦੇ ਨੇ, ਜੋ ਉਠਦਿਆਂ ਬੈਠਦਿਆਂ ਹਰੀ ਨਾਮ ਧਿਆਉਂਦੇ ਨੇ। ਉਸ ਗੁਰਸਿੱਖ ਨੂੰ ਸਦਾ ਨਮਸਕਾਰ ਕਰਦੇ ਨੇ ਜੋ ਗੁਰਸਿੱਖ ਗੁਰੂ ਦੇ ਹੁਕਮ ਅੰਦਰ ਟੁਰਦਾ ਹੈ। ਪ੍ਰਮਾਣ ਇਹ ਹਨ :-

**" ਤਿਨਾ ਗੁਰਸਿਖਾ ਕੰਉ ਹਉ ਵਾਰਿਆ**

**ਜੋ ਬਹਦਿਆ ਉਠਦਿਆ ਹਰਿ ਨਾਮੁ ਧਿਆਵਹਿ ॥"** **ਪੰਨਾ 590**

**"ਤਿਸੁ ਗੁਰਸਿਖ ਕੰਉ ਹੰਉ ਸਦਾ ਨਮਸਕਾਰੀ**

**ਜੋ ਗੁਰ ਕੈ ਭਾਣੈ ਗੁਰਸਿਖੁ ਚਲਿਆ ॥"** **ਪੰਨਾ 593**

ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ ਫੁਰਮਾਉਂਦੇ ਹਨ :-

**"ਜੋ ਦੀਸੈ ਗੁਰਸਿਖੜਾ ਤਿਸੁ ਨਿਵਿ ਨਿਵਿ ਲਾਗਉ ਪਾਇ ਜੀਉ ॥**

**ਆਖਾ ਬਿਰਥਾ ਜੀਅ ਕੀ ਗੁਰੁ ਸਜਣੁ ਦੇਹਿ ਮਿਲਾਇ ਜੀਉ ॥"**

**ਪੰਨਾ 763**

**ਅਰਥ :–** ਜਿਹੜਾ ਵੀ ਗੁਰੂ ਦਾ ਸਿੱਖ ਦਿਸਦਾ ਹੈ, ਮੈਂ ਉਸਦੇ ਨਿਵ ਨਿਵ ਕੇ ਪੈਰੀ ਪੈਦਾ ਹਾਂ। ਮਨ ਦੀ ਬਿਰਥਾ ਉਸਨੂੰ ਆਖਦਾ ਹਾਂ ਕਿ ਗੁਰੂ ਮਿਤ੍ਰ ਮਿਲਾ ਦਿਉ ਜੀ।

ਗੁਰੂ ਨਾਨਕ ਪਾਤਸ਼ਾਹ ਜੀ ਫੁਰਮਾਉਂਦੇ ਹਨ :-

**"ਸਾਚੁ ਰਿਦੈ ਸਚੁ ਪ੍ਰੇਮ ਨਿਵਾਸ ॥ ਪ੍ਰਣਵਤਿ ਨਾਨਕ ਹਮ ਤਾ ਕੇ ਦਾਸ ॥"**

**ਪੰਨਾ 224**

**ਅਰਥ :–** ਜਿਸ ਹਿਰਦੇ ਵਿਚ ਸਦਾ ਸਥਿਰ ਸੱਚ ਹੈ ਤੇ ਸੱਚ ਦਾ ਪ੍ਰੇਮ ਭਰਿਆ ਨਿਵਾਸ ਹੈ। ਨਾਨਕ ਕਹਿੰਦਾ ਹੈ ਕਿ ਮੈਂ ਉਸ ਦਾ ਦਾਸ ਹਾਂ।

**"ਪ੍ਰਣਵਤਿ ਨਾਨਕ ਤਿਨ ਕੀ ਸਰਣਾ ਜਿਨ ਤੂ ਨਾਹੀ ਵੀਸਰਿਆ ॥"**

**ਪੰਨਾ 12**

**ਅਰਥ :–** ਨਾਨਕ ਬੇਨਤੀ ਕਰਦਾ ਏ ਕਿ (ਮੈਂ) ਉਨ੍ਹਾਂ ਦੀ ਸ਼ਰਨ ਹਾਂ, ਜਿਨ੍ਹਾਂ ਨੂੰ ਤੂੰ ਵਿਸਰਦਾ ਨਹੀਂ।

**"ਹੰਉ ਕੁਰਬਾਨੈ ਜਾਉ ਮਿਹਰਵਾਨਾ ਹੰਉ ਕੁਰਬਾਨੈ ਜਾਉ ॥**
**ਹੰਉ ਕੁਰਬਾਨੈ ਜਾਉ ਤਿਨਾ ਕੈ ਲੈਨਿ ਜੋ ਤੇਰਾ ਨਾਉ ॥**
**ਲੈਨਿ ਜੋ ਤੇਰਾ ਨਾਉ ਤਿਨਾ ਕੈ ਹੰਉ ਸਦ ਕੁਰਬਾਨੈ ਜਾਉ ॥"**

**ਪੰਨਾ 721**

**ਅਰਥ :–** ਹੇ ਮਿਹਰਵਾਨ ਜੀ ! ਮੈਂ ਸਦਕੇ ਜਾਂਦਾ ਹਾਂ, ਮੈਂ ਸਦਕੇ ਜਾਂਦਾ ਹਾਂ। ਮੈਂ ਸਦਕੇ ਜਾਂਦਾਂ ਹਾਂ ਉਨ੍ਹਾਂ ਤੋਂ ਜੋ ਤੇਰਾ ਨਾਮ ਲੈਂਦੇ ਹਨ। ਤੇਰੇ ਨਾਮ ਲੈਣ ਵਾਲਿਆਂ ਤੋਂ ਸਦਾ ਸਕਦੇ ਜਾਂਦਾ ਹਾਂ।

**" ਜਿਨ ਕੇ ਚੋਲੇ ਰਤੜੇ ਪਿਆਰੇ ਕੰਤੁ ਤਿਨਾ ਕੈ ਪਾਸਿ ॥**
**ਧੂੜਿ ਤਿਨਾ ਕੀ ਜੇ ਮਿਲੈ ਜੀ ਕਹੁ ਨਾਨਕ ਕੀ ਅਰਦਾਸਿ ॥"**

**ਪੰਨਾ 722**

**ਅਰਥ :–** ਹੁਣ ਗੁਰਮੁਖਿ ਦੀ ਰਹਤ ਲਿਖੀ ਜਾਂਦੀ ਹੈ। ਗੁਰਮੁਖਿ ਉਹ ਹੈ, ਜੋ ਵੈਰ ਵਿਰੋਧ ਨੂੰ ਗਵਾ ਦਿੰਦੇ ਹਨ। ਗੁਰਮੁਖਿ, ਸਾਰੀਆਂ ਗਿਣਤਿਆਂ ਮਿਣਤੀਆਂ ਮਿਟਾ ਦਿੰਦਾ ਹੈ। ਗੁਰਮੁਖਿ ਰਾਮ ਦੇ ਨਾਮ ਵਿਚ ਰੰਗਿਆ ਰਹਿੰਦਾ ਏ। ਗੁਰਮੁਖਿ ਨੇ ਮਾਲਕ ਨੂੰ ਪਛਾਣ ਲਿਆ ਹੈ। ਵਾਕ ਇੰਜ ਹੈ :-

**"ਗੁਰਮੁਖਿ ਵੈਰ ਵਿਰੋਧ ਗਵਾਵੈ ॥**
**ਗੁਰਮੁਖਿ ਸਗਲੀ ਗਣਤ ਮਿਟਾਵੈ ॥**
**ਗੁਰਮੁਖਿ ਰਾਮ ਨਾਮ ਰੰਗਿ ਰਾਤਾ ॥**
**ਨਾਨਕ ਗੁਰਮੁਖਿ ਖਸਮੁ ਪਛਾਤਾ ॥"** **ਪੰਨਾ 942**

ਸ੍ਰੀ ਗੁਰੂ ਨਾਨਕ ਪਾਤਸ਼ਾਹ ਫਿਰ ਫੁਰਮਾਉਂਦੇ ਹਨ :-

**"ਗੁਰਮੁਖਿ ਸਾਚੀ ਕਾਰ ਕਮਾਇ ॥**
**ਗੁਰਮੁਖਿ ਸਾਚੇ ਮਨੁ ਪਤੀਆਇ ॥**
**ਗੁਰਮੁਖਿ ਅਲਖੁ ਲਖਾਏ ਤਿਸੁ ਭਾਵੈ ॥**

**ਨਾਨਕ ਗੁਰਮੁਖਿ ਚੋਟ ਨ ਖਾਵੈ ॥"**

**ਪੰਨਾ 942**

**ਭਾਵ :–** ਗੁਰਮੁਖਿ ਸਚੀ ਕਾਰ ਕਮਾਉਂਦਾ ਹੈ। ਗੁਰਮੁਖਿ ਸਚੇ ਵਿਚ ਮਨ ਪਤਿਆ ਲੈਂਦਾ ਹੈ। ਗੁਰਮੁਖਿ ਅਲਖ ਨੂੰ ਲਖਾ ਦਿੰਦਾ ਹੈ। ਹੇ ਨਾਨਕ ! ਗੁਰਮੱਖਿ (ਧਰਮ ਰਾਜ ਦੇ) ਕੋਈ ਚੋਟਾਂ ਨਹੀਂ ਖਾਂਦਾ।

**"ਗੁਰਮੁਖਿ ਨਾਮੁ ਦਾਨੁ ਇਸਨਾਨੁ ॥**

**ਗੁਰਮੁਖਿ ਲਾਗੈ ਸਹਜਿ ਧਿਆਨੁ ॥**

**ਗੁਰਮੁਖਿ ਪਾਵੈ ਦਰਗਹ ਮਾਨੁ ॥**

**ਗੁਰਮੁਖਿ ਭਉ ਭੰਜਨੁ ਪਰਧਾਨੁ ॥**

**ਗੁਰਮੁਖਿ ਕਰਣੀ ਕਾਰ ਕਰਾਏ ॥**

**ਨਾਨਕ ਗੁਰਮੁਖਿ ਮੇਲਿ ਮਿਲਾਏ ॥"**

**ਪੰਨਾ 942**

**ਭਾਵ :–** ਗੁਰਮੁਖਿ, ਨਾਮ ਦਾ ਦਾਨ ਦਿੰਦਾ ਏ। ਨਾਮ ਵਿਚ ਇਸ਼ਨਾਨ ਕਰਦਾ ਹੈ। ਗੁਰਮੁਖਿ ਦਾ ਧਿਆਨ ਸਹਜ ਵਿਚ ਲਗਿਆ ਰਹਿੰਦਾ ਏ। ਗੁਰਮੁਖਿ (ਗੁਰਬਾਣੀ ਵਿਚ ਦਰਸਾਈ) ਕਾਰ ਕਮਾਉਂਦਾ ਹੈ। ਐਸਾ ਗੁਰਮੁਖਿ (ਸਿੱਖ ਨੂੰ) ਪ੍ਰਭੂ ਦੇ ਮੇਲ ਵਿਚ ਮਿਲਾ ਦਿੰਦਾ ਏ, ਹੇ ਨਾਨਕ !

**"ਗੁਰਮੁਖਿ ਰੋਮਿ ਰੋਮਿ ਹਰਿ ਧਿਆਵੈ ॥**

**ਨਾਨਕ ਗੁਰਮੁਖਿ ਸਾਚਿ ਸਮਾਵੈ ॥"**

**ਪੰਨਾ 941**

**ਅਰਥ :–** ਗੁਰਮੁਖਿ, ਹਰੀ ਨੂੰ ਰੋਮ ਰੋਮ ਧਿਆਉਂਦਾ ਹੈ। ਹੇ ਨਾਨਕ ! ਗੁਰਮੁਖਿ ਸਚ ਵਿਚ ਸਮਾਇਆ ਰਹਿੰਦਾ ਹੈ।

**"ਗੁਰਮੁਖਿ ਹਉਮੈ ਸਬਦਿ ਜਲਾਏ ॥**

**ਗੁਰਮੁਖਿ ਸਾਚੇ ਕੇ ਗੁਣ ਗਾਏ ॥"**

**ਪੰਨਾ 942**

**ਅਰਥ :–** ਗੁਰਮੁਖਿ, ਹਉਮੈ ਨੂੰ ਸ਼ਬਦ ਦਵਾਰਾ, ਸਾੜ ਦਿੰਦਾ ਹੈ। ਗੁਰਮੁਖਿ ਸਚੇ (ਪਰਮੇਸ਼ਰ) ਦੇ ਗੁਣ ਗਾਉਂਦਾ ਏ। ਉਤਲੇ ਦਰਸਾਏ ਗੁਰਮੁੱਖਾਂ ਪਰਥਾਇ, ਸ੍ਰੀ ਗੁਰੂ ਰਾਮ ਦਾਸ ਜੀ ਫੁਰਮਾਉਂਦੇ ਹਨ :–

**"ਜੋ ਗੁਰਮੁਖਿ ਨਾਮੁ ਧਿਆਇਦੇ ਤਿਨ ਦਰਸਨੁ ਦੀਜੈ ॥**

**ਹਮ ਤਿਨ ਕੇ ਚਰਣ ਪਖਾਲਦੇ ਧੂੜਿ ਘੋਲਿ ਘੋਲਿ ਪੀਜੈ ॥" ਪੰਨਾ 726**

**ਅਰਥ :–** ਜਿਹੜੇ ਗੁਰਮੁਖਿ, ਨਾਮ ਨੂੰ ਧਿਆਉਂਦੇ ਹਨ, ਉਨ੍ਹਾਂ ਦੇ ਦਰਸ਼ਨ ਦੇਵੋ। ਮੈਂ ਉਨ੍ਹਾਂ ਦੇ ਚਰਨ ਧੋ ਕੇ, ਉਸ ਚਰਨ ਧੂੜ ਪਾਣੀ ਨੂੰ, ਘੋਲ ਘੋਲ ਕੇ ਪੀਵਾਂ।

ਭਗਤਾਂ ਦੀ ਰਹਿਣੀ ਤੇ ਉਨ੍ਹਾਂ ਦੇ ਲੱਛਣ ਪਰਥਾਇ ਗੁਰਬਾਣੀ ਇੰਜ ਫੁਰਮਾਉਂਦੀ ਹੈ।

**"ਨਾਨਕ ਹਰਿ ਕਾ ਭਾਣਾ ਮੰਨੇ ਸੋ ਭਗਤੁ ਹੋਇ ਵਿਣੁ ਮੰਨੇ ਕਚੁ ਨਿਕਚੁ ॥"**

**ਪੰਨਾ 950**

**ਅਰਥ :–** ਹੇ ਨਾਨਕ ! ਜੋ ਹਰੀ ਦਾ ਹੁਕਮ ਮੰਨਦਾ ਏ। ਉਹੀ ਭਗਤ ਹੁੰਦਾ ਏ। ਬਿਨਾਂ ਹੁਕਮ ਮੰਨੇ, ਉਕਾ ਹੀ ਕਚਾ ਭਗਤ ਹੈ।

**"ਭਗਤ ਅਰਾਧਹਿ ਏਕ ਰੰਗਿ ਗੋਬਿੰਦ ਗੁਪਾਲ ॥"**

**ਪੰਨਾ 816**

**ਅਰਥ :–** ਭਗਤ ਇਕ (ਪਰਮੇਸ਼ਰ) ਨੂੰ ਪ੍ਰੇਮ ਨਾਲ ਜਪਦੇ ਹਨ। ਉਹ ਇਸ ਦੁਨੀਆਂ (ਬਣਾਉਣ) ਵਾਲੇ ਤੇ ਦੁਨੀਆਂ ਪਾਲਣ ਵਾਲੇ ਨੂੰ ਜਪਦੇ ਹਨ ਭਾਵ ਕਿ ਜੋ ਸੰਸਾਰ ਰਚਨ ਵਾਲਾ ਤੇ ਸੰਸਾਰ ਪਾਲਣ ਵਾਲਾ ਹੈ, ਉਸ ਨੂੰ ਭਗਤ ਪ੍ਰੇਮ ਨਾਲ ਜਪਦੇ ਹਨ।

**"ਰਖਵਾਲਾ ਗੋਬਿੰਦ ਰਾਇ ਭਗਤਨ ਕੀ ਰਾਸਿ ॥"**

**ਪੰਨਾ 817**

**ਅਰਥ :–** ਭਗਤਾਂ ਦੀ ਰਾਸਮੂੜੀ ਤੇ ਰਖਵਾਲਾ, ਸੰਸਾਰ ਰਚਨ ਵਾਲਾ ਏ।

**"ਭਗਤਾ ਦੀ ਟੇਕ ਤੂੰ ਸੰਤਾ ਕੀ ਓਟ ਤੂੰ ਸਚਾ ਸਿਰਜਨਹਾਰਾ ॥"**

**ਪੰਨਾ 746**

**ਅਰਥ :–** ਭਗਤਾਂ ਦੀ ਟੇਕ ਤੇ ਆਸਰਾ, ਹੇ ਸਿਰਜਨਹਾਰ ਜੀ, ਆਪ ਹੀ ਹੋ।

ਸੇਵਕ, ਦਾਸ, ਜਨ ਦੇ ਇਕੋ ਹੀ ਅਰਥ ਹਨ। ਇਨ੍ਹਾਂ ਦੇ ਲਛਣ, ਰਹਤ, ਗੁਰਮਤਿ ਇੰਜ ਫੁਰਮਾਉਂਦੀ ਏ :–

**"ਠਾਕੁਰ ਕਾ ਸੇਵਕੁ ਆਗਿਆਕਾਰੀ ॥**

**ਠਾਕੁਰ ਕਾ ਸੇਵਕੁ ਸਦਾ ਪੂਜਾਰੀ ॥**

**ਠਾਕੁਰ ਕੇ ਸੇਵਕ ਕੈ ਮਨਿ ਪਰਤੀਤਿ ॥**

**ਠਾਕੁਰ ਕੇ ਸੇਵਕ ਕੀ ਨਿਰਮਲ ਰੀਤਿ ॥**

**ਠਾਕੁਰ ਕਉ ਸੇਵਕੁ ਜਾਨੈ ਸੰਗਿ ॥**

**ਪ੍ਰਭ ਕਾ ਸੇਵਕੁ ਨਾਮ ਕੈ ਰੰਗਿ ॥"**

**ਪੰਨਾ 285**

**ਅਰਥ :–** ਰੱਬ ਜੀ ਦਾ ਸੇਵਕ (ਰੱਬ ਜੀ ਦਾ) ਹੁਕਮ ਮੰਨਣ ਵਾਲਾ ਹੁੰਦਾ ਏ। ਠਾਕੁਰ ਦਾ ਸੇਵਕ, ਰੱਬ ਦਾ ਹੀ ਪੁਜਾਰੀ ਹੁੰਦਾ ਏ। ਪ੍ਰਭੂ ਦੇ ਸੇਵਕ ਦੇ ਮਨ ਵਿਚ ਪ੍ਰਭੂ ਦੀ ਪਰਤੀਤੀ ਹੁੰਦੀ ਏ। ਪ੍ਰਭੂ ਦੇ ਸੇਵਕ ਦੀ ਰਹਿਣੀ ਨਿਰਮਲ ਹੁੰਦੀ ਏ। ਰੱਬ ਦਾ ਸੇਵਕ, ਰੱਬ ਨੂੰ ਆਪਣੇ ਸੰਗ ਜਾਣਦਾ ਹੈ। ਪ੍ਰਭੂ ਦਾ ਸੇਵਕ, ਨਾਮ ਦੇ ਪਿਆਰ ਵਿਚ ਰਹਿੰਦਾ ਏ।

**"ਗੁਰ ਕੈ ਗ੍ਰਿਹਿ ਸੇਵਕੁ ਜੋ ਰਹੈ ॥**

**ਗੁਰ ਕੀ ਆਗਿਆ ਮਨ ਮਹਿ ਸਹੈ ॥**

**ਆਪਸ ਕਉ ਕਰਿ ਕਛੁ ਨ ਜਨਾਵੈ ॥**

**ਹਰਿ ਹਰਿ ਨਾਮੁ ਰਿਦੈ ਸਦ ਧਿਆਵੈ ॥**

**ਮਨੁ ਬੇਚੈ ਸਤਿਗੁਰ ਕੈ ਪਾਸਿ ॥**

**ਤਿਸੁ ਸੇਵਕ ਕੇ ਕਾਰਜ ਰਾਸਿ ॥**

**ਸੇਵਾ ਕਰਤ ਹੋਇ ਨਿਹਕਾਮੀ ॥**

ਤਿਸ ਕਉ ਹੋਤ ਪਰਾਪਤਿ ਸੁਆਮੀ ॥"

ਪੰਨਾ 286

**ਅਰਥ :-** ਜੋ ਸੇਵਕ, ਗੁਰੂ ਦੇ ਘਰ ਵਿਚ ਰਹਿੰਦਾ ਹੈ, ਉਹ ਗੁਰੂ ਦਾ ਹੁਕਮ ਮਨ ਵਿਚ ਮੰਨਦਾ ਏ। ਆਪੂੰ ਕੁਛ ਵੀ ਬਣ ਕੇ ਨਹੀਂ ਜਤਾਉਂਦਾ। ਹਰੀ ਨਾਮ ਨੂੰ ਹਿਰਦੇ ਵਿਚ ਸਦਾ ਧਿਆਉਂਦਾ ਏ। ਆਪਣਾ ਮਨ, ਸਤਿਗੁਰੂ ਦੇ ਪਾਸ ਵੇਚ ਦਿੰਦਾ ਏ। ਐਸੈ ਸੇਵਕ ਦੇ ਸਾਰੇ ਕੰਮ ਰਾਸ ਰਹਿੰਦੇ ਹਨ। ਐਸਾ ਸੇਵਕ ਸੇਵਾ ਕਰਦਾ ਹੋਇਆ, ਨਿਸ਼ਕਾਮ ਰਹਿੰਦਾ ਏ। ਉਸ ਨੂੰ ਨਿਰੰਕਾਰੀ ਸ੍ਵਾਮੀ ਮਿਲ ਜਾਂਦਾ ਹੈ। ਜਨ ਦੇ ਲਛਣ ਤੇ ਰਹਤ ਗੁਰਮਤਿ ਇੰਜ ਫੁਰਮਾਉਂਦੀ ਏ।

"ਊਠਤ ਬੈਠਤ ਸੋਵਤ ਨਾਮ ॥

ਕਹੁ ਨਾਨਕ ਜਨ ਕੈ ਸਦ ਕਾਮ ॥.......

ਕਰਹਿ ਭਗਤਿ ਆਤਮ ਕੈ ਚਾਇ ॥

ਪ੍ਰਭ ਅਪਨੇ ਸਿਉ ਰਹਹਿ ਸਮਾਇ ॥

ਜੋ ਹੋਆ ਹੋਵਤ ਸੋ ਜਾਨੈ ॥

ਪ੍ਰਭ ਅਪਨੇ ਕਾ ਹੁਕਮੁ ਪਛਾਨੈ ॥

ਤਿਸ ਕੀ ਮਹਿਮਾ ਕਉਨ ਬਖਾਨਉ ॥

ਤਿਸ ਕਾ ਗੁਨੁ ਕਹਿ ਏਕ ਨ ਜਾਨਉ ॥

ਆਠ ਪਹਰ ਪ੍ਰਭ ਬਸਹਿ ਹਜੂਰੇ ॥

ਕਹੁ ਨਾਨਕ ਸੇਈ ਜਨ ਪੂਰੇ ॥"

ਪੰਨਾ 286

**ਅਰਥ :-** ਨਾਨਕ (ਗੁਰੂ) ਕਹਿੰਦਾ ਹੈ ਕਿ ਉਸ ਦੇ ਜਨ ਉਠਦੇ, ਬੈਠਦੇ, ਸੋਵੰਦੇ ਨਾਮ ਜਪਦੇ ਰਹਿੰਦੇ ਹਨ। ਇਹ ਹੀ ਉਨ੍ਹਾਂ ਦਾ ਸਦਾ ਦਾ ਕੰਮ ਰਹਿੰਦਾ ਏ। ਐਸੇ ਜਨ-ਮਨ ਦੇ ਚਾਉ ਨਾਲ ਪ੍ਰਭੂ ਦੀ ਭਗਤੀ ਕਰਦੇ ਨੇ ਤੇ ਆਪਣੇ ਪ੍ਰਭੂ ਨਾਲ ਸਮਾਇ ਰਹਿੰਦੇ ਨੇ। ਜੋ ਸਹਿਜ ਸੁਭਾਇ ਹੋ ਰਿਹਾ ਹੈ, ਉਸ ਵਿਚ ਰਹਿੰਦੇ ਨੇ, ਆਪਣੇ ਮਾਲਕ ਦਾ ਹੁਕਮ ਪਛਾਣ ਕੇ। ਐਸੇ ਜਨ ਦੀ ਮਹਿਮਾਂ ਮੈ ਕੀ ਆਖਾ ? ਉਸ ਦਾ ਮੈਂ ਇਕ ਗੁਣ ਵੀ ਨਹੀਂ ਕਹਿ ਸਕਦਾ। ਨਾਨਕ ਆਖਦਾ ਏ ਕਿ ਜਿਹੜੇ ਜਨ, ਅਠੇ ਪਹਿਰ ਪ੍ਰਭੂ ਦੀ ਹਜ਼ੂਰੀ ਵਿਚ ਵੱਸਦੇ ਹਨ। ਉਹ ਪੂਰੇ ਹਨ।

"ਜਿਨ ਪ੍ਰਭੁ ਜਾਤਾ ਸੁ ਸੋਭਾਵੰਤ ॥

ਸਗਲ ਸੰਸਾਰੁ ਉਧਰੈ ਤਿਨ ਮੰਤ ॥

ਪ੍ਰਭ ਕੇ ਸੇਵਕ ਸਗਲ ਉਧਾਰਨ ॥

ਪ੍ਰਭ ਕੇ ਸੇਵਕ ਦੂਖ ਬਿਸਾਰਨ ॥"

ਪੰਨਾ 282

**ਅਰਥ :-** ਜਿਨ੍ਹਾਂ ਨੇ ਪ੍ਰਭੂ ਜਾਣ ਲਿਆ ਏ, ਉਹ ਸ਼ੋਭਾਵੰਤ ਹਨ। ਉਨ੍ਹਾਂ ਦੇ ਉਪਦੇਸ਼ ਨਾਲ ਸਾਰੇ ਸੰਸਾਰ ਦਾ ਉਧਾਰ ਹੋ ਜਾਂਦਾ ਹੈ। ਪ੍ਰਭੂ ਦੇ ਸੇਵਕ ਸਾਰਿਆਂ ਨੂੰ ਉਧਾਰਨ ਹਾਰੇ ਹਨ।

ਪ੍ਰਭੂ ਦੇ ਸੇਵਕ ਦੁੱਖਾਂ ਨੂੰ ਦੂਰ ਕਰਨ ਵਾਲੇ ਹਨ।

"ਮਨ ਮੇਰੇ ਤਿਨ ਕੀ ਓਟ ਲੇਹਿ ॥

ਮਨੁ ਤਨੁ ਅਪਨਾ ਤਿਨ ਜਨ ਦੇਹਿ ॥
ਜਿਨਿ ਜਨਿ ਅਪਨਾ ਪ੍ਰਭੂ ਪਛਾਤਾ ॥
ਸੋ ਜਨੁ ਸਰਬ ਥੋਕ ਕਾ ਦਾਤਾ ॥
ਤਿਸ ਕੀ ਸਰਨਿ ਸਰਬ ਸੁਖ ਪਾਵਹਿ ॥
ਤਿਸ ਕੈ ਦਰਸਿ ਸਭ ਪਾਪ ਮਿਟਾਵਹਿ ॥
ਅਵਰ ਸਿਆਨਪ ਸਗਲੀ ਛਾਡੁ ॥
ਤਿਸੁ ਜਨ ਕੀ ਤੂ ਸੇਵਾ ਲਾਗੁ ॥
ਆਵਨੁ ਜਾਨੁ ਨ ਹੋਵੀ ਤੇਰਾ ॥
ਨਾਨਕ ਤਿਸੁ ਜਨ ਕੇ ਪੂਜਹੁ ਸਦ ਪੈਰਾ ॥"

ਪੰਨਾ 286

**ਅਰਥ :–** ਹੇ ਮੇਰੇ ਮਨ ! ਉਨ੍ਹਾਂ ਦੀ ਓਟ ਲੈ, ਮਨ ਤੇ ਤਨ ਆਪਣਾ ਉਨ੍ਹਾਂ ਜਨਾਂ ਨੂੰ ਦੇ। ਜਿਸ ਮਨ ਨੇ ਆਪਣਾ ਪ੍ਰਭੂ ਪਛਾਣ ਲਿਆ ਹੈ, ਉਹੋ ਪੁਰਖ ਸਭ ਪਦਾਰਥਾਂ ਦਾ ਦਾਤਾ ਹੁੰਦਾ ਏ। ਉਸਦੀ ਸ਼ਰਨ 'ਚ' ਸਾਰੇ ਸੁਖ ਮਿਲਦੇ ਹਨ। ਉਸਦੇ ਦਰਸ਼ਨ ਨਾਲ ਸਾਰੇ ਪਾਪਾਂ ਨੂੰ ਮਿਟਾ ਲਵੇਗਾ। (ਕਹਿੰਦੇ ਹਨ ਗੁਰੂ) ਨਾਨਕ, ਹੋਰ ਸਾਰੀ ਸਿਆਣਪ ਨੂੰ ਛੱਡ ਦੇਹ, ਉਸ ਪੁਰਖ ਦੀ ਸੇਵਾ ਵਿਖੇ ਲਗ ਪਉ। ਉਸ ਪੁਰਖ ਦੇ ਸਦਾ ਪੈਰ ਪੂਜ (ਤਾਂ ਜੋ) ਤੇਰਾ ਆਉਣ ਜਾਣ, ਮੁੜ ਕੇ ਨਾ ਹੋਵੇ।

"ਦਾਸ ਤੁਮਾਰੇ ਕੀ ਪਾਵਉ ਧੂਰਾ ਮਸਤਕਿ ਲੇ ਲੇ ਲਾਵਉ ॥
ਮਹਾ ਪਤਿਤ ਤੇ ਹੋਤ ਪੁਨੀਤਾ ਹਰਿ ਕੀਰਤਨ ਗੁਨ ਗਾਵਉ ॥"

ਪੰਨਾ 712

**ਅਰਥ :–** ਤੇਰੇ ਦਾਸ ਦੀ ਧੂੜ ਮੰਗਦਾ ਹਾਂ ਤੇ ਧੂੜ ਲੈ ਕੇ ਮਥੇ ਤੇ ਲਾਵਾਂ। ਘੋਰ ਪਾਪੀ ਤੋਂ ਪਵਿਤ੍ਰ ਹੋ ਜਾਈਦਾ ਏ, ਜੇ ਹਰੀ ਦੇ ਗੁਣ ਕੀਰਤਨ ਵਿਚ ਗਾਵਾਂ।

ਮੁੜ ਚੇਤੇ ਕਰਾ ਦਈਏ ਕਿ ਉਤਲੇ ਦਿੱਤੇ ਪ੍ਰਮਾਣਾਂ ਵਿਚ, ਜੋ ਗੁਣ ਸਾਧ, ਸੰਤ, ਗੁਰਮੁਖਿ, ਗੁਰਸਿੱਖ, ਸੇਵਕ, ਭਗਤ, ਜਨ ਦੇ ਦਸੇ ਹਨ, ਜਿਨ੍ਹਾਂ ਵਿਚ ਇਹ ਗੁਣ ਹਨ, ਉਹੀ ਅਸਲੀ ਜਨ ਹਨ ਤੇ ਜਿਨ੍ਹਾਂ ਵਿਚ ਉਤਲੇ ਲਛਣ ਨਹੀਂ ਹਨ, ਉਹ ਨਕਲੀ, ਪਾਖੰਡੀ, ਦੰਭੀ ਦੁਕਾਨਦਾਰ ਹਨ। ਤਾਂ ਤੇ ਪਾਠਕਜਨ ਸਾਵਧਾਨ ਰਹਿਣ। ਗੁਰਬਾਣੀ ਦੀ ਕਸਵਟੀ ਲਾ ਕੇ ਪਰਖ ਲਿਆ ਕਰਨ।

# (9)
# ਨਾਮ ਬਿਨਾ ਫੋਕਟ ਸਭ ਕਰਮਾ

"ਕਰਮ ਧਰਮ ਕਰਿ ਮੁਕਤਿ ਮੰਗਾਹੀ ॥

ਮੁਕਤਿ ਪਦਾਰਥੁ ਸਬਦਿ ਸਲਾਹੀ ॥

ਬਿਨੁ ਗੁਰ ਸਬਦੈ ਮੁਕਤਿ ਨ ਹੋਈ ਪਰਪੰਚ ਕਰਿ ਭਰਮਾਈ ਹੇ ॥" ਪੰਨਾ 1024

**ਭਾਵ ਅਰਥ :–** ਮਾਇਆ ਦੇ ਜੱਫੇ ਵਿਚੋਂ ਸੁਤੰਤਰ ਹੋਣ ਲਈ ਜਿਹੜੇ ਕਰਮ ਧਰਮ ਕਰਦੇ ਹਨ ਤੇ ਮੁਕਤੀ ਭਾਵ ਸੁਤੰਤਰਤਾ ਮੰਗਦੇ ਹਨ, ਉਨ੍ਹਾਂ ਨੂੰ ਮੁਕਤੀ ਇਨ੍ਹਾਂ ਸਾਧਨਾਂ ਨਾਲ ਨਹੀਂ ਪ੍ਰਾਪਤ ਹੋ ਸਕਦੀ। ਮੁਕਤੀ ਗੁਰਬਾਣੀ ਨਾਲ ਨਿਰੰਕਾਰ ਜੀ ਦੀ ਸਿਫਤ ਸਲਾਹ ਕਰਨ ਨਾਲ ਮਿਲਦੀ ਹੈ। ਜੋ ਬਿਨ੍ਹਾਂ ਗੁਰ-ਸ਼ਬਦ ਮੁਕਤੀ ਚਾਹੁੰਦੇ ਹਨ, ਉਹ ਪਰਪੰਚ ਕਰਕੇ ਭਰਮਾਂ ਵਿਚ ਪਏ ਹੋਏ ਹਨ। ਇਹ ਹੈ ਸਿਧਾਂਤ ਗੁਰਮਤਿ ਦਾ, ਜੋ ਬਾਬਾ ਗੁਰੂ ਜੀ ਨੇ ਸਿਖ ਪ੍ਰਤੀ ਦਰਸਾਇਆ ਹੈ। ਫਿਰ ਫੁਰਮਾਉਂਦੇ ਹਨ :-

"ਨਾਮ ਬਿਨਾ ਫੋਕਟ ਸਭਿ ਕਰਮਾ ਜਿਉ ਬਾਜੀਗਰੁ ਭਰਮਿ ਭੂਲੈ ॥" ਪੰਨਾ 1343

**ਭਾਵ ਅਰਥ :–** ਨਾਮ ਬਿਨਾਂ ਸਾਰੇ ਕਰਮ ਫੋਕਟ ਹਨ, ਜਿਵੇਂ ਬਾਜੀਗਰ (Actor) ਭਰਮ ਵਿਚ ਭੁੱਲ ਜਾਏ ਕਿ ਉਹ ਸਚ ਮੁਚ ਦਾ ਹੀ ਰਾਜਾ ਹੈ ਜਿਸ ਦਾ ਉਹ ਡਰਾਮੇ (ਨਾਟਕ) ਵਿਚ ਰੋਲ ਕਰ ਰਿਹਾ ਹੈ, ਪਰ ਵਾਸਤਵ ਵਿਚ ਉਹ ਸਵਾਂਗੀ (Actor) ਹੈ।

"ਨਾਮ ਬਿਨਾ ਨਹੀ ਛੂਟਸਿ ਨਾਨਕ

ਸਾਚੀ ਤਰੁ ਤੂ ਤਾਰੀ ॥" ਪੰਨਾ 1013

**ਭਾਵ ਅਰਥ :–** ਹੇ ਨਾਨਕ ! ਨਾਮ ਬਿਨ੍ਹਾਂ ਮਾਇਆ ਦੀ ਪਕੜ ਵਿਚੋਂ ਛੁਟਕਾਰਾ ਨਹੀਂ ਹੁੰਦਾ, ਤਾਂ ਤੇ ਤੂੰ ਸੱਚੀ ਤਾਰੀ ਤਰ। ਕਿਉਂ ਕੂੜ ਦੀ ਤਾਰੀ ਤਰ ਰਿਹਾ ਹੈ ?

"ਸਭਿ ਜਪ ਸਭਿ ਤਪ ਸਭ ਚਤੁਰਾਈ ॥

ਊਝੜਿ ਭਰਮੈ ਰਾਹਿ ਨ ਪਾਈ ॥

ਨਾਮ ਬਿਹੂਣੈ ਮਾਥੇ ਛਾਈ ॥" ਪੰਨਾ 412

**ਭਾਵ ਅਰਥ :–** ਸਾਰੇ ਜਪ, ਸਾਰੇ ਤਪ, ਸਾਰੀਆਂ ਚਤੁਰਾਈਆਂ ਕਰਨ ਵਾਲੇ, ਉਜਾੜ ਬੀਆਬਾਨ ਵਿਚ ਭਰਮ ਰਹੇ ਹਨ। ਉਨ੍ਹਾਂ ਨੂੰ ਰਾਹ ਨਹੀਂ ਲਭਦਾ। ਨਾਮ ਤੋਂ ਸਖਣਿਆਂ ਦੇ ਸਿਰ ਤੇ ਸੁਆਹ ਪਏ।

"ਕਿਛੁ ਪੁੰਨ ਦਾਨ ਅਨੇਕ ਕਰਣੀ ਨਾਮ ਤੁਲਿ ਨ ਸਮਸਰੇ ॥" ਪੰਨਾ 566

**ਭਾਵ ਅਰਥ :–** ਪੁੰਨ, ਦਾਨ ਤੇ ਹੋਰ ਅਨੇਕ ਪ੍ਰਕਾਰ ਦੇ ਕਰਮ, ਨਾਮ ਦੇ ਬਰਾਬਰ ਤੁਲਨਾ ਨਹੀਂ ਰਖਦੇ।

"ਸਾਲਾਹਿ ਸਾਚੇ ਮੰਨਿ ਸਤਿਗੁਰੁ

ਪੁੰਨ ਦਾਨ ਦਇਆ ਮਤੇ ॥" ਪੰਨਾ 688

**ਭਾਵ ਅਰਥ :–** ਸਤਿਗੁਰੂ ਦੀ ਸਿਖਿਆ ਮੰਨ ਤੇ ਸਚੇ ਵਾਹਿਗੁਰੂ ਜੀ ਨੂੰ ਸਾਲਾਹ। ਇਹ ਹੀ ਪੁੰਨ ਹੈ, ਇਹ ਹੀ ਦਾਨ ਹੈ, ਇਹ ਹੀ ਦਇਆ ਦੀ ਮੱਤ ਹੈ। ਹੋਰ ਮੱਤਾਂ ਕੂੜੀਆਂ ਹਨ। ਜੈਸਾ ਕਿ ਹੇਠਾ ਫੁਰਮਾ ਰਹੇ ਹਨ।

"ਬਾਬਾ ਹੋਰ ਮਤਿ ਹੋਰ ਹੋਰ ॥

ਜੇ ਸਉ ਵੇਰ ਕਮਾਈਐ ਕੂੜੈ ਕੂੜਾ ਜੋਰੁ ॥" ਪੰਨਾ 17

"ਹਿਰਦੈ ਸਚੁ ਏਹ ਕਰਣੀ ਸਾਰੁ ॥

ਹੋਰੁ ਸਭੁ ਪਾਖੰਡੁ ਪੂਜ ਖੁਆਰੁ ॥" ਪੰਨਾ 1343

''ਰਾਮ ਨਾਮੁ ਜਪਿ ਗੁਰਮੁਖਿ ਜੀਅੜੇ
ਏਹੁ ਪਰਮ ਤਤੁ ਵੀਚਾਰਾ ਹੇ ॥'' ਪੰਨਾ 1030

**ਭਾਵ ਅਰਥ :–** ਹੇ ਜੀਵ, ਗੁਰਮੁਖ ਬਣ ਕੇ ਰਾਮ ਨਾਮ ਜਪ, ਭਾਵ ਮਨਮੁੱਖਤਾ ਤਿਆਗ ਕੇ ਗੁਰਮੁੱਖ ਬਣ ਤੇ ਗੁਰੂ ਦਰਸਾਈ ਬਿਧੀ ਅਨੁਸਾਰ, ਨਾਮ ਨੂੰ ਜਪ। ਇਹੋ ਪਰਮ ਤੱਤ ਦੀ ਵੀਚਾਰ ਹੈ।

''ਜਪੁ ਤਪੁ ਕਰਿ ਕਰਿ ਸੰਜਮ ਥਾਕੀ
ਹਠਿ ਨਿਗ੍ਰਹਿ ਨਹੀ ਪਾਈਐ ॥'' ਪੰਨਾ 436

**ਭਾਵ ਅਰਥ :–** ਜਪ, ਤਪ, ਸੰਜਮ, ਹਠ, ਨਿਗ੍ਰਹ ਕਰ ਕੇ, ਦੇਹ ਥੱਕ ਗਈ। ਇਨ੍ਹਾਂ ਸਾਧਨਾਂ ਨਾਲ ਪ੍ਰਭੂ ਦੀ ਪ੍ਰਾਪਤੀ ਨਹੀਂ ਹੋ ਸਕਦੀ।

''ਸਬਦਿ ਮਰੈ ਮਨੁ ਨਿਰਮਲੁ ਸੰਤਹੁ
ਏਹ ਪੂਜਾ ਥਾਇ ਪਾਈ ॥'' ਪੰਨਾ 910

**ਭਾਵ ਅਰਥ :–** ਗੁਰੂ ਕੇ ਸ਼ਬਦ ਦੁਆਰਾ ਮਨ ਮਰਦਾ ਹੈ ਤੇ ਨਿਰਮਲ ਹੋ ਜਾਂਦਾ ਹੈ। ਹੇ ਸੰਤਹੁ ! ਇਹ ਪੂਜਾ ਹੈ ਅਸਲੀ, ਜੋ ਲੇਖੇ ਪੈਂਦੀ ਹੈ।

''ਹਠੁ ਨਿਗ੍ਰਹੁ ਕਰਿ ਕਾਇਆ ਛੀਜੈ ॥
ਵਰਤੁ ਤਪਨੁ ਕਰਿ ਮਨੁ ਨਹੀ ਭੀਜੈ ॥'' ਪੰਨਾ 905

**ਭਾਵ ਅਰਥ :–** ਜੋਗੀਆਂ ਦੇ ਦਰਸਾਏ ਹਠ ਨਿਗ੍ਰਹਿ ਕਰਨ ਨਾਲ ਸਰੀਰ ਛਿਜ ਜਾਂਦਾ ਹੈ, ਵਰਤ ਧਾਰਨ ਨਾਲ ਤੇ ਜਪ ਸਾਧਨ ਨਾਲ ਮਨ ਕਦੇ ਵੀ ਨਹੀਂ ਭਿਜਦਾ। ਕੋਰੇ ਦਾ ਕੋਰਾ ਰਹਿੰਦਾ ਹੈ।

''ਹਰਿ ਬਿਨੁ ਅਵਰ ਕ੍ਰਿਆ ਬਿਰਥੇ ॥
ਜਪ ਤਪ ਸੰਜਮ ਕਰਮ ਕਮਾਣੇ ਇਹਿ ਓਰੈ ਮੂਸੇ ॥'' ਪੰਨਾ 216

**ਭਾਵ ਅਰਥ :–** ਬਿਨਾਂ ਹਰੀ ਨਾਮ ਦੇ ਹੋਰ ਸਾਰੇ ਕਰਮ ਕਮਾਉਣੇ ਬੇਅਰਥ ਹਨ। ਜਪ, ਤਪ, ਸੰਜਮ, ਕਰਮ ਕਮਾਉਣ ਵਾਲੇ ਹੋਰ ਪਾਸੇ ਠਗੇ ਗਏ।

''ਪਾਠੁ ਪੜਿਓ ਅਰੁ ਬੇਦੁ ਬੀਚਾਰਿਓ ਨਿਵਲਿ ਭੁਅੰਗਮ ਸਾਧੇ ॥
ਪੰਚ ਜਨਾ ਸਿਉ ਸੰਗੁ ਨ ਛੁਟਕਿਓ ਅਧਿਕ ਅਹੰਬੁਧਿ ਬਾਧੇ ॥ ॥
ਪਿਆਰੇ ਇਨ ਬਿਧਿ ਮਿਲਣੁ ਨ ਜਾਈ ਮੈ ਕੀਏ ਕਰਮ ਅਨੇਕਾ ॥
ਹਾਰਿ ਪਰਿਓ ਸੁਆਮੀ ਕੈ ਦੁਆਰੈ ਦੀਜੈ ਬੁਧਿ ਬਿਬੇਕਾ ॥ ਰਹਾਉ ॥
ਮੋਨਿ ਭਇਓ ਕਰਪਾਤੀ ਰਹਿਓ ਨਗਨ ਫਿਰਿਓ ਬਨ ਮਾਹੀ ॥

ਤਟ ਤੀਰਥ ਸਭ ਧਰਤੀ ਭ੍ਰਮਿਓ ਦੁਬਿਧਾ ਛੁਟਕੈ ਨਾਹੀ ॥ ॥
ਮਨ ਕਾਮਨਾ ਤੀਰਥ ਜਾਇ ਬਸਿਓ ਸਿਰਿ ਕਰਵਤ ਧਰਾਏ ॥
ਮਨ ਕੀ ਮੈਲੁ ਨ ਉਤਰੈ ਇਹ ਬਿਧਿ ਜੇ ਲਖ ਜਤਨ ਕਰਾਏ ॥ ॥
ਕਨਿਕ ਕਾਮਿਨੀ ਹੈਵਰ ਗੈਵਰ ਬਹੁ ਬਿਧਿ ਦਾਨੁ ਦਾਤਾਰਾ ॥

ਅੰਨ ਬਸਤ੍ਰ ਭੂਮਿ ਬਹੁ ਅਰਪੇ ਨਹ ਮਿਲੀਐ ਹਰਿ ਦੁਆਰਾ ॥ ॥

ਪੂਜਾ ਅਰਚਾ ਬੰਦਨ ਡੰਡਉਤ ਖਟੁ ਕਰਮਾ ਰਤੁ ਰਹਤਾ ॥

ਹਉ ਹਉ ਕਰਤ ਬੰਧਨ ਮਹਿ ਪਰਿਆ ਨਹ ਮਿਲੀਐ ਇਹ ਜੁਗਤਾ ॥ ॥

ਜੋਗ ਸਿਧ ਆਸਣ ਚਉਰਾਸੀਹ ਏ ਭੀ ਕਰਿ ਕਰਿ ਰਹਿਆ ॥

ਵਡੀ ਆਰਜਾ ਫਿਰਿ ਫਿਰਿ ਜਨਮੈ ਹਰਿ ਸਿਉ ਸੰਗੁ ਨ ਗਹਿਆ ॥ ॥

ਰਾਜ ਲੀਲਾ ਰਾਜਨ ਕੀ ਰਚਨਾ ਕਰਿਆ ਹੁਕਮੁ ਅਫਾਰਾ ॥

ਸੇਜ ਸੋਹਨੀ ਚੰਦਨੁ ਚੋਆ ਨਰਕ ਘੋਰ ਕਾ ਦੁਆਰਾ ॥ ॥

ਹਰਿ ਕੀਰਤਿ ਸਾਧਸੰਗਤਿ ਹੈ ਸਿਰਿ ਕਰਮਨ ਕੈ ਕਰਮਾ ॥

ਕਹੁ ਨਾਨਕ ਤਿਸੁ ਭਇਓ ਪਰਾਪਤਿ ਜਿਸੁ ਪੁਰਬ ਲਿਖੇ ਕਾ ਲਹਨਾ ॥ ॥

ਤੇਰੋ ਸੇਵਕੁ ਇਹ ਰੰਗਿ ਮਾਤਾ ॥

ਭਇਓ ਕ੍ਰਿਪਾਲੁ ਦੀਨ ਦੁਖ ਭੰਜਨੁ ਹਰਿ ਹਰਿ ਕੀਰਤਨਿ ਇਹੁ ਮਨੁ ਰਾਤਾ ॥"

ਰਹਾਉ ਦੂਜਾ ॥ ਪੰਨਾ 641

**ਭਾਵ ਅਰਥ :-** ਪਾਠ ਪੜ੍ਹਨ ਨਾਲ, ਵੇਦ ਵੀਚਾਰਨ ਨਾਲ, ਨਿਉਲੀ ਕਰਮ ਕਰਨ ਨਾਲ, ਭੁਅੰਗਮ ਨਾੜੀ ਦਵਾਰਾ ਸਵਾਸ ਚੜ੍ਹਾਉਣ ਨਾਲ, ਪੰਜ ਮਹਾਂਬਲੀ-ਕਾਮ, ਕ੍ਰੋਧ, ਲੋਭ, ਮੋਹ, ਹੰਕਾਰ-ਤੋਂ ਛੁਟਕਾਰਾ ਨਹੀਂ ਮਿਲ ਸਕਦਾ। ਇਸ ਦੇ ਉਲਟ ਵਧੇਰੀ ਹਉਮੈ ਨਾਲ ਜੀਵ ਬੰਨ੍ਹਿਆਂ ਜਾਂਦਾ ਹੈ। ਰਹਾਉ ਦੀ ਤੁਕ ਵਿਚ ਸਾਹਿਬ ਜੀ ਅਨੇਕ ਕਰਮ ਕਰਨ ਵਾਲੇ ਕਰਮਯੋਗੀਆਂ ਦੇ ਪ੍ਰਥਾਇ ਉਤਮ ਪੁਰਸ਼ ਦੁਆਰਾ, ਅਥਵਾ ਆਪ ਉਨ੍ਹਾਂ ਦੀ ਤਰਫੋਂ ਬੋਲਦੇ ਹਨ ਕਿ ਪਿਆਰੇ ਜੀਉ ! ਇਨ੍ਹਾਂ ਕਰਮਾਂ ਨਾਲ ਪ੍ਰਾਪਤੀ ਨਹੀ ਹੁੰਦੀ। ਮੈ ਅਨੇਕ ਕਰਮ ਕੀਤੇ ਹਨ। ਹਾਰ ਕੇ ਸੁਆਮੀ ਦੇ ਦੁਆਰੇ ਸ਼ਰਨ ਲੈਣ ਤੇ ਪ੍ਰਾਪਤੀ ਹੁੰਦੀ ਹੈ ਤੇ ਇਸ ਮੰਗ ਲਈ ਅਰਦਾਸ ਕਰ ਕਿ "ਹੇ ਪ੍ਰਭੂ ! ਬਿਬੇਕ ਬੁੱਧ ਬਖਸ਼ੋ।"

ਮੋਨ ਧਾਰਨ ਨਾਲ, ਹੱਥਾਂ ਨੂੰ ਭਾਂਡਾ ਬਣਾ ਕਰ ਛਕਣ ਨਾਲ, ਜੰਗਲਾਂ 'ਚ ਨੰਗੇ ਭਉਣ ਨਾਲ, ਤਟ ਤੀਰਥਾਂ ਦੇ ਇਸ਼ਨਾਨ ਕਰਨ ਨਾਲ, ਸਾਰੀ ਧਰਤੀ ਭ੍ਰਮਨ ਨਾਲ ਦਵੈਸ਼ ਨਹੀਂ ਛੁਟ ਸਕਦੀ।

ਮਨ ਕਾਮਨਾ ਅਨੁਸਾਰ ਤੀਰਥ ਦੇ ਵਸਣ ਨਾਲ ਤੇ ਸਿਰ ਤੇ ਆਰਾ ਰਖਵਾਉਣ ਤੇ ਇਸ ਤਰ੍ਹਾਂ ਦੇ ਹੋਰ ਲੱਖਾਂ ਜਤਨ ਕਰਨ ਨਾਲ, ਮਨ ਦੀ ਹਉਮੈ ਰੂਪੀ ਮੈਲ ਨਹੀਂ ਉਤਰਦੀ। ਸੋਨੇ ਨਾਲ ਲੱਦੀ ਹੋਈ ਇਸਤਰੀ, ਹਾਥੀ, ਘੋੜੇ ਤੇ ਅੰਨ ਬਸਤਰ, ਜ਼ਮੀਨ ਆਦਿ ਦਾਨ ਕਰਨ ਨਾਲ ਹਰੀ ਦਾ ਦੁਆਰਾ ਨਹੀਂ ਲਭਦਾ।

ਪੂਜਾ, ਅਰਚਾ, ਡੰਡਉਤ ਬੰਦਨ, ਸ਼ਾਸਤਰਾਂ ਦੇ ਕਰਮ ਕਰਨ ਨਾਲ, ਪ੍ਰਭੂ ਮਿਲਾਪ ਨਹੀਂ ਹੁੰਦਾ। ਇਨ੍ਹਾਂ ਨਾਲ ਹਉਮੈ ਦੇ ਪੈਖੜ ਹੋਰ ਪੈਂਦੇ ਹਨ।

ਜੋਗ ਅਭਿਆਸ, ਸਿਧਾਂ ਦੇ ਚਉਰਾਸੀ ਆਸਨ ਕਰਨ ਨਾਲ ਭਾਵੇਂ ਉਮਰ ਲੰਮੀ ਹੋ ਜਾਂਦੀ ਹੈ, ਪਰ ਆਵਾਗਵਨ ਨਹੀਂ ਮਿਟਦਾ। ਮੁੜ ਜਨਮ ਵਿਚ ਆਉਣਾ ਪੈਂਦਾ ਹੈ। ਹਰੀ ਦਾ ਸੰਗ ਪ੍ਰਾਪਤ ਨਹੀਂ ਹੁੰਦਾ।

ਰਾਜ ਭਾਗ ਵਿਚ ਵੀ ਸੁਖ ਨਹੀਂ ਲਭਦਾ, ਭਾਵੇਂ ਮਨ ਮਰਜ਼ੀ ਦੇ ਭੋਗ ਭੋਗੇ ਤੇ ਹੁਕਮ ਚਲਾਏ। ਬੇਸ਼ਕ ਅਤਰ ਫੁਲੇਲ ਨਾਲ ਸੁਗੰਧਤ ਸੇਜਾਂ ਤੇ ਮਨਮੋਹਨੀਆਂ ਇਸਤਰੀਆਂ ਭੋਗੇ। ਇਹ ਅੰਤ ਨੂੰ

ਘੋਰ ਨਰਕ ਵਿਚ ਸੁਟਦੀਆਂ ਹਨ। ਫਿਰ ਸ਼੍ਰੋਮਣ ਕਰਮ ਕਿਹੜਾ ਹੈ ? ਉਤਰ ਵਿਚ ਸ੍ਰੀ ਹਜ਼ੂਰ ਫੁਰਮਾਉਂਦੇ ਹਨ ਕਿ ਹਰੀ ਦਾ ਜਸ ਸਾਧ ਸੰਗਤਿ ਵਿਚ ਕਰਨਾ, ਸਿਰ ਕਰਮਾਂ ਦੇ ਕਰਮ ਹੈ। ਪਰ ਗੁਰੂ ਸਾਹਿਬ ਫੁਰਮਾਉਂਦੇ ਹਨ ਕਿ ਇਹ ਉਸ ਨੂੰ ਪ੍ਰਾਪਤ ਹੁੰਦਾ ਹੈ, ਜਿਸ ਨੇ ਪੂਰਬਲੇ ਕਰਮ ਚੰਗੇ ਕੀਤੇ ਹੁੰਦੇ ਹਨ। ਇਹੋ ਜਿਹਾ ਸੇਵਕ, ਇਸ ਹਰਿ ਕੀਰਤਿ ਦੀ ਰੰਗਨ 'ਚ' ਰੰਗਿਆ ਹੋਇਆ ਮਸਤ ਰਹਿਦਾ ਹੈ। ਪ੍ਰਭੂ ਦੀਨ ਦੁਖ ਭੰਜਨ ਦੀ ਮਿਹਰ ਉਸ ਤੇ ਹੋ ਜਾਂਦੀ ਹੈ ਤੇ ਹਰੀ ਕੀਰਤਨ ਵਿਚ ਉਸ ਦਾ ਮਨ ਰਤਾ ਰਹਿੰਦਾ ਹੈ। ਸੁਖਮਨੀ ਸਾਹਿਬ ਵਿਚ ਫੁਰਮਾਣ ਹੈ :-

**"ਜਾਪ ਤਾਪ ਗਿਆਨ ਸਭਿ ਧਿਆਨ ॥**

**ਖਟ ਸਾਸਤ੍ਰ ਸਿਮ੍ਰਿਤਿ ਵਖਿਆਨ ॥**

**ਜੋਗ ਅਭਿਆਸ ਕਰਮ ਧ੍ਰਮ ਕਿਰਿਆ ॥**

**ਸਗਲ ਤਿਆਗਿ ਬਨ ਮਧੇ ਫਿਰਿਆ ॥**

**ਅਨਿਕ ਪ੍ਰਕਾਰ ਕੀਏ ਬਹੁ ਜਤਨਾ ॥**

**ਪੁੰਨ ਦਾਨ ਹੋਮੇ ਬਹੁ ਰਤਨਾ ॥**

**ਸਰੀਰੁ ਕਟਾਇ ਹੋਮੈ ਕਰਿ ਰਾਤੀ ॥**

**ਵਰਤ ਨੇਮ ਕਰੈ ਬਹੁ ਭਾਤੀ ॥**

**ਨਹੀ ਤੁਲਿ ਰਾਮ ਨਾਮ ਬੀਚਾਰ ॥**

**ਨਾਨਕ ਗੁਰਮੁਖਿ ਨਾਮੁ ਜਪੀਐ ਇਕ ਬਾਰ ॥" ਪੰਨਾ 265**

**ਭਾਵ ਅਰਥ :-** ਜਪ, ਤਪ, ਗਿਆਨ, ਧਿਆਨ, ਜਿਨ੍ਹਾਂ ਦਾ ਛੇ ਸਾਸਤ੍ਰ ਉਪਦੇਸ਼ ਦਿੰਦੇ ਹਨ ਤੇ ਜੋਗ ਅਭਿਆਸ, ਹੋਰ ਕਰਮ, ਧਰਮ, ਕਿਰਿਆ ਸਾਧਨੀਆਂ, ਬਾਲ ਬੱਚੇ ਇਸਤਰੀ ਨੂੰ ਛੱਡ ਕੇ ਜੰਗਲਾਂ ਵਿਚ ਫਿਰਨਾ, ਪੁੰਨ, ਦਾਨ, ਘਿਓ ਆਦਿ ਹੋਮਨੇ, ਸਰੀਰ ਨੂੰ ਟੋਟੇ ਟੋਟੇ ਕਰਾ ਕੇ, ਹੋਮ ਵਿਚ ਪਾਉਣਾ, ਇਸ ਪਰਕਾਰ ਦੇ ਅਨੇਕ ਜਤਨ ਕਰਕੇ, ਬਰਤ ਧਰਨੇ, ਹੋਰ ਨੇਮ ਧਾਰਨੇ, ਰਾਮ ਨਾਮ ਦੀ ਤੁਲਨਾ ਨਹੀਂ ਰਖਦੇ। ਜੇ ਗੁਰਮੁਖਿ ਬਣ ਕੇ ਇਕ ਬਾਰ ਵੀ, ਨਾਮ ਜਪੀਏ, ਇਹ ਉਸ ਦੇ ਬਰਾਬਰ ਨਹੀਂ ਹਨ।

ਉਪਰੋਕਤ ਗੁਰ ਪ੍ਰਮਾਣਾਂ ਤੋਂ, ਇਹ ਗੱਲ ਸਪਸ਼ਟ ਹੋਈ ਕਿ ਨਾਮ ਤੋਂ ਬਿਨਾਂ, ਜੋਗ ਅਭਿਆਸ, ਸਿਧਾਂ ਦੇ ਚਉਰਾਸੀਹ ਆਸਣ, ਹਠ, ਨਿਗ੍ਰਹ, ਵਰਤ, ਜਪ, ਤਪ, ਗਿਆਨ, ਧਿਆਨ, ਛੇ ਸ਼ਾਸਤ੍ਰਾਂ ਦੇ ਦ੍ਰਿੜਾਏ ਕਰਮ, ਗ੍ਰਹਿਸਤ ਤਿਆਗ ਕੇ ਬਣਾਂ ਵਿਚ ਨੰਗੇ ਭਉਣਾ, ਪੁੰਨ, ਦਾਨ, ਤੀਰਥ ਇਸ਼ਨਾਨ, ਪਾਠ ਪੜ੍ਹਨ, ਭੂਸ਼ਨਾ ਨਾਲ ਲਦੀਆਂ ਹੋਈਆਂ ਇਸਤਰੀਆਂ ਗ੍ਰਹਿਣਾਂ ਸਮੇ ਅਰਪਣੀਆਂ, ਅੰਨ ਬਸਤ੍ਰ, ਭੂਮ ਦਾਨ ਦੇਣੇ, ਮੋਨਧਾਰੀ ਹੋਣਾ, ਫੋਕਟ ਕਰਮ ਭਾਵ ਫਜ਼ੂਲ ਹਨ। ਹੁਣ ਵੀਚਾਰ ਗੋਚਰਾ ਗੱਲ ਇਹ ਹੈ ਕਿ ਜਦ ਗੁਰਮਤਿ ਇਨ੍ਹਾਂ ਦਾ ਇਕ ਕੌਡੀ ਮੁੱਲ ਨਹੀਂ ਪਾ ਰਹੀ, ਇਨ੍ਹਾਂ ਕਰਮਾਂ ਦੇ ਕਰਨ ਲਈ ਔਖਾ ਹੋਣਾ, ਸਮਾਂ ਤੇ ਸ਼ਕਤੀ ਗਵਾਉਣੀ ਕਿਥੋਂ ਦੀ ਅਕਲਮੰਦੀ ਹੈ ?

ਕਿਉ ਨਾ ਸ੍ਰੇਸ਼ਟ 'ਨਾਮ ਸਿਮਰਨ' ਕਰੀਏ ? ਜਿਸ ਨਾਲ ਸਚ ਤੇ ਖੇੜਾ ਪ੍ਰਾਪਤ ਹੋਵੇ। ਸਰਬ ਧਰਮਾਂ ਨਾਲੋ ਸ੍ਰੇਸ਼ਟ ਧਰਮ, ਜੋ ਗੁਰਮਤਿ ਫੁਰਮਾਉਂਦੀ ਹੈ, ਇਹ ਹੈ :-

**"ਸਰਬ ਧਰਮ ਮਹਿ ਸ੍ਰੇਸਟ ਧਰਮੁ ॥**

**ਹਰਿ ਕੋ ਨਾਮੁ ਜਪਿ ਨਿਰਮਲ ਕਰਮੁ ॥" ਪੰਨਾ 266**

**ਭਾਵ ਅਰਥ :-** ਸਾਰੇ ਧਰਮਾਂ ਵਿਚੋਂ ਸ੍ਰੇਸ਼ਟ ਧਰਮ ਇਹ ਹੈ ਕਿ ਹਰੀ ਦਾ ਨਾਮ ਗੁਰਮੱਤਿ ਦਰਸਾਈ ਵਿਧੀ ਅਨੁਸਾਰ ਜਪੋ, ਇਹ ਹੀ ਨਿਰਮਲ ਕਰਮ ਹੈ। ਉਹ ਸਜਣ ਧਿਆਨ ਦੇਣ, ਜੋ ਇਨ੍ਹਾਂ

ਖੰਡਤ ਚੀਜ਼ਾਂ ਦਾ ਪਰਚਾਰ ਕਰ ਰਹੇ ਹਨ। ਇਕ ਗਿਣਤੀ ਮਿਣਤੀ ਵਿਚ, ਕਿਸੇ ਸ਼ਬਦ ਦਾ ਪਾਠ ਕਰਨ ਦਾ ਕੀ ਲਾਭ ਹੈ ? ਜਦ ਤਾਂਈ ਕਿ ਉਸ ਦੇ ਅਰਥ ਭਾਵ ਨੂੰ ਨਾ ਵੀਚਾਰੀਏ ਤੇ ਜੀਵਨ ਵਿਚ ਨਾ ਘਟਾਈਏ ? ਇਕ ਮਨੋਧਾਰੀ ਸਜਣ ਜੀ ਸੰਤ ਬਾਣੇ ਵਿਚ, ਵਿਚਰਨ ਵਾਲੇ ਆ ਗਏ। ਆਪਣੇ ਆਪ ਨੂੰ ਗੁਰੂ ਨਾਨਕ ਸਾਹਿਬ, ਗੁਰੂ ਗੋਬਿੰਦ ਸਿੰਘ ਜੀ ਦੇ ਅੰਮ੍ਰਿਤਧਾਰੀ ਸਿੱਖ ਦਸਦੇ ਸਨ। ਭੋਲੇ ਭਾਲੇ ਵੀਰ ਚਰਨ ਪਰਸਨ ਲਗੇ ਤੇ ਫਲਾਂ ਤੇ ਦੁਧਾਂ ਦੇ ਢੇਰ ਲਗ ਗਏ। ਆਪ ਮੋਨੀ ਸੰਤ ਜੀ ਫਲਹਾਰੀ ਤੇ ਦੁਧਾਧਾਰੀ ਸਨ। ਦਾਸ ਨੇ ਸੰਗਤਾਂ ਨੂੰ ਬਥੇਰੀ ਬੇਨਤੀ ਕੀਤੀ ਕਿ ਇਹ ਗੁਰਮੱਤਿ ਦੇ ਉਲਟ ਹੈ। ਸ੍ਰੀ ਆਸਾ ਜੀ ਦੀ ਵਾਰ ਵਿਚ ਰੋਜ਼ ਸੁਣਦੇ ਹਾਂ :-

**"ਅੰਨੁ ਨ ਖਾਇਆ ਸਾਦੁ ਗਵਾਇਆ ॥**

**ਬਹੁ ਦੁਖੁ ਪਾਇਆ ਦੂਜਾ ਭਾਇਆ ॥**

**ਬਸਤ੍ਰ ਨ ਪਹਿਰੈ ॥ ਅਹਿਨਿਸਿ ਕਹਰੈ ॥**

**ਮੋਨਿ ਵਿਗੂਤਾ ॥ ਕਿਉ ਜਾਗੈ ਗੁਰ ਬਿਨੁ ਸੂਤਾ ॥**

**ਪਗ ਉਪੇਤਾਣਾ ॥ ਆਪਣਾ ਕੀਆ ਕਮਾਣਾ॥**

**ਅਲੁ ਮਲੁ ਖਾਈ ਸਿਰਿ ਛਾਈ ਪਾਈ ॥**

**ਮੂਰਖਿ ਅੰਧੈ ਪਤਿ ਗਵਾਈ ॥**

**ਵਿਣੁ ਨਾਵੈ ਕਿਛੁ ਥਾਇ ਨ ਪਾਈ ॥**

**ਰਹੈ ਬੇਬਾਣੀ ਮੜੀ ਮਸਾਣੀ ॥**

**ਅੰਧੁ ਨ ਜਾਣੈ ਫਿਰਿ ਪਛੁਤਾਣੀ ॥**

**ਸਤਿਗੁਰੁ ਭੇਟੇ ਸੋ ਸੁਖੁ ਪਾਏ ॥**

**ਹਰਿ ਕਾ ਨਾਮੁ ਮੰਨਿ ਵਸਾਏ ॥" ਪੰਨਾ 467**

**ਭਾਵ ਅਰਥ :-** ਜਿਹੜਾ ਆਦਮੀ ਅੰਨ੍ਹ ਨਹੀਂ ਖਾਂਦਾ, ਉਹ ਸੁਆਦ ਗਵਾ ਰਿਹਾ ਹੈ। ਇਸ ਭਾਵ ਨੂੰ ਇਹ ਤੁਕ ਵੀ ਸਪਸ਼ਟ ਕਰਦੀ ਹੈ :-

**"ਛੋਡਹਿ ਅੰਨੁ ਕਰਹਿ ਪਾਖੰਡ ॥**

**ਨਾ ਸੋਹਾਗਨਿ ਨਾ ਓਹਿ ਰੰਡ ॥" ਪੰਨਾ 873**

ਜਿਸ ਮਨੁਖ ਦੀ ਬ੍ਰਿਤੀ ਅੰਨ ਛੱਡ ਕੇ ਪਾਖੰਡ ਕਰਦੀ ਹੈ, ਉਹ ਬ੍ਰਿਤੀ ਨਾ ਸੋਹਾਗਣ ਹੈ ਤੇ ਨਾ ਰੰਡੀ ਹੈ। ਅਧ ਵਿਚਕਾਰ ਖੱਜਲ ਖੁਆਰ ਹੋ ਰਹੀ ਹੈ। ਦੂਜੇ ਭਾਵ ਵਿਚ ਜੀਵ ਬਹੁਤ ਦੁੱਖ ਪਾਉਂਦਾ ਹੈ। ਜਿਹੜਾ ਕਪੜੇ ਨਹੀਂ ਪਾਉਂਦਾ, ਉਹ ਗਰਮੀਆਂ ਦੀ ਤਪਸ਼ ਤੇ ਸਿਆਲਿਆਂ ਦੀ ਠੰਢ ਨਾਲ ਦੁਖੀ ਹੁੰਦਾ ਹੈ। ਮੋਨ ਧਾਰਨ ਵਾਲਾ ਖੁਆਰ ਹੁੰਦਾ ਹੈ। ਭੁਲੇਖੇ ਵਿਚ ਸੁੱਤਾ ਹੋਇਆ ਹੈ। ਬਿਨਾਂ ਪੂਰਨ ਗੁਰੂ ਦੇ ਕਿਵੇਂ ਜਾਗੇ ? ਜਿਹੜਾ ਜੁਤੀ ਨਹੀਂ ਪਾਉਂਦਾ ਤੇ ਨੰਗੇ ਪੈਰ ਭਉਂਦਾ ਹੈ, ਉਹ ਰਾਤ ਦਿਨ ਕਸ਼ਟ ਸਹਾਰਦਾ ਹੈ, ਪਰ ਇਹ ਉਸ ਦੀ ਆਪਣੀ ਆਪੂੰ ਚਮੋੜੀ ਕਰਨੀ ਦਾ ਫਲ ਹੈ। ਜਿਹੜੇ ਗੰਦੀ ਮੰਦੀ ਸ਼ੈ ਦਾ ਸੇਵਨ ਕਰਦੇ ਹਨ, ਉਨ੍ਹਾਂ, ਸਿਰ ਤੇ ਛਾਈ ਪਾਣ ਵਾਲੇ ਮੂਰਖਾਂ ਨੇ, ਆਪਣੀ ਪਤ ਆਪ ਗਵਾ ਲਈ ਹੈ। ਜਿਹੜੇ ਜੰਗਲ ਬੀਆਬਾਨਾਂ, ਮੜ੍ਹੀ ਮਸਾਣਾਂ ਵਿਚ ਰਹਿੰਦੇ ਹਨ, ਉਹ ਅੰਨ੍ਹੇ ਹਨ, ਨਹੀਂ ਜਾਣਦੇ ਕਿ ਇਨ੍ਹਾਂ ਕਰਮਾਂ ਨਾਲ ਸੁਖ ਨਹੀਂ ਲਭਦਾ।

ਜਦ ਕੁਝ ਨਹੀਂ ਲਭਦਾ ਤਾਂ ਉਹ ਪਛੁਤਾਉਂਦੇ ਹਨ। ਪੂਰਨ ਸਤਿਗੁਰੂ ਦਾ ਮਿਲਾਪ ਹੋਵੇ ਤਾਂ ਓਹੁ ਨਾਮ ਸਿਮਰਨ ਦ੍ਰਿੜ ਕਰਾਉਂਦਾ ਹੈ, ਜਿਸ ਨਾਮ ਨਾਲ ਸਚ ਦਾ ਸੁਖ ਪ੍ਰਾਪਤ ਹੁੰਦਾ ਹੈ। ਬਿਨਾਂ

ਨਾਮ ਦੇ ਜਿਹੜੇ ਕਰਮ ਹਨ, ਉਹ ਸੁਖ ਨਹੀਂ ਦੇ ਸਕਦੇ। ਸਦਾ ਦੀ ਸ਼ਾਂਤੀ, ਨਾਮ ਦੁਆਰਾ ਪ੍ਰਾਪਤ ਹੁੰਦੀ ਹੈ।

ਪਰ ਸਿਧੇ ਸਾਦੇ ਵੀਰਾਂ ਨੇ ਇਹ ਗੱਲ ਨਾ ਮੰਨੀ ਤੇ ਲਗੇ ਰਹੇ ਸੇਵਾ ਵਿਚ। 'ਸੰਤਾਂ' ਨੂੰ ਕੁਝ ਚਿਰ ਲਈ ਠਹਿਰਾ ਲਿਆ। ਉਨ੍ਹਾਂ ਦੇ ਉਥੇ ਠਹਿਰਨ ਸਮੇਂ ਇਕ ਬੜੀ ਦੁਖ ਦਾਈ ਘਟਨਾ ਹੋਈ, ਜੋ ਇਥੇ ਲਿਖਣੀ ਉਚਿਤ ਨਹੀਂ। ਬੇਪਤੀ ਕਰਾ ਕੇ ਪਾਖੰਡੀ ਨੱਸ ਗਿਆ।

ਮੇਰੇ ਇਕ ਮਿੱਤਰ ਜੀ ਆਖਣ ਲਗੇ ਕਿ ਉਨ੍ਹਾਂ ਇਕ 'ਸੰਤ' ਵੇਖਿਆ ਹੈ ਤੇ ਉਹ ਬਹੁਤ ਪ੍ਰਭਾਵਤ ਹੋਏ ਹਨ। ਮੈਂ ਆਖਿਆ ਕਿ ਕਿਹੜੇ ਗੁਣਾਂ ਕਰ ਕੇ ਆਪ ਪ੍ਰਭਾਵਤ ਹੋਏ ਹੋ ? ਉੱਤਰ ਵਿਚ ਦਸਿਆ ਕਿ ਉਹ 'ਸੰਤ' ਕੇਸਾਧਾਰੀ ਹਨ ਤੇ ਸਿਖ ਹਨ। ਉਹ ਹੁਨਾਲੇ, ਸਿਆਲੇ ਕਦੀ ਜੁਤੀ ਨਹੀਂ ਪਾਉਂਦੇ। ਤੇੜ ਇਕ ਕਛਹਿਰਾ ਰਖਦੇ ਹਨ। ਇਕ ਰੁਮਲ ਨਾਲ ਜੂੜਾ ਤੇ ਕੇਸ ਢਕਦੇ ਹਨ। ਗਰਮੀਆਂ ਸਰਦੀਆਂ ਬਸਤ੍ਰ ਨਹੀਂ ਪਾਂਉਂਦੇ। ਕਿਸੇ ਦੇ ਘਰ, ਪਿੰਡ ਜਾ ਸ਼ਹਿਰ ਵਿਚ ਰਾਤ ਨਹੀਂ ਕਟਦੇ। ਵਸੋਂ ਤੋਂ ਦੂਰ ਉਜਾੜ ਵਿਚ ਰਹਿੰਦੇ ਹਨ। ਲੂਣ (ਨਮਕ) ਦਾ ਬਿਲਕੁਲ ਸੇਵਨ ਨਹੀਂ ਕਰਦੇ। ਅਠ ਪਹਿਰ ਪਿਛੋਂ ਆਪਣੇ ਹਥਾਂ ਦਾ ਤਿਆਰ ਕੀਤਾ ਭੋਜਨ ਛਕਦੇ ਹਨ। ਇਹ ਸੁਣ ਕੇ ਲੇਖਕ ਨੇ ਆਖਿਆ ਕਿ ਗੁਰਮੱਤਿ ਵਿਚ ਇਨ੍ਹਾਂ ਗਲਾਂ ਦੀ ਕੋਈ ਵਿਸ਼ੇਸ਼ਤਾ ਨਹੀਂ। ਇਹ ਮਨ ਦੀਆਂ ਮਿਥੀਆਂ ਮੱਤਾਂ ਹਨ।

ਜਿਹਾ ਕਿ ਆਸਾ ਦੀ ਵਾਰ ਵਿਚ ਅੰਕਤ ਹੈ :-

**"ਨਾਨਕ ਮਤੀ ਮਿਥਿਆ ਕਰਮੁ ਸਚਾ ਨੀਸਾਣੁ ॥"** **ਪੰਨਾ 467**

**ਭਾਵ ਅਰਥ :–** ਇਹ ਮੱਤਾਂ ਮਿਥਿਆ ਹਨ। ਬਖਸ਼ਸ਼ ਦਾ ਨੀਸ਼ਾਨ, ਜਦ ਤਾਂਈ ਨਾ ਪਏ। ਹੇ ਨਾਨਕ ! ਉਤਲੀਆਂ ਦਸੀਆਂ ਮੱਤਾਂ ਮਿਥਿਆ ਹਨ। ਇਸ ਤੁਕ ਤੋਂ ਪਹਿਲੀਆਂ ਤੁਕਾਂ ਵਿਚ, ਉਨ੍ਹਾਂ ਮਤਾ ਨੂੰ ਵੇਰਵੇ ਸਹਿਤ ਦਰਸਾਇਆ ਹੈ, ਮਤਾਂ ਕੋਈ ਗੁਰੂ ਦਾ ਸਿਖ ਭੁਲੇਖੇ ਵਿਚ ਪੈ ਕੇ, ਉਹਨਾਂ ਨੂੰ ਕਰਨ ਲਗ ਪਏ ਤੇ ਨਾਮ ਨੂੰ ਛੱਡ ਬਹੇ। ਉਹ ਮੱਤਾਂ ਇਹ ਹਨ :-

**"ਲਖ ਨੇਕੀਆ ਚੰਗਿਆਈਆ ਲਖ ਪੁੰਨਾ ਪਰਵਾਣੁ ॥**
**ਲਖ ਤਪ ਉਪਰਿ ਤੀਰਥਾਂ ਸਹਜ ਜੋਗ ਬੇਬਾਣ ॥**
**ਲਖ ਸੂਰਤਣ ਸੰਗਰਾਮ ਰਣ ਮਹਿ ਛੁਟਹਿ ਪਰਾਣ ॥**
**ਲਖ ਸੁਰਤੀ ਲਖ ਗਿਆਨ ਧਿਆਨ ਪੜੀਅਹਿ ਪਾਠ ਪੁਰਾਣ ॥**
**ਜਿਨਿ ਕਰਤੈ ਕਰਣਾ ਕੀਆ ਲਿਖਿਆ ਆਵਣ ਜਾਣੁ ॥**
**ਨਾਨਕ ਮਤੀ ਮਿਥਿਆ ਕਰਮੁ ਸਚਾ ਨੀਸਾਣੁ ॥"** **ਪੰਨਾ 467**

**ਭਾਵ ਅਰਥ :–** ਲਖ ਨੇਕੀਆਂ ਤੇ ਚੰਗਿਆਈਆਂ ਪਿਆ ਕਰੇ। ਲਖਾਂ, ਪੁੰਨ, ਜੋ ਸ਼ਾਸ਼ਤਰਾਂ ਵਿਚ ਪ੍ਰਵਾਨ ਮੰਨੇ ਗਏ ਹਨ, ਪਿਆ ਕਰੇ। ਲੱਖਾਂ ਤਪ, ਤੀਰਥਾਂ ਤੇ ਜਾ ਕੇ, ਪਿਆ ਕਰੇ। ਜੰਗਲ ਬਿਆਬਾਨਾਂ ਵਿਚ ਸਹਜ ਯੋਗ ਅਭਿਆਸ ਪਿਆ ਕਰੇ। ਲਖਾਂ ਹੀ ਸੂਰਮਗਤੀ ਦੇ ਕੰਮ ਕਰੇ। ਇਥੇ ਤਾਂਈ ਕਿ ਮੈਦਾਨੇ ਜੰਗ ਵਿਚ ਪ੍ਰਾਣ ਤਕ ਦੇ ਦੇਵੇ। ਲਖਾਂ ਵੇਦਾਂ ਦੇ ਪਾਠ, ਲਖਾਂ ਗਿਆਨ ਧਿਆਨ ਪਿਆ ਘੋਖੇ, ਲਖਾਂ ਪੁਰਾਣਾਂ ਦੇ ਪਾਠ ਪਿਆ ਕਰੇ। ਪਰ ਹੇ ਨਾਨਕ ! ਜਿਸ ਕਰਤਾਰ ਨੇ ਸ੍ਰਿਸ਼ਟੀ ਪੈਦਾ ਕੀਤੀ ਤੇ ਜੀਵਾਂ ਦਾ ਸੰਸਾਰ ਵਿਚ, ਆਵਣ ਜਾਣਾ, ਬਣਾਇਆ ਹੈ, ਉਸ ਪਰਮੇਸ਼ਰ ਦੇ ਨਾਮ ਬਿਨਾਂ ਤੇ ਨਾਮ ਜਪ ਕੇ ਉਸ ਦੇ ਸਚੇ ਨਿਸ਼ਾਨ ਬਿਨਾਂ, ਉਤਲੀਆਂ ਮੱਤਾਂ ਮਿਥਿਆ ਭਾਵ ਝੂਠੀਆਂ ਹਨ। ਤਾਂ ਤੇ ਬਖਸ਼ਸ਼ ਦੇ ਨੀਸ਼ਾਨ ਦੀ ਪ੍ਰਾਪਤੀ ਲਈ 'ਨਾਮ ਸਿਮਰਨ' ਕਰ। ਨਾਮ ਸਿਮਰਨ ਨਾਲ ਬਖਸ਼ਸ਼ ਦਾ ਨੀਸ਼ਾਨ ਪੈਦਾ ਹੈ। ਗੁਰਮੱਤਿ ਦੇ ਉਤਲੇ ਵੀਚਾਰ ਸੁਣ ਕੇ ਮੇਰੇ ਮਿੱਤਰ ਜੀ ਮੰਨ ਗਏ ਕਿ ਇਸ ਕਸਵੱਟੀ ਤੇ ਲਾਇਆਂ ਤਾਂ ਵਿਅਕਤੀ ਗੁਰਮੱਤਿ ਤੋਂ ਉਲਟ ਚਲ ਰਹਿਆ ਹੈ।

# (10)

# ਅਣਡਿੱਠ ਦੁਨੀਆਂ-ਕੀ ਇਸ ਧਰਤੀ ਤੇ ਕੀਤੇ ਕਰਮਾਂ ਦਾ ਅਗੇ ਲੇਖਾ ਦੇਣਾਂ ਪੈਂਦਾ

# ਹੈ, ਤੇ ਉਥੇ ਕਿਹੜੇ ਦੰਡ ਮਿਲਦੇ ਹਨ ?

ਇਸ ਧਰਤੀ ਤੇ ਕੀਤੇ ਕਰਮਾਂ ਦੇ ਦਰਗਾਹੇ ਲੇਖਾ ਲੈਣ ਸੰਬੰਧੀ, ਬਹੁਤ ਭੁਲੇਖਾ ਪਿਆ ਹੋਇਆ ਹੈ। ਇਸ ਦਾ ਨਿਰਣਾ ਹੋਣਾ ਅਵਸ਼ ਹੈ ਕਿ ਇਹ ਕਿਥੋਂ ਤਾਂਈ ਸਚ ਹੈ ? ਗੁਰਮੱਤਿ ਇਸ ਪਰਥਾਇ ਕੀ ਫੁਰਮਾਉਂਦੀ ਹੈ ?

ਕਈ ਸਜਣ, ਜੋ ਇਹ ਪ੍ਰਚਾਰ ਕਰਦੇ ਹਨ ਕਿ 'ਲੇਖੇ ਸੰਬੰਧੀ ਸ਼ਬਦ ਕੇਵਲ ਭਿਆਨਕ ਬਾਣੀ ਹੈ। ਇਸ ਵਿਚ ਜੋ ਲਿਖਿਆ ਹੈ ਸੋ ਸਚ ਨਹੀਂ, ਖਾਲੀ ਡਰਾਵਾ ਹੈ।' ਇਹੋ ਜਿਹੇ ਸੱਜਣ ਬਾਣੀ ਦੀਆਂ ਤਿੰਨ ਵੰਡਾਂ ਕਰਦੇ ਹਨ। ਪਹਿਲੀ ਵੰਡ ਦਾ ਨਾਮ ਯਥਾਰਥ ਬਾਣੀ, ਦੂਜੀ ਦਾ ਨਾਮ ਰੁਮਾਂਚਕ ਬਾਣੀ ਤੇ ਤੀਜੀ ਵੰਡ ਦਾ ਨਾਮ ਭਿਆਨਕ ਬਾਣੀ। ਉਹ ਆਖਦੇ ਹਨ ਕਿ ਭਿਆਨਕ ਬਾਣੀ ਕੇਵਲ ਡਰਾਉਣ ਲਈ ਰਚੀ ਗਈ ਹੈ। ਕਿਤੇ ਕੋਈ ਲੇਖਾ ਨਹੀਂ ਹੁੰਦਾ। ਜੋ ਕੁਝ ਕਰਮਾਂ ਦਾ ਫਲ ਮਿਲਦਾ ਹੈ ਇਸੇ ਦੁਨੀਆਂ ਵਿਚ ਹੈ।

ਉਨ੍ਹਾਂ ਅਗੇ ਬੇਨਤੀ ਹੈ ਕਿ ਉਹ ਜੀ ਸਦਕੇ ਗੁਰਬਾਣੀ ਦੀਆਂ ਹੋਰ ਵੰਡਾਂ ਵੀ ਕਰ ਲੈਣ, ਪਰ ਇਹ ਦਸਣ ਕਿ ਜੋ ਇਨ੍ਹਾਂ ਵੰਡਾਂ ਹੇਠਾਂ ਬਾਣੀ ਹੈ ਕੀ, ਉਹ ਐਵੇਂ ਹੀ ਹੈ ? ਕੀ ਉਸ ਵਿਚ ਜੋ ਅਨਡਿਠ ਦੁਨੀਆਂ ਵਿਚ ਹੋ ਰਿਹਾ ਹੈ, ਉਹ ਐਵੇਂ ਮਨੋਕਲਪਤ ਝੂਠ ਹੈ ? ਕੀ ਗੁਰੂ ਸਾਹਿਬਾਨ ਨੇ ਕੂੜ ਲਿਖ ਦਿਤਾ ਹੈ ?

ਇਥੇ ਇਕ ਪ੍ਰਸਿਧ ਕਥਾ ਦਾ ਲਿਖਣਾ ਜ਼ਰੂਰੀ ਭਾਸਦਾ ਹੈ। ਇਕੇਰਾਂ, ਇਕ ਮਾਨਸਰੋਵਰ ਦਾ ਹੰਸ ਉਡਦਾ ਉਡਦਾ, ਸਾਹ ਲੈਣ ਲਈ, ਇਕ ਖੂਹ ਤੇ ਆ ਬੈਠਾ। ਉਥੇ ਉਸ ਖੂਹ ਵਿਚ ਜੰਮੇ ਪਲੇ ਡੱਡੂ ਨੇ ਜਦ ਉਸ ਹੰਸ ਨੂੰ ਵੇਖਿਆ ਤੇ ਪੁੱਛ ਕੀਤੀ ਕਿ, ''ਭਰਾ ਕਿਥੋ ਆਇਆ ਹੈ ?'' ਉਤਰ ਵਿਚ ਹੰਸ ਨੇ ਆਖਿਆ, ''ਮਾਨਸਰੋਵਰ ਤੋਂ'', ਡੱਡੂ ਨੇ ਕਦੇ ਮਾਨਸਰੋਵਰ ਵੇਖਿਆ ਨਹੀਂ ਸੀ। ਅਸਚਰਜ ਹੋ ਕਰ ਪੁਛਣ ਲਗਾ ਕਿ ''ਮਾਨਸਰੋਵਰ ਕਿਡਾ ਵਡਾ ਹੈ ?'' ਹੰਸ ਨੇ ਉਤਰ ਦਿੱਤਾ ਕਿ ''ਬਹੁਤ ਹੀ ਵਡਾ।'' ਇਹ ਗਲ ਸੁਣ ਕਰ ਡੱਡੂ ਨੇ ਖੂਹ ਵਿਚ ਛਾਲ ਮਾਰੀ ਤੇ ਖੂਹ ਦੇ ਘੇਰੇ ਦਾ ਤੀਜਾ ਹਿੱਸਾ ਤਰ ਕਰ ਮੁੜ ਪੁਛ ਕੀਤੀ ਕਿ ''ਮਾਨਸਰੋਵਰ ਐਡਾ ਹੋਸੀ ?'' ਹੰਸ ਹੱਸ ਕੇ ਬੋਲਿਆ, ''ਨਹੀਂ ਭੋਲਿਆ, ਬਹੁਤ ਵੱਡਾ ਹੈ।'' ਡੱਡੂ ਖਿੱਝ ਕੇ, ਮੁੜ ਖੂਹ ਅੰਦਰ ਵੜ ਕੇ ਖੂਹ ਦਾ ਅੱਧਾ ਘੇਰਾ ਤਰ ਕਰ ਆਖਣ ਲਗਾ ਕਿ ''ਹੁਣ ਦਸ ਐਨਾ ਵੱਡਾ ਹੋਣਾ ਹੈ ?'' ਮਾਨਸਰੋਵਰ ਦਾ ਹੰਸ ਡੱਡੂ ਦੀ ਮੂਰਖਤਾ ਨੂੰ ਵੇਖ ਕਰ, ਹੋਰ ਜ਼ੋਰ ਦੀ ਹਸ ਕੇ ਬੋਲਿਆ, ''ਭਰਾ ਡੱਡੂ ਜੀ, ਇਸ ਤੋਂ ਬਹੁਤ ਵੱਡਾ ਹੈ।'' ਡੱਡੂ ਨੂੰ ਵਧੇਰੇ ਕ੍ਰੋਧ ਆ ਗਿਆ ਤੇ ਕ੍ਰੋਧ ਵਿਚ ਉਸ ਨੇ ਮੁੜ ਛਾਲ ਖੂਹ ਵਿਚ ਮਾਰੀ ਤੇ ਖੂਹ ਦਾ ਸਾਰਾ ਘੇਰਾ ਕਟ ਕੇ ਹੰਸ ਨੂੰ ਆਖਣ ਲਗਾ ਕਿ ''ਹੁਣ ਦਸ,। ਇਸ ਤੋਂ ਵਡਾ ਕੀ ਹੋਣਾ ਹੈ ?'' ਹੰਸ ਗੰਭੀਰ ਹੋ ਕੇ ਆਖਣ ਲਗਾ ਕਿ ''ਓਏ ਭੁਲੇਖੇ ਵਿਚ ਪਏ ਹੋਏ ਮੂਰਖਾ ! ਇਹੋ ਜਿਹੇ ਅਸੰਖਾਂ ਖੂਹ, ਮਾਨਸਰੋਵਰ ਦਾ ਮੁਕਾਬਲਾ ਨਹੀਂ ਕਰ ਸਕਦੇ।'' ਇਹ ਹੰਸ ਦੀ ਗੱਲ, ਜਦ ਡੱਡੂ ਨੇ ਸੁਣੀ ਤਾਂ ਆਖਣ ਲਗਾ, ''ਜਾ ਝੂਠਿਆ, ਇਸ ਖੂਹ ਤੋਂ ਵਡਾ ਮਾਨਸਰੋਵਰ ਨੇ ਕੀ ਹੋਣਾ ਹੈ ? ਮੈਂ ਤੇਰੀ ਗੱਲ ਨਹੀਂ ਮੰਨਦਾ।''

ਇਸ ਤੋਂ ਸਿਖਿਆ ਇਹ ਮਿਲਦੀ ਹੈ ਕਿ ਜਦ ਕੋਈ ਸ਼ੈ ਕਿਸੇ ਨੇ ਵੇਖੀ ਨਾ ਹੋਵੇ ਤੇ ਐਵੇ ਫੜ ਮਾਰੇ ਕਿ ਹੈ ਹੀ ਨਹੀਂ। ਇਹ ਸਿਰੇ ਦੀ ਗਲਤੀ ਹੈ। ਮਾਇਆ ਧਾਰੀ ਦੀ ਦ੍ਰਿਸ਼ਟੀ, ਮਾਇਕ ਪਦਾਰਥਾਂ ਤੋਂ ਅਗੇਰਾਂ ਨਹੀਂ ਜਾ ਸਕਦੀ। ਇਸ ਹੱਦ ਬੰਦੀ ਵਿਚ ਹੀ ਉਹ ਹਰ ਇਕ ਸ਼ੈ ਨੂੰ ਵੇਖਦਾ ਤੇ ਪਰਖਦਾ ਹੈ ਪਰ ਇਸ ਹੱਦ ਬੰਦੀ ਤੋਂ ਟਪੇ ਹੋਏ ਤੇ ਮਇਆ ਤੋਂ ਨਿਕਲ ਕੇ ਬ੍ਰਹਮ ਵਿਚ ਲੀਨ ਹੋਏ

ਜਾਣਦੇ ਹਨ ਕਿ ਇਸ ਦ੍ਰਿਸ਼ਟਮਾਨ ਦੁਨੀਆਂ ਤੋਂ ਪਰੇ ਹੋਰ ਵੀ ਅਨ-ਦ੍ਰਿਸ਼ਟ ਦੁਨੀਆਂ ਹੈ। ਦਿਮਾਗੀ ਪੱਧਰ ਤੇ ਅਨੁਮਾਨ ਲਾਉਣ ਨਾਲ, ਥਹੁ ਪਤੇ ਨਹੀਂ ਪੈਂਦੇ। ਇਹ ਗੱਲ ਸਦਾ ਮੁਖ ਰਖਣੀ ਚਾਹੀਦੀ ਹੈ। ਗੁਰੂ ਸਾਹਿਬਾਨ ਦੇ ਅਨੁਭਵੀ ਹਿਰਦੇ, ਇਸ ਗੱਲ ਦੀ ਸਪਸ਼ਟਤਾ ਨਾਲ ਹਾਮੀ ਭਰਦੇ ਹਨ ਕਿ ਹਰ ਇਕ ਦਾ ਲੇਖਾ, ਉਸ ਦੇ ਕਰਮਾਂ ਅਨੁਸਾਰ, ਉਸ ਅਨਡਿਠ ਦੁਨੀਆਂ ਵਿਚ ਲਿਆ ਜਾਂਦਾ ਹੈ ਤੇ ਸਜਾਵਾਂ ਮਿਲ ਰਹੀਆਂ ਹਨ। ਗੁਰਮਤਿ ਤਾਂ ਇਹ ਸਿਧਾਂਤ ਨਿਰੂਪਨ ਕਰ ਰਹੀ ਹੈ ਕਿ ਜਦ ਤਾਂਈ ਆਪਣੇ ਕੀਤੇ ਹੋਏ ਕੁਕਰਮਾਂ ਦਾ ਡਰ, ਜੀਵ ਸਦਾ ਆਪਣੇ ਸਾਹਮਣੇ ਨਹੀਂ ਰਖਦਾ, ਹਰੀ ਦੀ ਭਗਤੀ ਹੋ ਹੀ ਨਹੀਂ ਸਕਦੀ ਤੇ ਨਾ ਹੀ ਨਾਮ ਨਾਲ ਪਿਆਰ ਲਗਦਾ ਹੈ। ਜਿਹੜਾ ਕਿ ਹੇਠਲੇ ਗੁਰਵਾਕ ਦਰਸਾ ਰਹੇ ਹਨ :-

**"ਭੈ ਬਿਨੁ ਭਗਤਿ ਨ ਹੋਵਈ ਨਾਮਿ ਨ ਲਗੈ ਪਿਆਰੁ ॥**
**ਸਤਿਗੁਰਿ ਮਿਲਿਐ ਭਉ ਊਪਜੈ ਭੈ ਭਾਇ ਰੰਗੁ ਸਵਾਰਿ ॥"** **ਪੰਨਾ 788**

**ਭਾਵ ਅਰਥ :-** ਡਰ ਤੋਂ ਬਿਨਾਂ ਭਗਤੀ ਨਹੀਂ ਹੁੰਦੀ ਤੇ ਨਾ ਹੀ ਨਾਮ ਨਾਲ ਪਿਆਰ ਪੈਦਾ ਹੈ। ਸਤਿਗੁਰੂ ਨੂੰ ਮਿਲਣ ਕਰਕੇ, ਡਰ ਉਪਜਦਾ ਹੈ ਤੇ ਉਸ ਡਰ ਦੀ ਭਾਵਨਾ ਵਿਚ ਆਪਣੇ ਆਪ ਨੂੰ ਚੰਗੀ ਤਰ੍ਹਾਂ ਰੰਗ ਭਾਵ ਇਹ ਹੈ ਕਿ ਸਤਿਗੁਰੂ ਜੀ, ਜੋ ਦੰਡ ਪਾਪੀ ਪਾ ਰਹੇ ਹਨ ਉਹਨਾਂ ਤੋਂ ਜਾਣੂ ਕਰਵਾਉਂਦਾ ਹੈ ਤੇ ਸਿਖ ਦੇ ਹਿਰਦੇ ਵਿਚ ਡਰ ਪੈ ਜਾਂਦਾ ਹੈ ਤੇ ਉਹ ਭੈੜੇ ਕਰਮਾਂ ਤੋਂ ਸਦਾ ਬਚਦਾ ਹੈ ਤੇ ਆਪਣਾ ਜੀਵਨ ਇਸ ਭੈ ਦੀ ਭਾਵਨਾ ਵਿਚ ਸਵਾਰ ਕੇ ਬਣਾਉਂਦਾ ਹੈ।

**"ਭੈ ਬਿਨੁ ਲਾਗਿ ਨ ਲਗਈ ਨਾ ਮਨੁ ਨਿਰਮਲੁ ਹੋਇ ॥**
**ਬਨੁ ਭੈ ਕਰਮ ਕਮਾਵਣੇ ਝੂਠੇ ਠਾਉ ਨ ਕੋਇ ॥"** **ਪੰਨਾ 427**

**ਭਾਵ ਅਰਥ :-** ਡਰ ਬਿਨਾਂ, ਨਾਮ ਦੀ ਲਾਗ ਨਹੀਂ ਲਗਦੀ ਤੇ ਨਾ ਹੀ ਮਨ ਨਿਰਮਲ ਹੁੰਦਾ ਹੈ। ਬਿਨਾਂ ਡਰ ਦੇ ਜੋ ਕਰਮ ਕਮਾਉਂਦੇ ਹਨ, ਉਹ ਝੂਠੇ ਹਨ ਤੇ ਉਨ੍ਹਾਂ ਨੂੰ ਕੋਈ ਥਾਂ ਨਹੀਂ ਮਿਲਦੀ।

**"ਪਤਿ ਪਾਏ ਦਰਬਾਰਿ ਸਤਿਗੁਰ ਸਬਦਿ ਭੈ ॥"** **ਪੰਨਾ 751**

**ਭਾਵ ਅਰਥ :-** ਨਿਰੰਕਾਰ ਦੇ ਦਰਬਾਰ ਵਿਚ, ਸਤਿਗੁਰੂ ਦੇ ਸ਼ਬਦ ਦੁਅਰਾ, ਪਤ ਪੈਦੀ ਹੈ, ਭਾਵ ਸਤਿਗੁਰੂ ਦਸਦਾ ਹੈ ਕਿ ਅਗੇ ਬੜੀਆਂ ਸਜਾਵਾਂ ਮਿਲ ਰਹੀਆਂ ਹਨ ਤਾਂ ਤੇ ਤੂੰ ਸਾਵਧਧਾਨ ਹੋ ਤੇ ਪਾਪਾਂ ਤੋਂ ਬਚ। ਇਸ ਉਪਦੇਸ਼ ਨੇ ਜਗਿਆਸੂ ਦੇ ਮਨ ਵਿਚ ਡਰ ਪੈਦਾ ਕਰਨਾ ਹੈ ਤੇ ਨਾਮ ਜਪਾਉਣਾ ਹੈ।

ਸ੍ਰੀ ਗੁਰੂ ਅਮਰਦਾਸ ਜੀ ਤਾਂ ਨਿਰਣਾ ਦੇ ਰਹੇ ਹਨ ਕਿ ਬਿਨਾਂ ਡਰ ਤੋਂ ਕਦੇ ਭਗਤੀ ਹੋ ਨਹੀਂ ਸਕਦੀ। ਜਿਨ੍ਹਾਂ ਨੇ ਭਗਤੀ ਕੀਤੀ ਹੈ, ਉਨ੍ਹਾਂ ਨੇ ਭੈ ਦੀ ਭਾਵਨਾ ਅਧੀਨ ਕੀਤੀ ਹੈ।

**"ਭੈ ਬਿਨੁ ਭਗਤਿ ਨ ਹੋਈ ਕਬ ਹੀ ਭੈ ਭਾਇ ਭਗਤਿ ਸਵਾਰੀ ॥"** **ਪੰਨਾ 911**

ਸ੍ਰੀ ਗੁਰੂ ਨਾਨਕ ਦੇਵ ਪਾਤਸ਼ਾਹ ਜੀ ਫੁਰਮਾਉਂਦੇ ਹਨ ਕਿ ਡਰ ਤੋਂ ਬਿਨਾਂ ਭਰਮ ਭ੍ਰਾਂਤੀ ਨਹੀ ਕਟੀ ਜਾਂਦੀ ਤੇ ਨਾ ਹੀ ਨਾਮ ਨਾਲ ਕਦੇ ਪਿਆਰ ਲਗਦਾ ਹੈ। ਸਤਿਗੁਰੂ ਤੋਂ ਡਰ ਉਪਜਦਾ ਹੈ, ਤਾਂ ਸਿਖ ਮੁਕਤ ਦਵਾਰਾ ਪਾਉਂਦਾ ਹੈ। ਡਰ ਤੋਂ ਸਹਜ ਅਵਸਥਾ ਮਿਲਦੀ ਹੈ ਤੇ ਜੋਤੀ ਸਰੂਪ ਨਾਲ ਜੀਵ ਦੀ ਜੋਤੀ ਮਿਲ ਜਾਂਦੀ ਹੈ। ਡਰ ਤੋਂ ਇਹ ਸੰਸਾਰ ਸਮੁੰਦਰ, ਗੁਰਮੱਤਿ ਦੀ ਵੀਚਾਰ ਦਵਾਰਾ, ਲੰਘਿਆ ਜਾਂਦਾ ਹੈ। ਡਰ ਤੋਂ ਹੀ, ਨਿਰਭਉ, ਨਿਰੰਕਾਰ ਪਾਈਦਾ ਹੈ, ਜਿਸ ਨਿਰੰਕਾਰ ਦਾ ਅੰਤ ਨਹੀਂ ਤੇ ਨਾ ਉਰਵਾਰ ਤੇ ਪਾਰ ਹੈ। ਮਨਮੁਖ ਡਰ ਦੀ ਸਾਰ ਨਹੀਂ ਜਾਣਦੇ ਤੇ ਤ੍ਰਿਸ਼ਨਾ ਰੂਪੀ ਅਗਨੀ ਵਿਚ ਸੜਦੇ ਹੋਏ ਕੂਕ ਪੁਕਾਰਾਂ ਕਰ ਰਹੇ ਹਨ। ਸ਼ਬਦ ਇੰਜ ਹੈ :-

"ਭੈ ਬਿਨੁ ਭਰਮੁ ਨ ਕਟੀਐ ਨਾਮਿ ਨ ਲਗੈ ਪਿਆਰੁ ॥
ਸਤਿਗੁਰ ਤੇ ਭਉ ਊਪਜੈ ਪਾਈਐ ਮੋਖ ਦੁਆਰ ॥
ਭੈ ਤੇ ਸਹਜੁ ਪਾਈਐ ਮਿਲਿ ਜੋਤੀ ਜੋਤਿ ਅਪਾਰ ॥
ਭੈ ਤੇ ਭੈਜਲੁ ਲੰਘੀਐ ਗੁਰਮਤੀ ਵੀਚਾਰੁ ॥
ਭੈ ਤੇ ਨਿਰਭਉ ਪਾਈਐ ਜਿਸ ਦਾ ਅੰਤੁ ਨ ਪਾਰਾਵਾਰੁ ॥
ਮਨਮੁਖ ਭੈ ਕੀ ਸਾਰ ਨ ਜਾਣਨੀ ਤ੍ਰਿਸਨਾ ਜਲਤੇ ਕਰਹਿ ਪੁਕਾਰ ॥" ਪੰਨਾ 1288

ਫਿਰ ਸ੍ਰੀ ਹਜ਼ੂਰ ਫੁਰਮਾਉਂਦੇ ਹਨ ਕਿ ਜੀਵਨ ਦੀ ਘਾੜਤ, ਡਰ ਤੋਂ ਬਿਨਾਂ ਬਿਲਕੁਲ ਕੱਚੀ ਰਹਿੰਦੀ ਹੈ। ਜਿਵੇਂ ਬੇ-ਢਬੇ ਸੰਚੇ ਵਿਚ ਢਾਲੀ ਸ਼ੈ, ਬੇ ਢੱਬੀ ਹੁੰਦੀ ਹੈ ਭਾਵੇ ਉਹਨੂੰ ਕਿੰਨੀਆਂ ਹੀ ਸੱਟਾਂ ਮਾਰੀਏ, ਉਹ ਸੂਤ ਨਹੀਂ ਹੁੰਦੀ। ਡਰ ਤੋਂ ਬਿਨਾਂ ਕੋਈ ਸੰਸਾਰ ਸਾਗਰ ਤੋਂ ਪਾਰ ਨਹੀਂ ਲੰਘ ਸਕਦਾ।

"ਭੈ ਬਿਨੁ ਘਾੜਤ ਕਚੁ ਨਿਕਚ ॥ ਅੰਧਾ ਸਚਾ ਅੰਧੀ ਸਟ ॥" ਪੰਨਾ 151

"ਭੈ ਬਿਨੁ ਕੋਇ ਨ ਲੰਘਸਿ ਪਾਰਿ ॥" ਪੰਨਾ 151

ਤਾਂ ਤੇ ਹੇ ਭਾਈ ! ਡਰ ਰੂਪੀ ਖੁੰਬ ਵਿਚ ਮਨ ਰੂਪੀ ਕਪੜੇ ਨੂੰ ਚਾੜ੍ਹ ਕੇ ਭੈੜੇ ਕਰਮਾਂ ਤੋਂ ਸ਼ਰਮ ਕਰਨ ਦੀ ਪਾਹ, ਇਸ ਸਰੀਰ ਨੂੰ ਦੇ। ਹੇ ਨਾਨਕ ! ਜੇ ਇਹੋ ਜਿਹੀ ਭਗਤੀ ਵਿਚ ਕੋਈ ਰਚ ਜਾਏ ਤਾਂ ਉਸ ਦੇ ਨੇੜੇ ਝੂਠ ਨਹੀਂ ਢੁਕਦਾ।

"ਭੈ ਵਿਚਿ ਖੁੰਬਿ ਚੜਾਈਐ ਸਰਮੁ ਪਾਹੁ ਤਨਿ ਹੋਇ ॥
ਨਾਨਕ ਭਗਤੀ ਜੇ ਰਪੈ ਕੂੜੈ ਸੋਇ ਨ ਕੋਇ ॥ ਪੰਨਾ 468

ਸ੍ਰੀ ਹਜ਼ੂਰ ਮੁੜ ਦ੍ਰਿੜ੍ਹ ਕਰਾਉਂਦੇ ਹਨ ਕਿ ਹੇ ਨਾਨਕ ! ਜਿਨ੍ਹਾਂ ਦੇ ਮਨ ਵਿਚ ਡਰ ਹੁੰਦਾ ਹੈ, ਤਿਨਾਂ ਦੇ ਮਨ ਵਿਚ ਹੀ ਪਿਆਰ ਪੈਦਾ ਹੈ।

"ਨਾਨਕ ਜਿਨ੍ਹ ਮਨਿ ਭਉ ਤਿਨ੍ਹਾ ਮਨਿ ਭਾਉ ॥" ਪੰਨਾ 465

ਸ੍ਰੀ ਗੁਰੂ ਅਮਰਦਾਸ ਜੀ ਫੁਰਮਾਉਂਦੇ ਹਨ ਕਿ ਕੀਤੇ ਹੋਏ ਭੈੜੇ ਕਰਮਾਂ ਦੀਆਂ ਸਜ਼ਾਵਾਂ ਦਾ ਡਰ ਪੈਣ ਤੇ ਹੀ ਮਨ ਵਸ ਵਿਚ ਹੁੰਦਾ ਹੈ। ਫੇਰ ਜਗਿਆਸੂ ਆਪਣੀ ਅਪਣੱਤ ਛਡ ਕੇ, ਗੁਰੂ ਦੇ ਸ਼ਬਦ ਦੀ ਕਮਾਈ ਨਾਲ, ਹਉਮੈ ਨੂੰ ਸਾੜ ਦਿੰਦਾ ਹੈ। ਤੁਕ ਇਹ ਹੈ :-

"ਭੈ ਪਇਐ ਮਨੁ ਵਸਿ ਹੋਆ ਹਉਮੈ ਸਬਦਿ ਜਲਾਇ ॥" ਪੰਨਾ 645

ਉਤਲੇ ਲਿਖੇ ਹਰ ਇਕ ਪ੍ਰਮਾਣ ਵਿਚ ਪਦ ''ਭੈ'' ਦੀ ਵਰਤੋਂ ਕੀਤੀ ਗਈ ਹੈ। ਉਹ ਭੈ ਕੀ ਹੈ ? ਉਹ ਭੈ ਹੈ, ਕੀਤੇ ਹੋਏ ਕੁਕਰਮਾਂ ਦੀਆਂ ਸਜ਼ਾਵਾਂ ਦਾ ਡਰ, ਜਿਹੜੀਆਂ ਕਿ ਰਬ ਦੀ ਦਰਗਾਹ ਵਿਚ ਮਿਲਦੀਆਂ ਹਨ, ਜਿਹੋ ਜਿਹਾ ਕੋਈ ਕਰਮ ਕਰਦਾ ਹੈ, ਉਹੋ ਜਿਹਾ ਫਲ ਪਾਉਂਦਾ ਹੈ। ਆਪ ਬੀਜਦਾ ਹੈ ਤੇ ਆਪ ਹੀ ਵੱਢਦਾ ਹੈ।

"ਜੈਸਾ ਕਰੇ ਸੁ ਤੈਸਾ ਪਾਵੈ ॥ ਆਪਿ ਬੀਜਿ ਆਪੇ ਹੀ ਖਾਵੈ ॥" ਪੰਨਾ 662

ਆਸਾ ਦੀ ਵਾਰ ਵਿਚ ਵੀ ਫੁਰਮਾਣ ਹੈ ਕਿ ਆਪਣੇ ਕੀਤੇ ਹੋਏ ਕਰਮਾਂ ਦਾ ਲੇਖਾ ਆਪ ਹੀ ਭੁਗਤਣਾ ਪੈਂਦਾ ਹੈ। ਤੁਕ ਹੈ :-

"ਕੀਤਾ ਆਪੋ ਆਪਣਾ ਆਪੇ ਹੀ ਲੇਖਾ ਸੰਢੀਐ ॥" ਪੰਨਾ 473

ਗੁਰਮੱਤਿ ਸਪਸ਼ਟ ਫੁਰਮਾ ਰਹੀ ਹੈ ਕਿ ਸਾਰਿਆਂ ਦਾ ਦਰਗਾਹ ਵਿਚ ਲੇਖਾ ਹੋਣਾ ਹੈ ਤੇ ਸ਼ੁਭ ਕਰਨੀ ਬਿਨਾ ਕਿਸੇ ਨੇ ਨਹੀਂ ਤਰਨਾ।

**"ਸਭਨਾ ਕਾ ਦਰਿ ਲੇਖਾ ਹੋਇ ॥**

**ਕਰਣੀ ਬਾਝਹੁ ਤਰੈ ਨ ਕੋਇ ॥" ਪੰਨਾ 952**

ਧਰਮਰਾਜ ਦੀ ਕਚਹਿਰੀ ਵਿਚ, ਬਾਕੀ ਲਈ ਜਾਏਗੀ। ਕਿਨ੍ਹਾਂ ਤੋਂ ? ਉਤਰ ਵਿਚ ਫੁਰਮਾਉਂਦੇ ਹਨ ਕਿ ਜਿਨ੍ਹਾਂ ਹਰੀ ਦਾ ਨਾਮ ਵਿਸਾਰ ਦਿਤਾ ਹੈ ਤੇ ਮਨਮਾਨੀਆਂ ਕਰ ਰਹੇ ਹਨ। ਵਾਕ ਇਹ ਹੈ :-

**"ਧਰਮ ਰਾਇ ਕੀ ਬਾਕੀ ਲੀਜੈ ਜਿਨਿ ਹਰਿ ਕਾ ਨਾਮੁ ਵਿਸਾਰਾ ਹੇ ॥" ਪੰਨਾ 1029**

ਫਿਰ ਹਜ਼ੂਰ ਜੀ ਫੁਰਮਾਉਂਦੇ ਹਨ ਕਿ ਜਿਥੇ ਇਸ ਕੁਕਰਮੀ ਦੀ ਰੂਹ ਨੇ ਜਾਣਾ ਹੈ, ਉਹ ਗਲੀ ਖੰਡੇ ਦੀ ਧਾਰ ਵਾਂਗੂ ਹੈ ਤੇ ਭੀੜੀ ਹੈ। ਜਿਥੇ ਲੇਖਾ ਹੋਣਾ ਹੈ, ਉਥੇ ਤਿਲ ਵਾਂਗ ਪੀੜਿਆ ਜਾਣਾ ਹੈ।

**"ਖੰਡੇ ਧਾਰ ਗਲੀ ਅਤਿ ਭੀੜੀ ॥**

**ਲੇਖਾ ਲੀਜੈ ਤਿਲ ਜਿਉ ਪੀੜੀ ॥" ਪੰਨਾ 1028**

ਸ੍ਰੀ ਗੁਰੂ ਅਰਜਨ ਦੇਵਲ ਜੀ ਫੁਰਮਾਉਂਦੇ ਹਨ ਕਿ ਹੇ ਸ਼ੁਦਾਈ ! ਜਦ ਧਰਮ ਰਾਏ ਤੈਨੂੰ ਪਕੜੇਗਾ ਤਾਂ ਕੀ ਜਵਾਬ ਦੇਸੈਂ ?

**"ਧਰਮ ਰਾਇ ਜਬ ਪਕਰਸਿ ਬਵਰੇ ਤਬ ਕਿਆ ਜਬਾਬੁ ਕਰੇਇ ॥" ਪੰਨਾ 77**

ਜਿਹੜੇ ਸਜਣ ਇਹ ਆਖਦੇ ਹਨ ਕਿ ਪੁੰਨ ਤੇ ਪਾਪ ਇਕ ਅਖੌਤ ਹੈ, ਨਾ ਕੋਈ ਪੁੰਨ ਹੈ ਤੇ ਨਾ ਕੋਈ ਪਾਪ, ਐਵੇਂ ਡਰਾਵੇ ਹਨ, ਉਹ ਇਹ ਗੁਰੂ ਸਿਧਾਂਤ ਨੂੰ ਵਿਚਾਰਨ ਤੇ ਗੁਰੂ ਦੇ ਸਿੱਖ ਬਣਦੇ ਹੋਏ, ਗ੍ਰਹਿਣ ਕਰਨ।

**"ਪੁੰਨੀ ਪਾਪੀ ਆਖਣੁ ਨਾਹਿ ॥**

**ਕਰਿ ਕਰਿ ਕਰਣਾ ਲਿਖਿ ਲੈ ਜਾਹੁ ॥**

**ਆਪੇ ਬੀਜਿ ਆਪੇ ਹੀ ਖਾਹੁ ॥**

**ਨਾਨਕ ਹੁਕਮੀ ਆਵਹੁ ਜਾਹੁ ॥" ਪੰਨਾ 4**

**ਭਾਵ ਅਰਥ :-** ਪੁੰਨੀ ਤੇ ਪਾਪੀ ਆਖਣ ਮਾਤਰ ਨਹੀਂ। ਜੋ ਜੀਵ ਕਰਦਾ ਹੈ, ਉਹ ਨਾਲ ਲਿਖ ਕੇ ਲੈ ਜਾਂਦਾ ਹੈ। ਮਨੁੱਖ ਆਪ ਬੀਜਦਾ ਹੈ ਤੇ ਆਪੇ ਹੀ ਉਸ ਦਾ ਫਲ ਖਾਂਦਾ ਹੈ। ਹੇ

ਨਾਨਕ ! ਹੁਕਮੀ ਦੇ ਹੁਕਮ ਵਿਚ ਆਉਂਦਾ ਜਾਂਦਾ ਰਹਿੰਦਾ ਹੈ। ਦ੍ਰਿਸ਼ਟਮਾਨ ਸੰਸਾਰ ਵਿਚ ਤੱਤਾਂ ਦੀ ਰਚਨਾ ਹੈ ਤੇ ਜਿਸ ਵਿਚ ਧਰਤੀ ਧਰਮ ਕਮਾਉਣ ਲਈ ਹੈ। ਇਸ ਅੰਦਰ ਪਵਨ, ਪਾਣੀ, ਅਗਨੀ, ਪਤਾਲ, ਚੰਦ, ਸੂਰਜ ਆਦਿ ਰਚ ਦਿੱਤੇ ਹਨ। ਇਸ ਵਿਚ ਭਾਂਤ-ਭਾਂਤ ਦੇ ਰੰਗਾਂ ਦੇ ਜੀਵ ਰਚ ਦਿੱਤੇ ਹਨ। ਇਹ ਅਨੇਕ ਨਾਮਾਂ ਦੇ ਹਨ। ਜੋ ਕੁਝ ਇਹ ਜੀਵ, ਇਸ ਧਰਤੀ ਉੱਤੇ ਕਮਾਉਂਦੇ ਹਨ, ਉਨ੍ਹਾਂ ਦੇ ਕਰਮਾਂ ਦੀ ਵੀਚਾਰ ਹੋ ਰਹੀ ਹੈ। ਉਹ ਪ੍ਰਭੂ ਆਪ ਸਚਾ ਹੈ ਤੇ ਉਸ ਦਾ ਦਰਬਾਰ ਵੀ ਸਚਾ ਹੈ। ਉਸ ਦੇ ਦਰਬਾਰ ਵਿਚ ਸ੍ਰੇਸ਼ਟ ਪੰਚ ਪ੍ਰਵਾਨ ਹੋ ਕਰ, ਸੋਭਾ ਪਾਂਵਦੇ ਹਨ। ਉਨ੍ਹਾਂ ਉੱਤੇ ਨਦਰੀ ਦੀ ਬਖਸ਼ਸ਼ ਦਾ ਨਿਸ਼ਾਨ ਪੈਂਦਾ ਹੈ। ਕੱਚੇ ਤੇ ਪੱਕਿਆਂ ਦੀ ਪਛਾਣ ਉਥੇ ਹੁੰਦੀ ਹੈ। ਪਰ ਹੇ ਨਾਨਕ ! ਇਹ ਗਲਾਂ ਉਥੇ ਅਪੜ ਕੇ ਹੀ ਪਤਾ ਲਗਦੀਆਂ ਹਨ। ਪਉੜੀ ਇੰਜ ਹੈ :-

**"ਰਾਤੀ ਰੁਤੀ ਥਿਤੀ ਵਾਰ ॥ ਪਵਣ ਪਾਣੀ ਅਗਨੀ ਪਾਤਾਲ ॥**

ਤਿਸੁ ਵਿਚਿ ਧਰਤੀ ਥਾਪਿ ਰਖੀ ਧਰਮ ਸਾਲ ॥
ਤਿਸੁ ਵਿਚਿ ਜੀਅ ਜੁਗਤਿ ਕੇ ਰੰਗ ॥
ਤਿਨ ਕੇ ਨਾਮ ਅਨੇਕ ਅਨੰਤ ॥
ਕਰਮੀ ਕਰਮੀ ਹੋਇ ਵੀਚਾਰੁ ॥
ਸਚਾ ਆਪਿ ਸਚਾ ਦਰਬਾਰੁ ॥
ਤਿਥੈ ਸੋਹਨਿ ਪੰਚ ਪਰਵਾਣੁ ॥
ਨਦਰੀ ਕਰਮਿ ਪਵੈ ਨੀਸਾਣੁ ॥
ਕਚ ਪਕਾਈ ਓਥੈ ਪਾਇ ॥
ਨਾਨਕ ਗਇਆ ਜਾਪੈ ਜਾਇ ॥ ॥" ਪੰਨਾ 7

ਉਪਰਲੇ ਪ੍ਰਮਾਣ ਵਿਚ ਪਦ 'ਉਥੈ' ਦੀ ਵਰਤੋਂ ਹੈ। ਜੋ ਇਹ ਸਪਸ਼ਟ ਕਰਦੇ ਹਨ ਕਿ ਜਿਥੇ ਮਰ ਕੇ ਰੂਹ ਨੇ ਜਾਣਾ ਹੈ, ਇਹ ਪਦ ਉਥੇ ਲਈ ਹਨ। ਜਪੁਜੀ ਸਾਹਿਬ ਦੇ ਅੰਤ ਵਿਚ, ਮੁੜ ਇਹ ਚਿਤਾਵਨੀ ਦਿੰਦੇ ਹਨ ਕਿ ਜੀਵ ਵਲੋਂ ਕੀਤੀਆਂ ਹੋਈਆਂ ਚੰਗਿਆਈਆਂ ਤੇ ਬੁਰਿਆਈਆਂ, ਧਰਮ ਰਾਜ ਹਜ਼ੂਰੀ ਵਿਚ ਵਾਚ ਰਿਹਾ ਹੈ। ਕੋਈ ਆਪਣੇ ਕਰਮਾਂ ਕਰਕੇ ਪ੍ਰਭੂ ਦੇ ਨੇੜੇ ਹੈ ਤੇ ਕੋਈ ਦੂਰ ਹੈ।

"ਚੰਗਿਆਈਆ ਬੁਰਿਆਈਆ ਵਾਚੈ ਧਰਮੁ ਹਦੂਰਿ ॥
ਕਰਮੀ ਆਪੋ ਆਪਣੀ ਕੇ ਨੇੜੈ ਕੇ ਦੂਰਿ ॥" ਪੰਨਾ 8

ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਇਸ ਤੋਂ ਸਪਸ਼ਟ ਹੋਰ ਕੀ ਸਮਝਾਉਣ ? ਨਾਨਕ ਆਖਦਾ ਹੈ ਕਿ ਹੇ ਮਨ ! ਮੇਰੀ ਸਹੀ ਸਿਖਿਆ ਸੁਣ। ਲੇਖਾ ਰਬ ਮੰਗੇਗਾ, ਵਹੀ ਕੱਢ ਕੇ। ਜਿਹੜੇ ਨਾਮ ਤੋਂ ਆਕੀ ਹਨ, ਉਨ੍ਹਾਂ ਨੂੰ ਬਾਕੀ ਦੇਣ ਲਈ ਆਵਾਜ਼ਾਂ ਪੈਣਗੀਆਂ। ਉਨ੍ਹਾਂ ਉੱਤੇ ਜਮਦੂਤ ਮੁਕਰੱਰ ਹੋ ਜਾਣਗੇ। ਉਹ ਇਹੋ ਜਿਹੀ ਭੀੜੀ ਗਲੀ ਵਿਚ ਫੱਸ ਜਾਣਗੇ, ਜਿਸ ਵਿਚ ਕਿ ਆਵਣ ਜਾਣ ਨਹੀਂ ਸੁਝੇਗਾ। ਹੇ ਨਾਨਕ ! ਕੂੜ ਨੇ ਨਾਸ ਹੋ ਜਾਣਾ ਹੈ ਤੇ ਓੜਕ ਨੂੰ ਸਚ ਨੇ ਰਹਿਣਾ ਹੈ। ਪ੍ਰਮਾਣ ਹੈ :-

"ਨਾਨਕੁ ਆਖੈ ਰੇ ਮਨਾ ਸੁਣੀਐ ਸਿਖ ਸਹੀ ॥
ਲੇਖਾ ਰਬੁ ਮੰਗੇਸੀਆ ਬੈਠਾ ਕਢਿ ਵਹੀ ॥
ਤਲਬਾ ਪਉਸਨਿ ਆਕੀਆ ਬਾਕੀ ਜਿਨਾ ਰਹੀ ॥
ਅਜਰਾਈਲੁ ਫਰੇਸਤਾ ਹੋਸੀ ਆਇ ਤਈ ॥
ਆਵਣੁ ਜਾਣੁ ਨ ਸੁਝਈ ਭੀੜੀ ਗਲੀ ਫਹੀ ॥
ਕੂੜ ਨਿਖੁਟੇ ਨਾਨਕਾ ਓੜਕਿ ਸਚਿ ਰਹੀ ॥" ਪੰਨਾ 953

ਉਤਲੇ ਪ੍ਰਮਾਣ ਵਿਚ ਜੋ ਮਰਨ ਪਿਛੋਂ ਬੀਤੇਗੀ, ਉਸ ਦਾ ਵਰਣਨ ਹੈ। ਸ੍ਰੀ ਹਜ਼ੂਰ ਨੇ ਪਦ 'ਸਿਖ ਸਹੀ' ਦੀ ਵਰਤੋਂ ਕੀਤੀ ਹੈ। ਇਸ ਲਈ ਕਿ ਮਤਾਂ ਕੋਈ ਆਖੇ ਕਿ ਇਹ ਸਿਖਿਆ ਝੂਠ ਹੈ ਤੇ ਐਵੇਂ ਡਰਾਉਣ ਲਈ ਲਿਖ ਦਿੱਤੀ ਹੈ।

ਦਰਗਾਹ ਵਿਚ ਲੇਖੇ ਲੈਣ ਵਾਲੀ ਸਚਾਈ ਨੂੰ ਸ੍ਰੀ ਹਜ਼ੂਰ ਨੇ ਆਸਾ ਦੀ ਵਾਰ ਵਿਚ ਪੰਜ ਵਾਰੀ ਦ੍ਰਿੜ ਕਰਵਾਇਆ ਹੈ :-

"ਨਾਨਕ ਜੀਅ ਉਪਾਇ ਕੈ ਲਿਖਿ ਨਾਵੈ ਧਰਮੁ ਬਹਾਲਿਆ ॥
ਓਥੈ ਸਚੇ ਹੀ ਸਚਿ ਨਿਬੜੈ ਚੁਣਿ ਵਖਿ ਕਢੇ ਜਜਮਾਲਿਆ ॥
ਥਾਉ ਨ ਪਾਇਨਿ ਕੂੜਿਆਰ ਮੁਹ ਕਾਲ੍ਹੈ ਦੋਜਕਿ ਚਾਲਿਆ ॥
ਤੇਰੈ ਨਾਇ ਰਤੇ ਸੇ ਜਿਣਿ ਗਏ ਹਾਰਿ ਗਏ ਸਿ ਠਗਣ ਵਾਲਿਆ ॥
ਲਿਖਿ ਨਾਵੈ ਧਰਮੁ ਬਹਾਲਿਆ ॥" ਪੰਨਾ 463

**ਭਾਵ ਅਰਥ :-** ਹੇ ਨਾਨਕ ! ਸਿਰਜਣਾਹਰ ਪ੍ਰਭੂ ਨੇ ਜੀਅ ਪੈਦਾ ਕਰਕੇ ਉਨ੍ਹਾਂ ਦੇ ਲੇਖੇ ਲੈਣ ਲਈ ਧਰਮਰਾਜ ਬਿਠਾਇਆ ਹੋਇਆ ਹੈ। ਉਥੇ ਸਚ ਦੀ ਕਸਵੱਟੀ ਉੱਤੇ, ਸੱਚੇ ਹੀ ਨਿਬੜਦੇ ਹਨ ਤੇ ਝੂਠੇ ਕੁਕਰਮੀਆਂ ਨੂੰ ਕੋਈ ਥਾਂ ਨਹੀਂ ਮਿਲਦੀ। ਇਨ੍ਹਾਂ ਦਾ ਮੂੰਹ ਕਾਲਾ ਕਰਕੇ ਨਰਕ ਨੂੰ ਟੋਰ ਦਿੱਤਾ ਜਾਂਦਾ ਹੈ। ਜਿਹੜੇ ਨਿਰੰਕਾਰ ਦੇ ਨਾਮ ਵਿਚ ਰਚੇ ਹੋਏ ਹਨ, ਉਹ ਇਸ ਸੰਸਾਰ ਤੋਂ ਜਿਤ ਕੇ ਜਾਂਦੇ ਹਨ, ਤੇ ਠਗੀਆਂ ਕਰਨ ਵਾਲੇ, ਹਾਰ ਖਾ ਕੇ ਜਾਂਦੇ ਹਨ। ਇਹ ਸਹੀ ਸਮਝੋ ਕਿ ਲੇਖਾ ਲਿਖਣ ਲਈ ਧਰਮ ਰਾਜ ਬਹਾਲਿਆ ਹੋਇਆ ਹੈ, ਜੋ ਤੀਜੀ ਪਉੜੀ ਵਿਜ ਫੁਰਮਾਨ ਹੈ :-

"ਆਪੀਨ੍ਹੈ ਭੋਗ ਭੋਗਿ ਕੈ ਹੋਇ ਭਸਮੜਿ ਭਉਰੁ ਸਿਧਾਇਆ ॥
ਵਡਾ ਹੋਆ ਦੁਨੀਦਾਰੁ ਗਲਿ ਸੰਗਲੁ ਘਤਿ ਚਲਾਇਆ ॥
ਅਗੈ ਕਰਣੀ ਕੀਰਤਿ ਵਾਚੀਐ ਬਹਿ ਲੇਖਾ ਕਰਿ ਸਮਝਾਇਆ ॥
ਥਾਉ ਨ ਹੋਵੀ ਪਉਦੀਈ ਹੁਣਿ ਸੁਣੀਐ ਕਿਆ ਰੂਆਇਆ ॥
ਮਨਿ ਅੰਧੈ ਜਨਮੁ ਗਵਾਇਆ ॥" ਪੰਨਾ 464

**ਭਾਵ ਅਰਥ :-** ਇਸ ਜੀਵ ਨੇ ਆਪਣੇ ਆਪ ਨੂੰ ਭੋਗਿਆ ਤੇ ਭੋਗ ਕੇ ਭਸਮ ਦੀ ਢੇਰੀ ਹੋ ਗਿਆ, ਵਿਚੋਂ ਰੂਹ ਰੂਪ ਭੌਰਾ ਟੁਰ ਗਿਆ। ਜਦ ਦੁਨੀਆਂਦਾਰ ਮਰ ਗਿਆ, ਉਸ ਦੇ ਗਲ ਵਿਚ ਸੰਗਲ ਪਾ ਕੇ ਅਗੇ ਚਲਾ ਦਿੱਤਾ। ਅਗੇ ਕਰਨੀ ਕੀਰਤ ਵਾਚੀ ਜਾਂਦੀ ਹੈ ਤੇ ਬਹਾ ਕੇ, ਸਮਝਾ ਕੇ ਲੇਖਾ ਕੀਤਾ ਜਾਂਦਾ ਹੈ। ਪਾਪੀਆਂ ਨੂੰ ਸਜ਼ਾਵਾਂ ਤੋਂ ਬਚਣ ਲਈ ਕੋਈ ਥਾਂ ਨਹੀਂ ਲੱਭਦੀ। ਉਹ ਰੋਂਦੇ ਕੁਰਲਾਉਂਦੇ ਹਨ, ਪਰ ਉਨ੍ਹਾਂ ਦੇ ਰੋਣੇ ਨੂੰ ਕੋਈ ਨਹੀਂ ਸੁਣਦਾ। ਅੰਧੇ ਮਨ ਨੇ ਸਾਰਾ ਜਨਮ ਐਵੇਂ ਹੀ ਗਵਾ ਲਿਆ ਹੈ।

ਉਤਲੀ ਪਉੜੀ ਵਿਚ ਮਰਨ ਮਗਰੋਂ ਦੀਆਂ, ਦਰਗਾਹੇ ਹੁੰਦੀਆਂ ਗੱਲਾਂ, ਦਰਸਾਈਆਂ ਹਨ। ਪਦ ''ਅਗੈ'' ਦੀ ਵਰਤੋਂ ਸਿੱਧ ਕਰਦੀ ਹੈ ਕਿ ਇਥੇ ਸੰਸਾਰ ਵਿਚ ਨਹੀਂ, ਕਿਸੇ ਹੋਰ ਥਾਂ। ਉਥੇ ਗਲ ਵਿਚ ਸੰਗਲ ਪਾ ਕੇ ਲੈ ਜਾਇਆ ਜਾਂਦਾ ਹੈ। ਉਹ ਸਜਣ ਜਰਾ ਵਿਚਾਰਨ, ਜਿਹੜੇ ਆਖਦੇ ਹਨ ਕਿ ''ਮਾੜੇ ਕਰਮਾਂ ਦਾ ਫਲ, ਇਥੇ ਇਸੇ ਧਰਤੀ ਤੇ ਮਿਲ ਜਾਂਦਾ ਹੈ, ਅਗੇ ਲੇਖਾ ਲੈਣ ਵਾਲੀ ਗੱਲ ਐਵੇਂ ਬਣੀ ਹੋਈ ਹੈ। ਕੋਈ ਅੱਗਾ ਨਹੀਂ ਤੇ ਨਾ ਹੀ ਕੋਈ ਉੱਥੇ ਲੇਖਾ ਹੈ।''

ਅਗੇ ਦੇ ਲੇਖ ਦੀ ਗਲ ਨੂੰ ਇਹ 14 ਵੀ ਪਉੜੀ ਹੋਰ ਸਪਸ਼ਟ ਕਰਦੀ ਹੈ।

"ਕਪੜੁ ਰੂਪੁ ਸੁਹਾਵਣਾ ਛਡਿ ਦੁਨੀਆ ਅੰਦਰਿ ਜਾਵਣਾ ॥
ਮੰਦਾ ਚੰਗਾ ਆਪਣਾ ਆਪੇ ਹੀ ਕੀਤਾ ਪਾਵਣਾ ॥
ਹੁਕਮ ਕੀਏ ਮਨਿ ਭਾਵਦੇ ਰਾਹਿ ਭੀੜੈ ਅਗੈ ਜਾਵਣਾ ॥
ਨੰਗਾ ਦੋਜਕਿ ਚਾਲਿਆ ਤਾ ਦਿਸੈ ਖਰਾ ਡਰਾਵਣਾ ॥
ਕਰਿ ਅਉਗਣ ਪਛੋਤਾਵਣਾ ॥" ਪੰਨਾ 470

**ਭਾਵ ਅਰਥ :-** ਇਹ ਸਰੀਰ ਰੂਪੀ ਕਪੜਾ, ਜੋ ਸੁਹਾਵਣਾ ਹੈ, ਇਸ ਨੂੰ ਦੁਨੀਆਂ ਅੰਦਰ ਛਡ ਕੇ ਜਾਣਾ ਪੈਦਾ ਹੈ। ਚੰਗਾ ਮੰਦਾ ਜੋ ਜੀਵ ਕੰਮ ਕਰਦਾ ਹੈ, ਉਸ ਦਾ ਫਲ ਆਪ ਹੀ ਭੁਗਤਨਾ ਪੈਂਦਾ ਹੈ। ਜਿਹੜੇ ਇਸ ਦੁਨੀਆਂ ਅੰਦਰ ਮਨ ਭਾਉਂਦੇ ਹੁਕਮ ਕਰਦੇ ਹਨ, ਉਨ੍ਹਾਂ ਨੂੰ ਭੀੜੇ ਰਾਹਾਂ ਵਿਚੋਂ ਅਗੇ ਜਾਣਾ ਪੈਦਾ ਹੈ। ਨੰਗਿਆਂ ਨੂੰ ਨਰਕ ਵਲ ਭੇਜਿਆ ਜਾਂਦਾ ਹੈ ਤਾਂ ਉਹ ਬੜਾ ਡਰਾਉਣਾ ਦਿਸਦਾ ਹੈ। ਇਸ ਸੰਸਾਰ ਵਿਚ ਕੀਤੇ ਔਗੁਣਾਂ ਤੇ ਪਛਤਾਉਂਦਾ ਹੈ, ਜਦ ਉਸਨੂੰ ਅੱਗੇ ਦੰਡ ਮਿਲਦੇ ਹਨ।

ਉਪਰਲੀ ਪਉੜੀ ਵਿਚ ਵੀ ਪਦ 'ਅਗੈ' ਦੀ ਵਰਤੋਂ ਕੀਤੀ ਗਈ ਹੈ। ਇਹ ਇਸ ਲਈ ਕਿ ਕੋਈ ਭੁਲੇਖਾ ਨਾ ਖਾ ਜਾਏ ਕਿ ਅਗੇ ਕੁਝ ਨਹੀਂ ਹੈ। ਆਸਾ ਦੀ ਵਾਰ ਪਉੜੀ 19 ਵਿਚ ਫੁਰਮਾਉਂਦੇ ਹਨ ਕਿ ਹਰ ਇਕ ਨੂੰ ਆਪਣੇ ਕੀਤੇ ਕਰਮਾਂ ਦਾ ਲੇਖਾ ਭੁਗਤਣਾ ਪੈਸੀ।

**"ਕੀਤਾ ਆਪੋ ਆਪਣਾ ਆਪੇ ਹੀ ਲੇਖਾ ਸੰਢੀਐ ॥"** **ਪੰਨਾ 473**

ਸ੍ਰੀ ਹਜ਼ੂਰ ਫਿਰ 20 ਵੀਂ ਪਉੜੀ ਵਿਚ ਫੁਰਮਾਉਂਦੇ ਹਨ ਕਿ ਦਰਗਾਹੇ, ਇਕੋ ਨਿਆਏ ਕਰਨ ਵਾਲਾ ਹੈ ਤੇ ਕਲਮ ਵੀ ਏਕੋ ਹੈ। ਉਸ ਦੇ ਸਾਹਮਣੇ ਛੋਟੇ ਵੱਡੇ ਇਕੋ ਥਾਂ ਖੱੜੇ ਕੀਤੇ ਜਾਂਦੇ ਹਨ। ਕੋਈ ਕਿਸੇ ਵੱਡੇ ਦੀ ਰਿਆਇਤ ਨਹੀਂ ਹੁੰਦੀ। ਪਾਪੀਆਂ ਦਾ ਦਰ ਤੇ ਲੇਖਾ ਲੈਣ ਮਗਰੋਂ ਉਸ ਨੂੰ ਤਿਲਾਂ ਵਾਂਗ ਪੀੜਿਆ ਜਾਂਦਾ ਹੈ, ਹੇ ਨਾਨਕ !

**"ਦੀਬਾਨੁ ਏਕੋ ਕਲਮ ਏਕਾ ਹਮਾ ਤੁਮ੍ਾ ਮੇਲੁ ॥**
**ਦਰਿ ਲਏ ਲੇਖਾ ਪੀੜਿ ਛੁਟੈ ਨਾਨਕਾ ਜਿਉ ਤੇਲੁ ॥"** **ਪੰਨਾ 473**

ਦਰਗਾਹ ਦੇ ਜਾਣੂ, ਸਾਹਿਬ ਸ੍ਰੀ ਗੁਰੂ ਅਮਰਦਾਸ ਜੀ ਫੁਰਮਾਉਂਦੇ ਹਨ ਕਿ ਧਰਮ ਰਾਜੇ ਨੂੰ ਇਹ ਹੁਕਮ ਹੈ ਕਿ ਬਹਿ ਕੇ ਸਚਾ ਧਰਮ ਵੀਚਾਰਨਾ ਹੈ। ਤੇਰੀ ਹਕੂਮਤ, ਉਨ੍ਹਾਂ ਦਵੈਸ਼ ਵਿਚ ਪਈਆਂ ਹੋਈਆਂ ਦੁਸ਼ਟ ਆਤਮਾਵਾਂ ਤੇ ਹੈ ਤੇ ਜਿਹੜੇ ਅਧਿਆਤਮੀ, ਕੇਵਲ ਇਕ ਹਰੀ ਨੂੰ (ਜੋ ਗੁਣਾਂ ਦਾ ਭੰਡਾਰ ਹੈ) ਮਨ ਵਿਚ ਜਪਦੇ ਹਨ, ਜਿਹੜਾ ਹੰਕਾਰ ਨੂੰ ਨਾਸ਼ ਕਰਨ ਵਾਲਾ ਹਰੀ ਹੈ, ਉਸਨੂੰ ਹੀ ਸਿਮਰਦੇ ਹਨ, ਉਹ ਧਰਮਰਾਜ ਦੀ ਹਕੂਮਤ ਹੇਠਾਂ ਨਹੀਂ ਆਉਂਦੇ। ਉਨ੍ਹਾਂ ਦੀ ਤਾਂ ਧਰਮ ਰਾਜ ਸੇਵਾ ਕਰਦਾ ਹੈ। ਹੇ ਸਵਾਰਣਹਾਰ ! ਤੂੰ ਧੰਨ ਹੈ। ਸ਼ਬਦ ਹੈ :-

**"ਧਰਮ ਰਾਇ ਨੋ ਹੁਕਮੁ ਹੈ ਬਹਿ ਸਚਾ ਧਰਮੁ ਬੀਚਾਰਿ ॥**
**ਦੂਜੈ ਭਾਇ ਦੁਸਟੁ ਆਤਮਾ ਓਹੁ ਤੇਰੀ ਸਰਕਾਰ ॥**
**ਅਧਿਆਤਮੀ ਹਰਿ ਗੁਣ ਤਾਸੁ ਮਨਿ ਜਪਹਿ ਏਕੁ ਮੁਰਾਰਿ ॥**
**ਤਿਨ ਕੀ ਸੇਵਾ ਧਰਮ ਰਾਇ ਕਰੈ ਧੰਨੁ ਸਵਾਰਣਹਾਰੁ ॥"** **ਪੰਨਾ 38**

ਇਸ ਸਚਾਈ ਨੂੰ ਸਾਹਿਬ ਸ੍ਰੀ ਗੁਰੂ ਅਰਜਨ ਦੇਵ ਪਿਤਾ ਜੀ, ਐਉਂ ਦਰਸਾਉਂਦੇ ਹਨ ਕਿ ਜਿਹੜੇ ਪਾਪੀ ਭੈੜੇ ਕਰਮ ਕਮਾਉਂਦੇ ਹਨ, ਉਹ ਉਥੇ ਹਾਇ ! ਹਾਇ ! ਕਰਦੇ ਹਨ। ਹੇ ਨਾਨਕ ! ਜਿਵੇ ਮਧਾਣੀਆਂ ਦਹੀ ਨੂੰ ਰਿੜਕਦੀਆਂ ਹਨ, ਤਿਵੇਂ ਹੀ ਧਰਮ ਰਾਜਾ ਉਨ੍ਹਾਂ ਨੂੰ ਮੱਥ ਰਿਹਾ ਹੈ ਤੇ ਆਪਣੀ ਡਿਊਟੀ (ਧਰਮ) ਪੂਰੀ ਕਰ ਰਿਹਾ ਹੈ।

**"ਪਾਪੀ ਕਰਮ ਕਮਾਵਦੇ ਕਰਦੇ ਹਾਏ ਹਾਇ ॥**
**ਨਾਨਕ ਜਿਉ ਮਥਨਿ ਮਾਧਾਣੀਆ ਤਿਉ ਮਥੇ ਧ੍ਰਮ ਰਾਇ ॥"** **ਪੰਨਾ 1425**

ਫੇਰ ਸ੍ਰੀ ਹਜ਼ੂਰ ਚਿਤਾਵਨੀ ਦਿਵਾਉਂਦੇ ਹਨ ਕਿ ਕਿਉਂ ਤੂੰ ਬੂਹੇ ਬੰਦ ਕਰਕੇ ਤੇ ਹੋਰ ਅਨੇਕ ਪੜਦਿਆਂ ਵਿਚ ਪਰਾਈ ਇਤਸਰੀ ਨਾਲ ਖੇਹ ਉਡਾ ਰਿਹਾ ਹੈ ? ਜਦੋਂ ਤੇਰਾ ਲੇਖਾ ਚਿਤ੍ਰ ਗੁਪਤ

ਮੰਗਸੀ ਤਾਂ ਤੇਰਾ ਪੜਦਾ ਕੌਣ ਢੱਕੂ, ਭਾਵ ਸਾਵਧਾਨ ਰਹੋ, ਨਹੀਂ ਤਾਂ ਬੜੀ ਮਾਰ ਪਊ। ਤੁਕ ਇਹ ਹੈ :-

**"ਦੇਇ ਕਿਵਾੜ ਅਨਿਕ ਪੜਦੇ ਮਹਿ ਪਰ ਦਾਰਾ ਸੰਗਿ ਫਾਕੈ ॥**
**ਚਿਤ੍ਰ ਗੁਪਤੁ ਜਬ ਲੇਖਾ ਮਾਗਹਿ ਤਬ ਕਉਣੁ ਪੜਦਾ ਤੇਰਾ ਢਾਕੈ ॥"** **ਪੰਨਾ 616**

ਮਾਇਆ ਦੇ ਰੰਗ ਵਿਚ ਸੁੱਤੇ ਮਨ ਨੂੰ ਹਲੂਣਾ ਦੇ ਕਰ, ਸ੍ਰੀ ਹਜ਼ੂਰ ਜੀ ਫੁਰਮਾਉਂਦੇ ਹਨ ਕਿ ਹੋਰ ਪਾਸੇ ਰਤੇ ਹੋਏ ! ਕਿਸੇ ਬੇਲੀ ਨੇ ਤੇਰੇ ਨਾਲ ਨਹੀਂ ਜਾਣਾ, ਅਗਲਾ ਰਾਹ ਬੜਾ ਦੁਖਦਾਇਕ ਹੈ। ਹੇ ਪਾਪ ਕਮਾਂਵਦਿਆਂ ! ਤੇਰਾ ਕੋਈ ਮਿਤ੍ਰ ਨਾਲ ਨਹੀਂ ਹੋਣਾ, ਤੇਰੇ ਪਲੇ ਸਦਾ ਪਛਤਾਵੇ ਪੈਣਗੇ। ਕਿਉਂ ਨਹੀਂ ਤੂੰ ਰਸਨਾ ਨਾਲ, ਉਸ ਸਿਰਜਨਹਾਰ ਦੇ ਗੁਣ ਜਪਦਾ ? ਇਹ ਮਨੁੱਖਾ ਜਨਮ, ਮੁੜ ਨਹੀਂ ਮਿਲਣਾ। ਜਿਵੇਂ ਬਿਰਛ ਤੋਂ ਪੱਤੇ ਹੇਠਾਂ ਡਿਗੇ ਕਦੇ ਮੁੜ ਬਿਰਛ ਨਾਲ ਨਹੀਂ ਜੁੜਦੇ। ਜਮ ਦੇ ਰਸਤੇ, ਤੇਰੀ ਰੂਹ ਨੂੰ ਇਕਲਾ ਜਾਣਾ ਪਊ। ਨਾਨਕ ਬੇਨਤੀ ਕਰਦਾ ਹੈ ਕਿ ਹਰੀ ਦੇ ਨਾਮ ਬਿਨਾ ਇਹ ਜਿੰਦੜੀ ਸਦਾ ਦੁਖੀ ਫਿਰਦੀ ਹੈ। ਤੂੰ ਵਲ ਛਲ ਲੁਕ ਕੇ ਕਰਦਾ ਹੈ, ਪਰ ਅੰਤਰਜਾਮੀ ਨਿਰੰਕਾਰ ਸਭ ਜਾਣਦਾ ਹੈ। ਜਦ ਧਰਮਰਾਜ ਦੇ ਲੇਖੇ ਹੋਣਗੇ ਤਾਂ ਤਿਲਾਂ ਵਾਂਗ ਘਾਣੀ ਵਿਚ ਪੀੜਿਆ ਜਾਏਗਾ।

**"ਅਨ ਕਾਏ ਰਾਤੜਿਆ ਵਾਟ ਦੁਹੇਲੀ ਰਾਮ ॥**
**ਪਾਪ ਕਮਾਵਦਿਆ ਤੇਰਾ ਕੋਇ ਨ ਬੇਲੀ ਰਾਮ ॥**
**ਕੋਏ ਨ ਬੇਲੀ ਹੋਇ ਤੇਰਾ ਸਦਾ ਪਛੋਤਾਵਹੇ ॥**
**ਗੁਨ ਗੁਪਾਲ ਨ ਜਪਹਿ ਰਸਨਾ ਫਿਰਿ ਕਦਹੁ ਸੇ ਦਿਹ ਆਵਹੇ ॥**
**ਤਰਵਰ ਵਿਛੁੰਨੇ ਨਹ ਪਾਤ ਜੁੜਤੇ ਜਮ ਮਗਿ ਗਉਨੁ ਇਕੇਲੀ ॥**
**ਬਿਨਵੰਤ ਨਾਨਕ ਬਿਨੁ ਨਾਮ ਹਰਿ ਕੇ ਸਦਾ ਫਿਰਤ ਦੁਹੇਲੀ ॥**
**ਤੂੰ ਵਲਵੰਚ ਲੂਕਿ ਕਰਹਿ ਸਭ ਜਾਣੈ ਜਾਣੀ ਰਾਮ ॥**
**ਲੇਖਾ ਧਰਮ ਭਇਆ ਤਿਲ ਪੀੜੇ ਘਾਣੀ ਰਾਮ ॥"**

**ਪੰਨਾ 546**

ਸ੍ਰੀ ਹਜ਼ੂਰ ਇਸ ਸੰਸਾਰ ਨੂੰ ਇਕ ਬਿਰਖ ਵਾਗੂੰ ਦਸਦੇ ਹੋਏ ਫੁਰਮਾਉਂਦੇ ਹਨ, ਕਿ ਜਿਵੇਂ ਬਿਰਖ ਹੇਠਾਂ ਸਭ ਜੰਤ, ਰਾਤ ਪੈਣ ਤੇ, ਇੱਕਠੇ ਹੋ ਜਾਂਦੇ ਹਨ। ਉਨ੍ਹਾਂ ਵਿਚ ਕੋਈ ਤਿੱਖੀਆਂ ਤੇ ਤੱਤੀਆਂ ਬੋਲੀਆਂ ਬੋਲਦੇ ਹਨ ਤੇ ਕਈ ਮਿੱਠੀਆਂ ਤੇ ਮਨ ਨੂੰ ਭਾਉਣ ਵਾਲੀਆਂ ਬੋਲੀਆਂ ਬੋਲਦੇ ਹਨ। ਸੂਰਜ ਚੜ੍ਹਨ ਤੇ ਸਾਰੇ ਜੰਤ ਉਥੋਂ ਉਠ ਚਲੇ ਜਾਂਦੇ ਹਨ। ਪਰ ਇਹ ਗਲ ਸਦਾ ਚੇਤੇ ਰਖੋ ਕਿ ਪਾਪ ਕਰਨ ਵਾਲੇ ਅਵਸ਼ ਹੀ ਠਗੇ ਜਾਂਦੇ ਹਨ। ਉਨ੍ਹਾ ਨੂੰ ਜਮਦੂਤ ਫੜ ਫੜ ਕੇ ਕੋਹਦਾ ਹੈ। ਬਾਣੀਆ ਧਰਮਰਾਜ ਲੇਖਾ ਮੰਗਦਾ ਹੈ ਤੇ ਉਨ੍ਹਾਂ ਨੂੰ ਦੋਜ਼ਕ ਵਿਚ ਸੁਟਿਆ ਜਾਂਦਾ ਹੈ। ਤੇਰੇ ਨਾਲ ਨਾ ਕੋਈ ਭੈਣ ਨਾ ਕੋਈ ਭਰਾ ਜਾਣਾਂ ਹੈ। ਇਹ ਸਾਰਾ ਮਾਲ, ਜੋਬਨ ਵੀ, ਤੈਂ ਏਥੈ ਹੀ ਛਡ ਜਾਣਾ ਹੈ। ਉਸ ਸਿਰਜਨਹਾਰ ਤੇ ਬਖਸ਼ਨਹਾਰ ਨੂੰ ਤੂੰ ਕਿਉਂ ਨਹੀਂ ਜਪਦਾ ? ਚੇਤੇ ਰੱਖ, ਜਿਵੇਂ ਤਿਲ ਘਾਣੀ ਵਿਚ ਪੀੜੇ ਜਾਂਦੇ ਹਨ, ਤੂੰ ਪੀੜਿਆਂ ਜਾਏਗਾ। ਤੂੰ ਜ਼ੋਰ ਨਾਲ ਦੂਜੇ ਦੀਆਂ ਚੀਜ਼ਾਂ ਖੋਹ ਕੇ ਤੇ ਖੁਸ਼ ਹੋ ਕੇ ਲੈਂਦਾ ਹੈ। ਪਰ ਤੇਰੀਆਂ ਇਹ ਕਰਤੂਤਾਂ ਤੇਰੇ ਨਾਲ ਬੈਠਾ ਪਰਮੇਸ਼ਵਰ ਵੇਖ ਰਿਹਾ ਹੈ। ਸਾਰੀ ਦੁਨੀਆਂ ਲੋਭ ਰੂਪੀ ਟੋਏ ਵਿਚ ਪਈ ਹੋਈ ਹੈ। ਅਗਲੀ ਗਲ ਨੂੰ ਕੋਈ ਨਹੀਂ ਜਾਣਦਾ। ਜੰਮ ਜੰਮ ਕੇ ਜੀਵ ਮਰ ਰਹੇ ਹਨ ਤੇ ਮੁੜ ਮਰ ਮਰ ਕੇ ਜੰਮ ਰਹੇ ਹਨ। ਉਨ੍ਹਾਂ ਨੂੰ ਕੀਤੇ ਹੋਏ ਪਾਪਾਂ ਦੀਆਂ ਬਹੁਤ ਸਜ਼ਾਵਾਂ ਮਿਲ ਰਹੀਆਂ ਹਨ ਤੇ

ਬੜੇ ਲੰਮੇ ਦੇਸ਼ ਦੇ ਰਾਹ ਪੈ ਗਏ। ਇਹ ਜੀਵ ਅੰਨ੍ਹਾਂ ਹੋ ਰਿਹਾ ਹੈ। ਜਿਸ ਨੇ ਇਸ ਨੂੰ ਪੈਦਾ ਕੀਤਾ, ਉਸ ਨੂੰ ਜਾਣਦਾ ਨਹੀਂ ਤੇ ਦੁਖ ਸਹਿ ਰਿਹਾ ਹੈ। ਸ਼ਬਦ ਇਹ ਹੈ :-

"ਬਿਰਖੈ ਹੇਠਿ ਸਭਿ ਜੰਤ ਇਕਠੇ ॥ ਇਕਿ ਤਤੇ ਇਕਿ ਬੋਲਨਿ ਮਿਠੇ ॥
ਅਸਤੁ ਉਦੋਤੁ ਭਇਆ ਉਠਿ ਚਲੇ ਜਿਉ ਜਿਉ ਅਉਧ ਵਿਹਾਣੀਆ ॥
ਪਾਪ ਕਰੇਦੜ ਸਰਪਰ ਮੁਠੇ ॥ ਅਜਰਾਈਲਿ ਫੜੇ ਫੜਿ ਕੁਠੇ ॥
ਦੋਜਕਿ ਪਾਏ ਸਿਰਜਣਹਾਰੈ ਲੇਖਾ ਮੰਗੈ ਬਾਣੀਆ ॥
ਸੰਗਿ ਨ ਕੋਈ ਭਈਆ ਬੇਬਾ ॥ ਮਾਲੁ ਜੋਬਨੁ ਧਨੁ ਛੋਡਿ ਵਵੇਸਾ ॥
ਕਰਣ ਕਰੀਮ ਨ ਜਾਤੋ ਕਰਤਾ ਤਿਲ ਪੀੜੇ ਜਿਉ ਘਾਣੀਆ ॥
ਖੁਸਿ ਖੁਸਿ ਲੈਦਾ ਵਸਤੁ ਪਰਾਈ ॥ ਵੇਖੈ ਸੁਣੇ ਤੇਰੈ ਨਾਲਿ ਖੁਦਾਈ ॥
ਦੁਨੀਆ ਲਬਿ ਪਇਆ ਖਾਤ ਅੰਦਰਿ ਅਗਲੀ ਗਲ ਨ ਜਾਣੀਆ ॥
ਜਮਿ ਜਮਿ ਮਰੈ ਮਰੈ ਫਿਰਿ ਜੰਮੈ ॥ ਬਹੁਤੁ ਸਜਾਇ ਪਇਆ ਦੇਸਿ ਲੰਮੈ ॥
ਜਿਨਿ ਕੀਤਾ ਤਿਸੈ ਨ ਜਾਣੀ ਅੰਧਾ ਤਾ ਦੁਖੁ ਸਹੈ ਪਰਾਣੀਆ ॥" ਪੰਨਾ 1019

ਸ੍ਰੀ ਹਜ਼ੂਰ ਜੀ ਇਕ ਹੋਰ ਸ਼ਬਦ ਰਾਹੀਂ, ਜੋ ਧਰਮ ਰਾਜ ਦੇ ਮੰਡਲ ਵਿਚ, ਪਾਪੀਆਂ, ਕੁਕਰਮੀਆਂ, ਤੇ ਕਾਮੀਆਂ ਨੂੰ ਸਜ਼ਾਵਾਂ ਮਿਲਦੀਆਂ ਹਨ, ਉਸ ਦਾ ਵਰਣਨ ਇੰਜ ਕਰਦੇ ਹਨ :-

"ਗੁਪਤੁ ਕਰਤਾ ਸੰਗਿ ਸੋ ਪ੍ਰਭੁ ਡਹਕਾਵਏ ਮਨੁਖਾਇ ॥
ਬਿਸਾਰਿ ਹਰਿ ਜੀਉ ਬਿਖੈ ਭੋਗਹਿ ਤਪਤ ਥੰਮ ਗਲਿ ਲਾਇ ॥
ਰੇ ਨਰ ਕਾਇ ਪਰ ਗ੍ਰਿਹਿ ਜਾਇ ॥
ਕੁਚਲ ਕਠੋਰ ਕਾਮਿ ਗਰਧਭ ਤੁਮ ਨਹੀ ਸੁਨਿਓ ਧਰਮ ਰਾਇ ॥" ਪੰਨਾ 1001

**ਭਾਵ ਅਰਥ :-** ਹੇ ਗੰਦੇ, ਕਠੋਰ ਤੇ ਕਾਮੀ ਖੋਤੇ, ਤੂੰ ਕਦੀ ਧਰਮਰਾਇ ਨਹੀਂ ਸੁਣਿਆ ? ਤੂੰ ਲੁਕ ਕੇ ਤੇ ਹਰੀ ਨੂੰ ਵਿਸਾਰ ਕੇ, ਵਿਸ਼ੇ ਭੋਗ ਰਿਹਾ ਹੈ ਤੇ ਮਨੁਖਾਂ ਨੂੰ ਵਲ ਛਲ ਕਰਕੇ ਠੱਗ ਰਿਹਾ ਹੈ ਤੇ ਨਾਲ ਹੀ ਪਰਾਈਆਂ ਇਸਤਰੀਆਂ ਨਾਲ ਵਿਭਚਾਰ ਕਰ ਰਿਹਾ ਹੈਂ। ਤੇਰੀਆਂ ਇਹ ਸਾਰੀਆਂ ਭੈੜੀਆਂ ਕਰਤੂਤਾਂ-ਜੋ ਸਿਰਜਨਹਾਰ ਤੇਰੇ ਨਾਲ ਹੈ-ਵੇਖ ਰਿਹਾ ਹੈ। ਚੇਤੇ ਰੱਖ, ਅੱਗੇ ਜਾ ਕੇ ਤੈਨੂੰ ਤਪਦੇ ਲੋਹੇ ਦੇ ਥੰਮਾਂ ਨਾਲ ਲਾਇਆ ਜਾਏਗਾ।

ਸ੍ਰੀ ਗੁਰੂ ਅਮਰਦਾਸ ਜੀ ਫੁਰਮਾਉਂਦੇ ਹਨ ਕਿ ਹੇ ਪ੍ਰਾਣੀ ! ਤੂੰ ਰਾਤਾਂ ਨੂੰ ਫਾਹੇ ਲੈ ਕੇ ਟੁਰਦਾ ਹੈਂ ਪਰ ਪ੍ਰਭੂ ਅੰਤਰਜਾਮੀ ਸਭ ਜਾਣਦਾ ਹੈ। ਪਰਾਈਆਂ ਇਸਤਰੀਆਂ ਨੂੰ ਅੰਦਰ ਲੁਕ ਕੇ ਭੋਗਦਾ ਹੈ। ਔਖੀ ਤੋਂ ਔਖੀ ਥਾਂ ਤੇ ਸੰਨ੍ਹ ਦਿੰਦਾ ਹੈ ਤੇ ਧਨ, ਸੰਨ੍ਹ ਲਾ ਕੇ, ਚੁਰਾ ਲਿਆਉਂਦਾ ਹੈ, ਉਸ ਨਾਲ ਸ਼ਰਾਬ ਦੇ ਨਸ਼ੇ ਨੂੰ ਮਿੱਠਾ ਜਾਣ ਕਰ ਮਾਣਦਾ ਹੈ। ਇਹੋ ਜਿਹੇ ਆਪੂੰ ਕੀਤੇ ਕਰਮਾਂ ਤੇ ਤੈਨੂੰ ਪਛਤਾਉਣਾ ਪੈਣਾ ਏ। ਜਮਦੂਤ, ਤਿਲਾਂ ਵਾਂਗੂੰ ਘਾਣੀ 'ਚ ਪੀੜੇਗਾ। ਵਾਕ ਇਹ ਹੈ :-

"ਲੈ ਫਾਹੇ ਰਾਤੀ ਤੁਰਹਿ ਪ੍ਰਭੁ ਜਾਣੈ ਪ੍ਰਾਣੀ ॥
ਤਕਹਿ ਨਾਰਿ ਪਰਾਈਆ ਲੁਕਿ ਅੰਦਰਿ ਠਾਣੀ ॥
ਸੰਨ੍ਹੀ ਦੇਨ੍ਹਿ ਵਿਖੰਮ ਥਾਇ ਮਿਠਾ ਮਦੁ ਮਾਣੀ ॥

**ਕਰਮੀ ਆਪੋ ਆਪਣੀ ਆਪੇ ਪਛੁਤਾਣੀ ॥**
**ਅਜਰਾਈਲੁ ਫਰੇਸਤਾ ਤਿਲ ਪੀੜੇ ਘਾਣੀ ॥''** ਪੰਨਾ 315

ਤੀਜੀ ਪਾਤਸ਼ਾਹੀ ਸਾਹਿਬ ਸ੍ਰੀ ਗੁਰੂ ਅਮਰਦਾਸ ਜੀ ਫੁਰਮਾਉਂਦੇ ਹਨ ਕਿ ਹਉਮੈ ਦੇ ਕਰਮ ਕਰਦਿਆਂ ਨੇ ਆਪਣਾ ਜਨਮ ਗਵਾ ਲਿਆ ਹੈ। ਅਗੇ, ਇਸ ਮੋਹ ਮਾਇਆ ਨੇ ਸਹਾਈ ਨਹੀਂ ਹੋਣਾ। ਅੱਗੇ ਜਮਕਾਲ ਲੇਖਾ ਲਵੇਗਾ ਤੇ ਤਿਲਾਂ ਵਾਂਗੂੰ ਘਾਣੀ ਵਿਚ ਪੀੜਿਆ ਜਾਏਗਾ।

ਵਾਕ ਇਹ ਹੈ :-

**''ਹਉਮੈ ਕਰਦਿਆ ਜਨਮੁ ਗਵਾਇਆ ॥**
**ਆਗੈ ਮੋਹੁ ਨ ਚੂਕੈ ਮਾਇਆ ॥**
**ਅਗੈ ਜਮਕਾਲੁ ਲੇਖਾ ਲੇਵੈ ਜਿਉ ਤਿਲ ਘਾਣੀ ਪੀੜਾਇਦਾ ॥''** ਪੰਨਾ 1063

ਉਤਲੇ ਪ੍ਰਮਾਣ ਵਿਚ ਪਦ ''ਅਗੈ'' ਦੀ ਵਰਤੋਂ ਹੈ। ਸ੍ਰੀ ਗੁਰੂ ਨਾਨਕ ਦੇਵ ਪਾਤਸ਼ਾਹ ਜੀ, ਅਗੇ ਜਾ ਕਰ ਜੋ ਬੀਤਦੀ ਹੈ, ਉਸ ਬਾਰੇ ਫੁਰਮਾਉਂਦੇ ਹਨ ਕਿ ਹਉਮੈ ਦਾ ਸੜਿਆ ਹੋਇਆ, ਪ੍ਰਭੂ ਨੂੰ ਮਨੋਂ ਵਿਸਾਰ ਦਿੰਦਾ ਹੈ। ਇਹੋ ਜਿਹੇ ਨੂੰ ਜਮਪੁਰੀ ਵਿਚ ਕਰੜੀਆਂ ਖੜਗਾਂ ਵਜਦੀਆਂ ਹਨ। ਇਨ੍ਹਾਂ ਸਜ਼ਾਵਾਂ ਨੂੰ ਭੁਗਤਦਾ ਹੋਇਆ ਅਪਰਾਧੀ, ਖਿਮਾਂ ਮੰਗਦਾ ਹੈ ਤੇ ਪ੍ਰਭੂ ਦਾ ਨਾਮ ਮੰਗਦਾ ਹੈ। ਪਰ ਸਾਹਿਬ ਜੀ ਫੁਰਮਾਉਂਦੇ ਹਨ ਕਿ ਹੁਣ ਨਾਮ ਨਹੀਂ ਮਿਲਦਾ। ਤਾਂ ਤੇ ਜੀਵ ! ਤੂੰ ਭਾਰੀਆਂ ਸਜ਼ਾਵਾਂ ਝਲ। ਮਨੁੱਖੀ ਮਨ ਸੰਸਾਰ ਵਿਜ ਮੋਹ ਮਾਇਆ ਦੇ ਖਿਆਲ ਵਿਚ ਰਚ ਜਾਂਦਾ ਹੈ। ਇਹੋ ਜਿਹਾ ਜੀਵ ਜਮਪੁਰੀ ਵਿਚ ਜਮਾਂ ਦੇ ਜਾਲ ਅੰਦਰ ਫਾਥੇਗਾ। ਇਥੇ ਮਮਤਾ ਦੇ ਬੰਧਨ ਤੋੜ ਨਹੀਂ ਸਕਦਾ ਤੇ ਪੂਰੇ ਖਿਆਲ ਨਾਲ ਉਨ੍ਹਾਂ ਵਿਚ ਗੜੁੰਦ ਹੈ। ਇਹੋ ਜਿਹੇ ਨੂੰ ਜਮ ਖੱਜਲ ਤੇ ਖੁਆਰ ਕਰਦੇ ਹਨ। ਸ਼ਬਦ ਇਹ ਹੈ :-

**''ਹਉਮੈ ਜਲਿਆ ਮਨਹੁ ਵਿਸਾਰੇ ॥ ਜਮ ਪੁਰਿ ਵਜਹਿ ਖੜਗ ਕਰਾਰੇ ॥**
**ਅਬ ਕੈ ਕਹਿਐ ਨਾਮੁ ਨ ਮਿਲਈ ਤੂ ਸਹੁ ਜੀਅੜੇ ਭਾਰੀ ਜੀਉ ॥**
**ਮਾਇਆ ਮਮਤਾ ਪਵਹਿ ਖਿਆਲੀ ॥ ਜਮ ਪੁਰਿ ਫਾਸਹਿਗਾ ਜਮ ਜਾਲੀ ॥**
**ਹੇਤ ਕੇ ਬੰਧਨ ਤੋੜਿ ਨ ਸਾਕਹਿ ਤਾ ਜਮੁ ਕਰੇ ਖੁਆਰੀ ਜੀਉ ॥''** ਪੰਨਾ 993

ਇਕ ਹੋਰ ਸ਼ਬਦ ਵਿਚ ਸ੍ਰੀ ਹਜ਼ੂਰ ਫੁਰਮਾਉਂਦੇ ਹਨ ਕਿ ਐਸੇ ਅਪਰਾਧੀ ਦੀ ਹਾਲਤ ਬੜੀ ਭੈੜੀ ਹੁੰਦੀ ਹੈ। ਜਮ੍ਹਾਂ ਦੇ ਦਰ ਵਿਚ ਬਧੇ ਹੋਏ ਨੂੰ ਸਜ਼ਾਵਾਂ ਮਿਲਦੀਆਂ ਹਨ। ਇਨ੍ਹਾਂ ਤੋਂ ਪੀੜ੍ਹਤ ਹੋ ਕਰ ਉਹੀ ਦੋਸ਼ੀ ਕੀਰਨੇ ਪਾਉਂਦਾ ਹੈ ਤੇ ਪੀੜਾਂ ਨਾਲ ਹਾਏ ਹਾਏ ਕਰਦਾ ਹੈ। ਜਿਵੇਂ ਮੱਛੀ ਕੁੰਡੀ ਵਿਚ ਪਰੋਤੀ ਹੋਈ ਤੜਫਦੀ ਹੈ। ਇਹ ਪਾਪੀ ਇਕਲਾ ਹੀ ਫਾਂਸੀ ਤੇ ਚੜ੍ਹਦਾ ਹੈ ਭਾਵ ਇਹ ਕਿ ਜਿਨ੍ਹਾਂ ਲਈ ਇਸ ਅਪਰਾਧੀ ਨੇ ਪਾਪ ਕਮਾਏ, ਉਹ ਨਹੀਂ। ਇਹ ਇਕੱਲਾ ਹੀ ਕਰਮਾਂ ਦਾ ਭੋਗ ਉਥੇ ਭੋਗਦਾ ਹੈ। ਇਹ ਦੁਖੀ ਹੋਇਆ ਅੰਨ੍ਹਾਂ ਅਪਰਾਧੀ-ਜਮ੍ਹਾਂ ਦੇ ਵਸ ਪਿਆ-ਦੁੱਖ ਭੋਗਦਾ ਹੈ। ਤਾਂ ਤੇ ਰਾਮ ਦਾ ਨਾਮ ਜਪਣਾ ਚਾਹੀਦਾ ਹੈ। ਇਸ ਹਰੀ ਰਾਮ ਤੋਂ ਬਿਨਾਂ ਮਾਇਆ ਤੋਂ ਛੁਟਕਾਰਾ ਨਹੀਂ ਮਿਲਦਾ। ਅੱਜ ਕੱਲ੍ਹ ਵਿਚ ਸਾਰਿਆਂ ਨੇ ਮਰ ਜਾਣਾ ਹੈ ਭਾਵ ਸ੍ਰੀ ਹਜ਼ੂਰ ਪ੍ਰੇਰਨਾ ਬਖਸ਼ ਰਹੇ ਹਨ ਕਿ ਹੇ ਪਾਪਾਂ ਵਿਚ ਪਏ ਬੰਦਿਓ ! ਪਾਪਾਂ ਤੋਂ ਬਚੋ। ਅੱਗੇ ਬੜੀਆਂ ਅਸਹਿ ਸਜ਼ਾਵਾਂ ਮਿਲ ਰਹੀਆਂ ਹਨ। ਸ਼ਬਦ ਇੰਜ ਹੈ :-

**''ਜਮ ਦਰਿ ਬਾਧੇ ਮਿਲਹਿ ਸਜਾਈ ॥ ਤਿਸੁ ਅਪਰਾਧੀ ਗਤਿ ਨਹੀ ਕਾਈ ॥**
**ਕਰਣ ਪਲਾਵ ਕਰੇ ਬਿਲਲਾਵੈ ਜਿਉ ਕੁੰਡੀ ਮੀਨੁ ਪਰਾਤਾ ਹੇ ॥**

ਸਾਕਤ ਫਾਸੀ ਪੜੈ ਇਕੇਲਾ ॥ ਜਮ ਵਸਿ ਕੀਆ ਅੰਧੁ ਦੁਹੇਲਾ ॥
ਰਾਮ ਨਾਮ ਬਿਨੁ ਮੁਕਤਿ ਨ ਸੂਝੈ ਆਜੁ ਕਾਲਿ ਪਚਿ ਜਾਤਾ ਹੇ ॥" ਪੰਨਾ 1031

ਇਕ ਥਾਂ ਹੋਰ ਸ੍ਰੀ ਹਜ਼ੂਰ ਫੁਰਮਾਉਂਦੇ ਹਨ ਕਿ ਰਬ ਦੇ ਬੰਦੀਖਾਨੇ ਵਿਚ ਕੈਦੀਆਂ (ਅਪਰਾਧੀਆਂ) ਦੇ ਗਲਾਂ ਵਿਚ ਜੰਜੀਰਾਂ ਪਈਆਂ ਹੁੰਦੀਆਂ ਹਨ। ਇਸ ਕੈਦਖਾਨੇ ਵਿਚ ਚੋਰ, ਯਾਰ ਤੇ ਜੁਆਰੀਏ, ਘਾਣੀ ਵਿਚ ਜਿਵੇਂ ਤਿਲ ਪੀੜੇ ਜਾਂਦੇ ਹਨ, ਇਵੇਂ ਪੀੜੇ ਜਾਂਦੇ ਹਨ। ਨਿੰਦਕਾਂ ਤੇ ਬੇਇਤਬਾਰਾਂ ਨੂੰ ਬੇੜੀਆਂ ਪਈਆਂ ਹੋਈਆਂ ਹਨ। ਪ੍ਰਮਾਣ ਇਹ ਹੈ :-

"ਇਕਨਾ ਗਲੀਂ ਜੰਜੀਰ ਬੰਦਿ ਰਬਾਣੀਐ ॥ ਪੰਨਾ 1287

...... ..... ...... ...... ...... .......

ਚੋਰ ਜਾਰ ਜੂਆਰ ਪੀੜੇ ਘਾਣੀਐ ॥
ਨਿੰਦਕ ਲਾਇਤਬਾਰ ਮਿਲੇ ਹੜ੍ਵਾਣੀਐ ॥" ਪੰਨਾ 1288

ਹੁਣ ਸ੍ਰੀ ਕਬੀਰ ਸਾਹਿਬ ਭਗਤ ਜੀ ਦੇ ਅਨੁਭਵ ਵੀਚਾਰੀਏ। ਆਪ ਜੀ ਫੁਰਮਾਉਂਦੇ ਹਨ ਕਿ ਜਦ ਜਮ ਨੇ ਕੇਸਾਂ ਤੋ ਆ ਕੇ ਤੈਨੂੰ ਫੜਿਆ ਤੇ ਪਟਕਾਇਆ ਤਾਂ ਉਸ ਵੇਲੇ ਤੇਰੀ ਪੇਸ਼ ਨਹੀਂ ਚਲਣੀ। ਇਸ ਸੰਸਾਰ ਵਿਚ ਜਨਮ ਲੈ ਕੇ ਤੂੰ ਸਿਮਰਨ, ਭਜਨ ਤੇ ਦਇਆ ਨਹੀਂ ਕੀਤੀ ਤਾਂ ਤੂੰ ਮੂੰਹ ਤੇ ਚੋਟਾਂ ਖਾਏਗਾ। ਜਦ ਧਰਮ ਰਾਜ ਲੇਖਾ ਮੰਗੂ ਤਾਂ ਕੀ ਮੁਖ ਲੈ ਕੇ ਜਾਏਗਾ ? ਸ਼ਬਦ ਇਹ ਹੈ :-

"ਜਉ ਜਮੁ ਆਇ ਕੇਸ ਗਹਿ ਪਟਕੈ ਤਾ ਦਿਨ ਕਿਛੁ ਨ ਬਸਾਹਿਗਾ ॥
ਸਿਮਰਨੁ ਭਜਨੁ ਦਇਆ ਨਹੀ ਕੀਨੀ ਤਉ ਮੁਖਿ ਚੋਟਾ ਖਾਹਿਗਾ ॥
ਧਰਮ ਰਾਇ ਜਬ ਲੇਖਾ ਮਾਗੈ ਕਿਆ ਮੁਖੁ ਲੈ ਕੈ ਜਾਹਿਗਾ ॥" ਪੰਨਾ 1106

ਫਿਰ ਇਕ ਹੋਰ ਸ਼ਬਦ ਵਿਚ ਸ੍ਰੀ ਹਜ਼ੂਰ ਫੁਰਮਾਉਂਦੇ ਹਨ ਕਿ ਕੀਤੇ ਹੋਏ ਅਮਲਾਂ ਦਾ ਲੇਖਾ ਦੇਣਾ ਪੈਂਦਾ ਹੈ। ਕਰੜੇ ਜਮਦੂਤ ਲੈਣ ਲਈ ਆ ਗਏ। ਆ ਕੇ ਆਖਦੇ ਹਨ ਕਿ ਛੇਤੀ ਟੁਰ'। ਧਰਮਰਾਜ ਨੇ ਬੁਲਾਇਆ ਹੈ। ਤੂੰ ਇਸ ਸੰਸਾਰ ਵਿਚ ਕੀ ਖਟਿਆ ਹੈ ਤੇ ਕੀ ਗਵਾਇਆ ਹੈ ? ਉਥੇ ਲੇਖਾ ਹੋਣਾ ਹੈ। ਇਹ ਗੱਲ ਜਮਦੂਤਾਂ ਦੀ ਸੁਣ ਕੇ ਵਢੀ ਦੇਣ ਦੀਆਂ ਡੂੰਘੀਆਂ ਝਸਾਂ ਪਈਆਂ ਹੋਣ ਵਾਲਾ ਬੰਦਾ ਉਨ੍ਹਾਂ ਜਮਦੂਤਾਂ ਨੂੰ ਆਖਦਾ ਹੈ, ''ਮੈਂ ਅਰਦਾਸ ਕਰਦਾ ਹਾਂ ਕਿ ਕੁਝ ਪਿੰਡਾਂ ਦੀ ਉਗਰਾਹੀ ਬਾਕੀ ਕਰਨੀ ਰਹਿ ਗਈ ਹੈ। ਅੱਜ ਦੀ ਰਾਤ ਵਿਚ ਉਹ ਨਿਬੇੜ ਲਵਾਂਗਾ ਤਾਂ ਕਿ ਮੇਰੀ ਸੰਤਾਨ ਨੂੰ ਕੋਈ ਉਗਰਾਹੀ ਕਰਨ ਦੀ ਤਕਲੀਫ ਨਾ ਹੋਵੇ। ਮੈਂ ਤੁਹਾਡੇ ਨਾਲ ਪੱਕਾ ਵਾਇਦਾ ਕਰਦਾ ਹਾਂ ਕਿ ਸਵੇਰ ਦੀ ਨਿਮਾਜ਼ ਰਾਹ ਵਿਚ, ਤੁਹਾਡੇ ਨਾਲ ਪੜ੍ਹਾਂਗਾ। ਕੇਵਲ ਇਕ ਹੀ ਰਾਤ ਮੈਨੂੰ ਦੇਵੋ। ਇਕ ਦੀ ਮੋਹਲਤ ਲਈ, ਜੋ ਤੁਸੀਂ ਮੰਗੋ, ਮੈਂ ਦੇਣ ਲਈ ਤਿਆਰ ਹਾਂ।''

ਉਪਰੋਕਤ ਗਲ ਸੁਣ ਕੇ ਜਮਦੂਤ ਬੋਲੇ, ''ਇਸੀ ਹਾਲ ਚਲ ਤੇ ਹੁਣੇ ਹੀ ਚਲ। ਕਚਹਿਰੀ ਦੇ ਹਾਕਮ, ਧਰਮ ਰਾਜ ਨੇ ਬੁਲਾਇਆ ਹੈ। ਅਸੀ ਤੈਨੂੰ ਇਕ ਰਾਤ ਕੀ, ਇਕ ਪਲ ਵੀ ਨਹੀਂ ਦੇ ਸਕਦੇ।'' ਸ਼ਬਦ ਇਹ ਹੈ :-

"ਅਮਲੁ ਸਿਰਾਨੋ ਲੇਖਾ ਦੇਨਾ ॥
ਆਏ ਕਠਿਨ ਦੂਤ ਜਮ ਲੇਨਾ ॥
ਕਿਆ ਤੈ ਖਟਿਆ ਕਹਾ ਗਵਾਇਆ ॥
ਚਲਹੁ ਸਿਤਾਬ ਦੀਬਾਨਿ ਬੁਲਾਇਆ ॥

ਚਲੁ ਦਰਹਾਲੁ ਦੀਵਾਨਿ ਬੁਲਾਇਆ ॥
ਹਰਿ ਫੁਰਮਾਨੁ ਦਰਗਹ ਕਾ ਆਇਆ ॥ ਰਹਾਉ ॥
ਕਰਉ ਅਰਦਾਸਿ ਗਾਵ ਕਿਛੁ ਬਾਕੀ ॥
ਲੇਉ ਨਿਬੇਰਿ ਆਜੁ ਕੀ ਰਾਤੀ ॥
ਕਿਛੁ ਭੀ ਖਰਚੁ ਤੁਮ੍ਾਰਾ ਸਾਰਉ ॥
ਸੁਬਹ ਨਿਵਾਜ ਸਰਾਇ ਗੁਜਾਰਉ ॥" ਪੰਨਾ 792

ਜਦ ਉਤਲਾ ਬੰਦਾ, ਧਰਮ ਰਾਜ ਦੇ ਸਾਹਮਣੇ ਹਾਜ਼ਰ ਕੀਤਾ ਤੇ ਲੇਖਾ ਮੰਗਿਆ ਗਿਆ ਤਾਂ ਲੇਖੇ ਵਿਚ ਭਾਰੀ ਬਾਕੀ, ਉਸ ਵਲ ਨਿਕਲੀ। ਪੰਜ ਕਰਮ ਇੰਦਰੇ, ਜਿਹੜੇ ਇਸ ਦੀ ਪਿੰਡ ਰੂਪੀ ਖੇਤੀ ਨੂੰ ਉਜਾੜ ਕੇ, ਮੌਜਾਂ ਮਾਣਦੇ ਸਨ, ਨਸ ਗਏ ਤੇ ਇਸ ਬਾਕੀ ਨਿਕਲਣ ਵਾਲੇ ਜੀਵ ਨੂੰ, ਜਮਦੂਤਾਂ ਨੇ ਬੰਨ੍ਹ ਲਿਆ ਤੇ ਸਜ਼ਾਵਾਂ ਦੇਣੀਆਂ ਸ਼ੁਰੂ ਕਰ ਦਿੱਤੀਆਂ। ਤੁਕ ਇਹ ਹੈ :-

"ਧਰਮ ਰਾਇ ਜਬ ਲੇਖਾ ਮਾਗੈ ਬਾਕੀ ਨਿਕਸੀ ਭਾਰੀ ॥
ਪੰਚ ਕ੍ਰਿਸਾਨਵਾ ਭਾਗਿ ਗਏ ਲੈ ਬਾਧਿਓ ਜੀਉ ਦਰਬਾਰੀ ॥" ਪੰਨਾ 1104

ਸ੍ਰੀ ਭਗਤ ਰਵਿਦਾਸ ਜੀ ਦਾ ਅਨੁਭਵ ਇਹ ਹੈ :-

"ਕਹੁ ਰਵਿਦਾਸ ਭਇਓ ਜਬ ਲੇਖੋ ॥
ਜੋਈ ਜੋਈ ਕੀਨੋ ਸੋਈ ਸੋਈ ਦੇਖਿਓ ॥" ਪੰਨਾ 1293

**ਭਾਵ ਅਰਥ :-** ਰਵਿਦਾਸ ਜੀ ਕਹਿੰਦੇ ਹਨ ਕਿ ਜਦ ਜੀਵ ਦਾ ਲੇਖਾ ਹੁੰਦਾ ਹੈ ਤਾਂ ਜੀਵ, ਜੋ ਇਸ ਸੰਸਾਰ ਵਿਚ ਕਰਮ ਕਰਦਾ ਹੈ, ਸੋਈ ਸੋਈ ਸਾਹਮਣੇ ਆਏ ਵੇਖਦਾ ਹੈ ਭਾਵ ਲੁਕ ਛੁਪ ਕੇ ਕੀਤੇ ਕਰਮ ਵੀ ਉਥੇ ਪ੍ਰਗਟ ਹੋ ਜਾਣੇ ਹਨ ਤੇ ਉਨ੍ਹਾਂ ਨੂੰ ਅਸਚਰਜ ਹੋ ਕਰ ਵੇਖਦਾ ਹੈ ਕਿ ਇਹ ਕਿਵੇਂ ਪਤਾ ਲਗ ਗਿਆ ? ਸ੍ਰੀ ਫਰੀਦ ਸਾਹਿਬ ਜੀ ਫੁਰਮਾਉਂਦੇ ਹਨ :-

"ਫਰੀਦਾ ਚਾਰਿ ਗਵਾਇਆ ਹੰਢਿ ਕੈ ਚਾਰਿ ਗਵਾਇਆ ਸੰਮਿ ॥
ਲੇਖਾ ਰਬੁ ਮੰਗੇਸੀਆ ਤੂ ਆਂਹੋ ਕੇਰ੍ਹੇ ਕੰਮਿ ॥" ਪੰਨਾ 1379

**ਭਾਵ ਅਰਥ :-** ਫਰੀਦਾ ! ਚਾਰ ਪਹਿਰ ਰਾਤ ਸੌਂ ਕੇ ਗਵਾ ਦਿਤੀ ਤੇ ਚਾਰ ਪਹਿਰ ਦਿਨ ਖਾ ਪਹਿਨ ਕੇ ਗਵਾ ਦਿਤਾ। ਤੂੰ ਕਿਹੜੇ ਕੰਮ ਲਈ ਦੁਨੀਆਂ ਵਿਚ ਆਇਆ ਸੀ ? ਤੇਰੇ ਤੋਂ ਰਬ ਲੇਖਾ ਮੰਗਸੀ।

"ਫਰੀਦਾ ਮਉਤੈ ਦਾ ਬੰਨਾ ਏਵੈ ਦਿਸੈ ਜਿਉ ਦਰੀਆਵੈ ਢਾਹਾ ॥
ਅਗੈ ਦੋਜਕੁ ਤਪਿਆ ਸੁਣੀਐ ਹੂਲ ਪਵੈ ਕਾਹਾਹਾ ॥
ਇਕਨਾ ਨੋ ਸਭ ਸੋਝੀ ਆਈ ਇਕਿ ਫਿਰਦੇ ਵੇਪਰਵਾਹਾ ॥
ਅਮਲ ਜਿ ਕੀਤਿਆ ਦੁਨੀ ਵਿਚਿ ਸੇ ਦਰਗਹ ਓਗਾਹਾ ॥" ਪੰਨਾ 1383

**ਭਾਵ ਅਰਥ :-** ਹੇ ਫਰੀਦ ! ਮੌਤ ਦਾ ਬੰਨਾ ਏਵੇਂ ਦਿਸਦਾ ਪਿਆ ਹੈ ਜਿਵੇਂ ਕਿ ਦਰਿਆ ਦੇ ਬੰਨ੍ਹੇ ਨੂੰ ਢਾਹ ਲਗੀ ਹੋਵੇ। ਪਤਾ ਨਹੀਂ ਦਰਿਆ ਕਿਸ ਵੇਲੇ ਰੋੜ੍ਹ ਕੇ ਲੈ ਜਾਏ। ਅਗੇ ਦੋਜ਼ਕ ਤਪਿਆ ਪਿਆ ਹੈ। ਉਥੇ ਸੁਣੀ ਜਾ ਰਹੀ ਹੈ ਸਜ਼ਾਵਾਂ ਭੋਗ ਰਹਿਆ ਦੀ ਹੂਲ ਤੇ ਹਾ ਹਾ ਕਾਰ। ਇਕਨਾ ਨੂੰ ਅਗੇ ਦੀ ਸੋਝੀ ਹੋ ਜਾਂਦੀ ਹੈ ਤੇ ਇਕ ਵੇਪਰਵਾਹ ਹੋ ਕੇ, ਕੁਕਰਮ ਕਰਦੇ ਹੋਏ ਮੌਜਾਂ

ਮਾਣਦੇ ਹਨ। ਜੋ ਅਮਲ ਇਨਸਾਨ ਇਸ ਦੁਨੀਆਂ ਵਿਚ ਕਰਦਾ ਹੈ, ਉਹ ਅਗੇ ਦਰਗਾਹੇ ਉਗਾਹ ਹੁੰਦੇ ਹਨ।

**"ਫਰੀਦਾ ਦਰੀਆਵੈ ਕੰਨ੍ਹੈ ਬਗੁਲਾ ਬੈਠਾ ਕੇਲ ਕਰੇ ॥**
**ਕੇਲ ਕਰੇਦੇ ਹੰਝ ਨੋ ਅਚਿੰਤੇ ਬਾਜ ਪਏ ॥**
**ਬਾਜ ਪਏ ਤਿਸੁ ਰਬ ਦੇ ਕੇਲਾਂ ਵਿਸਰੀਆਂ ॥**
**ਜੋ ਮਨਿ ਚਿਤਿ ਨ ਚੇਤੇ ਸਨਿ ਸੋ ਗਾਲੀ ਰਬ ਕੀਆਂ ॥"** **ਪੰਨਾ 1383**

**ਭਾਵ ਅਰਥ :–** ਹੇ ਫਰੀਦ ! ਦਰਿਆ ਕੰਢੇ ਬੈਠਾ ਬਗਲਾ, ਮੌਜਾਂ ਮਾਣ ਰਿਹਾ ਹੈ ਤੇ ਮੱਛੀਆਂ ਹੜੱਪ ਕਰ ਰਿਹਾ ਹੈ। ਕੇਲ ਕਰੇਦੇ ਬਗੁਲੇ ਤੇ ਅਚਾਨਕ ਬਾਜ ਪੈ ਗਿਆ। ਇਵੇਂ ਹੀ ਮਨੁੱਖ, ਜੋ ਮੌਜਾਂ ਵਲ ਛਲ ਕਰ, ਮਾਣਦੇ ਹਨ, ਉਨ੍ਹਾਂ ਨੂੰ ਮੌਤ ਰੂਪੀ ਬਾਜ ਅਚਾਨਕ ਪੈ ਜਾਂਦਾ ਹੈ। ਫਿਰ ਉਨ੍ਹਾਂ ਨੂੰ ਇਹ ਸਾਰੀਆਂ ਕੇਲਾਂ ਵਿਸਰ ਜਾਂਦੀਆਂ ਹਨ ਤੇ ਮੌਤ ਆ ਜਾਂਦੀ ਹੈ। ਜਿਹੜੀਆਂ ਗੱਲਾ ਕਦੇ ਚੇਤੇ ਨਹੀਂ ਸਨ, ਉਹ ਗੱਲਾਂ ਰਬ ਨੇ ਕਰ ਦਿਤੀਆਂ ਭਾਵ ਮੌਤ ਕਦੇ ਚੇਤੇ ਨਹੀਂ ਸੀ, ਉਹ ਆ ਗਈ।

ਇਸ ਦੇ ਉਪ੍ਰੰਤ ਫਿਰ ਕੀ ਹੁੰਦਾ ਹੈ ? ਇਸ ਦਾ ਨਕਸ਼ਾ ਇੰਜ ਪੇਸ਼ ਕਰਦੇ ਹਨ :–

**"ਸਾਢੇ ਤ੍ਰੈ ਮਣ ਦੇਹੁਰੀ ਚਲੈ ਪਾਣੀ ਅੰਨਿ ॥**
**ਆਇਓ ਬੰਦਾ ਦੁਨੀ ਵਿਚਿ ਵਤਿ ਆਸੂਣੀ ਬੰਨਿ੍ ॥**
**ਮਲਕਲ ਮਉਤ ਜਾਂ ਆਵਸੀ ਸਭ ਦਰਵਾਜੇ ਭੰਨਿ ॥**
**ਤਿਨ੍ਹਾ ਪਿਆਰਿਆ ਭਾਈਆਂ ਅਗੈ ਦਿਤਾ ਬੰਨਿ੍ ॥**
**ਵੇਖਹੁ ਬੰਦਾ ਚਲਿਆ ਚਹੁ ਜਣਿਆ ਦੈ ਕੰਨਿ੍ ॥**
**ਫਰੀਦਾ ਅਮਲ ਜਿ ਕੀਤੇ ਦੁਨੀ ਵਿਚਿ ਦਰਗਹ ਆਏ ਕੰਮਿ ॥"** **ਪੰਨਾ 1383**

**ਭਾਵ ਅਰਥ :–** ਸਾਡੇ ਤ੍ਰੈ ਮਣ ਉਸ ਵੇਲੇ ਦੇ ਕੱਚੇ ਤੋਲ, ਅਜ ਕਲ ਦੇ ਸਤਰ ਪੰਝਹਤਰ ਕਿਲੋ ਦੇ ਬਰਾਬਰ ਹੁੰਦੇ ਸਨ। ਐਨੀ ਵਜ਼ਨ ਵਾਲੀ ਦੇਹ, ਜਿਹੜੀ ਪਾਣੀ ਦੇ ਅੰਨ ਦੇ ਆਸਰੇ ਚਲ ਰਹੀ ਹੈ। ਤੂੰ ਇਸ ਦੇਹੀ ਨਾਲ ਆਇਆ ਸੀ, ਰੱਬ ਦਾ ਨਾਮ ਜਪਣ। ਪਰ ਬੰਦੇ ! ਇਥੇ ਆ ਕੇ ਮੁੜ ਆਸਾਂ ਦੀ ਗੰਢ ਬੰਨ੍ਹ ਲਈ ਹੈ। ਮੌਤ ਦਾ ਫਰਿਸ਼ਤਾ ਸਾਰੇ ਦਰਵਾਜੇ ਭੰਨ ਕੇ ਅੰਦਰ ਆ ਜਾਂਦਾ ਹੈ। ਤਦ ਜਿਹੜੇ ਪਿਆਰੇ ਭਾਈ ਹਨ, ਉਨ੍ਹਾਂ ਬੰਦੇ ਨੂੰ ਬੰਨ੍ਹ ਕੇ ਅਗੇ ਟੋਰ ਦਿਤਾ। ਵੇਖਹੁ ! ਉਹ ਮਨਮਾਨੀਆਂ ਕਲੋਲਾਂ ਕਰਨ ਵਾਲਾ ਬੰਦਾ ਚਾਰ ਜਣਿਆ ਦੇ ਕੰਧੇ ਉਤੇ ਜਾ ਰਿਹਾ ਹੈ। ਹੇ ਫਰੀਦਾ ! ਜਿਹੜੇ ਸ਼ੁਭ ਅਮਲ ਬੰਦਾ ਇਸ ਦੁਨੀਆਂ ਵਿਚ ਕਰਦਾ ਹੈ, ਉਹ ਅਗੇ ਦਰਬਾਰ ਵਿਚ ਕੰਮ ਆਉਂਦੇ ਹਨ।

ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ ਫੁਰਮਾਉਂਦੇ ਹਨ ਕਿ ਹੇ ਸਿੱਖੀ ਨੂੰ ਗ੍ਰਹਿਣ ਕਰਨ ਵਾਲਿਓ ! ਸੰਤਾਂ ਦੀ ਸੱਚੀ ਸਿਖਿਆ ਸੁਣੋ । ਸੰਤ ਉਹੋ ਕੁਝ ਬੋਲਦੇ ਹਨ, ਜੋ ਉਨ੍ਹਾਂ ਆਪਣੀਆਂ ਅੱਖਾਂ ਨਾਲ ਵੇਖਿਆ ਹੁੰਦਾ ਹੈ, ਭਾਵ ਐਵੇਂ ਗਪਾਂ ਨਹੀਂ ਮਾਰਦੇ। ਉਹ ਅਨੁਭਵ ਵਿਚ ਆਈ ਗਲ ਮੂੰਹੋ ਕਢਦੇ ਹਨ :–

**"ਸੰਤਨ ਕੀ ਸੁਣਿ ਸਾਚੀ ਸਾਖੀ ॥**
**ਸੋ ਬੋਲਹਿ ਜੋ ਪੇਖਹਿ ਆਖੀ ॥"**

ਪੰਨਾ 894

ਇਸ ਤੋਂ ਉਪਰੰਤ ਹਜ਼ੂਰ ਨੇ ਫੁਰਮਾਇਆ ਕਿ ਨਾਨਕ ਉਹ ਆਖ ਕੇ ਸੁਣਾ ਰਿਹਾ ਹੈ ਜੋ ਪਰਮੇਸ਼ਰ ਦੇ ਦੁਆਰੇ ਬੀਤਦੀ ਹੈ।

**"ਪਰਮੇਸਰ ਕੈ ਦੁਆਰੈ ਜਿ ਹੋਇ ਬਿਤੀਤੈ ਸੁ ਨਾਨਕੁ ਆਖਿ ਸੁਣਾਵੈ ॥"**

ਪੰਨਾ 373

ਇਵੇਂ ਹੀ ਸਾਹਿਬ ਸ੍ਰੀ ਗੁਰੂ ਰਾਮ ਦਾਸ ਮਹਾਰਾਜ ਫੁਰਮਾਉਂਦੇ ਹਨ ਕਿ ਹਰੀ ਦੇ ਦਰ ਜੋ ਵਰਤਿਆ ਹੈ, ਉਹੀ ਨਾਨਕ ਨੇ ਸੁਣਾਇਆ ਹੈ। ਇਹ ਗਲ ਉਹ ਬੁਝਦਾ ਹੈ ਜੋ ਪਰਮੇਸ਼ਰ ਦਾ ਸਵਾਰਿਆ ਹੁੰਦਾ ਹੈ, ਭਾਵ ਪਰਮੇਸ਼ਰ ਤੋਂ ਵਿਗੜੇ ਹੋਏ ਤਾਂ ਸਿਰ ਮਾਰਦੇ ਹਨ ਕਿ ਇਹ ਲੇਖੇ ਪਤੇ ਤੇ ਸਜ਼ਾਵਾਂ ਦੀ ਗਲ ਐਵੇਂ ਮਨ ਘੜੰਤ ਹੈ। ਪ੍ਰਮਾਣ ਸਾਹਿਬ ਜੀ ਦਾ ਇਹ ਹੈ :-

**"ਹਰਿ ਕੈ ਦਰਿ ਵਰਤਿਆ ਸੁ ਨਾਨਕਿ ਆਖਿ ਸੁਣਾਇਆ ॥**

**ਸੋ ਬੂਝੈ ਜੁ ਦਯਿ ਸਵਾਰਿਆ ॥"**

ਪੰਨਾ 316

ਇਕੇਰਾਂ, ਇਸ ਵਿਸ਼ੇ ਤੇ ਲੇਖਕ ਨੇ ਇਕ ਸ਼ਹਿਰ ਦੀ ਸੰਗਤ ਵਿਚ ਵਿਚਾਰ ਕੀਤੀ ਸੰਗਤ ਵਿਚ ਇਕ ਮੰਨੇ ਪ੍ਰਮੰਨੇ ਵਿਅਕਤੀ ਵੀ ਸੁਣ ਰਹੇ ਹਨ। ਵਿਚਾਰ ਦੀ ਸਮਾਪਤੀ ਪਿਛੋਂ ਉਹ ਖਲੋ ਕੇ ਆਖਣ ਲਗੇ ਕਿ ''ਸਿਖੋ ! ਐਵੇਂ ਨਾ ਡਰੋ'' ਤੇ ਨਾਲ ਹੀ ਇਹ ਤੁਕ ਪੜ੍ਹੀ :-

**"ਨਾਨਕ ਜਿਨ੍ ਕਉ ਸਤਿਗੁਰੁ ਮਿਲਿਆ ਤਿਨ੍ ਕਾ ਲੇਖਾ ਨਿਬੜਿਆ ॥"**

ਪੰਨਾ 435

ਤੇ ਤੁਕ ਦਾ ਅਰਥ ਕਰਕੇ ਆਖਣ ਲਗੇ, ''ਸਾਡਾ ਲੇਖਾ ਕਾਹਦਾ ਹੋਣਾ ਏ ? ਸਾਨੂੰ ਤਾਂ ਗੁਰੂ ਨਾਨਕ ਮਿਲ ਪਿਆ ਹੈ ਤੇ ਲੇਖਾ ਨਿਬੜ ਗਿਆ।''

ਲੇਖਕ ਨੇ ਬੇਨਤੀ ਕੀਤੀ, ਜੀਓ ਜੀ ! ਇਹ ਗਲ ਬਿਲਕੁਲ ਠੀਕ ਹੈ। ਪਰ ਕੇਵਲ ਕਥਨ ਮਾਤ੍ਰ ਨਾਲ ਗੁਰੂ ਨਾਨਕ ਦਾ ਮਿਲਾਪ ਨਹੀਂ ਹੁੰਦਾ ਤੇ ਨਾ ਹੀ ਲੇਖਾ ਨਿਬੜਦਾ ਹੈ। 'ਮਿਲਿਆ' ਪਦ ਦੀ ਵਿਆਖਿਆ (Definition) ਇਹ ਹੈ :-

**"ਜੋ ਦਿਲਿ ਮਿਲਿਆ ਸੁ ਮਿਲਿ ਰਹਿਆ ਮਿਲਿਆ ਕਹੀਐ ਰੇ ਸੋਈ ॥**

**ਜੇ ਬਹੁਤੇਰਾ ਲੋਚੀਐ ਬਾਤੀ ਮੇਲੁ ਨ ਹੋਈ ॥"**

ਪੰਨਾ 725

ਤੇ ਦੂਜਾ ਪ੍ਰਮਾਣ ਇਹ ਦਿਤਾ :-

**"ਮਿਲਿਐ ਮਿਲਿਆ ਨਾ ਮਿਲੈ ਮਿਲੈ ਮਿਲਿਆ ਜੇ ਹੋਇ ॥**

**ਅੰਤਰ ਆਤਮੈ ਜੋ ਮਿਲੈ ਮਿਲਿਆ ਕਹੀਐ ਸੋਇ ॥"**

ਪੰਨਾ 791

ਸਤਿਗੁਰੂ ਜੀ ਤਾਂ ਸਪਸ਼ਟ ਫੁਰਮਾਂ ਰਹੇ ਹਨ ਕਿ ਕੇਵਲ ਮਿਲਿਆ ਕਹਿਣ ਨਾਲ ਮਿਲਿਆ ਨਾ ਸਮਝੋ। ਜਿਹੜਾ ਅੰਤਰ ਆਤਮੇ ਨਾਲ ਮਿਲ ਗਿਆ ਹੈ, ਉਹ ਮਿਲਿਆ ਹੋਇਆ ਕਿਹਿਆ ਜਾਂਦਾ ਹੈ। ਜੇ ਉਂਜ ਬਹੁਤੇਰਾ ਲੋਚੀਏ ਤਾਂ ਇਸ ਤਰ੍ਹਾਂ ਬਾਤਾਂ ਨਾਲ ਮੇਲ ਨਹੀਂ ਹੁੰਦਾ, ਜਦ ਤਾਂਈ ਦਿਲ ਨਾਲ ਨਾ ਮਿਲਿਆ ਹੋਵੇ। ਸਤਿਗੁਰੂ ਦੇ ਮਿਲਾਪ ਨਾਲ ਧਾਉਂਦਾ ਮਨ, ਨਿਜ ਘਰ ਵਿਚ ਵਸ ਜਾਂਦਾ ਹੈ। ਇਹੋ ਹੈ ਅਸਲੀ ਮਿਲਿਆ ਦੀ ਨਿਸ਼ਾਨੀ। **''ਸਤਿਗੁਰ ਮਿਲਿਐ ਧਾਵਤੁ ਥੰਮ੍ਹਿਆ ਨਿਜ ਘਰਿ ਵਸਿਆ ਆਏ।।'' (ਪੰਨਾ-440)।** ਅੰਤਰ ਆਤਮੇ ਮਿਲਾਪ ਨਾਲ, ਤ੍ਰਿਸ਼ਨਾ ਤੇ ਹੋਰ ਪ੍ਰਕਾਰ ਦੀ ਭੁਖ ਨਾਸ਼ ਹੋ ਜਾਂਦੀ ਹੈ। ਇਹ ਨਿਸ਼ਾਨੀ ਮਿਲਣੇ ਦੀ ਹੈ। ਗੁਰੂ ਅਰਜਨ ਸਾਹਿਬ ਜੀ ਫੁਰਮਾਉਂਦੇ ਹਨ :-

"ਤ੍ਰਿਸਨਾ ਭੂਖ ਸਭ ਨਾਸੀ ॥ ਸੰਤ ਪ੍ਰਸਾਦਿ ਜਪਿਆ ਅਬਿਨਾਸੀ ॥
ਰੈਨਿ ਦਿਨਸੁ ਪ੍ਰਭ ਸੇਵ ਕਮਾਨੀ ॥ ਹਰਿ ਮਿਲਣੈ ਕੀ ਏਹ ਨੀਸਾਨੀ ॥"

ਪੰਨਾ 897

ਲੇਖਕ ਨੇ ਅੰਤ ਵਿਚ ਮੁੜ ਬੇਨਤੀ ਕੀਤੀ ਕਿ ਜੇ ਤਾਂ ਮਿਲਾਪ ਨਾਲ, ਦਹਦਿਸਾ ਧਾਂਵਦਾ ਮਨ ਟਿਕ ਗਿਆ ਹੈ ਤੇ ਤ੍ਰਿਸ਼ਨਾ ਤੇ ਹੋਰ ਪ੍ਰਕਾਰ ਦੀਆਂ ਭੁਖਾਂ ਨਾਸ਼ ਹੋ ਗਈਆਂ ਹਨ ਤਾਂ ਮਿਲਾਪ ਹੋ ਗਿਆ ਹੈ ਤੇ ਫੇਰ ਲੇਖਾ ਕਾਹਦਾ ਹੋਣਾ ਹੈ। ਪਰ ਜੇ ਕਰ ਇਹ ਗਲਾਂ ਨਹੀਂ ਵਾਪਰੀਆਂ ਤਾਂ ਮਨ ਨੂੰ ਤਸੱਲੀ ਦੇਣ ਲਈ, ਜੀ ਸਦਕੇ ਆਖੋ ਕਿ ਸਤਿਗੁਰੂ ਨਾਨਕ ਦਾ ਮਿਲਾਪ ਹੋ ਗਿਆ ਹੈ ਤੇ ਹੁਣ ਕੋਈ ਲੇਖਾ ਪਤਾ ਨਹੀਂ ਹੋਣਾ, ਸਭ ਨਿਬੜ ਗਿਆ ਹੈ।

ਇਹੋ ਜਿਹੇ ਪਰਚਾਰਕਾਂ ਤੋਂ ਸਦਾ ਬਚ ਕੇ ਰਹਿਣਾ ਹੈ ਤੇ ਗੁਰਮਤਿ ਨੂੰ ਨਿਰਪੱਖ ਹੋ ਕੇ ਵੀਚਾਰਨਾ ਚਾਹੀਦਾ ਹੈ।

ਕਈ ਵਿਦਵਾਨ ਸੱਜਣ ਕਿੰਤੂ ਕਰਦੇ ਹਨ ਕਿ ਜਦੋ ਮੌਤ ਪਿਛੋਂ ਸਰੀਰ ਸਾੜ ਦਿਤਾ ਜਾਂਦਾ ਹੈ ਤਾਂ ਉਹ ਕਿਹੜਾ ਸਰੀਰ ਹੈ ਜਿਸ ਨੂੰ ਸੰਗਲ ਤੇ ਬੇੜੀਆਂ ਪੈਦੀਆਂ ਹਨ ਤੇ ਸਜ਼ਾਵਾਂ ਮਿਲਦੀਆਂ ਹਨ ? ਸਾਡੀ ਸਮਝ ਗੋਚਰੇ ਕਰਨ ਲਈ ਗੁਰੂ ਸਾਹਿਬ ਨੇ ਇਸ ਸੰਸਾਰ ਦੀਆਂ ਚੀਜ਼ਾਂ ਨਾਲ ਦ੍ਰਿਸ਼ਟਾਂਤ ਦਿਤੇ ਹਨ। ਬੈਠਾ ਕਢ ਵਹੀ, ਤੱਪਤ ਥੰਮ ਗਲ ਲਾਣੇ, ਸੰਗਲ ਤੇ ਬੇੜੀਆਂ ਆਦਿ।

ਇਹ ਸ਼ਬਦਾਵਲੀ ਕੇਵਲ ਸਾਨੂੰ ਸਮਝਾਉਣ ਲਈ ਦ੍ਰਿਸ਼ਟਾਂਤ ਹੈ। ਜੋ ਇਸ ਦੁਨੀਆਂ ਵਿਚ ਅਸੀਂ ਵੇਖ ਰਹੇ ਹਾਂ, ਉਨ੍ਹਾਂ ਦੇ ਅਲੰਕਾਰ ਲੈ ਕੇ ਸਮਝਾਇਆ ਹੈ। ਉਥੇ ਜੋ ਹੋ ਰਿਹਾ ਹੈ ਤੇ ਜਿਸ ਤਰ੍ਹਾਂ ਸਜ਼ਾਵਾਂ ਅਪਰਾਧੀ ਭੋਗ ਰਹੇ ਹਨ, ਇਹ ਨਾਮ-ਰਸੀਏ ਅਨੁਭਵੀ ਹੀ ਜਾਣਦੇ ਹਨ। ਪਰ ਹੈ ਇਹ ਸੰਪੂਰਨ ਸੱਚ। ਜਿਸ ਹਿਰਦੇ ਵਿਚ ਨਾਮ ਸਾਖਿਆਤ ਹੋ ਜਾਂਦਾ ਹੈ ਉਹ ਇਸ ਧਰਤੀ ਤੇ ਬੈਠਿਆ ਹੋਇਆ ,ਅਣਗਿਣਤ ਅਣਡਿਠ ਦੁਨੀਆਂ ਵੇਖ ਲੈਂਦਾ ਹੈ। ਗੁਰੂ ਸਾਹਿਬਾਨ ਤੇ ਪੂਜਯ ਭਗਤਾਂ ਨੇ ਐਵੇਂ ਗੱਲਾਂ ਨਹੀਂ ਲਿਖ ਛਡੀਆਂ। ਸਿਦਕ ਤੇ ਭਰੋਸੇ ਦੇ ਘਰ ਆਉ ਤੇ ਨਿਸਚੇ ਕਰ ਮੰਨੋ ਕਿ ਜੋ ਕੁਝ ਧਰਮ ਰਾਜ ਦੇ ਦੇਸ਼ ਹੋ ਰਿਹਾ ਹੈ, ਸਹੀ ਹੈ। ਗੁਰੂ ਸਾਹਿਬ ਤੇ ਹੋਰ ਅਨੁਭਵੀ, ਅਨੁਭਵ ਦੇ ਦੇਸ਼ ਅਪੜੇ ਹੋਏ, ਠੀਕ ਆਖ ਰਹੇ ਹਨ। ਸਾਨੂੰ ਕਿੰਤੂ ਕਰਨਾ ਨਹੀਂ ਫੱਬਦਾ।

# (11)

# ਹੁਕਮ ਰਜ਼ਾਈ ਕੀ ਹੈ ?

ਜਪੁਜੀ ਸਾਹਿਬ ਦੀ ਪਹਿਲੀ ਪਉੜੀ ਵਿਚ ਪਰਚਲਤ ਸਾਧਨਾਂ ਨੂੰ ਗੁਰਮਤਿ ਖੰਡਨ ਕਰਦੀ ਹੈ। ਪਹਿਲਾ ਸਾਧਨ ਹੈ, ਕਿ ਸਰੀਰਕ ਇਸ਼ਨਾਨ ਨਾਲ, ਮਨ ਪਵਿਤਰ ਨਹੀਂ ਹੋ ਸਕਦਾ-ਭਾਵੇਂ ਲਖਾਂ ਇਸ਼ਨਾਨ ਪਏ ਕਰੀਏ। ਇਸ ਪਰਥਾਇ ਗੁਰਮਤਿ ਫੁਰਮਾਉਂਦੀ ਹੈ ਕਿ :-

" ਮਨਿ ਮੈਲੈ ਸਭੁ ਕਿਛੁ ਮੈਲਾ ਤਨਿ ਧੋਤੈ ਮਨੁ ਹਛਾ ਨ ਹੋਇ ॥
ਇਹੁ ਜਗਤੁ ਭਰਮਿ ਭੁਲਾਇਆ ਵਿਰਲਾ ਬੂਝੈ ਕੋਇ ॥" ਪੰਨਾ 558

ਉਂਜ ਵੀ ਜੇ ਬੁਧੀ ਦੀ ਕਸਵੱਟੀ ਤੇ ਇਹ ਗਲ ਪਰਖੀਏ ਤਾਂ ਪੂਰੀ ਨਹੀਂ ਉਤਰਦੀ। ਸਰੀਰ ਦੇ ਇਸ਼ਨਾਨ ਨਾਲ, ਮਨ ਕਿਵੇਂ ਪਵਿਤ੍ਰ ਹੋ ਸਕਦਾ ਏ ? ਇਹ ਜਗਤ ਭਰਮ ਵਿਚ ਭੁਲਾ ਪਿਆ ਹੈ। ਵਿਰਲਾ ਹੀ ਕੋਈ ਇਹ ਗਲ ਵੀਚਾਰਦਾ ਹੈ।

**"ਸੋਚ ਕਰੈ ਦਿਨਸੁ ਅਰੁ ਰਾਤਿ ॥ ਮਨ ਕੀ ਮੈਲੁ ਨ ਤਨ ਤੇ ਜਾਤਿ ॥**

**ਇਸੁ ਦੇਹੀ ਕਉ ਬਹੁ ਸਾਧਨਾ ਕਰੈ ॥ ਮਨ ਤੇ ਕਬਹੂ ਨ ਬਿਖਿਆ ਟਰੈ ॥**

**ਜਲਿ ਧੋਵੈ ਬਹੁ ਦੇਹ ਅਨੀਤਿ ॥ ਸੁਧ ਕਹਾ ਹੋਇ ਕਾਚੀ ਭੀਤਿ ॥"ਪੰਨਾ 265**

**ਭਾਵ ਅਰਥ :-** ਰਾਤ ਦਿਨ ਪਿਆ ਇਸ਼ਨਾਨ ਕਰੇ, ਪਰ ਇੰਜ ਕਰਨ ਨਾਲ ਮਨ ਦੀ ਹਉਮੈ ਰੂਪੀ ਮੈਲ, ਸਰੀਰ ਚੋਂ ਨਹੀਂ ਜਾਂਦੀ। ਇਸ ਸਰੀਰ ਨੂੰ ਕਿਸੇ ਵੀ ਸਾਧਨ ਨਾਲ ਸੋਧੇ, ਪਰ ਇਨ੍ਹਾਂ ਸਾਧਨਾਂ ਨਾਲ ਮਨ ਤੋਂ ਵਿਸ਼ਿਆਂ ਦੀ ਮੈਲ ਦੂਰ ਨਹੀਂ ਹੋ ਸਕਦੀ। ਪਾਣੀ ਨਾਲ-ਨਾ ਰਹਿਣ ਵਾਲੀ ਦੇਹ ਨੂੰ ਰੋਜ਼ ਧੋਵੇ, ਇੰਜ ਕਰਨ ਨਾਲ ਇਹ ਦੇਹ ਰੂਪੀ ਕਚੀ ਕੰਧ ਸ਼ੁਧ ਨਹੀਂ ਹੋ ਸਕਦੀ।

**"ਅੰਤਰਿ ਮੈਲੁ ਲੋਭ ਬਹੁ ਝੂਠੇ ਬਾਹਰਿ ਨਾਵਹੁ ਕਾਹੀ ਜੀਉ ॥**

**ਨਿਰਮਲ ਨਾਮੁ ਜਪਹੁ ਸਦ ਗੁਰਮੁਖਿ ਅੰਤਰ ਕੀ ਗਤਿ ਤਾਹੀ ਜੀਉ ॥" ਪੰਨਾ 598**

**ਭਾਵ ਅਰਥ :-** ਹੇ ਵਡੇ ਝੂਠੇ ! ਅੰਦਰ ਤਾਂ ਤੇਰੇ ਲੋਭ ਰੂਪੀ ਮੈਲ ਭਰੀ ਪਈ ਏ, ਸਰੀਰ ਦਾ ਇਸ਼ਨਾਨ ਕਿਉਂ ਕਰਦਾ ਹੈ ? ਕੀ ਇਸ ਨਾਲ ਲੋਭ ਰੂਪ ਮੈਲ ਲਹਿ ਜਾਏਗੀ ? ਗੁਰਮੁਖਿ ਬਣ ਕੇ ਸਦਾ ਹੀ ਨਿਰਮਲ ਨਾਮ ਜਪ। ਇੰਜ ਕਰਨ ਨਾਲ ਅੰਤਰ ਆਤਮਾ ਸ਼ੁਧ ਹੋ ਜਾਵੇਗੀ।

**"ਜਲਿ ਮਲਿ ਕਾਇਆ ਮਾਜੀਐ ਭਾਈ ਭੀ ਮੈਲਾ ਤਨੁ ਹੋਇ ॥**

**ਗਿਆਨਿ ਮਹਾ ਰਸਿ ਨਾਈਐ ਭਾਈ ਮਨੁ ਤਨੁ ਨਿਰਮਲੁ ਹੋਇ ॥" ਪੰਨਾ 637**

**ਭਾਵ ਅਰਥ :-** ਹੇ ਮੇਰੇ ਭਾਈ ! ਪਾਣੀ ਨਾਲ ਮਲ ਕੇ ਸਰੀਰ ਨੂੰ ਕਿੰਨਾਂ ਹੀ ਸਾਫ ਕਰੀਏ ਪਰ ਸਰੀਰ ਮੁੜ ਮੈਲਾ ਹੋ ਜਾਂਦਾ ਏ। ਤਾਂ ਤੇ ਗਿਆਨ ਦੇ ਮਹਾਂ ਰਸ ਵਿਚ ਨ੍ਹਾਵੋ। ਇੰਜ ਕਰਨ ਨਾਲ, ਹੇ ਮੇਰੇ ਭਾਈ, ਮਨ ਤੇ ਤਨ ਨਿਰਮਲ ਹੋ ਜਾਂਦੇ ਹਨ।

**"ਜਲ ਕੈ ਮਜਨਿ ਜੇ ਗਤਿ ਹੋਵੈ ਨਿਤ ਨਿਤ ਮੇਂਡੁਕ ਨਾਵਹਿ ॥**

**ਜੈਸੇ ਮੇਂਡੁਕ ਤੈਸੇ ਓਇ ਨਰ ਫਿਰਿ ਫਿਰਿ ਜੋਨੀ ਆਵਹਿ ॥" ਪੰਨਾ 484**

**ਭਾਵ ਅਰਥ :-** ਪਾਣੀ ਦੇ ਇਸ਼ਨਾਨ ਨਾਲ ਜੇ ਮੁਕਤੀ ਮਿਲਦੀ ਹੋਵੇ ਤਾਂ ਡੱਡੂ ਨੂੰ ਜ਼ਰੂਰ ਮਿਲਣੀ ਚਾਹੀਦੀ ਏ, ਜਿਹੜਾ ਰਾਤ ਦਿਨ ਪਾਣੀ ਵਿਚ ਇਸ਼ਨਾਨ ਕਰਦਾ ਏ। ਜਿਸ ਤਰ੍ਹਾਂ ਡੱਡੂ ਹੈ, ਤੇਸੈ ਹੀ ਉਹ ਬੰਦੇ ਹਨ, ਜੋ ਮੁੜ ਮੁੜ ਜੂਨੀਆਂ ਵਿਚ ਭਵਾਟੀਆਂ ਖਾ ਰਹੇ ਹਨ।

**"ਤੀਰਥਿ ਭਰਮਸਿ ਬਿਆਧਿ ਨ ਜਾਵੈ ॥**

**ਨਾਮ ਬਿਨਾ ਕੈਸੇ ਸੁਖੁ ਪਾਵੈ ॥" ਪੰਨਾ 906**

**ਭਾਵ ਅਰਥ :-** ਤੀਰਥਾਂ ਦੇ ਇਸ਼ਨਾਨ ਕਰਨ ਨਾਲ-ਮਨ ਦੀ ਹਉਮੈ ਰੂਪੀ ਮੈਲ-ਦੂਰ ਨਹੀਂ ਹੁੰਦੀ ਏ। ਨਾਮ ਤੋਂ ਬਿਨਾਂ ਕਿਵੇਂ ਸੁਖ ਮਿਲ ਸਕਦਾ ਏ ?

**"ਮਲੁ ਹਉਮੈ ਧੋਤੀ ਕਿਵੈ ਨ ਉਤਰੈ ਜੇ ਸਉ ਤੀਰਥ ਨਾਇ ॥" ਪੰਨਾ 39**

**ਭਾਵ ਅਰਥ :-** ਹਉਮੈ ਰੂਪੀ ਮੈਲ-ਪਾਣੀ ਨਾਲ ਧੋਤਿਆਂ ਕਦੇ ਨਹੀਂ ਉਤਰਦੀ, ਭਾਵੇਂ ਸੈਂਕੜੇ ਤੀਰਥਾਂ ਤੇ ਪਿਆ ਇਸ਼ਨਾਨ ਕਰੇ।

**"ਅਠਸਠਿ ਤੀਰਥ ਭਰਮਿ ਵਿਗੂਚਹਿ ਕਿਉ ਮਲੁ ਧੋਪੈ ਪਾਪੈ ॥" ਪੰਨਾ 1013**

**ਭਾਵ ਅਰਥ :–** ਅਠਾਹਠ ਤੀਰਥਾਂ ਤੇ ਇਸ਼ਨਾਨ ਕਰਨ ਵਾਲੇ, ਭਰਮ ਵਿਚ ਖੱਜਲ ਖੁਆਰ ਹੋ ਰਹੇ ਹਨ। ਇੰਜ ਕਰਨ ਨਾਲ ਪਾਪਾਂ ਦੀ ਮੈਲ ਕਿਵੇਂ ਧੋਤੀ ਜਾ ਸਕਦੀ ਏ ?

**"ਇਸਨਾਨੁ ਦਾਨੁ ਜੇਤਾ ਕਰਹਿ ਦੂਜੈ ਭਾਇ ਖੁਆਰੁ ॥"** **ਪੰਨਾ 34**

**ਭਾਵ ਅਰਥ :–** ਜਿੰਨਾਂ ਵੀ ਇਸ਼ਨਾਨ ਤੇ ਦਾਨ ਹੈ, ਇਸ ਨੂੰ ਕਰਨ ਵਾਲੇ, ਦ੍ਵੈਸ਼ ਭਾਵ ਵਿਚ ਖੁਆਰ ਹੋ ਰਹੇ ਹਨ।

**"ਤੀਰਥਿ ਨਾਵਣ ਜਾਉ ਤੀਰਥੁ ਨਾਮੁ ਹੈ ॥**

**ਤੀਰਥੁ ਸਬਦ ਬੀਚਾਰੁ ਅੰਤਰਿ ਗਿਆਨੁ ਹੈ ॥"** **ਪੰਨਾ 687**

**ਭਾਵ ਅਰਥ :–** ਤੀਰਥਾਂ ਤੇ ਕਿਉਂ ਨ੍ਹਾਵਣ ਜਾਂਦੇ ਓ ? ਅਸਲੀ ਤੀਰਥ ਤਾਂ ਨਾਮ ਹੈ। ਸ਼ਬਦ ਦੀ ਵੀਚਾਰ ਹੀ ਤੀਰਥ ਇਸ਼ਨਾਨ ਹੈ ਤੇ ਅੰਤਰ ਗਿਆਨ ਹੈ।

**"ਤੀਰਥਿ ਨਾਇ ਅਰੁ ਧਰਨੀ ਭ੍ਰਮਤਾ ਆਗੈ ਠਉਰ ਨ ਪਾਵੈ ॥"** **ਪੰਨਾ 216**

**ਭਾਵ ਅਰਥ :–** ਤੀਰਥਾਂ ਤੇ ਨਾਵਣ ਨਾਲ ਤੇ ਧਰਤੀ ਤੇ ਭਰਮਣ ਨਾਲ, ਅਗੇ ਥਾਂ ਨਹੀਂ ਮਿਲਦੀ। ਤਾਂ ਤੇ ਗੁਰੂ ਨਾਨਕ ਪਾਤਸ਼ਾਹ ਜੀ ਦਾ ਸਿਧਾਂਤ ਸਿੱਧ ਹੋਇਆ ਕਿ ਤੀਰਥਾਂ ਦੇ ਇਸ਼ਨਾਨ ਕਰਨ ਨਾਲ ਮਨ ਦੀ ਪਵਿਤਰਤਾ ਨਹੀਂ ਹੋ ਸਕਦੀ ਭਾਵੇ ਲਖਾਂ ਵਾਰੀ ਇਸ਼ਨਾਨ ਪਏ ਕਰੀਏ।

**ਦੂਜਾ ਸਾਧਨ :–** ਮਨ ਦੀ ਪਵਿਤਰਤਾ ਲਈ, ਮੋਨ ਧਾਰਨਾ ਵੀ ਖੰਡਨ ਤੇ ਵਿਵਰਜਿਤ ਹੈ।

**"ਚੁਪੈ ਚੁਪ ਨ ਹੋਵਈ ਜੇ ਲਾਇ ਰਹਾ ਲਿਵ ਤਾਰ ॥"** **ਪੰਨਾ 1**

ਭਾਵੇਂ ਇਕ ਤਾਰ ਚੁਪ ਧਾਰ ਲਵਾਂ। ਇੰਜ ਕਰਨ ਨਾਲ-ਮਨ ਦੇ ਫੁਰਨੇ ਬੰਦ ਨਹੀਂ ਹੁੰਦੇ। ਕੀ ਹੋਇਆ ਜੇ ਮੂੰਹ ਬੰਦ ਹੈ? ਪਰ ਮਨ ਦੇ ਸਕੰਲਪ ਤਾਂ ਉਠ ਰਹੇ ਹਨ। ਇਸ ਪਰਥਾਇ ਗੁਰਵਾਕ ਇਹ ਹੈ :-

**"ਮੋਨਿ ਵਿਗੂਤਾ ॥ ਕਿਉ ਜਾਗੈ ਗੁਰ ਬਿਨੁ ਸੂਤਾ ॥"** **ਪੰਨਾ 467**

**ਭਾਵ ਅਰਥ :–** ਉਇ ਵਿਗੜੇ ਹੋਏ ਮੋਨੀ ! ਮੋਨ ਧਾਰਨ ਨਾਲ ਕੁਝ ਨਹੀਂ ਬਣਦਾ। ਮਾਇਆ ਵਿਚ ਸੁੱਤੇ ਮਨ ਨੂੰ ਗੁਰੂ ਦੇ ਸ਼ਬਦ ਨਾਲ ਜਗਾ ਤਾਂ ਕਿ ਮਨ ਦੇ ਮਾਇਕ ਫੁਰਨੇ ਬੰਦ ਹੋ ਜਾਣ।

**"ਮੋਨਿ ਭਇਓ ਕਰਪਾਤੀ ਰਹਿਓ ਨਗਨ ਫਿਰਿਓ ਬਨ ਮਾਹੀ ॥**

**ਤਟ ਤੀਰਥ ਸਭ ਧਰਤੀ ਭ੍ਰਮਿਓ ਦੁਬਿਧਾ ਛੁਟਕੈ ਨਾਹੀ ॥"** **ਪੰਨਾ 641**

**ਭਾਵ ਅਰਥ :–** ਮੋਨ ਧਾਰਨ ਨਾਲ, ਹਥਾਂ ਨੂੰ ਹੀ ਭਾਂਡਾ ਬਣ ਕਰ ਖਾਣ ਨਾਲ, ਵਣ ਵਿਚ ਨੰਗੇ ਫਿਰਨ ਨਾਲ, ਤਪ ਤੀਰਥਾਂ ਦੇ ਇਸ਼ਨਾਨ ਨਾਲ, ਧਰਤੀ ਭਰਮਨ ਨਾਲ, ਦੁਚਿਤਾਪਨ ਨਹੀਂ ਹਟਦਾ ਏ।

**ਤੀਜਾ ਸਾਧਨ :–** ਵਾਮ ਮਾਰਗੀ ਸਾਧਨ ਨੂੰ ਵੀ ਖੰਡਨ ਕਰਦੇ ਹਨ। ਵਾਮ ਮਾਰਗ ਸਾਧਨ ਇਹ ਹੈ ਕਿ ਮਨ ਨੂੰ ਐਨਾ ਰਜਾ ਦੇਵੋ ਕਿ ਇਹ (ਰੱਜ ਦੇ) ਦਰਜੇ ਤਾਂਈ ਪੁਜ ਜਾਏ। (Saturated Point) ਰੱਜ ਦਾ ਦਰਜਾ ਇਹ ਹੁੰਦਾ ਏ, ਕਿ ਮਨ, ਜੋ ਮੰਗੇ ਦੇਈ ਜਾਓ, ਐਨਾ ਦੇਵੋ ਕਿ ਫਿਰ ਇਹ ਹੋਰ ਨਾ ਮੰਗੇ ਤੇ ਉਸ ਵਲੋਂ ਰੁਚੀ ਮੋੜ ਲਏ। ਦ੍ਰਿਸ਼ਟਾਂਤ, ਜਿਵੇਂ ਇਕ ਸੇਰ ਪਾਣੀ ਵਿਚ ਖੰਡ ਪਾਈ ਚਲੋ। ਜਦ ਤਕ ਪਾਣੀ ਵਿਚ ਖੰਡ ਘੁਲਦੀ ਰਹਿੰਦੀ ਏ, ਪਾਣੀ ਖੰਡ ਗ੍ਰਹਿਣ ਕਰਦਾ ਰਹਿੰਦਾ ਏ। ਪਰ ਜਦ ਪਾਣੀ ਰੱਜ ਦੇ ਦਰਜੇ (Saturated Point) ਪੁਜ ਜਾਏ ਤਾਂ ਖੰਡ ਨਹੀਂ ਘੁਲਦੀ-ਭਾਵੇ ਕਿੰਨਾ ਹੀ ਜਤਨ ਕਰੋ। ਇਵੇਂ ਹੀ ਵਾਮ ਮਾਰਗੀ ਮੱਤ ਕਹਿੰਦਾ ਹੈ ਕਿ ਜਦ ਮਨ-ਵਿਸ਼ੇ ਵਿਕਾਰਾਂ, ਖਾਣਾ ਪੀਣ, ਹੰਢਾਣ ਤੋ ਪੂਰਾ ਸੰਤੁਸ਼ਟ ਹੋ ਜਾਊ-ਆਪੇ ਹੀ ਰੁਖ ਮੋੜ ਲੈਸੀ। ਪਰ ਗੁਰਮਤਿ ਫੁਰਮਾਉਂਦੀ ਏ :-

**"ਭੁਖਿਆ ਭੁਖ ਨ ਉਤਰੀ ਜੇ ਬੰਨਾ ਪੁਰੀਆ ਭਾਰ ॥"** **ਪੰਨਾ 1**

**ਭਾਵ ਅਰਥ :–** ਭੁਖਿਆ ਦੀ ਭੁਖ ਨਹੀਂ ਉਤਰਦੀ ਭਾਵੇਂ ਸਾਰੀਆਂ ਪੁਰੀਆਂ ਦੇ ਪਦਾਰਥ, ਭੁਖੇ ਮਨਾਂ ਅਗੇ ਲਿਆ ਰਖੀਏ। ਇਹ ਪਦਾਰਥਾਂ ਤੇ ਲਾਗੂ ਹੋਣ ਵਾਲਾ-ਰੱਜ ਦੇ ਨੁਕਤੇ ਤੇ ਅਪੜਾਉਣ ਵਾਲਾ ਦ੍ਰਿਸ਼ਟਾਂਤ (Saturated Point)-ਮਨ ਤੇ ਲਾਗੂ ਨਹੀਂ ਹੁੰਦਾ। ਯਥਾ :-

**"ਸਹਸ ਖਟੇ ਲਖ ਕਉ ਉਠਿ ਧਾਵੈ ॥**

**ਤ੍ਰਿਪਤਿ ਨ ਆਵੈ ਮਾਇਆ ਪਾਛੈ ਪਾਵੈ ॥"** **ਪੰਨਾ 278**

**ਭਾਵ ਅਰਥ :–** ਹਜ਼ਾਰਾਂ ਨਹੀਂ ਭਾਵੇ ਲਖਾਂ ਹੀ ਕਮਾਵੇ। ਮਨ ਦੀ ਤ੍ਰਿਪਤੀ ਨਹੀਂ ਹੋ ਸਕਦੀ ਭਾਵੇ ਢੇਰ ਮਾਇਆ ਇਕੱਠੀ ਕਰ ਲਵੇ।

**ਚੌਥਾ ਸਾਧਨ :–** ਪੜ੍ਹਾਕੂਆਂ ਦਾ ਸਾਧਨ ਵੀ ਖੰਡਨ ਕਰਦੇ ਹਨ। ਸਿਆਣਪ, ਪੜ੍ਹਨ ਨਾਲ ਹੀ ਆਉਂਦੀ ਏ। ਵਿਦਿਆ ਨਾਲ ਬੁਧੀ ਤਿਖੀ ਹੋ ਜਾਂਦੀ ਏ, ਪਰ ਹਜ਼ਾਰਾ ਸਿਆਣਪਾਂ ਨਹੀਂ ਭਾਵੇ ਲਖਾਂ ਹੋ ਜਾਣ, ਇਕ ਵੀ ਨਾਲ ਨਹੀਂ ਚਲਦੀ। ਗੁਰਵਾਕ ਇਹ ਹੈ :-

**"ਸਹਸ ਸਿਆਣਪਾ ਲਖ ਹੋਹਿ ਤ ਇਕ ਨ ਚਲੈ ਨਾਲਿ ॥"** **ਪੰਨਾ 1**

**ਭਾਵ ਅਰਥ :–** ਕੇਵਲ ਗਰੰਥ ਪੜ੍ਹਨ ਨਾਲ-ਜਦ ਤਾਂਈ ਕਿ ਧਾਰਮਕ ਗਰੰਥਾਂ ਦੇ ਉਪਦੇਸ਼ ਤੇ ਅਮਲ ਨਾ ਕਰੇ-ਵੀ ਸਚਿਆਰਾ ਨਹੀਂ ਹੋ ਸਕਦਾ। ਗੁਰਮਤਿ ਦਰਸਾਉਂਦੀ ਏ ਕਿ ਧਾਰਮਕ ਗਰੰਥਾਂ ਨੂੰ ਪੜ੍ਹਨ ਵਾਲਾ ਪੜ੍ਹਾਕੂ ਐਨੇ ਗਰੰਥ ਪੜ੍ਹ ਲਏ ਕਿ ਉਸ ਦੇ ਪੜ੍ਹੇ ਹੋਏ ਗਰੰਥਾਂ ਨਾਲ ਗੱਡੇ ਦੇ ਗੱਡੇ ਲਦੇ ਜਾਣ, ਕਾਫਲੇ ਦੇ ਕਾਫਲੇ ਲਦੇ ਜਾਣ, ਬੇੜੀਆਂ ਦੀਆਂ ਬੇੜੀਆਂ ਪੂਰੀਆਂ ਜਾਣ, ਖਾਤੇ ਦੇ ਖਾਤੇ ਭਰੇ ਜਾਣ, ਪੜ੍ਹਾਕੂ ਸਾਰੀ ਉਮਰ ਪੜ੍ਹਦਾ ਰਹੇ, ਸਾਰੇ ਸਵਾਸ ਮੁਕਣ ਤਕ ਪੜ੍ਹਦਾ ਰਹੇ, ਸਾਰੇ ਸਾਲ ਤੇ ਸਾਰੇ ਮਹੀਨੇ ਪੜ੍ਹਦਾ ਰਹੇ। ਹੇ ਨਾਨਕ ! ਲੇਖੇ ਵਿਚ ਤਾਂ ਇਕੋ ਗਲ ਪੈਣੀ ਏ। ਹੋਰ ਕੰਮ ਹਉਮੈ ਵਿਚ ਝੱਖਾਂ ਮਾਰਨ ਵਾਲੇ ਹਨ। ਉਹ ਗਲ ਕੀ ਹੈ ? ਗੁਰੂ ਨਾਨਕ ਪਾਤਸ਼ਾਹ ਜੀ ਫੁਰਮਾਉਂਦੇ ਹਨ ਕਿ ਉਹ ਗਲ ਇਹ ਹੈ :-

**ਗੁਰਾ ਇਕ ਦੇਹਿ ਬੁਝਾਈ ॥ ਸਭਨਾ ਜੀਆ ਕਾ ਇਕੁ ਦਾਤਾ ਸੋ ਮੈ ਵਿਸਰਿ ਨ ਜਾਈ ॥"**

**ਪੰਨਾ 2**

ਤਾਂ ਤੇ ਸਿਧ ਹੋਇਆ ਕਿ ਕੇਵਲ ਪੜ੍ਹਨ ਨਾਲ ਵੀ ਸਚਿਆਰਾ ਨਹੀਂ ਬਣ ਸਕਦਾ। ਹੁਣ ਪ੍ਰਸ਼ਨ ਹੁੰਦਾ ਏ ਕਿ

**"ਕਿਵ ਸਚਿਆਰਾ ਹੋਈਐ ਕਿਵ ਕੂੜੈ ਤੁਟੈ ਪਾਲਿ ॥"** **ਪੰਨਾ 1**

**ਭਾਵ ਅਰਥ :–** ਫਿਰ ਕਿੰਜ ਸਚਿਆਰਾ ਹੋਈਦਾ ਏ ਤੇ ਕਿਵੇਂ ਕੂੜ ਦੀ ਕੰਧ ਟੁੱਟਦੀ ਏ ? ਉਤਰ ਵਿਚ ਫੁਰਮਾਨ ਹੈ ਕਿ :-

**"ਹੁਕਮਿ ਰਜਾਈ ਚਲਣਾ ਨਾਨਕ ਲਿਖਿਆ ਨਾਲਿ ॥"** **ਪੰਨਾ 1**

**ਭਾਵ ਅਰਥ :–** ''ਹੁਕਮੀ ਦੇ ਹੁਕਮ ਵਿਚ ਚਲਣ ਨਾਲ ਜੋ ਨਾਲ ਲਿਖਿਆ ਹੈ-ਸਚਿਆਰਾ ਹੋਈਦਾ ਏ।'' ਕੂੜ ਦੀ ਕੰਧ ਕੀ ਹੈ ? ਕੂੜ ਦੀ ਵਿਆਖਿਆ, ਹੇਠਲਾ ਦਿਤਾ ਗੁਰਵਾਕ, ਇੰਜ ਫੁਰਮਾਉਂਦਾ ਏ।

**"ਕੂੜੁ ਰਾਜਾ ਕੂੜੁ ਪਰਜਾ ਕੂੜੁ ਸਭੁ ਸੰਸਾਰੁ ॥**

**ਕੂੜੁ ਮੰਡਪ ਕੂੜੁ ਮਾੜੀ ਕੂੜੁ ਬੈਸਣਹਾਰੁ ॥**

**ਕੂੜੁ ਸੁਇਨਾ ਕੂੜੁ ਰੁਪਾ ਕੂੜੁ ਪੈਨ੍ਹਣਹਾਰੁ ॥**

**ਕੂੜੁ ਕਾਇਆ ਕੂੜੁ ਕਪੜੁ ਕੂੜੁ ਰੂਪੁ ਅਪਾਰੁ ॥**

**ਕੂੜੁ ਮੀਆ ਕੂੜੁ ਬੀਬੀ ਖਪਿ ਹੋਏ ਖਾਰੁ ॥**

**ਕੂੜਿ ਕੂੜੈ ਨੇਹੁ ਲਗਾ ਵਿਸਰਿਆ ਕਰਤਾਰੁ ॥**

ਕਿਸੁ ਨਾਲਿ ਕੀਚੈ ਦੋਸਤੀ ਸਭੁ ਜਗੁ ਚਲਣਹਾਰੁ ॥

ਕੂੜੁ ਮਿਠਾ ਕੂੜੁ ਮਾਖਿਉ ਕੂੜੁ ਡੋਬੇ ਪੂਰੁ ॥

ਨਾਨਕੁ ਵਖਾਣੈ ਬੇਨਤੀ ਤੁਧੁ ਬਾਝੁ ਕੂੜੋ ਕੂੜੁ ॥" ਪੰਨਾ 468

**ਭਾਵ ਅਰਥ :-** ''ਰਾਜਾ, ਪਰਜਾ, ਸਭ ਸੰਸਾਰ, ਮੰਡਪ, ਮਾੜੀਆਂ ਤੇ ਇਨ੍ਹਾਂ ਵਿਚ ਵਸਣ ਵਾਲੇ, ਸੋਨਾ, ਚਾਂਦੀ ਤੇ ਇਨ੍ਹਾਂ ਨੂੰ ਪੈਹਨਣ ਵਾਲੇ, ਸਰੀਰ, ਕਪੜੇ, ਅਪਾਰ ਸੁੰਦਰਤਾ, ਪਤੀ ਤੇ ਪਤਨੀ ਜੋ ਵਿਸ਼ਿਆਂ ਵਿਚ ਖਜਲ ਖੁਆਰ ਹੋ ਰਹੇ ਹਨ, ਇਹ ਸਾਰੇ ਹੀ ਕੂੜ ਹਨ। ਝੂਠੇ ਦਾ ਝੂਠ ਵਿਚ, ਪਿਆਰ ਲਗ ਗਿਆ ਤੇ ਦੁਨੀਆਂ ਬਣਾਉਣ ਵਾਲੇ ਨੂੰ ਵਿਸਾਰ ਦਿਤਾ। ਫਿਰ ਕਿਸ ਨਾਲ ਦੋਸਤੀ ਕਰੀਏ, ਜਦ ਕਿ ਸਾਰਾ ਜਗਤ ਚਲਣਹਾਰ ਹੈ ? ਮਿਠਾ ਤੇ ਮਾਖਿਉ ਵੀ ਕੂੜ ਹਨ। ਇਸ ਕੂੜ ਨੇ ਬੇੜੀਆਂ ਦੀਆਂ ਬੇੜੀਆਂ ਡੋਬ ਦਿੱਤੀਆਂ ਹਨ। ਨਾਨਕ ਬੇਨਤੀ ਕਰਦਾ ਹੈ ਕਿ ਉਸ ਪ੍ਰਭੂ ਤੋਂ ਬਿਨਾਂ ਸਭ ਕਿਛ ਕੂੜ ਹੈ।'' ਇਹ ਹੈ ਉਤਲੀ ਲਿਖੀ ਕੂੜ ਦੀ ਕੰਧ ਜੋ ਜੀਵ ਆਤਮਾ ਦਾ ਪਰਮਾਤਮਾ ਵਿਚ ਪ੍ਰਵੇਸ਼ ਨਹੀਂ ਹੋਣ ਦਿੰਦੀ। ਇਹ ਤਦ ਤੁਟਦੀ ਏ, ਜਦ ਕਿ ਜੀਵ ਆਤਮਾ, ਪ੍ਰਭੂ ਦੇ ਹੁਕਮ ਅੰਦਰ ਟੁਰੇ। ਹੁਣ ਪ੍ਰਸ਼ਨ ਉਠਦਾ ਏ ਕਿ ਪ੍ਰਭੂ ਦਾ ਹੁਕਮ ਕੀ ਏ ? ਉਸ ਹੁਕਮ ਦੀ ਸੂਝ ਕਿਥੋਂ ਮਿਲੇ ? ਪ੍ਰਭੂ ਨਿਰੰਕਾਰ ਪਾਸੋ। ਉਸ ਨਿਰੰਕਾਰ ਪ੍ਰਭੂ ਨੇ ਆਪਣੇ ਆਪ ਨੂੰ ਸਤਿਗੁਰੂ ਵਿਚ ਰਖ ਕਰ ਉਸ ਸਤਿਗੁਰੂ ਰਾਹੀਂ ਹੁਕਮ ਨੂੰ ਪਰਗਟ ਕੀਤਾ ਹੈ ਭਾਵ ਸਤਿਗੁਰੂ ਰਾਹੀਂ ਉਸ ਸਚੇ ਸਿਰਜਨਹਾਰ ਦਾ ਹੁਕਮ ਬੁਝਿਆ ਏ।

"ਗੁਰ ਮਹਿ ਆਪੁ ਰਖਿਆ ਕਰਤਾਰੇ ॥" ਪੰਨਾ 1024

**ਅਰਥ :-** ਗੁਰੂ ਵਿਚ ਕਰਤਾਰ ਨੇ ਆਪਣੇ ਆਪ ਨੂੰ ਰਖਿਆ ਹੈ।

"ਗੁਰ ਮਹਿ ਆਪੁ ਸਮੋਇ ਸਬਦੁ ਵਰਤਾਇਆ ॥" ਪੰਨਾ 1279

**ਅਰਥ :-** ਗੁਰੂ ਵਿਚ ਆਪ ਪਰਮੇਸ਼ਰ ਨੇ ਸਮਾ ਕਰ ਆਪਣਾ ਹੁਕਮ ਦਰਸਾਇਆ ਹੈ।

"ਸਤਿਗੁਰ ਵਿਚਿ ਆਪਿ ਵਰਤਦਾ ਹਰਿ ਆਪੇ ਰਖਣਹਾਰੁ ॥" ਪੰਨਾ 302

**ਅਰਥ :-** ਸਤਿਗੁਰ ਵਿਚ ਆਪ ਹੀ ਵਰਤ ਰਿਹਾ ਹੈ, ਉਹ ਆਪੇ ਰਖਣਹਾਰ ਹਰੀ। ਉਤਲੇ ਗੁਰ ਪ੍ਰਮਾਣਾਂ ਤੋਂ ਇਹ ਸਿਧ ਹੋਇਆ ਕਿ ਹਰੀ ਦਾ ਹੁਕਮ, ਸਤਿਗੁਰੂ ਤੋਂ ਪਤਾ ਲਗਦਾ ਹੈ ਏ ਕਿ ਹਰੀ-ਜੋ ਰਜ਼ਾ ਵਾਲਾ ਹੈ, ਦਾ ਹੁਕਮ ਕੀ ਹੈ ? ਹਰੀ ਆਪ ਸਤਿਗੁਰੂ ਵਿਚ ਬੋਲ ਕਰ ਆਪਣੇ ਹੁਕਮ ਦੀ ਸੋਝੀ ਬਖਸ਼ਦਾ ਹੈ। ਸੋ ਜਦ ਤਾਂਈ ਜੀਵ ਆਤਮਾ ਉਸ ਹਰੀ ਦੇ ਹੁਕਮ ਤੇ ਨਹੀਂ ਤੁਰਦੀ, ਅਪਣਾ ਪਰਵੇਸ਼ ਹਰੀ ਵਿਚ ਨਹੀਂ ਕਰ ਸਕਦੀ। ਸਿਧਾਂਤ ਇਹ ਹੈ ਕਿ :-

"ਗੁਰ ਮਿਲਿ ਹੁਕਮੁ ਪਛਾਣਿਆ ਤਬ ਹੀ ਤੇ ਸੁਖੀਆ ॥" ਪੰਨਾ 400

**ਅਰਥ :-** ਗੁਰੂ ਨੂੰ ਮਿਲ ਕੇ ਹੁਕਮ ਦੀ ਸੋਝੀ ਹੁੰਦੀ ਏ ਤੇ ਜੀਵ ਆਤਮਾ ਸੁਖੀ ਹੋ ਜਾਂਦੀ ਏ। ਤਾਂ ਤੇ

"ਗੁਰ ਕੈ ਸਬਦਿ ਹੁਕਮੁ ਪਛਾਣੁ ॥" ਪੰਨਾ 223

**ਅਰਥ :-** ਗੁਰੂ ਦੇ ਸ਼ਬਦ ਦ੍ਵਾਰਾ ਹੁਕਮ ਦੀ ਪਛਾਣ ਹੁੰਦੀ ਏ। ਫਿਰ ਇਸ ਪ੍ਰਮਾਣ ਵਿਚ ਵੀ ਉਹੀ ਫੁਰਮਾਣ ਹੈ ।

"ਸਾਚੇ ਗੁਰ ਤੇ ਹੁਕਮੁ ਪਛਾਨੁ ॥" ਪੰਨਾ 414

**ਅਰਥ :-** ਸਚੇ ਗੁਰੂ ਤੋਂ ਹੁਕਮ ਪਛਾਣ। ਜਦ ਤਾਂਈ ਹੁਕਮ ਨਹੀਂ ਬੁਝਦਾ, ਇਹ ਬੰਦਾ ਦੁਖੀ ਹੈ। ਤੁਕ ਇਹ ਹੈ :-

"ਜਬ ਲਗੁ ਹੁਕਮੁ ਨ ਬੂਝਤਾ ਤਬ ਹੀ ਲਉ ਦੁਖੀਆ ॥

ਹੁਕਮਿ ਮੰਨਿਐ ਹੋਵੈ ਪਰਵਾਣੁ ਤਾ ਖਸਮੈ ਕਾ ਮਹਲੁ ਪਾਇਸੀ ॥" ਪੰਨਾ 400

"ਖਸਮੈ ਭਾਵੈ ਸੋ ਕਰੇ ਮਨਹੁ ਚਿੰਦਿਆ ਸੋ ਫਲੁ ਪਾਇਸੀ ॥"

ਤਾ ਦਰਗਹ ਪੈਧਾ ਜਾਇਸੀ ॥" ਪੰਨਾ 471

**ਅਰਥ :–** ਹੁਕਮ ਨੂੰ ਮੰਨ੍ਹ ਕੇ ਹੀ ਪਰਵਾਣ ਹੋਈਦਾ ਏ। ਤਦ ਹਰੀ ਦਾ ਮਿਲਾਪ ਹੁੰਦਾ ਏ। ਜੋ ਖਸਮ ਦਾ ਹੁਕਮ ਜੀਵਨ ਵਿਚ ਘਟਾਉਂਦਾ ਏ, ਉਸ ਨੂੰ ਮਨ ਚਿਤਵੇ ਫਲ ਮਿਲਦੇ ਹਨ ਤੇ ਉਸ ਦਾ ਪ੍ਰਵੇਸ਼ ਨਿਰ-ਅਕਾਰ ਵਿਚ ਹੋ ਜਾਂਦਾ ਏ।

**"ਹੁਕਮਿ ਰਜਾਈ ਜੋ ਚਲੈ ਸੋ ਪਵੈ ਖਜਾਨੈ ॥"**

**ਪੰਨਾ 421**

**ਅਰਥ :–** ਜੋ ਰਜ਼ਾ ਵਾਲੇ ਦੇ ਹੁਕਮ ਅੰਦਰ ਚਲਦਾ ਏ, ਉਹ ਪ੍ਰਭੂ ਵਿਚ ਸਮਾ ਜਾਂਦਾ ਏ।

**"ਹੁਕਮਿ ਰਜਾਈ ਸਾਖਤੀ ਦਰਗਹ ਸਚੁ ਕਬੂਲੁ ॥" ਪੰਨਾ 1090**

**ਅਰਥ :–** ਹੁਕਮੀ ਦੇ ਹੁਕਮ ਵਿਚ ਟੁਰਿਆਂ ਸਚੀ ਦਰਗਾਹੇ ਕਬੂਲ ਪਈਦਾ ਹੈ। ਗੁਰੂ ਤੋਂ ਬਿਨਾਂ ਹੁਕਮ ਨਹੀਂ ਬੁਝਿਆ ਜਾਂਦਾ। ਉਸ ਸਚੇ ਦਾ ਹੀ ਸਾਰਾ ਬਲ ਹੈ। ਤੁਕ ਇਹ ਹੈ :-

**"ਗੁਰ ਬਿਨੁ ਹੁਕਮੁ ਨ ਬੂਝੀਐ ਪਿਆਰੇ ਸਾਚੇ ਸਾਚਾ ਤਾਣੁ ॥" ਪੰਨਾ 636**

ਗੁਰਮੱਤਿ ਦੁਆਰਾ ਹੁਕਮ ਬੁਝੇ, ਉਸ ਹੁਕਮ ਤੇ ਟੁਰਿਆਂ, ਰਾਮ ਨਾਲ ਮਿਲਾਪ ਹੋ ਜਾਂਦਾ ਏ। ਤੁਕ ਇਹ ਹੈ :-

**"ਗੁਰਮਤੀ ਹੁਕਮੁ ਬੂਝੀਐ ਹੁਕਮੇ ਮੇਲਿ ਮਿਲਾਈ ਰਾਮ ॥" ਪੰਨਾ 569**

ਹਰੀ ਦਾ ਹੁਕਮ ਕੀ ਹੈ ? ਇਸ ਦਾ ਉਤਰ, ਗੁਰੂ ਨਾਨਕ ਪਾਤਸ਼ਾਹ ਜੀ ਫੁਰਮਾਉਂਦੇ ਹਨ। ਤੁਕ ਇਹ ਹੈ :-

**"ਸਿਫਤਿ ਸਾਲਾਹਣੁ ਤੇਰਾ ਹੁਕਮੁ ਰਜਾਈ ॥" ਪੰਨਾ 100**

**ਅਰਥ :–** ਸਿਫਤਿ ਸਲਾਹ ਕਰਨੀ ਹੀ ਉਸ ਰਜ਼ਾ ਦੇਣ ਵਾਲੇ ਦਾ ਹੁਕਮ ਹੈ।

**"ਸਿਮਰਿ ਗੋਵਿੰਦੁ ਮਨਿ ਤਨਿ ਧੁਰਿ ਲਿਖਿਆ ॥" ਪੰਨਾ 199**

ਇਹ ਫੁਰਮਾਣ-''ਨਾਨਕ ਲਿਖਿਆ ਨਾਲਿ''-ਪਰਥਾਏ ਹੈ। ਹਰ ਇਕ ਪ੍ਰਾਣੀ ਦੇ ਅੰਤਰ-ਆਤਮੇ ਇਹ ਗਲ ਲਿਖੀ ਹੁੰਦੀ ਏ। ਪਰ ਇਸ ਧੁਰੋਂ ਲਿਖੀ ਹੋਈ ਲਿਖਤ ਦੀ ਸੋਝੀ ਗੁਰੂ ਕਰਵਾਉਂਦਾ ਹੈ।

**"ਮਲੁ ਕੂੜੀ ਨਾਮਿ ਉਤਾਰੀਅਨੁ ਜਪਿ ਨਾਮੁ ਹੋਆ ਸਚਿਆਰੁ ॥" ਪੰਨਾ 950**

**ਅਰਥ :–** ਕੂੜ ਦੀ ਮੈਲ, ਨਾਮ ਦੁਆਰਾ ਉਤਰਦੀ ਹੈ। ਨਾਮ ਜਪ ਕੇ ਸਚਿਆਰਾ ਹੋਈਦਾ ਏ। ਤਾਂ ਸਿਧਾਂਤ ਸਚਿਆਰਾ ਹੋਣ ਦਾ ਇਹ ਸਿਧ ਹੋਇਆ ਕਿ ਹੁਕਮੀ ਦੇ ਹੁਕਮ ਵਿਚ ਟੁਰਿਆਂ ਹੀ ਸਚਿਆਰਾ ਹੋਈਦਾ ਏ। ਹੁਕਮੀ ਦਾ ਹੁਕਮ ਸਤਿਗੁਰੂ ਦੁਆਰਾ ਬੁਝਿਆ ਜਾਂਦਾ ਏ। ਸਤਿਗੁਰੂ ਵਿਚ ਆਪ ਕਰਤਾਰ ਬੋਲਦਾ ਏ। ਸਤਿਗੁਰੂ ਇਹ ਗਲ ਦ੍ਰਿੜ੍ਹ ਕਰਾਉਂਦਾ ਹੈ ਕਿ ਕੂੜ ਦੀ ਮੈਲ, ਨਾਮ ਦੁਆਰਾ ਉਤਰਦੀ ਏ ਤੇ ਨਾਮ ਜਪ ਕੇ ਸਚਿਆਰਾ ਹੋਈਦਾ ਏ। ਸੋ ਜੋ ਬਾਣੀ ਸਤਿਗੁਰੂ ਪਾਤਸ਼ਾਹ ਫੁਰਮਾਉਂਦੇ ਹਨ-ਉਹੀ ਰੱਬੀ ਬਾਣੀ ਹੈ। ਉਨ੍ਹਾਂ ਨੂੰ ਧੁਰ ਤੋਂ ਆਈ ਹੈ। ਸੋ ਜਿਹੜਾ ਵੀ ਇਸ ਰੱਬੀ ਬਾਣੀ ਨੂੰ ਜੀਵਨ ਵਿਚ ਘਟਾਇਗਾ-ਉਸਦੀ ਜੀਵ ਆਤਮਾ, ਪਰਮਾਤਮਾ ਵਿਚ ਪ੍ਰਵੇਸ਼ ਕਰ ਜਾਏਗੀ।

# (12)

# ਤੀਰਥ ਇਸ਼ਨਾਨ ਨਿਸ਼ਫਲ ਹਨ

**"ਤੀਰਥ ਨਾਇ ਨ ਉਤਰਸਿ ਮੈਲੁ ॥**

**ਕਰਮ ਧਰਮ ਸਭਿ ਹਉਮੈ ਫੈਲੁ ॥"** **ਪੰਨਾ 890**

**ਭਾਵ ਅਰਥ :–** ਤੀਰਥ ਨਹਾਉਣ ਨਾਲ ਹਉਮੈ ਦੀ ਮੈਲ ਨਹੀਂ ਉਤਰਦੀ। ਇਹੋ ਜਿਹੇ ਕਰਮ ਧਰਮ ਸਗੋਂ ਹਉਮੈ ਵਧਾਉਂਦੇ ਹਨ।

ਹਉਮੈ ਰੂਪੀ ਮੈਲ ਕਿਵੇਂ ਵੀ ਧੋਤੀ ਨਹੀਂ ਉਤਰਦੀ, ਭਾਵੇਂ ਸੈਕੜੇ ਤੀਰਥਾਂ ਤੇ ਪਇਆ ਇਸ਼ਨਾਨ ਕਰੇ। ਤੁਕ ਇਹ ਹੈ :–

"ਮਲੁ ਹਉਮੈ ਧੋਤੀ ਕਿਵੈ ਨ ਉਤਰੈ ਜੇ ਸਉ ਤੀਰਥ ਨਾਇ ॥" ਪੰਨਾ 39

ਸ੍ਰੀ ਗੁਰੂ ਨਾਨਥ ਪਾਤਸ਼ਾਹ ਜੀ, ਸਪਸ਼ਟਤਾ ਨਾਲ ਫੁਰਮਾਉਂਦੇ ਹਨ ਕਿ ਤੀਰਥਾਂ ਤੇ ਭਰਮਣ ਨਾਲ ਹਉਮੈ ਦਾ ਰੋਗ ਦੂਰ ਨਹੀਂ ਹੋ ਸਕਦਾ। ਨਾਮ ਬਿਨਾਂ ਕਿਵੇਂ ਸੁਖ ਹੋ ਸਕਦਾ ਹੈ ? ਤੁਕ ਇਹ ਹੈ :-

"ਤੀਰਥਿ ਭਰਮਸਿ ਬਿਆਧਿ ਨ ਜਾਵੈ ॥

ਨਾਮ ਬਿਨਾ ਕੈਸੇ ਸੁਖੁ ਪਾਵੈ ॥" ਪੰਨਾ 906

ਫਿਰ ਸ੍ਰੀ ਹਜ਼ੂਰ ਪੁਛ ਕਰਦੇ ਹਨ ਕਿ ਪੁੰਨ, ਦਾਨ ਤੇ ਅਨੇਕ ਤੀਰਥਾਂ ਤੇ ਨਾਵਣ ਨਾਲ, ਕਿਵੇਂ ਅੰਤਰ ਦੀ ਮੈਲ ਧੋਤੀ ਜਾ ਸਕਦੀ ਹੈ ? ਭਾਵ ਕਦਾਚਿਤ ਧੋਤੀ ਨਹੀਂ ਜਾ ਸਕਦੀ।

"ਪੁੰਨ ਦਾਨ ਅਨੇਕ ਨਾਵਣ ਕਿਉ ਅੰਤਰ ਮਲੁ ਧੋਵੈ ॥" ਪੰਨਾ 243

ਭੇਖ ਧਾਰਨ ਨਾਲ, ਤੀਰਥਾਂ ਤੇ ਜਾ ਕੇ ਇਸ਼ਨਾਨ ਤੇ ਦਾਨ ਕਰਨ ਨਾਲ ਕੁਝ ਵੀ ਪਲੇ ਨਹੀਂ ਪੈਂਦਾ।

ਸ੍ਰੀ ਗੁਰੂ ਨਾਨਕ ਪਾਤਸ਼ਾਹ ਜੀ ਫੁਰਮਾਉਂਦੇ ਹਨ 'ਕਿ ਵੇਦ ਪੜ੍ਹਨ ਵਾਲਿਆਂ ਨੂੰ ਪੁੱਛੋ ਕਿ ਹਰੀ ਨੂੰ ਮਨ 'ਚ ਵਸਾਉਣ ਤੋਂ ਬਿਨਾਂ ਲੁਕਾਈ ਠੱਗੀ ਨਹੀਂ ਜਾ ਰਹੀ ਹੈ ? ਤੁਕ ਇਹ ਹੈ :-

"ਭੇਖੀ ਹਾਥ ਨ ਲਭਈ ਤੀਰਥਿ ਨਹੀ ਦਾਨੇ ॥

ਪੂਛਉ ਬੇਦ ਪੜੰਤਿਆ ਮੂਠੀ ਵਿਣੁ ਮਾਨੇ ॥" ਪੰਨਾ 1012

ਇਸ ਪ੍ਰਸ਼ਨ ਦੇ ਉਤਰ ਵਿਚ ਕਿ ਆਪ ਕਿਹੜੇ ਤੀਰਥ ਤੇ ਇਸ਼ਨਾਨ ਕਰਦੇ ਹੋ ? ਸ੍ਰੀ ਹਜ਼ੂਰ ਫੁਰਮਾਉਂਦੇ ਹਨ ਕਿ 'ਹਰੀ ਨੂੰ ਸਰੋਵਰ ਤੀਰਥ ਜਾਣ ਕੇ, ਅਸੀਂ ਆਪਣੇ ਮਨ ਨੂੰ ਉਸ ਵਿਚ ਇਸ਼ਨਾਨ ਕਰਾਉਦੇ ਹਾਂ।'

"ਹਰਿ ਸਰਿ ਤੀਰਥਿ ਜਾਣਿ ਮਨੂਆ ਨਾਇਆ ॥" ਪੰਨਾ 1286

ਸ੍ਰੀ ਹਜ਼ੂਰ ਫੁਰਮਾਉਂਦੇ ਹਨ ਕਿ ਤੀਰਥਾਂ ਦੇ ਇਸ਼ਨਾਨ ਦਾ ਕੋਈ ਲਾਭ ਨਹੀਂ। ਤੀਰਥ ਕੇਵਲ ਨਾਮ ਹੀ ਹੈ। ਸ਼ਬਦ ਦੀ ਵਿਚਾਰ ਹੈ, ਜੋ ਅੰਤਰ ਆਤਮੇ ਗਿਆਨ ਦਿੰਦੀ ਹੈ।

"ਤੀਰਥਿ ਨਾਵਣ ਜਾਉ ਤੀਰਥੁ ਨਾਮੁ ਹੈ ॥

ਤੀਰਥੁ ਸਬਦ ਬੀਚਾਰੁ ਅੰਤਰਿ ਗਿਆਨੁ ਹੈ ॥" ਪੰਨਾ 687

ਸ੍ਰੀ ਹਜ਼ੂਰ ਆਪਣਾ ਸਿਧਾਂਤ ਨਿਰੂਪਣ ਕਰਦੇ ਹਨ ਕਿ ਗੁਰੂ ਪਰਮੇਸ਼ਰ ਦੇ ਤੁਲ ਹੋਰ ਕੋਈ ਤੀਰਥ ਨਹੀਂ। ਤੁਕ ਇਹ ਹੈ :-

"ਗੁਰ ਸਮਾਨਿ ਤੀਰਥੁ ਨਹੀ ਕੋਇ ॥" ਪੰਨਾ 1328-29

ਤੀਰਥ ਇਸ਼ਨਾਨ ਗੁਰੂ ਦੀ ਵੀਚਾਰ ਹੈ ਭਾਵ ਹੋਰ ਕੋਈ ਤੀਰਥ ਨਹੀਂ। ਤੁਕ ਇਹ ਹੈ :-

"ਤੀਰਥ ਮਜਨੁ ਗੁਰ ਵੀਚਾਰਾ ॥" ਪੰਨਾ 411

ਗੁਰਮਤਿ ਨਿਰਣਾ ਦੇ ਰਹੀ ਹੈ ਕਿ ਕ੍ਰੋੜਾਂ ਦਾਨ ਤੇ ਇਸ਼ਨਾਨ ਕਰਨ ਨਾਲ ਅਤੇ ਹੋਰ ਅਨੇਕ ਸੁਚਮਤਾਈਆਂ ਨਾਲ ਪਵਿਤ੍ਰਤਾ ਨਹੀਂ ਹੋ ਸਕਦੀ। ਹੇ ਨਾਨਕ ! ਹਰੀ ਦਾ, ਰਸਨਾ ਨਾਲ, ਸਿਮਰਨ ਕਰਕੇ, ਸਾਰੇ ਪਾਪ ਕਟੇ ਜਾਂਦੇ ਹਨ।

"ਕੋਟਿ ਦਾਨ ਇਸਨਾਨੰ ਅਨਿਕ ਸੋਧ ਨ ਪਵਿਤ੍ਰਤਹ ॥

ਉਚਰੰਤਿ ਨਾਨਕ ਹਰਿ ਹਰਿ ਰਸਨਾ ਸਰਬ ਪਾਪ ਬਿਮੁਚਤੇ ॥" ਪੰਨਾ 706

"ਤੀਰਥਿ ਭਰਮਸਿ ਬਿਆਧਿ ਨ ਜਾਵੈ ॥

ਨਾਮ ਬਿਨਾ ਕੈਸੇ ਸੁਖੁ ਪਾਵੈ ॥" ਪੰਨਾ 906

**ਭਾਵ ਅਰਥ :–** ਤੀਰਥਾਂ ਤੇ ਭਰਮਨ ਤੇ ਇਸ਼ਨਾਨ ਕਰਨ ਨਾਲ, ਹਉਮੈ ਰੋਗ ਦੂਰ ਨਹੀਂ ਹੋ ਸਕਦਾ। ਨਾਮ ਤੋਂ ਬਿਨਾਂ, ਕਿਵੇਂ ਸੁਖ ਲੱਭ ਸਕਦਾ ਹੈ ? ਭਾਵ ਨਾਮ ਬਿਨਾਂ, ਸਦਾ ਦਾ ਸੁਖ ਨਹੀਂ ਮਿਲ ਸਕਦਾ।

ਪੰਜਵੇ ਪਾਤਸ਼ਾਹ ਜੀ ਫੁਰਮਾਉਂਦੇ ਹਨ :-

**"ਤੀਰਥ ਨਾਇ ਨ ਉਤਰਸਿ ਮੈਲੁ ॥"** **ਪੰਨਾ 890**

**ਭਾਵ ਅਰਥ :–** ਤੀਰਥਾਂ ਤੇ ਨ੍ਹਾਉਣ ਨਾਲ ਹਉਮੈ ਰੂਪੀ ਮੈਲ ਨਹੀਂ ਉਤਰ ਸਕਦੀ। ਸ੍ਰੀ ਗੁਰੂ ਨਾਨਕ ਦੇਵ ਜੀ ਪਹਿਲੀ ਪਾਤਸ਼ਾਹੀ, ਪ੍ਰਸ਼ਨ ਵਾਚਕ ਤੁਕ ਵਿਚ, ਪੁਛ ਕਰਦੇ ਹਨ ਕਿ ਦਸੋ, ਪੁੰਨ ਦਾਨ ਤੇ ਅਨੇਕ ਤੀਰਥਾਂ ਤੇ ਨ੍ਹਾਉਣ ਨਾਲ, ਕਿਵੇਂ ਮਨ ਦੀ ਮੈਲ ਧੋਤੀ ਜਾ ਸਕਦੀ ਹੈ ? ਤੁਕ ਇਹ ਹੈ।

**"ਪੁੰਨ ਦਾਨ ਅਨੇਕ ਨਾਵਣ ਕਿਉ ਅੰਤਰ ਮਲੁ ਧੋਵੈ ॥"** **ਪੰਨਾ 243**

ਫਿਰ ਸ੍ਰੀ ਹਜ਼ੂਰ ਕਰਕੇ ਪੁੱਛਦੇ ਹਨ :-

**"ਭੇਖੀ ਹਾਥ ਨ ਲਭਈ ਤੀਰਥਿ ਨਹੀ ਦਾਨੇ ॥**

**ਪੂਛਉ ਬੇਦ ਪੜੰਤਿਆ ਮੂਠੀ ਵਿਣੁ ਮਾਨੇ ॥"** **ਪੰਨਾ 1012**

**ਭਾਵ ਅਰਥ :–** ਮੈਂ ਵੇਦ ਪੜ੍ਹਕੂਆਂ ਨੂੰ ਪੁੱਛਦਾ ਹਾਂ ਕਿ ਭੇਖਾਂ ਨਾਲ, ਦਾਨਾਂ ਨਾਲ ਤੇ ਤੀਰਥ ਇਸ਼ਨਾਨਾਂ ਨਾਲ, ਕਿਵੇਂ ਪ੍ਰਭੂ ਦੀ ਪ੍ਰਾਪਤੀ ਹੋ ਸਕਦੀ ਹੈ ? ਭਾਵ ਕਦਾਚਿਤ ਨਹੀਂ, ਜਦ ਤਾਂਈ ਨਾਮ ਨੂੰ ਅੰਤਰ ਆਤਮੇ ਨਾ ਵਸਾਈਏ, ਤਦ ਤਾਂਈ, ਲੁਕਾਈ ਭਰਮ ਭਰਾਂਤਾਂ ਵਿਚ ਠਗੀ ਜਾ ਰਹੀ ਹੈ।

ਮੁੜ ਸ੍ਰੀ ਹਜ਼ੂਰ ਪੁੱਛ ਕਰਦੇ ਹਨ :-

**"ਅਠਸਠਿ ਤੀਰਥ ਭਰਮਿ ਵਿਗੂਚਹਿ ਕਿਉ ਮਲੁ ਧੋਪੈ ਪਾਪੈ ॥"** **ਪੰਨਾ 1013**

**ਭਾਵ ਅਰਥ :–** ਅਠਾਹਠ ਤੀਰਥਾਂ ਤੇ ਇਸ਼ਨਾਨ ਕਰਨ ਵਾਲੇ, ਭਰਮ ਵਿਚ, ਖੱਜਲ ਖੁਆਰ ਹੋ ਰਹੇ ਹਨ। ਇਸ ਤਰ੍ਹਾਂ ਇਸ਼ਨਾਨ ਕਰਨ ਨਾਲ, ਕਿਵੇਂ ਪਾਪਾਂ ਦੀ ਮੈਲ ਧੋਤੀ ਜਾ ਸਕਦੀ ਹੈ ? ਭਾਵ ਕਦਾਚਿਤ ਨਹੀਂ ਪਾਪ ਨਸ਼ਟ ਹੋ ਸਕਦੇ ਹਨ ਕਿਉਂਕਿ ਹਜ਼ੂਰ ਦਾ ਸਿਧਾਂਤ ਇਹ ਹੈ :-

**"ਜਲਿ ਮਲਿ ਕਾਇਆ ਮਾਜੀਐ ਭਾਈ ਭੀ ਮੈਲਾ ਤਨੁ ਹੋਇ ॥**

**ਗਿਆਨਿ ਮਹਾ ਰਸਿ ਨਾਈਐ ਭਾਈ ਮਨੁ ਤਨੁ ਨਿਰਮਲੁ ਹੋਇ ॥"** **ਪੰਨਾ 637**

**ਭਾਵ ਅਰਥ :–** ਜਲ ਨਾਲ ਮਲ ਕੇ, ਸਰੀਰ ਦੇ ਇਸ਼ਨਾਨ ਕਰਾਉਣ ਨਾਲ, ਸਰੀਰ ਮੁੜ ਮੈਲਾ ਹੋ ਜਾਂਦਾ ਹੈ ਅਤੇ ਗਿਆਨ ਦੇ ਵਡੇ ਰਸ ਭਰੇ ਸਰੋਵਰ ਵਿਚ ਨਹਾ, ਜਿਸ ਨਾਲ ਮੇਰੇ ਭਾਈ, ਮਨ ਤੇ ਤਨ ਨਿਰਮਲ ਹੋ ਜਾਣਗੇ। ਸ੍ਰੀ ਹਜ਼ੂਰ ਫੁਰਮਾਉਂਦੇ ਹਨ ਕਿ ਤੀਰਥਾਂ ਤੇ ਮੈਂ ਤਦ ਨ੍ਹਾਵਾਂ, ਜੇ ਉਸ ਪ੍ਰਭੂ ਨੂੰ ਭਾਵਾਂ। ਉਸ ਪ੍ਰਭੂ ਨੂੰ ਇਹ ਗੱਲ ਨਹੀਂ ਭਾਉਂਦੀ ਤਾਂ ਨਹਾ ਕੇ ਕੀ ਕਰਾਂ ? ਤੁਕ ਇਹ ਹੈ :-

**"ਤੀਰਥਿ ਨਾਵਾ ਜੇ ਤਿਸੁ ਭਾਵਾ ਵਿਣੁ ਭਾਣੇ ਕਿ ਨਾਇ ਕਰੀ ॥"** **ਪੰਨਾ 2**

ਸ੍ਰੀ ਹਜ਼ੂਰ ਸਿਧਾਂਤ ਦ੍ਰਿਸ਼ਟੀਗੋਚਰ ਕਰਦੇ ਹਨ :-

**"ਤੀਰਥਿ ਨਾਵਣ ਜਾਉ ਤੀਰਥੁ ਨਾਮੁ ਹੈ ॥**

**ਤੀਰਥੁ ਸਬਦ ਬੀਚਾਰੁ ਅੰਤਰਿ ਗਿਆਨੁ ਹੈ ॥**

**ਗੁਰ ਗਿਆਨੁ ਸਾਚਾ ਥਾਨੁ ਤੀਰਥੁ ਦਸ ਪੁਰਬ ਸਦਾ ਦਸਾਹਰਾ ॥**

**ਹਉ ਨਾਮੁ ਹਰਿ ਕਾ ਸਦਾ ਜਾਚਉ ਦੇਹੁ ਪ੍ਰਭ ਧਰਣੀਧਰਾ ॥"** **ਪੰਨਾ 687**

**ਭਾਵ ਅਰਥ :–** ਤੀਰਥਾਂ ਤੇ ਨ੍ਹਾਵਣ ਕਿਉਂ ਜਾਣਾ ? ਤੀਰਥ ਕੇਵਲ ਨਾਮ ਹੀ ਹੈ। ਤੀਰਥ ਨਾਵਣ ਕੀ ਹੈ ! ਉਤਰ ਵਿਚ ਫੁਰਮਾਉਂਦੇ ਹਨ, ਤੀਰਥ ਗੁਰੂ ਦੇ ਸ਼ਬਦ ਦੀ ਵੀਚਾਰ ਹੈ। ਇਸ ਵੀਚਾਰ ਨਾਲ, ਅੰਤਰ ਆਤਮੇ ਗਿਆਨ ਪਰਤਖ ਹੁੰਦਾ ਹੈ। ਗੁਰੂ ਦਾ ਗਿਆਨ ਹੀ, ਸਚਾ ਤੀਰਥ ਅਸਥਾਨ ਹੈ। ਏਹੋ ਹੀ, ਦਸ ਪੁਰਬੀਆਂ ਹਨ ਤੇ ਏਹੋ ਹੀ, ਦਸ ਪਾਪ ਹਰਨ ਵਾਲਾ ਸਦੀਵੀ ਪੁਰਬ ਹੈ ਭਾਵ 'ਦਸਹਿਰਾ' ਤਾਂ ਇਕੋ ਦਿਨ ਆਉਂਦਾ ਹੈ, ਪਰ ਇਹ ਪੁਰਬ ਸਦਾ ਹੀ ਲਗਾ ਰਹਿੰਦਾ ਹੈ।

(ਨੋਟ) ਦਸ ਪੁਰਬ, ਜਦੋਂ ਇਸ਼ਨਾਨ ਕਰਨਾ ਸ੍ਰੇਸ਼ਟ ਸਮਝਿਆ ਜਾਂਦਾ ਹੈ ਇਹ ਹਨ ਅਠੋਂ, ਚੌਦੇ ਮਸਿਆ, ਸੰਗਰਾਂਦ, ਪੂਰਨਮਾਸ਼ੀ, ਉਤਰਾਇਣ, ਦਖਾਇਣ, ਵਯਾਤਿਪਾਤ, ਚੰਨ ਤੇ ਸੂਰਜ ਦੇ ਗ੍ਰਹਿਣ, ਤੇ 'ਦਸਹਿਰਾ' ਆਖਦੇ ਹਨ, ਜੇਠ ਸੁਦੀ ਦਸਮੀ ਨੂੰ, ਜਦੋਂ ਦਸ ਪਾਪਾਂ ਦੇ ਨਾਸ਼ ਕਰਨ ਵਾਲੀ ਗੰਗਾ ਦਾ ਜਨਮ ਹੋਇਆ, ਆਖਦੇ ਹਨ। ਗੁਰਮਤਿ ਦ੍ਰਿੜ ਕਰਾਉਂਦੀ ਹੈ ਕਿ ਕੇਵਲ ਗੁਰੂ ਦੇ ਸ਼ਬਦ ਦੀ ਵੀਚਾਰ ਹੀ, ਦਸ ਪੁਰਬਾਂ ਦਾ ਇਸ਼ਨਾਨ ਤੇ ਦਸਹਿਰਾ ਹੈ।

ਸ੍ਰੀ ਹਜ਼ੂਰ ਦਾ ਸਿਧਾਂਤ ਇਹ ਹੈ ਕਿ ਤੀਰਥ ਕੇਵਲ ਪੂਰਾ ਸਤਿਗੁਰੂ ਹੈ, ਜੋ ਰਾਤ ਦਿਨ ਹਰੀ ਦੇ ਨਾਮ ਨੂੰ ਧਿਆਉਂਦਾ ਹੈ। ਤੁਕ ਇੰਜ ਹੈ :-

**"ਤੀਰਥੁ ਪੂਰਾ ਸਤਿਗੁਰੂ ਜੋ ਅਨਦਿਨੁ ਹਰਿ ਹਰਿ ਨਾਮੁ ਧਿਆਏ ॥" ਪੰਨਾ 140**

**ਪੁਨਹ :**

**"ਨਾਨਕ ਗੁਰ ਸਮਾਨਿ ਤੀਰਥੁ ਨਹੀ ਕੋਈ ਸਾਚੇ ਗੁਰ ਗੋਪਾਲਾ ॥" ਪੰਨਾ 437**

**ਭਾਵ ਅਰਥ :–** ਹੇ ਨਾਨਕ , ਗੁਰੂ ਬਰਾਬਰ ਹੋਰ ਕੋਈ ਤੀਰਥ ਨਹੀਂ। ਗੁਰੂ ਸਚਾ ਤੇ ਸ੍ਰਿਸ਼ਟੀ ਦਾ ਪਾਲਨਹਾਰ ਹੈ।

ਸ੍ਰੀ ਗੁਰੂ ਅਰਜਨ ਦੇਵ ਜੀ ਫੁਰਮਾਉਂਦੇ ਹਨ ਕਿ ਜਿਹੜਾ ਤੀਰਥਾਂ ਤੇ ਨ੍ਹਾਉਂਦਾ ਹੈ, ਧਰਤੀ ਤੇ ਭ੍ਰਮਦਾ ਫਿਰਦਾ ਹੈ, ਉਹ ਅਗੇ ਦਰਗਾਹੇ ਜਾ ਕਰ, ਥਾਂ ਨਹੀਂ ਪਾਉਂਦਾ। ਉਥੇ ਦਰਗਾਹ ਵਿਚ, ਇਹ ਗਲਾਂ ਕੰਮ ਨਹੀਂ ਆਉਂਦੀਆਂ। ਉਹ ਲੋਕਾਂ ਨੂੰ ਪਤਿਆਉਂਦਾ ਫਿਰਦਾ ਹੈ। ਤੁਕ ਇਹ ਹੈ :-

**"ਤੀਰਥਿ ਨਾਇ ਅਰੁ ਧਰਨੀ ਭ੍ਰਮਤਾ ਆਗੈ ਠਉਰ ਨ ਪਾਵੈ ॥**

**ਊਹਾ ਕਾਮਿ ਨ ਆਵੈ ਇਹ ਬਿਧਿ ਓਹੁ ਲੋਗਨ ਹੀ ਪਤੀਆਵੈ ॥" ਪੰਨਾ 216**

ਫਿਰ ਸ੍ਰੀ ਹਜ਼ੂਰ ਹੋਰ ਫੁਰਮਾਉਂਦੇ ਹਨ ਕਿ ਜਿਹੜਾ ਕੋਈ ਮਨ ਕਾਮਨਾ ਵਾਲੇ ਤੀਰਥ ਤੇ ਜਾ ਵਸੇ ਤੇ ਸਿਰ ਉੱਤੇ ਆਰਾ ਧਰਾ ਕਰ, ਦੋ ਫਾੜ ਸਰੀਰ ਕਰਾ ਲਵੇ। ਇੰਜ ਕਰਨ ਨਾਲ, ਮਨ ਦੀ ਹਉਮੈ ਰੂਪੀ ਮੈਲ ਨਹੀਂ ਉਤਰਦੀ, ਭਾਵੇਂ ਇਹੋ ਜਿਹੇ, ਹੋਰ ਲਖ ਯਤਨ, ਪਿਆ ਕਰੇ। ਤੁਕਾਂ ਇਹ ਹਨ :-

**"ਮਨ ਕਾਮਨਾ ਤੀਰਥ ਜਾਇ ਬਸਿਓ ਸਿਰਿ ਕਰਵਤ ਧਰਾਏ ॥**

**ਮਨ ਕੀ ਮੈਲੁ ਨ ਉਤਰੈ ਇਹ ਬਿਧਿ ਜੇ ਲਖ ਜਤਨ ਕਰਾਏ ॥" ਪੰਨਾ 642**

ਸ੍ਰੀ ਪੰਚਮ ਪਾਤਸ਼ਾਹ ਜੀ ਫੁਰਮਾਉਂਦੇ ਹਨ ਕਿ ਜੇ ਰਾਤ ਦਿਨ ਜਲ ਨਾਲ ਇਸ਼ਨਾਨ ਕਰੇ ਤਾਂ ਇੰਜ ਕਰਨ ਨਾਲ, ਮਨ ਦੀ ਮੈਲ, ਇਸ ਸਰੀਰ ਵਿਚੋਂ ਨਹੀਂ ਜਾ ਸਕਦੀ। ਤੁਕ ਇਹ ਹੈ :-

**"ਸੋਚ ਕਰੈ ਦਿਨਸੁ ਅਰੁ ਰਾਤਿ ॥**

**ਮਨ ਕੀ ਮੈਲੁ ਨ ਤਨ ਤੇ ਜਾਤਿ ॥" ਪੰਨਾ 265**

ਸ੍ਰੀ ਹਜ਼ੂਰ ਇਥੋਂ ਤਾਂਈ ਫੁਰਮਾਉਂਦੇ ਹਨ ਕਿ ਕ੍ਰੋੜਾਂ ਦਾਨ ਤੇ ਕ੍ਰੋੜਾਂ ਇਸ਼ਨਾਨ ਤੇ ਹੋਰ ਸੁਚਮਤਾਈਆਂ ਨਾਲ, ਮਨ ਪਵਿਤ੍ਰ ਨਹੀਂ ਹੋ ਸਕਦਾ। ਪਰ ਹੇ ਨਾਨਕ ! ਜੇ ਹਰੀ ਦਾ ਨਾਮ, ਰਸਨਾ ਨਾਲ ਜਪਿਆ ਜਾਏ ਤਾਂ ਸਾਰੇ ਪਾਪ ਨਸ਼ਟ ਹੋ ਜਾਂਦੇ ਹਨ। ਪ੍ਰਮਾਣ ਇਹ ਹੈ :-

**"ਕੋਟਿ ਦਾਨ ਇਸਨਾਨੰ ਅਨਿਕ ਸੋਧ ਨ ਪਵਿਤ੍ਰਤਹ ॥**

**ਉਚਰੰਤਿ ਨਾਨਕ ਹਰਿ ਹਰਿ ਰਸਨਾ ਸਰਬ ਪਾਪ ਬਿਮੁਚਤੇ ॥" ਪੰਨਾ 706**

ਜਿਸ ਵੇਲੇ ਹਰੀ ਦਾ ਜਸ ਤੇ ਹਰੀ ਦੇ ਗੁਣ ਗਾਏ ਜਾਣ, ਉਸ ਵੇਲੇ ਕ੍ਰੋੜਾਂ ਮਜਨਾਂ ਦਾ ਇਸ਼ਨਾਨ ਹੋ ਜਾਂਦਾ ਹੈ। ਜਿਸ ਵੇਲੇ ਰਸਨਾ ਗੁਣਾਂ ਦੇ ਭੰਡਾਰ ਦੇ ਨਾਮ ਉਚਰਦੀ ਹੈ ਤਾਂ ਉਸ ਦੇ ਬਰਾਬਰ ਕੋਈ ਦਾਨ ਨਹੀਂ ਪੁੱਜਦਾ। ਵਾਕ ਇਹ ਹੈ :-

**"ਅਉਸਰਿ ਹਰਿ ਜਸੁ ਗੁਣ ਰਮਣ ਜਿਤੁ ਕੋਟਿ ਮਜਨ ਇਸਨਾਨੁ ॥**

**ਰਸਨਾ ਉਚਰੈ ਗੁਣਵਤੀ ਕੋਇ ਨ ਪੁਜੈ ਦਾਨੁ ॥" ਪੰਨਾ 49**

ਸ੍ਰੀ ਹਜ਼ੂਰ ਫੁਰਮਾਉਂਦੇ ਹਨ ਕਿ ਸਾਡੇ ਤਾਂ ਕੇਵਲ, ਨਾਮ ਹੀ ਮਜਨ ਇਸ਼ਨਾਨ ਹੈ ਤੇ ਨਾਮ ਹੀ ਪੂਰਨ ਦਾਨ ਹੈ। ਤੁਕ ਇਹ ਹੈ :-

**"ਨਾਮੁ ਹਮਾਰੈ ਮਜਨ ਇਸਨਾਨੁ ॥**

**ਨਾਮੁ ਹਮਾਰੈ ਪੂਰਨ ਦਾਨੁ ॥" ਪੰਨਾ 1145**

ਸਾਡੇ ਤਾਂ ਕੇਵਲ ਏਕੈ ਹਰੀ ਹੀ ਹਰੀ ਹੈ, ਹੋਰ ਕਿਸੇ ਦੀ ਸਿਆਣ ਨਹੀਂ ਕਰਦੇ। ਪ੍ਰਮਾਣ ਇਹ ਹੈ :-

**"ਹਮਾਰੈ ਏਕੈ ਹਰੀ ਹਰੀ ॥**

**ਆਨ ਅਵਰ ਸਿਞਾਣਿ ਨ ਕਰੀ ॥" ਪੰਨਾ 715**

ਪਚੰਮ ਪਾਤਸ਼ਾਹ ਜੀ ਫੁਰਮਾਉਂਦੇ ਹਨ ਕਿ ਨਾਨਕ ਦੇ ਘਰ ਕੇਵਲ ਨਾਮ ਹੀ ਹੈ ਭਾਵ ਕਰਮ, ਧਰਮ, ਪੁੰਨ, ਦਾਨ, ਤੀਰਥ ਇਸ਼ਨਾਨ ਆਦਿਕ ਨੂੰ, ਨਾਨਕ ਦੇ ਘਰ ਵਿਚ ਥਾਂ ਨਹੀਂ। ਤੁਕ ਇਹ ਹੈ :-

**"ਨਾਨਕ ਕੈ ਘਰਿ ਕੇਵਲ ਨਾਮੁ ॥" ਪੰਨਾ 1136**

ਗੁਰਧਾਮਾਂ ਦੇ ਦਰਸ਼ਨ ਕਰਨੇ ਚਾਹੀਦੇ ਹਨ। ਹੁਕਮ ਹੈ :-

**"ਜਿਥੈ ਜਾਇ ਬਹੈ ਮੇਰਾ ਸਤਿਗੁਰੂ ਸੋ ਥਾਨੁ ਸੁਹਾਵਾ ਰਾਮ ਰਾਜੇ ॥**

**ਗੁਰਸਿਖੀ ਸੋ ਥਾਨੁ ਭਾਲਿਆ ਲੈ ਧੂਰਿ ਮੁਖਿ ਲਾਵਾ ॥" ਪੰਨਾ 450**

ਗੁਰਧਾਮਾਂ ਦੇ ਦਰਸ਼ਨ ਕਰਨ ਨਾਲ, ਮਨ ਵਿਚ, ਉਤਸ਼ਾਹ ਤੇ ਪ੍ਰੇਰਨਾ ਉਪਜਦੀ ਹੈ, ਗੁਰੂ ਸਾਹਿਬ ਦੇ ਕਾਰਨਾਮੇ ਚੇਤੇ ਆਉਂਦੇ ਹਨ। ਗੁਰਮੁੱਖਾਂ ਦੇ ਦਰਸ਼ਨ ਦੀਦਾਰ ਹੁੰਦੇ ਹਨ। ਮਨ ਵਿਚ, ਸਿਖੀ ਦ੍ਰਿੜ੍ਹ ਹੁੰਦੀ ਹੈ। ਇਹ ਕਿੰਨਾ ਲਾਭ ਹੈ ? ਪਰ ਜੇ ਆਖੋ ਤੇ ਸਮਝੋ ਕਿ ਇਸ਼ਨਾਨ ਨਾਲ ਪਾਪ ਦੂਰ ਹੋ ਜਾਂਦੇ ਹਨ ਤਾਂ ਇਹ ਗੁਰਮੱਤ ਨਹੀ, ਹੋਰ ਮੱਤ ਹੈ। ਨਾਮ ਜਪਣ ਦੀ ਫਿਰ ਕੀ ਲੋੜ ਰਹਿ ਗਈ ? ਪਾਪ ਕਰੀ ਚਲੋ ਤੇ ਇਸ਼ਨਾਨ ਨਾਲ ਪਾਪ ਲਾਹੀ ਚਲੋ। ਗੁਰਮੱਤਿ ਤੋਂ ਅਨਜਾਣ ਵੀਰ, ਇਸ ਟਪਲੇ ਵਿਚ ਆ ਕਰ ਭੁਲੇਖੇ ਖਾ ਰਹੇ ਹਨ। ਸ੍ਰੀ ਗੁਰੂ ਰਾਮਦਾਸ ਸਚੇ ਪਾਤਸ਼ਾਹ ਦੇ ਰਚੇ ਹੋਏ ਸਰੋਵਰ ਦੀ ਮਹੱਤਤਾ, ਅਸੀਂ ਉਵੇਂ ਹੀ ਕਾਇਮ ਰਖਣੀ ਹੈ, ਜਿਵੇਂ ਸਾਡੇ ਗੁਰਮੁੱਖਿ ਪਿਆਰਿਆਂ ਨੇ ਰੱਖੀ ਹੈ। ਗੁਰੂ ਰਾਮਦਾਸ ਸਰੋਵਰ ਦੀ ਪਵਿਤ੍ਰਤਾ ਨੂੰ ਕਾਇਮ ਰੱਖਣ ਲਈ, ਅਨੇਕ ਕੁਰਬਾਨੀਆਂ ਹੋਈਆਂ ਹਨ, ਅਨੇਕ ਅਕਹਿ ਤੇ ਅਸਹਿ ਕਸ਼ਟ ਝਲੇ ਹਨ। ਇਸ ਯਾਦਗਾਰੀ ਪਵਿਤ੍ਰਤਾ ਨੂੰ ਕਾਇਮ ਰੱਖਣ ਲਈ, ਇਤਿਹਾਸ ਸਾਖੀ ਭਰ ਰਿਹਾ ਹੈ ਕਿ ਗੁਰੂ ਤੋਂ ਨਿਛਾਵਰ ਹੋਣ ਵਾਲੇ, ਮਰਜੀਵੜਿਆਂ ਨੇ, ਕਿਵੇਂ ਅਪਨੇ ਪ੍ਰਾਣ ਨਿਛਾਵਰ ਕਰ ਦਿੱਤੇ ਹਨ ? ਸ਼ਾਹੀਦੀਆਂ ਪਾਉਣ ਤੋਂ ਪਿਛੇ ਨਹੀਂ ਹਟੇ। ਜੇ ਹੁਣ ਦੇ ਸਮੇਂ ਵਿਚ ਵੀ ਕੋਈ, ਕੈਰੀ ਅੱਖ ਕਰਕੇ ਇਸ ਦੀ ਪਵਿਤ੍ਰਤਾਂ ਨੂੰ ਠੇਸ ਪਹੁੰਚਾਏ ਤਾਂ ਪੰਥ ਦਾ ਬੱਚਾ-ਬੱਚਾ ਸ਼ਹੀਦਿਆਂ ਪਾ ਲਏਗਾ ਪਰ ਇਹ ਨਹੀਂ ਜਰ ਸਕੇਗਾ ਕਿ ਇਸ ਦੀ ਕੋਈ ਬੇਅਦਬੀ ਕਰੇ। ਸਮੁੱਚੇ ਪੰਥ ਦੇ ਸਤਿਕਾਰ ਦੀ ਥਾਂ ਹੈ। ਗੁਰੂ ਸਾਹਿਬ ਦੀ ਯਾਦਗਾਰ ਹੈ। ਇਸ ਦੇ ਪਿੱਛੇ ਸ਼ਹੀਦੀਆਂ ਹਨ। ਅਨਮਤਿ ਆਖਦੇ ਹਨ ਕਿ ਜਲ ਵਿਚ ਨ੍ਹਾਉਣ ਨਾਲ ਪਾਪ ਨਸ਼ਟ ਹੋ ਜਾਂਦੇ ਹਨ। ਉਸ ਦੀ ਨਿਖੇਧੀ, ਗੁਰਮੱਤਿ ਕਰ ਰਹੀ ਹੈ। ਕਸਵੱਟੀ ਇਕ ਹੁੰਦੀ ਹੈ, Standard ਇਕ ਹੁੰਦਾ ਏ। ਦੋ ਕਸਵਟੀਆਂ ਤੇ ਦੋ ਸਟੈਂਡਰਡ ਰੱਖਣ ਵਾਲੇ ਨੂੰ, ਜਗਤ ਨਹੀਂ ਮੰਨਦਾ। ਜੇ ਹਿੰਦੂ ਤੀਰਥਾਂ ਦੇ ਇਸ਼ਨਾਨ ਨਾਲ, ਮਨ ਦੀ ਹਉਮੈ ਰੂਪੀ ਮੈਲ ਤੇ ਪਾਪ ਦੂਰ ਨਹੀਂ ਹੋ ਸਕਦੇ ਤਾਂ ਫਿਰ ਆਪਣੇ ਤੀਰਥ ਤੇ ਕਿਵੇਂ ਹੋ ਸਕਦੇ ਹਨ ?

# (13)
# ਅੰਮ੍ਰਿਤਸਰ ਕੀ ਹੈ
# ਤੇ
# ਕਿਥੇ ਹੈ ?

ਇਸ ਲੇਖ ਦੀ ਪ੍ਰੇਰਨਾ ਦਾ ਕਾਰਣ ਇਕ ਹਡ ਬੀਤੀ ਜੀਵਨ ਘਟਨਾ ਹੈ, ਜੋ ਇੰਜ ਹੈ। ਇਕ ਵਾਰੀ ਬਹੁਤ ਮੰਨੇ ਪ੍ਰਮੰਨੇ ਪੰਡਤ ਨਾਲ, ਜੋ ਜੋਗ ਮੱਤ ਦਾ ਧਾਰਨੀ ਸੀ, ਵੀਚਾਰ ਹੋਈ ਕਿ ਤੀਰਥ

ਇਸ਼ਨਾਨ ਨਾਲ-ਜੀਵ ਦੇ ਕੀਤੇ ਹੋਏ ਪਾਪ-ਨਸ਼ਟ ਹੋ ਜਾਂਦੇ ਹਨ ਕਿ ਨਹੀਂ ? ਲੇਖਕ ਦਾ ਪੱਖ ਗੁਰਮਤਿ ਦੇ ਦਰਸਾਏ ਸਿਧਾਂਤ ਤੇ ਇਹ ਸੀ ਕਿ ਕਦਾਚਿਤ ਨਹੀਂ। ਪਰੰਤੂ ਵਿਦਵਾਨ ਪੰਡਤ ਜੀ ਆਖਦੇ ਸਨ ਕਿ ਤੀਰਥ ਇਸ਼ਨਾਨ ਨਾਲ ਕੀਤੇ ਹੋਏ ਪਾਪ ਨਸ਼ਟ ਹੋ ਜਾਂਦੇ ਹਨ। ਜੋਗ ਮਤ ਚਲਾਣ ਵਾਲੇ, ਸ੍ਰੀ ਪਾਤੰਜਲ ਜੀ ਦੇ ਸ਼ਾਸਤ੍ਰ ਦਾ, ਉਹ ਪੰਡਤ ਜੀ ਬਾਰ-ਬਾਰ ਪ੍ਰਮਾਣ ਦਿੰਦੇ ਸਨ। ਬੜੇ ਚਿਰ ਵੀਚਾਰ ਹੁੰਦੀ ਰਹੀ। ਦੋਵੇਂ ਆਪਣੇ-ਆਪਣੇ ਪੱਖ ਤੇ ਡਟੇ ਰਹੇ। ਦਾਸ ਨੇ ਇਕ ਗਲ ਪੰਡਤ ਜੀ ਨੂੰ ਆਖੀ ਕਿ ਜਲ ਨਾਲ ਸਰੀਰ ਦੀ ਸੁਚਮੱਤਾ ਤਾਂ ਹੋ ਜਾਂਦੀ ਹੈ ਪਰ ਮਨ ਕਿਵੇਂ ਨਿਰਮਲ ਹੋ ਸਕਦਾ ਹੈ ਤੇ ਮਨ ਦੀ ਨਿਰਮਲਤਾ ਤੋਂ ਬਿਨਾਂ ਪਾਪ ਕਿਵੇਂ ਕੱਟ ਸਕਦੇ ਹਨ ? ਇਸ ਦਲੀਲ ਭਰੀ ਗੱਲ ਦਾ ਉਤਰ, ਉਹ ਦੇ ਨਾ ਸਕੇ। ਪਰੰਤੂ ਆਖਣ ਲਗੇ ਕਿ ਤੁਹਾਡੇ ਗੁਰੂ ਸਾਹਿਬਾਨ ਨੇ ਵੀ ਅੰਮ੍ਰਿਤਸਰ ਦਾ ਇਸ਼ਨਾਨ, ਪਾਪ ਕਟਣ ਲਈ ਗੁਰੂ ਗਰੰਥ ਸਾਹਿਬ ਵਿਚ, ਲਿਖਿਆ ਹੈ। ਉਹਨਾਂ ਪ੍ਰਮਾਨ ਇਹ ਦਿਤਾ :-

**"ਰਾਮਦਾਸ ਸਰੋਵਰਿ ਨਾਤੇ ॥**
**ਸਭਿ ਉਤਰੇ ਪਾਪ ਕਮਾਤੇ ॥"** **ਪੰਨਾ 625**

ਇਸ ਪ੍ਰਮਾਣ ਦੇ ਉਤਰ ਵਿਚ ਦਾਸ ਨੇ ਆਖਿਆ ਕਿ ਇਹ ਠੀਕ ਹੈ। ''ਰਾਮ ਦਾਸ ਸਰੋਵਰ ਵਿਚ ਇਸ਼ਨਾਨ ਕਰਨ ਨਾਲ ਪਾਪ ਉਤਰ ਜਾਂਦੇ ਹਨ।'' ਪੰਡਤ ਜੀ ਬੋਲੇ ''ਗੰਗਾਂ ਤੇ ਕਿਉਂ ਨਹੀਂ ?'' ਦਾਸ ਆਖਿਆ-''ਰਾਮਦਾਸ ਸਰੋਵਰ ਦਾ ਜਲ, ਪ੍ਰਭੂ ਦੇ ਨਾਮ ਬਾਣੀ ਨਾਲ ਪਵਿਤ੍ਰ ਹੋ ਰਿਹਾ ਹੈ ਕਿਉਂਕਿ ਹਰਿਮੰਦਰ ਵਿਚ ਹਰ ਵੇਲੇ ਭਜਨ ਹੋ ਰਿਹਾ ਹੈ।'' ਸੁਣ ਕਰ ਪਡਿੰਤ ਜੀ ਬੋਲੇ-''ਤਾਂ ਫਿਰ ਗੰਗਾ ਦਾ ਜਲ ਵੀ ਪਵਿਤ੍ਰ ਹੈ ਉਥੇ ਹਰ ਵੇਲੇ ਵੇਦ ਪਾਠ, ਹਵਨ ਤੇ ਕਥਾ ਕੀਰਤਨ ਹੁੰਦਾ ਹੈ। ਫਰਕ ਕੀ ਹੋਇਆ ? ਕੁਝ ਨਹੀਂ।'' ਦਾਸ ਇਹ ਗਲ ਨੂੰ ਕਟ ਨਹੀਂ ਸਕਿਆ ਤੇ ਚੁਪ ਹੋ ਗਿਆ। ਥੋੜ੍ਹੇ ਸਮੇਂ ਮਗਰੋ ਪੰਡਤ ਜੀ ਬੋਲੇ, ਡਾਕਟਰ ਸਾਹਿਬ ਇਹ ਤਾਂ ਆਪਣਾ-ਆਪਣਾ ਵਿਸ਼ਵਾਸ ਹੈ। ਸਾਡਾ ਵਿਸ਼ਵਾਸ ਗੰਗਾ, ਤ੍ਰਬੈਣੀ ਤੇ ਕਾਸ਼ੀ ਆਦਿਕ ਤੀਰਥਾਂ ਤੇ ਹੈ ਤੇ ਤੁਹਾਡਾ ਅੰਮ੍ਰਿਤਸਰ ਤਰਨ ਤਾਰਨ ਤੇ ਬਾਉਲੀ ਸਾਹਿਬ ਆਦਿਕ ਤੇ ਹੈ। ਹੁਣ ਤਾ ਮੰਨਣਾ ਪਊ। ਕਸਵੱਟੀ ਇਕੋ ਹੀ ਰਖੋ, ਡਬਲ ਨਾ ਕਰੋ।

ਪੰਡਤ ਜੀ ਦੀ ਉਤਲੀ ਕਹਿਣੀ ਨੇ, ਦਾਸ ਨੂੰ ਨਿਰਉਤਰ ਕਰ ਦਿੱਤਾ, ਪਰ ਵਿਚੋਂ ਮਨ ਨਾ ਮੰਨੇ ਕਿ ਇਹ ਗੱਲ ਪੰਡਤ ਜੀ ਦੀ ਠੀਕ ਹੈ। ਇਤਨੀ ਗੱਲ ਤਾਂ ਦਾਸ ਨੇ ਮੰਨ ਲਈ ਕਿ ਕਸਵੱਟੀ (Standard) ਇਕ ਹੁੰਦੀ ਹੈ, ਡਬਲ ਨਹੀਂ ਹੁੰਦੀ। ਜੇ ਹਿੰਦੂਆਂ ਦੇ ਤੀਰਥਾਂ ਦੇ ਇਸ਼ਨਾਨ ਨੂੰ ਗੁਰਮਤਿ ਖੰਡਨ ਕਰਦੀ ਹੈ, ਤਾਂ ਅਪਨੇ ਤੀਰਥਾਂ ਦੇ ਮੰਡਨ, ਕਿਵੇਂ ਅਨਕੂਲ ਹੈ ? ਇਹ ਤਾਂ ਡਬਲ ਸਟੈਡਰਡ (Double Standard) ਹੋਇਆ। ਇਸ ਪਾਈ ਗਈ ਸਮਸਿਆ ਨੂੰ ਸਮਝਣ ਲਈ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਸਾਧਾਰਨ ਪਾਠ ਆਰੰਭ ਕਰ ਦਿੱਤਾ ਤੇ ਪ੍ਰਾਰੰਭਤਾ ਤੋਂ ਪ੍ਰਥਮ ਅਰਦਾਸ ਕੀਤੀ ਕਿ ਹੇ ਸਚੇ ਪਾਤਸ਼ਾਹ ਆਪਣੀ ਮਿਹਰ ਕਰਨੀ ਤੇ ਨਿਰੋਲ ਗੁਰਮਤਿ ਦੇ ਸਿਧਾਂਤ ਦੀ ਸੋਝੀ ਬਖਸ਼ਣੀ। ਉਸ ਸਿਰਜਨਹਾਰ, ਪਾਲਨਹਾਰ, ਬਖਸ਼ਨਹਾਰ, ਨਿਰੰਕਾਰ ਜੀ ਨੇ ਅਰਦਾਸ ਸੁਣੀ ਤੇ ਬਖਸ਼ਸ਼ ਕੀਤੀ। ਜਦ ਦਾਸ ਵੀਚਾਰ ਨਾਲ ਪਾਠ ਕਰਦਾ ਕਰਦਾ ਪੰਨਾ 363 ਤੇ ਪੁਜਾ ਤੇ ਇਹ ਤੁਕ ਪੜ੍ਹੀ।

**"ਅੰਤਰੁ ਨਿਰਮਲੁ ਅੰਮ੍ਰਿਤ ਸਰਿ ਨਾਏ ॥"** **ਪੰਨਾ 363**

ਤਾਂ ਦਾਸ ਪੜ੍ਹਦਾ-ਪੜ੍ਹਦਾ ਰੁਕ ਗਿਆ। ਵੀਚਾਰ ਫੁਰੀ ਕਿ ਇਹ ਉਤਲੀ ਤੁਕ, ਤੀਜੀ ਪਾਤਸ਼ਾਹੀ ਸਾਹਿਬ ਗੁਰੂ ਅਮਰ ਦਾਸ ਜੀ ਦੀ ਹੈ। ਅੰਮ੍ਰਿਤਸਰ ਸਰੋਵਰ ਦੀ ਨੀਹ ਤੇ ਪਟਵਾਈ, ਚੌਥੀ ਪਾਤਸ਼ਾਹੀ ਸ੍ਰੀ ਗੁਰੂ ਰਾਮਦਾਸ ਜੀ ਨੇ ਕਰਾਈ। ਸ੍ਰੀ ਹਰਿਮੰਦਰ ਸਾਹਿਬ ਜੀ ਦੀ ਨੀਹ-ਮੀਆਂ ਮੀਰ ਜੀ ਤੋ ਸਾਹਿਬ ਗੁਰੂ ਅਰਜਨ ਦੇਵ ਜੀ ਨੇ ਰਖਵਾਈ। ਫਿਰ ਤੀਜੀ ਪਾਤਸ਼ਾਹੀ ਕਿਹੜੇ ਅੰਮ੍ਰਿਤਸਰ ਲਈ ਫੁਰਮਾ ਰਹੇ ਹਨ ਕਿ ''ਅੰਤਰੁ ਨਿਰਮਲੁ ਅੰਮ੍ਰਿਤਸਰਿ ਨਾਏ।।'' ਤੁਕ ਦਾ ਭਾਵ ਅਰਥ ਹੈ ਕਿ ਅੰਦਰ

ਦਾ ਮਨ ਨਿਰਮਲ ਹੋ ਜਾਂਦਾ ਹੈ ਜੇ ਅੰਮ੍ਰਿਤ ਸਰੋਵਰ ਵਿਚ ਨ੍ਹਾਈਏ। ਪਦ 'ਅੰਮ੍ਰਿਤਸਰ' ਦੇ 'ਰਾਰੇ' ਨੂੰ ਸਿਹਾਰੀ ਹੈ। ਇਹ ਸੰਬੰਧਕ ਵਾਚਕ ਹੈ, ਅਰਥ ਹੋਇਆ ਅੰਮ੍ਰਿਤਸਰ ਵਿਚ। ਫਿਰ ਜਦ ਦਾਸ ਦਾ ਪਾਠ, ਪੰਨੇ 510 ਤੇ ਪੁਜਾ ਤਾਂ ਇਸ ਤੁਕ ਨੇ ਜੋ ਤੀਜੀ ਪਾਤਸ਼ਾਹੀ ਸ੍ਰੀ ਗੁਰੂ ਅਮਰ ਦਾਸ ਜੀ ਦੀ ਹੈ, ਹਲੂਣਾ ਦਿੱਤਾ :-

**"ਅੰਦਰਹੁ ਤ੍ਰਿਸਨਾ ਅਗਨਿ ਬੁਝੀ**

**ਹਰਿ ਅੰਮ੍ਰਿਤ ਸਰਿ ਨਾਤਾ ॥" ਪੰਨਾ 510**

**ਭਾਵ ਅਰਥ :-** ਹਰੀ ਅੰਮ੍ਰਿਤ ਸਰੋਵਰ ਵਿਚ ਜਦ ਨ੍ਹਾਤਾ ਤਾਂ ਮੇਰੀ ਤ੍ਰਿਸ਼ਨਾ ਰੂਪ ਅਗਨੀ ਬੁਝ ਗਈ।

ਅੰਮ੍ਰਿਤ ਸਰੋਵਰ ਦੀ ਹੋਂਦ, ਸ੍ਰੀ ਗੁਰੂ ਰਾਮਦਾਸ ਜੀ ਦੇ ਵੇਲੇ ਆਈ ਤਾਂ ਫਿਰ ਕਿਹੜਾ ਅੰਮ੍ਰਿਤ ਸਰੋਵਰ ਸੀ ਜਿਸ ਵਿਚ ਸ੍ਰੀ ਗੁਰੂ ਅਮਰਦਾਸ ਜੀ ਨੇ ਇਸ਼ਨਾਨ ਕਰਕੇ ਤ੍ਰਿਸ਼ਨਾ ਰੂਪੀ ਅਗਨੀ ਨਿਵਾਰੀ ? ਉਤਲੀ ਤੁਕ ਵਿਚ ਪਦ 'ਹਰਿ' ਨੇ ਇਹ ਭੇਦ ਖੋਲ੍ਹ ਦਿੱਤਾ। ਹਰੀ ਜੋ ਅੰਮ੍ਰਿਤ ਸਰੋਵਰ ਹੈ, ਉਸ ਵਿਚ ਇਸ਼ਨਾਨ ਕਰਨ ਨਾਲ, ਤ੍ਰਿਸ਼ਨਾ ਦੀ ਅਗਨੀ ਬੁਝ ਗਈ। ਭਾਵ ਹਰੀ ਨੂੰ ਅੰਮ੍ਰਿਤ ਸਰੋਵਰ ਦੀ ਮੁਸ਼ਾਬਤ ਦਿੱਤੀ ਹੈ। ਪੰਨਾ 597 ਤੇ ਜੋ ਤੁਕ ਸਾਹਿਬ ਸ੍ਰੀ ਗੁਰੂ ਅਮਰਦਾਸ ਜੀ ਦੀ ਇਹ ਹੈ :-

**"ਮੈਲੁ ਗਈ ਮਨੁ ਨਿਰਮਲੁ ਹੋਆ**

**ਅੰਮ੍ਰਿਤ ਸਰ ਤੀਰਥਿ ਨਾਇ ॥" ਪੰਨਾ 587**

**ਭਾਵ ਅਰਥ :-** ਮਨ ਦੀ ਹਉਮੈ ਰੂਪੀ ਮੈਲ ਚਲੀ ਗਈ ਤੇ ਮਨ ਨਿਰਮਲ ਹੋ ਗਿਆ। ਇਹ ਗਲ ਅੰਮ੍ਰਿਤਸਰ ਤੀਰਥ ਤੇ ਨ੍ਹਾਉਣ ਨਾਲ ਹੋ ਗਈ ਹੈ।

ਤੀਜੀ ਪਾਤਸ਼ਾਹੀ ਵੇਲੇ, ਅੰਮ੍ਰਿਤਸਰ ਦੀ ਹੋਂਦ ਹੀ ਨਹੀਂ ਸੀ। ਫਿਰ ਉਹ ਕਿਹੜਾ ਅੰਮ੍ਰਿਤਸਰ ਤੀਰਥ ਹੈ, ਜਿਸ ਦੇ ਇਸ਼ਨਾਨ ਨਾਲ, ਮਨ ਵਿਚ ਨਿਰਮਲਤਾਈ ਆ ਗਈ ਤੇ ਹਉਮੈ ਰੂਪੀ ਮੈਲ ਦੂਰ ਹੋ ਗਈ ? ਤੀਜੀ ਪਾਤਸ਼ਾਹੀ ਹੀ ਇਸ ਦਾ ਉੱਤਰ ਦਿੰਦੇ ਹਨ :-

**"ਕਾਇਆ ਅੰਦਰਿ ਅੰਮ੍ਰਿਤ ਸਰੁ ਸਾਚਾ**

**ਮਨੁ ਪੀਵੈ ਭਾਇ ਸੁਭਾਈ ਹੇ ॥" ਪੰਨਾ 1046**

**ਭਾਵ ਅਰਥ :-** ਇਸ ਸਰੀਰ ਅੰਦਰ ਹੀ, ਅੰਮ੍ਰਿਤਸਰ ਸਚਾ ਹੈ। ਮਨ ਉਸ ਨੂੰ ਪ੍ਰੇਮ ਭਾਵਨਾ ਨਾਲ ਪੀਵੇ ਤੇ ਖੀਵਾ ਹੋਵੇ।

ਤੀਜੀ ਪਾਤਸ਼ਾਹੀ ਸਾਹਿਬ ਸ੍ਰੀ ਗੁਰੂ ਅਮਰਦਾਸ ਜੀ ਫੁਰਮਾਉਂਦੇ ਹਨ ਕਿ ਹੇ ਸੰਤਹੁ, ਇਹ ਸਰੀਰ ਹੀ ਸਰੋਵਰ ਹੈ। ਇਸ ਵਿਚ ਲਿਵ ਲਾ ਕੇ ਇਸ਼ਨਾਨ ਕਰੋ। ਜਿਹੜੇ ਨਾਮ ਵਿਚ ਇਸ਼ਨਾਨ ਕਰਦੇ ਹਨ, ਸੋ ਜਨ ਨਿਰਮਲ ਹੋ ਜਾਂਦੇ ਹਨ, ਉਹਨਾਂ ਦੀ ਮੈਲ, ਸ਼ਬਦ ਦਵਾਰਾ ਦੂਰ ਹੋ ਜਾਂਦੀ ਹੈ ? ਪ੍ਰਮਾਣ ਇਹ ਹੈ :-

**"ਏਹੁ ਸਰੀਰੁ ਸਰਵਰੁ ਹੈ ਸੰਤਹੁ ਇਸਨਾਨੁ ਕਰੇ ਲਿਵ ਲਾਈ ॥**

**ਨਾਮਿ ਇਸਨਾਨੁ ਕਰਹਿ ਸੇ ਜਨ ਨਿਰਮਲ ਸਬਦੇ ਮੈਲੁ ਗਵਾਈ ॥" ਪੰਨਾ 909**

ਪਦ ''ਨਾਮਿ'' ਦੇ ਮਮੇ ਨੂੰ ਸਿਹਾਰੀ ਸੰਬੰਧਕ ਵਾਚਕ ਹੋਣ ਕਰਕੇ ਅਰਥ ਹੋ ਜਾਂਦੇ ਹਨ, ਨਾਮ ਵਿਚ।

ਤੀਜੀ ਪਾਤਸ਼ਾਹੀ ਜੀ ਫੁਰਮਾਉਂਦੇ ਹਨ ਕਿ ਸਤਿਗੁਰੂ ਹੀ ਅੰਮ੍ਰਿਤਸਰ ਹੈ ਅਤੇ ਮਨ ਨੂੰ ਉਸ ਵਿਚ ਨਹਾਕੇ ਹਉਮੈ ਰੂਪੀ ਮੈਲ ਦੂਰ ਕਰੋ :-

**"ਸਤਿਗੁਰੁ ਹੈ ਅੰਮ੍ਰਿਤ ਸਰੁ ਸਾਚਾ**

ਮਨੁ ਨਾਵੈ ਮੈਲੁ ਚੁਕਾਵਣਿਆ ॥" ਪੰਨਾ 113

ਤੀਜੀ ਪਾਤਸ਼ਾਹੀ ਫੁਰਮਾਉਂਦੇ ਹਨ :-

**"ਮਨਿ ਮੈਲੈ ਸਭੁ ਕਿਛੁ ਮੈਲਾ ਤਨਿ ਧੋਤੈ ਮਨੁ ਹਛਾ ਨ ਹੋਇ ॥**

**ਇਹ ਜਗਤੁ ਭਰਮਿ ਭੁਲਾਇਆ ਵਿਰਲਾ ਬੂਝੈ ਕੋਇ ॥"** ਪੰਨਾ 558

**ਭਾਵ ਅਰਥ :-** ਜਿਨ੍ਹਾਂ ਦੇ ਮਨ ਵਿਚ ਹਉਮੈ ਰੂਪੀ ਮੈਲ ਹੈ, ਊਨ੍ਹਾਂ ਦਾ ਸਭ ਕਿਛੁ ਮੈਲਾ ਹੈ। ਸਰੀਰ ਦੇ ਧੋਤਿਆਂ, ਮਨ ਅਛਾ ਨਹੀਂ ਹੋ ਸਕਦਾ। ਇਹ ਸੰਸਾਰ ਭਰਮ ਵਿਚ ਭੁਲਾ ਪਿਆ ਹੈ। ਇਸ ਗਲ ਨੂੰ ਕੋਈ ਟਾਵਾਂ ਹੀ ਬੁਝਦਾ ਹੈ।

ਜਦ ਦਾਸ ਦਾ ਪ੍ਰਾਰੰਭ ਕੀਤਾ ਹੋਇਆ ਪਾਠ ਪੰਨਾ 1043 ਤੇ ਪੁਜਾ ਤੇ ਇਹ ਤੁਕ ਪਹਿਲੀ ਪਾਤਸ਼ਾਹੀ ਸਾਹਿਬ ਗੁਰੂ ਨਾਨਕ ਦੇਵ ਜੀ ਦੀ ਵੀਚਾਰੀ :-

**"ਬਿਖਿਆ ਮਲੁ ਜਾਇ ਅੰਮ੍ਰਿਤ ਸਰਿ ਨਾਵਹੁ**

**ਗੁਰ ਸਰ ਸੰਤੋਖੁ ਪਾਇਆ ॥"** ਪੰਨਾ 1043

ਤਾਂ ਮੁੜ ਉਹੀ ਵੀਚਾਰ ਫੁਰੀ ਕਿ ਪਹਿਲੀ ਪਾਤਸ਼ਾਹੀ ਵਿਸ਼ਿਆਂ ਦੀ ਮੈਲ ਉਤਾਰਨ ਲਈ ਅੰਮ੍ਰਿਤਸਰ ਵਿਚ ਨ੍ਹਾਵਣ ਲਈ ਹੁਕਮ ਕਰਦੇ ਹਨ। ਉਸ ਵੇਲੇ ਚੌਥੀ ਪਾਤਸ਼ਾਹੀ ਸਾਹਿਬ ਸ੍ਰੀ ਗੁਰੂ ਰਾਮ ਦਾਸ ਜੀ ਦਾ ਥਾਪਿਆ ਅੰਮ੍ਰਿਤਸਰ ਹੋਂਦ ਵਿਚ ਨਹੀਂ ਸੀ, ਤਾਂ ਫਿਰ ਉਹ ਕਿਹੜਾ ਅੰਮ੍ਰਿਤਸਰ ਹੈ। ਇਸ ਦੀ ਸਪੱਸ਼ਟਤਾ ਪਹਿਲੀ ਗੁਰੂ ਜੋਤ ਜੀ ਨੇ ਇੰਜ ਕੀਤੀ ਹੈ :-

**"ਗੁਰੁ ਸਾਗਰੁ ਅੰਮ੍ਰਿਤ ਸਰੁ ਜੋ ਇਛੇ ਸੋ ਫਲੁ ਪਾਏ ॥"** ਪੰਨਾ 1011-12

**ਭਾਵ ਅਰਥ :-** ਗੁਰੂ ਸਾਗਰ ਹੀ ਅੰਮ੍ਰਿਤ ਸਰੋਵਰ ਹੈ। ਜੋ ਵੀ ਇਥੇ ਆ ਕਰ, ਮਨ ਨੂੰ ਇਸ਼ਨਾਨ ਕਰਾਉਂਦਾ ਹੈ, ਉਹ ਮਨ ਦੀਆਂ ਮੁਰਾਦਾਂ ਪਾਉਂਦਾ ਹੈ।

ਪਹਿਲੀ ਪਾਤਸ਼ਾਹੀ ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਫੁਰਮਾਉਂਦੇ ਹਨ :-

**"ਗੁਰ ਸਮਾਨਿ ਤੀਰਥੁ ਨਹੀ ਕੋਇ ॥**

**ਸਰੁ ਸੰਤੋਖੁ ਤਾਸੁ ਗੁਰੁ ਹੋਇ ॥ ਰਹਾਉ ॥**

**ਗੁਰੁ ਦਰੀਆਉ ਸਦਾ ਜਲੁ ਨਿਰਮਲੁ**

**ਮਿਲਿਆ ਦੁਰਮਤਿ ਮੈਲੁ ਹਰੈ ॥**

**ਸਤਿਗੁਰਿ ਪਾਇਐ ਪੂਰਾ ਨਾਵਣੁ**

**ਪਸੂ ਪਰੇਤਹੁ ਦੇਵ ਕਰੈ ॥"** ਪੰਨਾ 1329-29

**ਭਾਵ ਅਰਥ :-** ਗੁਰੂ ਦੇ ਬਰਾਬਰ ਹੋਰ ਕੋਈ ਤੀਰਥ ਨਹੀਂ ਹੈ। ਗੁਰੂ ਸੰਤੋਖ ਦਾ ਸਰਵੋਰ ਹੈ। ਗੁਰੂ, ਦਰੀਆਉ ਹੈ, ਜਿਸ ਦਾ ਜਲ ਸਦਾ ਨਿਰਮਲ ਰਹਿੰਦਾ ਹੈ। ਭਾਵ ਗੰਦਾ ਕਦੀ ਨਹੀਂ ਹੁੰਦਾ। ਐਸੇ ਗੁਰੂ ਸਰੂਪੀ ਦਰਿਆ ਨੂੰ ਮਿਲਣ ਕਰਕੇ ਭੈੜੀ ਮਤ ਦੀ ਮੈਲ ਦੂਰ ਹੋ ਜਾਂਦੀ ਹੈ। ਸਤਿਗੁਰੂ ਮਿਲਾਪ ਨਾਲ ਹੀ ਪੂਰਾ ਨ੍ਹਾਵਣ ਪ੍ਰਾਪਤ ਹੁੰਦਾ ਹੈ। ਪਸ਼ੂ ਬ੍ਰਿਤੀ, ਦੇਵ ਬ੍ਰਿਤੀ ਵਿਚ ਪੱਲਟ ਜਾਂਦੀ ਹੈ ਭਾਵ ਇਹ ਕਿ ਉਇ ਭੁਲੇ ਹੋਇ ਜੀਵ ! ਕੀ ਤੀਰਥਾਂ ਤੇ ਇਸ਼ਨਾਨ ਕਰਦਾ ਫਿਰਦਾ ਹੈ ? ਸਰੀਰਕ ਇਸ਼ਨਾਨ ਨਾਲ ਮਨ ਦੀ ਹਉਮੈ ਰੂਪੀ ਮੈਲ ਦੂਰ ਨਹੀਂ ਹੋ ਸਕਦੀ। ਤੂੰ ਭੁਲੇਖੇ ਵਿਚ ਹੈ। ਤੂੰ ਸਚੇ ਸਤਿਗੁਰੂ ਨੂੰ ਮਿਲ। ਉਹ ਸਤਿਗੁਰੂ ਦਰੀਆਉ ਦੀ ਨਿਆਈ ਹੈ। ਉਸਦੇ ਗਿਆਨ ਰੂਪੀ ਜਲ ਵਿਚ ਇਸ਼ਨਾਨ ਕਰ। ਤੇਰੀ ਪਸ਼ੂ ਬਿਰਤੀ, ਦੇਵ ਬਿਰਤੀ ਵਿਚ ਪੱਲਟ ਜਾਸੀ ਤੇ ਪਾਪ ਨਸ਼ਟ ਹੋ ਜਾਸਨ। ਸ੍ਰੀ ਹਜ਼ੂਰ ਫੁਰਮਾਉਂਦੇ ਹਨ ਕਿ ਗੁਰੂ ਜੀ ਸਾਡਾ ਸਰੋਵਰ ਹੈ ਤੇ ਅਸੀਂ ਇਸ ਗੁਰੂ ਸਰੋਵਰ ਦੇ ਹੰਸ ਹਾਂ। ਇਸ ਸਾਗਰ ਵਿਚ ਲਾਲ ਤੇ ਰਤਨ ਭਰੇ ਪਏ ਹਨ।

**"ਗੁਰੁ ਸਾਗਰੁ ਰਤਨੀ ਭਰਪੂਰੇ ॥**

ਅੰਮ੍ਰਿਤੁ ਸੰਤ ਚੁਗਹਿ ਨਹੀ ਦੂਰੇ ॥" ਪੰਨਾ 685

"ਗੁਰੁ ਸਰਵਰੁ ਹਮ ਹੰਸ ਪਿਆਰੇ ॥
ਸਾਗਰ ਮਹਿ ਰਤਨ ਲਾਲ ਬਹੁ ਸਾਰੇ ॥" ਪੰਨਾ 1027

ਫਿਰ ਸ੍ਰੀ ਹਜ਼ੂਰ ਫੁਰਮਾਊਂਦੇ ਹਨ :-

"ਗੁਰੂ ਸਮੁੰਦੁ ਨਦੀ ਸਭਿ ਸਿਖੀ
ਨਾਤੈ ਜਿਤੁ ਵਡਿਆਈ ॥" ਪੰਨਾ 150

**ਭਾਵ ਅਰਥ :-** ਗੁਰੂ ਸਮੁੰਦਰ ਵੱਤ ਹੈ ਤੇ ਸਿਖੀ ਨਦੀ ਹੈ। ਇਥੇ ਇਸ਼ਨਾਨ ਕਰਨ ਨਾਲ ਸੋਭਾ ਮਿਲਦੀ ਹੈ।

ਪ੍ਰਾਰੰਭ ਕੀਤੇ ਹੋਏ ਪਾਠ ਦੀ ਸਮਾਪਤੀ ਹੋ ਗਈ। ਦੋ ਗਲਾਂ ਉਕਾ ਹੀ ਸਪਸ਼ਟ ਹੋ ਗਈਆ। ਇਕ ਇਹ ਕਿ ਅੰਮ੍ਰਿਤਸਰ ਇਸ ਸਰੀਰ ਅੰਦਰ ਹੈ : ਉਹ ਹੈ ਸਤਿਗੁਰੂ। ਕਿਹੜਾ ਸਤਿਗੁਰੂ ? ਜਿਸ ਦੀ ਵਿਆਖਿਆ (Definition) ਇਹ ਹੈ :-

"ਸਤਿਗੁਰੁ ਮੇਰਾ ਸਦਾ ਸਦਾ ਨਾ ਆਵੈ ਨਾ ਜਾਇ ॥
ਓਹੁ ਅਬਿਨਾਸੀ ਪੁਰਖੁ ਹੈ ਸਭ ਮਹਿ ਰਹਿਆ ਸਮਾਇ ॥" ਪੰਨਾ 759

**ਭਾਵ ਅਰਥ :-** ਜੋ ਸਤਿਗੁਰੂ, ਸੱਚ ਸਦਾ ਇਕ ਰਸ ਹੈ। ਉਹ ਕਦੇ ਮਰਦਾ ਜੰਮਦਾ ਨਹੀਂ ਤੇ ਜੋ ਨਾਸ਼ ਤੋਂ ਰਹਿਤ, ਸਰਬ ਸਮਰਥ ਹੋਂਦ ਹੈ ਤੇ ਜੋ ਸਾਰਿਆਂ ਵਿਚ ਵਿਆਪਕ ਹੈ, ਉਹੀ ਮੇਰਾ ਸਤਿਗੁਰੂ ਹੈ ਤੇ ਦੂਜੀ ਗੱਲ ਇਹ ਹੈ ਕਿ ਉਹ ਸਤਿਗੁਰੂ ਸਮੁੰਦਰ ਵੱਤ ਹੈ ਤੇ ਦਰਿਆਉ ਦੀ ਨਿਆਈ ਹੈ। ਉਸ ਦਾ ਜਲ ਕਦੇ ਮੈਲਾ ਨਹੀਂ ਹੁੰਦਾ। ਉਸ ਦਾ ਜਲ ਗਿਆਨ ਹੈ। ਇਸ ਗਿਆਨ ਰੂਪੀ ਜਲ ਵਿਚ ਮਨ ਨੂੰ ਇਸ਼ਨਾਨ ਕਰਾਉ ਤੇ ਹਉਮੈ ਰੂਪੀ ਮੈਲ ਦੂਰ ਕਰੋ। ਜਿਹਾ ਕਿ ਸ੍ਰੀ ਹਜ਼ੂਰ ਫੁਰਮਾਉਂਦੇ ਹਨ :-

"ਜਲਿ ਮਲਿ ਕਾਇਆ ਮਾਜੀਐ ਭਾਈ ਭੀ ਮੈਲਾ ਤਨੁ ਹੋਇ ॥
ਗਿਆਨਿ ਮਹਾ ਰਸਿ ਨਾਈਐ ਭਾਈ ਮਨੁ ਤਨੁ ਨਿਰਮਲੁ ਹੋਇ ॥" ਪੰਨਾ 637

**ਭਾਵ ਅਰਥ :-** ਜਲ ਨਾਲ ਮਲ ਕੇ, ਸਰੀਰ ਨੂੰ ਸੱਵਛ ਕੀਤਿਆਂ, ਮੁੜ ਸਰੀਰ ਮੈਲਾ ਹੋ ਜਾਂਦਾ ਹੈ, ਜੇ ਗਿਆਨ ਦੇ ਮਹਾ ਰਸ ਵਿਚ ਨ੍ਹਾਵਹੁ ਤਾ ਮਨ ਵੀ ਤੇ ਤਨ ਵੀ, ਦੋਵੇ ਨਿਰਮਲ ਹੋ ਜਾਂਦੇ ਹਨ।

ਉਪਰੋਕਤ ਬਖਸ਼ਸ਼ ਹੋਣ ਮਗਰੋਂ ਇਹ ਪਿਛੋਕੜ (Background) ਨੂੰ ਮੁੱਖ ਰੱਖ ਕੇ ਕੇਵਲ ਚੌਥੀ ਤੇ ਪੰਜੀ ਪਾਤਸ਼ਾਹੀ ਦੀ ਉਚਾਰੀ ਗੁਰਬਾਣੀ ਦੀ ਵੀਚਾਰ ਕੀਤੀ। ਉਹੀ ਸਿਧਾਂਤ, ਜਿਹੜਾ ਪਹਿਲੀ ਗੁਰ ਜੋਤ ਨੇ ਥਾਪਿਆ ਤੇ ਦੂਜੀ ਤੇ ਤੀਜੀ ਗੁਰ ਜੋਤ ਨੇ ਅਪਨਾਇਆ, ਪਰਚਾਇਆ ਤੇ ਸੰਗਤਾਂ ਨੂੰ ਦ੍ਰਿੜਾਇਆ। ਉਹੀ ਚੌਥੀ ਤੇ ਪੰਜਵੀ ਜੋਤ ਨੇ ਹੂਬਹੂ ਕਾਇਮ ਰਖਿਆ ਤੇ ਕੋਈ ਸੰਸ਼ੋਧਨ ਨਹੀਂ ਕੀਤਾ। ਦੋਵੇ ਪਾਤਸ਼ਾਹੀਆਂ ਦੇ ਪ੍ਰਮਾਣ ਹੇਠਾਂ ਅੰਕਤ ਹਨ। ਹੁਕਮ ਚੌਥੀ ਪਾਤਸ਼ਾਹੀ :-

"ਰਾਮ ਹਰਿ ਅੰਮ੍ਰਿਤ ਸਰਿ ਨਾਵਾਰੇ ॥
ਸਤਿਗੁਰਿ ਗਿਆਨੁ ਮਜਨੁ ਹੈ ਨੀਕੋ ਮਿਲਿ ਕਲਮਲ ਪਾਪ ਉਤਾਰੇ ॥" ਪੰਨਾ 981

**ਭਾਵ ਅਰਥ :-** ਹੇ ਰਾਮ, ਹਰੀ, ਜੋ ਪਾਪਾਂ ਨੂੰ ਨਾਸ਼ ਕਰਨ ਵਾਲਾ ਅੰਮ੍ਰਿਤਸਰ ਹੈ, ਉਸ ਵਿਚ ਨ੍ਹਵਾਹੋ। ਸਤਿਗੁਰੂ ਦਾ ਗਿਆਨ ਸੋਹਣਾ ਇਸ਼ਨਾਨ ਹੈ। ਇਹ ਸਤਿਗੁਰੂ ਦੇ ਗਿਆਨ ਦਾ ਇਸ਼ਨਾਨ ਭੈੜੇ ਤੋਂ ਭੈੜੇ ਪਾਪ ਉਤਾਰ ਦਿੰਦਾ ਹੈ।

"ਗੁਰਿ ਅੰਮ੍ਰਿਤ ਸਰਿ ਨਵਲਾਇਆ
ਸਭਿ ਲਾਥੇ ਕਿਲਵਿਖ ਪੰਙੁ ॥" ਪੰਨਾ 732

**ਭਾਵ ਅਰਥ :–** ਗੁਰੂ ਨੇ ਅੰਮ੍ਰਿਤਸਰ ਸਰੋਵਰ ਵਿਚ, ਜੋ ਗਿਆਨ ਦਾ ਸਰੋਵਰ ਹੈ ਨੁਵ੍ਹਾ ਦਿੱਤਾ ਜਿਸ ਨਾਲ ਸਾਰੇ ਪਾਪ ਲਹਿ ਗਏ ਤੇ ਮੋਹ ਰੂਪੀ ਚਿਕੜ ਵੀ ਦੂਰ ਹੋ ਗਿਆ। ਚੌਥੇ ਪਾਤਸ਼ਾਹ ਜੀ ਫੁਰਮਾਉਂਦੇ ਹਨ ਕਿ ਹਰੀ ਰੂਪ ਅੰਮ੍ਰਿਤ ਦੇ ਪਾਪ ਨਾਸ਼ ਕਰਨ ਵਾਲੇ ਸਰੋਵਰ ਵਿਚ ਇਸ਼ਨਾਨ ਕਰਨ ਤੇ ਦੁਰਮਤ ਦੀ ਮੈਲ ਮਨ ਵਿਚੋਂ ਲਹਿ ਜਾਂਦੀ ਹੈ। ਤੁਕ ਇਸ ਤਰ੍ਹਾਂ ਹੈ :-

**" ਦੁਰਮਤਿ ਮੈਲੁ ਗਈ ਸਭ ਨੀਕਰਿ**

**ਹਰਿ ਅੰਮ੍ਰਿਤਿ ਹਰਿ ਸਰਿ ਨਾਤਾ ॥"** **ਪੰਨਾ 984**

**ਭਾਵ ਅਰਥ :–** ਸ੍ਰੀ ਗੁਰੂ ਰਾਮ ਦਾਸ ਚੌਥੀ ਪਾਤਸ਼ਾਹੀ, ਅੰਮ੍ਰਿਤਸਰ ਦੀ (Definition) ਇੰਜ ਦਿੰਦੇ ਹਨ।

**"ਅੰਮ੍ਰਿਤ ਸਰੁ ਸਤਿਗੁਰੁ ਸਤਿਵਾਦੀ ਜਿਤੁ ਨਾਤੈ ਕਊਆ ਹੰਸੁ ਹੋਹੈ ॥"** **ਪੰਨਾ 493**

**ਭਾਵ ਅਰਥ :–** ਅੰਮ੍ਰਿਤਸਰ ਕੀ ਹੈ। ਉਤਰ ਵਿਚ ਫੁਰਮਾਉਂਦੇ ਹਨ ਕਿ ਅੰਮ੍ਰਿਤਸਰ ਕੇਵਲ ਸਤਿਗੁਰੂ ਸਤਿਵਾਦੀ ਹੈ। ਜਿਸ ਦੇ ਗਿਆਨ ਰੂਪੀ ਸਰੋਵਰ ਵਿਚ ਕਾਲੇ ਕਾਂ ਵਾਂਗੂ ਕਾਲਾ ਹੋਇਆ ਮਨ ਹੰਸ ਹੋ ਜਾਂਦਾ ਹੈ। ਜਦ ਵੀ ਇਹ ਜੀਵ, ਇਸ ਕਾਲੇ ਮਨ ਨੂੰ ਚਾਹੇ ਤਾਂ ਇਸ ਸਰੋਵਰ ਵਿਚ ਇਸ਼ਨਾਨ ਕਰਾ ਸਕਦਾ ਹੈ ਤੇ ਨਿਰਮਲ ਸ਼ੁਧ ਹੰਸ ਵਾਂਗੂ ਹੋ ਸਕਦਾ ਹੈ। ਫਿਰ ਹਜ਼ੂਰ ਫੁਰਮਾਉਂਦੇ ਹਨ ਕਿ ਕੇਵਲ ਗੁਰੂ ਹੀ ਮਾਨ ਸਰੋਵਰ ਹੈ ਭਾਵ ਗੁਰੂ ਨੂੰ ਮਾਨ ਸਰੋਵਰ ਦੀ ਨਿਆਈ ਦਰਸਾ ਰਹੇ ਹਨ। ਇਸ ਸਰੋਵਰ ਦਾ ਇਸ਼ਨਾਨ ਵੱਡੇ ਭਾਗਾਂ ਵਾਲੇ ਪੁਰਖ ਕਰਦੇ ਹਨ। ਜਿਹੜੇ ਗੁਰਮੁਖਿ ਸੇਵਕ ਖੋਜਦੇ ਹਨ, ਉਹ ਹੰਸ ਹਨ ਤੇ ਨਾਮ ਦੀ ਪ੍ਰਾਪਤੀ ਕਰਦੇ ਹਨ। ਤੁਕ ਇਵੇਂ ਹੈ :-

**"ਗੁਰੁ ਸਰਵਰੁ ਮਾਨ ਸਰੋਵਰੁ ਹੈ ਵਡ ਭਾਗੀ ਪੁਰਖ ਲਹੰਨ੍ਹਿ ॥**

**ਸੇਵਕ ਗੁਰਮੁਖਿ ਖੋਜਿਆ ਸੇ ਹੰਸੁਲੇ ਨਾਮੁ ਲਹੰਨ੍ਹਿ ॥"** **ਪੰਨਾ 756**

ਚੌਥੀ ਪਾਤਸ਼ਾਹੀ ਮੁੜ ਦ੍ਰਿੜਾਉਂਦੇ ਹਨ ਕਿ ਸਤਿਗੁਰੂ ਸਮਰੱਥ ਹੀ, ਅੰਮ੍ਰਿਤਸਰ ਹੈ। ਇਸ ਸਰੋਵਰ ਵਿਚ ਵਡੇ ਭਾਗਾਂ ਵਾਲੇ ਆ ਕੇ, ਇਸ਼ਨਾਨ ਕਰਦੇ ਹਨ। ਤੁਕ ਇਹ ਹੈ :-

**"ਸਤਿਗੁਰੁ ਪੁਰਖੁ ਅੰਮ੍ਰਿਤ ਸਰੁ**

**ਵਡਭਾਗੀ ਨਾਵਹਿ ਆਇ ॥"** **ਪੰਨਾ 40**

ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ, ਪੰਜਵੇਂ ਪਾਤਸ਼ਾਹ ਫੁਰਮਾਉਂਦੇ ਹਨ ਕਿ ਸਤਿਗੁਰੂ ਹੀ ਐਸਾ ਸਰੋਵਰ ਹੈ, ਜਿਸ ਵਿਚ ਰਤਨ ਭਰੇ ਪਏ ਹਨ। ਜਿਹੜਾ ਇਸ ਗਿਆਨ ਸਰੋਵਰ ਵਿਚ ਟੁਭੀ ਲਾਉਂਦਾ ਹੈ, ਉਹ ਰਤਨਾਂ ਨੂੰ ਪਾਉਂਦਾ ਹੈ। ਪ੍ਰਮਾਣ ਇਹ ਹੈ :-

**"ਸਤਿਗੁਰੁ ਸਰਵਰੁ ਰਤਨੀ ਭਰਪੂਰੇ**

**ਜਿਸੁ ਪ੍ਰਾਪਤਿ ਸੋ ਪਾਵੈ ॥"** **ਪੰਨਾ 960**

ਸਾਹਿਬ ਜੀ ਮੁੜ ਪਕਾ ਕਰਾਉਂਦੇ ਹਨ ਕਿ ਗੁਰਦੇਵ ਹੀ ਅੰਮ੍ਰਿਤ ਸਰੋਵਰ ਤੀਰਥ ਹੈ, ਹੋਰ ਕੋਈ ਤੀਰਥ ਨਹੀਂ। ਇਸ ਗੁਰੂ ਦੇ ਗਿਆਨ ਦਾ ਇਸ਼ਨਾਨ ਪਰੇ ਤੋਂ ਪਰੇ ਹੈ ਭਾਵ ਹੋਰ ਕੋਈ ਇਸ਼ਨਾਨ ਤੁਲਨਾ ਨਹੀਂ ਰੱਖਦਾ। ਵਾਕ ਇਸ ਤਰ੍ਹਾਂ ਹੈ :-

**"ਗੁਰਦੇਵ ਤੀਰਥੁ ਅੰਮ੍ਰਿਤ ਸਰੋਵਰੁ**

**ਗੁਰ ਗਿਆਨ ਮਜਨੁ ਅਪਰੰਪਰਾ ॥"** **ਪੰਨਾ 250**

ਪਿਤਾ ਗੁਰੂ ਅਰਜਨ ਦੇਵ ਪਾਤਸ਼ਾਹ ਜੀ ਫੁਰਮਾਉਂਦੇ ਹਨ ਕਿ ਏ ਮਨ, ਕਿਉਂ ਬੈਰਾਗ ਕਰਦਾ ਹੈ ? ਮੇਰਾ ਸਤਿਗੁਰੂ ਪੂਰਾ ਹੈ। ਉਹ ਸਤਿਗੁਰ ਮਨਸਾ ਪੂਰਨਹਾਰ, ਸਭ ਸੁੱਖਾਂ ਦਾ ਭੰਡਾਰ ਹੈ ਤੇ ਅੰਮ੍ਰਿਤ ਸਰੋਵਰ ਹੈ। ਉਹ ਸਰੋਵਰ, ਸਦਾ ਹੀ ਭਰਿਆ ਰਹਿੰਦਾ ਹੈ। ਉਸ ਸਰੋਵਰ ਦਾ ਗਿਆਨ ਰੂਪੀ ਜਲ, ਕਦੇ ਨਿਖੁਟਦਾ ਨਹੀਂ। ਤੁਕ ਇਹ ਹੈ :-

**"ਮਨ ਕਿਉ ਬੈਰਾਗੁ ਕਰਹਿਗਾ ਸਤਿਗੁਰੁ ਮੇਰਾ ਪੂਰਾ ॥**

**ਮਨਸਾ ਕਾ ਦਾਤਾ ਸਭ ਸੁਖ ਨਿਧਾਨੁ ਅੰਮ੍ਰਿਤ ਸਰਿ ਸਦ ਹੀ ਭਰਪੂਰਾ ॥" ਪੰਨਾ 375**

ਉਤਲੇ ਪ੍ਰਮਾਣਾਂ ਤੋਂ ਬਿਨਾਂ ਹੋਰ ਪ੍ਰਮਾਣ, ਜਿਸ ਵਿਚ ਗੁਰੂ ਨੂੰ ਅੰਮ੍ਰਿਤ ਸਰੋਵਰ ਦਰਸਾਇਆ ਹੈ, ਹੇਠਾਂ ਅੰਤਕ ਹਨ। ਭਟ ਕਲ ਜੀ ਤੇ ਨਲ ਜੀ, ਸਾਹਿਬ ਸ੍ਰੀ ਗੁਰੂ ਰਾਮ ਦਾਸ ਜੀ ਦੇ ਸਨਮੁਖ ਹੋ ਕਰ ਬੇਨਤੀ ਕਰਦੇ ਹਨ ਕਿ ਹੇ ਸਚੇ ਪਾਤਸ਼ਾਹ ! ਆਪ ਵਿਚ ਅਤੁਟ ਗਿਆਨ ਦਾ ਪਰਵਾਹ ਚਲ ਰਿਹਾ ਹੈ ਤੇ ਗਿਆਨ ਦਾ ਅੰਮ੍ਰਿਤ ਸਰੋਵਰ ਸਦਾ ਭਰਿਆ ਪਿਆ ਹੈ। ਜਿਹੜੇ ਸੰਤਾਂ ਨੇ ਪਿਛਲੇ ਜਨਮ ਸੇਵਾ ਕੀਤੀ ਹੈ, ਉਹ ਸੰਤ ਇਹ ਅੰਮ੍ਰਿਤ ਨੂੰ ਪੀਂਦੇ ਹਨ ਤੇ ਮਨ ਨੂੰ, ਇਸ ਵਿਚ ਇਸ਼ਨਾਨ ਕਰਾਵਾਉਂਦੇ ਹਨ। ਹੇ ਗੁਰਸਿੱਖੋ, ਹੇ ਸੰਤਹੁ, ਕੇਵਲ ਗੁਰੂ ਹੀ ਅਥਾਹ ਨਿਰਮਲ ਜਲ ਹੈ। ਤਾਂ ਤੇ ਇਸ ਵਿਚ ਤਾਰੀਆਂ ਲਾਵੋ ਤੇ ਸਚੇ ਨਾਮ ਦੇ ਸਰੋਵਰ ਵਿਚ ਪ੍ਰੇਮ ਰੂਪੀ ਟੁਭੀਆਂ ਲਾਵੋ। ਤੁਕਾਂ ਇਹ ਹਨ :-

**"ਛੁਟਤ ਪਰਵਾਹ ਅਮਿਅ ਅਮਰਾ ਪਦ ਅੰਮ੍ਰਿਤ ਸਰੋਵਰ ਸਦ ਭਰਿਆ ॥**

**ਤੇ ਪੀਵਹਿ ਸੰਤ ਕਰਹਿ ਮਨਿ ਮਜਨੁ ਪੁਬ ਜਿਨਹੁ ਸੇਵਾ ਕਰੀਆ ॥" ਪੰਨਾ 1396**

**"ਫੁਨਿ ਗੁਰੂ ਜਲ ਬਿਮਲ ਅਥਾਹ ਮਜਨੁ ਕਰਹੁ**

**ਸੰਤ ਗੁਰਸਿਖ ਤਰਹੁ ਨਾਮ ਸਚ ਰੰਗ ਸਰਿ ॥" ਪੰਨਾ 1400**

ਭੱਟ ਕਲ ਜੀ ਗੁਰੂ ਰਾਮ ਦਾਸ ਜੀ ਦੇ ਸਨਮੁਖ ਹੋ ਕਰ ਬੇਨਤੀ ਕਰਦੇ ਹਨ ਕਿ ਹੇ ਕਵੀ ਕਲ ਦੇ ਮਾਲਕ, ਹੇ ਹਰ ਦਾਸ ਦੇ ਸਪੁਤ੍ਰ ਗੁਰੂ ਰਾਮਦਾਸ ਜੀ ! ਆਪ ਜੀ ਐਸੇ ਸਦਾ ਭਰੇ ਸਰਵਰ ਹੋ, ਜੋ ਕਦੇ ਸਖਣੇ ਨਹੀਂ ਹੁੰਦੇ। ਤੁਕ ਇਹ ਹੈ :-

**"ਕਵਿ ਕਲ੍ ਠਕੁਰ ਹਰਦਾਸ ਤਨੇ**

**ਗੁਰ ਰਾਮਦਾਸ ਸਰ ਅਭਰ ਭਰੇ ॥" ਪੰਨਾ 1396**

ਸ੍ਰੀ ਗੁਰੂ ਰਾਮਦਾਸ ਜੀ ਨੂੰ ਜਲ ਵੱਤ, ਜਲ ਦਾ ਦ੍ਰਿਸ਼ਟਾਂਤ ਦੇ ਰਹੇ ਹਨ ਤੇ ਆਖਦੇ ਹਨ ਕਿ ਆਪ ਦਾ ਗਿਆਨ ਰੂਪੀ ਜਲ ਕਦੇ ਨਿਖੁਟਦਾ ਨਹੀਂ। ਜਿਸ ਪੰਡਤ ਦੇ ਪ੍ਰਮਾਣ ਨੇ, ਦਾਸ ਨੂੰ ਨਿਰੁਤਰ ਕਰ ਦਿੱਤਾ ਸੀ ਉਹ ਸੀ :-

**"ਰਾਮਦਾਸ ਸਰੋਵਰਿ ਨਾਤੇ ॥**

**ਸਭਿ ਉਤਰੇ ਪਾਪ ਕਮਾਤੇ ॥" ਪੰਨਾ 625**

ਇਹ ਸਾਰਾ ਸ਼ਬਦ ਹੇਠ ਅੰਕਤ ਹੈ।

**"ਰਾਮਦਾਸ ਸਰੋਵਰਿ ਨਾਤੇ ॥**

**ਸਭਿ ਉਤਰੇ ਪਾਪ ਕਮਾਤੇ ॥**

**ਨਿਰਮਲ ਹੋਏ ਕਰਿ ਇਸਨਾਨਾ ॥**

**ਗੁਰਿ ਪੂਰੈ ਕੀਨੇ ਦਾਨਾ ॥**

**ਸਭਿ ਕੁਸਲ ਖੇਮ ਪ੍ਰਭਿ ਧਾਰੇ ॥**

**ਸਹੀ ਸਲਾਮਤਿ ਸਭਿ ਥੋਕ ਉਬਾਰੇ**

**ਗੁਰ ਕਾ ਸਬਦੁ ਵੀਚਾਰੇ ॥ ਰਹਾਉ ॥**

**ਸਾਧਸੰਗਿ ਮਲੁ ਲਾਥੀ ॥**

**ਪਾਰਬ੍ਰਹਮੁ ਭਇਓ ਸਾਥੀ ॥**

**ਨਾਨਕ ਨਾਮੁ ਧਿਆਇਆ ॥**

**ਆਦਿ ਪੁਰਖ ਪ੍ਰਭੁ ਪਾਇਆ ॥" ਪੰਨਾ 625**

**ਭਾਵ ਅਰਥ :–** ਰਹਾਉ ਦੀ ਤੁਕ ਵਿਚ ਸਾਰੇ ਸ਼ਬਦ ਦਾ ਸਾਰ ਅੰਸ਼ ਹੈ। ਗੁਰੂ ਦੇ ਸ਼ਬਦ ਦੀ ਵੀਚਾਰ ਨੇ, ਸਦਾ ਦਾ ਆਨੰਦ ਤੇ ਖੇੜਾ ਬਖਸ਼ ਦਿੱਤਾ ਹੈ। ਨਿਰਵਿਘਨਤਾ ਸਹਿਤ ਸਾਰੇ ਕਾਰਜ ਰਾਸ ਹੋ ਗਏ ਹਨ। ਸਾਧ ਸੰਗਤ ਨੇ, ਪਾਪਾਂ ਦੀ ਮੈਲ ਲਾਹ ਦਿਤੀ ਹੈ। ਹੁਣ ਪਾਰਬ੍ਰਹਮ ਸੰਗੀ ਸਾਥੀ ਹੈ। ਹੇ ਨਾਨਕ ! ਮੈਂ ਨਾਮ ਧਿਆ ਕੇ ਜੋ ਆਦਿ ਪੁਰਖ ਅਪਰੰਪਰ ਪਾਰਬ੍ਰਹਮ ਪ੍ਰਮੇਸ਼ਰ ਹੈ, ਉਸ ਨੂੰ ਪਾ ਲਿਆ ਹੈ। ਇਹ ਸਭ ਕਿਛ ਕਿਵੇਂ ਹੋਇਆ ? ਗੁਰੂ ਰਾਮਦਾਸ, ਜੋ ਸਰੋਵਰ ਵੱਤ ਹਨ ਤੇ ਜੋ ਉਨ੍ਹਾਂ ਦਾ ਗਿਆਨ ਰੂਪੀ ਸਰੋਵਰ ਹੈ, ਉਸ ਵਿਚ ਇਸ਼ਨਾਨ ਕੀਤਾ। ਜਦ ਮਨ ਨੇ ਇਸ ਗਿਆਨ ਰੂਪੀ ਸਰੋਵਰ ਵਿਚ ਇਸ਼ਨਾਨ ਕੀਤਾ ਤਾਂ ਸਾਰੇ ਕੀਤੇ ਹੋਏ ਪਾਪ ਉਤਰ ਗਏ ਤੇ ਮਨ ਇਸ਼ਨਾਨ ਕਰਕੇ ਨਿਰਮਲ ਹੋ ਗਿਆ। ਪੂਰੇ ਗੁਰੂ ਨੇ ਇਹ ਦਾਨ ਬਖਸ਼ਿਆ ਹੈ। ਇਹ ਮਿਹਰ ਹੈ, ਇਹ ਬਖਸ਼ਸ਼ ਹੈ। ਇਸ ਸ਼ਬਦ ਵਿਚ, ਗੁਰੂ ਰਾਮਦਾਸ ਪਾਤਸ਼ਾਹ ਜੀ ਨੂੰ, ਸਰੋਵਰ ਦੀ ਤਸ਼ਬੀਹ ਭਾਵ ਤੁਲਨਾ ਦਾ ਅਲੰਕਾਰ ਦਿਤਾ ਹੈ। ਜੇ ਗੁਰੂ ਰਾਮਦਾਸ ਪਾਤਸ਼ਾਹ ਜੀ ਦੇ ਰਚੇ, ਜਲ ਵਾਲੇ ਸਰੋਵਰ ਦਾ ਅਰਥ ਲਈਏ ਤਾਂ ਗੁਰਮਤਿ ਦੇ ਮੂਲਕ ਸਿਧਾਂਤ ਤੋਂ ਉਲਟ ਹੈ। ਜਿਸ ਦਾ ਵਿਵਰਣ ਉੱਤੇ ਆ ਚੁਕਿਆ ਹੈ। ਦੂਜਾ ਸ਼ਬਦ ਇਹ ਹੈ :–

**"ਡਿਠੇ ਸਭੇ ਥਾਵ ਨਹੀ ਤੁਧੁ ਜੇਹਿਆ ॥**

**ਬਧੋਹੁ ਪੁਰਖਿ ਬਿਧਾਤੈ ਤਾਂ ਤੂ ਸੋਹਿਆ ॥**

**ਵਸਦੀ ਸਘਨ ਅਪਾਰ ਅਨੂਪ ਰਾਮਦਾਸ ਪੁਰ ॥**

**ਹਰਿਹਾਂ ਨਾਨਕ ਕਸਮਲ ਜਾਹਿ ਨਾਇਐ ਰਾਮਦਾਸ ਸਰ ॥"** **ਪੰਨਾ 1362**

**ਭਾਵ ਅਰਥ :–** ਸਾਰੇ ਥਾਂ ਡਿਠੇ ਹਨ, ਪਰ ਆਪ ਜੀ ਵਰਗੇ ਹੋਰ ਕੋਈ ਨਹੀਂ। ਆਪ ਜੀ ਨੂੰ ਬਿਧਾਤੇ ਪੁਰਖ ਨੇ ਰਚਿਆ ਹੈ ਤੇ ਆਪ ਜੀ ਸੁਭਾਇਮਾਨ ਹੋ। ਰਾਮਦਾਸ ਪੁਰੇ ਦੀ ਵਸੋਂ, ਅਪਾਰ ਤੇ ਅਨੂਪਮ ਹੈ ਭਾਵ ਜਿਸ ਦਾ ਕੋਈ ਨਜ਼ੀਰ ਨਹੀਂ ਹੈ। ਪਦ ਹਰਿਹਾਂ ਤੁਕ ਦੀ ਟੇਕ ਹੈ, ਤੇ ਗੁਰੂ ਪੰਚਮ ਪਾਤਸ਼ਾਹ ਫੁਰਮਾਉਂਦੇ ਹਨ ਕਿ ਹੇ ਨਾਨਕ ! ਗੁਰੂ ਰਾਮਦਾਸ, ਜੋ ਸਰੋਵਰ ਦੀ ਨਿਆਈ ਹੈ, ਉਸ ਵਿਚ ਨ੍ਹਾਤੇ ਸਭ ਮੈਲ ਚਲੀ ਜਾਂਦੀ ਹੈ। ਇਥੇ ਵੀ ਗੁਰੂ ਰਾਮਦਾਸ ਪਾਤਸ਼ਾਹ ਜੀ ਨੂੰ ਗਿਆਨ ਦਾ ਸਰੋਵਰ ਸੰਬੋਧਨ ਕਰ ਰਹੇ ਹਨ। ਸ੍ਰੀ ਗੁਰੂ ਰਾਮਦਾਸ ਸਚੇ ਪਾਤਸ਼ਾਹ ਦਾ ਗਿਆਨ ਸਰੋਵਰ ਹੁਣ ਵੀ ਲਗਾਤਾਰ ਤੇ ਇਕ ਰਸ ਭਰਪੂਰ ਹੈ। ਗੁਰੂ ਰਾਮਦਾਸ ਜੀ ਦੇ ਜਲ ਸਰੋਵਰ ਵਿਚਕਾਰ ਜੋ ਹਰਿਮੰਦਰ ਸਾਹਿਬ ਰਚਿਆ ਗਿਆ ਹੈ, ਇਸ ਵਿਚ ਜੋ ਰਾਤ ਦਿਨ ਨਾਮ ਬਾਣੀ ਦਾ ਪਰਵਾਹ ਚਲ ਰਿਹਾ ਹੈ, ਉਸ ਵਿਚ ਜੋ ਵੀ ਇਸ਼ਨਾਨ ਕਰੇ ਉਸ ਦੇ ਕੀਤੇ ਹੋਏ ਪਾਪ ਨਸ਼ਟ ਹੋ ਸਕਦੇ ਹਨ। ਕੋਈ ਪਰਤਾਵਾ ਕਰਕੇ ਵੇਖ ਲਏ। ਨਿਸ਼ਚਤ ਹੀ ਪਾਪ ਨਸ਼ਟ ਹੋ ਜਾਣਗੇ। ਪਰ ਕੋਈ ਜੇ ਇਹ ਵੀਚਾਰ-ਧਾਰਾ ਬਣਾ ਲਏ, ਕਿ ਸਾਰੇ ਸਾਲ ਰੱਜ ਕੇ ਪਾਪ ਕਰੇ ਤੇ ਸਾਲ ਮਗਰੋਂ, ਸ੍ਰੀ ਗੁਰੂ ਰਾਮਦਾਸ ਜੀ ਦੇ ਜਲ ਸਰੋਵਰ ਵਿਚ ਆ ਕੇ ਇਸ਼ਨਾਨ ਨਾਲ ਪਾਪ ਦੂਰ ਕਰ ਲਵੇ, ਇਹ ਗੁਰਮਤਿ ਦੇ ਮੂਲਕ ਸਿਧਾਂਤ ਤੋਂ ਉਲਟ ਹੈ। **''ਮਲੁ ਹਉਮੈ ਧੋਤੀ ਕਿਵੈ ਨਾ ਉਤਰੈ ਜੇ ਸਉ ਤੀਰਥ ਨਾਇ।।'' ਸਿਰੀ ਰਾਗ ਮ: 3 ਪੰਨਾਂ 39।''** ਇਸ ਤੁਕ ਦਾ ਅਰਥ ਹੈ ਕਿ ''ਹਉਮੈ ਰੂਪੀ ਮੈਲ, ਜਲ ਨਾਲ ਨ੍ਹਾਤਿਆਂ, ਨਹੀਂ ਉਤਰਦੀ ਭਾਵੇਂ ਸੈਕੜੇ ਤੀਰਥਾਂ ਤੇ ਇਸ਼ਨਾਨ ਕਰਦਾ ਫਿਰੇ।''

ਵਿਸਥਾਰ ਲਈ ਲੇਖ ਤੀਰਥ ਇਸ਼ਨਾਨ ਵੀਚਾਰੋ।

# (14)

# ਇਹ ਮਨੂਆ ਕਿਉਂ ਕਰ ਵਸਿ ਆਵੈ ?

# ਮਨ ਵਸ ਕਰਨ ਦੇ ਸਾਧਨ

ਗੁਰਮੱਤਿ ਵਿਚ ਫੁਰਮਾਨ ਹੈ ਕਿ :-

**"ਇਸੁ ਮਨ ਕਉ ਕੋਈ ਖੋਜਹੁ ਭਾਈ ॥**

**ਮਨੁ ਖੋਜਤ ਨਾਮੁ ਨਉ ਨਿਧਿ ਪਾਈ ॥"** **ਪੰਨਾ 1128**

**ਭਾਵ ਅਰਥ :-** ਹੇ ਭਾਈ ! ਇਸ ਮਨ ਦੀ ਖੋਜ ਕਰੋ। ਇਸਦੀ ਖੋਜ ਨਾਲ ਹੀ ਨਾਮ, ਜੋ ਨੌ ਨਿਧੀਆਂ ਦਾ ਭੰਡਾਰ ਹੈ, ਪਾਈਦਾ ਹੈ।

**"ਵਿਣੁ ਮਨੁ ਮਾਰੇ ਕੋਇ ਨ ਸਿਝਈ ਵੇਖਹੁ ਕੋ ਲਿਵ ਲਾਇ ॥**

ਭੇਖਧਾਰੀ ਤੀਰਥੀ ਭਵਿ ਥਕੇ ਨਾ ਏਹੁ ਮਨੁ ਮਾਰਿਆ ਜਾਇ ॥" ਪੰਨਾ 650

**ਭਾਵ ਅਰਥ :-** ਬਿਨਾਂ ਮਨ ਮਾਰੇ ਕਿਸੇ ਨੂੰ ਸਫਲਤਾ ਨਹੀਂ ਹੁੰਦੀ। ਇਹ ਗਲ ਵੀਚਾਰ ਕੇ ਵੇਖ ਲਵੋ। ਭੇਖ ਧਾਰਨ ਨਾਲ, ਤੀਰਥਾਂ ਤੇ ਇਸ਼ਨਾਨ ਕਰਨ ਨਾਲ, ਇਹ ਮਨ ਮਾਰਿਆ ਨਹੀਂ ਜਾਂਦਾ। ਇਥੇ ਸ਼ੰਕਾਂ ਉਠਦੀ ਏ ਕਿ ਜੇ ਮਨ ਮਰ ਗਿਆ ਤਾਂ ਦੇਹ ਮਿੱਟੀ ਹੋ ਗਈ, ਪ੍ਰਾਣ ਚਲੇ ਗਏ, ਨਾਮ ਕਿਵੇਂ ਮਿਲਿਆ ? ਮਨ ਮਾਰਨ ਦਾ ਭਾਵ, ਮਨ ਦੀ ਦੁਬਿਧਾ ਨੂੰ ਮਾਰਨਾ ਹੈ। ਜਿਵੇਂ ਕਿ ਇਹ ਹੇਠ ਲਿਖੀ ਤੁੱਕ ਫੁਰਮਾਉਂਦੀ ਹੈ :-

"ਸੋ ਮੁਨਿ ਜਿ ਮਨ ਕੀ ਦੁਬਿਧਾ ਮਾਰੇ ॥" ਪੰਨਾ 1128

**ਭਾਵ ਅਰਥ :-** ਮੁਨੀ ਉਹੀ ਹੈ, ਜਿਹੜਾ ਕਿ ਮਨ ਦੀ ਦ੍ਵੈਸ਼ ਨੂੰ ਮਾਰੇ। ਦ੍ਵੈਸ਼, ਹਉਮੈ ਨੂੰ ਆਖੀਦਾ ਹੈ।

ਮਨ ਨੂੰ ਵਸ ਕਰਨ ਲਈ ਹਠ, ਨਿਗ੍ਰਹ, ਵਰਤ, ਤਪਨ ਸਾਧਨ ਗੁਰਮਤਿ ਖੰਡਨ ਕਰਦੀ ਏ। ਪ੍ਰਮਾਣ ਇਹ ਹੈ :-

"ਹਠੁ ਨਿਗ੍ਰਹੁ ਕਰਿ ਕਾਇਆ ਛੀਜੈ ॥

ਵਰਤੁ ਤਪਨੁ ਕਰਿ ਮਨੁ ਨਹੀ ਭੀਜੈ ॥" ਪੰਨਾ 905

**ਭਾਵ ਅਰਥ :-** ਹਠ, ਇੰਦ੍ਰੀਆਂ ਨੂੰ ਸਜੰਮ ਕਰਨ ਦੇ ਸਾਧਨ, ਵਰਤ ਰਖਣ, ਤਪ ਸਾਧਣ, ਨਾਲ ਸਰੀਰ ਰਹਿ ਜਾਂਦਾ ਹੈ, ਮਨ ਵਸ ਵਿਚ ਨਹੀਂ ਆਉਂਦਾ।

"ਮਾਰੂ ਮਾਰਣ ਜੋ ਗਏ ਮਾਰਿ ਨ ਸਕਹਿ ਗਵਾਰ ॥

ਨਾਨਕ ਜੇ ਇਹੁ ਮਾਰੀਐ ਗੁਰ ਸਬਦੀ ਵੀਚਾਰਿ ॥

ਏਹੁ ਮਨੁ ਮਾਰਿਆ ਨਾ ਮਰੈ ਜੇ ਲੋਚੈ ਸਭੁ ਕੋਇ ॥

ਨਾਨਕ ਮਨ ਹੀ ਕਉ ਮਨੁ ਮਾਰਸੀ ਜੇ ਸਤਿਗੁਰੁ ਭੇਟੈ ਸੋਇ ॥" ਪੰਨਾ 1089

**ਭਾਵ ਅਰਥ :-** ਜਿਹੜੇ ਮਨ ਨੂੰ ਮਾਰਨ ਲਈ-ਘਰ, ਇਸਤਰੀ, ਪੁਤਰ ਤਿਆਗ ਕੇ ਮਾਰੂ ਜੰਗਲਾਂ ਵਿਚ ਜਾਂਦੇ ਨੇ, ਇਹੋ ਜਿਹੇ ਕੰਮ ਕਰਨ ਵਾਲੇ, ਮਨ ਦੀ ਦੁਬਿਧਾ ਨਹੀਂ ਮਾਰ ਸਕਦੇ। ਇਹ ਮਨ, ਗੁਰੂ ਦੇ ਸ਼ਬਦ ਦੀ ਵੀਚਾਰ ਨਾਲ ਹੀ ਕਾਬੂ ਆਉਂਦਾ ਏ। ਹੋਰ ਕਿਸੇ ਸਾਧਨ ਨਾਲ, ਇਹ ਮਨ ਨਹੀਂ ਮਰਦਾ, ਜਿਸ ਨੂੰ ਮਾਰਨ ਲਈ ਸਭ ਕੋਈ ਚਾਹੁੰਦੇ ਨੇ। ਹੇ ਨਾਨਕ ! ਮਨ ਹੀ ਮਨ ਨੂੰ ਮਾਰਦਾ ਹੈ। ਪਰ ਇਹ ਸਤਿਗੁਰੂ ਦੇ ਮਿਲਾਪ ਨਾਲ ਹੀ ਗੱਲ ਬਣਦੀ ਏ। ਸਤਿਗੁਰੂ ਮਨ ਨੂੰ ਮਾਰਨ ਦੇ ਸਾਧਨ ਦਸਦਾ ਹੈ।

"ਮਨ ਹਠਿ ਕਿਨੈ ਨ ਪਾਇਓ ਸਭ ਥਕੇ ਕਰਮ ਕਮਾਇ ॥

ਮਨ ਹਠਿ ਭੇਖ ਕਰਿ ਭਰਮਦੇ ਦੁਖੁ ਪਾਇਆ ਦੂਜੈ ਭਾਇ ॥

ਰਿਧਿ ਸਿਧਿ ਸਭੁ ਮੋਹੁ ਹੈ ਨਾਮੁ ਨ ਵਸੈ ਮਨਿ ਆਇ ॥

ਗੁਰ ਸੇਵਾ ਤੇ ਮਨੁ ਨਿਰਮਲੁ ਹੋਵੈ ਅਗਿਆਨੁ ਅੰਧੇਰਾ ਜਾਇ ॥" ਪੰਨਾ 593

**ਭਾਵ ਅਰਥ :-** ਮਨ ਹਠ ਦੇ ਕਰਮਾਂ ਨਾਲ, ਪ੍ਰਭੂ ਕਿਸੇ ਨੇ ਨਹੀਂ ਪਾਇਆ। ਸਾਰੇ ਹੀ ਮਨ ਹਠ ਤੇ ਅਧਾਰਤ ਕਰਮ ਕਰਕੇ ਥਕ ਗਏ। ਮਨ ਹਠ ਨਾਲ ਜੋ ਭੇਖ ਧਾਰਦੇ ਹਨ, ਉਹ ਭਰਮ ਵਿਚ ਹਨ। ਇਨ੍ਹਾਂ ਸਾਧਨਾ ਨਾਲ ਦੁਖ ਮਿਲਦਾ ਹੈ। ਇਹ ਦੂਜੇ ਪਾਸੇ ਲੈ ਜਾਂਦੇ ਹਨ। ਇਨ੍ਹਾਂ ਨਾਲ ਰਿਧੀਆਂ

ਸਿਧੀਆਂ ਮਿਲ ਜਾਂਦੀਆਂ ਨੇ, ਪਰ ਇਹ ਸਭ ਮੋਹ ਹੈ। ਇਨ੍ਹਾਂ ਨਾਲ ਨਾਮ, ਮਨ ਵਿਚ ਨਹੀਂ ਵਸਦਾ। ਗੁਰੂ ਦੀ ਸੇਵਾ ਨਾਲ, ਮਨ ਨਿਰਮਲ ਹੁੰਦਾ ਹੈ ਤੇ ਅਗਿਆਨਤਾ ਦਾ ਅੰਧੇਰਾ ਦੂਰ ਹੋ ਜਾਂਦਾ ਹੈ।

''ਮੋਨਿ ਭਇਓ ਕਰਪਾਤੀ ਰਹਿਓ ਨਗਨ ਫਿਰਿਓ ਬਨ ਮਾਹੀ ॥
ਤਟ ਤੀਰਥ ਸਭ ਧਰਤੀ ਭ੍ਰਮਿਓ ਦੁਬਿਧਾ ਛੁਟਕੈ ਨਾਹੀ ॥ ॥
ਮਨ ਕਾਮਨਾ ਤੀਰਥ ਜਾਇ ਬਸਿਓ ਸਿਰਿ ਕਰਵਤ ਧਰਾਏ ॥
ਮਨ ਕੀ ਮੈਲੁ ਨ ਉਤਰੈ ਇਹ ਬਿਧਿ ਜੇ ਲਖ ਜਤਨ ਕਰਾਏ ॥ ॥
ਕਨਿਕ ਕਾਮਿਨੀ ਹੈਵਰ ਗੈਵਰ ਬਹੁ ਬਿਧਿ ਦਾਨੁ ਦਾਤਾਰਾ ॥
ਅੰਨ ਬਸਤ੍ਰ ਭੂਮਿ ਬਹੁ ਅਰਪੇ ਨਹ ਮਿਲੀਐ ਹਰਿ ਦੁਆਰਾ ॥ ॥
ਪੂਜਾ ਅਰਚਾ ਬੰਦਨ ਡੰਡਉਤ ਖਟੁ ਕਰਮਾ ਰਤੁ ਰਹਤਾ ॥
ਹਉ ਹਉ ਕਰਤ ਬੰਧਨ ਮਹਿ ਪਰਿਆ ਨਹ ਮਿਲੀਐ ਇਹ ਜੁਗਤਾ ॥ ॥
ਜੋਗ ਸਿਧ ਆਸਣ ਚਉਰਾਸੀਹ ਏ ਭੀ ਕਰਿ ਕਰਿ ਰਹਿਆ ॥
ਵਡੀ ਆਰਜਾ ਫਿਰਿ ਫਿਰਿ ਜਨਮੈ ਹਰਿ ਸਿਉ ਸੰਗੁ ਨ ਗਹਿਆ ॥ ॥
ਰਾਜ ਲੀਲਾ ਰਾਜਨ ਕੀ ਰਚਨਾ ਕਰਿਆ ਹੁਕਮੁ ਅਫਾਰਾ ॥
ਸੇਜ ਸੋਹਨੀ ਚੰਦਨੁ ਚੋਆ ਨਰਕ ਘੋਰ ਕਾ ਦੁਆਰਾ ॥ ॥ ਪੰਨਾ 641-42

**ਭਾਵ ਅਰਥ :-** ਮੋਨ ਧਾਰਨ ਨਾਲ, ਹੱਥਾਂ ਨੂੰ ਭਾਂਡਾ ਬਣਾ ਕੇ ਖਾਣ ਨਾਲ, ਜੰਗਲਾਂ ਵਿਚ ਨਗਨ ਫਿਰਨ ਨਾਲ, ਤੀਰਥਾਂ ਦੇ ਤਪ ਤੋਂ ਇਸ਼ਨਾਨ ਕਰਨ ਨਾਲ, ਸਾਰੀ ਧਰਤੀ ਤੇ ਫਿਰਨ ਨਾਲ ਮਨ ਦੀ ਦੁਬਿਧਾ ਨਹੀਂ ਛੁਟਦੀ। ਮਨ ਇਛੇ ਤੀਰਥਾਂ ਤੇ ਵਸਣ ਨਾਲ, ਸਿਰ ਤੇ ਕਰਵਤ (ਆਰਾ) ਧਰਾਉਣ ਨਾਲ-ਭਾਵ ਸਰੀਰ ਦੇ ਦੋ ਟੋਟੇ ਕਰਨ ਨਾਲ-ਮਨ ਦੀ ਹਉਮੈ ਰੂਪੀ ਮੈਲ ਦੂਰ ਨਹੀਂ ਹੁੰਦੀ, ਭਾਵੇਂ ਇਹੋ ਜਿਹੇ ਹੋਰ ਲਖਾਂ ਜਤਨ ਪਾਇਆ ਕਰੇ। ਸੋਨੇ ਨਾਲ ਭਾਵ ਸੋਨੇ ਦੇ ਗਹਿਣਿਆਂ ਨਾਲ ਲਦੀ ਹੋਈ ਆਪਣੀ ਵਿਆਹੁਤਾ ਇਸਤਰੀ ਦਾਨ ਵਿਚ ਦੇ ਦੇਵੇ, ਸ਼੍ਰੇਸ਼ਟ ਨਸਲ ਦੇ ਹਾਥੀ ਤੇ ਘੋੜੇ ਤੇ ਹੋਰ ਧਨ-ਅੰਨ, ਬਸਤਰ, ਜ਼ਮੀਨ-ਦੇਵੇ। ਪਰ ਇੰਜ ਕਰਨ ਨਾਲ, ਹਰੀ ਦੀ ਪ੍ਰਾਪਤੀ ਨਹੀਂ ਹੁੰਦੀ। ਪੂਜਾ, ਅਰਚਾ, ਡੰਡਉਤ ਬੰਦਨਾਂ, ਸਾਸ਼੍ਤਾਂ ਦੇ ਛੇ ਕਰਮ ਧਾਰਨ ਨਾਲ, ਹਉਮੈ ਹੋਰ ਵਧ ਜਾਂਦੀ ਹੈ। ਇਨ੍ਹਾਂ ਸਾਧਨਾਂ ਨਾਲ ਹਰੀ ਦਾ ਮਿਲਾਪ ਨਹੀਂ ਹੁੰਦਾ। ਜੋਗ ਅਭਿਆਸ ਨਾਲ, ਉਮਰ ਤਾਂ ਲੰਮੇਰੀ ਹੋ ਜਾਂਦੀ ਹੈ ਪਰ ਜਨਮ ਮਰਨ ਦਾ ਗੇੜ ਨਹੀਂ ਮੁਕਦਾ ਤੇ ਨਾ ਹੀ ਪ੍ਰਭੂ ਦਾ ਮਿਲਾਪ ਹੁੰਦਾ ਹੈ। ਰਾਜਾ ਬਣ ਕੇ ਮਨ ਭਾਉਂਦੇ ਹੁਕਮ ਕਰਨ ਨਾਲ, ਸੇਜ ਤੇ ਸੁੰਦਰ ਨਾਰੀਆਂ ਭੋਗਣ ਨਾਲ, ਚੰਦਨ ਤੇ ਅਤਰ ਸਰੀਰ ਤੇ ਲਾਉਣ ਨਾਲ ਵੀ ਪ੍ਰਭੂ ਪ੍ਰਾਪਤੀ ਨਹੀਂ ਹੁੰਦੀ। ਇਹ ਕਰਮ ਨਰਕਾਂ ਵਿਚ ਲੈ ਜਾਂਦੇ ਨੇ।

''ਪਾਠੁ ਪੜਿਓ ਅਰੁ ਬੇਦੁ ਬੀਚਾਰਿਓ ਨਿਵਲਿ ਭੁਅੰਗਮ ਸਾਧੇ ॥
ਪੰਚ ਜਨਾ ਸਿਉ ਸੰਗੁ ਨ ਛੁਟਕਿਓ ਅਧਿਕ ਅਹੰਬੁਧਿ ਬਾਧੇ ॥ ॥
ਪਿਆਰੇ ਇਨ ਬਿਧਿ ਮਿਲਣੁ ਨ ਜਾਈ ਮੈ ਕੀਏ ਕਰਮ ਅਨੇਕਾ ॥
ਹਾਰਿ ਪਰਿਓ ਸੁਆਮੀ ਕੈ ਦੁਆਰੈ ਦੀਜੈ ਬੁਧਿ ਬਿਬੇਕਾ ॥ ਰਹਾਉ ॥ ਪੰਨਾ 641

**ਭਾਵ ਅਰਥ :-** ਪਾਠ ਪੜ੍ਹਨ ਨਾਲ, ਵੇਦਾਂ ਦੀ ਵੀਚਾਰ ਕਰਨ ਨਾਲ, ਨਿਉਲੀ ਕਰਮ ਕਰਨ ਨਾਲ, ਪ੍ਰਾਣਾਯਾਮ ਕਰਨ ਨਾਲ, ਪੰਜਾਂ-ਕਾਮ, ਕ੍ਰੋਧ, ਲੋਭ, ਮੋਹ, ਅੰਹਕਾਰ-ਤੋਂ ਛੁਟਕਾਰਾ ਨਹੀਂ ਹੁੰਦਾ, ਸਗੋਂ

ਵਧੇਰੇ ਹੰਗਤਾਂ ਦੀ ਬੁਧੀ ਨਾਲ ਮਨ ਬੰਨ੍ਹਿਆਂ ਜਾਂਦਾ ਹੈ। ਹੇ ਪਿਆਰੇ ! ਇਨ੍ਹਾਂ ਸਾਧਨਾਂ ਨਾਲ ਮਨ ਵਸ ਨਹੀਂ ਆਉਂਦਾ ਏ, ਭਾਵੇਂ ਕਿੰਨੇ ਹੀ ਕਰਮ ਕਰੀਏ। ਤਾਂ ਤੇ ਸਾਰੀਆਂ ਅਹੁੜਾ ਪਹੁੜਾ ਛਡ ਕੇ ਸੁਆਮੀ ਦੇ ਦੁਆਰੇ ਡਿਗ ਪੈ ਤੇ ਅਰਦਾਸ ਕਰ ਕਿ ਹੇ ਪ੍ਰਭੂ ! ਨਿਰਣਾ ਕਰਨ ਵਾਲੀ ਬੁਧੀ ਬਖਸ਼।

**"ਮਨਿ ਮੈਲੈ ਸਭੁ ਕਿਛੁ ਮੈਲਾ ਤਨਿ ਧੋਤੈ ਮਨੁ ਹਛਾ ਨ ਹੋਇ ॥**
**ਇਹੁ ਜਗਤੁ ਭਰਮਿ ਭੁਲਾਇਆ ਵਿਰਲਾ ਬੂਝੈ ਕੋਇ ॥ .......**
**ਸਿਧਾ ਕੇ ਆਸਣ ਜੇ ਸਿਖੈ ਇੰਦ੍ਰੀ ਵਸਿ ਕਰਿ ਕਮਾਇ ॥**
**ਮਨ ਕੀ ਮੈਲੁ ਨ ਉਤਰੈ ਹਉਮੈ ਮੈਲੁ ਨ ਜਾਇ ॥**
**ਇਸੁ ਮਨ ਕਉ ਹੋਰੁ ਸੰਜਮੁ ਕੋ ਨਾਹੀ ਵਿਣੁ ਸਤਿਗੁਰ ਕੀ ਸਰਣਾਇ ॥**
**ਸਤਗੁਰਿ ਮਿਲਿਐ ਉਲਟੀ ਭਈ ਕਹਣਾ ਕਿਛੂ ਨ ਜਾਇ ॥**
**ਭਣਤਿ ਨਾਨਕੁ ਸਤਿਗੁਰ ਕਉ ਮਿਲਦੋ ਮਰੈ ਗੁਰ ਕੈ ਸਬਦਿ ਫਿਰਿ ਜੀਵੈ ਕੋਇ ॥**
**ਮਮਤਾ ਕੀ ਮਲੁ ਉਤਰੈ ਇਹੁ ਮਨੁ ਹਛਾ ਹੋਇ ॥" ਪੰਨਾ 558**

**ਭਾਵ ਅਰਥ :–** ਮੈਲੇ ਮਨ ਵਾਲਿਆਂ ਦਾ ਸਭ ਕਿਛ ਮੈਲਾ ਹੁੰਦਾ ਹੈ। ਸਰੀਰ ਦੇ ਇਸ਼ਨਾਨ ਨਾਲ, ਮਨ ਨਿਰਮਲ ਨਹੀਂ ਹੁੰਦਾ ਹੈ। ਇਹ ਸੰਸਾਰ ਭਰਮ ਵਿਚ ਭੁਲਿਆ ਪਿਆ ਹੈ। ਇਸ ਗਲ ਨੂੰ ਕੋਈ ਟਾਵਾਂ ਹੀ ਬੁਝਦਾ ਹੈ। ਸਿਧਾਂ ਦੇ ਆਸਣ ਸਿਖਣ ਨਾਲ ਤੇ ਹੋਰ ਇੰਦ੍ਰੀਆਂ ਨੂੰ ਵਸ ਕਰਨ ਦੇ ਸਾਧਨਾਂ ਨਾਲ, ਮਨ ਦੀ ਹਉਮੈ ਰੂਪੀ ਮੈਲ ਦੂਰ ਨਹੀਂ ਹੁੰਦੀ। ਇਸ ਮਨ ਨੂੰ ਵਸ ਕਰਨ ਲਈ ਹੋਰ ਕੋਈ ਸਾਧਨ ਨਹੀਂ- ਬਿਨਾਂ ਸਤਿਗੁਰੂ ਦੀ ਸ਼ਰਨ ਦੇ। ਸਤਿਗੁਰੂ ਨੂੰ ਮਿਲਿਆਂ, ਮਨ ਦੀ ਮੱਤ ਉਲਟ ਜਾਂਦੀ ਹੈ। ਇਹ ਅਵਸਥਾ ਕਹੀ ਨਹੀਂ ਜਾ ਸਕਦੀ। ਨਾਨਕ ਆਖਦਾ ਹੈ ਕਿ ਇਹ ਮਨ ਸਤਿਗੁਰੂ ਨੂੰ ਮਿਲਿਆਂ ਹੀ ਮਰਦਾ ਹੈ। ਫਿਰ ਗੁਰੂ ਦੇ ਸ਼ਬਦ ਨਾਲ ਕੋਈ ਜੀਉਂਦਾ ਹੈ। ਮਮਤਾ ਦੀ ਮੈਲ ਉਤਰਨ ਨਾਲ ਇਹ ਮਨ ਨਿਰਮਲ ਹੋ ਜਾਂਦਾ ਹੈ।

**"ਮਨੁ ਮਰੈ ਧਾਤੁ ਮਰਿ ਜਾਇ ॥ ਬਿਨੁ ਮਨ ਮੂਏ ਕੈਸੇ ਹਰਿ ਪਾਇ ॥**
**ਇਹੁ ਮਨੁ ਮਰੈ ਦਾਰੂ ਜਾਣੈ ਕੋਇ ॥ ਮਨੁ ਸਬਦਿ ਮਰੈ ਬੂਝੈ ਜਨੁ ਸੋਇ ॥.....**
**ਮਨੁ ਮੈ ਮਤੁ ਮੈਗਲ ਮਿਕਦਾਰਾ ॥ ਗੁਰੁ ਅੰਕਸੁ ਮਾਰਿ ਜੀਵਾਲਣਹਾਰਾ ॥**
**ਮਨੁ ਅਸਾਧੁ ਸਾਧੈ ਜਨੁ ਕੋਈ ॥ ਅਚਰੁ ਚਰੈ ਤਾ ਨਿਰਮਲੁ ਹੋਈ ॥**
**ਗੁਰਮੁਖਿ ਇਹੁ ਮਨੁ ਲਇਆ ਸਵਾਰਿ ॥ ਹਉਮੈ ਵਿਚਹੁ ਤਜੈ ਵਿਕਾਰ ॥" ਪੰਨਾ 665**

**ਭਾਵ ਅਰਥ :–** ਮਨ ਦੀ ਦੁਬਿਧਾ ਮਰਨ ਨਾਲ, ਮਨ ਦਾ ਧਾਵਣਾ ਮੁੱਕ ਜਾਂਦਾ ਹੈ। ਬਿਨਾਂ ਮਨ ਮਾਰੇ ਹਰੀ ਕਿਵੇਂ ਮਿਲ ਸਕਦਾ ਏ ? ਇਸ ਮਨ ਦੇ ਮਾਰਨ ਦੀ ਦਵਾਈ, ਗੁਰੂ ਸ਼ਬਦ, ਕੋਈ ਕੋਈ ਹੀ ਜਾਣਦਾ ਹੈ। ਇਹ ਮਨ ਗੁਰੂ ਸ਼ਬਦ ਨਾਲ ਹੀ ਮਰਦਾ ਹੈ। ਮਨ, ਹੰਕਾਰ ਰੂਪੀ ਨਸ਼ੇ ਵਿਚ ਮਸਤ ਹੈ। ਜਿਵੇਂ ਹਾਥੀ ਮਸਤ ਹੁੰਦਾ ਹੈ। ਗੁਰੂ ਦਾ ਸ਼ਬਦ ਅੰਕਸ ਹੈ। ਇਹ ਅੰਕਸ ਹੀ, ਹਉਮੈ ਨੂੰ ਮਾਰ ਕੇ ਜੀਵਾਲਦਾ ਹੈ। ਮਨ ਬੜਾ ਅਵੈੜਾ ਹੈ। ਵਿਰਲਾ ਹੀ ਇਸ ਨੂੰ ਸਾਧਦਾ ਹੈ। ਨਾ ਚਰਨ ਵਾਲੇ-ਕਾਮ, ਕ੍ਰੋਧ, ਲੋਭ, ਮੋਹ, ਹੰਕਾਰ ਨੂੰ ਜਿਹੜਾ ਚਰਦਾ ਹੈ ਭਾਵ ਦੂਰ ਕਰਦਾ ਹੈ, ਉਸ ਦਾ ਮਨ ਨਿਰਮਲ ਹੋ ਜਾਂਦਾ ਹੈ। ਗੁਰਮੁਖਾਂ ਨੇ ਇਹ ਮਨ ਸਵਾਰ ਲਿਆ ਹੈ ਤੇ ਉਨ੍ਹਾਂ ਹਉਮੈ ਰੂਪੀ ਵਿਕਾਰ ਤਿਆਗ ਦਿਤੇ ਨੇ ਭਾਵ ਉਹ ਸਦਾ ਖੇੜੇ ਵਿਚ ਵਸਦੇ ਨੇ।

ਇਕ ਬੈਣੀ ਨਾਮੀ ਪੰਡਤ ਨੇ, ਚਾਰੋ ਵੇਦ, ਛੇ ਸ਼ਾਸਤ੍ਰ, ਨੌ ਵਿਆਕਰਣ, ਮੂੰਹ ਜਬਾਨੀ ਯਾਦ ਕਰ ਲਏ ਤੇ ਚਰਚਾ ਕਰਨ ਦੀ ਵਾਦੀ ਪਾ ਲਈ। ਉਤਲੇ ਗਰੰਥ ਮੂੰਹ ਜਬਾਨੀ ਅਰਥਾਂ ਸਹਿਤ ਯਾਦ ਹੋਣ ਕਰ ਕੇ, ਹਰ ਇਕ ਨੂੰ ਗੋਸ਼ਟੀ ਵਿਚ ਹਰਾ ਦਿੰਦਾ। ਉਸ ਨੇ ਸ਼ਰਤ ਇਹ ਰਖੀ ਹੋਈ ਸੀ ਕਿ ਜਿਹੜੀ ਧਿਰ ਚਰਚਾ ਵਿਚ ਹਾਰ ਜਾਏ, ਉਹ ਆਪਣੀਆਂ ਪੁਸਤਕਾਂ ਜਿਤਣ ਵਾਲੇ ਨੂੰ ਦੇ ਦੇਵੇ। ਉਸ ਸਮੇਂ ਪੁਸਤਕਾਂ ਹੱਥਾਂ ਨਾਲ ਲਿਖੀਆਂ ਜਾਂਦੀਆਂ ਸਨ। ਛਾਪੇਖਾਨੇ ਨਹੀਂ ਸਨ। ਇਹ ਉਤਲੇ ਨਾਮ ਵਾਲਾ ਬੈਣੀ ਪੰਡਤ, ਸਾਰਿਆ ਨੂੰ ਚਰਚਾ ਵਿਚ ਹਰਾ ਦਿੰਦਾ ਤੇ ਉਨ੍ਹਾਂ ਦੇ ਧਰਮ ਗ੍ਰੰਥ ਜਿਤ ਵਿਚ ਲੈ ਲੈਂਦਾ। ਇਸ ਹਉਮੈ ਦੇ ਲੁਛੇ ਪੰਡਤ ਨੇ ਗਡਿਆ ਦੇ ਗੱਡੇ, ਊਠਾਂ ਦੇ ਊਠ, ਜਿਤੀਆਂ ਪੁਸਤਕਾਂ ਨਾਲ ਭਰ ਲਏ ਤੇ ਜਿਧਰ ਜਾਏ ਇਨ੍ਹਾਂ ਪੁਸਤਕਾਂ ਨੂੰ ਨਾਲ ਲੈ ਕਰ ਜਾਏ। ਸਾਰੇ ਭਾਰਤ ਵਿਚ ਉਸਦੀ ਵਿਦਵਤਾ ਦੀ ਧਾਕ ਪੈ ਗਈ। ਉਨਾਂ ਦਿਨਾਂ ਵਿਚ ਕਸ਼ਮੀਰ ਵਿਚ, ਉਚ ਕੋਟੀ ਦੇ ਵਿਦਵਾਨ ਰਹਿੰਦੇ ਸਨ। ਉਨ੍ਹਾਂ ਨੂੰ ਜਿਤਣ ਦੀ ਲਾਲਸਾ, ਉਸ ਬੈਣੀ ਪੰਡਤ ਨੂੰ ਕਸ਼ਮੀਰ ਲੈ ਗਈ। ਕਸ਼ਮੀਰੀ ਪੰਡਤਾਂ ਨੂੰ ਜਿਤ ਕੇ ਬੈਣੀ ਪੰਡਤ ਜਦ ਗੋਇੰਦਵਾਲ ਪੁਜਾ ਤਾਂ ਉਸ ਦੇ ਮਨ ਵਿਚ, ਸਾਹਿਬ ਸ੍ਰੀ ਗੁਰੂ ਅਮਰਦਾਸ ਜੀ ਨੂੰ ਵੀ ਹਰਾਉਣ ਦੀ ਹਉਮੈ ਭਰੀ ਇਛਾ ਉਠੀ। ਉਹ ਪੰਡਤ ਤੀਜੀ ਪਾਤਸ਼ਾਹੀ ਦੇ ਦਰਬਾਰ ਵਿਚ ਪੁਜਾ। ਜਾਣੀ ਜਾਣ ਸਾਹਿਬ ਸ੍ਰੀ ਗੁਰੂ ਅਮਰਦਾਸ ਜੀ, ਉਸ ਬੈਣੀ ਪੰਡਤ ਨੂੰ, ਇਸ ਤੋਂ ਪਹਿਲਾਂ ਕਿ ਉਹ ਪੰਡਤ ਕੁਛ ਕਹੇ, ਪੁਛਦੇ ਹਨ। ਸ੍ਰੀ ਹਜ਼ੂਰ ਦੀ ਪੁਛ ਇੰਜ ਹੈ :-

**"ਇਹੁ ਮਨੁ ਗਿਰਹੀ ਕਿ ਇਹੁ ਮਨੁ ਉਦਾਸੀ ॥**
**ਕਿ ਇਹੁ ਮਨੁ ਅਵਰਨੁ ਸਦਾ ਅਵਿਨਾਸੀ ॥**
**ਕਿ ਇਹੁ ਮਨੁ ਚੰਚਲੁ ਕਿ ਇਹੁ ਮਨੁ ਬੈਰਾਗੀ ॥**
**ਇਸੁ ਮਨ ਕਉ ਮਮਤਾ ਕਿਥਹੁ ਲਾਗੀ ॥"** **ਪੰਨਾ 1261**

**ਭਾਵ ਅਰਥ :-** ਕੀ ਇਹ ਮਨ ਗ੍ਰਿਹਸਤੀ ਹੈ, ਕਿ ਇਹ ਮਨ ਉਦਾਸੀ ਏ ? ਕੀ ਇਹ ਮਨ ਅਵਰਨ ਹੈ ਤੇ ਸਦਾ ਅਬਿਨਾਸੀ ਏ ? ਕੀ ਇਹ ਮਨ ਚੰਚਲ ਹੈ, ਯਾ ਇਹ ਮਨ ਬੈਰਾਗੀ ਏ ? ਇਸ ਮਨ ਨੂੰ ਮਾਇਆ ਦੀ ਮਮਤ ਕਿਥੋਂ ਲਗੀ ਏ ?

ਬੈਣੀ ਪੰਡਤ, ਇਹ ਪ੍ਰਸ਼ਨ ਸੁਣ ਕਰ, ਪਹਿਲੀ ਵਾਰ ਸੋਚੀ ਪਿਆ। ਮਨ ਵਿਚ ਸੋਚੇ ਕਿ ਇਹੋ ਜਿਹੇ ਪ੍ਰਸ਼ਨ, ਅਜ ਤਾਂਈ ਕਿਸੇ ਨੇ ਨਹੀਂ ਪੁਛੇ। ਨਾ ਹੀ ਉਸ ਦੀ ਹਿੰਮਤ ਪਏ ਕਿ ਇਨ੍ਹਾਂ ਸਵਾਲਾਂ ਦਾ ਕੀ ਉਤਰ ਦੇਵੇ। ਪੰਡਤ ਦੀ ਚੁਪ ਵੇਖ ਕੇ ਸਾਹਿਬ ਜੀ ਫਿਰ ਬੋਲੇ। ਫੁਰਮਾਨ ਇੰਜ ਹੈ :-

**"ਪੰਡਿਤ ਇਸੁ ਮਨ ਕਾ ਕਰਹੁ ਬੀਚਾਰੁ ॥**
**ਅਵਰੁ ਕਿ ਬਹੁਤਾ ਪੜਹਿ ਉਠਾਵਹਿ ਭਾਰੁ ॥**
**ਮਾਇਆ ਮਮਤਾ ਕਰਤੈ ਲਾਈ ॥**
**ਏਹੁ ਹੁਕਮੁ ਕਰਿ ਸ੍ਰਿਸਟਿ ਉਪਾਈ ॥**
**ਗੁਰ ਪਰਸਾਦੀ ਬੂਝਹੁ ਭਾਈ ॥**
**ਸਦਾ ਰਹਹੁ ਹਰਿ ਕੀ ਸਰਣਾਈ ॥"** **ਪੰਨਾ 1261**

**ਭਾਵ ਅਰਥ :-** ਹੇ ਪੰਡਤ ! ਇਸ ਮਨ ਦੀ ਵਿਚਾਰ ਕਰ ਤੇ ਇਸ ਮਨ ਨੂੰ ਵਸ ਕਰ। ਕਿਉਂ ਐਨੀਆਂ ਪੁਸਤਕਾਂ ਦਾ ਭਾਰ ਨਾਲ ਉਠਾਈ ਫਿਰਦਾ ਏ ? ਜਿਹੜੀ ਮਾਇਆ ਦੀ ਮਮਤਾ ਹੈ, ਇਹ ਕਰਤਾਰ ਨੇ ਜੀਵ ਆਤਮਾ ਨੂੰ ਲਾਈ ਹੈ ਤੇ ਇਹ ਹੁਕਮ ਕਰਕੇ ਸੰਸਾਰ ਦੀ ਰਚਨਾ ਕੀਤੀ ਏ। ਇਹ ਗਲ ਗੁਰੂ ਦੀ ਕ੍ਰਿਪਾ ਨਾਲ ਬੁਝੀ ਜਾਂਦੀ ਏ ਤੇ ਗੁਰੂ, ਇਹ ਉਪਦੇਸ਼ ਦਿੰਦਾ ਏ ਕਿ ਸਦਾ ਹਰੀ

ਦੀ ਸ਼ਰਨ ਵਿਚ ਟਿਕੋ ਤੇ ਏਹੜ ਤੇਹੜ ਛਡੋ। ਇਹ ਬ੍ਰਿਤੀ ਹਉਮੈ ਨੂੰ ਹੋਰ ਪਕਾ ਕਰਦੀ ਏ, ਹਰੀ ਤੋਂ ਦੂਰ ਰਖਦੀ ਏ। ਐਸੀ ਬ੍ਰਿਤੀ ਸਦਾ ਦੁਖੀ ਰਹਿੰਦੀ ਏ।

ਉਤਲਾ ਫੁਰਮਾਣ ਸੁਣ ਕੇ ਬੈਣੀ ਪੰਡਤ ਨੇ ਪੁਛ ਕੀਤੀ ਕਿ ਕੀ ਜਪ, ਤਪ, ਸੰਜਮ ਨਾਲ ਮਨ ਵਸ ਨਹੀਂ ਹੁੰਦਾ, ਜਿਹੜੀ ਗਲ ਗ੍ਰੰਥ ਦਸਦੇ ਹਨ ? ਇਸ ਪ੍ਰਸ਼ਨ ਦੇ ਉਤਰ ਵਿਚ ਸਾਹਿਬ ਜੀ ਨੇ ਫੁਰਮਾਇਆ ਕਿ ''ਨਹੀਂ।।'' ਵਾਕ ਇੰਜ ਹੈ :-

**"ਜਪੁ ਤਪੁ ਸੰਜਮੁ ਹੋਰੁ ਕੋਈ ਨਾਹੀ ॥ ਜਬ ਲਗੁ ਗੁਰ ਕਾ ਸਬਦੁ ਨ ਕਮਾਹੀ ॥**

**ਗੁਰ ਕੈ ਸਬਦਿ ਮਿਲਿਆ ਸਚੁ ਪਾਇਆ ਸਚੇ ਸਚਿ ਸਮਾਇਦਾ ॥"** ਪੰਨਾ 1060

**ਭਾਵ ਅਰਥ :-** ਜਪ, ਤਪ, ਸੰਜਮਾਂ ਨਾਲ ਇਹ ਮਾਇਆ ਵੇਹੜਿਆਂ ਮਨ-ਕਾਬੂ ਨਹੀਂ ਆਉਂਦਾ ਜਦ ਤਾਂਈ ਗੁਰੂ ਦੇ ਸ਼ਬਦ ਦੀ ਕਮਾਈ ਨਾ ਕੀਤੀ ਜਾਏ। ਗੁਰੂ ਦੇ ਸ਼ਬਦ ਦਵਾਰਾ ਹਰੀ ਵਿਚ ਸਮਾ ਕੇ ਹੀ ਮਨ ਟਿਕਦਾ ਹੈ। ਉਂਜ ਨਹੀਂ।

**"ਜਨਮ ਜਨਮ ਕੀ ਇਸੁ ਮਨ ਕਉ ਮਲੁ ਲਾਗੀ ਕਾਲਾ ਹੋਆ ਸਿਆਹੁ ॥**

**ਖੰਨਲੀ ਧੋਤੀ ਉਜਲੀ ਨ ਹੋਵਈ ਜੇ ਸਉ ਧੋਵਣਿ ਪਾਹੁ ॥**

**ਗੁਰ ਪਰਸਾਦੀ ਜੀਵਤੁ ਮਰੈ ਉਲਟੀ ਹੋਵੈ ਮਤਿ ਬਦਲਾਹੁ ॥**

**ਨਾਨਕ ਮੈਲੁ ਨ ਲਗਈ ਨਾ ਫਿਰਿ ਜੋਨੀ ਪਾਹੁ ॥"** ਪੰਨਾ 651

**ਭਾਵ ਅਰਥ :-** ਇਸ ਮਨ ਨੂੰ ਜਨਮ ਜਨਮਾਂਤਰਾਂ ਦੀ ਹਉਮੈ ਰੂਪੀ ਮੈਲ ਲਗੀ ਹੋਈ ਏ ਤੇ ਇਹ ਮਨ, ਕਾਲਾ ਸਿਆਹ ਹੋਇਆ ਪਿਆ ਹੈ। ਤੀਰਥਾਂ ਤੇ ਇਸ਼ਨਾਨ ਕਰਨ ਨਾਲ ਹਉਮੈ ਦੀ ਮੈਲ ਦੂਰ ਨਹੀਂ ਹੁੰਦੀ। ਜਿਵੇਂ ਕਿ ਤੇਲੀ ਕੋਲੂ ਸਾਫ ਕਰਨ ਲਈ ਕਪੜਾ ਵਰਤਦਾ ਏ ਤੇ ਉਹ ਕਪੜਾ ਤੇਲ ਤੇ ਮਿਟੀ ਨਾਲ ਐਨਾ ਲਿਬੜ ਜਾਂਦਾ ਏ ਕਿ ਭਾਵੇਂ ਇਸ ਚਿਕਨੇ ਤੇ ਮੈਲੇ ਕਪੜੇ ਨੂੰ ਸੈਂਕੜੇ ਵਾਰੀ ਪਾਣੀ ਨਾਲ ਧੋਈਏ ਤਾਂ ਵੀ ਉਸ ਦੀ ਚਿਕਨਾਹਟ ਤੇ ਮੈਲ ਦੂਰ ਨਹੀਂ ਹੁੰਦੀ। ਇਵੇਂ ਹੀ ਤੀਰਥਾਂ ਦੇ ਇਸ਼ਨਾਨ ਨਾਲ, ਇਹ ਮਨ ਨਿਰਮਲ ਨਹੀਂ ਹੁੰਦਾ। ਗੁਰੂ ਦੇ ਸ਼ਬਦ ਨਾਲ, ਆਪਣੀ ਹਉਮੈ ਰੂਪੀ ਮੈਲ ਦੂਰ ਕਰੇ ਤੇ ਆਪਣੀ ਮਾਇਆ ਵੇਹੜੀ ਮਤ ਨੂੰ ਬਦਲੇ। ਇੰਜ ਕਰਨ ਨਾਲ, ਫਿਰ ਕਦੀ ਇਹ ਹਉਮੈ ਦੀ ਮੈਲ ਨਹੀਂ ਲਗਦੀ ਤੇ ਨਾ ਹੀ ਜੂਨੀਆਂ ਵਿਚ ਭਵਾਟੀਆਂ ਖਾਈ ਦੀਆਂ ਨੇ।

**"ਸੇਇ ਮੁਕਤ ਜਿ ਮਨੁ ਜਿਣਹਿ ਫਿਰਿ ਧਾਤੁ ਨ ਲਾਗੈ ਆਇ ॥**

**ਦਸਵੈ ਦੁਆਰਿ ਰਹਤ ਕਰੇ ਤ੍ਰਿਭਵਣ ਸੋਝੀ ਪਾਇ ॥**

**ਨਾਨਕ ਗੁਰ ਤੇ ਗੁਰੁ ਹੋਇਆ ਵੇਖਹੁ ਤਿਸ ਕੀ ਰਜਾਇ ॥"** ਪੰਨਾ 490

**ਭਾਵ ਅਰਥ :-** ਮਾਇਆ ਤੋਂ ਮੁਕਤ ਉਹ ਹੁੰਦੇ ਨੇ ਜਿਹੜੇ ਕਿ ਆਪਣਾ ਮਨ ਜਿਤਦੇ ਹਨ। ਉਨ੍ਹਾਂ ਨੂੰ ਮੁੜ ਕੇ ਮਾਇਆ ਨਹੀਂ ਚਿਬੰੜਦੀ। ਉਨ੍ਹਾਂ ਦੀ ਬ੍ਰਿਤੀ ਦਸਵੇਂ ਦੁਆਰ ਵਿਚ ਰਹਿੰਦੀ ਏ। ਉਨ੍ਹਾਂ ਨੂੰ ਤਿੰਨਾਂ ਭਵਣਾਂ ਦੀ ਸੋਝੀ ਹੋ ਜਾਂਦੀ ਏ। ਹੇ ਨਾਨਕ ! ਗੁਰੂ ਉਨ੍ਹਾਂ ਨੂੰ ਆਪਣੇ ਵਰਗਾ ਬਣਾ ਦਿੰਦਾ ਹੈ। ਉਹ ਗੁਰੂ ਰੂਪ ਹੋ ਜਾਂਦੇ ਹਨ। ਉਸ ਹੁਕਮੀ ਦੀ ਕੀ ਅਸਚਰਜ ਖੇਡ ਹੈ।

**"ਕਿਉ ਕਰਿ ਇਹੁ ਮਨੁ ਮਾਰੀਐ ਕਿਉ ਕਰਿ ਮਿਰਤਕੁ ਹੋਇ ॥**

**ਕਹਿਆ ਸਬਦੁ ਨ ਮਾਨਈ ਹਉਮੈ ਛਡੈ ਨ ਕੋਇ ॥"** ਪੰਨਾ 948

**ਭਾਵ ਅਰਥ :-** ਇਹ ਮਨ ਕਿੰਕੂ ਮਰਦਾ ਏ ਤੇ ਕਿਵੇਂ ਜੀਉਂਦਾ ਮਿਰਤਕ ਹੁੰਦਾ ਏ ? ਉਤਰ ਵਿਚ ਫੁਰਮਾਉਂਦੇ ਹਨ ਕਿ ਇਹ ਮਨ ਜਦ ਤਾਂਈ ਗੁਰੂ ਸ਼ਬਦ ਦਾ ਕਹਿਆ ਨਹੀਂ ਮੰਨਦਾ ਤੇ ਹਉਮੈ ਨਹੀਂ ਛਡਦਾ, ਇਹ ਮਨ ਵਸ ਵਿਚ ਨਹੀਂ ਆਸੀ। ਤਾਂ ਤੇ ਗੁਰੂ ਦੇ ਸ਼ਬਦ ਦੀ ਕਮਾਈ ਕਰਕੇ ਇਸ ਮਨ ਨੂੰ ਵਸ ਕਰੋ।

**"ਇਹੁ ਮਨੂਆ ਕਿਉ ਕਰਿ ਵਸਿ ਆਵੈ ॥**

**ਗੁਰ ਪਰਸਾਦੀ ਠਾਕੀਐ ਗਿਆਨ ਮਤੀ ਘਰਿ ਆਵੈ ॥"** **ਪੰਨਾ 426**

**ਭਾਵ ਅਰਥ :–** ਇਹ ਮਨ ਕਿੰਕੂ ਵਸ ਆਉਂਦਾ ਏ ? ਉੱਤਰ ਵਿਹ ਫੁਰਮਾਨ ਹੈ ਕਿ ਗੁਰੂ ਦੇ ਗਿਆਨ ਨਾਲ ਇਸ ਧਾਉਂਦੇ ਹੋਏ ਮਨ ਨੂੰ ਰੋਕੋ। ਫਿਰ ਇਹ ਆਪਣੇ ਅਸਲੀ ਘਰ ਵਿਚ ਆ ਟਿਕਦਾ ਏ। ਅਸਲੀ ਘਰ, ਇਸ ਮਨ ਦਾ, ਪਰਮਾਤਮਾ ਹੈ।

**"ਗੁਰਮਤਿ ਮਨੁ ਠਹਰਾਈਐ ਮੇਰੀ ਜਿੰਦੁੜੀਏ ਅਨਤ ਨ ਕਾਹੂ ਡੋਲੇ ਰਾਮ ॥"** **ਪੰਨਾ 538**

**ਭਾਵ ਅਰਥ :–** ਗੁਰੂ ਦੀ ਮਤ ਨਾਲ ਇਹ ਮਨ ਠਹਿਰਦਾ ਏ ਤੇ ਫਿਰ ਮੁੜ ਕਦੇ ਡੋਲਾਇਮਾਨ ਨਹੀਂ ਹੁੰਦਾ।

**"ਮਨ ਕੇ ਅਧਿਕ ਤਰੰਗ ਕਿਉ ਦਰਿ ਸਾਹਿਬ ਛੁਟੀਐ ॥ .......**

**ਨਾਨਕ ਗੁਰ ਪਰਸਾਦੀ ਛੁਟੀਐ ਜੇ ਚਿਤੁ ਲਗੈ ਸਚਿ ॥"** **ਪੰਨਾ 1088**

**ਭਾਵ ਅਰਥ :–** ਹੇ ਸਾਹਿਬ ਜੀਓ ! ਮਨ ਦੇ ਅਨੇਕ ਤਰੰਗ ਕਿਹੜੇ ਦਰ ਤੇ ਛੁਟਦੇ ਹਨ ? ਉੱਤਰ ਵਿਚ ਫੁਰਮਾਨ ਹੈ ਕਿ ਜੇ ਚਿਤ ਸਦਾ ਸਥਿਰ ਸੱਚ ਵਿਚ ਲਗ ਜਾਏ ਤਾਂ ਮਨ ਦੇ ਸਾਰੇ ਤਰੰਗ ਬੰਦ ਹੋ ਜਾਂਦੇ ਨੇ।

**"ਮਨ ਖੁਟਹਰ ਤੇਰਾ ਨਹੀ ਬਿਸਾਸੁ ਤੂ ਮਹਾ ਉਦਮਾਦਾ ॥**

**ਖਰ ਕਾ ਪੈਖਰੁ ਤਉ ਛੁਟੈ ਜਉ ਊਪਰਿ ਲਾਦਾ ॥"** **ਪੰਨਾ 815**

**ਭਾਵ ਅਰਥ :–** ਹੇ ਮਨ ! ਤੂੰ ਬੜਾ ਹੀ ਖੋਟਾ ਹੈ। ਤੇਰਾ ਕੋਈ ਭਰੋਸਾ ਨਹੀਂ। ਤੂੰ ਮਹਾਂ ਖਰੂਦੀ ਹੈ ਸ਼ਰਾਰਤੀ ਖੋਤੇ ਦੀਆਂ ਜਦ ਤਾਂਈ ਪਿਛਲੀਆਂ ਲੱਤਾਂ ਨਾ ਬੰਨ੍ਹੀਏ, ਉਹ ਆਪਣੇ ਉਤੇ ਭਾਰ ਨਹੀਂ ਰਖਣ ਦਿੰਦਾ। ਜਦ ਲਤਾਂ ਬੰਨ੍ਹ ਕੇ ਭਾਰ ਰਖੀਦਾ ਏ ਤਾਂ ਫਿਰ ਲੱਤਾਂ ਨਹੀਂ ਮਾਰ ਸਕਦਾ। ਇਵੇਂ ਹੀ ਜਦ ਤਾਂਈ ਕਿ ਗੁਰੂ ਦੇ ਸ਼ਬਦ ਦੀ ਕਮਾਈ ਨਾ ਕਰੀਏ, ਇਹ ਮਨ ਟਿਕਦਾ ਨਹੀਂ।

**"ਕਬਹੂ ਜੀਅੜਾ ਊਭਿ ਚੜਤੁ ਹੈ ਕਬਹੂ ਜਾਇ ਪਇਆਲੇ ॥**

**ਲੋਭੀ ਜੀਅੜਾ ਥਿਰੁ ਨ ਰਹਤੁ ਹੈ ਚਾਰੇ ਕੁੰਡਾ ਭਾਲੇ ॥"** **ਪੰਨਾ 876**

**ਭਾਵ ਅਰਥ :–** ਕਦੀ ਮਨ, ਅਸਮਾਨੇ ਚੜ੍ਹ ਜਾਂਦਾ ਏ ਤੇ ਕਦੀ ਪਾਤਾਲ ਜਾ ਵੜਦਾ ਏ। ਲੋਭੀ ਮਨ ਟਿਕ ਕੇ ਨਹੀਂ ਬੈਠਦਾ, ਚਹੁੰ ਦਿਸ਼ਾਵਾਂ ਵਿਚ ਭਜਦਾ ਫਿਰਦਾ ਏ।

**"ਜੋ ਜਨ ਲੂਝਹਿ ਮਨੈ ਸਿਉ ਸੇ ਸੂਰੇ ਪਰਧਾਨਾ ॥"** **ਪੰਨਾ 1089**

**ਅਰਥ :–** ਜੋ ਜਨ, ਮਨ ਨਾਲ ਲੜਾਈ ਕਰਦੇ ਨੇ, ਉਹੀ ਸੂਰਬੀਰ ਤੇ ਪਰਧਾਨ ਹਨ।

**"ਮਨ ਸਿਉ ਜੂਝਿ ਮਰੈ ਪ੍ਰਭੁ ਪਾਏ ਮਨਸਾ ਮਨਹਿ ਸਮਾਏ ॥"** **ਪੰਨਾ 353**

**ਭਾਵ ਅਰਥ :–** ਮਨ ਨਾਲ ਲੜਾਈ ਕਰਨ ਤੇ ਹੀ ਪ੍ਰਭੂ ਮਿਲਦਾ ਏ, ਮਨ ਦੇ ਫੁਰਨੇ ਮਨ ਵਿਚ ਸਮਾ ਜਾਂਦੇ ਨੇ।

**"ਮਨ ਕੀ ਪਤ੍ਰੀ ਵਾਚਣੀ ਸੁਖੀ ਹੂ ਸੁਖੁ ਸਾਰੁ ॥"** **ਪੰਨਾ 1093**

**ਭਾਵ ਅਰਥ :–** ਮਨ ਦੀ ਪਤ੍ਰੀ ਵਾਚਨੀ, ਸ੍ਰੇਸ਼ਟ ਸੁਖਾਂ ਦਾ ਸੁਖ ਦਿੰਦੀ ਏ।

ਇਸ ਪ੍ਰਸ਼ਨ ਦੇ ਉੱਤਰ ਵਿਚ ਕਿ ਇਹ ਮਨ, ਜੋ ਮਾਇਆ ਵੇਹੜਿਆ ਹੈ ਮਾਇਆ ਦੇ ਮੋਹ ਵਿਚੋਂ ਕਿਵੇਂ ਨਿਕਲਦਾ ਏ ? ਇਹ ਪ੍ਰਸ਼ਨ ਸਾਹਿਬ ਸ੍ਰੀ ਗੁਰੂ ਨਾਨਕ ਦੇਵ ਪਾਤਸ਼ਾਹ ਨੂੰ ਕੀਤਾ ਗਿਆ। ਪ੍ਰਸ਼ਨ ਇੰਜ ਹੈ :-

**"ਏਹੁ ਮਨੁ ਮਾਇਆ ਮੋਹਿਆ ਅਉਧੂ ਨਿਕਸੈ ਸਬਦਿ ਵੀਚਾਰੀ ॥"** **ਪੰਨਾ 908**

ਉਤਰ ਵਿਚ ਹਜ਼ੂਰ ਫੁਰਮਾਉਂਦੇ ਹਨ ਕਿ ਸ਼ਬਦ ਦੀ ਵਿਚਾਰ ਨਾਲ, ਹੇ ਅਉਧੂ ! ਇਹ ਮਨ ਜੋ ਮਾਇਆ ਦਾ ਮੋਹਿਆ ਹੋਇਆ ਹੈ, ਮਾਇਆ ਚੋਂ ਨਿਕਲ ਜਾਂਦਾ ਏ।

"ਗੁਰ ਕੈ ਸਬਦਿ ਮਰੈ ਮਨੁ ਮਾਰੇ ਸੁੰਦਰਿ ਜੋਗਾਧਾਰੀ ਜੀਉ ॥" ਪੰਨਾ 993

**ਅਰਥ :–** ਗੁਰੂ ਦੇ ਸ਼ਬਦ ਨਾਲ ਜੋ ਮਨ ਨੂੰ ਮਾਰਦੇ ਹਨ, ਉਹੀ ਸੋਹਣੇ ਜੋਗਧਾਰੀ ਹਨ।

"ਪ੍ਰਭ ਬੇਅੰਤ ਗੁਰਮਤਿ ਕੋ ਪਾਵਹਿ ॥
ਗੁਰ ਕੈ ਸਬਦਿ ਮਨ ਕਉ ਸਮਝਾਵਹਿ ॥" ਪੰਨਾ 1028

**ਅਰਥ :–** ਬੇਅੰਤ ਮਾਲਕ ਨੂੰ ਗੁਰਮਤਿ ਰਾਹੀਂ ਕੋਈ ਪਾਉਂਦਾ ਏ। ਗੁਰੂ ਦੇ ਸ਼ਬਦ ਨਾਲ ਮਨ ਨੂੰ ਸਮਝਾਉਣਾ ਚਾਹੀਦਾ ਏ।

"ਨਾਨਕ ਮਨੁ ਸਮਝਾਈਐ ਗੁਰ ਕੈ ਸਬਦਿ ਸਾਲਾਹ ॥
ਰਾਮ ਨਾਮ ਰੰਗਿ ਰਤਿਆ ਭਾਰੁ ਨ ਭਰਮੁ ਤਿਨਾਹ ॥" ਪੰਨਾ 23

**ਅਰਥ :–** ਹੇ ਨਾਨਕ ! ਗੁਰੂ ਦੀ ਸਿਫਤਿ ਰੂਪੀ ਸ਼ਬਦ ਦੁਆਰਾ ਮਨ ਨੂੰ ਸਮਝਾਉ। ਰਾਮ ਨਾਮ ਵਿਚ ਰੰਗ ਰੱਤਿਆਂ ਨੂੰ ਡਰ ਤੇ ਭਰਮ ਨਹੀਂ ਰਹਿੰਦਾ।

"ਕਾਮੁ ਕ੍ਰੋਧੁ ਅਹੰਕਾਰੁ ਨਿਵਾਰੇ ॥ ਤਸਕਰ ਪੰਚ ਸਬਦਿ ਸੰਘਾਰੇ ॥
ਗਿਆਨ ਖੜਗੁ ਲੈ ਮਨ ਸਿਉ ਲੂਝੈ ਮਨਸਾ ਮਨਹਿ ਸਮਾਈ ਹੇ ॥" ਪੰਨਾ 1022

**ਅਰਥ :–** ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ, ਜੋ ਪੰਚ ਚੋਰ ਹਨ, ਗੁਰੂ ਦੇ ਸ਼ਬਦ ਨਾਲ ਮਾਰ ਕੇ ਦੂਰ ਕਰੇ। ਗਿਆਨ ਦੀ ਤਲਵਾਰ ਲੈ ਕਰ, ਮਨ ਨਾਲ ਲੜਾਈ ਕਰੇ। ਇੰਜ ਮਨ ਦੇ ਫੁਰਨੇ ਮਨ ਵਿਚ ਹੀ ਸਮਾ ਜਾਂਦੇ ਹਨ।

"ਕੁੰਭੇ ਬਧਾ ਜਲੁ ਰਹੈ ਜਲ ਬਿਨੁ ਕੁੰਭੁ ਨ ਹੋਇ ॥
ਗਿਆਨ ਕਾ ਬਧਾ ਮਨੁ ਰਹੈ ਗੁਰ ਬਿਨੁ ਗਿਆਨੁ ਨ ਹੋਇ ॥" ਪੰਨਾ 469

**ਅਰਥ :–** ਪਾਣੀ ਘੜੇ ਵਿਚ ਰਹਿੰਦਾ ਏ ਪਰ ਪਾਣੀ ਬਿਨਾਂ, ਘੜਾ ਨਹੀਂ ਬਣਦਾ। ਗਿਆਨ ਦਾ ਬਧਾ ਮਨ ਰਹਿੰਦਾ ਏ, ਪਰ ਗੁਰੂ ਬਿਨਾਂ ਗਿਆਨ ਨਹੀਂ ਹੁੰਦਾ।

ਤ੍ਰੈ ਗੁਣ ਮਾਇਆ ਬ੍ਰਹਮ ਕੀ ਕੀਨ੍ਹੀ ਕਹਹੁ ਕਵਨ ਬਿਧਿ ਤਰੀਐ ਰੇ ॥
ਘੂਮਨ ਘੇਰ ਅਗਾਹ ਗਾਖਰੀ ਗੁਰ ਸਬਦੀ ਪਾਰਿ ਉਤਰੀਐ ਰੇ ॥" ਪੰਨਾ 404

**ਅਰਥ :–** ਤਿੰਨਾਂ ਗੁਣਾਂ ਵਾਲੀ ਮਾਇਆ ਬ੍ਰਹਮ ਨੇ ਬਣਾਈ ਏ। ਕਿਵੇਂ ਇਸ ਤੋਂ ਤਰੀਏ ? ਇਹ ਮਾਇਆ ਘੁੰਮਣ ਘੇਰੀਆਂ ਹਨ, ਅਥਾਹ ਕਰੜੀਆਂ ਹਨ। ਪਰ ਗੁਰੂ ਸ਼ਬਦ ਦੀ ਕਮਾਈ ਨਾਲ ਇਸ ਮਾਇਆ ਤੋਂ ਪਾਰ ਉਤਰੀਦਾ ਹੈ।

"ਜਿਉ ਮੰਦਰ ਕਉ ਥਾਮੈ ਥੰਮਨੁ ॥
ਤਿਉ ਗੁਰ ਕਾ ਸਬਦੁ ਮਨਹਿ ਅਸਥੰਮਨੁ ॥" ਪੰਨਾ 282

**ਅਰਥ :–** ਜਿਵੇ ਥੰਮਲਾ ਘਰ ਨੂੰ ਥੰਮ ਕੇ ਰਖਦਾ ਏ, ਇਵੇਂ ਹੀ ਗੁਰੂ ਦਾ ਸ਼ਬਦ ਮਨ ਨੂੰ ਟਿਕਾ ਕੇ ਰਖਦਾ ਏ।

"ਕਹਿ ਕਹਿ ਕਹਣੁ ਕਹੈ ਸਭੁ ਕੋਇ ॥
ਬਿਨੁ ਮਨ ਮੂਏ ਭਗਤਿ ਨ ਹੋਇ ॥" ਪੰਨਾ 1277

**ਅਰਥ :–** ਕਹਿਣ ਨੂੰ ਤਾਂ ਸਭ ਕੋਈ ਕਹਿੰਦਾ ਏ, ਪਰ ਬਿਨਾਂ ਮਨ ਦੇ ਮਾਰੇ ਭਗਤੀ ਨਹੀਂ ਹੋ ਸਕਦੀ।

**"ਨਾਨਕ ਗੁਰ ਪਰਸਾਦੀ ਏਹੁ ਮਨੁ ਤਾਂ ਤਰੈ ਜਾ ਛੋਡੈ ਅਹੰਕਾਰੁ ॥**

**ਆਸਾ ਮਨਸਾ ਮਾਰੇ ਨਿਰਾਸੁ ਹੋਇ ਗੁਰ ਸਬਦੀ ਵੀਚਾਰੁ ॥" ਪੰਨਾ 851**

**ਅਰਥ :–** ਹੇ ਨਾਨਕ ! ਗੁਰੂ ਦੀ ਕ੍ਰਿਪਾ ਨਾਲ, ਇਹ ਮਨ ਤਾਂ ਤਰਦਾ ਏ, ਜਦ ਇਹ ਅਹੰਕਾਰ ਛੱਡੇ। ਮਨ 'ਚੋਂ ਆਸਾ ਦੇ ਫੁਰਨੇ ਮਾਰੇ ਤੇ ਨਿਰਾਸ ਰਹੇ। ਪਰ ਇਹ ਗਲ ਤਦ ਹੀ ਬਣਦੀ ਏ, ਜੇ ਗੁਰੂ ਦੇ ਸ਼ਬਦ ਦੀ ਵੀਚਾਰ ਕਰੇ।

**"ਵੀਚਾਰਿ ਮਾਰੈ ਤਰੈ ਤਾਰੈ ਉਲਟਿ ਜੋਨਿ ਨ ਆਵਏ ॥" ਪੰਨਾ 688**

**ਅਰਥ :–** ਗੁਰੂ ਦੇ ਸ਼ਬਦ ਦੀ ਵੀਚਾਰ ਨਾਲ ਹੀ ਇਸ ਮਨ ਨੂੰ ਮਾਰੇ। ਏਹੋ ਜਿਹਾ ਕਰਨ ਵਾਲਾ ਆਪ ਤਰਦਾ ਏ ਤੇ ਦੂਜਿਆਂ ਨੂੰ ਤਾਰਦਾ ਏ। ਮੁੜ ਕੇ ਜੂਨ ਵਿਚ ਨਹੀਂ ਆਉਂਦਾ।

**"ਨਾਨਕ ਸਾਚੁ ਕਹੈ ਬੇਨੰਤੀ ਮਨੁ ਮਾਂਜੈ ਸਚੁ ਸੋਈ ॥" ਪੰਨਾ 688**

**ਅਰਥ :–** ਨਾਨਕ ਸਚੀ ਬੇਨਤੀ ਕਰਦਾ ਏ। ਜਿਹੜਾ ਮਨ ਨੂੰ ਮਾਂਜਦਾ ਏ, ਉਹ ਸੱਚ ਸਰੂਪ ਹੋ ਜਾਂਦਾ ਏ ਭਾਵ ਸਦਾ ਸਥਿਰ ਸੱਚ ਨਾਲ ਇਕ ਮਿਕ ਹੋ ਜਾਂਦਾ ਏ।

**"ਮਨਿ ਜੀਤੈ ਜਗੁ ਜੀਤੁ ॥" ਪੰਨਾ 6**

**ਅਰਥ :–** ਜਿਸ ਨੇ ਮਨ ਨੂੰ ਜਿਤ ਲਿਆ, ਉਸ ਨੇ ਜਗਤ (ਮਾਇਆ) ਜਿਤ ਲਿਆ। ਸ੍ਰੀ ਭਗਤ ਕਬੀਰ ਜੀ ਨੂੰ ਕਿਸੇ ਨੇ ਪੁਛ ਕੀਤੀ ਕਿ ਦਸੋ ?

**"ਇਹੁ ਮਨੁ ਸਕਤੀ ਇਹੁ ਮਨੁ ਸੀਉ ॥**

**ਇਹੁ ਮਨੁ ਪੰਚ ਤਤ ਕੋ ਜੀਉ ॥" ਪੰਨਾ 342**

**ਅਰਥ :–** ਇਹ ਮਨ ਮਾਇਆ ਹੈ ਕਿ ਇਹ ਮਨ ਪਰਮਾਤਮਾ ਏ ? ਯਾ ਇਹ ਮਨ ਪੰਚ ਤਤਾਂ ਦਾ ਜੀਉ ਹੈ ? ਉਤਰ ਵਿਚ ਭਗਤ ਜੀ ਫੁਰਮਾਉਂਦੇ ਹਨ :-

**"ਇਹੁ ਮਨੁ ਲੇ ਜਉ ਉਨਮਨਿ ਰਹੈ ॥**

**ਤਉ ਤੀਨਿ ਲੋਕ ਕੀ ਬਾਤੈ ਕਹੈ ॥" ਪੰਨਾ 342**

**ਅਰਥ :–** ਜਿਹੜਾ ਵੀ ਇਸ ਮਨ ਨੂੰ ਕਾਬੂ ਕਰੇ ਤੇ ਇਸ ਮਨ ਤੋਂ ਉਚਾ ਰਹੇ, ਇਹੋ ਜਿਹਾ ਤਿੰਨ ਲੋਕਾਂ ਦਾ ਜਾਣੂ ਹੋ ਜਾਂਦਾ ਏ ਭਾਵ ਕਬੀਰ ਸਾਹਿਬ ਜੀ ਫੁਰਮਾਉਂਦੇ ਨੇ ਕਿ, ''ਮੈਂ ਇਨ੍ਹਾਂ ਝਗੜਿਆਂ ਝਾਂਜਿਆਂ ਵਿਚ ਨਹੀਂ ਪੈਂਦਾ। ਮੈਂ ਤਾਂ ਇਹ ਜਾਣਦਾ ਹਾਂ ਕਿ ਜਿਹੜਾ ਇਸ ਮਨ ਤੋਂ ਉਚਾ ਰਹਿੰਦਾ ਏ ਤੇ ਇਸ ਨੂੰ ਕਾਬੂ ਕਰਕੇ ਰਖਦਾ ਏ, ਉਹ ਤਿੰਨਾਂ ਭਵਨਾ ਦਾ ਜਾਣੂ ਹੋ ਜਾਂਦਾ ਏ। ਤਾਂ ਤੇ ਇਸ ਮਨ ਨੂੰ ਕਾਬੂ ਕਰੋ।

**"ਕਹਿ ਕਬੀਰ ਮਨੁ ਮਾਨਿਆ ॥**

**ਮਨੁ ਮਾਨਿਆ ਤਉ ਹਰਿ ਜਾਨਿਆ ॥" ਪੰਨਾ 656**

**ਅਰਥ :–** ਕਬੀਰ ਕਹਿੰਦਾ ਏ ਕਿ ਜਿਸਦਾ ਮਨ ਵਸ ਹੋ ਗਿਆ, ਉਸ ਨੇ ਹਰੀ ਨੂੰ ਜਾਣ ਲਿਆ ਹੈ।

**"ਕੂਟਨੁ ਸੋਇ ਜੁ ਮਨ ਕਉ ਕੂਟੈ ॥ ਮਨ ਕੂਟੈ ਤਉ ਜਮ ਤੇ ਛੂਟੈ ॥**

**ਕੁਟਿ ਕੁਟਿ ਮਨੁ ਕਸਵਟੀ ਲਾਵੈ ॥ ਸੋ ਕੂਟਨੁ ਮੁਕਤਿ ਬਹੁ ਪਾਵੈ ॥" ਪੰਨਾ 872**

**ਅਰਥ :–** ਜਿਹੜਾ ਮਨ ਨੂੰ ਕੁਟਦਾ ਏ, ਅਸਲੀ ਕੂਟਨ ਉਹੀ ਹੈ। ਮਨ ਨੂੰ ਕੁਟੇ (ਵਸ ਕਰੇ) ਤਾਂ ਜਮਾਂ ਤੋਂ ਛੁਟਕਾਰਾ ਮਿਲਦਾ ਏ। ਮਨ ਨੂੰ ਨਿਤ ਕੁਟ ਕੇ ਕਸਵੱਟੀ ਲਾਏ ਕਿ ਕਿੰਨਾ ਮਨ ਵਸ ਕੀਤਾ ਏ ? ਐਸਾ ਕਰਨ ਵਾਲਾ ਮੁਕਤੀ ਪਾ ਲੈਂਦਾ ਏ ਭਾਵ ਮਨ ਦੀ ਰੋਜ ਪੜਚੋਲ ਕਰੋ।

**"ਕਹਿ ਕਬੀਰ ਹਉ ਭਇਆ ਦਿਵਾਨਾ ॥**

ਮੁਸਿ ਮੁਸਿ ਮਨੂਆ ਸਹਜਿ ਸਮਾਨਾ ॥" ਪੰਨਾ 1158

**ਅਰਥ :-** ਕਬੀਰ ਕਹਿੰਦਾ ਏ, ਮੈਂ ਮਸਤਾਨਾ ਹੋ ਗਿਆ ਹਾਂ। ਹੌਲੇ ਹੌਲੇ ਮਨ ਨੂੰ ਸਹਜਿ ਅਵਸਥਾ ਵਿਚ ਸਮਾਇਆ ਹੈ ਭਾਵ ਸਹਜਿ ਵਿਚ ਲਿਆਂਦਾ ਏ।

"ਨੀਠਿ ਨੀਠਿ ਮਨੁ ਕੀਆ ਧੀਰਾ ॥" ਪੰਨਾ 341

**ਅਰਥ :-** ਬੜੀ ਔਖਿਆਈ ਨਾਲ ਮਨ ਨੂੰ ਧੀਰਜਵਾਨ ਬਣਾਇਆ ਹੈ।

"ਮਨੁ ਕਰਿ ਮਕਾ ਕਿਬਲਾ ਕਰਿ ਦੇਹੀ ॥

ਬੋਲਨਹਾਰੁ ਪਰਮ ਗੁਰੁ ਏਹੀ ॥" ਪੰਨਾ 1158

**ਅਰਥ :-** ਮਨ ਨੂੰ ਮੱਕਾ ਕਰ ਤੇ ਦੇਹੀ ਨੂੰ ਕਾਬਾ ਕਰ। ਜੋ ਅੰਦਰ ਬੋਲ ਰਿਹਾ ਹੈ, ਏਹੋ ਹੀ ਵਡਾ ਗੁਰੂ ਏ।

"ਹੈ ਹਜੂਰਿ ਕਤ ਦੂਰਿ ਬਤਾਵਹੁ ॥

ਦੁੰਦਰ ਬਾਧਹੁ ਸੁੰਦਰ ਪਾਵਹੁ ॥" ਪੰਨਾ 1160

**ਅਰਥ :-** ਉਹ ਹਰੀ ਹਾਜ਼ਰਾ ਹਜ਼ੂਰ ਹੈ। ਉਸ ਨੂੰ ਦੂਰ ਨਾ ਦਸੋ। ਮਨ ਦੇ ਸੰਕਲਪਾਂ ਨੂੰ ਬੰਨ੍ਹ ਕੇ ਰਖੋ। ਸੁੰਦਰ ਪ੍ਰਭੂ ਮਿਲ ਪਊ।

"ਮਨ ਤੂੰ ਜੋਤਿ ਸਰੂਪੁ ਹੈ ਆਪਣਾ ਮੂਲੁ ਪਛਾਣੁ ॥" ਪੰਨਾ 441

**ਅਰਥ :-** ਹੇ ਮਨ, ਤੂੰ ਜੋਤ ਸਰੂਪ ਹੈ। ਆਪਣਾ ਅਸਲਾ ਪਛਾਣ।

"ਗੁਰ ਕੈ ਸਬਦਿ ਬਨਾਵਹੁ ਇਹੁ ਮਨੁ ॥

ਗੁਰ ਕਾ ਦਰਸਨੁ ਸੰਚਹੁ ਹਰਿ ਧਨੁ ॥" ਪੰਨਾ 377

**ਅਰਥ :-** ਗੁਰੂ ਦੇ ਸ਼ਬਦ ਨਾਲ ਇਸ ਮਨ ਨੂੰ ਢਾਲੋ। ਗੁਰੂ ਦੇ ਸਿਧਾਂਤ (ਦਰਸ਼ਨ) ਦਾ ਹਰੀ ਧਨ ਇਕੱਠਾ ਕਰੋ।

ਗੁਰੂ ਦਾ ਸਿਧਾਂਤ ਕੀ ਹੈ ? ਕਿਵੇਂ ਮਨ ਤੋਂ ਮਾਇਆ ਦਾ ਧੋਖਾ ਲਾਹਿਆ ਜਾਂਦਾ ਏ ? ਤੇ ਕਿਹੜੇ ਸਾਧਨ ਹਨ ? ਇਸ ਪਰਥਾਇ ਇਹ ਫੁਰਮਾਨ ਹੈ :-

"ਮਨ ਤੇ ਧੋਖਾ ਤਾ ਲਹੈ ਜਾ ਸਿਫਤਿ ਕਰੀ ਅਰਦਾਸਿ ॥" ਪੰਨਾ 557

**ਅਰਥ :-** ਮਨ ਤੋਂ ਧੋਖਾ (ਮਾਇਆ ਦਾ) ਤਦ ਲਹਿੰਦਾ ਏ, ਜਦ ਸਿਫਤ ਤੇ ਅਰਦਾਸ ਕਰੀਏ।

ਇਸ ਸੰਬਧੀ ਵਿਸਥਾਰ ਪੂਰਵਕ ਵਿਚਾਰ ''ਮਨ ਤੋਂ ਮਾਇਆ (ਹਉਮੈ) ਦਾ ਧੋਖਾ ਦੂਰ ਕਿਵੇਂ ਹੁੰਦਾ ਏ ?'' ਲੇਖ ਵਿਚ ਕੀਤੀ ਗਈ ਹੈ। ਪਾਠਕ ਜਨ, ਉਸ ਨੂੰ ਵੀਚਾਰਨ।

ਹੁਣ ਮਨੋ ਵਿਗਿਆਨਕਾਂ ਦੀ ਖੋਜ ਰਖੀ ਜਾਂਦੀ ਏ। (Psychology ਸਾਈਕੋਲੋਜੀ) ਮਨ ਦੀ ਸਾਇੰਸ ਨੇ ਇਹ ਸਿਧ ਕੀਤਾ ਏ ਕਿ ਮਨ ਦਾ ਕੋਈ ਸਰੂਪ ਨਹੀਂ, ਮਨ ਅਰੂਪ ਹੈ। ਮਨ, ਸੰਕਲਪਾਂ ਵਿਕਲਪਾਂ ਦਾ ਗੁਥਾ ਏ। ਇਹ ਸੰਕਲਪ ਵਿਕਲਪ (ਫੁਰਨੇ) ਕੁਦਰਤੀ ਨਹੀਂ ਹਨ, ਬੰਦਾ ਆਪ ਬਣਾਉਂਦਾ ਹੈ। ਜੇ ਕੁਦਰਤੀ ਮੰਨੀਏ ਤਾਂ ਇਕ ਹਜ਼ਾਰ ਬੰਦਿਆਂ ਦੇ ਫੁਰਨੇ ਇਕੋ ਜਿਹੇ ਹੀ ਉਠਣੇ ਚਾਹੀਦੇ ਹਨ- ਜਦ ਕਿ ਉਹ ਸਾਰੇ ਇਕ ਥਾਂ ਚੁੱਪ ਬੈਠੇ ਹਨ। ਪਰ ਇੰਜ ਗਲ ਨਹੀਂ ਹੈ। ਚੁੱਪ ਦੀ ਹਾਲਤ ਵਿਚ ਹਰ ਇਕ ਦੇ ਫੁਰਨੇ ਭਿੰਨ ਭਿੰਨ ਹੁੰਦੇ ਹਨ, ਪਰਤਾਵਾ ਕਰਕੇ ਵੇਖ ਲਵੋ। ਪਤੀ ਤੇ ਪਤਨੀ ਦੋਵੇਂ ਚੁਪ ਕਰਕੇ ਬੈਠ ਜਾਣ ਤੇ ਪੰਜ ਮਿੰਟ ਚੁਪ ਵਿਚ ਬੈਠੇ ਫੁਰਨੇ ਲਿਖਦੇ ਰਹਿਣ। ਫਿਰ ਵੇਖਣ ਕਿ ਇਕੋ ਜਿਹੇ ਹਨ

ਯਾ ਵੱਖਰੇ ਵੱਖਰੇ। ਪਾਠਕ ਜਨ ਇਹ ਪਰਤਾਵਾ ਆਪ ਕਰ ਸਕਦੇ ਹਨ। ਅਵਸ਼ ਹੀ ਫੁਰਨੇ ਭਿੰਨ ਭਿੰਨ ਹੋਣਗੇ। ਇਸ ਤੋਂ ਮਨੋਵਿਗਿਆਨਕ ਸਿਧ ਕਰਦੇ ਹਨ ਕਿ ਇਹ ਫੁਰਨੇ ਕੁਦਰਤੀ ਨਹੀਂ, ਬੰਦਾ ਆਪ ਬਣਾਉਂਦਾ ਏ। ਫਿਰ ਇਹ ਫੁਰਨੇ ਬੰਦਾ ਕਿਵੇਂ ਬਣਾਉਂਦਾ ਏ ? ਇਹ ਫੁਰਨੇ ਕਿਵੇਂ ਤੇ ਕਿਥੋਂ ਉਠਦੇ ਹਨ ? ਇਸ ਦਾ ਉਤਰ ਉਹ ਦਿੰਦੇ ਹਨ ਕਿ ਫੁਰਨੇ ਸੁਭਾਉ ਵਿਚੋਂ ਨਿਕਲਦੇ ਹਨ। ਜੈਸੀ ਆਦਤ, ਵੈਸੇ ਸੰਕਲਪ ਵਿਕਲਪ (ਫੁਰਨੇ) ਉਠਦੇ ਹਨ।

ਸੁਭਾਉ ਕਿਵੇਂ ਬਣਦਾ ਏ ? ਇਸ ਦਾ ਉਤਰ ਉਹ ਇਹ ਦਿੰਦੇ ਹਨ ਕਿ ਕਰਮ ਕਰਨ ਨਾਲ ਸੁਭਾਉ ਬਣਦਾ ਏ। ਜਿਹੜਾ ਕਰਮ ਬਾਰ ਬਾਰ ਕੀਤਾ ਜਾਏ, ਉਹ ਸੁਭਾਉ ਬਣ ਜਾਂਦਾ ਏ। ਇਸ ਨੂੰ ਸੰਸਕਾਰ ਕਹਿੰਦੇ ਹਨ।

ਕਰਮ ਬੰਦਾ ਕਿਥੇ ਤੇ ਕਿਵੇਂ ਕਰਦਾ ਏ ? ਇਸਦਾ ਉਤਰ ਉਹ ਦਿੰਦੇ ਹਨ ਕਿ ਜਿਸ ਸੰਗਤ ਵਿਚ ਬੰਦਾ ਰਹਿੰਦਾ ਏ, ਉਸੀ ਸੰਗਤ ਵਾਲੇ ਕਰਮ ਬੰਦਾ ਕਰਨ ਲਗ ਪੈਂਦਾ ਏ ਤੇ ਉਹ ਉਸਦਾ ਸੁਭਾਉ ਬਣ ਜਾਂਦਾ ਏ।

ਹੁਣ ਮਨ ਕੀ ਹੋਇਆ ? ਸੰਗਤ। ਜੈਸੀ ਸੰਗਤ ਤੈਸਾ ਮਨ। ਕੀ ਮਨ ਦੇ ਬਣੇ ਸੁਭਾਉ ਬਦਲੇ ਜਾ ਸਕਦੇ ਹਨ ? ਇਸ ਦਾ ਉਤਰ ਉਹ ''ਹਾਂ'' ਵਿਚ ਦਿੰਦੇ ਹਨ, ਤੇ ਆਖਦੇ ਹਨ ਕਿ ਜਿਸ ਪਰਕਾਰ ਦਾ ਮਨ ਬਣਾਉਣਾ ਚਾਹੁੰਦੇ ਹੋ, ਉਸ ਸੰਗਤ ਵਿਚ ਚਲੇ ਜਾਉ। ਉਹੋ ਜਿਹੇ ਕਰਮ ਕਰਨ ਲਗ ਪਉਗੇ ਤੇ ਉਹ ਸੁਭਾਉ ਬਣ ਜਾਸੀ। ਉਸ ਸੁਭਾਉ ਵਿਚੋਂ, ਉਹੋ ਜਿਹੇ ਫੁਰਨੇ ਉਠਣ ਲਗ ਜਾਣਗੇ ਤੇ ਫੁਰਨੇ ਹੀ ਮਨ ਹੈ। ਅਜ ਤੋ ਪੱਚੀ ਤੀਹ ਸਾਲ ਪਹਿਲਾਂ ਮਨੋ-ਵਿਗਿਆਨ ਇਹ ਦਸਦੀ ਸੀ ਕਿ ਪੁਸ਼ਤ ਦਰ ਪੁਸ਼ਤ, ਜੋ ਸੰਸਕਾਰ ਖੂਨ ਵਿਚ ਹੁੰਦੇ ਹਨ, ਉਹ ਦੂਰ ਨਹੀਂ ਹੋ ਸਕਦੇ। ਪਰ ਹੁਣ ਇਹ ਗਲ ਨਹੀਂ ਮੰਨਦੇ। ਆਪਣੀ ਪੁਸ਼ਟੀ ਵਿਚ ਉਹ ਇਹ ਆਖਦੇ ਹਨ ਕਿ ਜਿਸ ਖਾਨਦਾਨ ਵਿਚ ਦਸਾ ਪੁਸ਼ਤਾਂ ਤੋਂ ਚੋਰੀ ਕਰ ਰਹੇ ਹੋਣ, ਉਸ ਖਾਨਦਾਨ ਦਾ ਨਵਾਂ ਜੰਮਿਆਂ ਮੁੰਡਾ ਲੈ ਲਵੋ ਤੇ ਉਸ ਮੁੰਡੇ ਨੂੰ ਉਸ ਖਾਨਦਾਨ ਵਿਚ ਲੈ ਜਾਉ, ਜਿਸ ਵਿਚ ਦਸ ਪੁਸ਼ਤਾਂ ਵਿਚ ਕੋਈ ਚੋਰੀ ਨਾ ਕਰਦਾ ਆਇਆ ਹੋਵੇ। ਜਦ ਉਹ ਚੋਰਾਂ ਦਾ ਮੁੰਡਾ, ਇਨ੍ਹਾਂ ਸਾਧਾਂ ਦੀ ਸੰਗਤ ਵਿਚ ਪਲੇਗਾ ਤਾਂ ਉਹ ਵੀ ਇਨ੍ਹਾਂ, ਨਾ ਚੋਰੀ ਕਰਨ ਵਾਲਿਆਂ ਜਿਹਾ ਬਣ ਜਾਸੀ। ਇਸੇ ਤਰ੍ਹਾਂ ਇਸ ਦੇ ਉਲਟ ਨਾ ਚੋਰੀ ਕਰਨ ਵਾਲੇ ਖਾਨਦਾਨ ਦੇ ਮੁੰਡੇ ਨੂੰ ਚੋਰਾਂ ਦੇ ਖਾਨਦਾਨ ਵਿਚ ਪਾਲੋ। ਉਹ ਵੀ ਵੈਸਾ ਹੀ ਬਣ ਜਾਸੀ। ਸੋ ਮੂਲਕ ਗਲ ਇਹ ਹੋਈ ਕਿ ਸੁਭਾਉ, ਸੰਗਤ ਵਿਚ ਬਣਦਾ ਏ।

ਹੁਣ ਅਸੀਂ ਬੜੇ ਦੁਖੀ ਹਾਂ, ਸੁਖੀ ਕਿਵੇਂ ਹੋਈਏ ? ਉਤਰ ਸਪਸ਼ਟ ਹੈ। ਮਨ ਨੂੰ ਮਹਾਂ ਪੁਰਸ਼ਾਂ ਦੀ ਸੰਗਤ ਵਿਚ ਲੈ ਜਾਈਏ। ਉਹ ਮਹਾਂ ਪੁਰਸ਼, ਜੋ ਕਰਦੇ ਹਨ, ਅਸੀਂ ਵੀ ਉਹੋ ਜਿਹੇ ਕਰਮ ਕਰਾਂਗੇ ਤੇ ਉਨ੍ਹਾਂ ਦੇ ਉਪਦੇਸ਼ ਨੂੰ ਕਮਾਉਣ ਤੇ ਅਸੀਂ ਵੀ ਉਹੋ ਜਿਹੇ ਬਣ ਜਾਵਾਂਗੇ। ਸ੍ਰੀ ਗੁਰੂ ਨਾਨਕ ਦੇਵ ਪਾਤਸ਼ਾਹ ਜੀ ਨੇ ਉਤਲੀ ਲਿਖੀ ਮਨੋਵਿਗਿਆਨ ਦੀ ਖੋਜ ਨੂੰ, ਇਸ ਮਹਾਨ ਵਾਕ ਵਿਚ ਦਰਸਾ ਦਿਤਾ ਏ।

**"ਏ ਮਨ ਜੈਸਾ ਸੇਵਹਿ ਤੈਸਾ ਹੋਵਹਿ ਤੇਹੇ ਕਰਮ ਕਮਾਇ ॥**
**ਆਪਿ ਬੀਜਿ ਆਪੇ ਹੀ ਖਾਵਣਾ ਕਹਣਾ ਕਿਛੂ ਨ ਜਾਇ ॥" ਪੰਨਾ 755**

**ਅਰਥ :–** ਇਹ ਮਨ, ਜਿਸ ਤਰ੍ਹਾਂ ਦੀ ਸੰਗਤ ਵਿਚ ਰਹਿੰਦਾ ਏ, ਉਹੋ ਜਿਹੇ ਕਰਮ ਕਰਨ ਲਗ ਪੈਂਦਾ ਏ। ਬੰਦਾ, ਆਪ ਹੀ ਬੀਜਦਾ ਏ ਤੇ ਆਪ ਹੀ ਖਾਂਦਾ ਏ। (ਹੋਰ) ਕੁਝ ਕਹਿਆ ਨਹੀਂ ਜਾ ਸਕਦਾ।

ਤਾਂ ਤੇ ਦੁਖੀ ਮਨ ਨੂੰ ਸੁਖੀ ਕਰਨ ਲਈ ਗੁਰਮੁਖਾਂ ਦੀ ਸੰਗਤ ਵਿਚ ਲੈ ਜਾਈਏ। ਉਹੋ ਜਿਹੇ ਅਸੀਂ ਬਣ ਜਾਵਾਂਗੇ। ਸੰਗਤ, ਸ਼ਬਦ ਦੀ ਹੁੰਦੀ ਏ। ਗੁਰਸ਼ਬਦ (ਗੁਰਬਾਣੀ) ਸਾਡੇ ਪਾਸ ਮੌਜੂਦ ਹੈ। ਤਾਂ ਤੇ ਅਸੀਂ ਆਪਣੇ ਮਨ ਨੂੰ ਹਰ ਵੇਲੇ ਗੁਰਬਾਣੀ ਦੀ ਸੰਗਤ ਵਿਚ ਰਖੀਏ, ਉਸ ਅਨੁਸਾਰ ਜੀਵਨ ਢਾਲੀਏ ਅਤੇ ਇਸ ਦੇ ਨਾਲ ਹੀ ਬਖਸ਼ੇ ਹੋਇਆਂ ਦੀ ਸੰਗਤ ਵਿਚ ਰਹੀਏ। ਬਖਸ਼ੇ ਹੋਇਆਂ ਨੇ ਵੀ,

ਗੁਰਬਾਣੀ ਦੇ ਹੀ ਲੜ ਲਾਉਣਾ ਹੈ। ਪਰ ਨਿਬੇੜਾ, ਸ਼ਬਦ ਦੀ ਕਮਾਈ ਨਾਲ ਹੁੰਦਾ ਏ। ਫਿਰ ਮਾਇਆ ਨੇੜੇ ਨਹੀਂ ਢੁੱਕਦੀ।

# (15)

# ਮਨ ਤੋਂ ਹਉਮੈ (ਮਾਇਆ) ਦਾ ਧੋਖਾ ਦੂਰ ਕਿਵੇਂ ਹੁੰਦਾ ਏ ?

**ਮਨ ਤੂੰ ਜੋਤਿ ਸਰੂਪੁ ਹੈ ਆਪਣਾ ਮੂਲੁ ਪਛਾਣੁ ॥"** **ਪੰਨਾ 441**

**ਅਰਥ :–** ਹੇ ਮਨ ! ਤੂੰ ਜੋਤ ਸਰੂਪ ਹੈ। ਆਪਨੇ ਅਸਲੇ ਨੂੰ ਪਛਾਣ।

ਸਿਧਾਂਤ ਇਹ ਹੈ ਕਿ ਜਦ ਤਾਂਈ ਇਹ ਮਨ, ਆਪਣੇ ਅਸਲੇ-ਜੋ ਹਰੀ ਹੈ-ਨੂੰ ਨਹੀਂ ਪਛਾਣਦਾ, ਦੂਖੀ ਰਹਿੰਦਾ ਹੈ। ਮਨ ਵਿਚ ਹੀ ਪ੍ਰਾਰਬ੍ਰਹਮ ਦਾ ਨਿਵਾਸ ਹੈ। ਤੁਕ ਇਹ ਹੈ :-

**"ਮਨ ਮਹਿ ਜੋਤਿ ਜੋਤਿ ਮਹਿ ਮਨੂਆ ॥"** **ਪੰਨਾ 879**

**ਅਰਥ :–** ਮਨ ਵਿਚ ਹੀ ਜੋਤ ਸਰੂਪ ਹਰੀ ਹੈ ਤੇ ਜੋਤ ਸਰੂਪ ਹਰੀ ਵਿਚ ਮਨ ਹੈ।

**"ਮਨ ਮਹਿ ਆਪਿ ਮਨ ਅਪੁਨੇ ਮਾਹਿ ॥"** **ਪੰਨਾ 279**

**ਅਰਥ :–** ਮਨ ਵਿਚ ਹਰੀ ਆਪ ਹੈ ਤੇ ਮਨ ਉਸ ਹਰੀ ਵਿਚ ਹੈ।

ਹੁਣ ਪ੍ਰਸ਼ਨ ਉਠਦਾ ਹੈ ਕਿ ਮਨ ਜੇ ਹਰੀ ਹੈ ਤਾਂ ਦੁਖੀ ਕਿਉਂ ਹੈ ? ਹਰੀ ਤਾਂ ਸਤਿ ਚਿਤ ਆਨੰਦ ਹੈ। ਦੁਖ ਕਲੇਸ਼ ਦਾ ਉਥੇ ਥਾਂ ਨਹੀਂ। ਭੈ, ਭਰਮ, ਚਿੰਤਾ, ਤੌਖਲੇ, ਉਥੇ ਉਕਾ ਨਹੀਂ ਹਨ। ਪਰ ਸਾਡੇ ਮਨ ਅੰਦਰ ਦੁਖ, ਕਲੇਸ਼, ਭੈ, ਭਰਮ, ਦਲਗੀਰੀਆਂ, ਢਹਿੰਦੀਆਂ ਕਲਾਂ, ਤੌਖਲੇ, ਚਿੰਤਾਂ, ਕਾੜੇ, ਨੀਵੀਆਂ ਰੁਚੀਆਂ, ਕਾਮ, ਕ੍ਰੋਧ, ਲੋਭ, ਮੋਹ, ਅਭਿਮਾਨ, ਨਿੰਦਾ, ਚੁਗਲੀ, ਬਖੀਲੀ, ਵਿਸ਼ਵਾਸ ਘਾਤ ਕਰਨ ਦੀ ਭੈੜੀ ਵਾਦੀ, ਅਕ੍ਰਿਤਘਣਤਾ, ਉਸਤਤ ਨਿੰਦਾ ਦੀ ਰੁਚੀ, ਮੋਹ, ਮਮਤਾ ਭਰੇ ਪਏ ਹਨ। ਇਹ ਤਾਂ ਅਜੋੜ ਗਲ ਬਣ ਗਈ। ਹਰੀ ਵਿਚ ਤਾਂ ਇਹ ਗਲਾਂ ਨਹੀਂ ਹਨ। ਮਾਇਆ ਵੇੜਿਆ ਮਨ ਤਦ ਤਾਂਈ, ਸ਼ੁਧ ਚਿਤ ਆਨੰਦ ਜੋਤ ਸਰੂਪ ਨਹੀਂ ਹੈ ਜਦ ਤਾਂਈ ਕਿ ਇਹ ਮਨ ਆਪਣਾ ਅਸਲਾ ਨਹੀਂ ਪਛਾਣਦਾ। ਇਹ ਮਨ, ਮਿਲ ਗੋਭਾ ਹੈ। ਹੁਣ ਇਹ ਮਨ ਆਪਣਾ ਅਸਲਾ (ਮੂਲ) ਕਿਵੇਂ ਪਛਾਣੇ ? ਮੂਲ ਪਛਾਣਨ ਦਾ ਸਾਧਨ ਗੁਰਮਤਿ ਫੁਰਮਾਉਂਦੀ ਹੈ, ਕਿ :-

**"ਮਨ ਤੇ ਧੋਖਾ ਤਾ ਲਹੈ ਜਾ ਸਿਫਤਿ ਕਰੀ ਅਰਦਾਸਿ ॥" ਪੰਨਾ 557**

**ਅਰਥ :-** ਮਨ ਤੋਂ ਮਾਇਆ ਦਾ ਧੋਖਾ, (ਹਉਮੈ ਦਾ ਧੋਖਾ) ਤਾਂ ਲਹਿੰਦਾ ਏ ਜਦ ਕਿ ਉਸ ਹਰੀ ਦੀ ਸਿਫਤ ਸਲਾਹ ਕਰੀਏ ਤੇ ਉਸ ਅਗੇ ਅਰਦਾਸ ਕਰੀਏ।

**"ਬਿਨੁ ਉਪਮਾ ਜਗਦੀਸ ਕੀ ਬਿਨਸੈ ਨ ਅੰਧਿਆਰਾ ॥" ਪੰਨਾ 228**

**ਅਰਥ :-** ਬਿਨਾਂ ਜਗਤ ਤੇ ਮਾਲਕ ਦੀ ਸਿਫਤ (ਉਪਮਾ) ਦੇ ਮਾਇਆ ਦਾ ਹਨੇਰਾ ਦੂਰ ਨਹੀਂ ਹੋ ਸਕਦਾ।

**"ਸਿਫਤਿ ਸਲਾਹਣੁ ਸਹਜ ਅਨੰਦ ॥" ਪੰਨਾ 352**

**ਅਰਥ :-** ਸਿਫਤ ਸਲਾਹ ਕਰਨੀ, ਸਹਜ ਆਨੰਦ ਦਿੰਦੀ ਏ।

**"ਕੂੜਿ ਕਮਾਣੈ ਕੂੜੋ ਹੋਵੈ ਨਾਨਕ ਸਿਫਤਿ ਵਿਗਾਸਿ ॥ " ਪੰਨਾ 474**

**ਅਰਥ :-** ਕੂੜ ਨੂੰ ਕਮਾਇਆਂ ਕੂੜਾ ਹੋਈਦਾ ਏ। ਹੇ ਨਾਨਕ ! ਸਿਫਤ ਦੁਆਰਾ ਸੱਚ ਦੇ ਖੇੜੇ ਵਿਚ ਜਾਈਦਾ ਏ।

**"ਨਾਨਕ ਸਚੁ ਸਾਲਾਹਿ ਪੂਰਾ ਪਾਇਆ ॥" ਪੰਨਾ 150**

**ਅਰਥ :-** ਹੇ ਨਾਨਕ ! ਸਚੇ ਦੀ ਸਲਾਹੁਤਾ ਨਾਲ ਪੂਰਾ ਪ੍ਰਭੂ ਪਾਈਦਾ ਏ।

**"ਤੂੰ ਸਚਾ ਸਾਹਿਬੁ ਸਿਫਤਿ ਸੁਆਲਿ੍ਉ**
**ਜਿਨਿ ਕੀਤੀ ਸੋ ਪਾਰਿ ਪਇਆ ॥" ਪੰਨਾ 469**

**ਅਰਥ :-** ਤੂੰ ਸਚਾ ਮਾਲਕ ਹੈ। ਜਿਸਨੇ ਸਿਫਤਿ ਸਲਾਹ ਕੀਤੀ, ਉਹ ਮਾਇਆ ਤੋਂ ਪਾਰ ਪੈ ਜਾਂਦਾ ਹੈ।

**"ਸਦਾ ਸਿਫਤਿ ਸਲਾਹ ਤੇਰੀ ਨਾਮੁ ਮਨਿ ਵਸਾਵਏ ॥" ਪੰਨਾ 917**

**ਅਰਥ :-** ਤੇਰੀ ਨਿਰੰਤਰ ਸਿਫਤ ਸਲਾਹ ਕਰਨੀ, ਨਾਮ ਮਨ ਵਿਚ ਵਸਾਉਂਦੀ ਏ ਭਾਵ ਹਰੀ ਦੀ ਲਗਾਤਾਰ ਸਿਫਤ ਸਲਾਹ ਕਰਨੀ, ਨਾਮ ਨੂੰ ਮਨ ਵਿਚ ਵਸਾਉਂਦੀ ਏ।

**"ਨਾਨਕ ਨਾਮੁ ਮਿਲੈ ਗੁਣ ਗਾਇ ॥" ਪੰਨਾ 225**

**ਅਰਥ :-** ਹੇ ਨਾਨਕ ! ਨਾਮ ਗੁਣ ਗਾਉਣ ਨਾਲ ਮਿਲਦਾ ਏ।

**"ਨਾਨਕ ਸਚੁ ਕਹੈ ਬੇਨੰਤੀ ਸਚੁ ਮਿਲੈ ਗੁਣ ਗਾਵਣਿਆ ॥" ਪੰਨਾ 109**

**ਅਰਥ :-** ਨਾਨਕ ਸਚੀ ਬੇਨਤੀ ਕਹਿੰਦਾ ਏ ਕਿ ਸਚ, ਸਥਿਰ ਸਚ, ਗੁਣ ਗਾਵਣ ਨਾਲ ਮਿਲਦਾ ਹੈ। ਇਹ ਸਚ ਪਦ ''ਆਦਿ ਸਚੁ, ਜੁਗਾਦਿ ਸਚੁ, ਹੈਭੀ ਸਚੁ, ਨਾਨਕ ਹੋਸੀ ਭੀ ਸਚੁ'' ਲਈ ਵਰਤਿਆ ਹੈ।

**"ਦੀਖਿਆ ਆਖਿ ਬੁਝਾਇਆ ਸਿਫਤੀ ਸਚਿ ਸਮੇਉ ॥" ਪੰਨਾ 150**

**ਅਰਥ :–** ਇਹ ਉਪਦੇਸ਼ (ਗੁਰੂ ਜੀ ਨੇ) ਆਖ ਕੇ ਸਮਝਾ ਦਿਤਾ ਏ ਕਿ ਸਿਫਤ ਦੁਆਰਾ ਹੀ, ਸਚ ਵਿਚ ਸਮਾਇਆ ਜਾਂਦਾ ਹੈ।

**"ਗੁਨ ਗਾਵਤ ਤੇਰੀ ਉਤਰਸਿ ਮੈਲੁ ॥**

**ਬਿਨਸਿ ਜਾਇ ਹਉਮੈ ਬਿਖੁ ਫੈਲੁ ॥"** **ਪੰਨਾ 289**

**ਅਰਥ :–** ਗੁਣ ਗਾਵਣ ਨਾਲ ਹੀ, ਤੇਰੀ ਹਉਮੈ ਦੀ ਮੈਲ ਉਤਰੇਗੀ ਤੇ ਇਹ ਹਉਮੈ ਦੀ ਜ਼ਹਿਰ ਦੂਰ ਹੋਸੀ।

**"ਬੰਦਿ ਖਲਾਸੀ ਭਾਣੈ ਹੋਇ ॥ ਹੋਰੁ ਆਖਿ ਨ ਸਕੈ ਕੋਇ ॥**

**ਜੇ ਕੋ ਖਾਇਕੁ ਆਖਣਿ ਪਾਇ ॥ ਓਹੁ ਜਾਣੈ ਜੇਤੀਆ ਮੁਹਿ ਖਾਇ ॥"** **ਪੰਨਾ 5**

**ਅਰਥ :–** ਮਾਇਆ ਦੇ ਬੰਦੀਖਾਨੇ ਵਿਚੋਂ ਜੀਵ ਆਤਮਾ ਦੀ ਖਲਾਸੀ ਤਦ ਹੁੰਦੀ ਏ, ਜਦ ਉਹ ਹੁਕਮ ਅੰਦਰ ਟੁਰੇ। ਇਸ ਸਾਧਨ ਤੋਂ ਬਿਨਾਂ ਹੋਰ ਕੋਈ ਸਾਧਨ ਨਹੀਂ, ਜੋ ਜੀਵ ਆਤਮਾ ਦੀ ਖਲਾਸੀ, ਮਾਇਆ ਤੋਂ ਕਰ ਸਕੇ। ਜੇ ਕੋਈ ਮੂਰਖ ਆਖੇ ਕਿ ਇਸ ਸਾਧਨ ਤੋਂ ਬਿਨਾਂ ਹੋਰ ਸਾਧਨ ਭੀ ਮਾਇਆ ਤੋਂ ਖਲਾਸੀ ਦੇ ਹਨ ਤਾਂ ਐਸੇ ਮੂਰਖ ਨੂੰ ਉਨ੍ਹਾਂ ਸਾਧਨਾਂ ਵਿਚ ਸਫਲਤਾ ਨਾ ਹੋਸੀ।

**"ਜਿਸ ਨੋ ਬਖਸੇ ਸਿਫਤਿ ਸਾਲਾਹ ॥ ਨਾਨਕ ਪਾਤਸਾਹੀ ਪਾਤਿਸਾਹੁ ॥"** **ਪੰਨਾ 5**

**ਅਰਥ :–** ਹੇ ਨਾਨਕ ! ਜਿਸਨੂੰ ਹਰੀ ਆਪਣੀ ਸਿਫਤ ਸਾਲਾਹ ਬਖਸ਼ਦਾ ਹੈ, ਉਹ ਪਾਤਸ਼ਾਹਾਂ ਦਾ ਵੀ ਪਾਤਸ਼ਾਹ ਹੈ।

**"ਵਡਿਅਈ ਵਡਾ ਪਾਇਆ ॥"** **ਪੰਨਾ 467**

**ਅਰਥ :–** ਵਡਿਆਈ ਕਰਨ ਨਾਲ ਵਡਾ ਪਰਮੇਸ਼ਰ ਪਾਇਆ ਜਾਂਦਾ ਹੈ।

**"ਗੁਰਮਤਿ ਨਾਮੁ ਮੇਰਾ ਪ੍ਰਾਨ ਸਖਾਈ ਹਰਿ ਕੀਰਤਿ ਹਮਰੀ ਰਹਰਾਸਿ ॥"** **ਪੰਨਾ 10**

**ਅਰਥ :–** ਗੁਰਮਤਿ ਨਾਮ ਮੇਰਾ ਪ੍ਰਾਣਾਂ ਦਾ ਸਖਾਈ ਹੈ, ਤੇ ਹਰੀ ਦਾ ਜਸ ਕਰਨਾ, ਮੇਰੀ ਰਹੁਰੀਤ ਹੈ।

ਸਿਫਤ ਸਾਲਾਹ, ਗੁਣ, ਵਡਿਆਈ, ਹਰਿ ਕੀਰਤ, ਉਪਮਾ, ਜਸ, ਸਿਫਤ ਸੁਆਲ੍ਹਿਉ, ਸਿਫਤ– ਇਹ ਇਕੋ ਅਰਥ ਰਖਣ ਵਾਲੇ ਪਦ ਹਨ। ਸੋ ਜਦ ਤਾਂਈ ਉਸ ਨਿਰੰਕਾਰ ਸਿਰਜਨਹਾਰ ਪਾਲਨਹਾਰ, ਬਖਸ਼ਨਹਾਰ, ਸਰਬ ਸਮਰਥ, ਸਦਾ ਅਟੱਲ, ਸਰਬ ਵਿਆਪਕ, ਭੈ ਰਹਿਤ, ਵੈਰ ਰਹਿਤ, ਜਨਮ ਰਹਿਤ, ਸੁਤੇ ਪ੍ਰਕਾਸ਼ ਤੇ ਸਦਾ ਸਥਿਰ ਹੋਂਦ ਦੀ ਸਿਫਤ ਸਲਾਹ ਨਹੀਂ ਕੀਤੀ ਜਾਊ, ਮਨ ਤੋਂ ਮਾਇਆ ਦਾ ਧੋਖਾ ਦੂਰ ਨਹੀਂ ਹੋ ਸਕਦਾ। ਇਹ ਗੁਰਮਤਿ ਦਾ ਸਿਧਾਂਤ ਹੈ।

ਸਾਹਿਬ ਸ੍ਰੀ ਗੁਰੂ ਨਾਨਕ ਦੇਵ ਪਾਤਸ਼ਾਹ ਜੀ ਦਾ ਨਿਜੀ ਅਨੁਭਵ ਤੇ ਉਪਦੇਸ਼ ਇਹ ਹੈ :-

**"ਹਉ ਢਾਢੀ ਵੇਕਾਰੁ ਕਾਰੈ ਲਾਇਆ ॥**

**ਰਾਤਿ ਦਿਹੈ ਕੈ ਵਾਰ ਧੁਰਹੁ ਫੁਰਮਾਇਆ ॥**

**ਢਾਢੀ ਸਚੈ ਮਹਲਿ ਖਸਮਿ ਬੁਲਾਇਆ ॥**

**ਸਚੀ ਸਿਫਤਿ ਸਾਲਾਹ ਕਪੜਾ ਪਾਇਆ ॥**

**ਸਚਾ ਅੰਮ੍ਰਿਤ ਨਾਮੁ ਭੋਜਨੁ ਆਇਆ ॥**

**ਗੁਰਮਤੀ ਖਾਧਾ ਰਜਿ ਤਿਨਿ ਸੁਖੁ ਪਾਇਆ ॥**

**ਢਾਢੀ ਕਰੇ ਪਸਾਉ ਸਬਦੁ ਵਜਾਇਆ ॥**

**ਨਾਨਕ ਸਚੁ ਸਾਲਾਹਿ ਪੂਰਾ ਪਾਇਆ ॥"** **ਪੰਨਾ 150**

**ਅਰਥ :–** ਮੈਂ ਵੇਕਾਰ ਢਾਢੀ ਨੂੰ ਕਾਰੇ ਲਾ ਦਿਤਾ। ਧੁਰਹੁ ਇਹ ਫੁਰਮਾਨ ਹੋਇਆ ਕਿ ਰਾਤ ਦਿਨ ਜਸ ਰੂਪੀ ਵਾਰ ਗਾਉ। ਢਾਢੀ ਨੂੰ ਸਚੇ ਮਹਲ ਵਿਚ ਮਾਲਿਕ ਨੇ ਬੁਲਾਇਆ। ਸਚੀ ਸਿਫਤਿ ਸਲਾਹ ਦਾ ਸਿਰੋਪਾਉ ਮਿਲਿਆ। ਸਚਾ ਅੰਮ੍ਰਿਤ ਨਾਮ ਭੋਜਨ ਵੀ ਖਾਣ ਲਈ ਮਿਲਿਆ। ਗੁਰਮਤਿ ਵਾਂਗ, ਜਿਨ੍ਹਾਂ ਇਹ ਭੋਜਨ ਖਾਧਾ, ਉਨ੍ਹਾਂ ਨੂੰ ਸੁਖ ਮਿਲਿਆ। ਢਾਢੀ ਪਸਾਰਾ ਕਰ ਰਿਹਾ ਹੈ ਸ਼ਬਦ ਵਜਾ ਕੇ, ਹੇ ਨਾਨਕ ! ਸਚੇ ਦੀ ਸਲਾਹੁਤਾ ਨਾਲ, ਪੂਰਾ ਪ੍ਰਭੂ ਪਾਇਆ ਜਾਂਦਾ ਹੈ। ਉਪਰਲੇ ਸ਼ਬਦ ਵਿਚ, ਸ੍ਰੀ ਹਜ਼ੂਰ ਗੁਰੂ ਨਾਨਕ ਪਾਤਸ਼ਾਹ ਜੀ, ਨਿਰੰਕਾਰ ਦੀ ਦਰਗਾਹੇ ਜਾਣ ਦਾ ਤੇ ਜੋ ਕੁਝ ਉਥੇ ਮਿਲਿਆ, ਦਰਸਾ ਰਹੇ ਹਨ। ਉਥੋਂ ਸ੍ਰੀ ਹਜ਼ੂਰ ਨੂੰ ਸਿਫਤ ਸਾਲਾਹ ਦਾ ਸਿਰੋ ਪਾਓ ਤੇ ਅੰਮ੍ਰਿਤ ਨਾਮ ਭੋਜਨ ਖਾਣ ਨੂੰ ਮਿਲਿਆ। ਫਿਰ ਸ੍ਰੀ ਹਜ਼ੂਰ ਜੀ ਫੁਰਮਾਉਂਦੇ ਹਨ ਕਿ ਜਿਹੜਾ ਵੀ ਸਿਫਤ ਸਾਲਾਹ ਉਸ ਨਿਰੰਕਾਰ ਦੀ ਕਰੇਗਾ, ਉਸਨੂੰ ਸਦਾ ਦਾ ਸੁਖ ਮਿਲੇਗਾ। ਸ੍ਰੀ ਹਜ਼ੂਰ ਫਿਰ ਫੁਰਮਾਉਂਦੇ ਹਨ ਨੇ ਕਿ ''ਢਾਢੀ ਇਸ ਸਿਧਾਂਤ ਨੂੰ ਸ਼ਬਦ ਦਵਾਰਾ ਪਰਗਟ ਕਰ ਰਿਹਾ ਹੈ।'' ਜਿਹੜਾ ਵੀ ਸੱਚੇ ਦੀ ਸਿਫਤ ਸਾਲਾਹ ਕਰੇਗਾ, ਉਹ ਪੂਰੇ ਸੱਚੇ ਨੂੰ ਪਾ ਲਏਗਾ।

ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਜਿੰਨੇ ਵੀ ਸ਼ਬਦ ਸਿਫਤ ਸਲਾਹ ਤੇ ਅਰਦਾਸ ਦੇ ਹਨ, ਇਨ੍ਹਾਂ ਦਵਾਰਾ, ਅਭਿਆਸੀ ਅਭਿਆਸ ਕਰਕੇ ਵੇਖ ਲਏ। ਅਭਿਆਸ ਸ਼ਬਦ ਦੇ ਅਰਥ ਵਿਚ ਟਿਕ ਕੇ ਕਰੇ, ਅਵਸ਼ ਹੀ ਮਨ ਤੋਂ ਹਉਮੈ (ਮਾਇਆ) ਦਾ ਧੋਖਾ ਲਹਿ ਜਾਂਦਾ ਹੈ।

# (16)

# ਬਾਰੰਬਾਰ ਨਾਮ ਬਾਣੀ ਦਾ ਅਭਿਆਸ ਕਿਉਂ ਜ਼ਰੂਰੀ ਹੈ ?

ਸਾਹਿਬ ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ, ਸੁਖਮਨੀ ਸਾਹਿਬ ਵਿਚ ਫੁਰਮਾਉਂਦੇ ਹਨ :-

**"ਬਾਰੰ ਬਾਰ ਬਾਰ ਪ੍ਰਭੁ ਜਪੀਐ ॥**
**ਪੀ ਅੰਮ੍ਰਿਤੁ ਇਹੁ ਮਨੁ ਤਨੁ ਧ੍ਰਪੀਐ ॥"** **ਪੰਨਾ 286**

**ਭਾਵ ਅਰਥ :–** ਹੇ ਨਾਮ ਕੀ ਅਕਾਂਖਿਆ ਰੱਖਣ ਵਾਲੇ ਜਗਿਆਸੂ ! ਮੁੜ ਮੁੜ, ਪ੍ਰਭੂ ਦਾ ਨਾਮ ਜਪਣਾ ਚਾਹੀਦਾ ਹੈ। ਇਹੋ ਅੰਮ੍ਰਿਤ ਪੀ, ਤੇਰਾ ਮਨ ਤੇ ਤਨ ਰਜ ਜਾਊ ਭਾਵ ਮਨ ਤੇ ਤਨ ਵਿਚ ਸ਼ਾਂਤੀ ਹੋ ਵੈਸੀ।

ਇਸੇ ਉਪਰਲੇ ਉਪਦੇਸ਼ ਨੂੰ, ਮੁੜ ਸੁਖਮਨੀ ਸਾਹਿਬ ਦੀ ਅੰਤਲੀ ਅਸ਼ਟਪਦੀ ਵਿਚ ਦੁਹਰਾਉਂਦੇ ਹਨ :-

**"ਸਾਸਿ ਸਾਸਿ ਸਿਮਰਹੁ ਗੋਬਿੰਦ ॥ ਮਨ ਅੰਤਰ ਕੀ ਉਤਰੈ ਚਿੰਦ ॥"**

**ਸਿਮਰਿ ਸਿਮਰਿ ਨਾਮੁ ਬਾਰੰ ਬਾਰ ॥ ਨਾਨਕ ਜੀਅ ਕਾ ਇਹੈ ਅਧਾਰ ॥"** **ਪੰਨਾ 295**

**ਭਾਵ ਅਰਥ :-** ਸ੍ਵਾਸ ਸ੍ਵਾਸ ਗੋਬਿੰਦ ਨੂੰ ਸਿਮਰੋ। ਇੰਞ ਕਰਨ ਨਾਲ ਮਨ ਦੇ ਅੰਦਰ ਦੀ ਚਿੰਤਾ ਉਤਰ ਜਾਂਦੀ ਹੈ। ਨਾਮ ਨੂੰ ਬਾਰੰਬਾਰ ਸਿਮਰ। ਹੇ ਨਾਨਕ ਇਹੋ ਜੀਵ ਦਾ ਆਸਰਾ ਹੈ। ਪੜ੍ਹੇ ਲਿਖੇ ਸਜਣ ਕਿੰਤੂ ਕਰਦੇ ਹਨ ਤੇ ਆਖਦੇ ਹਨ ਕਿ ''ਜਦ ਇਕ ਵਾਰੀ ਗਲ ਸਮਝ ਲਈ ਤਾਂ ਉਸ ਨੂੰ ਮੁੜ ਮੁੜ ਦੁਹਰਾਉਣ ਦਾ ਕੀ ਲਾਭ ?''

ਆਪ ਤਾਂ ਉਹ ਇਸ ਭੁਲੇਖੇ ਵਿਚ ਪਏ ਹੁੰਦੇ ਹੀ ਹਨ ਪਰ ਉਨ੍ਹਾਂ ਦੀਆਂ ਇਹ ਦਲੀਲਾਂ ਸੁਣ ਕਰ, ਹੋਰ ਅਗਲੀ ਪੜ੍ਹੀ ਹੋਈ ਪਨੀਰੀ ਭੁਲੇਖੇ ਵਿਚ ਪੈ ਜਾਂਦੀ ਹੈ। ਅਸਾਂ, ਉਨ੍ਹਾਂ ਦੀ ਇਸ ਉਤਲੀ ਕਥਨੀ ਨੂੰ ਵਿਗਿਆਨਕ ਪੱਖ (Scientifically), ਦਾਰਸ਼ਨਕ ਪੱਖ (Philosophically) ਤੇ ਮਨੋਵਿਗਿਆਨਕ ਪੱਖ (Psychologically) ਦੀ ਕਸਵੱਟੀ ਤੇ ਪਰਖਣਾ ਹੈ। ਕਿਉਂ ? ਇਸ ਲਈ ਕਿ ਪੜ੍ਹਿਆ ਲਿਖਿਆ ਮਨ, ਹਰ ਇੱਕ ਗਲ ਨੂੰ ਇਨ੍ਹਾਂ ਉਤਲੀਆਂ ਕਸਵੱਟੀਆਂ ਤੇ ਪਰਖਦਾ ਹੈ, ਤੇ ਜੇ ਉਹ ਗਲ ਇਨ੍ਹਾਂ ਉਤਲੀਆਂ ਕਸੱਵਟੀਆਂ ਤੇ ਪੂਰੀ ਉਤਰੇ, ਤਾਂ ਗ੍ਰਹਿਣ ਕਰਦਾ ਹੈ। ਅਜ ਕਲ ਸਾਡੇ ਪੜ੍ਹੇ ਲਿਖੇ ਨੌਜਵਾਨ ਸਿਖੀ ਤੋਂ ਦੁਰਾਡੇ ਹੋ ਰਹੇ ਹਨ। ਕਿਹੜਾ ਕਾਰਣ ਉਨ੍ਹਾਂ ਨੂੰ ਸਿਖੀ ਤੋਂ ਦੂਰ ਲਿਜਾ ਰਿਹਾ ਹੈ ? ਉਤਰ ਸਪਸ਼ਟ ਹੈ, ਜਦ ਉਹ ਕੋਈ ਸ਼ੰਕਾਂ ਉਠਾਉਂਦੇ ਹਨ ਤਾਂ ਉਨ੍ਹਾਂ ਦੀ 'ਨਿਸ਼ਾ, ਉਤਲੇ ਦਿਤੇ ਪੱਖਾਂ ਨਾਲ ਨਹੀਂ ਕੀਤੀ ਜਾਂਦੀ। ਸਾਇੰਸ ਦਾ ਯੁੱਗ ਹੈ। ਸ੍ਰੀ ਗੁਰੂ ਨਾਨਕ ਦੇਵ ਪਾਤਸ਼ਾਹ ਵੀ ਇਹ ਜ਼ੋਰ ਦੇ ਕਰ ਫੁਰਮਾ ਰਹੇ ਹਨ ਕਿ :-

**"ਜੇ ਕੋ ਕਹੈ ਕਰੈ ਵੀਚਾਰੁ ॥"** **ਪੰਨਾ** 3

ਅਰਥ ਹੈ ਕਿ ਜੇ ਕੋਈ ਗਲ ਕਹੇ ਤਾਂ ਉਸ ਗਲ ਨੂੰ ਵੀਚਾਰ ਦੀ ਕਸਵਟੀ ਤੇ ਲਾ ਕਰ ਪਰਖੇ। ਜੇ ਇਸ ਕਸਵਟੀ ਤੇ ਕਹੀ ਗਲ ਪੂਰੀ ਉਤਰੇ ਤਾਂ ਗ੍ਰਹਿਣ ਕਰਨ ਦੇ ਯੋਗ ਹੈ। ਨਹੀਂ ਤਾਂ ਤੁਰੰਤ ਖੰਡਨ ਯੋਗ ਹੈ। ਸਾਰੀ ਮਨ ਦੀ ਹੀ ਖੇਡ ਹੈ। ਮਨ ਕਰਕੇ ਹੀ ਜੀਵ ਸੁਖੀ ਹੈ ਤੇ ਮਨ ਕਰਕੇ ਹੀ ਦੁਖੀ ਹੈ। ਦੁਖੀ ਮਨ ਨੂੰ ਸੁਖੀ ਕਰਨ ਲਈ, ਸ੍ਰੀ ਗੁਰੂ ਨਾਨਕ ਦੇਵ ਪਾਤਸ਼ਾਹ ਜੀ ਨੇ, ਬਾਰੰਬਾਰ ਨਾਮ ਬਾਣੀ ਦਾ ਅਭਿਆਸ ਕਰਨ ਲਈ ਹੁਕਮ ਫੁਰਮਾਇਆ ਹੈ। ਹੋਰ ਅਗੇ ਟੁਰਨ ਤੋਂ ਪਹਿਲਾਂ ਵਿਚਾਰ ਮਨ ਤੇ ਕਰ ਲਈਏ ਕਿ ਇਹ ਮਨ ਕੀ ਹੈ ? ਅੰਗਰੇਜ਼ੀ ਡਿਕਸ਼ਨਰੀਆਂ ਵਿਚ ਅਰਥ ਕੀਤੇ ਹਨ ਕਿ ''ਮਨ ਉਹ ਸ਼ਕਤੀ ਹੈ ਜਿਥੇ ਕਿ ਸਮਝ ਸੋਚ ਹੁੰਦੀ ਹੈ। ਜਿਥੇ ਕਿ ਸੁਖ ਦੁਖ ਅਨੁਭਵ ਕਰਨ ਦੀ, ਵਿਵੇਕ ਕਰਨ ਦੀ ਤੇ ਯਾਦਾਸ਼ਤ ਦੀ ਤਾਕਤ ਹੈ। ਉਹ ਥਾਂ, ਜਿਥੇ ਵਲਵਲੇ ਤੇ ਸੂਖਮ ਭਾਵ ਵਸਦੇ ਹਨ। ਜਿਥੇ ਪ੍ਰਤੀਤੀ ਨਿਵਾਸ ਕਰਦੀ ਹੈ।''

ਮਾਨਸਿਕ ਵਿਦਿਆ ਦੇ ਖੋਜੀਆਂ ਨੇ, ਮਨ ਬਾਰੇ ਬੜੀ ਡੂੰਘੀ ਖੋਜ ਕੀਤੀ ਹੈ। ਉਹ ਆਖਦੇ ਹਨ ਕਿ ਮਨ ਕੋਈ ਅਸਥੂਲ ਚੀਜ ਨਹੀਂ ਜਿਸ ਤੇ ਕਿ ਹਥ ਰਖ ਕੇ ਆਖ ਸਕੀਏ ਕਿ ਇਹ ਹੈ। ਜਿਵੇ ਕਿ ਦੇਹ ਦੇ ਅੰਦਰ ਦੀਆਂ ਹੋਰ ਚੀਜ਼ਾਂ ਤੇ ਹੱਥ ਰਖ ਕਰ ਆਖ ਦੇਈਦਾ ਹੈ ਕਿ ਇਹ ਦਿਲ ਹੈ, ਇਹ ਫੇਫੜੇ ਹਨ, ਇਹ ਜਿਗਰ ਹੈ, ਇਹ ਤਿਲੀ ਹੈ ਤੇ ਇਹ ਗਾਲ ਬਲੈਡਰ ਆਦਿ ਹੈ। ਫਿਰ ਇਹ ਦਸ ਕਰ, ਉਹ ਕਹਿੰਦੇ ਹਨ ਕਿ ਮਨ, ਸਕੰਲਪਾਂ ਤੇ ਵਿਕਲਪਾਂ (Wave Thoughts), ਫੁਰਨਿਆਂ ਦਾ ਇਕ ਸੰਗਮ ਹੈ। ਅਗੇ ਚਲ ਕਰ ਉਹ ਪ੍ਰਸ਼ਨ ਕਰਦੇ ਹਨ ਕਿ ਕੀ ਇਹ ਮਨ ਦੀ ਉਧੇੜ ਬੁਣਤੀ ਦੀਆਂ ਲਹਿਰਾਂ ਹਰ ਇਕ ਜੀਵ ਵਿਚ ਇਕੋ ਜਿਹੀਆਂ ਉਠਦੀਆਂ ਹਨ ਕਿ ਵੱਖੋ ਵੱਖ ? ਉਤਰ ਵਿਚ ਦਸਦੇ ਹਨ ਕਿ ਵਖ ਵਖ ਉਠਦੀਆਂ ਹਨ। ਇਸ ਉਤਰ ਦੀ ਪੁਸ਼ਟੀ ਲਈ, ਉਹ ਦਲੀਲ ਦਿੰਦੇ ਹਨ ਕਿ ਜੇ

ਇਕ ਹਜ਼ਾਰ ਬੰਦਿਆਂ ਦਾ ਇਕੱਠ ਹੋਵੇ ਤਾਂ ਉਥੇ ਉਨ੍ਹਾਂ ਸਾਰੇ ਚੁਪ ਬੈਠੇ ਹੋਏ ਬੰਦਿਆਂ ਦੀਆਂ ਮਨ ਦੀਆਂ ਲਹਿਰਾਂ, ਇਕੋ ਜਿਹੀਆਂ ਨਹੀਂ ਉਠ ਰਹੀਆਂ ਹੁੰਦੀਆਂ, ਵੱਖਰੀਆਂ ਵੱਖਰੀਆਂ ਹੁੰਦੀਆਂ ਹਨ। ਇਥੇ ਆ ਕਰ ਉਹ ਇਹ ਗਲ ਵੀ ਸਿਧ ਕਰਦੇ ਹਨ ਕਿ ਉਹ ਫੁਰਨੇ ਕੁਦਰਤੀ (Nature given) ਨਹੀਂ ਹਨ। ਜੇ ਕੁਦਰਤੀ ਹੋਣ ਤਾਂ ਹਜਾਰ ਬੰਦਿਆਂ ਦੇ ਇਕੱਠ ਵਿਚ, ਸਾਰਿਆਂ ਦੀਆਂ ਉੱਠਦੀਆਂ ਲਹਿਰਾਂ, ਇਕੋ ਜਿਹੀਆਂ ਹੋਣੀਆਂ ਚਾਹੀਦੀਆਂ ਸਨ। ਪਰ ਇਹ ਨਹੀਂ ਹੁੰਦਾ। ਇਨ੍ਹਾਂ ਮਨ ਦੇ ਤਰੰਗਾਂ ਦੇ ਉਠਣ ਦਾ ਕਾਰਣ, ਉਹ ਪਈਆਂ ਹੋਈਆਂ ਡੂੰਘੀਆਂ ਝੱਸਾਂ (Deep rooted instincts) ਆਖਦੇ ਹਨ। ਇਨ੍ਹਾਂ ਵਿਚ ਕੁਝ ਜਮਾਂਦਰੂ ਵੀ ਹੁੰਦੀਆਂ ਦਸਦੇ ਹਨ, ਜੋ ਮਾਤਾ ਪਿਤਾ ਤੋਂ ਆਈਆਂ ਹੁੰਦੀਆਂ ਹਨ। ਇਹ ਸਿਧ ਕਰ ਕੇ ਕਿ ਮਨ ਦੇ ਵਿਚ, ਭਿੰਨ ਭਿੰਨ ਖਿਆਲ ਉਤਪੰਨ ਕਰਨ ਵਾਲੀ ਸ਼ੈ, ਸੁਭਾਉ ਹੈ ਤੇ ਜਿਸ ਮਨੁਖ ਦਾ ਜਿਹੋ ਜਿਹਾ ਸੁਭਾਉ, ਉਹੋ ਜਿਹੇ ਉਸ ਦੇ ਮਨ ਦੇ ਤਰੰਗ ਹੁੰਦੇ ਹਨ। ਫਿਰ ਆਖਦੇ ਹਨ ਕਿ ਸੁਭਾਉ ਕਿੰਕੂ ਬਣਦਾ ਹੈ ? ਉਤਰ ਵਿਚ ਦਸਦੇ ਹਨ ਕਿ ਸੁਭਾਉ ਕਰਮਾਂ ਤੋਂ ਬਣਦਾ ਹੈ। ਜੋ ਕਰਮ ਬਾਰ ਬਾਰ ਇਨਸਾਨ ਕਰਦਾ ਹੈ, ਉਹੀ ਸੁਭਾਉ (ਆਦਤ) ਬਣਾਉਂਦਾ ਹੈ। ਜੋ ਬਹੁਤ ਡੂੰਘੇ ਪਏ ਹੋਏ ਸੁਭਾਉ (Deep Rooted Instincts) ਹੀ ਮਨ ਦੇ ਤਰੰਗ ਚਲਾਉਂਦੇ ਹਨ। ਮਨੁੱਖ ਕਰਮ, ਆਪਣੇ ਭਾਈਚਾਰੇ ਵਿਚ ਹੀ ਕਰਦਾ ਹੈ। ਜਿਸ ਭਾਈਚਾਰੇ ਦੀ ਸੰਗਤ (Society) ਵਿਚ ਜੀਵ ਰਹਿੰਦਾ ਹੈ, ਉਸ ਦਾ ਪ੍ਰਭਾਵ ਉਸ ਤੇ ਪੈਂਦਾ ਹੈ ਭਾਵ ਜਿਸ ਵਾਤਾਰਵਣ ਵਿਚ ਮਨੁੱਖ ਉਠਦਾ ਬੈਠਦਾ, ਖਾਂਦਾ, ਪੀਦਾ ਹੈ, ਉਹੋ ਜਿਹਾ ਹੀ ਸੁਭਾਉ ਬਣ ਜਾਂਦਾ ਹੈ। ਇਥੇ ਆ ਕਰ, ਮਨੋ ਵਿਗਿਆਨਕ ਪ੍ਰਬੀਨ ਆਖਦੇ ਹਨ

ਕਿ ਮਨ ਵਾਸਤਵ ਵਿਚ ਕਰਮ ਹਨ। ਜਿਹੜੇ ਕਰਮ ਸੁਭਾਉ ਬਣਾਉਂਦੇ ਹਨ, ਉਨ੍ਹਾਂ ਕਰਮਾਂ ਨੂੰ ਕਰਾਉਣ ਵਾਲੀ ਸੰਗਤ ਹੁੰਦੀ ਹੈ। ਜੈਸੀ ਸੰਗਤ, ਤੈਸਾ ਕਰਮ। ਇਸ ਪ੍ਰਸ਼ਨ ਦੇ ਉਤਰ ਵਿਚ ਕਿ ਕੀ ਪਏ ਹੋਏ ਡੂੰਘੇ ਸੁਭਾਉ (Deep rooted Instincts) ਬਦਲੇ ਜਾ ਸਕਦੇ ਹਨ। ਉਹ ਆਖਦੇ ਹਨ ਕਿ ''ਹਾਂ ਬਦਲੇ ਜਾ ਸਕਦੇ ਹਨ।'' ਕਿਵੇਂ ? ਇਸ ਦੇ ਉਤਰ ਵਿਚ ਉਹ ਆਖਦੇ ਹਨ ਕਿ ਜਿਸ ਪ੍ਰਕਾਰ ਦਾ ਵਾਂਛਤ ਸੁਭਾਉ, ਮਨੁਖ ਬਣਾਉਂਣਾ ਚਾਹੁੰਦਾ ਹੈ, ਉਹ ਉਸੀ ਤਰ੍ਹਾਂ ਦਾ ਕਰਮ ਕਰਨਾ ਸ਼ੁਰੂ ਕਰ ਦੇਵੇ। ਬਾਰ ਬਾਰ ਉਹ ਕਰਮ ਕਰਨ ਨਾਲ, ਉਸੀ ਪਰਕਾਰ ਦਾ ਸੁਭਾਉ ਬਣ ਜਾਵੇਗਾ ਤੇ ਪਇਆ ਹੋਇਆ ਪਿਛਲਾ ਸੁਭਾਉ ਨਸ਼ਟ ਹੋ ਜਾਏਗਾ।

ਇਹ ਉਤਲੀ ਖੋਜ, ਸੰਸਾਰ ਭਰ ਦੇ ਸਾਰੇ ਮਨੋ ਵਿਗਿਆਨਕਾਂ ਦੀ ਇਕੋ ਹੈ ਤੇ ਹੈ ਵੀ ਇਹ ਸੱਚ। ਕੋਈ ਵੀ ਪਰਖ ਕੇ ਵੇਖ ਸਕਦਾ ਹੈ। ਇਸ ਉਪਰਲੀ ਦਿਤੀ ਖੋਜ ਸਬੰਧੀ ਢੇਰ ਪੁਸਤਕਾਂ ਮਿਲਦੀਆਂ ਹਨ। ਪਰ ਧੰਨ ਹਨ ਸ੍ਰੀ ਗੁਰੂ ਨਾਨਕ ਦੇਵ ਜੀ ਪਾਤਸ਼ਾਹ, ਜਿਨ੍ਹਾਂ ਅਜ ਤੋਂ ਲਗ ਭਗ ਪੰਜ ਸੌ ਸਾਲ ਪਹਿਲਾਂ ਸਾਰੀ ਖੋਜ ਦੇ ਸਿਟੇ ਨੂੰ, ਇਕ ਤੁਕ ਵਿਚ ਫੁਰਮਾ ਦਿਤਾ। ਤੁਕ ਇਹ ਹੈ :-

**"ਜੇਹੇ ਕਰਮ ਕਮਾਇ ਤੇਹਾ ਹੋਇਸੀ ॥"** **ਪੰਨਾ 730**

**"ਏ ਮਨ ਜੈਸਾ ਸੇਵਹਿ ਤੈਸਾ ਹੋਵਹਿ ਤੇਹੇ ਕਰਮ ਕਮਾਇ ॥**
**ਆਪਿ ਬੀਜਿ ਆਪੇ ਹੀ ਖਾਵਣਾ ਕਹਣਾ ਕਿਛੂ ਨ ਜਾਇ ॥"** **ਪੰਨਾ 755**

**ਭਾਵ ਅਰਥ :–** ਇਹ ਮਨ ਜੈਸਾ ਸੇਵਦਾ ਹੈ, ਵੈਸਾ ਹੀ ਹੋ ਜਾਂਦਾ ਹੈ ਭਾਵ ਇਹ ਆਪ ਹੀ ਬੀਜ ਬੀਜਦਾ ਹੈ ਤੇ ਆਪੇ ਹੀ ਖਾਂਦਾ ਹੈ। ਕਿਛ ਹੋਰ ਕਿਹਾ ਨਹੀਂ ਜਾ ਸਕਦਾ।

ਜਿਹੋ ਜਿਹੇ ਜੀਵ ਕਰਮ ਕਰਦਾ ਹੈ, ਉਹੋ ਜਿਹਾ ਉਹਦਾ ਸੁਭਾਉ ਬਣ ਜਾਂਦਾ ਹੈ ਤੇ ਉਹੋ ਜਿਹੇ ਉਸ ਅੰਦਰ ਉਤਰਾਉ, ਚੜ੍ਹਾਉ ਵਾਲੇ ਤਰੰਗ ਉਠਦੇ ਰਹਿੰਦੇ ਹਨ। ਉਸ ਡੂੰਘੇ ਪਏ ਝੱਸ (ਸੁਭਾਉ) ਅਧੀਨ, ਮੁੜ ਮੁੜ ਉਹੋ ਜਿਹੇ ਕੰਮ, ਮਰਨ ਤਾਂਈ ਕਰਦਾ ਰਹਿੰਦਾ ਹੈ। ਇਸ ਵਿਚ ਕੋਈ ਸੰਸਾ ਨਹੀਂ ਰਿਹਾ।

ਜੀਵ ਨੂੰ ਮਾਇਆ ਮਮਤਾ ਵਾਲੇ ਕਰਮ ਦੁਖੀ ਕਰਦੇ ਹਨ ਤੇ ਉਹ ਔਖਾ ਹੁੰਦਾ ਹੈ। ਇਹੋ ਜਿਹਾ ਜੀਵ, ਇਨ੍ਹਾਂ ਨੂੰ ਸੁਖ ਦੀ ਲਾਲਸਾ ਨਾਲ ਚਾਉ ਭਰੇ ਉਤਸਾਹ ਨਾਲ ਕਰਦਾ ਹੈ। ਪਰ ਵਾਂਛਤ ਸੁਖ ਲਭਦਾ ਨਹੀਂ। ਇਸਦੇ ਉਲਟ ਹੋਰ ਦੁਖਾਂ ਵਿਚ ਫਸ ਜਾਦਾ ਹੈ। ਗੁਰਮਤਿ ਫੁਰਮਾਉਂਦੀ ਹੈ

**"ਨਾਨਕ ਦੁਖੀਆ ਸਭੁ ਸੰਸਾਰੁ ॥"** **ਪੰਨਾ 954**

**ਭਾਵ ਅਰਥ :–** ਸਾਰੀ ਦੁਨੀਆਂ, ਹੇ ਨਾਨਕ ! ਦੁਖੀ ਹੈ। ਸੁਖੀ ਉਹ ਹੈ ਜਿਸ ਦਾ ਆਸਰਾ ਨਾਮ ਹੈ। ਜੀਵ ਸੁਖ ਟੋਲਦਾ ਹੈ-ਧਨ ਇੱਕਠਾ ਕਰਨ ਵਿਚ। ਜੀਵ ਸੁਖ ਟੋਲਦਾ ਹੈ-ਨਾਚ ਰੰਗ ਤੇ ਨਾਟਕਾਂ ਵਿਚ। ਜੀਵ ਸੁਖ ਲਭਦਾ ਹੈ-ਪਰਦੇਸ ਕਮਾਵਣ ਵਿਚ। ਪਰ ਗੁਰਮਤਿ ਫੁਰਮਾਉਂਦੀ ਹੈ ਕਿ ਇਨ੍ਹਾਂ ਕਰਮਾਂ ਦੇ ਕਰਨ ਵਿਚ ਸੁਖ ਨਹੀਂ ਮਿਲ ਸਕਦਾ। ਜਦ ਤਾਂਈ ਕਿ ਹਰੀ ਦੇ ਗੁਣ ਨਾ ਗਾਏ ਜਾਣ।

**"ਸੁਖੁ ਨਾਹੀ ਬਹੁਤੈ ਧਨਿ ਖਾਟੇ ॥**
**ਸੁਖੁ ਨਾਹੀ ਪੇਖੇ ਨਿਰਤਿ ਨਾਟੇ ॥**
**ਸੁਖੁ ਨਾਹੀ ਬਹੁ ਦੇਸ ਕਮਾਏ ॥**
**ਸਰਬ ਸੁਖਾ ਹਰਿ ਹਰਿ ਗੁਣ ਗਾਏ ॥** **ਪੰਨਾ 1147**

ਵਿਅਕਤੀਗਤ ਦ੍ਰਿਸ਼ਟਾਂਤ ਦੀ ਥਾਂ, ਵੀਹ ਪਚੀ ਕਰੋੜ ਬੰਦਿਆਂ ਦੇ ਵਸਣ ਵਾਲੇ ਦੇਸ਼ ਨੂੰ ਲਈਏ। ਉਹ ਦੇਸ਼ ਸਾਰੇ ਸੰਸਾਰ ਵਿਚੋਂ ਧਨਾਢ ਹੈ। ਦੁਧ ਦੀਆਂ ਨਦੀਆਂ ਵਗਣ ਵਾਲੀ ਕਹਾਵਤ, ਇਸੇ ਦੇਸ਼ ਲਈ ਠੀਕ ਢੁੱਕਦੀ ਹੈ। ਸਰੀਰਕ ਸੁੱਖਾ ਲਈ, ਜੋ ਚਾਹੇ, ਉਥੇ ਉਪਲਬੱਧ ਹੈ। ਜਿਸ ਦੇਸ਼ ਦਾ ਕਾਮਾ, ਪੰਜ/ਛੇ ਸੌ ਰੁਪਏ ਰੋਜ ਦਿਹਾੜੀ ਲੈਂਦਾ ਹੈ। ਹੁਨਰ ਵਾਨਾਂ ਦੀ ਤਾਂ ਗਲ ਹੀ ਛਡੋ। ਜਿਸ ਦੇਸ਼ ਦਾ ਕਾਮਾ ਕਾਰਖਾਨਿਆਂ ਵਿਚ, ਨੌਕਰੀ ਦੇਣ ਦੀ ਡੀਊਟੀ ਆਪਣੀ ਕਾਰ ਵਿਚ ਜਾਂਦਾ ਹੈ। ਜਿਸ ਦੇਸ਼ ਵਿਚ ਭਾਂਡੇ ਮਾਜਨ ਵਾਲੀ ਇਸਤਰੀ ਆਪਣੀ ਕਾਰ ਵਿਚ ਬੈਠ ਕੇ, ਧਨਾਢਾਂ ਦੇ ਘਰਾਂ ਵਿਚ ਭਾਂਡੇ ਮਾਂਜਨ ਲਈ ਜਾਂਦੀ ਹੈ। ਜਿਸ ਦੇ ਮਾਮੂਲੀ ਕਾਮਿਆਂ ਦੇ ਘਰ ਰੈਫਰੀਜਰੇਟਰ, (Refrigerator) ਤੇ ਟੈਲੀਵੀਜ਼ਨ ਲਗੇ ਹੋਏ ਹਨ। ਇਹੋ ਜਿਹਾ ਦੇਸ਼, ਮਨ ਕਰ ਕੇ, ਬੜਾ ਦੁਖੀ ਹੈ। ਇਸ ਦੇਸ਼ ਦਾ ਨਾਮ ਹੈ ਅਮਰੀਕਾ। ਇਸ ਦੇਸ਼ ਵਿਚ ਹਰ ਇਕ ਸਟੇਟ ਦੀ ਰਾਜਧਾਨੀ ਵਿਚ, ਦਿਮਾਗੀ ਇਲਾਜ ਲਈ ਹਸਪਤਾਲ ਹਨ। ਇਨ੍ਹਾਂ ਹਸਪਤਾਲਾਂ (Mental Hospitals) ਵਿਚ ਹਜ਼ਾਰਾਂ ਦੀ ਗਿਣਤੀ ਵਿਚ ਦਿਮਾਗੀ ਬੀਮਾਰਾਂ ਲਈ ਪਲੰਘ ਵਿਛੇ ਹੋਏ ਹਨ। ਛੋਟੀ ਤੋਂ ਛੋਟੀ ਸਟੇਟ ਦੀ ਰਾਜਧਾਨੀ ਵਿਚ ਵੀਹ ਹਜ਼ਾਰ ਦੇ ਬਿਸਤਰਿਆਂ ਵਾਲਾ ਹਸਪਤਾਲ ਕੇਵਲ ਦਿਮਾਗੀ ਬੀਮਾਰਾਂ ਲਈ ਹੈ। ਇਹੋ ਜਿਹੇ ਸਟੇਟਾਂ ਦੇ ਹਸਪਤਾਲ ਖਚਾ ਖਚ ਦਿਮਾਗੀ ਬੀਮਾਰਾਂ ਨਾਲ ਭਰੇ ਰਹਿੰਦੇ ਹਨ। ਇਥੇ ਹੀ ਬਸ ਨਹੀਂ, ਹਜ਼ਾਰਾਂ ਦੀ ਗਿਣਤੀ ਵਿਚ ਹੋਰ ਨਵੇਬੀਮਾਰਾਂ ਦੇ ਨਾਮ (Waiting List) ਇੰਤਜਾਰ ਕਰਨ ਵਾਲੀ ਸੂਚੀ ਵਿਚ ਹੁੰਦੇ ਹਨ ਕਿ ਕਦ

ਉਹ ਪਹਿਲੇ ਦਾਖਲ ਹੋਏ ਉਥੋਂ ਨਿਕਲਣ ਤੇ ਉਨ੍ਹਾਂ ਦੀ ਵਾਰੀ ਆਏ। ਇਹ ਸਾਰੇ ਉਥੇ ਕਿਉਂ ਦੁਖੀ ਹਨ, ਜਦ ਕਿ ਹਰ ਲਈ ਕੁਲੀ, ਜੁਲੀ, ਗੁਲੀ (ਘਰ, ਕਪੜਾ ਤੇ ਖਾਣਾ) ਮੌਜੂਦ ਹੈ ? ਉਤਰ ਸਪਸ਼ਟ ਹੈ ਕਿ ਸੁਖ ਨੂੰ ਅਨੁਭਵ ਕਰਨ ਵਾਲੀ ਵਸਤੂ ਮਨ ਹੈ। ਉਹਨਾਂ ਦਾ ਮਨ ਡਾਢਾ ਦੁਖੀ ਹੈ। ਸਵੇਰੇ ਵਿਆਹ ਤੇ ਸ਼ਾਮ ਨੂੰ ਤਲਾਕ (Divorce)। ਮਨ ਦੇ ਸੁਖ ਲਈ ਹੋਟਲਾਂ, ਸਿਨਮਿਆਂ, ਨਾਚ ਕਲਬਾਂ ਵਿਚ ਜਾਂਦੇ ਹਨ ਪਰ ਉਥੇ ਵੀ ਉਹ ਸੁਖ ਨਹੀਂ ਲਭਦਾ, ਕੁਝ ਚਿਰ ਲਈ ਮਨ ਪਰਚਾਵਾ ਹੋ ਜਾਂਦਾ ਹੈ।

ਜੇ ਕੋਈ ਸਦਾ ਦਾ ਖੇੜਾ (ਭਾਵੇਂ ਉਹ ਕਿਸੇ ਕੌਮ, ਕਿਸੇ ਰੰਗ ਤੇ ਨਸਲ ਦਾ ਹੋਵੇ) ਚਾਹੇ ਤਾਂ ਜਿਸ ਸਿਰਜਨਹਾਰ, ਪਾਲਣਹਾਰ, ਬਖਸ਼ਨਹਾਰ ਤੇ ਦਾਤਾਰ ਨੇ ਇਹ ਸੰਸਾਰ ਰਚਿਆ ਹੈ, ਉਸ ਦਾ ਨਾਮ ਸਿਮਰੇ। ਸਦਾ ਦਾ ਖੇੜਾ ਲਭ ਪੈਸੀ। ਕੋਈ ਪਰਤਾਵਾ ਕਰਕੇ ਵੇਖ ਲਵੇ। ਪ੍ਰਮਾਣ ਹੈ :-

**"ਅਬਿਨਾਸੀ ਖੇਮ ਚਾਹਹਿ ਜੇ ਨਾਨਕ ਸਦਾ ਸਿਮਰਿ ਨਾਰਾਇਣ ॥" ਪੰਨਾ 714**

**ਭਾਵ ਅਰਥ :-** ਹੇ ਮਨੁੱਖ ! ਜੇ ਤੂੰ ਸਦਾ ਦਾ ਸੁਖ ਲੋੜਦਾ ਹੈ, ਤਾਂ ਸਦਾ ਹੀ ਉਸ ਪ੍ਰਭੂ ਨੂੰ ਸਿਮਰ।

ਪ੍ਰਭੂ ਸਿਮਰਨ ਕਰਨ ਵੇਲੇ, ਨਵੇਂ ਲਗਿਆਂ ਦਾ ਮਨ, ਸਗੋਂ ਜਿਆਦਾ ਉਧੇੜ ਬੁਣ ਵਿਚ ਜੁਟ ਜਾਂਦਾ ਹੈ। ਇਸ ਦਾ ਕੀ ਕਾਰਣ ? ਕਾਰਣ ਇਹ ਹੈ ਕਿ ਉਹਨਾਂ ਦੇ ਡੂੰਘੇ ਪਏ ਹੋਏ ਸੁਭਾਉ (Deep rooted Instincts) ਉਸ ਵੇਲੇ ਜੋਰ ਫੜ ਜਾਂਦੇ ਹਨ। ਇਸ ਦੇ ਦੂਰ ਕਰਨ ਦਾ ਸਾਧਨ ਇਹੋ ਹੈ ਕਿ ਆਪਣੀ ਸੋਸਾਇਟੀ ਨੂੰ ਵੀ ਨਾਮ ਸਿਮਰਨ ਨਾਲ ਬਦਲਣਾ ਜਰੂਰੀ ਹੈ। ਸੰਗਤ ਬਚਨਾਂ ਦੇ ਬੋਲਣ ਨਾਲ ਹੁੰਦੀ ਹੈ। ਸਾਨੂੰ ਆਪਣੀ ਨੀਹ (Base) ਬਦਲਣੀ ਜ਼ਰੂਰੀ ਹੈ। ਸਦਾ ਦੇ ਸੁਖ ਦੇ ਇੱਛਕ ਨੂੰ ਚਾਹੀਦਾ ਹੈ ਕਿ ਆਪਣੀ ਸੰਗਤ ਗੁਰਬਾਣੀ ਨਾਲ ਕਰੇ। ਗੁਰੂ ਦੇ ਦਰਸਾਏ ਹੁਕਮ, ਜੋ ਬਾਣੀ ਅੰਦਰ ਅੰਕਤ ਹਨ, ਉਨ੍ਹਾਂ ਅਨੁਸਾਰ ਕੰਮ ਕਰੇ। ਉਨ੍ਹਾਂ ਅਨੁਸਾਰ ਜੀਵਨ ਢਾਲੇ। ਗੁਰਬਾਣੀ ਵਿਚ ਦਰਸਾਈ ਬਿਧੀ ਅਨੁਸਾਰ ਨਾਮ ਜਪੇ। ਗੁਰਮੁਖਾਂ ਦੀ ਸੰਗਤ ਕਰੇ। ਇਹ ਕਰਨ ਨਾਲ ਉਸ ਦਾ ਪੁਰਾਣਾ ਸੁਭਾਉ ਬਦਲ ਜਾਏਗਾ ਤੇ ਨਵਾਂ ਸੁਭਾਉ ਪੈ ਜਾਏਗਾ। ਫਿਰ ਉਸ ਦੇ ਮਨ ਵਿਚ, ਉਹੀ ਫੁਰਨੇ ਉਠਣਗੇ, ਜੋ ਗੁਰਬਾਣੀ ਅਨੁਸਾਰ ਹੋਣਗੇ। ਇਹ ਗੁਰਬਾਣੀ ਅਨੁਸਾਰ ਉਠੇ ਫੁਰਨੇ ਸਦਾ ਦੇ ਖੇੜੇ ਵਾਲੇ ਹੁੰਦੇ ਹਨ। ਇਨ੍ਹਾਂ ਨਾਲ ਸਹਿਜ ਅਵਸਥਾ (Equilibrium of mind) ਸਦਾ ਬਣੀ ਰਹਿੰਦੀ ਹੈ।

# (17)

# ਕੀ ਇਹ ਸਿਖੀ ਹੈ ?

## ਗੁਰਮਤਿ ਦੀ ਕਸੱਵਟੀ ਤੇ

ਸ੍ਰੀ ਗੁਰੂ ਨਾਨਕ ਦੇਵ ਜੀ ਦੇ ਆਗਮਨ ਸਮੇਂ ਜੋ ਦਸ਼ਾ ਸੰਸਾਰ ਵਿਚ ਸੀ, ਉਸ ਪਰਥਾਇ ਗੁਰੂ ਸਾਹਿਬ ਫੁਰਮਾਉਂਦੇ ਹਨ :-

**" ਕਲਿ ਕਾਤੀ ਰਾਜੇ ਕਾਸਾਈ ਧਰਮੁ ਪੰਖ ਕਰਿ ਉਡਰਿਆ ॥**
**ਕੂੜੁ ਅਮਾਵਸ ਸਚੁ ਚੰਦ੍ਰਮਾ ਦੀਸੈ ਨਾਹੀ ਕਹ ਚੜਿਆ ॥**
**ਹਉ ਭਾਲਿ ਵਿਕੁੰਨੀ ਹੋਈ ॥**
**ਆਧੇਰੈ ਰਾਹੁ ਨ ਕੋਈ ॥**
**ਵਿਚਿ ਹਉਮੈ ਕਰਿ ਦੁਖੁ ਰੋਈ ॥**
**ਕਹੁ ਨਾਨਕ ਕਿਨਿ ਬਿਧਿ ਗਤਿ ਹੋਈ ॥"** **ਪੰਨਾ 145**

**ਭਾਵ ਅਰਥ :-** ਕਲਜੁਗ ਵਿਚ ਰਾਜੇ ਕਸਾਈ ਹੋ ਰਹੇ ਹਨ। ਉਨ੍ਹਾਂ ਦੇ ਹੱਥ ਅਨਿਆਇ ਤੇ ਜੁਲਮ ਦੀ ਛੁਰੀ ਹੈ। ਇਸ ਛੁਰੀ ਨਾਲ ਪਰਜਾ ਕੋਹੀ ਜਾ ਰਹੀ ਹੈ। ਧਰਮ ਖੰਭ ਲਾ ਕੇ ਉਡ ਗਿਆ ਹੈ। ਕੂੜ ਦੀ ਮਸਿਆ ਹਨੇਰੀ ਵਾਂਗੂੰ ਛਾ ਰਹੀ ਹੈ। ਸਚ ਜੋ ਚੰਦਰਮਾਂ ਵਾਂਗ ਚਾਨਣ ਦੇਣਹਾਰ ਹੈ,

ਕਿਤੇ ਵੀ ਚੜ੍ਹਿਆ ਹੋਇਆ ਨਜ਼ਰ ਨਹੀਂ ਪੈਂਦਾ। ਮੈਂ ਸਚ ਨੂੰ ਭਾਲਦਾ ਵਿਆਕੁਲ ਹੋ ਗਿਆ ਹਾਂ। ਇਸ ਹਨੇਰੇ ਵਿਚ ਕੋਈ ਰਾਹ, ਬਚਾਉ ਦਾ, ਨਹੀਂ ਦਿਸਦਾ। ਸਚ ਦੀ ਥੁੜ ਕਰਕੇ ਸ੍ਰਿਸ਼ਟੀ ਹਉਮੈ ਵਿਚ ਫਾਥੀ ਦੁਖੀ ਹੋ ਕਰ ਰੋ ਰਹੀ ਹੈ। ਹੇ ਨਾਨਕ ! ਕਿਸ ਬਿਧੀ ਨਾਲ ਕਲਿਆਣ, ਸੁਖ ਹੋਵੇ ?

ਉਸ ਵੇਲੇ ਧਰਮ ਉਕਾ ਹੀ ਉਡ ਗਿਆ ਸੀ। ਕੂੜ ਪ੍ਰਧਾਨ ਹੋ ਕੇ ਬਾਹਾਂ ਲੁਡਾਉਂਦਾ, ਆਪ ਮੁਹਾਰਾਂ ਮੌਜਾਂ ਮਾਣ ਰਿਹਾ ਸੀ। ਅਨਿਆਇ ਤੇ ਧੀਗਾਜੋਰੀ ਟੀਸੀ ਤੇ ਸੀ। ਰਾਜੇ ਕਸਾਈ ਵਾਂਗੂ ਪ੍ਰਜਾ ਨੂੰ ਜ਼ੁਲਮ ਦੀ ਛੁਰੀ ਨਾਲ ਕੋਹ ਰਹੇ ਸਨ। ਧਰਮ, ਇਕ ਰਸਮੀ ਜਿਹੀ ਗਲ ਹੋ ਗਈ ਸੀ। ਪੂਜਾ ਪਾਠ, ਜਪ-ਤਪ, ਤੀਰਥ ਇਸ਼ਨਾਨ, ਪੁੰਨਦਾਨ, ਜਾਤ-ਪਾਤ, ਮੂਰਤੀ ਪੂਜਾ, ਦੇਵੀ ਦੇਵਤਿਆਂ ਦਾ ਧਿਆਨ ਧਰਨਾ ਹੀ, ਸਹੀ ਧਰਮ ਸਮਝਿਆ ਜਾਣ ਲਗ ਪਿਆ ਸੀ। ਭਰਮ ਭ੍ਰਾਂਤੀ, ਈਰਖਾ, ਦਵੈਸ਼, ਨਿੰਦਾਂ, ਬਖੀਲੀ, ਦਗਾ ਤੇ ਧਰੋਹ ਪ੍ਰਧਾਨ ਸਨ। ਭ੍ਰਿਸ਼ਟਾਚਾਰ ਜੋਰਾਂ ਤੇ ਸੀ। ਕਾਮ, ਕ੍ਰੋਧ, ਲੋਭ, ਮੋਹ ਤੇ ਹੰਕਾਰ ਦੀ ਅਗਨੀ ਵਿਚ ਲੋਕਾਈ ਸੜ ਰਹੀ ਸੀ। ਅਸ਼ਾਂਤੀ ਹੀ ਅਸ਼ਾਂਤੀ ਪਸਰੀ ਹੋਈ ਸੀ। ਇਸਦਾ ਕਾਰਨ ਕੀ ਸੀ ? ਇਸ ਦਾ ਕਾਰਨ, ਗੁਰੂ ਨਾਨਕ ਜੀ ਨੇ ਆਪਣੇ ਉਤਲੇ ਸ਼ਬਦ ਵਿਚ ਸਪਸ਼ਟ ਦਸਿਆ ਹੈ ਕਿ ਅਸਲ ਧਰਮ ਪੰਖ ਲਾ ਕੇ ਉਡ ਗਿਆ ਸੀ। ਧਰਮ ਦੀ ਨੀਂਹ ਸਚ ਤੇ ਹੁੰਦੀ ਹੈ। ਸਚ ਜੀਵਨ ਵਿਚ ਤਦ ਘਟਦਾ ਹੈ, ਜਦ ਕਿ ਜੋ

**"ਆਦਿ ਸਚੁ ਜੁਗਾਦਿ ਸਚੁ ॥**
**ਹੈ ਭੀ ਸਚੁ ਨਾਨਕ ਹੋਸੀ ਭੀ ਸਚੁ ॥"** **ਪੰਨਾ** 1

ਹੈ, ਉਸਨੂੰ ਅਨੁਭਵ ਵਿਚ ਲਿਆਈਏ। ਸ੍ਰੀ ਗੁਰੂ ਨਾਨਕ ਦੇਵ ਜੀ ਨੇ ਆ ਕੇ, ਭਰਮ ਭ੍ਰਾਂਤੀ ਦੇ ਹਨੇਰੇ ਵਿਚ ਪਈ ਲੁਕਾਈ ਨੂੰ ਉਪਦੇਸ਼ ਦਿਤਾ ਕਿ ਭੁਲੇਖੇ, ਜੋ ਭਰਮ ਭ੍ਰਾਂਤੀ ਤੋ ਉਪਜਦੇ ਹਨ, ਇਨ੍ਹਾਂ ਨੂੰ ਦੂਰ ਕਰੋ। ਇਹ ਗੱਲ ਸ੍ਰੀ ਹਜ਼ੂਰ ਨੇ ਐਵੇਂ ਹੀ ਨਹੀਂ ਆਖੀ ਕਿ ''ਮੇਰੀ ਗਲ ਤੇ ਅਮੰਨਾ ਲਿਆਉ।'' ਨਹੀਂ। ਇਸ ਦੇ ਉਲਟ ਸ੍ਰੀ ਹਜ਼ੂਰ ਨੇ ਫੁਰਮਾਇਆ ਕਿ ਇਸ ਗਲ ਨੂੰ ਬੁਧੀ ਦੀ ਕਸਵਟੀ ਤੇ ਪਰਖ ਕਰ ਨਿਰਣਾ ਕੀਤਾ ਜਾ ਸਕਦਾ ਹੈ। ਜੈਸਾ ਕਿ ਹਜ਼ੂਰ ਨੇ ਜਪੁਜੀ ਵਿਚ ਫੁਰਮਾਇਆ ਹੈ :-

**"ਜੇ ਕੋ ਕਹੈ ਕਰੈ ਵੀਚਾਰੁ ॥"** **ਪੰਨਾ** 3

ਇਹ ਸ਼ਬਦ ਗੁਰੂ ਜੀ ਨੇ ਇਸ ਮਤ ਦੀ ਖੰਡਨਤਾ ਵਿਚ ਫੁਰਮਾਏ ਹਨ ਕਿ ਧਰਤੀ ਇਕ ਬਲਦ ਦੇ ਸਹਾਰੇ ਖੜੀ ਹੈ। ਇਸ ਧਰਤੀ ਦਾ ਭਾਰ, ਬਲਦ ਨੇ ਥੰਮਿਆ ਹੋਇਆ ਹੈ। ਇਸ ਪ੍ਰਸੰਗ ਵਿਚ ਹਜ਼ੂਰ ਫੁਰਮਾਉਂਦੇ ਹਨ ਕਿ ਭਲਾ, ਜੇ ਇਕ ਛਿਨ ਲਈ ਮੰਨ ਵੀ ਲਈਏ ਕਿ ਸਾਰੀ ਧਰਤੀ ਦਾ ਭਾਰ ਬਲਦ ਨੇ ਚੁਕਿਆ ਹੋਇਆ ਹੈ ਤਾਂ ਇਹ ਗੱਲ ਦਸੋ ਕਿ ਬਲਦ ਦੇ ਥਲੇ ਕਿਹੜੀ ਸ਼ੈ ਹੈ, ਜਿਸ ਨੇ ਇਕ ਬਲਦ ਦੇ ਭਾਰ ਨੂੰ ਸਮੇਤ ਧਰਤੀ ਚੁਕਿਆ ਹੋਇਆ ਹੈ ? ਜੇ ਇਸ ਬਲਦ ਦੀ ਧਰਤੀ ਚੁਕਣ ਵਾਲੀ ਕਹਾਣੀ ਨੂੰ ਸਾਇੰਸ (ਵਿਗਿਆਨ) ਦੀ ਕਸਵਟੀ ਤੇ ਪਰਖੀਏ ਤਾਂ ਪੂਰੀ ਨਹੀਂ ਉਤਰਦੀ। ਕਿਵੇਂ ਇਕ ਨਿਕਾ ਜਿਹਾ ਬਲਦ, ਬੇਅੰਤ ਭਾਰ ਵਾਲੀ ਧਰਤੀ ਨੂੰ ਚੁਕ ਸਕਦਾ ਹੈ ? ਇਸ ਪਰਥਾਇ ਹਜ਼ੂਰ ਫੁਰਮਾਉਂਦੇ ਹਨ :-

**"ਜੇ ਕੋ ਕਹੇ ਕਰੈ ਵੀਚਾਰੁ ॥"** **ਪੰਨਾ** 3

**ਭਾਵ ਅਰਥ :-** ਜੇ ਕੋਈ ਗਲ ਕਹੇ, ਉਸ ਦੀ ਵੀਚਾਰ ਕਰੋ। ਪਰਮੇਸ਼ਰ ਨੇ ਬੁਧੀ ਬਖਸ਼ੀ ਹੈ। ਇਸ ਦੀ ਵਰਤੋਂ ਕਰੋ ਤੇ ਲਾਭ ਉਠਾਵੋ। ਐਵੇਂ ਨਾ ਮੰਨੋ। ਜੇ ਕੋਈ ਇਹ ਗੱਪ ਮਾਰੇ ਕਿ ਉਸ ਨੇ ਅਜ ਇਕ ਇੱਲ ਅਸਮਾਨੇ ਉਡਦੀ ਵੇਖੀ ਹੈ, ਜਿਸ ਦੀ ਚੁੰਜ ਵਿਚ ਇਕ ਹਾਥੀ ਫੜਿਆ ਸੀ, ਕਿ ਮੰਨਣ ਯੋਗ ਹੋ ਸਕਦੀ ਹੈ ? ਭਲਾ ਐਨਾ ਵਡਾ ਹਾਥੀ ਐਨੀ ਛੋਟੀ ਇੱਲ ਕਿੰਞੂ ਚੁੱਕ ਸਕਦੀ ਹੈ ? ਵਿਚਾਰ

ਵਾਲਾ ਤੁਰੰਤ ਹੀ ਨਿਰਣਾ ਕਰ ਕੇ, ਉਸ ਨੂੰ ਝੂਠਾ ਆਖੇਗਾ। ਪਰ ਜੋ ਵਿਚਾਰ ਦੀ ਕਸਵਟੀ ਤੇ ਇਹ ਗਲ ਨਾ ਪਰਖੇਗਾ, ਉਹ ਸਚ ਮੰਨ ਕੇ ਆਖੇਗਾ ''ਕਿ ਜਿਸ ਨੇ ਇਹ ਗਲ ਅੱਖੀ ਵੇਖੀ ਹੈ, ਕੀ ਕੂੜ ਮਾਰਦਾ ਏ ?''

ਅਸੀਂ ਅਜ ਇਹ ਨਿਰਣਾ ਕਰਨਾ ਹੈ ਕਿ ਉਹ ਕਿਹੜੀਆਂ ਭਰਮ ਭਰਾਂਤੀਆਂ ਸਨ ? ਉਹ ਕਿਹੜੇ ਭੁਲੇਖੇ ਸਨ ? ਉਹ ਕਿਹੜਾ ਅੰਧੇਰਾ ਸੀ, ਜਿਸ ਵਿਚੋਂ ਹਜ਼ੂਰ ਗੁਰੂ ਨਾਨਕ ਦੇਵ ਜੀ ਨੇ ਕੁਰਾਹੇ ਪਈ ਲੁਕਾਈ ਨੂੰ ਕਢਿਆ ? ਉਹ ਕਿਹੜੀ ਧੁੰਦ ਸੀ ਜੋ ਗੁਰੂ ਨਾਨਕ ਰੂਪੀ ਸੂਰਜ ਦੇ ਚੜ੍ਹਨ ਨਾਲ ਦੂਰ ਹੋਈ ?

ਗੁਰੂ ਨਾਨਕ ਦੇ ਸਿੱਖ ਦੇ ਲੱਛਣ ਕੀ ਹਨ ? ਸਿੱਖੀ ਦੀ ਵਿਆਖਿਆ (Definition) ਕੀ ਹੈ ? ਕੀ ਅਸੀਂ ਗੁਰੂ ਦਰਸਾਏ ਸਿਧਾਂਤਾਂ ਤੇ ਚਲਣ ਵਾਲੇ ਸਿੱਖ ਹਾਂ ? ਜਾਂ ਐਵੇ ਨਾਮ ਧਰੀਕ ਸਿੱਖ ਹਾਂ।

ਗੁਰਬਾਣੀ ਇਹ ਦਰਸਾਉਂਦੀ ਹੈ ਕਿ ਗੁਰੂ ਜੀ ਦੀ ਸਿਖਿਆ ਨੂੰ ਵਿਚਾਰਨਾ ਤੇ ਸਿੱਖਣਾ ਹੀ ਸਿੱਖੀ ਹੈ। ਯਥਾ :-

**"ਸਿਖੀ ਸਿਖਿਆ ਗੁਰ ਵੀਚਾਰਿ ॥"** **ਪੰਨਾ 465**

ਪਰ 'ਵੀਚਾਰਿ' ਦੇ ਰਾਰੇ ਨੂੰ ਸਿਆਰੀ ਹੈ। ਸੰਬੰਧਕ ਵਾਚਕ ਹੋਣ ਕਰਕੇ ਅਰਥ ਹੋਇਆ, ਗੁਰੂ ਵਿਚਾਰ ਦੁਆਰਾ ਸਿਖਿਆ ਨੂੰ ਜੀਵਨ ਵਿਚ ਘਟਾਉਣਾ ਹੀ ਸਿੱਖੀ ਹੈ। ਫਿਰ ਗੁਰੂ -

**"ਨਦਰੀ ਕਰਮਿ ਲੰਘਾਏ ਪਾਰਿ ॥"** **ਪੰਨਾ 465**

ਮਿਹਰ ਨਾਲ, ਕ੍ਰਿਪਾ ਦ੍ਰਿਸ਼ਟੀ ਕਰ ਕੇ, ਸੰਸਾਰ ਰੂਪ ਨਦੀ ਤੋਂ ਪਾਰ ਲੰਘਾਉਂਦਾ ਹੈ। ਸਾਡੇ ਉਤੇ ਕ੍ਰਿਪਾ ਦੀ ਨਦਰ, ਤਦ ਤਕ ਨਹੀਂ ਹੋ ਸਕਦੀ, ਜਦ ਤਾਂਈ ਕਿ ਅਸੀਂ ਗੁਰੂ ਦੀ ਸਿਖਿਆ ਨੂੰ ਵਿਚਾਰ ਦੁਆਰਾ ਨਾ ਸਿਖੀਏ। ਸਿੱਖ ਕੌਣ ਹੈ ?

**"ਸੋ ਸਿਖੁ ਸਖਾ ਬੰਧਪੁ ਹੈ ਭਾਈ ਜਿ ਗੁਰ ਕੇ ਭਾਣੇ ਵਿਚਿ ਆਵੈ ॥**
**ਆਪਣੈ ਭਾਣੈ ਜੋ ਚਲੈ ਭਾਈ ਵਿਛੁੜਿ ਚੋਟਾ ਖਾਵੈ ॥"** **ਪੰਨਾ 601**

**ਭਾਵ ਅਰਥ :-** ਉਹੀ ਸਿੱਖ, ਭਾਈ, ਮਿਤਰ, ਸੰਬੰਧੀ ਹੈ, ਜੋ ਗੁਰੂ ਦੇ ਭਾਣੇ ਵਿਚ ਆਉਂਦਾ ਹੈ ਤੇ ਜਿਹੜਾ ਆਪਣੇ ਭਾਣੇ ਭਾਵ ਆਪਣੀ ਮਰਜੀ ਤੇ ਟੁਰਦਾ ਹੈ ਉਹ ਪ੍ਰਭੂ ਤੋਂ ਵਿਛੜ ਕੇ ਦੁਖੀ ਹੋ ਕਰ, ਅਸਫਲਤਾਈਆਂ ਦੀਆਂ ਸਟਾਂ ਖਾਂਦਾ ਹੈ। ਸਨਮੁਖੀ ਸਿਖ ਦੇ ਲਛਣ, ਗੁਰਮਤਿ ਵਿਚ ਇਹ ਹਨ :-

**"ਜੇ ਕੋ ਸਿਖੁ ਗੁਰੂ ਸੇਤੀ ਸਨਮੁਖੁ ਹੋਵੈ ॥**
**ਹੋਵੈ ਤ ਸਨਮੁਖੁ ਸਿਖੁ ਕੋਈ ਜੀਅਹੁ ਰਹੈ ਗੁਰ ਨਾਲੇ ॥**
**ਗੁਰ ਕੇ ਚਰਨ ਹਿਰਦੈ ਧਿਆਏ ਅੰਤਰ ਆਤਮੈ ਸਮਾਲੇ ॥**
**ਆਪੁ ਛਡਿ ਸਦਾ ਰਹੈ ਪਰਣੈ ਗੁਰ ਬਿਨੁ ਅਵਰੁ ਨ ਜਾਣੈ ਕੋਏ ॥**
**ਕਹੈ ਨਾਨਕੁ ਸੁਣਹੁ ਸੰਤਹੁ ਸੋ ਸਿਖੁ ਸਨਮੁਖੁ ਹੋਏ ॥"** **ਪੰਨਾ 919**

**ਭਾਵ ਅਰਥ :-** ਜੇ ਕੋਈ ਸਿਖ ਗੁਰੂ ਦੇ ਸਨਮੁਖ ਹੁੰਦਾ ਹੈ ਉਹ ਆਪਣੇ ਹਿਰਦੇ ਦੁਆਰਾ ਗੁਰੂ ਨਾਲ ਰਹਿੰਦਾ ਹੈ। ਗੁਰੂ ਦੇ ਚਰਨ ਭਾਵ ਸ਼ਬਦ ਨੂੰ ਧਿਆਉਂਦਾ ਹੈ।

**"ਹਿਰਦੈ ਚਰਣ ਸਬਦੁ ਸਤਿਗੁਰ ਕੋ ਨਾਨਕ ਬਾਂਧਿਓ ਪਾਲ ॥"** **ਪੰਨਾ 680**

ਅੰਤਰ ਆਤਮੇ, ਹਰ ਵੇਲੇ ਚੇਤੇ ਰਖਦਾ ਹੈ। ਆਪਣੀ ਅਪਣੱਤ ਨੂੰ ਛਡ ਕੇ ਸਦਾ ਗੁਰੂ ਆਸਰੇ ਰਹਿੰਦਾ ਹੈ। ਕੇਵਲ ਗੁਰੂ ਬਿਨਾਂ ਹੋਰ ਕਿਸੇ ਨੂੰ ਨਹੀਂ ਪਛਾਣਦਾ। ਨਾਨਕ ਕਹਿੰਦਾ ਹੈ ਕਿ ਹੇ ਸੰਤਹੁ ! ਮੇਰੀ ਗੱਲ ਸੁਣੋ। ਸਹੀ ਸਨਮੁਖ ਸਿੱਖ ਉਹੀ ਹੁੰਦਾ ਹੈ, ਜਿਸ ਵਿਚ ਕਿ ਉਤਲੇ ਲੱਛਣ ਸੰਪੰਨ ਹਨ।

'ਪਦ, 'ਸਿੱਖ', 'ਸੇਵਕ', 'ਦਾਸ', 'ਹਰਿਜਨ' ਗੁਰਬਾਣੀ ਵਿਚ ਇਕੋ ਹੀ ਭਾਵ ਅਰਥ ਰੱਖਣ ਵਾਲੇ ਪਦ ਹਨ। ਸੇਵਕ ਕਿਹੜਾ ਹੈ ? ਜਿਸ ਵਿਚ ਹੇਠਲੇ ਗੁਣ ਹੋਣ :-

**"ਨਾਨਕ ਸੇਵਕੁ ਸੋਈ ਆਖੀਐ ਜੋ ਸਿਰੁ ਧਰੇ ਉਤਾਰਿ ॥**
**ਸਤਿਗੁਰ ਕਾ ਭਾਣਾ ਮੰਨਿ ਲਏ ਸਬਦੁ ਰਖੈ ਉਰ ਧਾਰਿ ॥"** **ਪੰਨਾ 1247**

**ਭਾਵ ਅਰਥ :-** ਹੇ ਨਾਨਕ ! ਸੇਵਕ ਉਹੀ ਆਖਣਾ ਚਾਹੀਦਾ ਹੈ, ਜਿਹੜਾ ਆਪਣੇ ਸਿਰ ਨੂੰ ਉਤਾਰ ਧਰੇ ਭਾਵ ਪੂਰਨ ਹਉਮੈ ਦੀ ਨਵਿਰਤੀ ਕਰ ਦੇਵੇ। ਸਤਿਗੁਰੂ ਦਾ ਭਾਣਾ ਸਦਾ ਮੰਨੇ ਤੇ ਗੁਰੂ ਸ਼ਬਦ ਨੂੰ ਹਿਰਦੇ ਵਿਚ ਸਦਾ ਪਰੋ ਕੇ ਰਖੇ।

**"ਗੁਰ ਕੈ ਗ੍ਰਿਹਿ ਸੇਵਕੁ ਜੋ ਰਹੈ ॥**
**ਗੁਰ ਕੀ ਆਗਿਆ ਮਨ ਮਹਿ ਸਹੈ ॥**
**ਆਪਸ ਕਉ ਕਰਿ ਕਛੁ ਨ ਜਨਾਵੈ ॥**
**ਹਰਿ ਹਰਿ ਨਾਮੁ ਰਿਦੈ ਸਦ ਧਿਆਵੈ ॥**
**ਮਨੁ ਬੇਚੈ ਸਤਿਗੁਰ ਕੈ ਪਾਸਿ ॥**
**ਤਿਸੁ ਸੇਵਕ ਕੇ ਕਾਰਜ ਰਾਸਿ ॥**
**ਸੇਵਾ ਕਰਤ ਹੋਇ ਨਿਹਕਾਮੀ ॥**
**ਤਿਸ ਕਉ ਹੋਤ ਪਰਾਪਤਿ ਸੁਆਮੀ ॥"** **ਪੰਨਾ 286**

**ਭਾਵ ਅਰਥ :-** ਗੁਰੂ ਦੇ ਘਰ ਵਿਚ ਜੋ ਸੇਵਕ ਰਹਿੰਦਾ ਹੈ, ਉਹ ਸਦਾ ਗੁਰੂ ਆਗਿਆ ਨੂੰ ਮਨ ਵਿਚ ਧਾਰਦਾ ਹੈ। ਆਪਣੇ ਆਪ ਨੂੰ ਕਿਛ ਨ ਜਣਾਉਂਦਾ ਹੋਇਆ ਹਰੀ ਨਾਮ ਨੂੰ ਹਿਰਦੇ ਵਿਚ ਸਦਾ ਧਿਆਉਂਦਾ ਹੈ। ਜੋ ਸੇਵਕ ਆਪਣਾ ਮਨ ਸਤਿਗੁਰੂ ਦੇ ਪਾਸ ਵੇਚ ਦਿੰਦਾ ਹੈ, ਉਸ ਸੇਵਕੇ ਦੇ ਸਾਰੇ ਕਾਰਜ, 'ਸੁਤੇ ਸਿਧ' ਰਾਸ ਹੁੰਦੇ ਰਹਿੰਦੇ ਹਨ। ਉਹ ਸੇਵਕ, ਗੁਰੂ ਦਰਸਾਈ, ਸੇਵਾ ਕਰਦਾ ਹੋਇਆ, ਨਿਸ਼ਕਾਮ ਰਹਿੰਦਾ ਹੈ। ਉਪਰ ਕਥਤ ਸੇਵਕ ਨੂੰ ਪ੍ਰਭੂ ਦੀ ਪ੍ਰਾਪਤੀ ਹੁੰਦੀ ਹੈ।

**"ਠਾਕੁਰ ਕਾ ਸੇਵਕੁ ਆਗਿਆਕਾਰੀ ॥**
**ਠਾਕੁਰ ਕਾ ਸੇਵਕੁ ਸਦਾ ਪੂਜਾਰੀ ॥**
**ਠਾਕੁਰ ਕੇ ਸੇਵਕ ਕੈ ਮਨਿ ਪਰਤੀਤਿ ॥**
**ਠਾਕੁਰ ਕੇ ਸੇਵਕ ਕੇ ਨਿਰਮਲ ਰੀਤਿ ॥**
**ਠਾਕੁਰ ਕਉ ਸੇਵਕੁ ਜਾਨੈ ਸੰਗਿ ॥**
**ਪ੍ਰਭ ਕਾ ਸੇਵਕੁ ਨਾਮ ਕੈ ਰੰਗਿ ॥"** **ਪੰਨਾ 285**

**ਭਾਵ ਅਰਥ :-** ਮਾਲਕ ਦਾ ਸੇਵਕ ਹੁਕਮ ਨੂੰ ਮੰਨਣ ਵਾਲਾ ਹੁੰਦਾ ਹੈ। ਉਹ ਸੇਵਕ ਸਦਾ ਆਪਣੇ ਪ੍ਰਭੂ ਦੀ ਪੂਜਾ ਕਰਦਾ ਹੈ। ਉਸ ਦੇ ਹਿਰਦੇ ਵਿਚ ਪ੍ਰਭੂ ਦੀ ਪਰਤੀਤ ਹੁੰਦੀ ਹੈ। ਉਹਦਾ

ਆਚਾਰ ਨਿਰਮਲ, ਗੁਰਮਤਿ ਅਨੁਸਾਰ ਹੁੰਦਾ ਹੈ। ਉਹ ਸੇਵਕ ਆਪਣੇ ਪਰਮੇਸ਼ਰ ਨੂੰ ਸਦਾ ਆਪਣੇ ਅੰਗ ਸੰਗ ਜਾਣਦਾ ਹੈ। ਪ੍ਰਭੂ ਦਾ ਸੇਵਕ ਨਾਮ ਰੰਗ ਵਿਚ ਗੜੂੰਦ ਰਹਿੰਦਾ ਹੈ।

**"ਬੀਸ ਬਿਸਵੇ ਗੁਰ ਕਾ ਮਨੁ ਮਾਨੈ ॥**

**ਸੋ ਸੇਵਕੁ ਪਰਮੇਸਰੁ ਕੀ ਗਤਿ ਜਾਨੈ ॥ ਪੰਨਾ 287**

**ਭਾਵ ਅਰਥ :-** ਸੌ ਫੀਸਦੀ, ਜੋ ਗੁਰੂ ਦਾ ਹੁਕਮ ਮੰਨਦਾ ਹੈ, ਉਹੀ ਸੇਵਕ ਪਰਮੇਸ਼ਰ ਦੀ ਗਤੀ ਜਾਣਦਾ ਹੈ। ਉਪਰੋਕਤ ਗੁਰ ਪ੍ਰਮਾਣਾਂ ਤੋਂ ਇਹ ਸਪਸ਼ਟ ਹੋਇਆ ਕਿ ਸਿੱਖ, ਸੇਵਕ ਉਹੀ ਹੈ, ਜਿਹੜਾ ਗੁਰੂ ਦੇ ਭਾਣੇ ਭਾਵ ਮਰਜ਼ੀ ਵਿਚ ਆਵੇ। ਨਹੀਂ ਤਾਂ ਸਹੀ ਸਿੱਖ, ਸੇਵਕ ਨਹੀਂ। ਐਵੇਂ ਨਾਮ ਧਰੀਕ ਸਿੱਖ ਪਇਆ ਅਖਵਾਉਂਦਾ ਫਿਰੇ। ਹੁਣ ਸੁਤੇ ਪ੍ਰਸ਼ਨ ਉਠਦਾ ਹੈ ਕਿ ਗੁਰੂ ਦਾ ਭਾਣਾ ਕੀ ਹੈ ? ਇਸ ਤੇ ਅਸੀਂ ਵੇਰਵੇ ਸਹਿਤ, ਲੜੀਵਾਰ ਵਿਚਾਰ ਲਿਖਦੇ ਹਾਂ।

## 1. ਕੇਵਲ ਇਕ ਦੀ ਟੇਕ

ਭਾਣਾ, ਆਗਿਆ, ਹੁਕਮ, ਮੱਤ, ਮਰਜੀ, ਉਪਦੇਸ਼ ਇਕ ਅਰਥ ਰਖਣ ਵਾਲੇ ਪਦ ਹਨ। ਗੁਰੂ ਦਾ ਸਿੱਖ ਇਕ ਸਿਰਜਨਹਾਰ, ਪਾਲਣਹਾਰ, ਬਖਸ਼ਣਹਾਰ ਤੇ ਦਾਤਾਰ ਦੀ ਟੇਕ ਰਖੇ ਤੇ ਐਸੀ 'ਗੁਣ' ਭਰਪੂਰ ਹਸਤੀ ਨੂੰ ਹੀ ਮਨ ਵਿਚ ਮੰਨੇ। ਯਥਾ :-

**"ਧਰ ਜੀਅਰੇ ਇਕ ਟੇਕ ਤੂ ਲਾਹਿ ਬਿਡਾਨੀ ਆਸ ॥**
**ਨਾਨਕ ਨਾਮੁ ਧਿਆਈਐ ਕਾਰਜੁ ਆਵੈ ਰਾਸਿ ॥" ਪੰਨਾ 257**

**ਭਾਵ ਅਰਥ :-** ਹੇ ਜੀਵ ! ਆਪਣੇ ਮਨ ਵਿਚ ਇਕ ਦੀ ਟੇਕ ਧਰ ਤੇ ਦੂਜੀ ਆਸ ਲਾਹ ਦੇ। ਕੇਵਲ ਨਾਮ ਨੂੰ ਧਿਆ। ਇੰਝ ਕਰਨ ਨਾਲ ਤੇਰੇ ਕਾਰਜ ਰਾਸ ਆਣਗੇ।

**"ਤਜਹੁ ਸਿਆਨਪ ਸੁਰਿ ਜਨਹੁ ਸਿਮਰਹੁ ਹਰਿ ਹਰਿ ਰਾਇ ॥**
**ਏਕ ਆਸ ਹਰਿ ਮਨਿ ਰਖਹੁ ਨਾਨਕ ਦੂਖੁ ਭਰਮੁ ਭਉ ਜਾਇ ॥" ਪੰਨਾ 281**

**ਭਾਵ ਅਰਥ :-** ਹੇ ਸ੍ਰੇਸ਼ਟ ਜਨਹੁ ! ਸਾਰੀਆਂ ਸਿਆਣਪਾਂ ਛਡ ਕੇ ਕੇਵਲ ਇਕ ਹਰੀ ਰਾਜੇ ਨੂੰ ਸਿਮਰੋ ਤੇ ਉਸੇ ਇਕ ਹਰੀ ਦੀ ਮਨ ਵਿਚ ਆਸ ਰਖੋ। ਇੰਜ ਕੀਤਿਆਂ ਸਾਰੇ ਦੁੱਖ, ਡਰ ਤੇ ਹੋਰ ਭਰਮ ਚਲੇ ਜਾਣਗੇ।

**"ਓਟ ਲੈਹੁ ਨਾਰਾਇਣੈ ਦੀਨ ਦੁਨੀਆ ਝਲੈ ॥" ਪੰਨਾ 320**

**ਭਾਵ ਅਰਥ :-** ਕੇਵਲ ਨਾਰਾਇਣ ਦੀ ਓਟ ਲਵੋ, ਜੋ ਦੀਨ ਦੁਨੀਆਂ ਨੂੰ ਝਲੇਗੀ। ਦਸਵੇਂ ਰੂਪ ਵਿਚ ਸ੍ਰੀ ਗੁਰੂ ਨਾਨਕ ਦੇਵ ਜੀ ਫੁਰਮਾਉਂਦੇ ਹਨ :-

**"ਬਿਨ ਕਰਤਾਰ ਨਾ ਕਿਰਤਮ ਮਾਨੋ ॥**
**ਆਦਿ ਅਜੋਨਿ ਅਜੈ ਅਬਿਨਾਸੀ ਤਿਹ ਪਰਮੇਸਰ ਜਾਨੋ ॥" ਪਾ: 10 ਵੀਂ**

**ਭਾਵ ਅਰਥ :-** ਬਿਨਾਂ ਇਕ ਕਰਨਹਾਰ ਦੇ, ਹੋਰ ਕਿਸੇ ਦੀ ਕੀਤੀ ਹੋਈ ਨੂੰ ਨਾ ਮੰਨੋ। ਜੋ ਜੂਨ ਵਿਚ ਨਹੀਂ ਆਉਂਦਾ, ਕਦੇ ਨਾਸ਼ ਨਹੀਂ ਹੁੰਦਾ, ਕੇਵਲ ਐਸੀ ਹਸਤੀ ਨੂੰ ਹੀ, ਵਡਾ ਮਾਲਕ ਜਾਣੋ। ਫਿਰ ਸ੍ਰੀ ਹਜ਼ੂਰ ਫੁਰਮਾਉਂਦੇ ਹਨ :-

**"ਪਾਂਇ ਗਹੇ ਜਬ ਤੇ ਤੁਮਰੇ ਤਬ ਤੇ ਕੋਊ ਆਂਖ ਤਰੇ ਨਹੀਂ ਆਨਯੋ ॥**
**ਰਾਮ ਰਹੀਮ ਪੁਰਾਨ ਕੁਰਾਨ ਅਨੇਕ ਕਹੈਂ ਮਤ ਏਕ ਨਾ ਮਾਨਯੋ ॥**
**ਸਿੰਮ੍ਰਿਤਿ ਸਾਸਤ੍ਰ ਬੇਦ ਸਭੈ ਬਹੁ ਭੇਦ ਕਹੈਂ ਹਮ ਏਕ ਨ ਜਾਨਯੋ ॥**

**ਸ੍ਰੀ ਅਸਿ ਪਾਨ ਕ੍ਰਿਪਾ ਤੁਮਰੀ ਕਰਿ ਮੈ ਨ ਕਹਿਓ ਸਭ ਤੋਹਿ ਬਖਾਨਯੋ ॥"      ਪਾ: 10 ਵੀਂ**

**ਭਾਵ ਅਰਥ :-** ਹੇ ਅਕਾਲ ਪੁਰਖ ! ਜਦ ਤੋਂ ਆਪ ਜੀ ਦੀ ਸ਼ਰਨ ਪਕੜੀ ਹੈ ਤਦ ਤੋਂ ਹੋਰ ਕਿਸੇ ਨੂੰ ਆਪਣੀਆਂ ਅੱਖਾ ਹੇਠਾਂ ਨਹੀਂ ਲਿਆਉਂਦਾ। ਪੁਰਾਨ ਤੇ ਕੁਰਾਨ ਅਨੇਕ ਮੱਤ ਕਹਿੰਦੇ ਹਨ, ਪਰ ਮੈਂ ਇਕ ਵੀ ਮਤ ਇਨ੍ਹਾਂ ਦੀ ਨਹੀਂ ਮੰਨਦਾ। ਬੇਦ, ਸ਼ਾਸਤ੍ਰ ਤੇ ਸਿੰਮ੍ਰਿਤੀਆਂ ਬੜੇ ਭੇਦ ਦਸਦੀਆਂ ਹਨ, ਪਰ ਮੈਂ ਇਕ ਨਹੀਂ ਪਛਾਣਦਾ। ਹੇ ਖੜਗਧਾਰੀ, ਇਹ ਉਤਲੇ ਬਚਨ ਮੈਂ ਨਹੀਂ ਕਹੇ, ਇਹ ਆਪਣੀ ਕ੍ਰਿਪਾ ਦੁਆਰਾ ਆਪ ਜੀ ਨੇ ਹੀ ਦਾਸ ਤੋਂ ਅਖਵਾਏ ਹਨ।''

**"ਜਾਗਤ ਜੋਤਿ ਜਪੈ ਨਿਸ ਬਾਸਰੁ**
**ਏਕ ਬਿਨਾਂ ਮਨ ਨੈਕ ਨ ਆਨੈ ॥ ॥"      (33 ਸਵਈਏ ਪਾ: 10 ਵੀਂ)**

**ਭਾਵ ਅਰਥ :-** ਜੋ ਸਰਬ ਵਿਆਪਕ ਪਸਰੀ ਹੋਈ ਚੇਤੰਨ ਜੋਤ ਹੈ, ਉਸ ਨੂੰ ਖਾਲਸਾ ਜਪੇ। ਉਸ ਇਕ ਬਿਨਾਂ ਹੋਰ ਕਿਸੇ ਨੂੰ ਵੀ ਜਰਾ ਜਿੰਨਾਂ ਵੀ ਮਨ ਵਿਚ ਨਾ ਲਿਆਵੈ। ਹੁਣ ਅਸੀਂ ਆਪਣੇ ਅੰਦਰ ਝਾਤੀ ਮਾਰਨੀ ਹੈ ਕਿ ਕੀ ਸਾਡੀ ਟੇਕ, ਓਟ, ਆਸਰਾ ਕੇਵਲ ਇਕ ਪਰਮੇਸ਼ਰ ਜੀ ਤੇ ਹੈ ? ਉੱਤਰ ਵਿਚ ਖੇਦ ਨਾਲ, ਆਖਣਾ ਪੈਂਦਾ ਹੈ ਕਿ ਨਹੀਂ। ਸਿੱਖ ਤਾਂ ਅਸੀਂ ਗੁਰੂ ਨਾਨਕ ਸਾਹਿਬ ਜੀ ਦੇ ਅਖਵਾਉਂਦੇ ਹਾਂ, ਪਰ ਗੁਰੂ ਸਾਹਿਬ ਦੇ ਉਪਦੇਸ਼ਾਂ ਦੀ ਉਲੰਘਣਾ ਕਰਦੇ ਹੋਏ, ਆਪਣੀ ਟੇਕ ਉਸ ਸਿਰਜਨਹਾਰ ਦੀ ਕੀਤੀ ਹੋਈ ਤੇ ਰਖ ਰਹੇ ਹਾਂ। ਫਿਰ ਗੁਰੂ ਸਾਹਿਬ ਦੀਆਂ ਖੁਸ਼ੀਆਂ ਕਿਵੇਂ ਹੋਣ ? ਅਖੰਡ ਪਾਠ ਕਰਨ ਵੇਲੇ ਵੇਖਿਆ ਜਾਂਦਾ ਹੈ ਕਿ ਪਾਠ ਕਰਨ ਵਾਲੀ ਥਾਂ ਤੇ ਇਕ ਜਲ ਦਾ ਭਰਿਆ ਹੋਇਆ ਕੋਰਾ ਘੜਾ ਰਖਿਆ ਹੁੰਦਾ ਹੈ। ਘੜੇ ਦੇ ਉਤੇ ਲਾਲ ਰੰਗ ਦੇ ਕਪੜੇ ਵਿਚ ਇਕ ਨਰੇਲ ਰਖੀ ਹੁੰਦੀ ਹੈ। ਪਾਣੀ ਦੇ ਘੜੇ ਹੇਠਾਂ ਕਈ ਪ੍ਰਕਾਰ ਦਾ ਅੰਨ ਹੁੰਦਾ ਹੈ। ਨਾਲ ਹੀ ਇਕ ਪਾਸੇ ਖਾਲਸ ਘਿਓ ਦੀ ਜੋਤ ਜਲਦੀ ਹੁੰਦੀ ਹੈ। ਇਕ ਪਾਸੇ ਕੋਲੇ ਲਕੜ ਦੇ ਜਲਦੇ ਹੁੰਦੇ ਹਨ ਤੇ ਉਨਾਂ ਉੱਤੇ ਉਚੇਚਾ ਤਿਆਰ ਕੀਤਾ ਹੋਇਆ ਧੂਪ ਦਿੱਤਾ ਜਾ ਰਿਹਾ ਹੁੰਦਾ ਹੈ। ਇਥੇ ਇਹ ਗਲ ਵੀ ਦਸਣ ਯੋਗ ਹੈ ਕਿ ਕੋਲੇ ਖਾਸ ਬੇਰੀ ਦੀ ਲਕੜ ਦੇ ਹੁੰਦੇ ਹਨ ਤੇ ਧੂਪ ਵਿਚ ਕੋਈ ਤੀਹ ਦੇ ਕਰੀਬ ਸੁਗੰਧਤ ਤੇ ਹਰ ਪ੍ਰਕਾਰ ਦੇ ਮੇਵੇ ਪਏ ਹੁੰਦੇ ਹਨ ਤੇ ਤਿਆਰ ਕੀਤਾ ਜਾਂਦਾ ਹੈ।

ਗੁਰਬਾਣੀ ਦੀ ਵਿਚਾਰ, ਗੁਰੂ ਕ੍ਰਿਪਾ ਦੁਆਰਾ, ਜਦ ਖੋਜ ਨਾਲ ਕੀਤੀ, ਤਦ ਦਾਸ ਨੇ ਪੁਛ ਕੀਤੀ ਕਿ ਇਹ ਚੀਜ਼ਾਂ ਕਿਉਂ ਰਖੀਆਂ ਜਾਂਦੀਆਂ ਹਨ ? ਉਤਰ ਵਿਚ ਦਸਿਆ ਗਿਆ ਕਿ ਗੁਰੂ ਘਰ ਦੀ ਮਰਯਾਦਾ ਚਲੀ ਆ ਰਹੀ ਹੈ ਤੇ ਕਰਨੀ ਅਵੱਸ਼ ਹੈ। ਪਰ ਇਸ ਉਤਰ ਨਾਲ ਸੰਤੁਸ਼ਟਤਾ ਨਹੀਂ ਹੋਈ। ਦੇਸ਼ ਦੇ ਬਟਵਾਰੇ ਮਗਰੋਂ ਅੰਨ-ਜਲ ਬਾੜੀ ਲੈ ਆਇਆ। ਇਥੇ ਆਉਂਦੇ ਹੀ ਵੇਖਿਆ ਕਿ ਹਨੂੰਮਾਨ ਦੇ ਮੰਦਰ ਵਿਚ ਰਮਾਇਣ ਦਾ ਅਖੰਡ ਪਾਠ ਰਖਿਆ ਹੋਇਆ ਹੈ। ਸੱਦਾ ਪੱਤਰ ਪੁਜਣ ਤੇ ਦਾਸ ਵੀ ਉਸ ਸਮਾਗਮ ਤੇ ਪੁੱਜਾ। ਕੀ ਵੇਖਦਾ ਹਾਂ ਕਿ ਹੂਬਹੂ ਅਖੰਡ ਪਾਠ (ਰਮਾਇਣ) ਦੇ ਹੋਣ ਵਾਲੀ ਥਾਂ ਤੇ ਸਾਰੀਆਂ ਚੀਜ਼ਾਂ ਕੁੰਭ, ਲਾਲ ਕਪੜੇ ਨਾਲ ਲਿਪਿਟਆ ਨਰੇਲ, ਘਿਓ ਦੀ ਜੋਤ, ਕੋਇਲਿਆਂ ਦੀ ਅੱਗ ਤੇ ਧੂਪ, ਜਲ ਦੇ ਕੁੰਭੇ ਹੇਠਾਂ ਸਤ ਪ੍ਰਕਾਰ ਦਾ ਅਨਾਜ ਪਿਆ ਹੈ। ਸ਼੍ਰੋਮਣ ਪੁਜਾਰੀ ਨੂੰ ਪੁਛ ਕੀਤੀ ਤਾਂ ਉਨ੍ਹਾਂ ਘੁੰਡੀ ਖੋਲ੍ਹੀ। ਆਖਣ ਲਗੇ ਕਿ ਇਹ ਦੇਵਤੇ ਬਿਠਾਏ ਹੋਏ ਹਨ। ਕੁੰਭ ਵਿਚ ਪਾਣੀ ਦੇਵਤਾ ਹੈ। ਕੋਇਲਿਆਂ ਨੂੰ ਬਾਲ ਕੇ ਧੂਪ ਹੋਮ ਕਰਨਾ ਹਵਾ ਦੇਵਤਾ ਦੀ ਪੂਜਾ ਹੈ। ਕੁੰਭ ਦੇ ਹੇਠਾਂ ਕਈ ਪ੍ਰਕਾਰ ਦਾ ਅਨਾਜ ਰਖਣਾ, ਅੰਨ ਦੇਵਤਾ ਦੀ ਪੂਜਾ ਹੈ। ਜੋਤ ਜਲਾਉਣੀ ਅਗਨ ਦੇਵਤਾ ਦੀ ਪੂਜਾ ਹੈ। ਲਾਲ ਰੰਗ ਦਾ ਕਪੜਾ ਦੇਵੀ ਦੀ ਪੂਜਾ ਹੈ ਤੇ ਨਰੇਲ ਗਨੇਸ਼ ਦੇਵਤਾ ਦੀ ਪੂਜਾ ਹੈ। ਫਿਰ ਪ੍ਰਮੁੱਖ ਪੰਡਤ ਜੀ ਆਖਣ ਲਗੇ ਕਿ ''ਇਹ ਮਰਿਯਾਦਾ ਅਪਰੰਪਰਾ ਤੋਂ ਟੁਰੀ ਆ ਰਹੀ ਹੈ।'' ਦਾਸ ਨੇ ਇਹ ਉਤਲਾ ਦ੍ਰਿਸ਼ ਦੇਖ ਕੇ, ਪੰਡਤ ਦੇ ਬਚਨ ਸੁਣ ਕੇ ਇਹ ਸਿੱਟਾ ਕਢਿਆ ਕਿ ਸਾਡੇ ਅੰਖਡ ਪਾਠਾਂ ਵਿਚ ਇਨ੍ਹਾਂ ਚੀਜ਼ਾਂ ਦੇ ਰੱਖਣ ਦੀ ਮਰਯਾਦਾ ਇਸ ਹਿੰਦੂ ਰੀਤੀ ਤੋਂ ਆਈ ਹੈ। ਨਿਸ਼ਾ ਹੋ ਗਈ, ਇਹ ਦੇਵਤਿਆਂ ਦੀ ਪੂਜਾ ਹੈ।

ਪਰ ਗੁਰਮਤਿ ਕੇਵਲ ਇਕ ਦੀ ਟੇਕ, ਇਕ ਦੀ ਪੂਜਾ, ਇਕ ਦਾ ਜਾਪ ਦਰਸਾ ਰਹੀ ਹੈ ਤੇ ਸਪਸ਼ਟ ਹੁਕਮ ਦੇ ਰਹੀ ਹੈ ਕਿ **''ਬਿਨੁ ਕਰਤਾਰ ਨ ਕਿਰਤਮ ਮਾਨੋ। ।''** ਰੱਬ ਦੀ ਕੀਤੀ ਹੋਈ ਵਿਚੋਂ ਕਿਸੇ ਨੂੰ ਨਾ ਮੰਨੋ। ਕੇਵਲ ਕੀਤੀ ਹੋਈ ਦੇ ਕਰਤੇ ਨੂੰ ਮੰਨੋ। ਇਸ ਸੰਬੰਧੀ ਕੁਝ ਸੁਧਾਰ ਸਿੰਘ ਸਭਾ ਲਹਿਰ ਵਿਚ ਹੋਇਆ, ਪਰ ਸਾਡੇ ਪੰਥ ਵਿਚ 'ਸੰਤਾਂ' ਦਾ ਬਹੁਤ ਜ਼ੋਰ ਹੈ। ਉਨ੍ਹਾਂ ਦੇ ਪ੍ਰਭਾਵ ਵਿਚ ਆਮ ਸਿੱਖ ਸੰਗਤਾਂ ਉਹੀ ਕਰਦੀਆਂ ਹਨ ਜੋ ਉਹ ਹੁਕਮ ਕਰਨ, ਵਿਚਾਰ ਤੋਂ ਕੰਮ ਨਹੀਂ ਲੈਂਦੀਆਂ। ਇਨ੍ਹਾਂ ਉਕਤ ਕਥਤ 'ਸੰਤਾਂ' ਦੇ ਸਾਹਮਣੇ ਕਿਸੇ ਦਾ ਹੀਆ ਵੀ ਨਹੀਂ ਪੈਂਦਾ ਕਿ ਕੋਈ ਗੱਲ ਉਨ੍ਹਾਂ ਦੀ ਦਸੀ ਮਰਯਾਦਾ ਦੇ ਉਲਟ ਕਹਿ ਸਕਣ।

ਇਥੇ ਇਕ ਅਖੀ ਡਿਠੀ ਘਟਨਾ ਦਾ ਦਸਣਾ ਜਰੂਰੀ ਸਮਝਦਾ ਹਾਂ। ਪਟਿਆਲੇ ਵਿਚ ਇਕ ਚੰਗੇ ਰਜੇ ਪੁਜੇ ਸਰਦਾਰ ਨੇ ਘਰ ਵਿਚ ਅੰਖਡ ਪਾਠ ਰਖਣਾ ਸੀ। ਸਰਦਾਰ ਸਾਹਿਬ ਜੀ ਦੀ ਸ਼ਰਧਾ ਇਕ ਸੰਤ ਵਿਅਕਤੀ ਤੇ ਸੀ। ਉਚੇਚੇ ਸੱਦਣ ਤੇ ਉਹ ਵੀ ਪੁਜ ਗਏ। ਪਾਠ ਦਾ ਪ੍ਰਾਰੰਭ ਉਕਤ ਸੰਤ ਦੀ ਇਛਾ ਅਨੁਸਾਰ, ਕੁੰਭ ਤੇ ਜੋਤ ਆਦਿਕ ਰਖ ਕੇ ਕੀਤਾ ਗਿਆ। ਸਰਦਾਰ ਸਾਹਿਬ ਦੇ ਖਿਆਲ, ਇਨ੍ਹਾਂ ਚੀਜ਼ਾਂ ਦੇ ਰਖਣ ਦੇ ਵਿਰੁਧ ਸਨ, ਪਰ ਉਹ ਬੋਲੇ ਨਹੀਂ। ਪਾਠ ਦੀ ਸਮਪਤੀ ਵਾਲੇ ਦਿਨ, ਸਵੇਰੇ ਹੀ ਸਰਦਾਰ ਸਾਹਿਬ ਨੇ ਸੰਤਾਂ ਨੂੰ ਅਧੀਨਗੀ ਸਹਿਤ ਬੇਨਤੀ ਕੀਤੀ ਕਿ ''ਮਹਾਰਾਜ ਜੀ ! ਮੇਰੇ ਵਿਚਾਰ ਅਨੁਸਾਰ ਇਹ ਮਰਯਾਦਾ ਗੁਰਮਤਿ ਅਨੁਸਾਰ ਨਹੀਂ। ਮੈਂ ਇਸ ਦੇ ਵਿਰੁਧ ਇਲਾਕੇ ਵਿਚ ਸਦਾ ਪ੍ਰਚਾਰ ਕਰਦਾ ਹਾਂ। ਮੇਰੇ ਹੀ ਘਰ ਵਿਚ ਇਸ ਨੂੰ ਅਪਣਾਇਆ ਜਾ ਰਿਹਾ ਹੈ, ਜਿਸ ਕਰ ਕੇ ਆਲੇ ਦੁਆਲੇ, ਚਰਚਾ ਛਿੜੀ ਪਈ ਹੈ। ਅਜ ਭੋਗ ਦੀ ਸਮਾਪਤੀ ਵੇਲੇ, ਸ੍ਰੀ ਜੀ ਨੇ ਦੀਵੇ ਬਾਲ ਕੇ ਆਰਤੀ ਵੀ ਉਤਾਰਨੀ ਹੈ, ਜੋ ਕਿ ਐਨ ਗੁਰਮਤਿ ਦੇ ਉਲਟ ਹੈ। ਭੋਗ ਤੇ ਇਲਾਕੇ ਦੀ ਸੰਗਤ ਨੇ ਇੱਕਠਾ ਹੋਣਾ ਹੈ ਤੇ ਮੇਰਾ ਮਨ ਵੀ ਔਖਾ ਹੋ ਰਿਹਾ ਹੈ, ਤਾਂ ਤੇ ਸਨਿਮ੍ਰ ਬੇਨਤੀ ਹੈ ਕਿ ਆਰਤੀ ਵੇਲੇ ਦੀਵੇ ਨਾ ਬਾਲੋ ਤਾਂ ਕ੍ਰਿਪਾ ਹੋਵੇਗੀ।'' ਪਹਿਲੋ ਤਾਂ ਸੰਤ ਕੁਝ ਕਰਾਰੇ ਬੋਲੇ, ਪਰ ਸਰਦਾਰ ਜੀ ਦੇ ਤਰਲੇ ਮਿੰਨਤਾ ਕਰਨ ਤੇ ਨਰਮ ਹੋ ਕੇ ਆਖਣ ਲਗੇ ਕਿ ਇਹ ਮਰਿਆਦਾ ਗੁਰੂ ਸਾਹਿਬ ਦੀ ਚਲਾਈ ਹੋਈ ਹੈ, ਕਿਸ ਤਰ੍ਹਾਂ ਤੋੜੀ ਜਾ ਸਕਦੀ ਹੈ ? ਉਤਰ ਵਿਚ ਸਰਦਾਰ ਜੀ ਬੋਲੇ ''ਸ੍ਰੀਮਾਨ ਜੀ ! ਸ੍ਰੀ ਗੁਰੂ ਨਾਨਕ ਦੇਵ ਜੀ ਨੇ ਜਗਨ ਨਾਥ ਪੁਰੀ ਵਿਚ ਦੀਵੇ ਬਾਲ ਕੇ ਆਰਤੀ ਕਰਨ ਦਾ ਖੰਡਨ ਕੀਤਾ ਤੇ ਉਥੇ ਹੀ

**"ਗਗਨ ਮੈ ਥਾਲੁ ਰਵਿ ਚੰਦੁ ਦੀਪਕ ਬਨੇ"** **ਪੰਨਾ** 13

ਵਾਲੀ ਆਰਤੀ ਉਚਾਰੀ ਹੈ। ਇਸ ਉਤੇ ਸੰਤ ਜੀ ਆਖਣ ਲਗੇ ''ਆਓ ਗੁਰੂ ਸਾਹਿਬ ੂੰ ਪੁਛ ਲੈਂਦੇ ਹਾਂ।'' ਗੁਰੂ ਗ੍ਰੰਥ ਸਾਹਿਬ ਜੀ ਅਗੇ ਪਰਚੀਆਂ ਪਾਈਆਂ ਗਈਆਂ। ਪਰਚੀ, ਦੀਵੇ ਬਾਲ ਕੇ ਆਰਤੀ ਨਾ ਕਰਨ ਦੀ ਨਿਕਲੀ। ਸਰਦਾਰ ਜੀ ਨੇ ਸੁਖ ਦਾ ਸਾਹ ਲਿਆ ਤੇ ਗੁਰੂ ਸਾਹਿਬ ਦਾ ਲੱਖ-ਲੱਖ ਸ਼ੁੱਕਰ ਕੀਤਾ। ਭੋਗ ਦੀ ਸਮਾਪਤੀ ਤੇ ਆਰਤੀ ਦਾ ਗਾਇਨ ਹੋਇਆ, ਪਰ ਦੀਵੇ ਨਹੀਂ ਬਾਲੇ ਗਏ। ਹੁਣ ਚਾਹੀਦਾ ਤਾਂ ਇਹ ਸੀ ਕਿ ਉਹ ਸੰਤ ਵਿਅਕਤੀ ਅਗੋਂ ਤੋਂ ਦੀਵੇ ਬਾਲ ਕੇ ਆਰਤੀ ਨਾ ਕਰਦੇ, ਨਾ ਕਰਾਉਂਦੇ। ਪਰ ਅਫਸੋਸ ਹੈ ਕਿ ਉਨ੍ਹਾਂ ਹੋਰ ਅਗਲੇ ਪਾਠਾਂ ਵਿਚ ਉਹੀ ਦੀਵੇ ਬਾਲਣ ਵਾਲੀ ਆਰਤੀ ਦਾ ਪ੍ਰਚਾਰ ਕੀਤਾ। ਇਹ ਕਿਉਂ ? ਇਨ੍ਹਾਂ ਲੋਕਾਂ ਦੀ ਸੁਰਤ, ਉਨ੍ਹਾ ਸਜਣਾਂ ਦੇ ਹੇਠ ਦਬੇਲ ਹੋਈ ਹੁੰਦੀ ਹੈ, ਜਿਨ੍ਹਾਂ ਤੋਂ ਇਨ੍ਹਾਂ ਉਪਦੇਸ਼ ਲਿਆ ਹੁੰਦਾ ਹੈ ਤੇ ਨਿਕਲ ਨਹੀਂ ਸਕਦੀ। ਜਦ ਗੁਰਮਤਿ ਉਨ੍ਹਾਂ ਨੂੰ ਦਸੀ ਜਾਂਦੀ ਹੈ ਤਾਂ ਉਹ ਕੰਨ ਨਹੀਂ ਧਰਦੇ। ਇਹ ਇਕ ਦੀ ਟੇਕ ਨਾ ਰਖਣ ਦਾ ਸਿੱਟਾ ਹੈ।

## 2. ਜ਼ਾਤ ਪਾਤ (Caste System)

ਗੁਰਮਤਿ ਵਿਚ ਸਰਬ ਮਨੁੱਖ ਜਾਤੀ ਨੂੰ ਇਕ ਸਮਤਾ ਦਿਤੀ ਗਈ ਹੈ। ਕੋਈ ਵਿਤਕਰਾ ਨਹੀਂ ਰਖਿਆ। ਇਥੇ ਹੀ ਬਸ ਨਹੀਂ, ਇਸ ਪਰਥਾਇ ਗੁਰੂ ਸਾਹਿਬ ਦਾ ਹੁਕਮ ਹੈ :-

**"ਮਾਨਸ ਕੀ ਜਾਤਿ ਸਬੈ ਏਕੈ ਪਹਿਚਾਨਬੋ ॥85॥"**

**(ਅਕਾਲ ਉਸਤਤਿ, ਸ੍ਰੀ ਮੁਖ ਵਾਕ ਪਾਤਸ਼ਾਹੀ 10)**

**ਭਾਵ ਅਰਥ :-** ਸਾਰੀ ਮਨੁੱਖ ਜਾਤੀ ਨੂੰ ਇਕ ਕਰ ਕੇ ਪਹਿਚਾਨਣਾ ਹੈ। ਕੋਈ ਭੇਦ ਭਾਵ ਨਹੀਂ ਸਮਝਣਾ। ਇਹ ਕਿਉਂ ? ਉਤਰ ਵਿਚ ਸ੍ਰੀ ਹਜ਼ੂਰ ਦਸਮ ਪਾਤਸ਼ਾਹ ਜੀ ਫੁਰਮਾਉਂਦੇ ਹਨ ਕਿ ਇਹ ਇਸ ਲਈ :-

**"ਏਕੈ ਨੈਨ ਏਕੈ ਕਾਨ ਏਕੈ ਦੇਹ ਏਕੈ ਬਾਨ**
**ਖਾਕ ਬਾਦ ਆਤਿਸ਼ ਔ ਆਬ ਕੋ ਰਲਾਉ ਹੈ ॥86॥"**

**(ਅਕਾਲ ਉਸਤਤਿ, ਸ੍ਰੀ ਮੁਖ ਵਾਕ ਪਾਤਸ਼ਾਹੀ 10)**

**ਭਾਵ ਅਰਥ :-** ਹਰ ਇਕ ਇਨਸਾਨ ਹਾਡ, ਮਾਸ, ਨਾੜੀ ਦਾ ਪਿੰਜਰ ਹੈ, ਹਰ ਇਕ ਦੇ ਸਰੀਰ ਨੂੰ ਇਕੋ ਜਿਹੀਆਂ ਅਖਾਂ, ਇਕੋ ਜਿਹੇ ਕੰਨ ਹਨ। ਸਾਰਿਆਂ ਦੀ ਦੇਹ ਇਕੋ ਜਿਹੀ ਹੈ। ਸਰੀਰ ਦੀ ਬਨਾਵਟ ਵੀ ਇਕੋ ਤਰ੍ਹਾਂ ਦੀ ਹੈ। ਪਾਣੀ, ਮਿੱਟੀ, ਅਗਨੀ ਤੇ ਹਵਾ ਆਦਿ ਤੱਤਾਂ ਦੇ ਇੱਕਠ ਤੋਂ ਸਰੀਰ ਬਣਿਆ ਹੈ। ਤਾਂ ਤੇ ਅੰਤਰ ਕੋਈ ਨਾ ਹੋਇਆ ਤੇ ਇਸ ਲਈ ਸਰਬ ਮਨੁੱਖ ਜਾਤੀ ਇਕ ਹੈ। ਛੂਤ- ਛਾਤ, ਹਉਮੈ ਵੇੜ੍ਹੇ, ਅਭਿਮਾਨੀਆਂ ਦੀ ਕਿਰਤ ਹੈ। ਇਹ ਸਿਧਾਂਤ ਦਸਵੇਂ ਜਾਮੇ ਵਿਚ ਨਵਾਂ ਨਹੀਂ ਦਰਸਾਇਆ ਹੈ। ਪਹਿਲੇ ਜਾਮੇ ਤੋਂ ਹੀ ਇਹ ਸਿਧਾਂਤ ਦ੍ਰਿੜ ਕਰਾਉਂਦੇ ਚਲੇ ਆ ਰਹੇ ਹਨ। ਯਥਾ :-

**"ਜਾਣਹੁ ਜੋਤਿ ਨ ਪੂਛਹੁ ਜਾਤਿ ਆਗੈ ਜਾਤਿ ਨ ਹੇ ॥"** **ਪੰਨਾ 349**

**ਭਾਵ ਅਰਥ :-** ਜੋ ਜਾਗਤ ਜੋਤ ਹਰ ਇਕ ਦੇਹ ਵਿਚ ਵਿਆਪਕ ਹੈ, ਉਸ ਨੂੰ ਜਾਣੋ। ਜਾਤ ਕਦੀ ਨਾ ਪੁਛੋ। ਅਗੇ ਦਰਗਾਹ ਵਿਚ ਜਾਤ ਨਹੀਂ ਹੈ। ਉਥੇ ਤਾਂ ਅਮਲਾਂ ਤੇ ਨਿਬੇੜੇ ਹੋਣਗੇ।

**"ਅਗੈ ਜਾਤਿ ਨਾ ਜੋਰੁ ਹੈ ਅਗੈ ਜੀਉ ਨਵੇ ॥**
**ਜਿਨਕੀ ਲੇਖੈ ਪਤਿ ਪਵੈ ਚੰਗੇ ਸੇਈ ਕੇਇ ॥"** **ਪੰਨਾ 469**

**ਭਾਵ ਅਰਥ :-** ਅਗੇ ਦਰਗਾਹ ਵਿਚ ਨਾ ਜਾਤ ਤੇ ਨਾ ਉਸ ਦਾ ਜੋਰ ਜਾਣਾ ਹੈ। ਉਥੇ ਨਵੇਂ ਜੀਵਾਂ ਨਾਲ ਵਾਸਤਾ ਪੈਣਾ ਹੈ। ਹੇ ਜ਼ਾਤ ਅਭਿਮਾਨੀ ਜ਼ੋਰ ਵਾਲੇ ਜੀਵ ! ਉਥੇ ਤੈਨੂੰ ਕਿਸੇ ਆਦਰ ਨਾਲ ਜੀ ਆਇਆ ਨਹੀਂ ਆਖਣਾ। ਜਿਨ੍ਹਾਂ ਨੇ ਸ਼ੁਭ ਅਮਲ ਕੀਤੇ, ਉਨ੍ਹਾਂ ਨੂੰ ਦਰਗਾਹ 'ਚ ਸਨਮਾਨ ਮਿਲੇਗਾ ਤੇ ਲੇਖੇ ਵਿਚ ਗਿਣੇ ਜਾਣਗੇ। ਉਹੀ ਚੰਗੇ ਹੋਣਗੇ।

**"ਜਿਥੈ ਲੇਖਾ ਮੰਗੀਏ ਤਿਥੈ ਦੇਹ ਜਾਤਿ ਨ ਜਾਇ ॥"** **ਪੰਨਾ 1346**

**ਭਾਵ ਅਰਥ :-** ਜਿਥੇ ਜਾ ਕੇ ਕਰਮਾਂ ਦਾ ਲੇਖਾ ਹੋਣਾ ਹੈ, ਉਥੇ ਦੇਹ ਤੇ ਜਾਤ ਨਹੀਂ ਜਾਣੀ। ਕਿਉਂ ਭੁਲੇਖੇ ਵਿਚ ਪੈ ਗਿਆ ਹੈ ?

**"ਜਾਤਿ ਕਾ ਗਰਬੁ ਨ ਕਰੀਅਹੁ ਕੋਈ ॥ ....**
**ਜਾਤਿ ਕਾ ਗਰਬੁ ਨ ਕਰਿ ਮੂਰਖ ਗਵਾਰਾ ॥**
**ਇਸੁ ਗਰਬ ਤੇ ਚਲਹਿ ਬਹੁਤੁ ਵਿਕਾਰਾ ॥ .....**
**ਮਾਟੀ ਏਕ ਸਗਲ ਸੰਸਾਰਾ ॥**

**ਭਾਵ ਅਰਥ :–** ਹੇ ਮਾਨੁਖ ! ਜਾਤ ਦਾ ਹੰਕਾਰ ਨਹੀਂ ਕਰਨਾ ਚਾਹੀਦਾ। ਓ ਮੂਰਖ ਗਵਾਰ ! ਇਸ ਹੰਕਾਰ ਤੋਂ ਬਹੁਤ ਵਿਕਾਰ ਟੁਰ ਪੈਂਦੇ ਹਨ। ਜ਼ਰਾ ਵਿਚਾਰ ਤਾਂ ਸਹੀ, ਸਾਰਾ ਸੰਸਾਰ ਇਕੋ ਮਿਟੀ ਤੋਂ ਬਣਿਆ ਹੋਇਆ ਹੈ। ਜਿਸ ਤਰ੍ਹਾਂ ਕੁਮ੍ਹਾਰ ਇਕੋ ਮਿੱਟੀ ਤੋਂ ਅਨੇਕ ਪ੍ਰਕਾਰ ਦੇ ਭਾਂਡੇ ਘੜਦਾ ਹੈ, ਪਰ ਮਿੱਟੀ ਇਕੋ ਹੀ ਹੁੰਦੀ ਹੈ। ਇਸੇ ਪ੍ਰਕਾਰ ਰੰਗੀ ਰੰਗੀ, ਭਾਂਤੀ-ਭਾਂਤੀ ਦੀ ਰਚਨਾ ਰਚੀ ਹੋਈ ਹੈ। ਤੂੰ ਭਰਮ ਵਿਚ ਨਾ ਪੈ।

ਉਪਰੋਕਤ ਗੁਰ ਪ੍ਰਮਾਣ ਸਿਧ ਕਰਦੇ ਹਨ ਕਿ ਮਨੁਖ ਜਾਤੀ ਇਕ ਹੈ, ਭਾਵੇਂ ਕਿਸੇ ਨਸਲ ਦੀ ਹੈ, ਭਾਵੇਂ ਕਿਸੇ ਰੰਗ ਦੀ ਹੈ, ਕਿਸੇ ਦੇਸ਼ ਦੀ ਹੈ, ਕੋਈ ਵਿਤਕਰਾ ਨਹੀਂ। ਇਸ ਗੁਰੂ ਦਰਸਾਏ ਸਿਧਾਂਤ ਤੇ ਅਸੀਂ ਕਿੰਨਾਂ ਟੁਰ ਰਹੇ ਹਾਂ ? ਆਓ ਇਸ ਤੇ ਵਿਚਾਰ ਕਰੀਏ। ਸ੍ਰੀ ਗੁਰੂ ਦਸਮ ਪਾਤਸ਼ਾਹ ਨੇ ਇਸ ਸਿਧਾਂਤ ਨੂੰ ਮੁੱਖ ਰੱਖ ਕੇ, ਪੰਜ ਪਿਆਰਿਆਂ ਨੂੰ ਜੋ ਭਿੰਨ ਭਿੰਨ ਜ਼ਾਤਾਂ ਦੇ ਸਨ, ਇਕੋ ਬਾਟੇ ਵਿਚ ਅੰਮ੍ਰਿਤ ਛਕਾਇਆ ਤੇ ਫਿਰ ਹਜ਼ੂਰ ਨੇ ਉਨ੍ਹਾਂ ਪੰਜਾਂ ਤੋਂ ਖੁਦ ਛਕਿਆ। ਜਾਤ ਪਾਤ, ਛੂਤ-ਛਾਤ ਦਾ ਨਾਸ਼ ਕਰ ਕੇ ਖਾਲਸਾ ਸਜਾਇਆ। ਖਾਲਸਾ ਦੇ ਅਰਥ ਨਿਰੋਲ ਖਾਲਸ ਹਨ, ਜਿਸ ਵਿਚ ਕੋਈ ਮਿਲਾਵਟ ਨਾ ਹੋਵੇ। ਪਰ ਅੱਜ ਖਾਲਸਾ ਪੰਥ ਇਸ ਗੁਰੂ ਦ੍ਰਿੜ੍ਹਾਏ, ਪਰਚਾਰੇ ਅਪਣਾਏ, ਵਰਤੋਂ ਵਿਹਾਰ ਵਿਚ ਲਿਆਏ, ਸਿਧਾਂਤ ਨੂੰ ਭੁਲਦਾ ਜਾ ਰਿਹਾ ਹੈ। ਭੁਲਦਾ ਹੀ ਨਹੀਂ ਜਾ ਰਿਹਾ ਪਰੰਤੂ ਇਸ ਸਿਧਾਂਤ ਦੇ ਉਲਟ ਪਰਚਾਰ ਜ਼ੋਰਾਂ ਤੇ ਹੋ ਰਿਹਾ ਹੈ।

ਕੋਈ ਆਪਣੇ ਨਾਂ ਨਾਲ ਸੂਰੀ, ਕੋਈ ਸਾਹਨੀ, ਕੋਈ ਕੋਹਲੀ, ਕੋਈ ਸੰਧੂ, ਕੋਈ ਗਰੇਵਾਲ, ਕੋਈ ਮਾਨ, ਕੋਈ ਸਭਰਵਾਲ, ਕੋਈ ਵੋਹਰਾ, ਕੋਈ ਭਾਟੀਆ, ਕੋਈ ਸੋਢੀ, ਕੋਈ ਭੱਲਾ, ਕੋਈ ਬੇਦੀ ਲਿਖਦਾ ਹੈ। ਜਾਤ ਪੂਰੇ ਅੱਖਰਾਂ ਵਿਚ ਲਿਖਦੇ ਹਨ ਪਰ ਨਾਮ ਦਾ ਕੇਵਲ ਪਹਿਲਾ ਅੱਖਰ ਤੇ 'ਛ' ਹੁੰਦਾ ਹੈ, ਜਿਹਾ ਕਿ ਕੇ. ਐਸ. ਸਭਰਵਾਲ, ਆਰ. ਐਸ. ਸਾਹਨੀ, ਜੀ. ਐਸ. ਕੋਹਲੀ ਆਦਿਕ। ਗੁਰੂ ਦੇ ਸਿੱਖਾਂ ਨੂੰ ਆਪਣਾ ਪੂਰਾ ਨਾਮ ਸਿੰਘ ਕਰ ਕੇ ਲਿਖਣਾ ਸੋਭਦਾ ਹੈ ਤੇ ਚਾਹੀਦਾ ਵੀ ਹੈ ਜਾਤ ਉਕਾ ਲਿਖਣੀ ਬੰਦ ਕਰਨੀ ਚਾਹੀਦੀ ਹੈ।

## 3. ਛੂਤ ਛਾਤ (Un-Touchability)

ਛੂਤ-ਛਾਤ ਦੇ ਭਰਮ ਨੂੰ ਨਾਸ਼ ਕਰਨ ਲਈ ਹੀ ਦਸਮ ਪਾਤਸ਼ਾਹ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਪੰਜਾਂ ਵੱਖ-ਵੱਖ ਜਾਤੀਆਂ ਦੇ, ਸੀਸ ਭੇਟਾ ਲੈ ਕੇ ਪੰਜ ਪਿਆਰਿਆਂ ਨੂੰ ਇਕੋ ਬਾਟੇ ਵਿਚ ਅੰਮ੍ਰਿਤ ਛਕਾਇਆ ਤੇ ਫਿਰ ਸ੍ਰੀ ਹਜ਼ੂਰ ਨੇ ਉਨ੍ਹਾਂ ਤੋਂ ਖੁਦ ਛਕਿਆ ਤਾਂ ਕਿ ਖਾਲਸਾ ਛੂਤ-ਛਾਤ ਨੂੰ ਉਕਾ ਨਾ ਮੰਨੇ। ਪਰ ਖੇਦ ਨਾਲ ਲਿਖਣਾ ਪੈਂਦਾ ਹੈ ਕਿ ਸਾਡੇ ਨਾਮ ਧਰੀਕ ਸੰਤ ਇਸ ਦੇ ਉਲਟ ਪਰਚਾਰ ਕਰ ਰਹੇ ਹਨ।

ਇਥੇ ਦਾਸ ਇਕ ਅਖੀ ਡਿਠੀ ਘਟਨਾ ਦਸਦਾ ਹੈ, ਜਿਸ ਦਾ ਦਾਸ ਉਤੇ ਬੜਾ ਚਿਰ ਦੁਖਦਾਈ ਅਸਰ ਰਿਹਾ। ਦਾਸ ਦੇ ਗ੍ਰਿਹ ਵਿਖੇ ਦਸਮ ਪਾਤਸ਼ਾਹੀ ਜੀ ਦਾ ਪ੍ਰਕਾਸ਼ ਉਤਸਵ ਗੁਰਪੁਰਬ ਮਨਾਇਆ ਜਾ ਰਿਹਾ ਸੀ। ਲੰਗਰ ਦੀ ਸੇਵਾ ਦਾ ਪ੍ਰਬੰਧ ਇਕ ਆਪਣੇ ਆਪ ਨੂੰ ਸੰਤ ਅਖਵਾਉਣ ਵਾਲੇ ਵਿਅਕਤੀ ਦੇ ਹੱਥਾਂ ਵਿਚ ਦਿੱਤਾ ਗਿਆ। ਗੁਰਪੁਰਬ ਤੇ ਹਾਜਰੀ ਭਰਨ ਵਾਲੀ ਸੰਗਤ ਵਿਚ, ਇਕ ਸੱਜਣ ਪੂਰੀ ਰਹਿਤ ਬਹਿਤ ਵਾਲੇ ਆਏ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਨਮਸਕਾਰ ਕਰ ਕੇ ਲੰਗਰ ਵਿਚ ਆ ਗਏ। ਲੰਗਰ ਅੰਦਰ ਪੈਰ ਰੱਖਿਆ ਹੀ ਸੀ ਕਿ ਉਕਤ ਨਾਮ ਧਰੀਕ ਕੱਥਤ ਸੰਤ ਉਸ ਤੇ ਵਰਸ ਪਏ ਤੇ ਆਖਣ ਲਗੇ-''ਅੰਨ੍ਹਾਂ ਹੋਇਆ ਹੋਇਆ ਹੈ ? ਗੁਰੂ ਸਾਹਿਬ ਦਾ ਲੰਗਰ ਪੱਕ ਰਿਹਾ ਹੈ ਤੇ ਤੂੰ ਵਿਚ ਵੜਦਾ ਜਾ ਰਿਹਾ ਹੈ ? ਦੁਸ਼ਟ ਨਿਕਲ ਜਾ ਇਥੋਂ ?'' ਉਤਰ ਵਿਚ ਉਹ ਨਿਮਾਣਾ ਅੰਮ੍ਰਿਤਧਾਰੀ ਸਿੱਖ ਆਖਣ ਲੱਗਾ, ''ਜੀਓ ਜੀ ਸੰਤ ਮਹਾਰਾਜ ਜੀ ! ਦਾਸ ਨੇ ਅੰਮ੍ਰਿਤ ਛਕਿਆ ਹੋਇਆ ਹੈ। ਪੰਜ ਕਕਾਰਾਂ

ਦਾ ਧਾਰਨੀ ਹੈ। ਨਿਤਨੇਮ ਰੋਜ਼ ਕਰਦਾ ਹਾਂ। ਵਾਹ ਪਏ ਗੁਰੂ ਦਰਸਾਏ ਉਪਦੇਸ਼ਾ ਤੇ ਟੁਰਦਾ ਹਾਂ। ਹੁਣ ਵੀ ਮੈਂ ਚੁਮਾਰ ਹੀ ਰਿਹਾ।'' ਨਾਮ ਧਰੀਕ ਸੰਤ ਦਾ ਪਾਰਾ ਹੋਰ ਵੀ ਗਰਮ ਹੋ ਗਿਆ। ਕਰੋਧ ਵਿਚ ਕੰਬਦੇ ਨੇ ਆਖਿਆ, ''ਵਿਸ਼ਟਾ ਨਾਲ ਲਿਬੜੀ ਹੋਈ ਜੁਤੀ ਕਦੀ ਚੋਕੇ ਤੇ ਚੜ੍ਹਨ ਦਿੱਤੀ ਜਾਂਦੀ ਹੈ ?'' ਇਹ ਆਖ ਕਰ, ਉਸ ਨੂੰ ਧੱਕਾ ਦੇ ਕੇ ਲੰਗਰ ਤੋਂ ਬਾਹਰ ਕੱਢ ਦਿਤਾ। ਦਾਸ, ਉਨ੍ਹਾਂ ਦੀ ਗਲ ਬਾਤ ਵਿਚ ਤਾਂ ਕੁਝ ਨਾ ਬੋਲਿਆ, ਕਿਉਂਕਿ ਦਾਸ ਦੇ ਘਰ ਸਮਾਗਮ ਸੀ। ਬੇਰਸੀ ਹੋ ਜਾਂਦੀ। ਪਰ ਜਦ ਲੰਗਰ ਦੇ ਪ੍ਰਬੰਧ ਕਰਨ ਵਾਲੇ ਦਾ ਕਰੋਧ ਠੰਡਾ ਪਿਆ, ਤਾਂ ਦਾਸ ਨੇ ਆਖਿਆ, ''ਸ੍ਰੀ ਮਾਨ ਜੀ ! ਆਪ ਜੀ ਦਾ ਵਿਸ਼ਟਾ ਨਾਲ ਲਿਬੜੀ ਹੋਈ ਜੁਤੀ ਦਾ ਦ੍ਰਿਸ਼ਟਾਂਤ, ਉਸ ਖਾਲਸੇ ਤੇ ਨਹੀਂ ਢੁੱਕਦਾ। ਕੀ ਉਸ ਸਜਣ ਦੀ ਦੇਹ ਵਿਸ਼ਟਾ ਨਾਲ ਲਿਬੜੀ ਹੋਈ ਹੈ ?'' ਇਹ ਸੁਣ ਕਰ ਆਖਣ ਲਗੇ, ''ਪਰ ਉਹ ਹੈ ਤਾ ਚੁਮਾਰ ਜਾਤੀ ਤੋਂ।'' ਦਾਸ ਨੇ ਨਿਮ੍ਰਤਾ ਸਹਿਤ ਆਖਿਆ ਕਿ ''ਜਿਸ ਮਹਾਨ ਗੁਰੂ ਦਾ ਪ੍ਰਕਾਸ਼ ਉਤਸਵ ਅਜ ਮਨਾ ਰਹੇ ਹੋ, ਉਨ੍ਹਾਂ ਇਸ ਦੀ ਨਿਖੇਧੀ ਕੀਤੀ ਹੈ ਤੇ ਫਰਮਾਇਆ ਹੈ :-

**"ਮਾਨ ਕੀ ਜਾਤਿ ਸਬੈ ਏਕੈ ਪਹਿਚਾਨਬੋ ॥ ॥"**

**(ਅਕਾਲ ਉਸਤਤਿ, ਸ੍ਰੀ ਮੁਖ ਵਾਕ ਪਾਤਸ਼ਾਹੀ 10)**

ਦਾਸ ਦੀ ਇਹ ਗੱਲ ਸੁਣ ਕੇ, ਉਥੇ ਮੱਥੇ ਤੇ ਤਿਉੜੀ ਪਾ ਕਰ ਪਰਸ਼ਾਦੇ ਛਕਣ ਵਾਲੀ ਥਾਂ ਤੋਂ ਤੁਰ ਗਏ। ਇਹ ਘਟਨਾ ਇਥੇ ਹੀ ਨਹੀਂ ਮੁਕੀ, ਅਗੇ ਹੋਰ ਦੁਖਦਾਈ ਬਣੀ। ਲੰਗਰ ਵਰਤਾਉਣ ਵੇਲੇ ਉਹ ਅੰਮ੍ਰਿਤਧਾਰੀ ਸਜਣ ਹੋਰ ਪੰਗਤ ਨਾਲ ਸਜ ਗਿਆ। ਜਾਤ ਅਭਿਆਨੀ ਨਾਮ ਧਰੀਕ ''ਸੰਤ ਜੀ'' ਫਿਰ ਉਸ ਕੋਲ ਆ ਉਪਸਥਿਤ ਹੋਏ, ਬਾਹੋਂ ਫੜ ਕੇ ਉਠਾ ਦਿੱਤਾ ਤੇ ਆਖਿਆ ਕਿ ''ਇਸ ਪੰਗਤ ਦੇ ਪਿਛੇ ਬੈਠ। ਕਿਥੇ ਨਾਢੂ ਖਾਂ ਬਣਿਆ ਫਿਰਦਾ ਹੈ, ਹੈ ਤਾਂ ਤੂੰ ਚੁਮਾਰ ਹੀ।'' ਉਸ ਗਰੀਬ ਸਿੱਖ ਦੇ ਅਥਰੂ ਆ ਗਏ ਤੇ ਬਿਨਾਂ ਲੰਗਰ ਛਕੇ ਆਪਣੇ ਘਰ ਟੁਰ ਗਿਆ।

ਇਸ ਘਟਨਾ ਦਾ ਮੇਰੇ ਤੇ ਇਹ ਅਸਰ ਹੋਇਆ ਕਿ ਉਸ ਸੰਤ ਨੂੰ ਜੋ ਮੈ ਚੰਗਾ ਸਮਝਦਾ ਸਾਂ, ਉਸ ਦੀ ਸੰਗਤ ਕਦੇ ਨਾ ਕਰਨ ਦਾ ਨਿਰਣਾ ਕਰ ਲਿਆ ਤੇ ਅਗੋਂ ਨੂੰ ਕਦੇ ਵੀ ਆਪਣੇ ਘਰ ਐਸੇ ਸਮਾਗਮਾਂ ਤੇ ਨਾ ਸਦਿਆ।

ਇਕ ਹੋਰ ਮੰਨੇ ਪ੍ਰਮਨੇ ਸੰਤ ਵਿਅਕਤੀ ਲਈ, ਜੋ ਸਰਬ ਲੋਹ ਦੇ ਭਾਂਡਿਆਂ ਵਿਚ ਛਕਦੇ ਸਨ, ਦੁੱਧ ਦੀ ਲੋੜ ਪਈ। ਕਰੋਲ ਬਾਗ ਦਿੱਲੀ ਵਿਚ ਇਕ ਸਰਦਾਰ ਦੀ ਡੇਰੀ (Dairy) ਤੋਂ ਉਨ੍ਹਾਂ ਦੇ ਜਥੇ ਦੇ ਪਰੇਮੀ, ਦੁੱਧ ਲੈਣ ਆਏ। ਪਰ ਸ਼ਰਤ ਇਹ ਰੱਖੀ ਕਿ ਦੁੱਧ ਉਹ ਖੁਦ ਚੋਣਗੇ, ਡੇਰੀ ਵਾਲੇ ਦਾ ਆਦਮੀ ਨਾ ਚੋਵੇ। ਡੇਰੀ ਦੇ ਮਾਲਕ ਸਰਦਾਰ ਜੀ ਨੇ ਆਖਿਆ, ''ਜੀ ਸਦਕੇ ਤੁਸੀਂ ਆਪ ਮੱਝ ਚੋਵੋ। ਦਾਸ ਦੁੱਧ ਦਾ ਮੁੱਲ ਵੀ ਨਹੀਂ ਲਏਗਾ। ਪਰ ਇਹ ਸ਼ੰਕਾ ਨਿਵਰਤ ਕਰੋ ਕਿ ਕੀ ਦੂਜੇ ਸਿੱਖ ਅਛੂਤ ਹਨ ? ਤੇ ਇਹ ਵੀ ਦਸਣ ਦੀ ਕਿਰਪਾ ਕਰੋ ਕਿ ਮੱਝ ਤਾਂ ਲੋਹੇ ਦੀ ਨਹੀਂ ਤੇ ਜਿਸ ਪੇਟ ਅੰਦਰ ਦੁੱਧ ਜਾਏਗਾ, ਉਹ ਲੋਹੇ ਦਾ ਨਹੀਂ। ਚਮੜੇ ਤੋਂ ਦੁੱਧ ਨਿਕਲ ਕਰ ਚਮੜੇ ਦੇ ਮੂੰਹ ਵਿਚ ਜਾਣਾ ਹੈ। ਫਿਰ ਲੋਹੇ ਦੇ ਭਾਂਡੇ ਵਿਚ ਦੁੱਧ ਕੱਢਣ ਦਾ ਕੀ ਭਾਵ ਹੋਇਆ ? ਕੁਝ ਸਮੇਂ ਲਈ ਲੋਹੇ ਦੇ ਭਾਂਡੇ ਵਿਚ ਦੁੱਧ ਰੱਖਣ ਨਾਲ ਕੀ ਵਿਸ਼ੇਸ਼ਤਾ ਹੋਈ।''

ਉਪਰੋਕਤ ਪ੍ਰਸ਼ਨਾਂ ਦਾ ਉਤਰ ਡੇਰੀ ਦੇ ਮਾਲਕ ਸਰਦਾਰ ਜੀ ਦੀ ਨਿਸ਼ਾ ਨਾ ਕਰ ਸਕੇ। ਪਰ ਸਰਦਾਰ ਜੀ ਨੇ ਦੁੱਧ, ਉਨ੍ਹਾਂ ਸਜਣਾਂ ਨੂੰ, ਉਨ੍ਹਾਂ ਦੀ ਹੱਥੀ ਚਵਾ ਦਿਤਾ।

ਇਸ ਜਥੇ ਦਾ ਕੀਰਤਨ ਨਿਊ ਰਜਿੰਦਰ ਨਗਰ ਦਿੱਲੀ ਦੇ ਗੁਰਦਵਾਰੇ ਵਿਚ ਇਕ ਵਾਰ ਹੋਇਆ। ਗੁਰਦਵਾਰੇ ਦੇ ਪ੍ਰਬੰਧਕਾਂ ਨੇ ਲੰਗਰ ਲਈ ਕੱਚੀ ਰਸਦ ਜਥੇ ਨੂੰ ਦੇ ਦਿਤੀ ਤਾਂ ਕਿ ਜਥੇ ਦੇ ਸੱਜਣ ਆਪ ਹੀ ਲੰਗਰ ਸਜਾ ਲੈਣ। ਨਲਕੇ ਦਾ ਪਾਣੀ ਇਹ ਸਜੱਣ ਨਹੀਂ ਸੀ ਵਰਤਦੇ। ਖੂਹ ਦਾ

ਪਾਣੀ ਲਿਆ ਕੇ ਤੇ ਇਕ ਵੱਡੇ ਡਰੰਮ ਵਿਚ ਇਕ੍ਰਤ ਕੀਤਾ। ਖੂਹ ਦੁਰੇਡੇ ਸੀ ਪਰ ਹਿੰਮਤ ਕਰਕੇ ਡਰੰਮ ਭਰ ਲਿਆ। ਅਚਨਚੇਤ ਇਕ ਸਿੱਖ ਕਾਕੇ ਦਾ ਹੱਥ ਉਸ ਡਰੰਮ ਨੂੰ ਲਗ ਗਿਆ। ਕਾਕੇ ਦੀ ਆਯੂ ਅਠ ਦਸ ਸਾਲ ਦੀ ਸੀ। ਜਥੇ ਵਾਲਿਆ ਨੇ ਸਾਰਾ ਡਰੰਮ ਭਰਿਆ ਭਰਾਇਆ ਡੋਲ੍ਹ ਦਿੱਤਾ। ਕਿਉਂ? ਇਸ ਲਈ ਕਿ ਇਹ ਪਾਣੀ ਭਿਟ ਗਿਆ ਹੈ। ਕੀ ਇਹ ਸਿੱਖੀ ਹੈ ?

ਗੁਰਦਵਾਰਾ ਬੰਗਲਾ ਸਾਹਿਬ ਵਿਚ, ਇਸ ਜਥੇ ਦਾ ਰੈਣ ਸਬਾਈ ਕੀਰਤਨ ਹੋਇਆ। ਆਪਣੀ ਮਰਿਯਾਦਾ ਅਨੁਸਾਰ, ਇਨ੍ਹਾਂ ਕੜਾਹ ਪ੍ਰਸਾਦਿ ਆਪੂੰ ਹੀ ਤਿਆਰ ਕੀਤਾ। ਭੋਗ ਲਈ ਤਿਆਰ ਹੋਇਆ ਪ੍ਰਸ਼ਾਦ, ਗੁਰੂ ਗ੍ਰੰਥ ਸਾਹਿਬ ਦੀ ਹਜੂਰੀ ਵਿਚ ਲਿਆਂਦਾ ਗਿਆ। ਅਚਨਚੇਤ ਬੰਗਲਾ ਸਾਹਿਬ ਦੇ ਗਰੰਥੀ ਦਾ ਪੱਲਾ, ਸਰਬ ਲੋਹ ਵਿਚ ਰਖੇ ਕੜਾਹ ਪ੍ਰਸ਼ਾਦ ਨੂੰ ਲਗ ਗਿਆ। ਜਥੇ ਨੇ ਕੜਾਹ ਪ੍ਰਸ਼ਾਦ ਭਿਟਿਆ ਸਮਝ ਕੇ ਮੁੜ ਨਵਾਂ ਸਜਾਇਆ। ਆਪਣੇ ਕੀਰਤਨ ਦੇ ਭੋਗ ਲਈ ਨਾ ਵਰਤਿਆ। ਕੀ ਇਹ ਸਿੱਖੀ ਹੈ।

ਲੁਧਿਆਣੇ ਵਿਚ ਰੈਣ ਸਬਾਈ ਕੀਰਤਨ ਉਪਰੰਤ ਜਥੇ ਨੇ ਖੁਦ ਲੰਗਰ ਸਜਾਇਆ। ਲੰਗਰ ਛੱਕਣ ਵਾਲੀ ਸੰਗਤ ਵਿਚੋਂ ਇਕ ਅੰਮ੍ਰਿਤਧਾਰੀ ਗੁਰਸਿੱਖ ਦਾ, ਜੋ ਜਥੇ ਦੇ ਮੈਂਬਰ ਨਹੀਂ ਸੀ, ਪਰਸ਼ਾਦੇ ਵਰਤਾਣ ਵਾਲੇ ਦੀ ਲਤ ਨਾਲ ਹੱਥ ਲੱਗ ਗਿਆ, ਤਾਂ ਪਰਸ਼ਾਦੇ ਵਾਲੇ ਜਥੇ ਦੇ ਸਜਣ ਨੇ ਪਰਸ਼ਾਦੇ ਵਗਾ ਕੇ ਮਾਰੇ। ਛੂਹਣ ਵਾਲੇ ਨਾਲ ਜੋ ਬੀਤੀ ਉਹੀ ਜਾਣਦਾ ਹੈ। ਕੀ ਇਹ ਸਿੱਖੀ ਹੈ ?

ਨਵੀ ਦਿੱਲੀ ਹੌਜ਼-ਖਾਸ ਵਿਚ ਇਸੇ ਜਥੇ ਦਾ ਕੀਰਤਨ ਸੀ। ਉਸ ਸਮਾਗਮ ਤੇ ਇਕ ਸਿੰਧੀ ਸਹਿਜਧਾਰੀ ਪਰੇਮੀ ਜੋੜਾ ਵੀ ਕੀਰਤਨ ਵਿਚ, ਹਾਜ਼ਰੀ ਭਰਨ ਗਿਆ। ਜਥੇ ਨੂੰ ਬੇਨਤੀ ਕੀਤੀ ''ਸਾਨੂੰ ਵੀ ਇਕ ਸ਼ਬਦ ਪੜ੍ਹਨ ਦੀ ਆਗਿਆ ਮਿਲੇ।'' ਜਥੇ ਦੇ ਆਗੂ ਜੀ ਨੇ ਨਾਂਹ ਕਰ ਦਿੱਤੀ ਕਿ ਤੁਸੀਂ ਅੰਮ੍ਰਿਤਧਾਰੀ ਨਹੀਂ, ਤਾਂ ਤੇ ਸ਼ਬਦ ਨਹੀਂ ਪੜ੍ਹ ਸਕਦੇ। ਕੀ ਇਹ ਸਿੱਖੀ ਹੈ।

ਜਦ ਦਸ਼ਮੇਸ਼ ਜੀ ਨੇ ਸਮੁੱਚੇ ਖਾਲਸੇ ਨੂੰ ਇਕੋ ਪੱਧਰ ਤੇ ਲਿਆ ਖੜਾ ਕੀਤਾ ਹੈ ਤਾਂ ਫਿਰ ਇਹ ਵਿਤਕਰਾ ਕਿਉਂ ? ਪੰਗਤ ਤੇ ਸੰਗਤ ਗੁਰਮਤਿ ਵਿਚ ਇਕ ਹੈ, ਫਿਰ ਪੰਥ ਅੰਦਰ ਨਵਾਂ ਪੰਥ ਕਿਉਂ ? ਸਮੂਹ ਅੰਮ੍ਰਿਤਧਾਰੀ ਖਾਲਸਾ ਇਕ ਹੈ, ਫਿਰ ਅੰਮ੍ਰਿਤਧਾਰੀ ਦੇ ਹੱਥ ਦਾ ਸਜਿਆ ਕੜਾਹ ਪ੍ਰਸ਼ਾਦ ਕਿਉਂ ਨਹੀਂ ਲਿਆ ਜਾਂਦਾ ? ਇਕ ਅੰਮ੍ਰਿਤਧਾਰੀ ਦੇ ਹਥੋਂ ਪਰਸ਼ਾਦੇ ਤੇ ਜਲ ਕਿਉਂ ਭਿਟ ਜਾਂਦੇ ਹਨ ?

ਹੁਣ ਪਾਠਕ ਜਨ ਆਪ ਹੀ ਅਨੁਮਾਨ ਲਾ ਲੈਣ ਕਿ ਸਾਡੇ ਸੰਤ ਸਾਨੂੰ ਕਿਧਰ ਲੈ ਜਾ ਰਹੇ ਹਨ ? ਜਿਸ ਚਿਕੜ ਤੋਂ ਸਾਨੂੰ ਕਲਗੀਧਰ ਪਾਤਸ਼ਾਹ ਜੀ ਨੇ ਅਪਾਰ ਕਿਰਪਾ ਦੁਆਰਾ ਕੱਢਿਆ ਸੀ, ਉਸੀ ਚਿਕੜ ਵਿਚ ਮੁੜ ਧਕੇਲ ਰਹੇ ਹਨ। ਇਹ ਲੋਕ ਗੁਰਬਾਣੀ ਦੀ ਆੜ ਵਿਚ ਸਿੱਧੇ ਸਾਦੇ ਸਿੱਖਾਂ ਦੇ ਭਰੋਸੇ ਸਿਦਕ ਨਾਲ ਭਰੇ ਦਿਲਾਂ ਦਾ ਅਯੋਗ ਲਾਭ ਉਠਾ ਰਹੇ ਹਨ। ਖਾਲਸਾ ਜੀ ਸਾਵਧਾਨ ਹੋਵੋ ! ਖਾਲਸੇ ਜੀ ਪਾਸ, ਗੁਰੂ ਸਾਹਿਬ ਦੀ ਬਾਣੀ ਮੌਜੂਦ ਹੈ। ਬਾਣੀ ਦੀ ਕਸਵੱਟੀ ਰਖੋ। ਆਪਣੀ ਸੂਰਤ ਨੂੰ ਹੋਰ ਕਿਸੇ ਵਿਅਕਤੀ ਦੇ ਹੇਠਾਂ, ਭਾਵੇ ਕਿੰਨੀ ਮਾਨਨੀਯ ਕਿਉਂ ਨਾ ਹੋਵੇ, ਕਦੇ ਨਾ ਲਿਆਉ।

## 4. ਥਿਤੀ ਵਾਰ ਤੇ ਬਰਤ ਆਦਿਕ

ਦਿਨ ਦਿਹਾੜਿਆਂ ਨੂੰ ਮੰਨਣਾ, ਗੁਰਮਤਿ ਖੰਡਨ ਕਰਦੀ ਹੈ। ਜਿਹਾ ਕਿ ਹੇਠ ਲਿਖਿਆ ਪ੍ਰਮਾਣ ਸਿਧ ਕਰਦਾ ਹੈ :-

**"ਸਤਿਗੁਰ ਬਾਝਹੁ ਅੰਧੁ ਗੁਬਾਰੁ ॥**
**ਥਿਤੀ ਵਾਰ ਸੇਵਹਿ ਮੁਗਧ ਗਵਾਰ ॥"** ਪੰਨਾ 843

**ਭਾਵ ਅਰਥ :–** ਥਿਤਾਂ ਤੇ ਵਾਰਾਂ ਨੂੰ ਸੇਵਨ ਵਾਲੇ ਮੂੜ੍ਹ ਤੇ ਗਵਾਰ ਹਨ। ਸਤਿਗੁਰੂ ਬਾਝਹੁ ਘੁਪ ਹਨੇਰਾ ਪਸਰਿਆ ਹੋਇਆ ਹੈ। ਜਗਤ ਭਰਮ ਵਿਚ ਭੰਬਲ ਭੂਸੇ ਖਾ ਰਿਹਾ ਹੈ ਤੇ ਬੇਅਰਥ ਆਪਣੀ ਸ਼ਕਤੀ ਤੇ ਸਮਾਂ ਗਵਾ ਰਿਹਾ ਹੈ।

ਇਹੋ ਹੈ ਸਿਧਾਂਤ ਗੁਰਮਤਿ ਦਾ। ਪਰ ਵੇਖਿਆ ਕੀ ਜਾ ਰਿਹਾ ਹੈ ਕਿ ਸਾਡੇ ਸਿੱਖ ਘਰਾਂ ਵਿਚ ਗਲ ਗਲ ਪਿੱਛੇ ਥਿਤਾਂ ਵਾਰਾਂ ਦੀ ਵਰਤੋਂ ਹੋ ਰਹੀ ਹੈ। ਅੱਜ ਕੇਸੀ ਇਸ਼ਨਾਨ ਨਹੀਂ ਕਰਨਾ। ਅੱਜ ਸਫਰ ਤੇ ਵਾਂਢੇ ਨਹੀਂ ਜਾਣਾ। ਅੱਜ ਨਵੇ ਕੰਮ ਚਲਾਣ ਨਹੀਂ ਵਾਰ ਚੰਗਾ ਨਹੀਂ। ਨਵੇਂ ਘਰ ਦੀ ਨੀਂਹ ਰਖਣ ਲਈ ਅੱਜ ਦਿਹਾੜਾ ਸ੍ਰੇਸ਼ਟ ਨਹੀਂ। ਅੱਜ ਚਾਵਲ ਨਹੀਂ ਚਾੜ੍ਹਨੇ। ਅੱਜ ਕੇਵਲ ਫਲਾਹਾਰ ਹੀ ਰਹਿਣਾ ਹੈ, ਇਤਆਦਿਕ। ਇਸ ਪ੍ਰਕਾਰ ਗੁਰਮਤਿ ਦੇ ਉਲਟ ਪ੍ਰਚਾਰ ਵਿਚ ਵਿਸ਼ੇਸ਼ ਕਰ ਕੇ 'ਸੰਤ ਵਿਅਕਤੀਆਂ' ਦਾ ਹੱਥ ਬਹੁਤ ਹੈ।

ਇਥੇ ਵੀ ਇਕ ਸੁਆਦਲੀ ਘਟਨਾ ਦਾ ਉਲੇਖ ਕਰਨਾ ਜਰੂਰੀ ਹੈ।

ਇਕ ਪੰਥ ਦੇ ਪ੍ਰਸਿਧ ਸੰਤ ਵਿਅਕਤੀ ਬਾਰੇ, ਬੜੀ ਉਪਮਾ, ਦਾਸ ਨੇ ਸੁਣੀ। ਚਿਤ ਵਿਚ ਦਰਸ਼ਨ ਲਈ ਉਮਾਹ ਹੋ ਗਿਆ। ਉਨ੍ਹਾਂ ਦੇ ਸੇਵਕਾਂ ਨੇ ਬਟਵਾਰੇ ਤੋਂ ਕੁਝ ਸਮਾਂ ਪਹਿਲਾਂ ਉਨ੍ਹਾਂ ਦੇ ਹੁਕਮ ਅਨੁਸਾਰ ਮਿੰਟਗੁਮਰੀ ਤੋਂ ਆਪਣੀ ਜ਼ਮੀਨ ਵੇਚ ਕੇ ਬਾੜੀ (ਰਾਜਸਥਾਨ) ਜ਼ਮੀਨ ਖਰੀਦ ਲਈ ਤੇ ਵਸਣ ਲੱਗ ਪਏ। ਇਹ ਪਾਕਿਸਤਾਨ ਬਣਨ ਤੋਂ ਪੰਜ ਛੇ ਮਹੀਨੇ ਪਹਿਲਾਂ ਦੀ ਗਲ ਹੈ। ਇਨ੍ਹਾਂ ਸੰਤਾਂ ਪਰਥਾਇ ਇਹ ਗੱਲ ਆਮ ਪ੍ਰਸਿਧ ਸੀ ਕਿ ਉਨ੍ਹਾਂ ਵਿਚ ਵਾਕ ਸਿੱਧੀ ਹੈ ਤੇ ਹੋਰ ਰਿਧੀਆਂ ਸਿਧੀਆਂ ਪਿਛੇ ਲਗੀਆਂ ਫਿਰਦੀਆਂ ਸਨ। ਉਕਤ ਸੰਤ ਜੀ, ਆਪਣੇ ਸੇਵਕਾਂ ਨੂੰ ਮਿਲਣ ਲਈ, ਬਾੜੀ ਆਏ। ਮੇਰੇ ਦਿਲ ਵਿਚ ਉਨ੍ਹਾਂ ਦੇ ਦਰਸ਼ਨਾ ਲਈ ਤਾਂਘ ਹੈ ਹੀ ਸੀ। ਬੜੇ ਚਾਂਈ ਚਾਂਈ ਮੈਂ ਵੀ ਉਨ੍ਹਾਂ ਦੇ ਦਰਸ਼ਨਾਂ ਲਈ, ਉਨ੍ਹਾਂ ਦੇ ਸੇਵਕਾਂ ਦੇ ਘਰ ਗਿਆ। ਸੰਤ ਜੀ ਨਾਲ ਚੋਖੀ ਸੰਗਤ ਪੰਜਾਬ ਤੋਂ ਆਈ ਹੋਈ ਸੀ। ਉਸ ਵੇਲੇ ਉਨ੍ਹਾਂ ਦੇ ਇਕ ਪ੍ਰਚਾਰਕ ਸੰਗਤਾਂ ਨੂੰ ਪ੍ਰਕਰਣ ਸੁਣਾ ਰਹੇ ਸਨ। ਉਸ ਪ੍ਰਚਾਰਕ ਦੇ ਬੋਲਣ ਪਿਛੋ, ਸੰਤ ਮਹਾਰਾਜ ਜੀ ਬੋਲੇ ਕਿ ਕਾਗਜ਼ ਅਤੇ ਕਲਮ ਫੜੋ ਤੇ ਹੇਠ ਲਿਖੀਆਂ ਗਲਾਂ ਲਿਖਵਾਈਆਂ :-

ਨਵਾਂ ਮਕਾਨ ਬਣਾਉਣ ਲਈ ਅਮਕਾ ਦਿਨ ਸ਼ੁਭ ਹੈ। ਇਸ ਦਿਨ ਨੀਂਹ ਰਖਣੀ। ਮਕਾਨ ਬਣਨ ਤੋਂ ਮਗਰੋ ਪ੍ਰਵੇਸ਼ ਫਲਾਣੇ ਦਿਹਾੜੇ ਕਰਨਾ ਹੈ। ਬਲਦ ਅਮਕੇ ਦਿਨ ਖਰੀਦਣਾ ਹੈ। ਗਊ ਤੇ ਮੱਝ ਅਮਕੇ ਦਿਹਾੜੇ ਖਰੀਦਣੀ ਹੈ। ਘੋੜਾ ਖਰੀਦਣ ਲਈ ਵੀ ਦਿਨ ਲਿਖਵਾਇਆ। ਖੇਤਾਂ ਵਿਚ ਬੀਜ ਫਲਾਣੇ ਦਿਹਾੜੇ ਬੀਜਣਾ ਹੈ। ਕੇਸੀ ਇਸ਼ਨਾਨ ਕੇਵਲ ਐਸ ਦਿਹਾੜੇ ਹੀ ਕਰਨਾ ਹੈ। ਨਵਾਂ ਪੁਸ਼ਾਕਾ ਇਨ੍ਹਾਂ ਦਿਹਾੜਿਆਂ ਵਿਚ ਨਹੀਂ ਪਾਉਂਣਾ, ਫਲਾਣੇ ਦਿਹਾੜੇ ਪਾਉਂਣਾ ਹੈ। ਪੂਰਨਮਾਸ਼ੀ ਨੂੰ ਵਰਤ ਰੱਖਣਾ ਹੈ। ਉਸ ਦਿਹਾੜੇ ਲੂਣ ਨਹੀਂ ਖਾਣਾ। ਸ਼ਾਮੀ ਵਰਤ ਤੋੜਨ ਤੋਂ ਪਹਿਲਾਂ ਪੂਰਨਮਾਸ਼ੀ ਦੀ ਕਥਾ, ਜੋ ਹਿੰਦੂ ਗ੍ਰੰਥਾਂ ਵਿਚ ਹੈ, ਸੁਣ ਕੇ ਵਰਤ ਤੋੜਨਾ ਹੈ। ਪੂਰਨਮਾਸ਼ੀ ਦੀ ਰਾਤ ਨੂੰ ਜਾਗਰਨ ਕਰਨਾ ਹੈ। ਇਸ ਤੋਂ ਅਤਿਰਿਕਤ ਕਾਰਜ ਸਿਧੀ ਲਈ ਕਈ ਸ਼ਬਦ ਲਿਖਵਾਏ ਤੇ ਉਨ੍ਹਾਂ ਦੀਆਂ ਵਿਧੀਆਂ ਤੇ ਪੱਖ ਵੀ ਦਰਸਾਏ। ਦਾਸ ਦੇ ਹਿਰਦੇ ਤੇ, ਇਹ ਗਲਾਂ ਪਰਚਾਰੀਆਂ ਜਾਣੀਆਂ ਸੁਣ ਕਰ, ਕੁਦਰਤੀ ਬੜਾ ਖੇਦ ਹੋਇਆ। ਦਾਸ ਨੂੰ ਉਸੀ ਵੇਲੇ ਇਹ ਸ਼ਬਦ ਚੇਤੇ ਆਇਆ ਕਿ ਗੁਰੂ ਸਾਹਿਬ ਤਾਂ ਥਿਤੀ ਵਾਰਾਂ ਦੇ ਸੇਵਨ ਬਾਰੇ ਫੁਰਮਾਉਂਦੇ ਹਨ ਕਿ ਇਨ੍ਹਾਂ ਨੂੰ ਸੇਵਨ ਵਾਲੇ ਮੂਰਖ ਤੇ ਗਵਾਰ ਹਨ :-

**ਥਿਤੀ ਵਾਰ ਸੇਵਹਿ ਮੁਗਧ ਗਵਾਰ ॥"** **ਪੰਨਾ 843**

ਇਹ ਕਿਹੋ ਜਿਹਾ ਪ੍ਰਚਾਰ ਪਰਚਾਰਿਆ ਜਾ ਰਿਹਾ ਹੈ ? ਇਨ੍ਹਾਂ ਸੰਤਾਂ ਨੂੰ ਪੰਜਾਬ ਦੇ ਪਿੰਡਾਂ ਵਿਚ ਹਰ ਕੋਈ ਜਾਣਦਾ ਹੈ ਤੇ ਪਿੰਡ-ਪਿੰਡ ਇਹ ਜਾਂਦੇ ਹਨ। ਸਿੱਖੀ ਸੇਵਕੀ ਵੀ ਬਹੁਤ ਹੈ। ਲੋਕਾਂ ਦੀ ਸ਼ਰਧਾ ਵੀ ਬਹੁਤ ਹੈ। ਬੜੀ ਮਾੜੀ ਗਲ ਹੋ ਰਹੀ ਹੈ ਜੋ ਗੁਰਮਤਿ ਵਿਰੁਧ ਪ੍ਰਚਾਰ, ਸੰਤ ਕਰ ਰਹੇ ਹਨ। ਸੰਤਾਂ ਦਾ ਮਾਨ ਭੰਗ ਨਾ ਹੋਵੇ ਤੇ ਸੰਗਤ ਵਿਚ ਬੇਰਸੀ ਵੀ ਨਾ ਹੋਵੇ, ਇਹ ਮੁਖ ਰਖ ਕੇ, ਮੈਂ ਸੰਤਾਂ ਨੂੰ ਇਕਾਂਤ ਵਿਚ ਕੁਝ ਬਚਨ ਕਰਨ ਲਈ ਸਮਾਂ ਮੰਗਿਆ। ਦੂਜੇ ਦਿਨ ਲਈ ਸਮਾਂ ਮਿਲ ਗਿਆ। ਦਾਸ ਨੇ ਅਧੀਨਗੀ ਸਹਿਤ ਬੇਨਤੀ ਕੀਤੀ ''ਸ੍ਰੀ ਮਾਨ ਜੀਓ ! ਆਪ ਜੀ ਨੇ ਜੋ ਕਲ ਥਿਤੀ ਵਾਰਾਂ ਸੇਵਨ ਲਈ ਉਪਦੇਸ਼ ਕੀਤਾ ਹੈ, ਇਸ ਦੀ ਪ੍ਰੋੜਤਾ ਗੁਰਮਤਿ ਨਹੀਂ ਕਰਦੀ। ਗੁਰਮਤਿ ਤਾਂ ਇਸ ਦੇ ਉਲਟ ਥਿਤ ਵਾਰ ਸੇਵਨ ਵਾਲਿਆਂ ਨੂੰ ਮੂਰਖ ਤੇ ਗਵਾਰ ਆਖਦੀ ਹੈ। ਕ੍ਰਿਪਾ ਕਰਕੇ ਸਪਸ਼ਟਤਾ ਕਰੋ ਕਿ ਕਿਹੜੀ ਗਲ ਕਰੀਏ ? ਉੱਤਰ ਵਿਚ ਆਖਣ ਲਗੇ, ''ਮੈਂ ਆਪਣੇ ਵਲੋਂ ਕੋਈ ਗਲ ਨਹੀਂ ਪ੍ਰਚਾਰ ਰਿਹਾ। ਇਹ ਹੁਕਮ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ, ਭਾਈ ਸਾਹਿਬ ਮਨੀ ਸਿੰਘ ਜੀ ਨੂੰ ਹੋਇਆ ਹੈ। ਉਹ ਅਸਲੀ ਹਥ ਲਿਖਤ ਪੁਸਤਕ ਸ੍ਰੀ ਹਜ਼ੂਰ ਸਾਹਿਬ ਮੌਜੂਦ ਹੈ, ਵੇਖੀ ਜਾ ਸਕਦੀ ਹੈ।'' ਮੈਂ ਫਿਰ ਆਖਿਆ, ''ਜੀਓ ਜੀ ! ਸਾਡੇ ਪਾਸ, ਸ੍ਰੀ ਕਰਤਾਰ ਪੁਰ ਸਾਹਿਬ ਵਿਚ ਭਾਈ ਸਾਹਿਬ ਭਾਈ ਗੁਰਦਾਸ ਜੀ ਦਾ ਲਿਖਤ ਸ੍ਰੀ ਗੁਰੂ ਗ੍ਰੰਥ ਸਾਹਿਬ ਮੌਜੂਦ ਹੈ। ਜਿਸ ਬਾਬਤ ਕਿੰਤੂ ਨਹੀਂ ਹੋ ਸਕਦਾ ਕਿ ਅਸਲੀ ਲਿਖਤ ਸ੍ਰੀ ਗੁਰੂ ਗ੍ਰੰਥ ਸਾਹਿਬ ਸ੍ਰੀ ਗੁਰੂ ਅਰਜਨ ਦੇਵ ਜੀ ਦਾ ਲਿਖਵਾਇਆ ਹੋਇਆ ਨਹੀਂ।

ਗੁਰੂ ਸਾਹਿਬ ਜੀ ਨੇ ਹਰ ਇਕ ਸ਼ਬਦ ਪਿਛੋ ਨੰਬਰ ਅੰਕਤ ਕਰਵਾਏ ਹਨ ਤੇ ਫਿਰ ਜੁਮਲਾ ਜੋੜ ਕੀਤਾ ਹੈ ਭਾਵ ਇਹ ਕਿ ਮਤਾਂ ਪਿਛੋਂ ਕੋਈ ਨਾਨਕ ਛਾਪ ਲਾ ਕੇ ਆਪਣੀ ਨਿਜ ਮੱਤ ਦਾ ਸ਼ਬਦ ਵਿਚ ਨਾ ਪਾ ਦੇਵੇ ਜਾਂ ਪਰਚਲਤ ਕਰ ਦੇਵੇ। ਸਾਡੇ ਕੋਲ ਕਸਵੱਟੀ ਗੁਰਬਾਣੀ ਹੈ। ਜੋ ਗਲ ਇਸ ਦੇ ਅਨੁਕੂਲ ਨਹੀਂ, ਤੁਰੰਤ ਖੰਡਨ ਕਰ ਦੇਣੀ ਚਾਹੀਦੀ ਹੈ। ਇਹ ਸੁਣ ਕਰ ਉਹ ਆਖਣ ਲਗੇ ਕਿ ਸਾਡੀ ਤਾਂ ਨਿਸ਼ਾ ਹੋ ਗਈ ਹੈ ਕਿ ਇਹ ਗੁਰੂ ਗੋਬਿੰਦ ਸਿੰਘ ਦਾ ਹੁਕਮ ਹੈ। ਤੁਸੀਂ ਜੇ ਤਸੱਲੀ ਕਰਨਾ ਚਾਂਹੁਦੇ ਹੋ ਤਾਂ ਹਜ਼ੂਰ ਸਾਹਿਬ ਜਾ ਕੇ ਕਰ ਸਕਦੇ ਹੋ। ਮੈਂ ਆਖਿਆ ਜੀ ! ਹਜ਼ੂਰ ਸਾਹਿਬ ਦਾਸ ਨੂੰ ਇਹ ਪੁਸਤਕ ਕਿਸ ਨੇ ਵਿਖਾਉਣੀ ਹੈ? ਉਤਰ ਵਿਚ ਬੋਲੇ, ਅਸੀਂ ਹੁਣ ਇਥੋ ਹਜ਼ੂਰ ਸਾਹਿਬ ਜਾ ਰਹੇ ਹਾਂ ਜੇ ਤੁਸੀਂ ਚਾਹੋ ਤਾਂ ਉਥੇ ਆ ਜਾਣਾ। ਮੈਂ ਤੁਹਾਨੂੰ ਪ੍ਰਬੰਧਕਾਂ ਤੋਂ ਪੁਸਤਕ ਲੈ ਦਿਆਂਗਾ। ਪੜ੍ਹ ਲੈਣੀ। ਮੈਂ ਸ੍ਰੀ ਹਜ਼ੂਰ ਸਾਹਿਬ ਜਾਣ ਦੀ ਹਾਮੀ ਭਰ ਲਈ।

ਇਹ ਗਲ ਬਾਤ ਹੋਣ ਦੇ ਪੰਦਰਾਂ ਦਿਨ ਪਿਛੋਂ, ਦਾਸ ਸ੍ਰੀ ਹਜ਼ੂਰ ਸਾਹਿਬ ਪੁਜ ਗਿਆ ਤੇ ਸੰਤ ਵੀ ਰਸਤੇ ਵਿਚ ਕਈ ਥਾਈ ਠਹਿਰਦੇ ਹੋਏ ਇਕਰਾਰ ਮੁਜ਼ਬ ਪੁਜ ਗਏ।

ਦੁਸਹਿਰੇ ਵਾਲੇ ਦਿਨ ਸੰਤਾਂ ਨੇ ਆਖਿਆ ਸੀ ਕਿ ਪੁਸਤਕ ਦੇ ਦਰਸ਼ਨ ਕਰਾਵਾਂਗੇ। ਬਚਨ ਅਨੁਸਾਰ ਸੰਤਾਂ ਨੇ ਉਹ ਲਿਖਤ ਵਿਖਾਈ। ਉਸ ਵਿਚ ਪਹਿਲੇ ਪਤਰੇ ਤੇ ਹੀ ਮੁਖ ਬੰਦ ਵਿਚ ਇਹ ਅੰਕਤ ਸੀ। ''ਇਹ ਉਪਦੇਸ਼ ਦਸਮ ਪਾਤਸ਼ਾਹ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਮਹਾਰਾਜ ਜੀ ਨੇ ਸ੍ਰੀਮਾਨ ਭਾਈ ਮਨੀ ਸਿੰਘ ਜੀ ਨੂੰ ਦਿਤਾ। ਪੁਸਤਕ ਤਿੰਨ ਸੌ ਸਫੇ ਦੇ ਲਗਭਗ ਸੀ। ਮੈਂ ਹੈਡਿੰਗ ਸਾਰੀ ਪੁਸਤਕ ਦੇ ਪੜ੍ਹੇ ਤੇ ਕਿਤੇ ਕਿਤੇ ਹੈਡਿੰਗ ਦੇ ਹੇਠਾਂ ਵਿਸਥਾਰ ਪੜ੍ਹਿਆ। ਕੋਈ ਚਾਰ ਪੰਜ ਘੰਟੇ ਲਗੇ ਹੋਣਗੇ। ਉਸੀ ਰਾਤ ਨੂੰ ਸੰਤ ਜੀ ਨਾਲ ਫਿਰ ਸੁਭਾਵਕ ਹੀ ਮੁਲਾਕਾਤ ਹੋਈ ਅਤੇ ਇਸ ਪੁਸਤਕ ਸਬੰਧੀ ਵਿਚਾਰ ਹੋਈ। ਮੈਂ ਬੇਨਤੀ ਕੀਤੀ, ''ਸਤਿਕਾਰ ਯੋਗ ਜੀਓ, ਅਜ ਪੁਸਤਕ ਕੁਝ ਕੁਝ ਪੜ੍ਹੀ ਹੈ। ਇਸ ਵਿਚ ਤਾਂ ਗੁਰਮਤਿ ਦੇ ਉਲਟ ਗਲਾਂ ਲਿਖੀਆਂ ਹੋਈਆਂ ਹਨ। ਹਨੂੰਮਾਨ ਦੀ ਪੂਜਾ ਇਸ ਵਿਚ ਹੈ। ਹਿੰਦੂ ਮਤ ਦੇ ਦ੍ਰਿੜਾਏ ਜਪ, ਤਪ, ਸੰਜਮ, ਹਠ, ਨਿਗ੍ਰਾਹ, ਪੁੰਨ, ਦਾਨ, ਬਰਤ, ਨੇਮ, ਯੋਗ ਸਾਧਨ,

ਨਿਵਲ-ਭੁਅੰਗਮ, ਸਭ ਤੀਰਥਾਂ ਦੇ ਇਸ਼ਨਾਨ ਲਈ ਪ੍ਰੇਰਨਾ ਦਿਤੀ ਗਈ ਹੈ। ਪਰ ਦਸਮ ਪਾਤਸ਼ਾਹ ਜੀ ਦਾ ਹੁਕਮ, ਉਨ੍ਹਾਂ ਦੀ ਆਪਣੀ ਬਾਣੀ ਅਨੁਸਾਰ, ਇਸ ਤਰ੍ਹਾਂ ਹੈ :-

**"ਜਾਗਤ ਜੋਤਿ ਜਪੈ ਨਿਸਬਾਸੁਰ ਏਕ ਬਿਨਾ ਮਨ ਨੈਕ ਨਾ ਆਨੈ ॥**
**ਪੂਰਨ ਪ੍ਰੇਮ ਪ੍ਰਤੀਤ ਸਜੈ ਬ੍ਰਤ ਗੋਰ ਮੜੀ ਮਠ ਭੂਲ ਨ ਮਾਨੈ ॥**
**ਤੀਰਥ ਦਾਨ ਦਇਆ ਤਪ ਸੰਜਮ ਏਕ ਬਿਨਾ ਨਹਿ ਏਕ ਪਛਾਨੈ ॥**
**ਪੂਰਨ ਜੋਤਿ ਜਗੈ ਘਟਿ ਮੈ ਤਬ ਖਾਲਸਾ ਤਾਹਿ ਨਖਾਲਸ ਜਾਨੈ ॥" (33 ਸਵਈਏ ਪਾ. 10)**

**ਭਾਵ ਅਰਥ :-** ''ਖਾਲਸਾ ਕੇਵਲ ਜਾਗਤ ਜੋਤ ਨੂੰ ਜਪੇ। ਉਸ ਇਕ ਅਕਾਲ ਪੁਰਖ ਤੋਂ ਬਿਨਾਂ ਕਿਸੇ ਹੋਰ ਨੂੰ ਮਨ ਵਿਚ ਜਰਾ ਜਿਨ੍ਹਾਂ ਵੀ ਨਾ ਲਿਆਵੇ। ਪੂਰਨ ਪ੍ਰੇਮ ਤੇ ਸਿਦਕ ਨਾਲ, ਖਾਲਸਾ ਆਪਣੇ ਆਪ ਨੂੰ ਸਜਾਏ। ਭੁਲ ਕੇ ਵੀ ਕਦੇ ਬਰਤ ਨਾ ਰਖੇ, ਕਬਰ, ਮੜ੍ਹੀ, ਮਠ ਨਾ ਮੰਨੇ। ਤੀਰਥਾ ਤੇ ਜਾ ਕੇ ਦਾਨ, ਦਇਆ, ਤਪ, ਸੰਜਮ ਨਾ ਕਰੇ। ਕੇਵਲ ਇਕ ਪ੍ਰਮੇਸ਼ਰ ਤੋਂ ਬਿਨਾ, ਹੋਰ ਕਿਸੇ ਨੂੰ ਨਾ ਪਛਾਣੇ। ਜਿਸ ਵਿਚ ਸੰਪੂਰਨ, ਜੋਤ ਜਗਮਗਾ ਉਠੇ, ਤਦ ਖਾਲਸਾ, ਉਸ ਨੂੰ ਨਿਰੋਲ ਸ਼ੁਧ ਖਾਲਸਾ ਜਾਣੇ। ਨਹੀਂ ਤਾਂ ਮਿਲਗੋਭਾ ਹੈ, ਖਾਲਸਾ ਨਹੀਂ।'' ਤੇ ਫੇਰ ਦਾਸ ਨੇ ਇਹ ਆਖਿਆ ਕਿ ਪਜੰਵੇ ਜਾਮੇ ਵਿਚ ਸ੍ਰੀ ਪਾਤਸ਼ਾਹ ਫੁਰਮਾਉਂਦੇ ਹਨ :-

**"ਬਰਤ ਨੇਮ ਸੰਜਮ ਮਹਿ ਰਹਤਾ ਤਿਨ ਕਾ ਆਢੁ ਨ ਪਾਇਆ ॥**
**ਆਗੈ ਚਲਣੁ ਅਉਰੁ ਹੈ ਭਾਈ ਊਂਹਾ ਕਾਮਿ ਨ ਆਇਆ ॥" ਪੰਨਾ 216**

**ਭਾਵ ਅਰਥ :-** ਜਿਹੜਾ ਬਰਤ, ਨੇਮ, ਹੋਰ ਸੰਜਮਾਂ ਦਾ ਉਪਾਸ਼ਕ ਹੈ ਤੇ ਇਨ੍ਹਾਂ ਨੂੰ ਕਰਦਾ ਹੈ, ਇਸ ਦਾ ਕੌਡੀ ਮੁਲ ਨਹੀਂ ਪੈਂਦਾ। ਦਰਗਾਹ ਵਿਚ ਇਹ ਕੰਮ ਕਿਸੇ ਲੇਖੇ ਨਹੀਂ ਪੈਂਦੇ। ਉਥੇ ਹੋਰ ਚਲਣ ਹੈ। ਇਹ ਗਲ ਦਰਗਾਹ ਦੇ ਜਾਣੂ ਸਾਹਿਬ ਜੀ ਫੁਰਮਾ ਰਹੇ ਹਨ।

ਦਾਸ ਨੇ ਇਹ ਵੀ ਆਖਿਆ ਕਿ ਇਸ ਪੁਸਤਕ ਵਿਚ ਤਾਂ ਉਨ੍ਹਾਂ ਗੱਲਾਂ ਲਈ ਪ੍ਰੇਰਨਾ ਦਿਤੀ ਗਈ ਹੈ ਜਿਨ੍ਹਾਂ ਦਾ ਗੁਰਮਤਿ ਖੰਡਨ ਕਰਦੀ ਹੈ।

ਇਹ ਬਚਨ ਸੁਣ ਕੇ ਸੰਤ ਚੁਪ ਹੋ ਗਏ। ਤੇ ਉਤਰ ਕੋਈ ਨਹੀਂ ਦਿਤਾ। ਦਾਸ ਵਿਦਾ ਲੈ ਕੇ ਆਪਣੇ ਨਿਵਾਸ ਸਥਾਨ ਤੇ ਜਾ ਬਿਰਾਜਿਆ।

ਹੁਣ ਪਾਠਕ ਜਨ ਆਪ ਹੀ ਨਿਰਣਾ ਕਰ ਲੈਣ ਕਿ ਆਪਣੀ ਨਿਜ ਮੱਤ ਨੂੰ ਪਰਚਾਰਨ ਲਈ ਚਤੁਰ ਆਦਮੀ, ਉਸ ਗਲ ਨੂੰ ਗੁਰੂ ਸਾਹਿਬ ਦੇ ਮੁਖਾਰਬਿੰਦ ਤੋਂ ਕਢਵਾ ਕੇ, ਟਪਲੇ ਵਿਚ ਪਾ ਦਿੰਦਾ ਹੈ।

ਜਿਥੇ ਸੰਤਾਂ ਨਾਲ ਉਪਰੋਕਤ ਵਾਰਤਾਲਾਪ ਹੋਈ, ਉਥੇ ਨਾਲ ਹੀ ਦੂਜੇ ਮੰਜੇ ਤੇ ਸੰਤਾਂ ਦੇ ਗੁਰਭਾਈ ਬਿਸਰਾਮ ਕਰ ਰਹੇ ਸਨ। ਉਸ ਵੇਲੇ ਤਾਂ ਉਹ ਕੁਝ ਨਾ ਬੋਲੇ। ਪਰ ਦੂਜੇ ਦਿਨ ਹੀ ਮੈਨੂੰ ਆਪਣੇ ਪਾਸ ਸਦ ਕੇ ਆਖਣ ਲਗੇ ''ਡਾਕਟਰ ! ਮੈਂ ਤੇਰੀ ਰਾਤ ਵਾਲੀ ਗਲ ਬਾਤ ਸੁਣੀ ਹੈ। ਗੁਰਮਤਿ ਅਨੁਸਾਰ ਇਹ ਪੁਸਤਕ ਖੰਡਨ ਯੋਗ ਹੈ। ਕੋਈ ਪਜੰਾਹ ਸਾਲ ਬੀਤੇ ਹੋਣੇ ਹਨ ਕਿ ਇਸ ਪੁਸਤਕ ਦਾ ਕਰਤਾ ਮੇਰੇ ਡੇਰੇ ਆਇਆ ਤੇ ਇਸ ਪੁਸਤਕ ਦਾ ਜਿਕਰ ਕੀਤਾ। ਮੈਂ ਉਸ ਨੂੰ ਆਖਿਆ ਕਿ ਮੁਖਬੰਦ ਵਿਚ ਇਹ ਗਲ ਲਿਖੀ ਕਟ ਦੇਹ ਕਿ ਇਹ ਉਪਦੇਸ਼ ਸਾਹਿਬ ਦਸਮ ਪਾਤਸ਼ਾਹ ਜੀ ਨੇ ਸ੍ਰੀ ਮਾਨ ਭਾਈ ਮਨੀ ਸਿੰਘ ਜੀ ਨੂੰ ਦਿੱਤਾ। ਇਸ ਉਤੇ ਉਹ ਆਖਣ ਲਗਾ ਸ੍ਰੀ ਮਾਨ ਜੀ, ਜੇ ਇਹ ਗਲ ਕਟ ਦਿੱਤੀ ਜਾਵੇ ਤਾਂ ਫਿਰ ਇਸ ਪੁਸਤਕ ਦੇ ਲੇਖਾਂ ਨੂੰ ਕਉਣ ਮੰਨੇਗਾ ? ਪਰ ਮੈਂ ਫੇਰ ਆਖਿਆ ਕਿ ਇਹ ਲੋਹੜਾ

ਨਾ ਮਾਰ। ਇਹ ਗੁਰੂ ਆਸ਼ੇ ਵਿਰੁਧ ਹੈ। ਕੁਝ ਸਮੇਂ ਮਗਰੋਂ ਸੰਗਤਾਂ, ਸਚ ਸਮਝ ਕੇ, ਟਪਲੇ ਵਿਚ ਪੈ ਜਾਣਗੀਆਂ ਤੇ ਗੁਰੂ ਸਿਧਾਂਤ ਨੂੰ ਸਟ ਵਜੇਗੀ। ਪਰ ਉਹ ਨਾ ਹੀ ਮੰਨਿਆ। ਇਹੀ ਪੁਸਤਕ ਕੁਝ ਹੋਰ ਸਮਾਂ ਪਾ ਕਰ ਆਖੀ ਜਾ ਸਕੇਗੀ ਕਿ ਤਖਤ ਸ੍ਰੀ ਹਜ਼ੂਰ ਸਾਹਿਬ ਵਿਚ ਦਸ਼ਮੇਸ਼ ਪਿਤਾ ਦੇ ਹੁਕਮ ਦੀ ਹੈ। ਕਿੰਤੂ ਕਿਉਂ ਕਰੀਏ ?

ਅਫਸੋਸ ਹੈ ਕਿ ਗੁਰਮਤਿ ਦੇ ਐਨ ਉਲਟ ਇਹ ਜਾਲ੍ਹੀ ਲਿਖਤੀ ਪੁਸਤਕ, ਜੋ ਗੁਰੂ ਸਾਹਿਬ ਦੇ ਨਾਮ ਨਾਲ ਜੋੜੀ ਗਈ ਹੈ, ਇਹ ਸ੍ਰੀ ਹਜ਼ੂਰ ਸਾਹਿਬ ਰਖੀ ਹੋਈ ਹੈ।

# (18)
# ਬਿਨਾ ਸੋਚੇ ਸਮਝੇ ਸਿਮਰਨ, ਪਾਠ ਤੇ ਮਾਲਾ ਫੇਰਨੀਆਂ ਕੀ ਲਾਭਦਾਇਕ ਹੋ ਸਕਦੀਆਂ ਹਨ ?

ਗੁਰਮਤਿ ਵਿਚ ਸ਼ਬਦ ਸੁਰਤ ਦਾ ਮੇਲ ਹੀ, ਭਵਸਾਗਰ ਤੋਂ ਪਾਰ ਤਰਨ ਦਾ ਸਿਧਾਂਤ ਹੈ। ਸੁਖਮਨੀ ਸਾਹਿਬ ਵਿਚ ਸ੍ਰੀ ਗੁਰੂ ਅਰਜਨ ਦੇਵ ਜੀ ਫੁਰਮਾਉਂਦੇ ਹਨ :-

**"ਪ੍ਰਭ ਕੀ ਉਸਤਤਿ ਕਰਹੁ ਸੰਤ ਮੀਤ ॥**
**ਸਾਵਧਾਨ ਏਕਾਗਰ ਚੀਤ ॥" ਪੰਨਾ 295**

**ਭਾਵ ਅਰਥ :-** ਹੇ ਸੰਤ ਜਨੋ ! ਪ੍ਰਭੂ ਦੀ ਉਸਤਤਿ, ਸਾਵਧਾਨ ਤੇ ਇਕਾਗਰ ਚਿਤ ਨਾਲ ਕਰੋ। ਜੇ ਬਾਣੀ ਪੜ੍ਹਨ ਤੇ ਨਾਮ ਜਪਣ ਵਿਚ ਸਾਵਧਾਨਤਾ ਤੇ ਇਕਾਗਰ ਚਿਤ ਦਾ ਅੰਸ਼ ਨਹੀਂ ਹੈ ਤਾ ਸੁਰਤਿ ਨਹੀਂ ਪਕ ਸਕਦੀ। ਇਹ ਇਕ ਮਸ਼ੀਨ ਵਾਂਗੂ ਗਲ ਬਣ ਜਾਂਦੀ ਹੈ (Mechanical Repetition)।

ਸ੍ਰੀ ਗੁਰੂ ਰਾਮ ਦਾਸ ਜੀ ਫੁਰਮਾਉਂਦੇ ਹਨ :-

**"ਨਵ ਛਿਅ ਖਟੁ ਬੋਲਹਿ ਮੁਖ ਆਗਰ ਮੇਰਾ ਹਰਿ ਪ੍ਰਭੁ ਇਵ ਨ ਪਤੀਨੇ ॥**
**ਜਨ ਨਾਨਕ ਹਰਿ ਹਿਰਦੈ ਸਦ ਧਿਆਵਹੁ ਇਉ ਹਰਿ ਪ੍ਰਭੁ ਮੇਰਾ ਭੀਨੇ ॥" ਪੰਨਾ 668**

**ਭਾਵ ਅਰਥ :-** ਨੌ ਵਿਆਕਰਣ, ਛੇ ਸ਼ਾਸਤ੍ਰ ਤੇ ਚਾਰ ਵੇਦ ਮੂੰਹ ਜਬਾਨੀ ਪਏ ਯਾਦ ਹੋਣ ਤੇ ਇਨ੍ਹਾਂ ਨੂੰ ਰੋਜ਼ ਹੀ ਮੂੰਹ ਜਬਾਨੀ ਬੋਲਦਾ ਰਹੇ, ਮੇਰਾ ਹਰੀ ਪ੍ਰਭੂ ਇੰਜ ਨਹੀਂ ਪ੍ਰਸੰਨ ਹੁੰਦਾ। ਤਾਂ ਤੇ

ਹੇ ਨਾਨਕ ! ਪ੍ਰਭੂ ਦੀ ਪ੍ਰਸੰਨਤਾ ਲਈ ਜਰੂਰੀ ਹੈ ਕਿ ਹਰੀ ਨੂੰ ਸਦਾ ਹੀ ਹਿਰਦੇ ਨਾਲ ਧਿਆਉ। ਇਸ ਨਾਲ ਪ੍ਰਭੂ ਪ੍ਰਸੰਨ ਹੁੰਦਾ ਜੇ।

ਇਹ ਇਕ ਸਰਬ ਮੰਨੀ ਸਚਾਈ ਹੈ ਕਿ ਕਸਵੱਟੀ (Standard) ਸਦਾ ਇਕ ਹੁੰਦੀ ਹੈ। ਦੋ ਕਸਵਟੀਆਂ (Double Standard) ਕਦੇ ਨਹੀਂ ਹੁੰਦੀਆਂ। ਜਦ ਗੁਰਮਤਿ ਸਪਸ਼ਟ ਫੁਰਮਾਉਂਦੀ ਹੈ ਕਿ ਧਿਆਨ ਤੋਂ ਬਿਨਾਂ ਧਾਰਮਿਕ ਗੰਰਥ-ਵੇਦ, ਸ਼ਾਸਤ੍ਰ, ਵਿਆਕਰਣ ਲਾਭਦਾਇਕ ਨਹੀਂ ਹੋ ਸਕਦੇ ਤੇ ਪ੍ਰਭੂ ਦੀ ਪ੍ਰਸੰਨਤਾ ਦੀ ਪ੍ਰਾਪਤੀ ਨਹੀਂ ਹੋ ਸਕਦੀ ਤਾਂ ਇਹ ਗਲ ਮਹਾਨ ਗਿਆਨ ਸਰੂਪ ਸ੍ਰੀ ਗੁਰੂ ਗਰੰਥ ਸਾਹਿਬ ਜੀ ਤੇ ਵੀ ਘੱਟਦੀ ਹੈ। ਜਦ ਤਾਂਈ ਅਸੀਂ ਪਾਠ ਵੀਚਾਰ ਨਾਲ ਨਹੀਂ ਕਰਾਂਗੇ ਤੇ ਫਿਰ ਪਾਠ ਦੇ ਹੁਕਮ ਨੂੰ ਜੀਵਨ ਵਿਚ ਨਹੀਂ ਘਟਾਵਾਂਗੇ ਨਾਮ ਦੀ ਪ੍ਰਾਪਤੀ ਕਿਵੇਂ ਹੋ ਸਕਦੀ ਹੈ ? ਹੋਰ ਮਤਾਂ ਦੀ ਨਿਆਈ, ਸਾਡੇ ਵਿਚ ਵੀ ਪਾਠ ਇਕ ਰਸਮ ਰਿਵਾਜ ਹੋ ਗਿਆ ਹੈ। ਵਿਆਹ ਸ਼ਾਦੀ, ਮਰਣੇ ਪਰਣੇ, ਜਾਂ ਹੋਰ ਕਾਰਜਾਂ ਲਈ ਪਾਠ ਕਰਾਉਂਦੇ ਹਾਂ। ਪਰ ਜੋ ਪਾਠ ਵਿਚ ਹੁਕਮ ਹੈ, ਉਸਨੂੰ ਕਦੇ ਵੀਚਾਰਿਆ ਨਹੀਂ ਤੇ ਨਾ ਹੀ ਕਦੇ ਉਸ ਤੇ ਅਮਲ ਕੀਤਾ ਹੈ। ਤਾਂ ਫਿਰ ਲਾਭ ਕੀ ਹੋਇਆ ? ਬਹਤੁ ਸਾਰੇ ਧਾਰਮਿਕ

ਆਗੂ, ਗੁਰਦਵਾਰਿਆਂ ਵਿਚ, ਡੇਰਿਆਂ ਵਿਚ ਜਾਂ ਘਰਾਂ ਵਿਚ ਅਖੰਡ ਪਾਠਾਂ ਜਾਂ ਸਾਧਾਰਨ ਪਾਠਾਂ ਦੀ ਲੜੀ ਤੋਰਦੇ ਹਨ। ਇਕ ਸੌ ਇਕ ਅਖੰਡ ਪਾਠਾਂ ਦਾ ਰਿਵਾਜ ਤਾਂ ਆਮ ਪ੍ਰਚਲਤ ਹੋ ਗਿਆ ਹੈ। ਇਥੋਂ ਤਾਂਈ ਕਿ ਕਰੇ ਕਰਾਏ ਪਾਠ ਵੀ ਉਪਲਬਧ ਹੋ ਸਕਦੇ ਹਨ। ਜਦ ਤਾਂਈ ਪਾਠ ਵਿਚਾਰ ਨਾਲ ਨਾ ਕਰੀਏ ਯਾ ਸੁਣੀਏ ਨਾ ਤੇ ਫਿਰ ਉਸ ਤੇ ਅਮਲ ਨਾ ਕਰੀਏ, ਲਾਭ ਕਿਕੂੰ ਹੋ ਸਕਦਾ ਹੈ ? ਮਾਇਆ ਦੇ ਕੇ ਅਖੰਡ ਪਾਠ ਕਰਾਉਣ ਨਾਲ ਕਿਵੇਂ ਲਾਭ ਪੁਜ ਸਕਦਾ ਹੈ ? ਇਥੇ ਇਕ ਘਟਨਾ ਦਾ ਉਲੇਖ ਕਰਨਾ ਜਰੂਰੀ ਹੈ। ਇਕ 'ਸੰਤ' ਵਿਅਕਤੀ ਦਾ ਇਹ ਪ੍ਰਚਾਰ ਸੀ ਕਿ ਅਖੰਡ ਪਾਠ ਭਾਵੇਂ ਖੁਦ ਨਾ ਕੀਤਾ ਜਾਵੇ ਤੇ ਨਾ ਸੁਣਿਆ ਜਾਵੇ, ਉਸ ਦਾ ਫਲ ਕਰਾਉਣ ਵਾਲੇ ਨੂੰ ਅਵੱਸ਼ ਮਿਲਦਾ ਹੈ। ਇਸ ਪਰਚਾਰ ਦੇ ਸਦਕੇ ਸੰਤ ਵਿਅਕਤੀ ਦੀ ਦੁਕਾਨਦਾਰੀ ਖੂਬ ਚਲੀ। ਉਸ ਵਿਅਕਤੀ ਨੇ ਆਪਣਾ ਪਾਠੀਆਂ ਦਾ ਜਥਾ ਬਣਾ ਲਿਆ ਤੇ ਮੰਗ ਅਨੁਸਾਰ ਘਰ ਘਰ ਜਾ ਪਾਠ ਕਰਦਾ। ਇਕੇਰਾਂ ਇਕ ਵੀਰ ਜੀ ਦਾ ਗਭਰੂ ਪੁਤ੍ਰ ਡਾਢਾ ਬੀਮਾਰ ਹੋ ਗਿਆ। ਇਲਾਜ ਨੇ ਕੋਈ ਫਾਇਦਾ ਨਾ ਪੁਚਾਇਆ। ਗਭਰੂ ਦਾ ਪਿਤਾ ਧਨਾਢ ਸੀ। ਦਵਾਈਆਂ ਤੇ ਬਹੁਤ ਖਰਚ ਕੀਤਾ, ਪਰ ਨਿਸ਼ਫਲ ! ਨਿਰਾਸ ਹੋ ਕੇ ਸੰਤ ਪਾਸ ਬੇਨਤੀ ਕੀਤੀ ਕਿ ''ਕੀ ਕੋਈ ਅਖੰਡ ਪਾਠ ਨਾਲ ਲਾਭ ਹੋ ਸਕਦਾ ਹੈ?'' ਉਤਰ ਵਿਚ ਸੰਤ ਜੀ ਨੇ ਆਖਿਆ ''ਕਿਉਂ ਨਹੀਂ ਤੁਹਾਡਾ ਪੁਤ੍ਰ ਨਵਾਂ ਨਰੋਆ ਹੋ ਸਕਦਾ ਹੈ।'' ਪਿਤਾ ਨੇ ਪੁਛਿਆ ਕਿ ਕਿੰਨੇ ਪਾਠ ਜਰੂਰੀ ਹਨ ? ਉਤਰ ਮਿਲਿਆ, ਪੱਚੀ ਪਾਠ ਹੋਣ ਨਾਲ ਕਾਕਾ ਠੀਕ ਹੋ ਜਾਊ। ਰੋਗੀ ਕਾਕੇ ਦੇ ਪਿਤਾ ਜੀ ਨੇ ਆਖਿਆ, ਜੀ ਮੈਂ ਪੰਜਾਹ ਕਰਵਾਉਂਦਾ ਹਾਂ। ਆਪ ਜੀ ਆਰੰਭ ਕਰ ਦੇਵੋ। ਆਖੰਡ ਪਾਠ ਆਰੰਭ ਹੋ ਗਏ, ਆਖਰੀ ਪਾਠ ਦੇ ਭੋਗ ਤੇ ਵੱਡਾ ਭਾਰੀ ਜਗ ਕੀਤਾ ਗਿਆ। ਕਾਕੇ ਦਾ ਰੋਗ ਘਟਣਾ ਕੀ ਸੀ, ਵਧਦਾ ਗਿਆ। ਅਖੰਡ ਪਾਠ ਦੀ ਸਮਾਪਤੀ ਦੇ ਕੁਝ ਦਿਨਾਂ ਪਿਛੋ ਕਾਕਾ ਚਲਾਣਾ ਕਰ ਗਿਆ। ਇਸ ਘਟਨਾ ਪਿੱਛੋ ਕਾਕੇ ਦੇ ਪਿਤਾ ਜੀ ਦਾ ਵਿਸ਼ਵਾਸ ਗੁਰੂ ਘਰ ਤੋਂ ਉਠ ਗਿਆ ਤੇ ਬਾਕੀ ਖਾਨਦਾਨ ਪਤਿਤ ਹੋ ਗਿਆ।

ਇਕ ਹੋਰ ਘਟਨਾ ਵੀ ਦਿਤੀ ਜਾਂਦੀ ਹੈ। ਇਕ ਸਿਖ ਰਿਆਸਤ ਦੇ ਮਹਾਰਾਜਾ ਦੇ ਘਰ ਪਹਿਲੀ ਸ਼ਾਦੀ ਵਿਚੋਂ ਕਾਕੀ ਪੈਦਾ ਹੋਈ। ਮਹਾਰਾਜਾ ਦੇ ਦੂਜੇ ਵਿਆਹ ਲਈ ਚਰਚਾ ਛਿੜ ਪਈ। ਮਹਾਰਾਜਾ ਜੀ ਦੀ ਬਿਰਧ ਮਾਤਾ ਦੂਜਾ ਵਿਆਹ ਕਰਨ ਦੇ ਵਿਰੁਧ ਸਨ। ਉਨ੍ਹਾਂ ਆਪਣੇ ਪੁਤਰ ਮਹਾਰਾਜੇ ਨੂੰ ਸਮਝਾਇਆ ਕਿ ਇਕ ਸਾਲ ਰੁਕ ਜਾਉ। ਜੇ ਇਸ ਵੇਰ ਲੜਕਾ ਨਾ ਹੋਇਆ, ਦੂਜਾ ਵਿਆਹ ਕਰਾ

ਲੈਣਾ। ਮਹਾਰਾਜਾ ਨੇ ਆਪਣੀ ਮਾਤਾ ਦੀ ਇਹ ਗਲ ਮੰਨ ਲਈ। ਮਹਾਰਾਜਾ ਦੀ ਦੀ ਮਾਤਾ ਦਾ ਭਰੋਸਾ, ਇਕ ਮੰਨੇ ਪ੍ਰਮੰਨੇ ਸੰਤ ਵਿਅਕਤੀ ਤੇ ਬਹੁਤ ਸੀ। ਉਨ੍ਹਾਂ ਨੂੰ ਸਾਰੀ ਵਿਥਿਆ ਦਸੀ ਗਈ। ਸੰਤ ਜੀ ਨੇ ਅਖੰਡ ਸੰਪਟ ਪਾਠ ਰੱਖ ਦਿਤੇ। ਗਿਣਤੀ ਵਿਚ ਮਿਥੇ ਹੋਏ ਪਾਠਾਂ ਦੀ ਲੜੀ ਸਮਾਪਤ ਹੋਈ। ਨਿਰੰਕਾਰ ਦੀ ਖੇਡ ! ਰਾਣੀ ਨੂੰ ਮੁੜ ਕੇ ਕਾਕੀ ਪੈਦਾ ਹੋ ਗਈ। ਸਭ ਨੂੰ ਬੜੀ ਨਿਰਾਸਤਾ ਹੋਈ। ਮਹਾਰਾਜਾ ਦੇ ਕੰਨ, ਸਵਾਰਥੀ ਧੜੇ ਨੇ ਹੋਰ ਰਜ ਕੇ ਭਰੇ। ਵਡੇ ਆਦਮੀਆਂ ਦੇ ਕੰਨ ਵੀ ਵਡੇ ਹੁੰਦੇ ਹਨ, ਵੀਚਾਰਦੇ ਨਹੀਂ। ਮਹਾਰਾਜ ਨੇ ਫੈਸਲਾ ਕਰ ਲਿਆ ਕਿ ਵਿਆਹ ਦੂਸਰਾ ਹੋਵੇ। ਨਿਰੰਕਾਰ ਦਾ ਭਾਣਾ ਐਸਾ ਵਰਤਿਆਂ ਕਿ ਫੈਸਲਾ ਕਰਨ ਮਗਰੋਂ, ਮਹਾਰਾਜਾ ਕੁਝ ਦਿਨ ਬੀਮਾਰ ਹੋ ਗਿਆ। ਮਹਾਰਾਜ ਦੀ ਬਿਰਧ ਮਾਤਾ ਨੇ ਇਸ ਸਮੇਂ ਤੋਂ ਲਾਭ ਉਠਾਇਆ ਤੇ ਆਪਣੇ ਪੁਤਰ ਨੂੰ ਸਮਝਾਇਆ ਕਿ ਤੇਰੇ ਦੂਜੇ ਵਿਆਹ ਦੇ ਸਕੰਲਪ ਨੇ ਤੈਨੂੰ ਬੀਮਾਰ ਕੀਤਾ ਹੈ। ਤਾਂ ਤੇ ਇਕ ਸਾਲ ਲਈ ਹੋਰ ਸਕੰਲਪ ਛੱਡ ਦੇ, ਜੇ ਕਾਕਾ ਨਾ ਹੋਇਆ ਤਾਂ ਖੁਸ਼ੀ ਨਾਲ ਤੇਰਾ ਤੂਜਾ ਵਿਆਹ ਕਰਵਾ ਦਿਆਂਗੀ। ਮਹਾਰਾਜ ਆਪਣੀ ਬਿਰਧ ਮਾਤਾ ਦੀ ਗਲ ਮੰਨ ਗਿਆ ਤੇ ਉਸ ਸਾਲ ਹੋਰ ਨਵਾਂ ਵਿਆਹ ਨਾ ਕੀਤਾ। ਮੁੜ ਉਨ੍ਹਾਂ ਸੰਤਾਂ ਨੂੰ ਉਚੇਚਾ ਬੇਨਤੀ ਕੀਤੀ ਗਈ ਕਿ ਐਤਕੀ ਤੁਸੀਂ ਆਪ ਸਾਰੀ ਦੇਖ ਭਾਲ ਪਾਠੀਆਂ ਦੀ ਰਖੋ। ਇਹ ਇਸ ਲਈ ਕਰੋ ਕਿ ਤੁਸੀ ਆਖਦੇ ਹੋ ਕਿ ਪਿਛਲੀ ਵਾਰੀ ਕੋਈ ਵਿਘਨ ਪੈ ਗਿਆ ਸੀ, ਤਾਂ ਹੀ ਕਾਕਾ ਨਹੀਂ ਹੋਇਆ, ਤੇ ਕਾਕੀ ਹੋਈ। ਕਿਉਂਕਿ ਸੰਤ ਜੀ ਦੀ ਪ੍ਰਤਿਸ਼ਠਾ ਦਾ ਸਵਾਲ ਬਣ ਚੁਕਾ ਸੀ ਤੇ ਸੰਤ ਜੀ ਖੁਦ ਪਰੇਸ਼ਾਨ ਸਨ ਕਿ ਕਿਵੇਂ ਮੇਰੀ ਗਲ ਸੱਚੀ ਹੋਵੇ। ਇਸ ਸੁਝਾਵ ਨੂੰ ਉਹ ਤੁਰੰਤ ਮਨ ਗਏ ਤੇ ਸੰਪਟ ਅਖੰਡ ਪਾਠਾਂ ਦੀ ਲੜੀ ਸ਼ੁਰੂ ਕੀਤੀ ਗਈ। ਨਿਰਣਾ ਇਹ ਹੋਇਆ ਕਿ ਜਦ ਤਾਂਈ ਕਾਕਾ ਨਾ ਜਨਮੇ ਇਹ ਪਾਠਾਂ ਦੀ ਲੜੀ ਜਾਰੀ ਰਹੇ, ਟੁਟੇ ਨਾ। ਮਾਇਕ ਜਾ ਹੋਰ ਕੋਈ ਸ਼ੈ ਬਾਧਕ ਨਹੀਂ ਸੀ। ਲੜੀ ਜਾਰੀ ਰਹੀ। ਪਾਠਾਂ ਦੀ ਲੜੀ ਵਿਚ ਹੀ, ਫਿਰ ਤੀਜੀ ਵਾਰੀ ਕਾਕੀ ਪੈਦਾ ਹੋਈ। ਸਾਰੇ ਪਾਸੇ ਉਦਾਸੀ ਛਾ ਗਈ। ਮਹਾਰਾਜਾ ਤੇ ਹੋਰ ਲੋਕੀ ਸੰਤਾਂ ਦੇ ਵਿਰੁਧ ਆਖਣ ਦੀ ਦਲੇਰੀ ਕਰਨ ਲਗ ਪਏ। ਸੰਤ ਅਛੋਪਲੇ ਜਿਹੇ ਉਥੋਂ ਖਿਸਕ ਗਏ। ਇਹ ਘਟਨਾ ਇਹ ਸਿਖਿਆ ਦਿੰਦੀ ਹੈ ਕਿ ਗੁਰੂ ਦਰਸਾਏ ਸਿਧਾਂਤ ਤੋਂ ਉਲਟ ਇਹੋ ਜਿਹੇ ਸੰਪਟ ਪਾਠ ਨਿਰਾਰਥਕ ਹੁੰਦੇ ਹਨ।

ਲੇਖਕ ਦੇ ਇਕ ਮਿਤਰ ਜੀ ਆ ਕੇ ਆਖਣ ਲਗੇ ਕਿ ਅਮਕੇ ਸੰਤ ਪਾਠਾਂ ਤੇ ਬੜਾ ਜੋਰ ਦਿੰਦੇ ਹਨ, ਪਰ ਤੁਸੀਂ ਆਖਦੇ ਹੋ ਕਿ ਪਾਠ ਕੇਵਲ ਪੜ੍ਹਨ ਮਾਤ੍ਰ ਨਾਲ ਕੁਝ ਲਾਭ ਨਹੀਂ ਹੁੰਦਾ, ਜਦ ਤਾਂਈ ਵਿਚਾਰ ਕਰ ਕੇ ਪਾਠ ਦੇ ਹੁਕਮ ਨੂੰ ਜੀਵਨ ਵਿਚ ਨਾ ਘਟਾਈਏ।

ਨੇਖਕ ਨੇ ਉੱਤਰ ਵਿਚ ਆਖਿਆ ਕਿ ਸਾਧਾਰਨ ਵਿਚਾਰ ਦੀ ਕਸਵਟੀ ਤੇ ਇਹ ਗਲ ਪਰਖੀ ਜਾ ਸਕਦੀ ਹੈ। ਜੇ ਕੇਵਲ ਪੜ੍ਹਨ ਮਾਤ੍ਰ ਨਾਲ ਹੀ ਸਫਲਤਾ ਹੁੰਦੀ ਹੋਏ ਤੇ ਨਾਮ ਦੀ ਪ੍ਰਾਪਤੀ ਹੁੰਦੀ ਹੋਵੇ ਤਾਂ ਕਿੰਨੇ ਸੈਕੜੇ-ਹਜ਼ਾਰਾਂ ਪਾਠੀ ਰੋਜ਼ ਸਾਧਾਰਨ ਤੇ ਅਖੰਠ ਪਾਠ ਕਰਦੇ ਹਨ। ਉਨ੍ਹਾਂ ਦੇ ਜੀਵਨ ਵਿਚ ਤਬਦੀਲੀ ਆਉਂਣੀ ਚਾਹੀਦੀ ਸੀ, ਪਰ ਇਹ ਹੋ ਨਹੀ। ਉਹ ਕਾਮ, ਕ੍ਰੋਧ, ਲੋਭ, ਮੋਹ ਤੇ ਹੰਕਾਰ ਵਿਚ ਉਸੇ ਤਰ੍ਹਾਂ ਫਸੇ ਹੋਏ ਹਨ, ਜਿਵੇਂ ਕਿ ਪਾਠ ਨਾ ਕਰਨ ਵਾਲੇ। ਗੁਰੂ ਸਾਹਿਬ ਦਾ ਸਿਧਾਂਤ ਹੈ :-

**"ਨਾਨਕ ਜਿਨ੍ਹੀ ਸੁਣਿ ਕੈ ਮੰਨਿਆ ਹਉ ਤਿਨਾ ਵਿਟਹੁ ਕੁਰਬਾਣੁ ॥" ਪੰਨਾ 790**

**ਭਾਵ ਅਰਥ :-** ਹੇ ਨਾਨਕ ! ਜਿਨ੍ਹਾਂ ਨੇ ਗੁਰੂ ਦੀ ਗਲ ਸੁਣ ਕੇ ਮੰਨੀ ਹੈ, ਮੈਂ ਉਨ੍ਹਾਂ ਤੋਂ ਕੁਰਬਾਣ ਜਾਂਦਾ ਹਾਂ।

ਤਾਂ ਤੇ ਬਾਣੀ ਦੀ ਕਮਾਈ ਨੇ ਹੀ ਸਫਲਤਾ ਦੇਣੀ ਹੈ। ਤੋਤੇ ਰਟਨ (Mechanical Repetition) ਤੇ ਮਾਇਆ ਦੇ ਕਰਕੇ ਪਾਠ ਕਰਾਉਣ ਨਾਲ ਕੁਝ ਨਹੀਂ ਬਣਨਾ।

ਲੇਖਕ ਦਾ ਇਹ ਭਾਵ ਨਹੀਂ ਕਿ ਬਾਣੀ ਦਾ ਪਾਠ ਕੀਤਾ ਹੀ ਨਾ ਜਾਵੇ ਜਾਂ ਸੁਣਿਆ ਨਾ ਜਾਵੇ। ਪਾਠ ਅਵਸ਼ ਹੀ ਕਰਨਾ ਤੇ ਸੁਣਨਾ ਚਾਹੀਦਾ ਹੈ, ਪਰ ਵੀਚਾਰ ਨਾਲ ਅਰਥ ਭਾਵ ਨੂੰ ਸਮਝ ਕੇ ਕਰੋ ਅਤੇ ਜਿਸ ਭਾਵ ਦੇ ਵਲਵਲੇ (Emotion) ਵਿਚ ਬਾਣੀ ਚਲਾਉਂਦੀ ਏ, ਮਨ ਨੂੰ ਹਜ਼ੂਰੀ ਵਿਚ ਰਖ ਕੇ ਉਸੇ ਭਾਵ ਨਾਲ ਚਲਾਉ। ਫਿਰ ਇਸ ਤੋਂ ਉਪਰੰਤ ਜੋ ਬਾਣੀ ਵਿਚ ਹੁਕਮ ਹਨ, ਉਨ੍ਹਾਂ ਨੂੰ ਜੀਵਨ ਵਿਚ ਘਟਾਉ। ਫਿਰ ਵੇਖੋ ਕਿ ਕਿੰਨਾਂ ਲਾਭ ਹੁੰਦਾ ਹੈ। ਮਨ ਦੀਆਂ ਮੁਰਾਦਾਂ ਮਿਲ ਸਕਦੀਆਂ ਹਨ। ਇਹ ਗੱਲ ਪ੍ਰਤੱਖ ਕਰਕੇ ਵੇਖੀ ਜਾ ਸਕਦੀ ਹੈ।

ਦਾਸ ਦੇ ਇਕ ਹੋਰ ਨਿਕਟ ਵਰਤੀ ਮਿਤਰ ਜੀ ਦੀ ਇਸਤ੍ਰੀ ਇਕ ਸੰਤ ਵਿਅਕਤੀ ਦੀ ਉਪਾਸ਼ਕ ਹੈ। ਕੁਝ ਸਮੇਂ ਲਈ ਦੰਪਤੀ ਦਾਸ ਪਾਸ ਠਹਿਰਣ ਲਈ ਆਏ। ਮ੍ਰਿਤ ਜੀ ਦੀ ਸੁਪਤਨੀ ਬਾਰ ਬਾਰ ਸ਼ਕਾਇਤ ਕਰਨ ''ਨਾਮ ਜਪੀਦਾ ਏ, ਮਾਲਾ ਫੇਰੀ ਦੀ ਹੈ, ਸ਼ਾਤੀ ਨਹੀਂ ਆਈ। ਸੱਤਰ ਸਾਲ ਦੀ ਹੋ ਗਈ ਹਾਂ। ਮੋਹ ਮਾਇਆ ਦਾ ਜਾਲ ਨਹੀਂ ਟੁਟਿਆ, ਕੀ ਕਰਾਂ ? ਕਿਥੇ ਜਾਵਾਂ ? ਚਿਤ ਬੜਾ ਔਖਾ ਰਹਿੰਦਾ ਹੈ। ਤੁਸੀਂ ਹੀ ਕੋਈ ਉਪਾਵ ਦਸੋ, ਮਨ ਟਿਕ ਜਾਵੇ।''

ਦਾਸ ਦੋ ਚਾਰ ਵਾਰੀ ਤਾਂ ਇਹ ਸ਼ਕਾਇਤ ਸੁਣ ਕਰ ਚੁਪ ਰਹਿਆ। ਪਰ ਇਕ ਦਿਨ ਉਨ੍ਹਾ ਦੇ ਪਤੀ ਜੀ ਦੇ ਆਖਣ ਤੇ ਉਸ ਸ਼ਾਂਤੀ ਦੀ ਇਛੁਕ ਭੈਣ ਜੀ ਨੂੰ ਪੁਛਿਆ :-

''ਭੈਣ ਜੀ ! ਤੁਸੀਂ ਹਰ ਵੇਲੇ ਸਿਮਰਨਾ ਹਥ ਵਿਚ ਰਖਦੇ ਹੋ, ਸਵੇਰੇ ਸ਼ਾਮੀ ਨਿਤਨੇਮ ਵੀ ਰੋਜ ਕਰਦੇ ਹੋ। ਕੀ ਕਾਰਣ ਹੈ ਜੋ ਸ਼ਾਤੀ ਨਹੀਂ ਹੁੰਦੀ?''

ਭੈਣ ਜੀ ''ਮੈ'' ਸੰਤ ਮਹਾਰਾਜ ਜੀ ਨੇ ਮੂਲ ਮੰਤਰ ਦੇ ਪਾਠ ਦੀਆਂ ਮਾਲਾ ਫੇਰਨ ਲਈ ਹੁਕਮ ਕੀਤਾ ਹੋਇਆ ਹੈ। ਪਹਿਲਾਂ ਤਾਂ ਇਨ੍ਹਾਂ ਦੀ ਗਿਣਤੀ ਘਟ ਸੀ, ਪਰ ਹੁਣ ਵਧਾ ਕੇ ਚੌਗਣੀ ਸੰਤਾਂ ਨੇ ਕਰਵਾ ਦਿਤੀ ਹੈ। ਪਰ ਲੋੜੀਦੀ ਸ਼ੈ, ਸ਼ਾਂਤੀ ਨਹੀਂ ਹੋ ਰਹੀ ਤੇ ਮਨ ਦੁਖੀ ਰਹਿੰਦਾ ਹੈ।''

ਲੇਖਕ ''ਭੈਣ ਜੀ ਕੀ ਆਪ ਜੀ ਨੂੰ ਮੂਲ ਮੰਤਰ ਦੇ ਅਰਥ ਆਉਂਦੇ ਹਨ?''

ਭੈਣ ''ਜੀ ਨਹੀਂ।''

ਲੇਖਕ ''ਭੈਣ ਜੀ, ਜੇ ਤੁਸੀਂ ਇਸ ਤਰ੍ਹਾਂ ਹੋਰ ਸਾਰੀ ਆਯੂ ਵੀ ਮਾਲਾ ਫੇਰੀ ਜਾਉ, ਵੰਛਤ ਸੁਖ ਨਹੀਂ ਲੱਭ ਸਕਦਾ। ਗੁਰਮਤਿ ਵਿਚ ਸੁਰਤ ਤੇ ਸ਼ਬਦ ਦਾ ਮੇਲ, ਹਉਮੈ ਦੀ ਕੰਧ ਨੂੰ ਤੋੜਦਾ ਹੈ। ਜੇ ਸ਼ਬਦ ਸੁਰਤ ਦਾ ਮੇਲ ਹੀ ਨਾ ਹੋਇਆ। ਤਾਂ ਹਉਮੈ ਰੂਪੀ ਕੰਧ ਕਿਵੇਂ ਟੁਟੇ ਤੇ ਕਿਵੇਂ ਸੁੱਖ ਮਿਲੇ ?''

ਦਾਸ ਨੇ ਉਨ੍ਹਾਂ ਦੇ ਪਤੀ ਜੀ ਨੂੰ ਬੇਨਤੀ ਕੀਤੀ ਕਿ ''ਆਪ ਜੀ ਇਨ੍ਹਾਂ ਨੂੰ ਮੂਲ ਮੰਤਰ ਦੇ ਅਰਥ ਸਮਝਾ ਕੇ ਦ੍ਰਿੜ ਕਰਾਉ'' ਤੇ ਨਾਲ ਹੀ ਭੈਣ ਜੀ ਨੂੰ ਸੁਝਾਵ ਦਿਤਾ ਕਿ ਇਨ੍ਹਾਂ ਅਰਥਾਂ ਵਿਚ ਧਿਆਨ (ਸੁਰਤਿ) ਨੂੰ ਰਖ ਕੇ ਪਾਠ ਕਰੋ। ਫਿਰ ਵੇਖਣਾ ਕਿ ਮਨ ਠਹਿਰਦਾ ਹੈ ਕਿ ਨਹੀਂ ? ਮੇਰੇ ਵੀਰ ਮਿਤਰ ਜੀ ਨੇ ਬਹੁਤ ਹੀ ਜੋਰ ਲਾਇਆ, ਪਰ ਉਪਰੋਕਤ ਭੈਣ ਜੀ ਸਾਲਾ ਬੱਧੀ ਪਈ ਝੱਸ ਤੋ ਨਿਕਲ ਨਹੀਂ ਸਕੇ। ਹੁਣ ਵੀ ਉਹ ਉਸੇ ਤਰ੍ਹਾਂ ਤੋਤੇ ਰਟਨ ਵਾਂਗ, ਮਾਲਾ ਫੇਰ ਰਹੇ ਹਨ। (Mechanical Repetition) ਮਸ਼ੀਨ ਵਾਂਗੁ ਸਿਮਰਨ ਕਰਨ ਨਾਲ, ਕਦੇ ਮਨ ਨਹੀਂ ਭਿੱਜ ਸਕਦਾ। ਸਿਮਰਨ ਵੇਲੇ ਮਨ, ਹਜ਼ੂਰੀ ਵਿਚ ਰਹਿਣਾ ਚਾਹੀਦਾ ਹੈ। ਸੁਰਤ ਤੇ ਅਭਿਆਸ ਨਾਲ ਸਿਮਰਨ ਫਲੀਭੂਤ ਹੁੰਦਾ ਹੈ। ਇਹ ਗਲ ਗੁਰਬਾਣੀ ਦੇ ਪਾਠ ਕਰਨ ਵੇਲੇ ਸਦਾ ਚੇਤੇ ਰਖਣੀ ਚਾਹੀਦੀ ਹੈ। ਜੇ ਪਾਠ ਵੇਲੇ ਧਿਆਨ ਕਿਤੇ ਤੇ

ਰਸਨਾ ਕਿਤੇ ਹੈ ਤਾਂ ਕਿਵੇ ਲਾਭ ਹੋਸੀ ? ਲਾਭ ਤਦ ਹੀ ਹੈ ਜੇ ਗੁਰੂ ਦਰਸਾਈ ਬਿਧੀ ਅਨੁਸਾਰ ਨਾਮ ਜਪਿਆ ਜਾਏ। ''ਗੁਰਮਤਿ ਵਿਚ ਨਾਮ ਸਿਮਰਨ ਦੀ ਬਿਧੀ ਕੀ ਹੈ?'' ਇਹ ਲੇਖ ਇਸੇ ਪੁਸਤਕ ਵਿਚ ਵਿਚਾਰੋ।

ਸਾਡਾ ਹਾਲ ਇਹ ਹੈ :-

**"ਸਲਾਮੁ ਜਬਾਬੁ ਦੋਵੈ ਕਰੇ ਮੁੰਢਹੁ ਘੁਥਾ ਜਾਇ ॥**
**ਨਾਨਕ ਦੋਵੈ ਕੂੜੀਆ ਥਾਇ ਨ ਕਾਈ ਪਾਇ ॥"** **ਪੰਨਾ 474**

ਇਸ ਸਲੋਕ ਦਾ ਅਰਥ ਇਹ ਹੈ ਕਿ ਜਿਹੜਾ ਬੰਦਾ ਗੁਰੂ (ਗੁਰਬਾਣੀ) ਨੂੰ ਮੱਥਾ ਟੇਕਦਾ ਹੈ ਤੇ ਗੁਰੂ ਦੀ ਦਰਸਾਈ ਸਿਖਿਆ ਦੇ ਅਮਲ ਨਹੀਂ ਕਰਦਾ, ਇਹੋ ਜਿਹਾ ਸਿੱਖ ਅਸਲੀ ਨਿਸ਼ਾਨੇ ਤੋਂ ਖੁੰਜ ਗਿਆ ਹੈ। ਇਹੋ ਜਿਹੇ ਸਿੱਖ ਦੀਆਂ ਦੋਵੇਂ ਗਲਾਂ, ਸਲਾਮ ਜਵਾਬ ਵਾਲੀਆਂ, ਕੂੜੀਆਂ ਹਨ। ਇਹੋ ਜਿਹੇ ਨੂੰ ਕਿਤੇ ਵੀ, ਲੋਕ ਪਰਲੋਕ ਵਿਚ, ਥਾਂ ਨਹੀਂ ਲਭਣੀ।

ਅਸੀਂ ਗੁਰਬਾਣੀ ਅਗੇ ਮਥਾ ਟੇਕਦੇ ਹਾਂ ਤੇ ਟੇਕਣਾ ਵੀ ਜਰੂਰੀ ਏ। ਪਰ ਜੋ ਹੁਕਮ, ਗੁਰਬਾਣੀ ਫੁਰਮਾਉਂਦੀ ਹੈ, ਉਸ ਤੇ ਅਮਲ ਨਹੀਂ ਕਰਦੇ ਤਾਂ ਸਾਡੇ ਉਤੇ ਉਤਲੀ ਤੁਕ ਲਾਗੂ ਹੋ ਜਾਂਦੀ ਹੈ। ਸਾਡਾ ਹਾਲ ਉਹ ਹੀ ਹੋਣਾ ਹੈ ਜੋ ਉਸ ਮੈਨੇਜਰ ਦਾ ਹੋਇਆ ਸੀ। ਇਕ ਮਾਲਕ ਦੇ ਪੰਜ ਸ਼ਹਿਰਾਂ ਵਿਚ ਕੰਮ ਕਰਨ ਵਾਲੇ ਮੈਨੇਜਰ ਸਨ। ਮਾਲਕ ਦਾ ਵਿਉਹਾਰ ਹਰ ਇਕ ਫਸਲ ਤੇ, ਉਸ ਜਿਨਸ ਦੇ ਕੋਠੇ ਭਰਨ ਦਾ ਸੀ। ਫਸਲ ਦੇ ਮੌਸਮ ਪੁਜਣ ਤੇ ਮਾਲਕ ਨੇ ਸਾਰੇ ਮੈਨੇਜਰਾਂ ਨੂੰ ਜਿਨਸ ਖਰੀਦ ਕੇ ਕੋਠੇ ਭਰਨ ਲਈ ਚਿਠੀਆਂ ਲਿਖੀਆਂ। ਚਾਰ ਸ਼ਹਿਰਾਂ ਦੇ ਮੈਨੇਜਰਾਂ ਨੇ ਮਾਲਕ ਦੇ ਹੁਕਮ ਦੀ ਪਾਲਨਾ ਕਰਦੇ ਹੋਏ ਜਿਨਸ ਦੇ ਕੋਠੇ ਭਰ ਲਏ। ਪਰ ਪੰਜਵੇ ਸ਼ਹਿਰ ਦੇ ਮੈਨੇਜਰ ਨੇ ਨਾ ਭਰੇ। ਜਦ ਮਾਲਕ ਆਪਣੇ ਮੈਨੇਜਰਾਂ ਦੀ ਦੇਖ ਭਾਲ ਕਰਨ ਲਈ ਉਨ੍ਹਾਂ ਦੇ ਸ਼ਹਿਰ ਵਿਚ ਪੁਜਾ ਤਾਂ ਚਾਰ ਸ਼ਹਿਰਾਂ ਦੇ ਮੈਨੇਜਰਾਂ ਦੇ ਕੰਮ ਨੂੰ ਵੇਖ ਕੇ ਖੁਸ਼ ਹੋਇਆ ਤੇ ਸ਼ਾਬਾਸ਼ ਦਿਤੀ। ਪਰ ਜਦ ਪੰਜਵੇ ਸ਼ਹਿਰ ਦੇ ਮੈਨੇਜਰ ਪਾਸ ਪੁਜਾ ਤੇ ਪੁਛਿਆ ਕਿ ਮੈਨੇਜਰ ਸਾਹਿਬ, ਤੁਸੀਂ ਕਿੰਨਾਂ ਮਾਲ ਭਰਿਆ ਏ ? ਉਤਰ ਵਿਚ ਮੈਨੇਜਰ ਆਖਦਾ ਹੈ ਕਿ ਜੀ ਕੋਈ ਨਹੀਂ। ਮੈਨੇਜਰ ਦਾ ਉੱਤਰ ਸੁਣ ਕੇ ਮਾਲਕ ਪੁੱਛਦਾ ਹੈ ਕਿ ''ਕੀ ਤੁਹਾਨੂੰ ਮੇਰੀ ਚਿਠੀ ਨਹੀਂ ਪੁਜੀ ?'' ਇਹ ਸੁਣ ਕੇ ਮੈਨੇਜਰ ਨੇ ਉਠ ਕਰ ਅਲਮਾਰੀ ਖੋਲੀ ਤੇ ਇਕ ਰੇਸ਼ਮੀ ਰੁਮਾਲ ਮਾਲਕ ਦੇ ਅਗੇ ਲਿਆ ਧਰਿਆ। ਮਾਲਕ ਕ੍ਰੋਧਤ ਹੋ ਕੇ ਪੁਛਦਾ ਹੈ, ਮੈਨੇਜਰ ! ਮੇਰੀ ਚਿਠੀ ਕਿਥੇ ਹੈ ? ਇਹ ਸੁਣ ਕੇ ਮੈਨੇਜਰ ਨੇ ਰੁਮਾਲ ਖੋਲ੍ਹ ਕਰ ਚਿਠੀ ਕਢੀ ਤੇ ਚਿਠੀ ਨੂੰ ਨਮਸਕਾਰ ਕੀਤੀ, ਫਿਰ ਮਾਲਕ ਦੇ ਸਾਹਮਣੇ ਰਖੀ। ਮੈਨੇਜਰ ਦੀ ਇਸ ਕਾਰਵਾਈ ਤੇ ਮਾਲਕ ਵਧੇਰੇ ਗੁਸੇ ਵਿਚ ਆ ਗਿਆ ਤੇ ਕੜਕ ਕੇ ਬੋਲਿਆ ਕਿ ਮੈਨੇਜਰ ! ਤੁਸਾਂ ਇਹ ਚਿਠੀ ਪੜ੍ਹੀ ਵੀ ਹੈ ਕਿ ਨਹੀਂ ? ਉਤਰ ਵਿਚ ਮੈਨੇਜਰ ਆਖਦਾ ਹੈ ਕਿ ਹਜੂਰ ਰੋਜ ਪੜ੍ਹਦਾ ਹਾਂ। ਕਈ ਵਾਰ ਪੜ੍ਹਦਾ ਹਾਂ। ਮੈਨੇਜਰ ਦੀ ਇਹ ਗਲ ਸੁਣ ਕੇ ਮਾਲਕ ਨੇ ਆਖਿਆ, ਮੈਨੇਜਰ ਤੁਹਾਨੂੰ ਨੌਕਰੀ ਤੋਂ ਹਟਾਇਆ ਜਾਂਦਾ ਏ। ਤੁਹਾਨੂੰ ਚਿਠੀ ਮੱਥਾ ਟੇਕਣ ਲਈ ਨਹੀਂ ਸੀ ਭੇਜੀ, ਇਸ ਤੇ ਜੋ ਲਿਖਿਆ ਹੈ, ਉਸ ਤੇ ਅਮਲ ਕਰਨ ਲਈ ਭੇਜੀ ਸੀ।

ਸੋ ਜੇ ਅਸੀਂ ਗੁਰੂ ਰੂਪ ਸ੍ਰੀ ਗ੍ਰੰਥ ਸਾਹਿਬ ਜੀ, ਜੁਗੋ ਜੁਗ ਅਟਲ ਤੇ ਤਖਤ ਦੇ ਮਾਲਕ, ਵਿਚ ਜੋ ਹੁਕਮਨਾਮਾ ਧੁਰੋਂ ਆਇਆ ਹੈ, ਉਸ ਤੇ ਅਮਲ ਨਹੀਂ ਕਰਾਂਗੇ ਤੇ ਆਸ ਰਖੀਏ ਕਿ ਪ੍ਰਭੂ ਜੀ ਪ੍ਰਸੰਨ ਹੋ ਜਾਣਗੇ, ਸਿਰੇ ਦਾ ਭੁਲੇਖਾ ਹੈ। ਸਾਧਾਰਨ ਬੰਦਾ ਜੇ ਕਿਸੇ ਦੀ ਪ੍ਰਸੰਨਤਾ ਲੈਣਾ ਚਾਹੁੰਦਾ ਏ ਤਾਂ ਉਹ ਖੁਸ਼ੀ ਲੈਣ ਵਾਲੇ ਬੰਦੇ ਦੀ ਗਲ ਮੰਨੇਗਾ, ਤਾਂ ਖੁਸ਼ੀ ਮਿਲੇਗੀ, ਐਵੇਂ ਨਹੀਂ।

ਇਵੇਂ ਹੀ ਜੇ ਅਸੀਂ ਗਰੂ ਗ੍ਰੰਥ ਸਾਹਿਬ ਜੀ ਨੂੰ ਐਵੇਂ ਹੀ ਫੋਕੇ ਮੱਥੇ ਟੇਕਦੇ ਰਹੀਏ ਤੇ ਉਨ੍ਹਾਂ ਦਾ ਇਕ ਉਪਦੇਸ਼ ਵੀ ਜੀਵਨ ਵਿਚ ਨਾ ਘਟਾਈਏ ਤੇ ਆਸ ਰਖੀਏ ਕਿ ਗੁਰੂ ਪਾਤਸ਼ਾਹ ਜੀ ਪ੍ਰਸੰਨ ਹੋ ਜਾਣਗੇ, ਸਾਡਾ ਭੁਲੇਖਾ ਹੈ। ਤਾਂ ਤੇ ਗੁਰੂ ਰੂਪ ਬਾਣੀ ਨੂੰ ਪੜ ਕੇ, ਸੁਣ ਕੇ ਜੀਵਨ ਵਿਚ ਘਟਾਈਏ ਤੇ ਗੁਰੂ ਪਾਤਸ਼ਾਹ ਜੀ ਦੀਆਂ ਖੁਸ਼ੀਆਂ ਲਈਏ, ਆਪਣਾ ਜਨਮ ਸਕਾਰਥਾ ਕਰੀਏ। ਨਹੀਂ ਤਾਂ ਸਾਡਾ ਹਾਲ ਵੀ ਉਸੇ ਮੈਨੇਜਰ ਵਰਗਾ ਹੋਣਾ ਏ, ਜਿਸ ਨੇ ਕਿ ਆਪਣੇ ਮਾਲਕ ਦੇ ਹੁਕਮਨਾਮੇ ਤੇ ਅਮਲ ਨਹੀਂ ਕੀਤਾ ਸੀ ਤੇ ਨੌਕਰੀ ਵੀ ਗੁਆ ਬੈਠਾ ਸੀ।

ਗੁਰੂ ਸਵਾਰੇ ਪਾਠਕ ਜੀਓ,

ਆਪ ਜੀ ਨੇ ਇਹ ਪੁਸਤਕ ਵਿਚਾਰ ਸਹਿਤ ਪੜ੍ਹ ਕੇ ਗੁਰਮਤਿ ਸਿਧਾਂਤ ਚੰਗੀ ਤਰ੍ਹਾਂ ਦ੍ਰਿੜ੍ਹ ਕਰ ਲਏ ਹੋਣਗੇ। ਆਪ ਸਹਿਮਤ ਹੋਵੋਗੇ ਕਿ ਜੋ ਸਿਧਾਂਤ ਪੁਸਤਕ ਵਿੱਚ ਨਿਰੂਪਣ ਕੀਤੇ ਗਏ ਹਨ ਉਹ ਸਭ ਗੁਰਬਾਣੀ ਤੇ ਅਧਾਰਤ ਹਨ। ਗੁਰਬਾਣੀ ''ਧੁਰ ਕੀ ਬਾਣੀ'' ਹੈ ਅਤੇ ਦਰਸਾਏ ਗਏ ਸਾਰੇ ਸਿਧਾਂਤ ਜੀਵ ਆਤਮਾ ਲਈ ਰੱਬ ਜੀ ਦੇ ਹੁਕਮ ਹਨ। ਇਸ ਪੁਸਤਕ ਵਿਚ ਕੋਈ ਵੀ ਨਿਜ ਮਤਿ ਜਾਂ ਮਨ-ਮਤਿ ਨਹੀਂ ਦਰਸਾਈ ਗਈ।

ਕਿਸੇ ਵੀ ਫਲਸਫੇ ਜਾਂ ਸਿਧਾਂਤ ਨੂੰ ਸਮਝ ਲੈਣਾ, ਆਪਣੇ ਆਪ ਵਿੱਚੋ ਕੋਈ ਇੰਦੀਆਂ ਭਾਵ ਟੀਚਾ (Target) ਨਹੀਂ। ਜਦ ਤੱਕ ਸਮਝੇ ਗਏ ਸਿਧਾਂਤ ਨੂੰ ਜੀਵਨ ਵਿਚ ਨਾ ਘਟਾਇਆ ਜਾਵੇ ਤਦ ਤਕ ਲਾਭ ਪ੍ਰਾਪਤ ਨਹੀਂ ਹੋ ਸਕਦਾ। ਗੁਰਬਾਣੀ ਵਿਚ ਦਸੇ ਗਏ ਮੂਲਕ ਸਿਧਾਂਤ ਕੇਵਲ ਸਮਝਣ ਨਾਲ ਜੀਵਨ ਵਿੱਚ ਘਟਾਏ ਨਹੀਂ ਜਾ ਸਕਦੇ, ਜਦ ਤੱਕ ਗੁਰਬਾਣੀ ਵਿੱਚ ਦੱਸੀ ਵਿਧੀ ਅਨੁਸਾਰ ਨਾਮ ਅਭਿਆਸ ਕਰਕੇ ਗੁਰੂ ਦੀ ਕਿਰਪਾ ਦਾ ਪਾਤਰ ਨਾ ਬਣਿਆ ਜਾਵੇ। ਗੁਰਮਤਿ ਵਿੱਚ ਮੁਕਰੱਰ ਵਿਧੀ ਅਨੁਸਾਰ ਨਾਮ ਅਭਿਆਸ ਕਰਨ ਤੋਂ ਲੈ ਕੇ ਨਾਮ ਵਿੱਚ ਪਰਵੇਸ਼ ਹੋਣ ਤਕ ਜੋ ਪ੍ਰੋਸੈਸ (Process) ਭਾਵ ਅਮਲ ਹੈ, ਇਸ ਵਿਚੋਂ ਆਤਮਾ ਨੂੰ ਲੰਘਣਾ ਪੈਂਦਾ ਹੈ। ਪ੍ਰੋਸੈਸ ਦਾ ਅਰਥ ਹੈ ਮਨ ਵਿੱਚ ਲੜੀ ਵਾਰ ਅਦਲਾ ਬਦਲੀਆਂ ਜੋ, ਆਪਣੇ ਆਪ ਗੁਰੂ ਕਿਰਪਾ ਦਵਾਰਾ, ਨਾਮ ਅਭਿਆਸ ਕਰਦਿਆਂ ਮਨ ਵਿੱਚ ਆਉਂਦੀਆਂ ਹਨ ਤੇ ਮਨ ਦੀ ਉਧੇੜ-ਬੁਨਤੀ ਬਦਲਦੀ ਹੈ। ਇਸ ਮੰਤਵ ਲਈ ਇਸ ਪੁਸਤਕ ਦੇ ਲੇਖਕ ਗੁਰਮੁਖਿ ਪਿਆਰੇ ਸਤਿਕਾਰ ਯੋਗ ਡਾਕਟਰ ਸਾਹਿਬ ਜੀ ਹਰ ਸਾਲ 'ਨਾਮ ਅਭਿਆਸ ਕਮਾਈ ਸਮਾਗਮ' ਸੰਗਤਾਂ ਨੂੰ ਨਾਮ ਜਪਾਉਣ ਲਈ ਕਰਿਆ ਕਰਦੇ ਸਨ। ਉਹਨਾਂ ਦੇ ਸੰਨ 1980 ਵਿੱਚ ਸਰੀਰ ਤਿਆਗਣ ਉਪਰੰਤ, ''ਨਾਮ ਅਭਿਆਸ ਕਮਾਈ ਸਮਾਗਮ'' ਸ਼ਰਧਾਲੂ ਸੰਗਤ ਕਰਦੀ ਹੈ ਤੇ ਗੁਰਮਤਿ ਵਿਧੀ ਅਨੁਸਾਰ ਇਹਨਾਂ ਸਮਾਗਮਾਂ ਵਿੱਚ ਨਾਮ ਅਭਿਆਸ ਕੀਤਾ ਜਾਂਦਾ ਹੈ। ਜਦ ਤੱਕ ਜੀਵ ਠੀਕ ਵਿਧੀ ਅਨੁਸਾਰ ਨਾਮ ਅਭਿਆਸ ਨਹੀਂ ਕਰਦਾ, ਬਿਰਤੀ ਨਾਮ ਵੱਲ ਅੱਗੇ ਨਹੀਂ ਤੁਰਦੀ ਤੇ ਆਤਮਾ ਗੁਰੂ

ਕਿਰਪਾ ਦੀ ਪਾਤਰ ਨਹੀਂ ਬਣਦੀ। ਰੱਬੀ ਹੁਕਮ ਆਪਣੀ ਅਕਲ ਜਾਂ ਯਤਨ ਸਦਕਾ ਜੀਵਨ ਵਿੱਚ ਘਟਾਏ ਨਹੀਂ ਜਾ ਸਕਦੇ ਤੇ ਇਸ ਲਈ ਆਤਮਾ ਆਵਾ-ਗਵਨ ਦੇ ਚੱਕਰ ਵਿਚੋਂ ਨਹੀਂ ਨਿਕਲਦੀ।

ਇਸ ਲਈ ਇਹ ਅਤਿ ਜ਼ਰੂਰੀ ਹੈ ਕਿ ਗੁਰਮਤਿ ਦਰਸਾਈ ਵਿੱਧੀ ਅਨੁਸਾਰ ਨਾਮ-ਅਭਿਆਸ ਕੀਤਾ ਜਾਏ। 'ਨਾਮ-ਅਭਿਆਸ ਕਮਾਈ ਸਮਾਗਮ' ਸ਼ਰਧਾਲੂ ਸੰਗਤ ਵਲੋਂ ਕੀਤੇ ਜਾਂਦੇ ਹਨ। ਅਗਰ ਆਪ ਵੀ ਇਹਨਾਂ ਸਮਾਗਮਾਂ ਵਿੱਚ ਸ਼ਾਮਲ ਹੋਣਾ ਚਾਹੋ ਤਾਂ ਹੇਠ ਲਿਖੇ ਪਤੇ ਤੇ ਪਤਰ ਲਿਖ ਕੇ ਆਪ ਸਮਾਗਮਾਂ ਬਾਰੇ ਜਾਣਕਾਰੀ ਲੈ ਸਕਦੇ ਹੋ। ਆਪ ਜੀ ਨੂੰ ਸੰਗਤਾਂ ਵਲੋਂ ਜੀ ਆਇਆ ਕਿਹਾ ਜਾਵੇਗਾ।

ਚਿੱਠੀ ਪੱਤਰ ਲਈ ਪਤਾ :-


**ਬਲਜੀਤ ਸਿੰਘ**

ਆਈ. ਪੀ. ਐਸ., ਆਈ. ਜੀ. (ਰਿਟਾ)

1119, ਅਰਬਨਸਟੇਟ, ਫੇਜ-1, ਜਲੰਧਰ-144022

ਫੋਨ : 98152-79600


# sUcnw

ਇਹ ਪੁਸਤਕ ਗੁਰਮੱਤਿ ਦੇ ਪ੍ਰਚਾਰ ਵਾਸਤੇ ਸੰਗਤਾਂ ਨੂੰ ਮੁਫਤ ਭੇਟਾ ਕਰਨ ਲਈ ਛਪਾਈ ਗਈ ਹੈ। ਕੋਈ ਵੀ ਵਿਅਕਤੀ, ਸੰਸਥਾ, ਸੁਸਾਇਟੀ, ਟਰਸਟ, ਸਭਾ, ਗੁਰਦੁਆਰਾ ਆਦਿ ਇਹ ਪੁਸਤਕ ਛਪਵਾ ਕੇ ਸੰਗਤਾਂ ਨੂੰ ਮੁਫਤ ਭੇਟਾ ਕਰਨਾ ਚਾਹੁਣ ਤਾਂ ਦਾਸ ਨੂੰ ਕੋਈ ਇਤਰਾਜ਼ ਨਹੀਂ ਹੈ। ਸਗੋਂ ਐਸਾ ਕਰਨ ਵਾਲਿਆਂ ਦਾ ਦਾਸ ਧੰਨਵਾਦੀ ਹੋਵੇਗਾ। ਕਿਸੇ ਨੂੰ ਵੀ ਇਹ ਪੁਸਤਕ ਮੁਲ ਵੇਚਣ ਦੀ ਆਗਿਆ ਨਹੀਂ ਹੈ ਜੀ।

ਅਗਰ ਆਪ ਜੀ ਇਹ ਪੁਸਤਕ ਖੁਦ ਛਪਵਾ ਕੇ ਸੰਗਤਿ ਵਿਚ ਨਾ ਵੰਡ ਸਕੋ, ਪਰ ਇਸ ਕੰਮ ਵਿੱਚ ਸਹਿਯੋਗ ਦੇਣਾ ਚਾਹੋ, ਤਾਂ ਆਪ ਨੇ ਸ੍ਵੈ ਇਛਾ ਅਨੁਸਾਰ ਮਾਇਆ ਹੇਠ ਲਿਖੇ ਪਤੇ ਤੇ ਭੇਜਣ ਦੀ ਕ੍ਰਿਪਾਲਤਾ ਕਰਨੀ ਜੀ। ਤੁਸੀਂ ਮਾਇਆ ਸਿਧੀ ਮੇਰੇ ਅਕਾਂਊਟ ਨੰਬਰ DCSB-000010364, ਕੇਨਰਾ ਬੈਕ, ਸੈਕਟਰ ਨੰਬਰ-35, ਚੰਡੀਗੜ੍ਹ (ਭਾਰਤ) ਵਿਚ Electronically ਵੀ ਭੇਜ ਸਕਦੇ ਹੋ ਜੀ।